# ਸਮਕਾਲੀ ਪੰਜਾਬੀ ਕਵਿਤਾ: ਪ੍ਰਮੁੱਖ ਸਰੋਕਾਰ ਅਤੇ ਸੰਚਾਰ ਵਿਧਾਨ

## (2000 ਤੋਂ ਬਾਅਦ ਦੀ ਪੰਜਾਬੀ ਕਵਿਤਾ ਦੇ ਸੰਦਰਭ ਵਿੱਚ)

**SAMKALI PUNJABI KAVITA: PARMUKH SAROKAR ATE SANCHAR VIDAN**

**(2000 TO BAAD DI PUNJABI KAVITA DE SANDARB VICH)**

A Thesis

Submitted in partial fulfillment of the requirements for the award of the degree of

**DOCTOR OF PHILOSOPHY**

**In**

**(PUNJABI)**

**Submitted by:**

**Mangal Lal**

**41400114**

**Supervised by:**

**Dr. Harpreet Singh**

**UID-17259**

LOVELY PROFESSIONAL UNIVERSITY

*Transforming Education Transforming India*

**LOVELY PROFESSIONAL UNIVERSITY**

**PUNJAB**

**2020**

# ਸਮਕਾਲੀ ਪੰਜਾਬੀ ਕਵਿਤਾ: ਪ੍ਰਮੁੱਖ ਸਰੋਕਾਰ ਅਤੇ ਸੰਚਾਰ ਵਿਧਾਨ

## (2000 ਤੋਂ ਬਾਅਦ ਦੀ ਪੰਜਾਬੀ ਕਵਿਤਾ ਦੇ ਸੰਦਰਭ ਵਿੱਚ)

**SAMKALI PUNJABI KAVITA: PARMUKH SAROKAR ATE SANCHAR VIDAN**

**(2000 TO BAAD DI PUNJABI KAVITA DE SANDARB VICH)**


**ਮੰਗਲ ਲਾਲ**

**ਰਜਿ ਨੰ. 41400114**


**ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਫਗਵਾੜਾ ਦੇ**

**ਸਕੂਲ ਆਫ਼ ਆਰਟਸ ਐਂਡ ਲੈਂਗੁਏਜ਼ਿਜ਼ ਅਧੀਨ**

**ਪੀਐਚ. ਡੀ (ਪੰਜਾਬੀ) ਦੀ ਡਿਗਰੀ ਹਿਤ ਪ੍ਰਸਤੁਤ**

**ਖੋਜ-ਪ੍ਰਬੰਧ**


**ਲਵਲੀ ਫ਼ੈਕਲਟੀ ਆਫ਼ ਬਿਜ਼ਨਸ ਐਂਡ ਆਰਟਸ**

**ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ**


**2020**

## ਘੋਸ਼ਣਾ-ਪੱਤਰ

ਮੈਂ ਮੰਗਲ ਲਾਲ ਬਿਆਨ ਕਰਦਾ ਹਾਂ ਕਿ **ਸਮਕਾਲੀ ਪੰਜਾਬੀ ਕਵਿਤਾ: ਪ੍ਰਮੁੱਖ ਸਰੋਕਾਰ ਅਤੇ ਸੰਚਾਰ ਵਿਧਾਨ (2000 ਤੋਂ ਬਾਅਦ ਦੀ ਪੰਜਾਬੀ ਕਵਿਤਾ ਦੇ ਸੰਦਰਭ ਵਿੱਚ)** ਵਿਸ਼ੇ ਉੱਤੇ ਲਿਖਿਆ ਗਿਆ ਖੋਜ-ਪ੍ਰਬੰਧ ਵਿਚਲਾ ਖੋਜ ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਮੌਲਿਕ ਕਾਰਜ ਹੈ। ਇਸ ਵਿਸ਼ੇ 'ਤੇ ਆਧਾਰਿਤ ਹੋਰ ਕਿਸੇ ਵੀ ਯੂਨੀਵਰਸਿਟੀ/ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਨਹੀਂ ਦਿੱਤਾ ਗਿਆ।

**ਖੋਜਾਰਥੀ**

**ਮੰਗਲ ਲਾਲ**

**ਰਜਿ. ਨੰ. 41400114**

## ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਮੰਗਲ ਲਾਲ ਦੁਆਰਾ **ਸਮਕਾਲੀ ਪੰਜਾਬੀ ਕਵਿਤਾ: ਪ੍ਰਮੁੱਖ ਸਰੋਕਾਰ ਅਤੇ ਸੰਚਾਰ ਵਿਧਾਨ (2000 ਤੋਂ ਬਾਅਦ ਦੀ ਪੰਜਾਬੀ ਕਵਿਤਾ ਦੇ ਸੰਦਰਭ ਵਿੱਚ)** ਵਿਸ਼ੇ ਉੱਤੇ ਪੀਐਚ. ਡੀ. (ਪੰਜਾਬੀ) ਦੀ ਡਿਗਰੀ ਲਈ ਕੀਤਾ ਗਿਆ ਖੋਜ ਕਾਰਜ ਮੇਰੀ ਨਿਗਰਾਨੀ ਅਧੀਨ ਕੀਤਾ ਗਿਆ ਹੈ। ਇਹ ਖੋਜ-ਪ੍ਰਬੰਧ ਖੋਜਾਰਥੀ ਦੀ ਮੌਲਿਕ ਰਚਨਾ ਅਤੇ ਉਸਦੀ ਮਿਹਨਤ ਦਾ ਪ੍ਰਤਿਫਲ ਹੈ। ਇਸ ਖੋਜ ਪ੍ਰਬੰਧ ਨੂੰ ਪਹਿਲਾਂ ਕਿਸੇ ਡਿਗਰੀ/ਡਿਪਲੋਮਾ ਲਈ ਪੇਸ਼ ਨਹੀਂ ਕੀਤਾ ਗਿਆ। ਇਸ ਲਈ ਇਹ ਖੋਜ ਪ੍ਰਬੰਧ ਉਕਤ ਡਿਗਰੀ ਲਈ ਮੁਲਾਂਕਣ ਦੇ ਯੋਗ ਹੈ। ਸੋ ਮੈਂ ਇਸ ਖੋਜ ਪ੍ਰਬੰਧ ਨੂੰ ਮੁਲਾਂਕਣ ਹਿੱਤ ਪ੍ਰਸਤੁਤ ਕਰਨ ਦੀ ਸਿਫਾਰਿਸ਼ ਕਰਦਾ ਹਾਂ।

**ਮਿਤੀ:**

**ਨਿਗਰਾਨ**

**ਡਾ. ਹਰਪ੍ਰੀਤ ਸਿੰਘ**

ਐਸੋਸਿਏਟ ਪ੍ਰੋਫੈਸਰ,

ਲਵਲੀ ਪ੍ਰੋਫੈਸ਼ਨ ਯੂਨੀਵਰਸਿਟੀ

ਫਗਵਾੜਾ।

## ਸਮਰਪਣ

❖

❖

ਮੈਂ ਇਹ ਖੋਜ-ਪ੍ਰਬੰਧ ਆਪਣੇ ਸਤਿਕਾਰਯੋਗ

ਪਿਤਾ ਜੀ

ਦੀ ਬਚਪਨ ਤੋਂ ਹੁਣ ਤੱਕ ਜਾਰੀ

ਸੱਚੀ-ਸੁੱਚੀ ਕਿਰਤ

ਅਤੇ ਉਹਨਾਂ ਦੀ ਖੁੱਲ੍ਹ-ਦਿਲੀ

ਨੂੰ ਸਮਰਪਿਤ ਕਰਦਾ ਹਾਂ

## ਤਤਕਰਾ


**ਭੂਮਿਕਾ** **i - Xii**

**ਅਧਿਆਇ ਪਹਿਲਾ** **1 - 72**

**ਸਿਧਾਂਤਕ ਪਰਿਪੇਖ**

1.1 ਸਮੱਸਿਆ ਕਥਨ

1.2 ਪ੍ਰਾਸੰਗਿਕਤਾ

1.3 ਖੋਜ ਕਾਰਜ ਦੇ ਉਦੇਸ਼

1.4 ਖੋਜ ਵਿਧੀ

1.5 ਪਰਿਕਲਪਨਾ

1.6 ਪੂਰਵ ਖੋਜ ਕਾਰਜ ਦਾ ਸਰਵੇਖਣ

1.7 ਕਵਿਤਾ ਦਾ ਸਿਧਾਂਤਕ ਪਰਿਪੇਖ

(ੳ) ਆਧੁਨਿਕ ਪੰਜਾਬੀ ਕਵਿਤਾ ਦਾ ਸਿਧਾਂਤਕ ਪਰਿਪੇਖ

(ਅ) ਸਮਕਾਲੀ ਪੰਜਾਬੀ ਕਵਿਤਾ ਦਾ ਸਿਧਾਂਤਕ ਪਰਿਪੇਖ

1.8 ਸੰਚਾਰ ਵਿਧਾਨ: ਸਿਧਾਂਤਕ ਪਰਿਪੇਖ

**ਅਧਿਆਇ ਦੂਜਾ** **73 - 151**

**ਸਮਕਾਲੀ ਪੰਜਾਬੀ ਕਵਿਤਾ ਦੇ ਸਮਾਜਿਕ ਅਤੇ ਸੱਭਿਆਚਾਰਕ ਸਰੋਕਾਰ**

2.1 ਸਮਾਜਿਕ ਸਰੋਕਾਰ

2.2 ਸੱਭਿਆਚਾਰਕ ਸਰੋਕਾਰ

**ਅਧਿਆਇ ਤੀਜਾ** **152 - 214**

**ਸਮਕਾਲੀ ਪੰਜਬੀ ਕਵਿਤਾ ਦੇ ਆਰਥਿਕ ਅਤੇ ਰਾਜਨੀਤਿਕ ਸਰੋਕਾਰ**

3.1 ਆਰਥਿਕ ਸਰੋਕਾਰ

3.2 ਰਾਜਨੀਤਿਕ ਸਰੋਕਾਰ

**ਅਧਿਆਇ ਚੌਥਾ** **215 - 343**

**ਸਮਕਾਲੀ ਪੰਜਾਬੀ ਕਵਿਤਾ ਦਾ ਸੰਚਾਰ ਵਿਧਾਨ**

4.1 ਸਮਕਾਲੀ ਪੰਜਾਬੀ ਕਵਿਤਾ ਦੀ ਸੰਚਾਰ ਪ੍ਰਕਿਰਿਆ ਵਿੱਚ ਕਾਵਿ-ਰੂਪਾਂ ਦੀ ਭੂਮਿਕਾ

4.2 ਭਾਰਤੀ ਦਰਸ਼ਨ ਦੇ ਸੰਦਰਭ ਵਿੱਚ ਸਮਕਾਲੀ ਪੰਜਾਬੀ ਕਾਵਿ ਦੇ ਭਾਸ਼ਾਈ ਸੰਚਾਰ ਦਾ ਅਧਿਐਨ

4.3 ਪੱਛਮੀ ਦਰਸ਼ਨ ਦੇ ਸੰਦਰਭ ਵਿੱਚ ਸਮਕਾਲੀ ਪੰਜਾਬੀ ਕਵਿਤਾ ਦੇ ਕਾਵਿ-ਤੱਤਾਂ ਦਾ ਅਧਿਐਨ

**ਸਾਰ ਅਤੇ ਸਥਾਪਨਾਵਾਂ** **344 - 361**

**ਇੰਟਰਵਿਊ** **362 - 381**

**ਸਹਾਇਕ ਪੁਸਤਕ ਸੂਚੀ** **382 - 389**

## ਭੂਮਿਕਾ

ਮਨੁੱਖ ਦੀਆਂ ਮੂਲ ਪ੍ਰਵਿਰਤੀਆਂ ਵਿੱਚੋਂ 'ਕਲਾ' ਉਸ ਦੀ ਇੱਕ ਅਜਿਹੀ ਸੁਹਜ-ਮੂਲਕ ਪ੍ਰਵਿਰਤੀ ਹੈ, ਜਿਸ ਦੁਆਰਾ ਉਹ ਆਪਣੇ ਪ੍ਰਾਪਤ ਅਨੁਭਵਾਂ ਵਿੱਚੋਂ ਸੁਹਜ-ਭਾਵਾਂ ਦੀ ਅਭਿਵਿਅਕਤੀ ਕਰਦੇ ਹੋਏ ਸਵੈ ਦੀ ਸਿਰਜਣਾ ਅਤੇ ਪੁਨਰ-ਸਿਰਜਣਾ ਕਰਦਾ ਹੈ। ਮਨੁੱਖ ਸ਼ੁਰੂ ਤੋਂ ਹੀ ਸੁਹਜ ਦੀ ਸਿਰਜਣਾ ਕਰਦਾ ਆਇਆ ਹੈ ਅਤੇ ਇਸ ਨੂੰ ਮਾਣਦਾ ਵੀ ਆਇਆ ਹੈ। ਭਾਸ਼ਿਕ ਕਲਾਵਾਂ ਵਿੱਚੋਂ 'ਕਾਵਿ-ਉਸਾਰੀ' ਮਨੁੱਖ ਦੀ ਇਸੇ ਚੇਤਨਾ ਦੇ ਪਾਸਾਰ ਵਿੱਚੋਂ ਉਤਪੰਨ ਹੋਈ, ਸਿਰਜਣਾ ਅਤੇ ਸੰਚਾਰ ਦੇ ਸਭ ਤੋਂ ਤੀਬਰ ਤੇ ਪ੍ਰਚੰਡ ਸਾਧਨ ਵਜੋਂ ਸਥਾਪਿਤ ਹੈ। ਇਸ ਵਿੱਚ ਕਾਵਿ-ਸਿਰਜਕ ਸਮੂਹ ਜੀਵਨ ਬਿਰਤਾਂਤਾਂ, ਚਿੰਤਨ-ਮੂਲਕ ਪੱਖਾਂ, ਨਿੱਜੀ ਭਾਵਨਾਵਾਂ ਅਤੇ ਸੰਵੇਦਨਾਵਾਂ ਨੂੰ ਸ਼ਬਦਾਂ ਦੇ ਕਲਾਤਮਿਕ ਪ੍ਰਯੋਗ ਨਾਲ ਬੜੇ ਸੂਖ਼ਮ, ਅਮੀਰ ਅਤੇ ਸ਼ਕਤੀਸ਼ਾਲੀ ਰੂਪ ਵਿੱਚ ਸਿਰਜਦਾ ਹੈ। ਭਾਵੇਂ 'ਕਾਵਿ' ਦਾ ਵਿਸ਼ੇਸ਼ ਰੂਪ ਵਿਚ ਸੰਬੰਧ ਮਨੁੱਖੀ ਭਾਵਾਂ ਅਤੇ ਜਜ਼ਬਿਆਂ ਨਾਲ ਹੈ ਪਰ ਇਹ ਵਿਚਾਰਾਂ ਅਤੇ ਮੌਲਿਕ ਸਥਿਤੀਆਂ 'ਚ ਸਮਾਵੇਸ਼ ਗੌਰਵਮਈ ਰੂਪ ਵਿੱਚ ਵੀ ਪ੍ਰਗਟ ਹੁੰਦਾ ਹੈ। ਗਿਆਰ੍ਹਵੀਂ ਸਦੀ ਵਿੱਚ 'ਪੰਜਾਬੀ-ਕਾਵਿ' ਦੀ ਇਹ ਗੌਰਵਮਈ ਪਰੰਪਰਾ ਨਾਥਾਂ-ਜੋਗੀਆਂ ਤੋਂ ਆਰੰਭ ਹੋ ਕੇ ਸੂਫ਼ੀ-ਸਾਹਿਤ ਅਤੇ ਗੁਰਬਾਣੀ ਕਾਵਿ-ਧਾਰਾ, ਕਿੱਸਾ ਅਤੇ ਵਾਰ ਕਾਵਿ-ਧਾਰਾ ਦੇ ਰਾਹੀਂ ਮਨੁੱਖੀ ਮਨ ਨੂੰ ਭਰਮ ਭੁਲੇਖਿਆਂ ਤੋਂ ਮੁਕਤ ਕਰਕੇ ਉਸ ਦੀ ਬੁੱਧੀ ਨੂੰ ਨਿਖ਼ਾਰਦੇ ਹੋਏ ਸੱਚ ਦੀ ਸੋਝੀ ਪ੍ਰਦਾਨ ਕਰਦੀ ਹੋਈ ਆਧੁਨਿਕ ਦੌਰ ਵਿੱਚ ਪ੍ਰਵੇਸ਼ ਕਰਦੀ ਹੈ ਅਤੇ ਫਿਰ ਉਸ ਤੋਂ ਅਗਾਹ ਸਮਕਾਲ ਵਿੱਚ ਵਿਚਰਦੀ ਹੋਈ ਸਮਕਾਲੀ ਬੋਧ ਨੂੰ ਪ੍ਰਗਟਾਉਂਦੀ ਹੈ।

ਮਨੁੱਖੀ ਗਿਆਨ ਅਤੇ ਬੌਧਿਕਤਾ ਦੇ ਵਿਕਾਸ ਨਾਲ ਆਧੁਨਿਕਤਾ ਦਾ ਦੌਰ ਆਰੰਭ ਹੋਇਆ। ਆਧੁਨਿਕਤਾ ਇੱਕ ਅਜਿਹੀ ਕ੍ਰਾਂਤੀ ਹੈ, ਜਿਸ ਦਾ ਆਧਾਰ ਵਿਗਿਆਨ, ਵਿਗਿਆਨਕ ਦ੍ਰਿਸ਼ਟੀਕੋਣ ਅਤੇ ਵਿਸ਼ਲੇਸ਼ਣਕਾਰੀ ਚਿੰਤਨ ਤੇ ਚੇਤਨਾ ਹੈ। ਜਿਸ ਦੇ ਅੰਤਰਗਤ ਅਤੀਤ ਦੀਆਂ ਰਚਨਾਵਾਂ ਅਤੇ ਕਲਾਕ੍ਰਿਤੀਆਂ ਨੂੰ ਇੱਕ ਨਵੀਨ ਦ੍ਰਿਸ਼ਟੀ, ਨਵੀਨ ਚੇਤਨਾ, ਨਵੀਨ ਥੀਮਕ-ਪਾਸਾਰਾਂ ਅਤੇ ਸਰੋਕਰਾਂ ਦੇ ਨਾਲ-ਨਾਲ ਅਜਿਹਾ ਨਵਾਂ ਸੰਦਰਭ ਪ੍ਰਦਾਨ ਕਰਦੀ ਹੈ ਜਿਸ ਨਾਲ ਪ੍ਰਤੱਖ ਰੂਪ ਵਿਚ ਕਲਾ ਜਾਂ ਕਲਾਕ੍ਰਿਤੀ ਦੇ ਰੂਪ, ਮਨੋਰਥ ਅਤੇ

ਗੁਣਾਂ ਦੇ ਮੂਲ ਆਧਾਰ ਵਿੱਚ ਨਵੀਨਤਾ ਦੀ ਸ਼ਮੂਲੀਅਤ ਹੁੰਦੀ ਹੈ। ਪੰਜਾਬੀ ਕਵਿਤਾ ਦਾ ਇਹ ਦੌਰ ਜਟਿਲ ਸਮਾਜਿਕ ਯਥਾਰਥ, ਨਿੱਜਪ੍ਰਕ ਹੋਂਦ ਅਤੇ ਸਿਰਜਣਾਤਮਕ ਵੰਨ-ਸੁਵੰਨਤਾ ਦਾ ਦੌਰ ਹੈ। ਆਧੁਨਿਕ ਦੌਰ ਦੀ ਕਵਿਤਾ ਨੇ ਮਨੁੱਖੀ-ਜੀਵਨ ਦੀਆਂ ਜਟਿਲਤਾਵਾਂ ਅਤੇ ਇਸ ਦੇ ਪ੍ਰਭਾਵਾਂ ਨੂੰ ਕੇਂਦਰੀ ਧੁਰੇ ਵਜੋਂ ਵਿਭਿੰਨ ਨਵੇਂ ਪ੍ਰਵਿਰਤੀਆਂ ਤੇ ਕਾਵਿ-ਰੂਪਾਂ ਰਾਹੀਂ ਪ੍ਰਸਤੁਤ ਕੀਤਾ ਹੈ। ਪੰਜਾਬੀ ਕਵਿਤਾ ਪੀੜ੍ਹੀ ਦਰ ਪੀੜ੍ਹੀ ਅਧਿਆਤਮਕ, ਰਹੱਸਵਾਦੀ ਤੋਂ ਨਵਰਹੱਸਵਾਦੀ, ਸੁਧਾਰਵਾਦੀ, ਰੁਮਾਂਸਵਾਦੀ, ਮਾਰਕਸਵਾਦੀ/ਪ੍ਰਗਤੀਵਾਦੀ, ਪ੍ਰਯੋਗਵਾਦੀ, ਜੁਝਾਰਵਾਦੀ, ਸੁਹਜਵਾਦੀ, ਅਸਤਿਤ੍ਵਵਾਦੀ ਆਦਿ ਵੱਖੋ-ਵੱਖਰੀਆਂ ਪ੍ਰਵਿਰਤੀਆਂ ਅਤੇ ਕਾਵਿ-ਧਾਰਾਵਾਂ ਦੇ ਅਧੀਨ ਪ੍ਰਫੁੱਲਿਤ ਹੁੰਦੀ ਹੋਈ, ਵਿਭਿੰਨ ਇਤਿਹਾਸਕ ਪੜਾਵਾਂ ਵਿੱਚੋਂ ਗੁਜ਼ਰ ਕੇ ਆਪਣੇ ਵਿਕਸਿਤ ਰੂਪ ਗ੍ਰਹਿਣ ਕਰਦੀ ਹੈ।

ਸਾਹਿਤ ਦਾ ਸੰਬੰਧ ਮਨੁੱਖ ਦੇ ਸਰਵਪੱਖੀ ਅਤੇ ਸਰਬਕਾਲੀ ਚਰਿੱਤਰ ਨਾਲ ਹੈ, ਇਹੀ ਗੁਣ ਕਵਿਤਾ ਨੂੰ ਸਮਾਨਾਂਤਰ ਸਮਕਾਲ ਦੇ ਅਨੁਕੂਲ ਢਾਲਦਾ ਚੱਲਿਆ ਆਇਆ ਹੈ। ਇਸੇ ਕਾਰਨ ਵਰਤਮਾਨ ਦੌਰ ਦੀ ਕਵਿਤਾ ਦਾ ਸਰੂਪ ਬਹੁਤ ਵਿਸ਼ਾਲ ਅਤੇ ਵਿਆਪਕ ਪੱਧਰ ਉੱਤੇ ਇੱਕ ਵੱਖਰੇ ਸੁਤੰਤਰ ਕਾਲ-ਖੰਡ ਦੀ ਕਵਿਤਾ ਵਜੋਂ ਸਥਾਪਿਤ ਹੋਇਆ ਹੈ। ਸਮਕਾਲੀ ਪੰਜਾਬੀ ਕਵਿਤਾ ਪਰਿਵਰਤਨਸ਼ੀਲ ਮਨੁੱਖੀ ਯਥਾਰਥ ਅਤੇ ਮਨੁੱਖੀ ਅਨੁਭਵ ਦੋਹਾਂ ਦੇ ਵਿਆਪਕ ਅਦਲ-ਬਦਲ ਦੇ ਸਾਰ ਨੂੰ ਪ੍ਰਗਟਾਉਂਦੀ ਹੈ। ਸਮਕਾਲੀ ਦੌਰ ਵਿੱਚ ਨਵੀਂ ਚੇਤਨਾ, ਨਵੇਂ ਯਥਾਰਥ, ਨਵੀਆਂ ਕਦਰਾਂ-ਕੀਮਤਾਂ ਗਿਆਨ ਦੇ ਖੇਤਰ ਵਿੱਚ ਪੈਦਾ ਹੋ ਰਹੇ ਹਜ਼ਾਰਾਂ ਸੱਚ, ਮਨੁੱਖੀ ਮਨ ਦੀਆਂ ਸਮੱਸਿਆਵਾਂ, ਔਰਤ-ਮਰਦ ਰਿਸ਼ਤਿਆਂ ਵਿੱਚਕਾਰ ਪਰਸਪਰ ਟਕਰਾਰ, ਵਿਸ਼ਵੀ ਚੇਤਨਾ, ਨਵੀਨਤਮ ਇਲੈਕਟ੍ਰਾਨਿਕ ਉਪਕਰਨਾਂ ਅਤੇ ਤਕਨੀਕਾਂ ਆਦਿ ਸਰੋਕਾਰਾਂ ਦਾ ਜ਼ਿਕਰ ਸਮਕਾਲੀ ਪੰਜਾਬੀ ਕਵਿਤਾ ਵਿਚ ਪ੍ਰਧਾਨ ਸੁਰ ਵਜੋਂ ਹੋ ਰਿਹਾ ਹੈ ਜੋ ਵਰਤਮਾਨ ਦਾ ਮੂਲ ਅਧਾਰ ਬਣ ਕੇ ਇਸ ਦੇ ਵਿਕਾਸ ਵਿਚ ਗਿਣਾਤਮਕ ਅਤੇ ਗੁਣਾਤਮਕ ਪੱਖੋਂ ਯੋਗਦਾਨ ਪਾ ਰਿਹਾ ਹੈ। ਸਮਕਾਲੀ ਦੀ ਪੰਜਾਬੀ ਕਵਿਤਾ ਕਿਸੇ ਵੀ ਇੱਕ ਪ੍ਰਵਿਰਤੀ/ਵਾਦ, ਵਿਚਾਰਧਾਰਾ, ਦਿਸ਼ਾ-ਨਿਰਦੇਸ਼ਾਂ ਦੀ ਅਧੀਨਗੀ ਤੋਂ ਸੁਤੰਤਰ ਹੋ ਕੇ ਨਵੀਨ ਸੰਭਾਵਨਾਵਾਂ ਅਤੇ ਪ੍ਰਤੀਮਾਨ ਸਿਰਜਦੀ ਹੋਈ ਨਵੀਨ ਦਿਸਹੱਦਿਆਂ ਨੂੰ ਛੋਹ ਰਹੀ ਹੈ। ਸਮਕਾਲੀ ਪੰਜਾਬੀ

ਕਵੀ ਨਵੇਂ-ਨਵੇਂ ਪ੍ਰਯੋਗਾਂ ਦੁਆਰਾ ਨਵੀਨ ਕਾਵਿ-ਪ੍ਰਤਿਮਾਨ ਸਥਾਪਿਤ ਕਰ ਰਹੇ ਹਨ। ਪੰਜਾਬੀ ਕਵੀਆਂ ਨੇ ਆਪਣੇ 'ਕਾਵਿਕ-ਉਚਾਰ' ਅਤੇ 'ਸੰਚਾਰ' ਨੂੰ ਵਿਲੱਖਣ ਰੂਪ ਵਿੱਚ ਗਲੋਬਲੀ ਪਰਿਪੇਖ ਦੇ ਅਨੁਕੂਲ ਸਥਾਪਿਤ ਕੀਤਾ ਹੈ। ਜਿਸ ਦੇ ਅੰਤਰਗਤ ਸਮਕਾਲੀ ਕਵਿਤਾ ਨਵੀਨ ਦ੍ਰਿਸ਼ਟੀਕੋਣ, ਮਸਲਿਆਂ ਜਾਂ ਸਰੋਕਾਰਾਂ ਦੀ ਅਭਿਵਿਅਤੀ ਜਾਂ ਸੰਚਾਰ ਲਈ ਨਵੇਂ ਤਕਾਜ਼ਿਆਂ, ਪ੍ਰਯੋਗਾਂ ਅਤੇ ਜੁਗਤਾਂ ਦੀ ਮੰਗ ਕਰਦੀ ਹੈ, ਜਿਸ ਨੂੰ ਕਵੀ ਵਿਲੱਖਣ ਕਾਵਿ-ਰੂਪਾਂ ਚੋਣ ਅਤੇ ਉਸਾਰੀ ਭਾਰਤੀ ਦਰਸ਼ਨ 'ਕਾਵਿ-ਭਾਸ਼ਾਈ ਜੁਗਤਾਂ' ਦੇ ਪ੍ਰਯੋਗ ਦੇ ਨਾਲ-ਨਾਲ ਪੱਛਮੀਂ ਕਾਵਿ ਜੁਗਤਾਂ ਜਿਵੇਂ ਮੋਟਿਫ਼-ਮੋਟੀਵੇਸ਼ਨ, ਫੇਬੁਲਾ-ਸੁਚੇਤ, ਥੀਮ, ਤਣਾਓ, ਵਿਰੋਧਾਭਾਸ, ਕਟਾਖਸ਼, ਵਿਅੰਗ-ਜੁਗਤ, ਪਰਾਹਣ ਸਮਾਨੰਤਰਤਾ, ਵਿਰਲਾਤਾ, ਵਿਪਥਨ ਆਦਿ ਪੱਛਮੀ ਸਾਹਿਤ-ਸਮੀਖਿਅਕ ਪ੍ਰਗਟਾਓ ਵਿਧੀਆਂ ਦੀ ਵਰਤੋਂ ਨਾਲ ਕਰਦਾ ਹੈ।

ਪ੍ਰਸਤੁਤ ਖੋਜ ਕਾਰਜ **ਸਮਕਾਲੀ ਪੰਜਾਬੀ ਕਵਿਤਾ: ਪ੍ਰਮੁੱਖ ਸਰੋਕਾਰ ਅਤੇ ਸੰਚਾਰ ਵਿਧਾਨ** '2000 ਤੋਂ ਬਾਅਦ ਦੀ ਪੰਜਾਬੀ ਕਵਿਤਾ ਦੇ ਸੰਦਰਭ ਵਿੱਚ' ਵਿਚਾਰਿਆ ਅਤੇ ਉਸਾਰਿਆ ਗਿਆ ਹੈ। ਪ੍ਰਾਚੀਨ ਗੌਰਵਮਈ ਕਾਵਿ-ਪਰੰਪਰਾ, ਵੱਖੋ-ਵੱਖਰੀਆਂ ਪ੍ਰਵਿਰਤੀਆਂ, ਕਾਵਿ-ਧਾਰਾਵਾਂ ਨੂੰ ਪ੍ਰਫੁੱਲਿਤ ਕਰਦੀ ਹੋਈ ਸਮਕਾਲੀ ਸੰਦਰਭ ਦੀ ਵਿਸ਼ਾਲ, ਵਿਰਾਟ ਅਤੇ ਵਿਲੱਖਣ ਹੋਂਦ ਨੂੰ ਸਾਕਾਰ ਕਰਦੀ ਹੈ। ਇਸ ਖੋਜ ਕਾਰਜ ਤਹਿਤ ਸਮਕਾਲੀ ਪੰਜਾਬੀ ਕਵਿਤਾ ਦੇ 'ਸਰੋਕਾਰਾਂ' ਅਤੇ 'ਸੰਚਾਰ ਵਿਧਾਨ' ਦੇ ਅਧਿਐਨ ਦਾ ਉਪਰਾਲਾ ਕੀਤਾ ਗਿਆ ਹੈ। ਖੋਜ-ਖੇਤਰ ਦੀ ਪ੍ਰਮਾਣਿਕਤਾ ਲਈ ਵੱਖ-ਵੱਖ ਵਿਦਵਾਨਾਂ ਨਾਲ ਮੁਲਾਕਾਤ ਕਰਕੇ ਕੀਤੇ ਗਏ ਸਰਵੇ ਦੇ ਅਧਾਰ 'ਤੇ, ਸੁਰਜੀਤ ਪਾਤਰ, ਸੁਖਵਿੰਦਰ ਅੰਮ੍ਰਿਤ, ਜਸਵੰਤ ਜ਼ਫ਼ਰ, ਗੁਰਪ੍ਰੀਤ ਅਤੇ ਗੁਰਤੇਜ ਕੋਹਾਰਵਾਲਾ ਦੀ ਚੋਣ ਕੀਤੀ ਗਈ, ਜੋ ਵਰਤਮਾਨ ਦੌਰ ਵਿੱਚ ਸਮਕਾਲੀ ਪੰਜਾਬੀ ਕਵਿਤਾ ਦਾ ਪ੍ਰਤੀਨਿਧਤਵ ਕਰ ਰਹੇ ਹਨ। ਸਮਕਾਲੀ ਪੰਜਾਬੀ ਕਵਿਤਾ ਵਰਤਮਾਨ ਯੁੱਗ ਦੇ ਸਮਾਜਿਕ, ਸੱਭਿਆਚਾਰਕ, ਆਰਥਿਕ ਅਤੇ ਰਾਜਨੀਤਿਕ ਆਦਿ ਢਾਂਚਿਆਂ ਦੇ ਬੁਨਿਆਦੀ ਪਰਿਵਰਤਨਾਂ ਦੇ ਯਥਾਰਥ ਨੂੰ ਅਭਿਵਿਅਕਤ/ਸੰਚਾਰਿਤ ਕਰਨ ਲਈ, ਪਰੰਪਰਾਗਤ ਵਿਧੀਆਂ ਤੇ ਰੁਚੀਆਂ ਤਿਆਗਦੀ ਹੋਈ ਨਿਵੇਕਲੇ ਪੈਟਰਨਾਂ ਨੂੰ ਅਖ਼ਤਿਆਰ ਕਰਕੇ ਇੱਕ ਵੱਖਰੇ ਕਾਲਖੰਡ ਦੀ ਕਵਿਤਾ ਵਜੋਂ ਸਥਾਪਤ ਹੋ ਚੁੱਕੀ ਹੈ, ਜਿਸ ਨਾਲ

ਸਮਕਾਲੀ ਦੌਰ ਦੀ ਪੰਜਾਬੀ ਕਵਿਤਾ ਨੇ 'ਕਾਵਿ-ਉਚਾਰ', 'ਸੰਚਾਰ' ਅਤੇ 'ਸਰੋਕਾਰ' ਪੱਖ ਤੋਂ ਵਿਲੱਖਣ ਅਤੇ ਨਵੀਂਨਤਾ ਅਖ਼ਤਿਆਰ ਕੀਤੀ ਹੈ।

ਹਥਲੇ ਖੋਜ ਕਾਰਜ ਅਧੀਨ ਜਿੱਥੇ ਵਿਸ਼ਲੇਸ਼ਣਾਤਮਕ ਅਧਿਐਨ ਵਿਧੀ ਦੁਆਰਾ ਸਮਕਾਲੀ ਪੰਜਾਬੀ ਕਵਿਤਾ ਦੇ ਸਰੂਪ ਨੂੰ ਉਘਾੜਨ ਦਾ ਉਪਰਾਲਾ ਕੀਤਾ ਗਿਆ ਹੈ, ਉੱਥੇ ਨਾਲ ਹੀ ਆਧੁਨਿਕਤਾ, ਤਕਨੀਕੀ ਵਿਕਾਸ ਅਤੇ ਸਮੇਂ ਦੀ ਤਬਦੀਲੀ ਕਾਰਨ ਸਮਕਾਲੀ ਕਵਿਤਾ ਵਿੱਚ ਪੈਦਾ ਹੋਏ ਨਵੇਂ ਸਰੋਕਾਰਾਂ ਨੂੰ ਉਜਾਗਰ ਕਰਨਾ ਵੀ ਖੋਜ ਕਾਰਜ ਦਾ ਉਦੇਸ਼ ਰਿਹਾ ਹੈ, ਜਿਸ ਕਾਰਜ ਲਈ ਤਰਕਵਾਦੀ ਖੋਜ ਵਿਧੀ ਦੇ ਨਾਲ, ਸਮਾਜ-ਸ਼ਾਸ਼ਤਰੀ ਅਤੇ ਮਨੋ-ਵਿਸ਼ਲੇਸ਼ਣਾਤਮਕ ਖੋਜ ਦ੍ਰਿਸ਼ਟੀਆਂ ਦਾ ਪ੍ਰਯੋਗ ਕੀਤਾ ਗਿਆ ਹੈ। ਸਮਕਾਲੀ ਪੰਜਾਬੀ ਕਵੀ ਨਵੇਂ ਦੌਰ ਦੇ ਨਵੇਂ ਅਨੁਭਵਾਂ ਦੀ ਅਭਿਵਿਅਕਤੀ, ਗਲੋਬਲੀ ਪੱਧਰ 'ਤੇ ਕਰਨ ਲਈ ਨਵੀਆਂ ਸੰਚਾਰ ਤਕਨੀਕਾਂ, ਵਿਧੀਆਂ ਅਤੇ ਵਿਧਾਨ ਦਾ ਪ੍ਰਯੋਗ ਕਰਦੇ ਹਨ, ਜਿਹਨਾਂ ਦਾ ਅਧਿਐਨ ਸੁਹਜ-ਸ਼ਾਸ਼ਤਰੀ ਪਹੁੰਚ ਵਿਧੀ ਦੁਆਰਾ ਕਰਦੇ ਹੋਏ, ਨਵੀਆਂ ਸੰਚਾਰ ਜੁਗਤਾਂ ਦੀ ਨਿਸ਼ਾਨਦੇਹੀ ਕਰਨ ਦੇ ਨਾਲ ਸਮਕਾਲੀ ਕਵਿਤਾ ਦੁਆਰਾ ਸਥਾਪਿਤ ਵਿਲੱਖਣ 'ਸੰਚਾਰ ਵਿਧਾਨ' ਦੇ ਅਧਿਐਨ ਦਾ ਸਾਰਥਕ ਯਤਨ ਕੀਤਾ ਗਿਆ ਹੈ। ਪ੍ਰਾਪਤ ਅਧਿਐਨ ਅਤੇ ਮੁਲਾਂਕਣ ਦੇ ਅਧਾਰ 'ਤੇ ਅਜੋਕੀ ਵੰਨ-ਸੁਵੰਨਤਾ ਦੇ ਸੰਵਾਦ ਨੂੰ ਸੰਚਾਰਿਤ ਕਰਦੀ ਸਮਕਾਲੀ ਪੰਜਾਬੀ ਕਵਿਤਾ ਦੇ ਅਧਿਐਨ, ਵਿਸ਼ਲੇਸ਼ਣ, ਵਿਆਖਿਆ ਅਤੇ ਮੁਲਾਂਕਣ ਲਈ 'ਸੰਚਾਰ ਵਿਧਾਨ' ਨੂੰ ਇੱਕ ਨਿਰਪੱਖ/ਨਿਰਵਾਦ ਅਤੇ ਵਿਗਿਆਨ ਸਮੀਖਿਅਕ ਆਧਾਰ ਵਜੋਂ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ।

ਖੋਜ ਕਾਰਜ ਦੇ ਸਮੁੱਚੇ ਕਾਰਜ ਨੂੰ ਵਿਧੀਵਤ ਪ੍ਰਬੰਧ ਵਿਚ ਉਸਾਰਦੇ ਹੋਏ ਖੋਜ ਪ੍ਰਬੰਧ ਨੂੰ ਚਾਰ ਅਧਿਆਵਾਂ ਅਤੇ ਅੱਗੇ ਉੱਪ-ਅਧਿਆਵਾਂ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ 'ਸਿਧਾਂਤਕ ਪਰਿਪੇਖ' ਵਿੱਚ ਖੋਜ ਕਾਰਜ ਦੇ ਉਦੇਸ਼, ਖੋਜ ਵਿਧੀ, ਪੂਰਵ ਖੋਜ ਕਾਰਜ ਸਰਵੇਖਣ ਦੇ ਨਾਲ-ਨਾਲ 'ਸਮਕਾਲੀ ਪੰਜਾਬੀ ਕਵਿਤਾ' ਅਤੇ 'ਸੰਚਾਰ ਵਿਧਾਨ' ਦੇ ਸਿਧਾਂਤਕ ਪਰਿਪੇਖ ਸਿਰਜਣ ਦਾ ਉਪਰਾਲਾ ਕੀਤਾ ਗਿਆ ਹੈ। ਪੂਰਵ ਕਾਲ ਵਿਚ ਵੱਖ-ਵੱਖ ਵਿਦਵਾਨਾਂ ਦੁਆਰਾ ਦਿੱਤੀਆਂ ਗਈਆਂ ਕਵਿਤਾ ਸੰਬੰਧੀ ਪਰਿਭਾਸ਼ਾਵਾਂ ਦਾ

ਵਿਸ਼ਲੇਸ਼ਣ ਕਰਦੇ ਹੋਏ ਸਮਕਾਲੀ ਪੰਜਾਬੀ ਕਵਿਤਾ ਦੇ ਸਰੂਪ ਨੂੰ ਉਘਾੜਨ ਦਾ ਯਤਨ ਕੀਤਾ ਗਿਆ ਹੈ ਅਤੇ ਪ੍ਰਚੀਨ ਗੌਰਵਮਈ ਪੰਜਾਬੀ ਕਾਵਿ-ਪ੍ਰੰਪਰਾ ਨੂੰ ਪੁਨਰ ਪਰਿਭਾਸ਼ਿਤ ਵੀ ਕੀਤਾ ਗਿਆ ਹੈ। ਪੰਜਾਬੀ ਕਵਿਤਾ ਲੰਮੇਰੇ ਕਾਲ ਖੰਡ ਵਿੱਚੋਂ ਵੱਖੋ-ਵੱਖਰੀਆਂ ਪ੍ਰਵਿਰਤੀਆਂ, ਵਾਦ ਅਤੇ ਕਾਵਿ-ਧਾਰਾਵਾਂ ਨੂੰ ਜਨਮ ਦਿੰਦੀ ਅਤੇ ਪ੍ਰਫੁੱਲਿਤ ਕਰਦੀ ਹੋਈ ਵਰਤਮਾਨ ਦੌਰ ਵਿੱਚ ਪੁੱਜਦੀ ਹੈ। ਵੀਹਵੀਂ ਸਦੀ ਦੇ ਆਖ਼ਰੀ ਦਹਾਕਿਆਂ ਵਿੱਚ ਇਲੈਕਟ੍ਰਾਨਿਕ ਮੀਡੀਆ ਅਤੇ ਤਕਨੀਕੀ ਖੇਤਰ ਵਿੱਚ ਪੈਦਾ ਹੋਈ ਜ਼ੋਰਦਾਰ ਕ੍ਰਾਂਤੀ ਕਾਰਨ ਕਈ ਵੱਡੇ ਪਰਿਵਰਤਨ ਹੋਏ, ਜਿਸ ਨਾਲ ਗਲੋਬਲ ਪਿੰਡ ਅਤੇ ਵਿਸ਼ਵੀਕਰਨ ਦਾ ਸੰਕਲਪ ਸਾਹਮਣੇ ਆਇਆ। ਜਿਸ ਦੇ ਪ੍ਰਭਾਵ ਸਨਮੁੱਖ ਪੈਦਾ ਹੋਏ ਸਮਕਾਲੀ ਪੰਜਾਬੀ ਕਵਿਤਾ ਦੇ ਨਵੀਨ ਸਰੂਪ ਅਤੇ ਮੁਹ-ਮੁਹਾਂਦਰਾਂ ਨੂੰ ਉਲੀਕਣ ਦਾ ਕਾਰਜ ਕੀਤਾ ਗਿਆ ਹੈ।

ਸਮਕਾਲੀ ਪੰਜਾਬੀ ਕਵਿਤਾ ਵਿਗਿਆਨਕ ਅਤੇ ਸੂਚਨਾ ਕ੍ਰਾਂਤੀ, ਵਿਸ਼ਵੀਕਰਨ, ਮੰਡੀ ਸੱਭਿਆਚਾਰ, ਖਪਤਵਾਦ ਭਾਰੂ ਸਮਾਜ, ਤਕਨੀਕੀ ਵਿਕਾਸ ਅਤੇ ਤਕਨਾਲੋਜੀ ਦੇ ਖੇਤਰ ਵਿੱਚ ਆਈਆਂ ਤਬਦੀਲੀਆਂ ਕਾਰਨ ਨਵੀਨ ਚੇਤਨਾ ਅਤੇ ਦ੍ਰਿਸ਼ਟੀਕੋਣ ਨੂੰ ਅਖ਼ਤਿਆਰ ਕਰਦੀ ਹੈ। ਅਜਿਹੇ ਪ੍ਰਸੰਗ ਵਿੱਚ ਸਮਕਾਲੀ ਕਵਿਤਾ ਕਿਸੇ ਇੱਕਹਿਰੇ ਵਾਦ ਜਾਂ ਵਿਚਾਰਧਾਰਾ ਦੀ ਕਵਿਤਾ ਨਾ ਹੋ ਕੇ ਵਿਸ਼ਵੀ-ਪੱਧਰੀ ਦੇ ਉਚਾਰ ਅਤੇ ਸੰਚਾਰ ਦੀ ਕਵਿਤਾ ਵਜੋਂ ਖ਼ੁਦ ਨੂੰ ਵਿਲੱਖਣ ਕਾਲ ਖੰਡ ਵਜੋਂ ਸਥਾਪਿਤ ਕਰਦੀ ਹੈ। ਤਕਨੀਕੀ, ਵਿਗਿਆਨਕ ਕ੍ਰਾਂਤੀ, ਮਨੁੱਖੀ ਮਾਨਸਿਕਤਾ ਵਿੱਚ ਆਈ ਤਬਦੀਲੀ, ਨਿੱਜੀਪਨ, ਪਰਿਵਾਰਕ ਜੀਵਨ ਵਿੱਚ ਆਈਆਂ ਤ੍ਰੇੜਾਂ, ਨੈਤਿਕ ਕਦਰਾਂ ਕੀਮਤਾਂ ਦਾ ਤਿਆਗ, ਬਜ਼ਾਰੀਕਰਨ, ਆਰਥਿਕ ਮਜ਼ਬੂਰੀਆਂ, ਇੱਕਲਾਪੇ ਦਾ ਅਹਿਸਾਸ ਆਦਿ ਮਹਾਂਨਗਰੀ ਸੱਭਿਅਤਾ ਆਦਿ ਕੁਝ ਮੂਲ ਤੱਥ ਜਿਨ੍ਹਾਂ ਦੇ ਗਹਿਨ ਅਧਿਐਨ ਅਤੇ ਵਿਸ਼ਲੇਸ਼ਣ ਦੁਆਰਾ ਸਮਕਾਲੀ ਪੰਜਾਬੀ ਕਵਿਤਾ ਦੀ ਵਿਲੱਖਣਤਾ, ਵਿਆਪਕਤਾ ਅਤੇ ਗੁੰਝਲਤਾ ਦਾ ਗਿਆਨ ਪ੍ਰਾਪਤ ਕਰਨ ਦਾ ਉਪਰਾਲਾ ਕੀਤਾ ਗਿਆ ਹੈ।

ਇਸੇ ਅਧਿਆਇ ਦੇ ਅੰਤਰਗਤ ਸਮਕਾਲੀ ਪੰਜਾਬੀ ਕਵਿਤਾ ਨਾਲ ਸੰਬੰਧਿਤ ਪੂਰਵ ਪ੍ਰਾਪਤ ਖੋਜ ਸਮੱਗਰੀ ਦਾ ਵੀ ਅਧਿਐਨ ਕੀਤਾ ਗਿਆ ਹੈ, ਤਾਂ ਜੋ ਪੂਰਵ ਹੋ ਚੁੱਕੇ ਖੋਜ ਕਾਰਜ ਦੇ ਇਤਿਹਾਸਕ ਸੰਦਰਭ

ਵਿੱਚੋਂ ਸਾਡੇ ਇਸ ਵਿਸ਼ੇ ਦਾ ਵਿਕਾਸ ਲੱਭਿਆ ਜਾ ਸਕੇ। ਇਸ ਲਈ ਉਪਰੋਕਤ ਸੰਦਰਭ ਵਿੱਚ ਅਸੀਂ ਪੂਰਵ ਹੋ ਚੁੱਕੇ ਖੋਜ ਪ੍ਰਬੰਧਾਂ, ਖੋਜ ਨਿਬੰਧਾਂ, ਵਿਸ਼ੇਸ਼ ਪੁਸਤਕਾਂ ਅਤੇ ਰਿਸਰਚ ਜਨਰਲਾਂ ਦਾ ਸਰਵੇਖਣ ਅਤੇ ਰਿਵਿਊ ਕੀਤਾ ਹੈ। ਜੋ ਸਾਡੇ ਖੋਜ ਵਿਸ਼ੇ ਨੂੰ ਤਰਤੀਬ, ਵਿਸਥਾਰ ਅਤੇ ਵਿਆਪਕਤਾ ਵੀ ਪ੍ਰਦਾਨ ਕੀਤੀ ਹੈ। ਖੋਜ ਕਾਰਜ ਨਾਲ ਸੰਬੰਧੀ ਪਹਿਲਾਂ ਤੋਂ ਹੋ ਚੁੱਕੇ ਕਾਰਜ ਦੀ ਸਮੱਗਰੀ ਦਾ ਸਰਵੇਖਣ ਅਤੇ ਮੁਲਾਂਕਣ ਸਪੱਸ਼ਟ ਕਰਦਾ ਹੈ ਕਿ ਸਾਡੇ ਮੂਲ ਵਿਸ਼ੇ ਨਾਲ ਸੰਬੰਧਿਤ ਕੀਤਾ ਹੋਇਆ ਕੋਈ ਹੋਰ ਕਾਰਜ ਸਾਨੂੰ ਪ੍ਰਾਪਤ ਨਹੀਂ ਹੋਇਆ ਅਤੇ ਹਥਲੇ ਖੋਜ ਕਾਰਜ ਦਾ ਉਦੇਸ਼ ਅਤੇ ਖੇਤਰ ਪੂਰਵ ਹੋ ਚੁੱਕੇ ਕਾਰਜ ਤੋਂ ਨਿਵੇਕਲਾ ਅਤੇ ਵੱਖਰਾ ਹੈ।

ਖੋਜ ਪ੍ਰਬੰਧ ਦੇ ਦੂਜੇ ਅਧਿਆਇ 'ਸਮਕਾਲੀ ਪੰਜਾਬੀ ਕਵਿਤਾ ਦੇ ਸਮਾਜਿਕ ਅਤੇ ਸੱਭਿਆਚਾਰਕ ਸਰੋਕਾਰ' ਵਿੱਚ 21 ਵੀਂ ਸਦੀ ਦੇ ਮੁੱਢਲੇ ਦੌਰ ਵਿੱਚ ਆਧੁਨਿਕਤਾ, ਉੱਤਰ-ਆਧੁਨਿਕਤਾ, ਤਕਨੀਕੀ ਵਿਕਾਸ, ਗਲੋਬਲਾਈਜ਼ੇਸ਼ਨ, ਬਾਜ਼ਾਰੀਕਰਨ ਆਦਿ ਕਾਰਨ ਬਦਲਦੀਆਂ ਪ੍ਰਸਥਿਤੀਆਂ ਵਿੱਚੋਂ ਉਪਜੀ ਵਿਸ਼ਵੀ ਚੇਤਨਾ ਅਤੇ ਵਿਸ਼ਵੀ ਸੱਭਿਆਚਾਰ ਦੇ ਸਨਮੁੱਖ ਸਮਕਾਲੀ ਪੰਜਾਬੀ ਕਵੀਆਂ ਦੇ ਅਨੁਭਵ ਅਤੇ ਕਾਵਿ-ਅਭਿਵਿਅਕਤੀ ਦੇ ਅਧਿਐਨ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਦੂਜੇ ਅਧਿਆਇ ਦੇ ਪਹਿਲੇ ਭਾਗ ਵਿਚ ਸਮਕਾਲੀ ਪੰਜਾਬੀ ਕਵਿਤਾ ਦੇ 'ਸਮਾਜਿਕ ਸਰੋਕਾਰਾਂ' ਦੇ ਅਧਿਐਨ ਹਿੱਤ ਨਵ-ਤਕਨੀਕੀ, ਸੰਚਾਰ ਮਾਧਿਅਮਾਂ ਦੀ ਉੱਨਤੀ, ਸੂਚਨਾ ਕ੍ਰਾਂਤੀ ਦੇ ਵਿਭਿੰਨ ਪਾਸਾਰਾਂ, ਕੰਪਿਊਟਰ, ਇਨਫਰਮੇਸ਼ਨ ਟੈਕਨਾਲੋਜੀ, ਇੰਟਰਨੈੱਟ, ਅਜੋਕੀ ਜੀਵਨ-ਸ਼ੈਲੀ ਦੇ ਸੰਘਰਸ਼, ਤਨਾਓ, ਝੂਠੀ ਪਦਾਰਥਕ ਦੌੜ, ਲਾਲਚ-ਲੋਭ, ਬੇਗਾਨਾਪਨ, ਆਪ-ਮੂਲਕਤਾ, ਹੈਂਕੜ, ਹੰਕਾਰ ਅਤੇ ਇਸ ਤਰ੍ਹਾਂ ਦੇ ਅਨੇਕਾਂ ਤੰਗਦਿਲੀਆਂ ਦੀ ਨਿਸ਼ਾਨਦੇਹੀ ਕਰਦੇ ਹੋਏ, ਉਨ੍ਹਾਂ ਸਮਾਜਿਕ ਸਰੋਕਾਰ ਦੇ ਅਧਿਐਨ ਕਰਨ ਦਾ ਯਤਨ ਕੀਤਾ ਹੈ, ਜਿਨ੍ਹਾਂ ਦੀ ਕਲਾਤਮਿਕ ਅਭਿਵਿਅਕਤੀ ਦੁਆਰਾ ਸਮਕਾਲੀ ਪੰਜਾਬੀ ਕਵੀਆਂ ਨੇ ਸਮਾਜਿਕ ਯਥਾਰਥ ਦੀ ਇੰਨ-ਬਿੰਨ ਚਿੱਤਰਕਾਰੀ ਕੀਤੀ ਹੈ।

ਇਸੇ ਅਧਿਆਇ ਦੇ ਦੂਜੇ ਭਾਗ ਵਿਚ ਸਮਕਾਲੀ ਪੰਜਾਬੀ ਕਵਿਤਾ ਦੇ ਸੱਭਿਆਚਾਰਕ ਸਰੋਕਾਰਾਂ ਦਾ ਅਧਿਐਨ ਕੀਤਾ ਗਿਆ ਹੈ। ਸਾਧਾਰਨ ਤੌਰ 'ਤੇ ਸੱਭਿਆਚਾਰਕ ਸਰੋਕਾਰਾਂ ਦੇ ਅੰਤਰਗਤ ਸਮਾਜਿਕ ਰੀਤੀ-

ਰਿਵਾਜ਼, ਵਹਿਮ-ਭਰਮ, ਸੰਪੂਰਨ ਲੋਕ-ਸਾਹਿਤ, ਲੋਕ-ਵਿਸ਼ਵਾਸ, ਲੋਕ-ਰੂੜੀਆਂ, ਲੋਕ-ਕਲਾਵਾਂ, ਲੋਕ-ਧੰਦੇ, ਲੋਕ-ਪਹਿਰਾਵੇ, ਲੋਕ-ਸੰਗੀਤ ਆਦਿ ਸ਼ਾਮਿਲ ਹਨ। ਜਿਸ ਦੇ ਅੰਤਰਗਤ ਸਮਕਾਲੀ ਦੌਰ ਵਿੱਚ ਆਧੁਨਿਕਤਾ, ਵਿਗਿਆਨਕ ਚੇਤਨਾ, ਤਕਨੀਕੀ ਵਿਕਾਸ, ਸੰਚਾਰ ਮਾਧਿਅਮਾਂ ਦੀ ਕ੍ਰਾਂਤੀ, ਵਿਸ਼ਵੀਕਰਨ ਦੀ ਚਕਾਚੌਂਦ ਜ਼ਿੰਦਗੀ ਕਾਰਨ ਉਪਜੇ ਨਵੀਨ ਪ੍ਰਤੀਮਾਨਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ ਜਿਨ੍ਹਾਂ ਨੇ ਭਾਰਤੀ ਸੱਭਿਅਤਾ 'ਤੇ ਬਹੁਤ ਬੁਰਾ ਪ੍ਰਭਾਵ ਪਾਇਆ ਹੈ। ਪੱਛਮੀ ਸੱਭਿਅਤਾ ਨੇ ਭਾਰਤੀ ਪ੍ਰੰਪਰਾਗਤ ਜੀਵਨ ਸ਼ੈਲੀ ਨੂੰ ਪ੍ਰਭਾਵਿਤ ਕੀਤਾ ਹੈ। ਖਾਣ-ਪੀਣ, ਪਹਿਰਾਵਾ, ਰਹਿਣ-ਸਹਿਣ, ਬੋਲੀ, ਇੱਥੋ ਤੱਕ ਕਿ ਰਸਮਾਂ ਰਿਵਾਜ ਆਦਿ ਵੀ ਪੱਛਮੀ ਸੱਭਿਅਤਾ ਦੇ ਦੁਸ਼ ਪ੍ਰਭਾਵ ਤੋਂ ਨਹੀਂ ਬਚ ਸਕੇ। ਜਿਨ੍ਹਾਂ ਦੇ ਨਾਲ-ਨਾਲ ਸਮਕਾਲੀ ਪੰਜਾਬੀ ਕਵਿਤਾ ਵਿਚ ਦ੍ਰਿਸ਼ਟੀਮਾਨ ਹੋਈਆਂ ਸਵੈ, ਘਰ, ਪਿਆਰ, ਵਿਆਹ, ਧਰਮ ਆਦਿ ਦੀਆਂ ਨਵੀਨ ਪ੍ਰਸਥਿਤੀਆਂ ਵਿੱਚ ਸੱਭਿਆਚਾਰਕ ਸਰੋਕਾਰਾਂ ਦੇ ਅਧਿਐਨ ਨਾਲ ਦ੍ਰਿਸ਼ਟੀਗੋਚਰ ਹੋਈ ਨਵੀਂ ਚੇਤਨਾ ਅਤੇ ਨਵੀਂ ਸੋਚ ਦੇ ਅਧਾਰ 'ਤੇ ਕੀਤਾ ਗਿਆ ਹੈ, ਜਿਸ ਦੁਆਰਾ ਸਮਕਾਲੀ ਪੰਜਾਬੀ ਕਵੀਆਂ ਨੇ ਵਰਤਮਾਨ ਦੌਰ ਵਿੱਚ ਉਸਰੇ ਵਿਸ਼ਵੀ ਸੱਭਿਆਚਾਰਕ ਮੁੱਲਾਂ ਨਾਲ ਅਨੁਕੂਲਤਾ ਸਥਾਪਿਤ ਕਰਦਿਆਂ ਸਮਕਾਲੀ ਮਨੁੱਖ ਨੂੰ ਆਪਣੇ ਸੱਭਿਆਚਾਰ ਮੂਲ ਪ੍ਰਤੀ ਚੇਤੰਨ ਕਰਨ ਦਾ ਭਰਪੂਰ ਪ੍ਰਯਤਨ ਕੀਤਾ ਹੈ।

ਖੋਜ ਪ੍ਰਬੰਧ ਦਾ ਤੀਜਾ ਅਧਿਆਏ 'ਸਮਕਾਲੀ ਪੰਜਾਬੀ ਕਵਿਤਾ ਦੇ ਆਰਥਿਕ ਅਤੇ ਰਾਜਨੀਤਕ ਸਰੋਕਾਰ' ਵਿੱਚ ਉਨ੍ਹਾਂ ਪ੍ਰਤੀਮਾਨਾਂ ਦਾ ਅਧਿਐਨ ਕੀਤਾ ਗਿਆ ਹੈ ਜਿਸ ਦੇ ਆਧਾਰ 'ਤੇ ਸਮਕਾਲੀ ਪੰਜਾਬੀ ਕਵੀਆਂ ਨੇ ਦੇਸ਼ ਦੀ ਆਰਥਿਕ-ਵਿਵਸਥਾ ਅਤੇ ਭ੍ਰਿਸ਼ਟ ਰਾਜਨੀਤਿਕ ਸੰਗਠਨਾਂ ਦੀ ਤਸਵੀਰ ਨੂੰ ਯਥਾਰਥਕ ਰੂਪ ਵਿਚ ਬਾਖੂਬੀ ਦ੍ਰਿਸ਼ਟੀਗੋਚਰ ਕੀਤਾ ਹੈ। ਤੀਜੇ ਅਧਿਆਇ ਦੇ ਪਹਿਲੇ ਭਾਗ ਵਿਚ ਸਮਕਾਲੀ ਪੰਜਾਬੀ ਕਵਿਤਾ ਦੇ ਆਰਥਿਕ ਸਰੋਕਾਰਾਂ ਦਾ ਅਧਿਐਨ ਕੀਤਾ ਗਿਆ ਹੈ। ਜੋ ਨਵੀਨ ਵਿਸ਼ਵ-ਵਿਆਪੀ ਪੂੰਜੀਵਾਦੀ ਪ੍ਰਸਥਿਤੀਆਂ, ਬਜ਼ਾਰੀਕਰਨ, ਵਿਸ਼ਵੀਕਰਨ ਦੀ ਪੈੜ੍ਹ ਹੇਠਾਂ ਸਥਾਪਿਤ ਨਵ-ਆਰਥਿਕ ਬਸਤੀਵਾਦ ਆਦਿ ਸਮਕਾਲੀ ਦੌਰ ਦੇ ਮਨੁੱਖੀ ਜੀਵਨ ਦੇ ਮੂਲ ਆਧਾਰ ਵਜੋਂ ਸਥਾਪਿਤ ਹੋ ਚੁੱਕੇ ਹਨ। ਦਰਅਸਲ ਸਮਕਾਲੀ

ਪੰਜਾਬੀ ਕਵੀਆਂ ਨੇ ਆਪਣੀ ਚੇਤਨਾ ਰਾਹੀਂ ਪੂੰਜੀਵਾਦੀ ਭਾਰੂ ਉਪਭੋਗੀ ਸੱਭਿਅਤਾ ਦੇ ਜਾਲ ਵਿੱਚ ਗ੍ਰਸਤ ਸਮਕਾਲੀ ਮਨੁੱਖੀ ਜੀਵਨ ਵਿੱਚਲੀਆਂ ਉਲਝੀਆਂ ਆਰਥਿਕ ਪ੍ਰਸਥਿਤੀਆਂ ਨੂੰ ਰੂਪਮਾਨ ਕੀਤਾ ਹੈ।

ਤੀਜੇ ਅਧਿਆਇ ਦੇ ਦੂਜੇ ਭਾਗ ਵਿਚ ਸਮਕਾਲੀ ਪੰਜਾਬੀ ਕਵਿਤਾ ਦੇ 'ਰਾਜਨੀਤਿਕ ਸਰੋਕਾਰਾਂ' ਦਾ ਅਧਿਐਨ ਦਾ ਯਤਨ ਕੀਤਾ ਗਿਆ ਹੈ ਜਿਸ ਅਧੀਨ ਸਮਕਾਲੀ ਪੰਜਾਬੀ ਕਵਿਤਾ ਸੱਤਾ ਸ਼ਕਤੀਆਂ ਦੇ ਸਨਮੁੱਖ ਵਰਗ-ਸੰਘਰਸ਼, ਰੋਸ-ਵਿਦਰੋਹ, ਨੀਤੀਆਂ ਅਤੇ ਕੁਨੀਤੀਆਂ ਵਿਚੋਂ ਉਪਜੀ ਗੁੰਝਲਦਾਰ ਖਿਲਾਫ਼ਿਅਤ ਨੂੰ ਮੂਲ ਰਾਜਨੀਤਿਕ ਸਰੋਕਾਰਾਂ ਵਜੋਂ ਰੂਪਮਾਨ ਕਰਦੀ ਹੈ। ਸਮਕਾਲੀ ਪੰਜਾਬੀ ਕਵਿਤਾ ਦੇ ਗਹਿਨ ਅਧਿਐਨ ਦੁਆਰਾ ਉਹਨਾਂ ਪ੍ਰਮੁੱਖ ਆਰਥਿਕ ਸਰੋਕਾਰਾਂ ਨੂੰ ਉਜਾਗਰ ਕੀਤਾ ਗਿਆ ਹੈ ਜਿਨ੍ਹਾਂ ਨੂੰ ਸਮਕਾਲੀ ਪੰਜਾਬੀ ਕਵੀਆਂ ਨੇ ਸਮੁੱਚੇ ਵਿਸ਼ਵ ਮੰਚ 'ਤੇ ਵਾਪਰੀਆਂ ਆਰਥਿਕ ਅਤੇ ਰਾਜਸੀ ਤਬਦੀਲੀਆਂ ਦੇ ਪ੍ਰਭਾਵਾਂ ਨੂੰ ਜੀਵਨ ਯਥਾਰਥ ਵਿੱਚੋਂ ਅਨੁਭਵ ਕਰਕੇ ਆਪਣੀ ਸੰਵੇਦਨਸ਼ੀਲਤਾ, ਚੇਤੰਨਤਾ ਅਤੇ ਕਲਾਤਮਿਕਤਾ ਨਾਲ ਪ੍ਰਮੁੱਖ ਸਰੋਕਾਰਾਂ ਵਜੋਂ ਸਥਾਪਿਤ ਕੀਤਾ ਅਤੇ ਸਮਕਾਲੀ ਪੰਜਾਬੀ ਕਵਿਤਾ ਨੂੰ ਇੱਕ ਨਰੋਈ ਦਿਸ਼ਾ ਪ੍ਰਦਾਨ ਕੀਤੀ। ਸਮਕਾਲੀ ਪੰਜਾਬੀ ਕਵੀਆਂ ਨੇ ਵਰਤਮਾਨ ਸਮਾਜ ਵਿੱਚ ਵਧ ਰਹੀਆਂ ਮੰਡੀਕਰਨ, ਉਪਭੋਗਤਾਵਾਦ, ਵਿਸ਼ਵੀਕਰਨ ਅਤੇ ਬਸਤੀਵਾਦੀ ਰੁਚੀਆਂ ਦੇ ਪ੍ਰਭਾਵਾਂ ਦੁਆਰਾ ਆਏ ਉਹਨਾਂ ਪਰਿਵਰਤਨਾਂ ਨੂੰ ਆਪਣੀ ਕਾਵਿ-ਅਭਿਵਿਅਕਤੀ ਵਿੱਚ ਪ੍ਰਸਤੁਤ ਕਰਨ ਦਾ ਉਪਰਾਲਾ ਕੀਤਾ ਹੈ, ਜੋ ਦਿਨੋ-ਦਿਨ ਭਾਰਤੀ ਸੰਸਕ੍ਰਿਤੀ ਨੂੰ ਨਿਘਾਰ ਵੱਲ ਲੈ ਕੇ ਜਾ ਰਹੇ ਹਨ। ਸੋ ਇਸ ਅਧਿਆਇ ਵਿੱਚ ਉਹਨਾਂ ਆਰਥਿਕ ਅਤੇ ਰਾਜਨੀਤਕ ਸਰੋਕਾਰਾਂ ਦਾ ਅਧਿਐਨ ਕੀਤਾ ਗਿਆ ਹੈ ਜੋ ਪੂੰਜੀਵਾਦੀ ਸਮਾਜ ਵਿੱਚ ਉਸਾਰੂ ਲੋਕਤੰਤਰ, ਕਦਰਾਂ-ਕੀਮਤਾਂ ਅਤੇ ਸਮਕਾਲੀ ਪ੍ਰਸ਼ਾਸਨਿਕ ਵਿਵਸਥਾ ਦੇ ਯਥਾਰਥ ਬੋਧ ਦਾ ਪ੍ਰਤੱਖਣ ਕਰਵਾਉਂਦੇ ਹਨ।

ਖੋਜ ਕਾਰਜ ਦੇ ਚੌਥੇ ਅਧਿਆਇ ਵਿੱਚ ਨਵੀਨ ਸਰੋਕਾਰਾਂ ਦੀ ਸ਼ਾਮੂਲੀਅਤ ਕਾਰਨ ਸਮਕਾਲੀ ਪੰਜਾਬੀ ਕਵੀਆਂ ਦੁਆਰਾ ਆਪਣੀ ਕਾਵਿ-ਅਭਿਵਿਅਕਤੀ ਲਈ ਆਪਣੀ ਪ੍ਰਤਿਭਾ ਅਤੇ ਕਲਾਤਮਿਕ ਸਮਝ ਦੁਆਰਾ ਵਰਤੀਆਂ ਗਈਆਂ ਨਵੀਆਂ-ਸੰਚਾਰ ਜੁਗਤਾਂ ਦੇ ਅਧਿਐਨ ਸਦਕਾ ਸਮਕਾਲੀ ਪੰਜਾਬੀ ਕਵਿਤਾ ਦੇ 'ਸੰਚਾਰ ਵਿਧਾਨ' ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਆਧੁਨਿਕਤਾ, ਉੱਤਰ-ਆਧੁਨਿਕਤਾ, ਤਕਨੀਕੀ ਵਿਕਾਸ

ਕਾਰਨ ਸਮਕਾਲੀ ਪੰਜਾਬੀ ਕਵਿਤਾ ਨੇ ਖ਼ੁਦ ਨੂੰ ਨਵੇਂ ਕਾਲ-ਖੰਡ ਦੀ ਕਵਿਤਾ ਵੱਜੋਂ ਸਥਾਪਿਤ ਕਰਦੇ ਹੋਏ ਨਵੀਨ 'ਸਰੋਕਾਰ' ਅਤੇ 'ਸੰਚਾਰ ਵਿਧਾਨ' ਅਖ਼ਤਿਆਰ ਕੀਤਾ ਹੈ। ਸਮਕਾਲੀ ਪੰਜਾਬੀ ਕਵਿਤਾ ਦੇ 'ਸੰਚਾਰ ਵਿਧਾਨ' ਦੇ ਅਧਿਐਨ ਨੂੰ ਤਰਕ ਆਧਾਰਿਤ ਤਿੰਨ ਉਪ-ਅਧਿਆਵਾਂ ਵਿੱਚ ਵੰਡ ਕੇ ਨੇਪਰੇ ਚੜ੍ਹਾਇਆ ਗਿਆ ਹੈ।

ਪਹਿਲੇ ਭਾਗ 'ਸਮਕਾਲੀ ਪੰਜਾਬੀ ਕਵਿਤਾ ਦੀ ਸੰਚਾਰ ਪ੍ਰਕਿਰਿਆ ਵਿੱਚ ਕਾਵਿ-ਰੂਪਾਂ ਦੀ ਭੂਮਿਕਾ' ਅਧੀਨ ਸਮਕਾਲੀ ਕਵੀਆਂ ਦੁਆਰਾ ਰੂਪਕ ਪੱਖੋਂ ਨਵੇਂ ਨਰੋਏ ਮਾਪਦੰਡਾਂ ਨੂੰ ਤੈਅ ਕਰਕੇ ਨਵੀਆਂ ਪੁਲਾਂਘਾਂ ਪੁੱਟ ਕਰ ਰਹੀ ਸਮਕਾਲੀ ਪੰਜਾਬੀ ਕਵਿਤਾ ਦੇ ਪ੍ਰਮੁੱਖ ਕਾਵਿ-ਰੂਪਾਕਾਰਾਂ ਦਾ ਅਧਿਐਨ ਕੀਤਾ ਗਿਆ ਹੈ। ਭਾਗ ਦੂਜਾ ਵਿੱਚ 'ਭਾਰਤੀ ਦਰਸ਼ਨ ਦੇ ਸੰਦਰਭ ਵਿੱਚ ਸਮਕਾਲੀ ਪੰਜਾਬੀ ਕਾਵਿ ਦੇ ਭਾਸ਼ਾਈ ਸੰਚਾਰ ਦਾ ਅਧਿਐਨ' ਦਾ ਯਤਨ ਕੀਤਾ ਗਿਆ ਹੈ, ਜਿਸ ਅਧੀਨ ਪ੍ਰਤੀਭਾਸ਼ਾਲੀ ਕਵੀ ਅਲੰਕਾਰ, ਰਸ, ਬਿੰਬ, ਪ੍ਰਤੀਕ, ਧੁਨੀ ਆਦਿ ਕਈ ਤਰ੍ਹਾਂ ਦੀਆਂ ਕਲਾਤਮਿਕ ਅਤੇ ਸਾਹਿਤਕ ਜੁਗਤਾਂ ਦੀ ਵਰਤੋਂ ਕਰਦਾ ਹੋਇਆ, ਭਾਸ਼ਾ ਨੂੰ ਆਮ ਬੋਲਚਾਲ ਦੀ ਭਾਸ਼ਾ ਤੋਂ ਉੱਪਰ ਕਾਵਿ ਭਾਸ਼ਾ ਦੇ ਪੱਧਰ 'ਤੇ ਲੈ ਆਉਂਦਾ ਹੈ। ਚੌਥੇ ਅਧਿਆਇ ਦੇ ਤੀਜੇ ਭਾਗ ਵਿੱਚ 'ਪੱਛਮੀ ਦਰਸ਼ਨ ਦੇ ਸੰਦਰਭ ਵਿੱਚ ਸਮਕਾਲੀ ਪੰਜਾਬੀ ਕਵਿਤਾ ਦੇ ਕਾਵਿ-ਤੱਤਾਂ ਦਾ ਅਧਿਐਨ' ਕੀਤਾ ਗਿਆ ਹੈ। ਜਿਸ ਅਧੀਨ ਸਮਕਾਲੀ ਪੰਜਾਬੀ ਕਵੀਆਂ ਦੁਆਰਾ ਆਪਣੇ ਕਾਵਿਕ-ਉਚਾਰ (Poetic Statement) ਨੂੰ ਸਮਕਾਲੀ ਸੰਦਰਭ ਵਿੱਚ ਵਿਸ਼ਵੀ ਚੇਤਨਾ ਜਾਂ ਗਲੋਬਲੀ ਪੱਧਰ 'ਤੇ ਸੰਚਾਰਿਤ ਕਰਨ ਲਈ ਵਰਤੀਆਂ ਗਈਆਂ ਵਿਭਿੰਨ ਪ੍ਰਕਾਰ ਦੀਆਂ ਸਾਹਿਤਕ ਜੁਗਤਾਂ ਅਤੇ ਕਾਵਿ-ਤੱਤਾਂ ਦਾ ਮੁਲਾਂਕਣ ਕੀਤਾ ਗਿਆ ਹੈ।

ਇਸ ਪ੍ਰਕਾਰ ਹਥਲਾ ਖੋਜ ਕਾਰਜ ਨਵੀਨ ਦੌਰ ਅਤੇ ਨਵੇਂ ਮਸਲਿਆਂ ਦੀ ਪ੍ਰਤੀਨਿਧਤਾ ਕਰਦੀ 'ਸਮਕਾਲੀ ਪੰਜਾਬੀ ਕਵਿਤਾ' ਦੇ ਸਰੋਕਾਰ ਅਤੇ ਸੰਚਾਰ ਵਿਧਾਨ ਦੇ ਅਧਿਐਨ ਦਾ ਉਪਰਾਲਾ ਹੈ। ਜਿਸ ਅਧੀਨ ਪੁਰਾਤਨ ਲੀਹਾਂ ਤੋਂ ਹੱਟ ਕੇ ਨਵੇਂ ਸਰੋਕਾਰਾਂ ਨੂੰ ਅਪਣਾਉਂਦੀ ਹੋਈ ਸਮਕਾਲੀ ਪੰਜਾਬੀ ਕਵਿਤਾ ਦੇ 'ਪ੍ਰਮੁੱਖ ਸਰੋਕਾਰ' ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਜਿਨ੍ਹਾਂ ਦੀ ਕਾਵਿ-ਅਭਿਵਿਅਕਤੀ ਲਈ ਕਵੀ ਆਪਣੇ

ਕਾਵਿਕ ਸਰੂਪ ਨੂੰ ਸਮਕਾਲ ਦੇ ਅਨੁਕੂਲ, ਵਿਲੱਖਣ, ਕਾਵਿਕ-ਉਚਾਰ ਅਤੇ ਸੰਚਾਰ ਪ੍ਰਦਾਨ ਕਰਨ ਲਈ ਪ੍ਰਚੱਲਿਤ ਲਿਖਣ-ਵਿਧੀਆਂ ਨੂੰ ਤਿਲਾਂਜਲੀ ਦੇ ਕੇ ਨਵੇਂ-ਨਵੇਂ ਪ੍ਰਯੋਗਾਂ ਦੁਆਰਾ ਨਵੀਨ ਕਾਵਿ-ਪ੍ਰਤਿਮਾਨ ਸਥਾਪਿਤ ਕਰਨ ਦਾ ਯਤਨ ਕਰਦਾ ਹੋਇਆ ਸਮਕਾਲੀ ਪੰਜਾਬੀ ਕਵਿਤਾ ਦੇ ਮੌਲਿਕ 'ਸੰਚਾਰ ਵਿਧਾਨ' ਦੀ ਸਥਾਪਨਾ ਕਰਦਾ ਹੈ, ਜਿਨ੍ਹਾਂ ਦਾ ਅਧਿਐਨ ਅਤੇ ਮੁਲਾਂਕਣ ਹਥਲੇ ਖੋਜ ਕਾਰਜ ਵਿਚ ਕੀਤਾ ਗਿਆ ਹੈ। ਖੋਜ ਕਾਰਜ ਦੇ ਸਿੱਟੇ ਵਜੋਂ ਪ੍ਰਾਪਤ ਹੋਇਆ 'ਸਮਕਾਲੀ ਪੰਜਾਬੀ ਕਵਿਤਾ ਦੇ **ਸੰਚਾਰ ਵਿਧਾਨ** ਦਾ ਸਿਧਾਂਤ' ਸੂਚਨਾ, ਸੰਚਾਰ ਅਤੇ ਤਕਨੀਕੀ ਕ੍ਰਾਂਤੀ ਦੇ ਯੁੱਗ ਦੀ ਸਮਕਾਲੀ ਪੰਜਾਬੀ ਕਵਿਤਾ ਦੀ ਨਿਰਵਾਦ ਅਤੇ ਨਿਰਪੱਖ, ਸੰਪੂਰਨ ਵਿਆਖਿਆ, ਵਿਸ਼ਲੇਸ਼ਣ, ਅਧਿਐਨ ਅਤੇ ਆਲੋਚਨਾ ਲਈ ਵਿਗਿਆਨਕ ਅਤੇ ਤਰਕ-ਭਰਪੂਰ ਸਮੀਖਿਕ ਸਿਧਾਂਤ ਵੱਜੋਂ ਢੁਕਵਾਂ ਸਿੱਧ ਹੁੰਦਾ ਹੈ।

ਖੋਜ ਕਾਰਜ ਦੀ ਗੁਣਵੱਤਾ ਅਤੇ ਖੋਜ ਖੇਤਰ ਦੀ ਢੁੱਕਵੀਂ ਚੋਣ ਲਈ ਪੰਜ ਪ੍ਰਮੁੱਖ ਸਮਕਾਲੀ ਪੰਜਾਬੀ ਕਵੀਆਂ ਦੀ ਚੋਣ '**ਸ੍ਰੀ ਪ੍ਰੇਮ ਸਿੰਘ ਬਜਾਜ** (ਡਾਇਰੈਕਟਰ ਰੈਫਰੈਂਸ ਲਾਇਬ੍ਰੇਰੀ, ਲੁਧਿਆਣਾ), **ਸ੍ਰੀ ਸਤੀਸ਼ ਗੁਲਾਟੀ** (ਕਵੀ ਅਤੇ ਪ੍ਰਕਾਸ਼ਕ), **ਸ੍ਰੀਮਤੀ ਸੁਰਿੰਦਰ ਕੌਰ** (ਦਫਤਰ ਇੰਚਾਰਜ਼, ਸਾਹਿਤਕ ਅਕਾਦਮੀ, ਲੁਧਿਆਣਾ), **ਡਾ. ਮੋਹਨ ਤਿਆਗੀ** (ਕਵੀ ਅਤੇ ਪ੍ਰੋ. ਪੰਜਾਬੀ ਯੂਨੀਵਰਸਿਟੀ, ਪਟਿਆਲਾ), **ਡਾ. ਰਾਜਿੰਦਰ ਪਾਲ ਸਿੰਘ ਬਰਾੜ** (ਪ੍ਰੋ. ਪੰਜਾਬੀ ਯੂਨੀਵਰਸਿਟੀ, ਪਟਿਆਲਾ), **ਡਾ. ਯੋਗਰਾਜ** (ਪ੍ਰੋ. ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ), **ਡਾ. ਸਰਬਜੀਤ ਸਿੰਘ** (ਪ੍ਰੋ. ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ), **ਡਾ. ਆਤਮ ਰੰਧਾਵਾ** (ਪ੍ਰੋ. ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ), **ਬਲਜਿੰਦਰ ਸਿੰਘ** (ਪ੍ਰੋ. ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ), **ਡਾ. ਹੀਰਾ ਸਿੰਘ** (ਪ੍ਰੋ. ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ)' ਪੰਜਾਬੀ ਸਾਹਿਤ ਦੇ ਖੇਤਰ ਵਿੱਚ ਨਾਮਵਰ ਵਿਦਵਾਨਾਂ ਨਾਲ ਮੁਲਾਕਾਤ ਕਰਕੇ ਕੀਤੇ ਗਏ ਸਰਵੇ ਦੁਆਰਾ ਕੀਤੀ ਗਈ ਹੈ ਤਾਂ ਜੋ ਸਮਕਾਲੀ ਪੰਜਾਬੀ ਕਵਿਤਾ ਦੇ 'ਸਰੋਕਾਰ ਅਤੇ ਸੰਚਾਰ ਵਿਧਾਨ' ਦੇ ਅਧਿਐਨ ਦੁਆਰਾ ਪ੍ਰਮਾਣਿਤ ਨਤੀਜਿਆਂ ਦੀ ਪ੍ਰਾਪਤੀ ਹੋ ਸਕੇ। ਸਮਕਾਲ ਦੇ ਪੰਜ ਪ੍ਰਮੁੱਖ ਪ੍ਰਤੀਨਿਧ ਸਮਕਾਲੀ ਪੰਜਾਬੀ

ਕਵੀਆਂ ਦੀ ਪ੍ਰਮਾਣਿਤ ਚੋਣ ਦੇ ਇਸ ਕਾਰਜ ਵਿੱਚ ਸਹਿਯੋਗ ਲਈ ਮੈਂ ਉਪਰੋਕਤ ਨਾਮਜ਼ਦ ਵਿਦਵਾਨ ਸਾਹਿਬਾਨਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ।

ਪ੍ਰਤੇਕ ਕਾਰਜ ਜੋ ਮਿਹਨਤ ਦੇ ਨਾਲ-ਨਾਲ, ਸੂਝਵਾਨ ਅਤੇ ਗਿਆਨਵਾਨ ਸ਼ਖ਼ਸੀਅਤਾਂ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੀਤਾ ਜਾਵੇ ਭਵਿੱਖ ਵਿੱਚ ਯਕੀਨਨ ਫਲਦਾਇਕ ਨਤੀਜੇ ਪ੍ਰਦਾਨ ਕਰਦਾ ਹੈ। ਮੈਂ ਉਨ੍ਹਾਂ ਸਾਰੀਆਂ ਸ਼ਖ਼ਸੀਅਤਾਂ ਦਾ ਦਿਲੋਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਦੀ ਸਹਾਇਤਾ ਅਤੇ ਯੋਗਦਾਨ ਸਦਕਾ ਇਹ ਖੋਜ ਕਾਰਜ ਸੰਪੂਰਨ ਹੋ ਸਕਿਆ ਹੈ। ਮੈਂ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਡਾ. ਪਵਿੱਤਰ ਪ੍ਰਕਾਸ਼ ਸਿੰਘ (ਐਸੋਸੀਏਟ ਡੀਨ ਤੇ ਮੁਖੀ ਆਫ਼ ਹਿਊਮੈਨੀਟੀਜ਼) ਜੀ ਦਾ ਜੋ ਹਮੇਸ਼ਾਂ ਆਪਣੇ ਗਿਆਨ ਅਤੇ ਅਨੁਭਵ ਦੁਆਰਾ ਵਿਦਿਆਰਥੀਆਂ ਦੀ ਯੋਗ ਅਗਵਾਈ ਕਰਦੇ ਹਨ।

ਉਪਰੋਕਤ ਖੋਜ ਕਾਰਜ ਮੈਂ ਸੁਹਿਰਦ ਨਿਗਰਾਨ ਡਾ. ਅਵਤਾਰ ਸਿੰਘ ਦੀ ਅਗਵਾਈ ਵਿੱਚ ਆਰੰਭਿਆ ਅਤੇ ਡਾ. ਹਰਪ੍ਰੀਤ ਸਿੰਘ ਜਿਨ੍ਹਾਂ ਦੀ ਯੋਗ ਅਗਵਾਈ ਸਦਕਾ ਇਹ ਕਾਰਜ ਸੰਪੂਰਨ ਕੀਤਾ ਗਿਆ। ਮੈਂ ਕ੍ਰਿਤਗਤਾ ਵਜੋਂ ਆਪਣੇ ਗੁਰੂ ਸਰੂਪ ਨਿਗਰਾਨ ਦਾ ਬਹੁਤ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਇਸ ਖੋਜ ਕਾਰਜ ਨੂੰ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਨ ਵਿੱਚ ਬਹੁਪੱਖੀ ਤੇ ਅਗਾਂਹਵਧੂ ਭੂਮਿਕਾ ਨਿਭਾਈ। ਮੈਂ ਸਮੂਹ ਪੰਜਾਬੀ ਵਿਭਾਗ ਦੇ ਸਟਾਫ਼ ਮੈਂਬਰ ਅਤੇ ਪੰਜਾਬੀ ਵਿਭਾਗ ਦੇ ਮੁੱਖੀ ਡਾ. ਕਿਰਨਦੀਪ ਸਿੰਘ, ਡਾ. ਸਤਵੰਤ ਸਿੰਘ, ਡਾ. ਪਰਮਜੀਤ ਸਿੰਘ, ਡਾ. ਬਲਵਿੰਦਰ ਸਿੰਘ ਥਿੰਦ ਅਤੇ ਡਾ. ਵਿਨੋਦ (ਹਿੰਦੀ ਵਿਭਾਗ) ਦਾ ਵੀ ਮੈਂ ਦਿਲੋਂ ਰਿਣੀ ਹਾਂ ਜਿਨ੍ਹਾਂ ਦੀ ਪ੍ਰੇਰਨਾਮਈ ਦ੍ਰਿਸ਼ਟੀ ਸਮੇਂ-ਸਮੇਂ 'ਤੇ ਮੇਰਾ ਹੌਸਲਾ ਅਫਜ਼ਾਈ ਕਰਦੀ ਰਹੀ।

ਜਿਨ੍ਹਾਂ ਵਿਦਵਾਨਾਂ ਅਤੇ ਸਨਮਾਨਿਤ ਸ਼ਖ਼ਸੀਅਤਾਂ ਨੇ ਆਪਣੀ ਅਨਮੋਲ ਰਾਇ ਦੇ ਕੇ ਖੋਜ-ਕਾਰਜ ਦੀਆਂ ਗੁੰਝਲਾਂ ਦੇ ਹੱਲ ਲੱਭਣ ਵਿੱਚ ਆਪਣਾ ਸਮਾਂ ਅਤੇ ਸਹਿਯੋਗ ਦਿੱਤਾ, ਮੈਂ ਉਨ੍ਹਾਂ ਦਾ ਵੀ ਧੰਨਵਾਦ ਕਰਦਾ ਹਾਂ। ਇਸ ਖੋਜ-ਕਾਰਜ ਵਿੱਚ ਜਿਨ੍ਹਾਂ ਵਿਦਵਾਨ ਚਿੰਤਕਾਂ ਦੀਆਂ ਪੁਸਤਕਾਂ ਨੇ ਸਿੱਧੇ-ਅਸਿੱਧੇ ਤੌਰ 'ਤੇ ਮੇਰੀ ਸਹਾਇਤਾ ਕੀਤੀ ਅਤੇ ਜਿਨ੍ਹਾਂ ਦੇ ਹਵਾਲੇ ਅਤੇ ਟਿਪਣੀਆਂ ਇਸ ਖੋਜ-ਕਾਰਜ ਵਿੱਚ ਸੰਮਿਲਤ ਕੀਤੇ ਗਏ ਹਨ, ਉਨ੍ਹਾਂ ਵਿਦਵਾਨ ਚਿੰਤਕਾਂ ਦਾ ਮੈਂ ਹਮੇਸ਼ਾ ਰਿਣੀ ਰਹਾਂਗਾ।

ਮੈਂ ਆਪਣੇ ਸਤਿਕਾਰਯੋਗ ਪਿਤਾ ਸ੍ਰੀ ਫ਼ਕੀਰ ਚੰਦ ਜੀ ਅਤੇ ਮਾਤਾ ਸ੍ਰੀਮਤੀ ਬਖਸ਼ੋ, ਛੋਟੀ ਭੈਣ ਰਾਜਵਿੰਦਰ ਕੌਰ ਅਤੇ ਪਤਨੀ ਡਾ. ਪਰਵਿੰਦਰ ਕੌਰ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਦੀਆਂ ਦੁਆਵਾਂ ਅਤੇ ਪਿਆਰ ਨੇ ਇਸ ਖੋਜ ਕਾਰਜ ਨੂੰ ਸੰਭਵ ਬਣਾਉਣ ਵਿੱਚ ਮੇਰੀ ਸਹਾਇਤਾ ਕੀਤੀ।

'ਸਮਕਾਲੀ ਪੰਜਾਬੀ ਕਵਿਤਾ: ਪ੍ਰਮੁੱਖ ਸਰੋਕਾਰ ਅਤੇ ਸੰਚਾਰ ਵਿਧਾਨ' ਦੇ ਅਧਿਐਨ ਦੀ ਮੇਰੀ ਪੂਰੀ ਸਮਰੱਥਾ ਤਕ ਕੀਤੀ ਕੋਸ਼ਿਸ਼ ਵਿੱਚ ਮੈਂ ਕੁਝ ਰਹਿ ਚੁੱਕੀਆਂ ਸੀਮਾਵਾਂ ਤੋਂ ਇਨਕਾਰ ਨਹੀਂ ਕਰ ਸਕਦਾ ਪ੍ਰੰਤੂ ਇਹ ਖੋਜ ਕਾਰਜ ਉਪਰੋਕਤ ਵਿਸ਼ੇ ਦੇ ਸੰਦਰਭ ਵਿੱਚ ਇੱਕ ਨਿੱਗਰ ਕੋਸ਼ਿਸ਼ ਜ਼ਰੂਰ ਸਾਬਤ ਹੋਵੇਗਾ, ਇਸੇ ਭਰੋਸੇ ਅਤੇ ਪ੍ਰਤੀਬੱਧਤਾ ਨਾਲ ਮੈਂ ਇਸ ਖੋਜ ਕਾਰਜ ਨੂੰ ਪ੍ਰਸਤੁਤ ਕਰਦਾ ਹਾਂ।

(ਮੰਗਲ ਲਾਲ)

# ਅਧਿਆਇ-ਪਹਿਲਾ

## ਸਿਧਾਂਤਕ ਪਰਿਪੇਖ

1.1 ਸਮੱਸਿਆ ਕਥਨ

1.2 ਪ੍ਰਾਸੰਗਿਕਤਾ

1.3 ਖੋਜ ਕਾਰਜ ਦੇ ਉਦੇਸ਼

1.4 ਖੋਜ ਵਿਧੀ

1.5 ਪਰਿਕਲਪਨਾ

1.6 ਪਹਿਲਾ ਹੋ ਚੁੱਕੇ ਕਾਰਜ ਦਾ ਸਰਵੇਖਣ

1.7 ਕਵਿਤਾ ਦਾ ਸਿਧਾਂਤਕ ਪਰਿਪੇਖ

(ੳ) ਆਧੁਨਿਕ ਪੰਜਾਬੀ ਕਵਿਤਾ ਦਾ ਸਿਧਾਂਤਕ ਪਰਿਪੇਖ

(ਅ) ਸਮਕਾਲੀ ਪੰਜਾਬੀ ਕਵਿਤਾ ਦਾ ਸਿਧਾਂਤਕ ਪਰਿਪੇਖ

**1.8** ਸੰਚਾਰ ਵਿਧਾਨ: ਸਿਧਾਂਤਕ ਪਰਿਪੇਖ

## ਅਧਿਆਇ ਪਹਿਲਾ

## ਸਿਧਾਂਤਕ ਪਰਿਪੇਖ

ਹਥਲਾ ਖੋਜ-ਪ੍ਰਬੰਧ **ਸਮਕਾਲੀ ਪੰਜਾਬੀ ਕਵਿਤਾ: ਪ੍ਰਮੁੱਖ ਸਰੋਕਾਰ ਅਤੇ ਸੰਚਾਰ ਵਿਧਾਨ** '2000 ਤੋਂ ਬਾਅਦ ਦੀ ਪੰਜਾਬੀ ਕਵਿਤਾ ਦੇ ਸੰਦਰਭ ਵਿੱਚ' ਪ੍ਰਸਤੁਤ ਕੀਤਾ ਗਿਆ ਹੈ। ਜਿਸ ਤਹਿਤ ਸਮਕਾਲੀ ਪੰਜਾਬੀ ਕਵਿਤਾ ਦੇ ਪ੍ਰਮੁੱਖ ਸਰੋਕਾਰਾਂ ਅਤੇ ਸੰਚਾਰ ਵਿਧਾਨ ਦੇ ਗਹਿਨ ਅਧਿਐਨ ਦਾ ਉਪਰਾਲਾ ਕੀਤਾ ਗਿਆ ਹੈ। ਸਮਕਾਲੀ ਪੰਜਾਬੀ ਕਵਿਤਾ 21ਵੀਂ ਸਦੀ ਦੇ ਉੱਤਰ-ਆਧੁਨਿਕ, ਉੱਤਰ-ਬਸਤੀਵਾਦ, ਗਲੋਬਲਾਈਜ਼ੇਸ਼ਨ, ਬਾਜ਼ਾਰੀਕਰਨ ਆਦਿ ਦੇ ਸਮਕਾਲੀ ਦੌਰ ਵਿੱਚ ਵਿੱਚਰ ਰਹੇ ਮਨੁੱਖ ਦੀ ਮਾਨਸਿਕਤਾ ਦੇ ਅੰਤਰ ਸੰਵਾਦ ਦੀ ਗੁੰਝਲਦਾਰ ਅਤੇ ਵੰਨ-ਸੁਵੰਨਤਾ ਦੇ ਉਚਾਰ ਦੀ ਕਵਿਤਾ ਹੈ। ਵਾਸਤਵ ਵਿੱਚ ਸਾਹਿਤ, ਦਰਸ਼ਨ, ਸੱਭਿਆਚਾਰ, ਆਰਥਿਕ ਅਤੇ ਰਾਜਨੀਤਿਕ ਆਦਿ ਸਮਕਾਲੀ ਸਮਾਜ ਦੀਆਂ ਸੰਰਚਨਾਵਾਂ ਵਿੱਚ ਧੁੰਦੂਕਾਰਾ ਦੀ ਸਥਿਤੀ ਬਣੀ ਹੋਈ ਹੈ। ਸਮਕਾਲੀ ਪੰਜਾਬੀ ਕਵਿਤਾ ਕਿਸੇ ਇੱਕਹਿਰੀ ਵਿਚਾਰਧਾਰਾ ਜਾਂ ਵਾਦ ਦੀ ਧਾਰਨੀ ਨਾ ਹੋ ਕੇ ਵਿਸ਼ਵੀ ਪ੍ਰਸੰਗ ਵਿੱਚ ਉਪਜੇ ਨਵੀਨ ਸਰੋਕਾਰਾਂ ਦੀ ਵਿਲੱਖਣ ਕਵਿਤਾ ਹੈ। ਇਸ ਕਾਰਨ ਅਜਿਹੇ ਗੁੰਝਲਦਾਰ ਵਰਤਾਰੇ ਦੀ ਸਮਕਾਲੀ ਕਵਿਤਾ ਦੇ ਪ੍ਰਸੰਗ ਵਿੱਚ ਸਮਕਾਲ ਦਾ ਸਭ ਤੋਂ ਵੱਡਾ ਪ੍ਰਸ਼ਨ ਇਹ ਹੈ ਕਿ ਸਮਕਾਲ ਦੀ ਫ਼ਿਜ਼ਾ ਵਿੱਚ ਮੁੱਖ ਰੂਪ 'ਚ ਵਾਪਰ ਕੀ ਰਿਹਾ ਹੈ? ਕਵੀ ਸਮਾਜ ਦਾ ਸੰਵੇਦਨਸ਼ੀਲ ਅਤੇ ਚੇਤਨ ਪ੍ਰਾਣੀ ਹੈ ਅਤੇ ਉਹ ਅਜਿਹੇ ਗੁੰਝਲਦਾਰ ਅਤੇ ਵਿਸ਼ਵਵਿਆਪੀ ਚੇਤਨਾ ਦੇ ਪ੍ਰਭਾਵ ਹੇਠ ਆਪਣੇ ਕਾਵਿਕ-ਉਚਾਰ ਅਤੇ ਸੰਚਾਰ ਨੂੰ ਵਿਸ਼ਵੀ/ਗਲੋਬਲੀ ਪੱਧਰ 'ਤੇ ਉਚਾਰਨ ਲਈ ਅਨੇਕਾਂ ਨਵੀਨ ਸੰਚਾਰ ਜੁਗਤਾਂ ਦੇ ਮਾਧਿਅਮ ਨੂੰ ਅਪਣਾਉਂਦਾ ਹੈ। ਜਿਸ ਨਾਲ ਸਮਕਾਲੀ ਪੰਜਾਬੀ ਕਵਿਤਾ ਦਾ ਵਿਲੱਖਣ ਸਾਰ ਅਤੇ ਮੁਹਾਂਦਰਾ ਅਖ਼ਤਿਆਰ ਹੋਇਆ ਹੈ। ਇਸ ਲਈ ਖੋਜ ਕਾਰਜ ਵਿਸ਼ਵੀ ਪ੍ਰਸੰਗ ਵਿੱਚ ਉਸਰ ਰਹੀ ਨਵੀਂ ਪੰਜਾਬੀ ਕਵਿਤਾ ਅਤੇ ਅਜਿਹੀ ਨਵੀਂ ਕਵਿਤਾ ਦੇ ਸੁਹਜ-ਸੰਚਾਰ ਲਈ ਪ੍ਰਮੁੱਖ ਸਮਕਾਲੀ ਪੰਜਾਬੀ ਕਵੀਆਂ ਦੁਆਰਾ ਵਰਤੀਆਂ ਗਈਆਂ ਨਵੀਨ ਸੰਚਾਰ ਜੁਗਤਾਂ ਦੇ ਮੌਲਿਕ ਅਧਿਐਨ ਵਜੋਂ ਕਾਰਜ

ਕਰਦਾ ਹੋਇਆ ਸਮਕਾਲੀ ਪੰਜਾਬੀ ਕਵਿਤਾ ਦੇ ਪ੍ਰਮੁੱਖ ਸਰੋਕਾਰਾਂ ਅਤੇ ਸੰਚਾਰ ਵਿਧਾਨ ਨੂੰ ਸਪਸ਼ਟ ਕਰਦਾ ਹੈ।

**1.1. ਸਮੱਸਿਆ ਕਥਨ:**

ਪ੍ਰਸਤੁਤ ਖੋਜ ਵਿਸ਼ਾ 'ਸਮਕਾਲੀ ਪੰਜਾਬੀ ਕਵਿਤਾ: ਪ੍ਰਮੁੱਖ ਸਰੋਕਾਰ ਅਤੇ ਸੰਚਾਰ ਵਿਧਾਨ (2000 ਤੋਂ ਬਾਅਦ ਦੀ ਪੰਜਾਬੀ ਕਵਿਤਾ ਦੇ ਸੰਦਰਭ ਵਿੱਚ)' ਦੇ ਵਿਸ਼ੇਸ਼ ਅਧਿਐਨ ਖੇਤਰ ਵਿੱਚ ਰੱਖ ਕੇ ਵਿਚਾਰਿਆ ਅਤੇ ਉਸਾਰਿਆ ਗਿਆ ਹੈ। ਜਿਸ ਵਿੱਚ ਵਰਤਮਾਨ ਦੌਰ ਵਿੱਚ ਪੰਜਾਬੀ ਕਵਿਤਾ ਦਾ ਪ੍ਰਤੀਨਿਧਤਵ ਕਰ ਰਹੇ ਪੰਜ ਪ੍ਰਮੁੱਖ ਸਮਕਾਲੀ ਪੰਜਾਬੀ ਕਵੀਆਂ ਸੁਰਜੀਤ ਪਾਤਰ, ਸੁਖਵਿੰਦਰ ਅੰਮ੍ਰਿਤ, ਜਸਵੰਤ ਜ਼ਫ਼ਰ, ਗੁਰਪ੍ਰੀਤ ਅਤੇ ਗੁਰਤੇਜ ਕੋਹਾਰਵਾਲਾ ਦੀ ਚੋਣ ਪੰਜਾਬੀ ਸਾਹਿਤ ਦੇ ਖੇਤਰ ਵਿਚ ਨਾਮਵਰ ਵਿਦਵਾਨਾਂ ਨਾਲ ਕੀਤੀ ਮੁਲਾਕਾਤ ਅਤੇ ਸਰਵੇ ਦੇ ਅਧਾਰ 'ਤੇ ਕੀਤੀ ਗਈ ਹੈ। ਖੋਜ ਕਾਰਜ ਅਧੀਨ ਚੁਣੇ ਗਏ ਪ੍ਰਮੱਖ ਸਮਕਾਲੀ ਪੰਜਾਬੀ ਕਵੀਆਂ '2000 ਈ.' ਤੋਂ ਬਾਅਦ ਦੀਆਂ ਕਾਵਿ ਪੁਸਤਕਾਂ ਨੂੰ ਅਧਿਐਨ ਦਾ ਆਧਾਰ ਬਣਾਇਆ ਗਿਆ ਹੈ। ਜਿਹਨਾਂ ਦੀ ਵਧੇਰੇ ਜਾਣਕਾਰੀ ਨਿਮਨਦਰਜ਼ ਸਾਰਨੀ ਵਿਚ ਦਿੱਤੀ ਗਈ ਹੈ:

| **ਸੁਖਵਿੰਦਰ ਅੰਮ੍ਰਿਤ:** | (175 ਗ਼ਜ਼ਲਾਂ, 164 ਕਵਿਤਾਵਾਂ, 40 ਗੀਤ) |
|---|---|
| **ਕਾਵਿ ਪੁਸਤਕਾਂ** | **ਕਾਵਿ ਰਚਨਾਵਾਂ** |
| ***ਹਜ਼ਾਰ ਰੰਗਾਂ ਦੀ ਲਾਟ*** | ਗ਼ਜ਼ਲਾਂ 59 |
| ***ਕਣੀਆਂ*** | ਕਵਿਤਾਵਾਂ 53 |
| ***ਚਿੜੀਆਂ*** | ਕਵਿਤਾਵਾਂ 54 |
| ***ਨੀਲਿਆ ਮੋਰਾ ਵੇ...*** | ਗੀਤ 40 |
| ***ਪੁੰਨਿਆ*** | ਗ਼ਜ਼ਲਾਂ 56 |
| ***ਪੱਤਝੜ ਵਿੱਚ ਪੁੰਗਰਦੇ ਪੱਤੇ*** | ਗ਼ਜ਼ਲਾਂ 60 |
| ***ਧੁੱਪ ਦੀ ਚੁੰਨੀ*** | ਕਵਿਤਾਵਾਂ 57 |

| **ਸੁਰਜੀਤ ਪਾਤਰ:** | ( 152 ਗ਼ਜ਼ਲਾਂ, 44 ਕਵਿਤਾਵਾਂ, 27 ਗੀਤ) |
|---|---|
| **ਕਾਵਿ ਪੁਸਤਕਾਂ** | **ਕਾਵਿ ਰਚਨਾਵਾਂ** |
| ***ਸੁਰਜ਼ਮੀਨ*** | ਗ਼ਜ਼ਲਾਂ 52 |
| ***ਚੰਨ ਸੂਰਜ ਦੀ ਵਹਿੰਗੀ*** | ਕਵਿਤਾਵਾਂ 13, ਗੀਤ 25 |
| ***ਪੱਤਝੜ ਦੀ ਪਾਜ਼ੇਬ*** | ਗ਼ਜ਼ਲਾਂ 60 |
| ***ਲਫ਼ਜਾਂ ਦੀ ਦਰਗਾਹ*** | ਕਵਿਤਾਵਾਂ 31, ਗ਼ਜ਼ਲਾਂ 40, ਗੀਤ 2. |
| **ਜਸਵੰਤ ਜ਼ਫ਼ਰ:** | ( 16 ਗ਼ਜ਼ਲਾਂ, 112 ਕਵਿਤਾਵਾਂ, 4 ਗੀਤ) |
| **ਕਾਵਿ ਪੁਸਤਕਾਂ** | **ਕਾਵਿ ਰਚਨਾਵਾਂ** |
| ***ਅਸੀਂ ਨਾਨਕ ਦੇ ਕੀ ਲੱਗਦੇ ਹਾਂ*** | ਕਵਿਤਾਵਾਂ 39 |
| ***ਇਹ ਬੰਦਾ ਕੀ ਹੁੰਦਾ*** | ਕਵਿਤਾਵਾਂ 57 |
| ***ਦੋ ਸਾਹਾਂ ਵਿੱਚਕਾਰ*** | ਕਵਿਤਾਵਾਂ 16, ਗ਼ਜ਼ਲਾਂ 16, ਗੀਤ 4. |
| **ਗੁਰਪ੍ਰੀਤ:** | (201 ਕਵਿਤਾਵਾਂ) |
| ***ਸਿਆਹੀ ਘੁਲ਼ੀ ਹੈ*** | ਕਵਿਤਾਵਾਂ 53 |
| ***ਸਮੇਂ ਦਾ ਦਰਿਆ*** | ਕਵਿਤਾਵਾਂ 82 |
| ***ਓਕ*** | ਕਵਿਤਾਵਾਂ 66 |
| **ਗੁਰਤੇਜ ਕੋਹਾਰਵਾਲਾ:** | (52 ਗ਼ਜ਼ਲਾਂ) |
| ***ਪਾਣੀ ਦਾ ਹਾਸ਼ੀਆ*** | ਗ਼ਜ਼ਲਾਂ 52 |
| **ਕੁੱਲ ਰਚਨਾਵਾਂ** | 395 ਗ਼ਜ਼ਲਾਂ, 521 ਕਵਿਤਾਵਾਂ, 71 ਗੀਤ |

**ਖੋਜ ਖੇਤਰ ਅਧੀਨ ਕੁੱਲ ਰਚਨਾਵਾਂ = 987 ਰਚਨਾਵਾਂ**

ਸਮਕਾਲੀ ਪੰਜਾਬੀ ਕਵਿਤਾ ਨੇ ਵਰਤਮਾਨ ਯੁੱਗ ਦੇ ਸਮਾਜਿਕ, ਸੱਭਿਆਚਾਰਕ, ਆਰਥਿਕ ਅਤੇ ਰਾਜਨੀਤਕ ਸਰੋਕਾਰਾਂ ਦੇ ਯਥਾਰਥ ਚਿਤਰਨ, ਰੋਜ਼ਾਨਾ, ਵਿਵਹਾਰਾਂ ਦੇ ਨਿਵੇਕਲੇ ਪੈਟਰਨਾਂ ਦੀ ਨਿਸ਼ਾਨਦੇਹੀ ਕਰਕੇ ਸਮਕਾਲੀ ਪੰਜਾਬੀ ਕਵਿਤਾ ਨੂੰ ਇੱਕ ਵੱਖਰੇ ਕਾਲਖੰਡ ਦੀ ਕਵਿਤਾ ਦੇ ਤੌਰ ’ਤੇ ਸਥਾਪਤ ਕੀਤਾ ਹੈ। ਸਮਕਾਲੀ ਯਥਾਰਥ ਚਿਤਰਨ ਦੇ ਨਾਲ-ਨਾਲ ਹਥਲਾ ਖੋਜ ਕਾਰਜ ਸਮਕਾਲੀ ਪੰਜਾਬੀ ਕਵਿਤਾ ਦੁਆਰਾ ਸਥਾਪਿਤ ਵਿਲੱਖਣ ‘ਸੰਚਾਰ ਵਿਧਾਨ’ ਦਾ ਵੀ ਅਧਿਐਨ ਕਰਦਾ ਹੈ ਜੋ ਅਜੋਕੀ ਵੰਨ-ਸਵੰਨਤਾ ਦੇ ਸੰਵਾਦ ਨੂੰ ਸੰਚਾਰਿਤ ਕਰਦੀ ਸਮਕਾਲੀ ਪੰਜਾਬੀ ਕਵਿਤਾ ਦੇ ਅਧਿਐਨ, ਵਿਸ਼ਲੇਸ਼ਣ, ਵਿਆਖਿਆ ਅਤੇ ਮੁਲਾਂਕਣ ਲਈ ਨਿਰਪੱਖ/ਨਿਰਵਾਦ ਵਿਗਿਆਨ ਸਮੀਖਿਅਕ ਆਧਾਰ ਸਥਾਪਿਤ ਹੋਣ ਦੇ ਸਮਰੱਥ ਬਣਦਾ ਹੈ।

## 1.2. ਖੋਜ ਕਾਰਜ ਦੀ ਪ੍ਰਾਸੰਗਿਕਤਾ:

ਸਮਕਾਲੀ ਪੰਜਾਬੀ ਕਵਿਤਾ ਅਜੋਕੇ ਆਧੁਨਿਕ, ਵਿਸ਼ਵੀਕਰਨ, ਤਕਨੀਕੀ ਵਿਕਾਸ ਅਤੇ ਸੂਚਨਾ ਕ੍ਰਾਂਤੀ ਦੇ ਯੁੱਗ ਵਿੱਚ ਵਿਲੱਖਣ ਸਮਾਜਿਕ, ਸੱਭਿਆਚਾਰਕ, ਆਰਥਿਕ ਅਤੇ ਰਾਜਨੀਤਕ ਰੁਝਾਨਾਂ ਨੂੰ ਅੰਗੀਕਾਰ ਕਰਦੀ ਹੋਈ, ਨਵੀਨ ‘ਸੰਚਾਰ ਵਿਧਾਨ’ ਦੁਆਰਾ ਸੰਚਾਲਿਤ ਕਰਦੀ ਹੈ। ਅਜੋਕੀ ਸਮਕਾਲੀ ਪੰਜਾਬੀ ਕਵਿਤਾ ਪੂਰਬਲੇ ਬੁਨਿਆਦੀ ਸਿਧਾਂਤਾਂ ਅਤੇ ਲਿਖਣ ਵਿਧੀਆਂ ਨੂੰ ਤਿਆਗਦੇ ਹੋਏ, ਉੱਤਰ-ਆਧੁਨਿਕ ਦੇ ਸਮੇਂ ਵਿੱਚ ਗਲੋਬਲੀ ਪਰਿਪੇਖ ਦੇ ਸੰਦਰਭ ਵਿੱਚ ਆਪਣੇ ਕਾਵਿਕ-ਉਚਾਰ (Poetic accents) ਦੇ ਪ੍ਰਗਟਾਅ ਨੂੰ ਮਹੱਤਤਾ ਪ੍ਰਦਾਨ ਕਰ ਰਹੀ ਹੈ। ਸਮਕਾਲੀ ਚੇਤੰਨ ਪੰਜਾਬੀ ਕਵੀ ਆਪਣੇ ਕਾਵਿ-ਅਨੁਭਵ ਨੂੰ ਗਲੋਬਲੀ ਪੱਧਰ ’ਤੇ ਸੰਚਾਰਿਤ/ਅਭਿਵਿਅਕਤ ਕਰਨ ਲਈ ਨਵੇਂ-ਨਵੇਂ ਪ੍ਰਯੋਗਾਂ ਅਤੇ ਨਵੇਂ ਕਾਵਿ-ਪ੍ਰਤਿਮਾਨਾਂ ਨੂੰ ਸਥਾਪਿਤ ਕਰਦੇ ਹਨ। ਜਿਸ ਨਾਲ ਵਰਤਮਾਨ ਪੰਜਾਬੀ ਕਵਿਤਾ ‘ਸਰੋਕਾਰ’ ਅਤੇ ‘ਸੰਚਾਰ ਵਿਧਾਨ’ ਦੋਹਾਂ ਪੱਖਾਂ ਤੋਂ ਨਵੀਨਤਾ ਨੂੰ ਗ੍ਰਹਿਣ ਕਰਦੀ ਹੈ। ਇਸ ਪ੍ਰਕਾਰ ਗਲੋਬਲੀ ਪੱਧਰ ’ਤੇ ਸਥਾਪਿਤ ਹੋ ਚੁੱਕੇ ਵਰਤਮਾਨ ਕਵਿਤਾ ਦੇ ਨਵੇਂ ਸਾਰ ਅਤੇ ਮੁਹਾਂਦਰੇ ਦੇ ਅਧਿਐਨ ਅਤੇ ਵਿਸ਼ਲੇਸ਼ਣ ਹਥਲੇ

ਖੋਜ ਕਾਰਜ ਵਿੱਚ ਸਮਕਾਲੀ ਪੰਜਾਬੀ ਕਵਿਤਾ ਦੇ ਪ੍ਰਮੁੱਖ ਸਰੋਕਾਰ ਅਤੇ ਸੰਚਾਰ ਵਿਧਾਨ ਦੇ ਪ੍ਰਸੰਗ ਵਿੱਚ ਕੀਤਾ ਗਿਆ ਹੈ।

## 1.3. ਖੋਜ ਕਾਰਜ ਦੇ ਉਦੇਸ਼:

ਹਥਲਾ ਖੋਜ ਵਿਸ਼ਾ **ਸਮਕਾਲੀ ਪੰਜਾਬੀ ਕਵਿਤਾ: ਪ੍ਰਮੁੱਖ ਸਰੋਕਾਰ ਅਤੇ ਸੰਚਾਰ ਵਿਧਾਨ** '2000 ਤੋਂ ਬਾਅਦ ਦੀ ਪੰਜਾਬੀ ਕਵਿਤਾ ਦੇ ਸੰਦਰਭ ਵਿੱਚ' ਨੂੰ ਸਮਕਾਲੀ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਵਿਸ਼ੇਸ਼ ਉਦੇਸ਼ਾਂ ਨੂੰ ਮੁੱਖ ਰੱਖ ਕੇ ਉਸਾਰਿਆ ਅਤੇ ਪ੍ਰਗਟਾਇਆ ਗਿਆ ਹੈ। ਜਿਨ੍ਹਾਂ ਦੀ ਪੂਰਤੀ ਖੋਜ ਕਾਰਜ ਦੌਰਾਨ ਕੀਤੀ ਗਈ ਹੈ।

- ਆਧੁਨਿਕਤਾ, ਤਕਨੀਕੀ ਵਿਕਾਸ ਅਤੇ ਸਮੇਂ ਦੀ ਤਬਦੀਲੀ ਕਾਰਨ ਸਮਕਾਲੀ ਕਵਿਤਾ ਵਿੱਚ ਪੈਦਾ ਹੋਏ ਨਵੇਂ ਸਰੋਕਾਰਾਂ ਨੂੰ ਉਜਾਗਰ ਕਰਨਾ।
- ਸਮਕਾਲੀ ਪੰਜਾਬੀ ਕਵਿਤਾ ਵਿੱਚ ਨਵੇਂ ਸਰੋਕਾਰਾਂ ਨੂੰ ਪੇਸ਼ ਕਰਨ ਲਈ ਵਰਤੀਆਂ ਜਾ ਰਹੀਆਂ ਨਵੀਆਂ ਸੰਚਾਰ ਜੁਗਤਾਂ ਦਾ ਉਲੇਖ ਕਰਨਾ।
- ਸਮਕਾਲੀ ਪੰਜਾਬੀ ਕਵਿਤਾ ਦੇ ਸਰੂਪ ਨੂੰ ਉਘਾੜਨਾ।
- ਸਮਕਾਲੀ ਪੰਜਾਬੀ ਕਵੀਆਂ ਦੀ ਚੇਤਨਾ ਨੂੰ ਸਮਾਜਿਕਤਾ ਦੇ ਨਜ਼ਰੀਏ ਤੋਂ ਸਮਝਣ ਦਾ ਯਤਨ ਕਰਨਾ।

## 1.4. ਖੋਜ ਵਿਧੀ

ਕਿਸੇ ਵੀ ਕਾਰਜ ਨੂੰ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਢੁੱਕਵੀਂ ਵਿਧੀ ਦੀ ਜ਼ਰੂਰਤ ਹੁੰਦੀ ਹੈ। "ਸਮਕਾਲੀ ਪੰਜਾਬੀ ਕਵਿਤਾ: ਪ੍ਰਮੁੱਖ ਸਰੋਕਾਰ ਅਤੇ ਸੰਚਾਰ ਵਿਧਾਨ (2000 ਤੋਂ ਬਾਅਦ ਦੀ ਪੰਜਾਬੀ ਕਵਿਤਾ ਦੇ ਸੰਦਰਭ ਵਿੱਚ)" ਸਿਰਲੇਖ ਅਧੀਨ ਖੋਜ ਕਾਰਜ ਨੂੰ ਪੂਰਾ ਕਰਨ ਲਈ ਤਰਕਵਾਦੀ ਵਿਧੀ, ਵਿਸ਼ਲੇਸ਼ਣਾਤਮਕ ਖੋਜ ਵਿਧੀ ਦੇ ਨਾਲ-ਨਾਲ ਮਨੋ-ਵਿਸ਼ਲੇਸ਼ਣਾਤਮਕ, ਸਮਾਜ-ਸ਼ਾਸਤਰੀ ਅਤੇ ਸੁਹਜ-ਸ਼ਾਸਤਰੀ ਪਹੁੰਚ ਦ੍ਰਿਸ਼ਟੀਆਂ ਦਾ ਪ੍ਰਯੋਗ ਕੀਤਾ ਗਿਆ ਹੈ। ਸਮਕਾਲੀ ਪੰਜਾਬੀ ਕਵਿਤਾ ਦੇ ਨਿਕਾਸ-ਵਿਕਾਸ,

ਆਧੁਨਿਕ ਕਵਿਤਾ ਅਤੇ ਸਮਕਾਲੀ ਪੰਜਾਬੀ ਕਵਿਤਾ ਦੇ ਸਰੂਪ ਨੂੰ ਉਘਾੜਨ ਲਈ ਵਿਸ਼ਲੇਸ਼ਣਾਤਮਕ ਵਿਧੀ ਦਾ ਪ੍ਰਯੋਗ ਕਰਦੇ ਹੋਏ ਪੰਜਾਬੀ ਕਵਿਤਾ ਦੇ ਸਾਰੇ ਪਹਿਲੂਆਂ ਦੀ ਪਰਖ-ਪੜਚੋਲ, ਨਿਖੇੜ ਕਰਨਾ, ਖੰਡ-ਕਰਨ ਕਰਦੇ ਹੋਏ ਕਵਿਤਾ ਦੇ ਸਰੂਪ ਨੂੰ ਉਘੜਨ ਦੇ ਉਦੇਸ਼ ਦੀ ਪ੍ਰਾਪਤੀ ਕੀਤੀ ਗਈ ਹੈ। ਹਰੇਕ ਰਚਨਾ ਦੇ ਦੋ ਪਹਿਲੂ ਹੁੰਦੇ ਹਨ, ਵਿਸ਼ਾ ਜਾਂ ਸਰੋਕਾਰ ਪੱਖ ਅਤੇ ਦੂਜਾ ਰੂਪਕ ਪੱਖ। ਖੋਜ ਕਾਰਜ ਦੌਰਾਨ ਸਮਕਾਲੀ ਪੰਜਾਬੀ ਕਵਿਤਾ ਦੇ ਪ੍ਰਮੁੱਖ ਸਰੋਕਾਰਾਂ ਦੇ ਅਧਿਐਨ ਲਈ ਮਨੋ-ਵਿਸ਼ਲੇਸ਼ਣਾਤਮਕ ਅਤੇ ਸਮਾਜ-ਸ਼ਾਸਤਰੀ ਪਹੁੰਚ ਵਿਧੀਆਂ ਦਾ ਪ੍ਰਯੋਗ ਕੀਤਾ ਗਿਆ ਹੈ, ਜਦਕਿ ਸਮਕਾਲੀ ਪੰਜਾਬੀ ਕਵਿਤਾ ਦੀਆਂ ਸੰਚਾਰ ਜੁਗਤਾਂ ਦੇ ਅਧਿਐਨ ਲਈ ਢੁਕਵੀਂ ਪਹੁੰਚ ਵਿਧੀ ਸੁਹਜ-ਸ਼ਾਸਤਰੀ ਵਿਧੀ ਨੂੰ ਪ੍ਰਯੋਗ ਵਿੱਚ ਲਿਆਇਆ ਗਿਆ ਹੈ। ਜਿਸ ਆਧਾਰ 'ਤੇ ਸਮਕਾਲੀ ਪੰਜਾਬੀ ਕਵਿਤਾ ਦੀਆਂ ਵੱਖ-ਵੱਖ ਸੁਹਜ ਅਤੇ ਸੰਚਾਰ ਜੁਗਤਾਂ ਦਾ ਅਧਿਐਨ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਇਹਨਾਂ ਪਹੁੰਚ ਵਿਧੀਆਂ ਦੇ ਨਾਲ ਤਰਕਵਾਦੀ ਵਿਧੀ ਦਾ ਪ੍ਰਯੋਗ ਕੀਤਾ ਗਿਆ ਹੈ।

## 1.5. ਪਰਿਕਲਪਨਾ:

- ਆਧੁਨਿਕਤਾ, ਤਕਨੀਕੀ ਵਿਕਾਸ ਅਤੇ ਸਮੇਂ ਦੀ ਤਬਦੀਲੀ ਕਾਰਨ ਪੰਜਾਬੀ ਕਵਿਤਾ ਵਿੱਚ ਪੈਦਾ ਹੋਏ ਨਵੇਂ ਸਰੋਕਾਰ ਬਾਰੇ ਜਾਣਕਾਰੀ ਪ੍ਰਾਪਤ ਹੋਵੇਗੀ।
- ਸਮਕਾਲੀ ਪੰਜਾਬੀ ਕਵਿਤਾ ਵਿੱਚ ਨਵੀਨ ਸਰੋਕਾਰਾਂ ਨੂੰ ਪੇਸ਼ ਕਰਨ ਲਈ ਸਮਕਾਲੀ ਪੰਜਾਬੀ ਕਵੀਆਂ ਦੁਆਰਾ ਵਰਤੀਆਂ ਨਵੀਆਂ ਸੰਚਾਰ ਜੁਗਤਾਂ ਦ੍ਰਿਸ਼ਟੀਗੋਚਰ ਹੋਣਗੀਆਂ।

## 1.6. ਪੂਰਵ ਖੋਜ ਕਾਰਜ ਦਾ ਸਰਵੇਖਣ:

ਖੋਜ ਅਧੀਨ ਮੁੱਖ ਵਿਸ਼ਾ **"ਸਮਕਾਲੀ ਪੰਜਾਬੀ ਕਵਿਤਾ: ਪ੍ਰਮੁੱਖ ਸਰੋਕਾਰ ਅਤੇ ਸੰਚਾਰ ਵਿਧਾਨ (2000 ਈ. ਤੋਂ ਬਾਅਦ ਦੀ ਪੰਜਾਬੀ ਕਵਿਤਾ ਦੇ ਸੰਦਰਭ ਵਿੱਚ)"** ਦਾ ਅਧਿਐਨ ਅਤੇ ਖੋਜ ਕਰਨ ਤੋਂ ਪਹਿਲਾਂ ਵੱਖ-ਵੱਖ ਯੂਨੀਵਰਸਿਟੀਆਂ ਅਤੇ ਅਕਾਦਮਿਕ ਅਦਾਰਿਆਂ ਵਿੱਚ ਪੀਐਚ. ਡੀ. ਅਤੇ ਐਮ. ਫਿਲ ਡਿਗਰੀ ਦੇ ਰੂਪ 'ਚ ਹੋਏ ਖੋਜ ਕਾਰਜਾਂ ਨੂੰ ਵਿਚਾਰਨਾ ਤੇ ਪੜਚੋਲਣਾ ਜ਼ਰੂਰੀ ਹੈ ਤਾਂ ਜੋ ਸਾਡੇ ਤੋਂ ਪਹਿਲਾਂ ਹੋ

ਚੁੱਕੇ ਖੋਜ ਕਾਰਜਾਂ ਦੀਆਂ ਵਿਭਿੰਨ ਅੰਤਰ-ਦ੍ਰਿਸ਼ਟੀਆਂ ਅਤੇ ਦਿਸ਼ਾਵਾਂ ਦੀ ਲੋਅ ਵਿੱਚ ਹੋਣ ਵਾਲੇ ਕਾਰਜ ਦਾ ਨਿਖੇੜਾ ਹੋ ਸਕੇ। ਪੂਰਵ ਖੋਜ ਕਾਰਜਾਂ ਦਾ ਰੀਵਿਊ ਕਰਦੇ ਹੋਏ ਆਪਣੇ ਹੋਣ ਵਾਲੇ ਕੰਮ ਨੂੰ ਕੇਂਦਰਿਤ ਕਰਨਾ ਹੈ ਕਿਉਂਕਿ ਸੰਬੰਧਿਤ ਖੋਜ ਕਾਰਜ ਦੇ ਸਮਕਾਲੀ ਇਤਿਹਾਸਕ ਸੰਦਰਭ ਵਿਚੋਂ ਹੀ ਚੁਣੇ ਗਏ ਇਸ ਵਿਸ਼ੇ ਦਾ ਵਿਕਾਸ ਲੱਭਿਆ ਜਾ ਸਕਦਾ ਹੈ। ਇਸ ਉਪਰੋਕਤ ਸੰਦਰਭ ਵਿਚੋਂ ਹੀ ਸਭ ਤੋਂ ਪਹਿਲਾਂ ਡਿਗਰੀ ਸਾਪੇਖ ਖੋਜ ਕਾਰਜ ਦਾ ਸਰਵੇਖਣ ਅਤੇ ਰੀਵਿਊ ਕੀਤਾ ਗਿਆ ਹੈ ਅਤੇ ਇਸ ਤੋਂ ਬਾਅਦ ਸਮਕਾਲੀ ਪੰਜਾਬੀ ਕਵਿਤਾ ਨਾਲ ਸੰਬੰਧਿਤ ਕੁਝ ਵਿਸ਼ੇਸ਼ ਪੁਸਤਕਾਂ ਅਤੇ ਰਿਸਰਚ ਜਨਰਲਾਂ ਦਾ ਅਧਿਐਨ ਕੀਤਾ ਹੈ ਤਾਂ ਜੋ ਆਪਣੇ ਖੋਜ ਵਿਸ਼ੇ ਨੂੰ ਤਰਤੀਬ ਅਨੁਸਾਰ ਨਿਰੰਤਰਤਾ ਅਤੇ ਵਿਆਪਕਤਾ ਪ੍ਰਦਾਨ ਕੀਤੀ ਜਾ ਸਕੇ। ਸੋ ਸਭ ਤੋਂ ਪਹਿਲਾਂ ਵੱਖ-ਵੱਖ ਯੂਨੀਵਰਸਿਟੀਆਂ ਵਿੱਚ ਹੋ ਚੁੱਕੇ ਪੀਐਚ. ਡੀ. ਅਤੇ ਐਮ. ਫਿਲ ਦੇ ਖੋਜ ਕਾਰਜਾਂ ਦਾ ਅਧਿਐਨ ਤੇ ਵੇਰਵਾ ਇਸ ਪ੍ਰਕਾਰ ਹੈ:

**1.6.1. ਖੋਜ ਕਾਰਜ ਨਾਲ ਸੰਬੰਧਿਤ ਪੂਰਵ ਹੋਏ ਖੋਜ-ਪ੍ਰਬੰਧਾਂ ਦਾ ਅਧਿਐਨ ਅਤੇ ਰੀਵਿਊ:**

- ਖੋਜਾਰਥੀ ਹਰਪਾਲ ਸਿੰਘ ਭੱਟੀ ਵੱਲੋਂ **1980 ਤੋਂ ਬਾਅਦ ਦੀ ਪੰਜਾਬੀ ਗਜ਼ਲ ਦੇ ਸਰੋਕਾਰ ਅਤੇ ਸੰਚਾਰ ਜੁਗਤਾਂ (ਜਗਤਾਰ, ਸੁਰਜੀਤ ਪਾਤਰ, ਐਸ. ਤਰਸੇਮ, ਸੁਖਵਿੰਦਰ ਅੰਮ੍ਰਿਤ ਅਤੇ ਜਸਵਿੰਦਰ ਦੇ ਸੰਦਰਭ ਵਿੱਚ)** ਡਾ. ਐਸ. ਕੇ. ਦਵੇਸ਼ਵਰ ਦੀ ਅਗਵਾਈ ਹੇਠ 2005 ਈ. ਨੂੰ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਪ੍ਰਸਤੁਤ ਕੀਤਾ ਗਿਆ ਖੋਜ-ਪ੍ਰਬੰਧ ਹੈ। ਇਸ ਖੋਜ ਪ੍ਰਬੰਧ ਦੇ ਅੰਤਰਗਤ 1980 ਤੋਂ ਬਾਅਦ ਦੇ ਪੰਜਾਬੀ ਗਜ਼ਲ ਵਿੱਚ ਪੇਸ਼ ਸਰੋਕਾਰਾਂ ਅਤੇ ਸੰਚਾਰ-ਜੁਗਤਾਂ ਦਾ ਅਧਿਐਨ ਕੀਤਾ ਗਿਆ। ਜਿਸ ਤੋਂ ਸਪਸ਼ਟ ਹੋਇਆ ਕਿ ਗਜ਼ਲ ਇੱਕ ਅਜਿਹਾ ਕਾਵਿ ਰੂਪ ਹੈ ਜਿਸ ਵਿੱਚ ਸਾਧਾਰਨ ਤੌਰ 'ਤੇ ਪਿਆਰ, ਰੋਮਾਂਸ, ਪੀੜ, ਸੋਗ. ਦਰਦ ਆਦਿ ਦਾ ਜ਼ਜ਼ਬਾ ਭਾਰੂ ਹੁੰਦਾ ਹੈ। ਦਰਅਸਲ ਤਕਨੀਕੀ ਵਿਕਾਸ ਅਤੇ ਸੰਚਾਰ ਸਾਧਨਾਂ ਦੀ ਵਧੇਰੇ ਵਰਤੋਂ ਨਾਲ ਪੰਜਾਬੀ ਕਵਿਤਾ ਦਾ ਘੇਰਾ ਕਾਫ਼ੀ ਵਿਸ਼ਾਲ ਹੋਇਆ ਹੈ, ਜਿਸ ਨਾਲ ਪੰਜਾਬੀ ਕਵਿਤਾ ਵਿੱਚ ਨਵੇਂ ਸਰੋਕਾਰਾਂ ਦਾ ਸ਼ਾਮਿਲ ਹੋਣਾ ਲਾਜ਼ਮੀ ਹੋ ਗਿਆ। ਅਜੋਕੇ ਸੰਦਰਭ ਵਿੱਚ ਮਨੁੱਖ ਗੁੰਝਲਦਾਰ ਜ਼ਿੰਦਗੀ ਬਤੀਤ

ਕਰ ਰਿਹਾ ਹੈ ਤੇ ਆਪਣੇ ਆਪ ਨਾਲੋਂ ਟੁੱਟਦਾ ਜਾ ਰਿਹਾ ਹੈ। ਇਸ ਖੋਜ ਪ੍ਰਬੰਧ ਦੇ ਅੰਤਰਗਤ ਉਪਰੋਕਤ ਕਵੀਆਂ ਦੀਆਂ ਗਜ਼ਲਾਂ ਵਿੱਚ ਸਮਕਾਲੀ ਸੰਦਰਭ 'ਚ ਪੇਸ਼ ਉਨ੍ਹਾਂ ਸਰੋਕਾਰਾਂ ਨੂੰ ਘੱਟ ਛੋਹਿਆ ਗਿਆ ਹੈ, ਜੋ ਵਰਤਮਾਨ ਸਮੇਂ ਇੱਕ ਵੱਡੀ ਸਮੱਸਿਆ ਬਣਕੇ ਉਭਰ ਰਹੇ ਹਨ। ਵਾਸਤਵ ਵਿੱਚ ਇਹ ਖੋਜ-ਪ੍ਰਬੰਧ ਸਰੋਕਾਰਾਂ ਅਤੇ ਸੰਚਾਰ-ਜੁਗਤਾਂ ਦੇ ਅਰਥਾਂ ਨੂੰ ਸਮਝਣ ਲਈ ਸਹਾਈ ਸਿੱਧ ਹੋਇਆ ਹੈ। ਭਾਸ਼ਾ ਅਤੇ ਸ਼ੈਲੀ ਦੇ ਪੱਖ ਤੋਂ ਵੀ ਉਪਰੋਕਤ ਕਵੀਆਂ ਦੀਆਂ ਗਜ਼ਲਾਂ ਦਾ ਆਲੋਚਨਾਤਮਿਕ ਅਧਿਐਨ ਕੀਤਾ ਗਿਆ ਜੋ ਸਾਡੇ ਅਧਿਐਨ ਕਾਰਜ ਨੂੰ ਸੇਧ ਦੇਣ ਲਈ ਸਹਾਇਕ ਸਿੱਧ ਹੋਇਆ ਹੈ।

- ਕੁਲਜੀਤ ਸਿੰਘ ਵੱਲੋਂ **ਪਰਵਾਸੀ ਪੰਜਾਬੀ ਕਵਿਤਾ ਦਾ ਇਤਿਹਾਸ (ਵਿਚਾਰਧਾਰਾ ਤੇ ਸੰਚਾਰ ਜੁਗਤਾਂ ਦੇ ਵਿਸ਼ੇਸ਼ ਪ੍ਰਸੰਗ ਵਿੱਚ)** ਡਾ. ਰਾਜਿੰਦਰ ਸਿੰਘ ਪਾਲ ਦੀ ਅਗਵਾਈ ਹੇਠ 2010 ਈ. ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਪੇਸ਼ ਕੀਤਾ ਗਿਆ ਖੋਜ ਪ੍ਰਬੰਧ ਹੈ। ਇਸ ਖੋਜ ਪ੍ਰਬੰਧ ਅਧਿਐਨ ਰਾਹੀਂ ਸਪਸ਼ਟ ਹੋਇਆ ਕਿ ਇਹ ਸ਼ੋਧ-ਪ੍ਰਬੰਧ ਕੇਵਲ ਪਰਵਾਸ ਦੇ ਇਤਿਹਾਸ ਉਤੇ ਕੇਂਦਰਿਤ ਹੈ। ਖੋਜ ਪ੍ਰਬੰਧ ਦੇ ਪਹਿਲੇ ਅਧਿਆਇ ਤੋਂ ਪੰਜਾਬੀ ਪਰਵਾਸ ਅਤੇ ਪਰਵਾਸੀ ਸਾਹਿਤ ਬਾਰੇ ਜਾਣਕਾਰੀ ਪ੍ਰਾਪਤ ਹੋਈ। ਦੂਸਰੇ, ਤੀਸਰੇ, ਚੌਥੇ ਅਤੇ ਪੰਜਵੇਂ ਅਧਿਆਇ ਵਿੱਚ ਬਰਤਾਨੀਆ, ਕੈਨੇਡਾ, ਅਮਰੀਕਾ ਅਤੇ ਹੋਰ ਬਾਕੀ ਦੇਸ਼ਾਂ ਦੀ ਪੰਜਾਬੀ ਕਵਿਤਾ ਦੇ ਇਤਿਹਾਸ ਨੂੰ ਹੀ ਮੁੱਖ ਰੂਪ ਵਿੱਚ ਕੇਂਦਰ ਬਿੰਦੂ ਬਣਾਇਆ ਗਿਆ ਹੈ ਪਰ ਛੇਵੇਂ ਅਧਿਆਇ ਵਿੱਚ ਪਰਵਾਸੀ ਪੰਜਾਬੀ ਕਵਿਤਾ ਦੀਆਂ ਸੰਚਾਰ ਜੁਗਤਾਂ ਅਤੇ ਕਵਿਤਾ ਦੇ ਰੂਪਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਉਪਰੋਕਤ ਖੋਜ-ਪ੍ਰਬੰਧ ਵਿੱਚ ਸੰਚਾਰ ਦੇ ਸਿਧਾਂਤ ਅਤੇ ਕਿਸਮਾਂ ਬਾਰੇ ਵਿਸ਼ੇਸ਼ ਜਾਣਕਾਰੀ ਨਹੀਂ ਹੈ ਪਰ ਸਾਡੇ ਖੋਜ-ਪ੍ਰਬੰਧ ਲਈ ਸਮੱਗਰੀ ਵਜੋਂ ਸਹਾਇਕ ਸਿੱਧ ਹੋਇਆ ਅਤੇ ਇਸ ਸੰਦਰਭ ਅਤੇ ਸੀਮਾਵਾਂ ਦੇ ਅੰਤਰਗਤ ਅਸੀਂ ਆਪਣੇ ਸ਼ੋਧ ਕਾਰਜ ਰਾਹੀਂ ਇੱਕ ਨਵਾਂ ਸੰਕਲਪ ਅਤੇ ਦ੍ਰਿਸ਼ਟੀਕੋਣ ਪੇਸ਼ ਕਰਨ ਦੀ ਕੋਸ਼ਿਸ਼ ਕਰਾਂਗੇ।

- ਰਾਜਿੰਦਰਪਾਲ ਸਿੰਘ ਵੱਲੋਂ **ਪੰਜਾਬੀ ਗੀਤਾਂ (1947-88) ਦੀਆਂ ਸੰਚਾਰ ਜੁਗਤਾਂ** ਡਾ. ਭੁਪਿੰਦਰ ਸਿੰਘ ਖਹਿਰਾ ਦੀ ਅਗਵਾਈ ਹੇਠ ਸੰਨ 1989 ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਪੇਸ਼ ਕੀਤਾ ਗਿਆ ਖੋਜ-ਪ੍ਰਬੰਧ ਹੈ। ਇਸ ਖੋਜ-ਪ੍ਰਬੰਧ ਅਧੀਨ 1947 ਤੋਂ 1988 ਤੱਕ ਦੇ ਗੀਤ ਕਾਵਿ ਰੂਪ ਨੂੰ ਖੋਜ ਦਾ ਆਧਾਰ ਬਣਾਇਆ ਗਿਆ ਹੈ। ਖੋਜ ਕਾਰਜ ਦੇ ਆਰੰਭ ਵਿੱਚ ਭਾਸ਼ਾ, ਸੱਭਿਆਚਾਰ ਅਤੇ ਗੀਤਾਂ ਦੀਆਂ ਸੰਚਾਰ ਜੁਗਤਾਂ ਦਾ ਸਿਧਾਂਤ ਸਿਰਜਿਆ ਗਿਆ ਹੈ। ਵਾਸਤਵ ਵਿੱਚ ਭਾਸ਼ਾ ਸੰਚਾਰ ਦਾ ਸਰਵੋਤਮ ਮਾਧਿਅਮ ਹੈ ਅਤੇ ਪ੍ਰਸਿੱਧ ਵਿਦਵਾਨ ਸੋਸਿਊਰ ਨੇ ਭਾਸ਼ਾ ਨੂੰ ਚਿੰਨ੍ਹਾਂ ਦੀ ਵਿਵਸਥਾ ਕਿਹਾ ਹੈ ਭਾਵ ਭਾਸ਼ਾ ਇੱਕ ਅਜਿਹਾ ਪ੍ਰਬੰਧ ਹੈ ਜੋ ਚਿੰਨ੍ਹਾਂ ਦੇ ਮਾਧਿਅਮ ਰਾਹੀਂ ਵਿਚਾਰਾਂ ਨੂੰ ਪ੍ਰਗਟਾਉਂਦਾ ਹੈ। ਇਸ ਲਈ ਗੀਤਕਾਰ ਜਾਂ ਸਾਹਿਤਕਾਰ ਦੁਆਰਾ ਉਨ੍ਹਾਂ ਚਿੰਨ੍ਹਾਂ ਦੀ ਸਿਰਜਣਾ ਕੀਤੀ ਜਾਂਦੀ ਹੈ ਜੋ ਸੰਚਾਰ ਦਾ ਮਾਧਿਅਮ ਬਣਕੇ ਮਨੁੱਖ ਨੂੰ ਸਹੀ ਸੇਧ ਅਤੇ ਦਿਸ਼ਾ ਪ੍ਰਦਾਨ ਕੀਤੀ ਜਾ ਸਕੇ। ਉਪਰੋਕਤ ਖੋਜ ਪ੍ਰਬੰਧ ਵਿੱਚ ਪੰਜਾਬੀ ਗੀਤਾਂ ਦੀਆਂ ਸੰਚਾਰ ਜੁਗਤਾਂ ਦੀ ਗੱਲ ਕਰਦੇ ਹੋਏ ਮਿੱਥਾਂ, ਪ੍ਰੀਤ ਕਥਾਵਾਂ, ਬੀਰ ਗਥਾਵਾਂ, ਕਿੱਸੇ ਅਤੇ ਹੋਰ ਲੋਕਧਾਰਾਈ ਤੇ ਸੱਭਿਆਚਾਰਕ ਤੱਥਾਂ ਨੂੰ ਸੰਚਾਰ ਦੀਆਂ ਜੁਗਤਾਂ ਦੇ ਵਜੋਂ ਪੇਸ਼ ਕੀਤਾ ਗਿਆ ਹੈ ਪਰ ਅਸੀਂ ਹਥਲੇ ਖੋਜ ਪ੍ਰਬੰਧ ਰਾਹੀਂ ਨਵੇਂ ਯੁੱਗ, ਨਵੀਂ ਸੋਚ, ਨਵੇਂ ਮਨੁੱਖ ਅਤੇ ਨਵੇਂ ਦ੍ਰਿਸ਼ਟੀਕੋਣ ਨੂੰ ਖੋਜਣ ਦੀ ਕੋਸ਼ਿਸ਼ ਕਰਾਂਗੇ।
- ਹਰਪ੍ਰੀਤ ਕੌਰ ਵੱਲੋਂ **ਪੰਜਾਬੀ ਸੂਫ਼ੀ ਕਾਵਿ ਦਾ ਸੰਚਾਰ-ਵਿਧਾਨ (ਸੂਫ਼ੀ ਕਾਵਿ ਰੂਪਾਂ ਦੇ ਸੰਦਰਭ ਵਿੱਚ)** ਡਾ. ਅੰਮ੍ਰਿਤਪਾਲ ਕੌਰ ਦੀ ਅਗਵਾਈ ਹੇਠ ਸੰਨ 2007 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਪ੍ਰਸਤੁਤ ਕੀਤਾ ਗਿਆ ਖੋਜ-ਪ੍ਰਬੰਧ ਹੈ। ਇਸ ਖੋਜ-ਪ੍ਰਬੰਧ ਦੇ ਅੰਤਰਗਤ ਸੂਫ਼ੀ ਕਾਵਿ ਰੂਪਾਂ ਨੂੰ ਕੇਂਦ੍ਰਿਤ ਕਰਦੇ ਹੋਏ ਸੂਫ਼ੀ ਕਾਵਿ ਵਿਚਲੇ ਸੰਚਾਰ ਵਿਧਾਨ ਦਾ ਅਧਿਐਨ ਕੀਤਾ ਗਿਆ ਹੈ। ਖੋਜ-ਪ੍ਰਬੰਧ ਦੇ ਪਹਿਲੇ ਅਧਿਆਇ ਵਿੱਚ 'ਸੰਚਾਰ' ਸ਼ਬਦ ਨੂੰ ਪ੍ਰਭਾਸ਼ਿਤ ਕਰਦੇ ਹੋਏ ਇਸਦੇ ਤੱਤਾਂ ਨੂੰ ਵੀ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ। ਦੂਜੇ ਅਤੇ ਤੀਜੇ ਅਧਿਆਇ ਅਧੀਨ ਸੂਫ਼ੀ ਕਾਵਿ ਪਰੰਪਰਾ ਅਤੇ ਵਿਕਾਸ ਬਾਰੇ ਵਿਸਥਾਰ ਸਹਿਤ ਅਧਿਐਨ ਕੀਤਾ ਗਿਆ ਹੈ। ਖੋਜ-ਪ੍ਰਬੰਧ ਦੇ

ਅੰਤਰਗਤ ਸੂਫ਼ੀ ਕਾਵਿ ਦੀਆਂ ਸੰਚਾਰ ਜੁਗਤਾਂ ਦੀ ਪੇਸ਼ਕਾਰੀ ਕਰਦੇ ਹੋਏ ਰਸ, ਅਲੰਕਾਰ, ਪ੍ਰਤੀਕ, ਬਿੰਬ ਆਦਿ ਦੇ ਅਧਿਐਨ ਤੋਂ ਇਲਾਵਾ ਲੋਕ ਕਥਾਵਾਂ, ਲੋਕ ਰੂੜੀਆਂ, ਲੋਕ ਵਿਸ਼ਵਾਸ, ਲੋਕ ਅਖਾਣ/ਮੁਹਾਵਰੇ, ਭਾਸ਼ਾ ਦੀਆਂ ਕਾਵਿਕ ਜੁਗਤਾਂ ਆਦਿ ਨੂੰ ਸੰਚਾਰ ਜੁਗਤਾਂ ਵਜੋਂ ਪੇਸ਼ ਕੀਤਾ ਗਿਆ ਹੈ। ਦਰਅਸਲ ਇਸ ਖੋਜ-ਪ੍ਰਬੰਧ ਅਧੀਨ ਸੂਫ਼ੀ-ਕਾਵਿ ਵਿਚਲੇ ਸਰੋਕਾਰ ਪੱਖ ਤੋਂ ਹਟ ਕੇ ਕੇਵਲ ਸੂਫ਼ੀ-ਕਾਵਿ ਰੂਪਾਂ ਦੇ ਸੰਚਾਰ ਵਿਧਾਨ ਦਾ ਹੀ ਅਧਿਐਨ ਕੀਤਾ ਗਿਆ ਹੈ। ਜਿਸ ਕਾਰਨ ਸੂਫ਼ੀ ਕਾਵਿ ਅਤੇ ਸਮਕਾਲੀ ਪੰਜਾਬੀ ਕਵਿਤਾ ਵਿੱਚ ਸਪਸ਼ਟ ਰੂਪ ਤੋਂ ਭਿੰਨਤਾ ਹੈ ਪਰ ਇਸ ਖੋਜ-ਪ੍ਰਬੰਧ ਦੇ ਅਧਿਐਨ ਰਾਹੀਂ ਸਾਨੂੰ ਸੰਚਾਰ ਵਿਧਾਨ ਬਾਰੇ ਭਰਪੂਰ ਜਾਣਕਾਰੀ ਮਿਲੀ।

- ਤਰਸ਼ਿੰਦਰ ਕੌਰ ਵੱਲੋਂ **ਨਵਤੇਜ ਭਾਰਤੀ ਕਾਵਿ: ਸਰੋਕਾਰ ਅਤੇ ਸੰਚਾਰ** ਵਿਸ਼ੇ ਦੇ ਸੰਦਰਭ ਵਿੱਚ ਡਾ. ਸੁਰਜੀਤ ਭੱਟੀ ਦੀ ਅਗਵਾਈ ਹੇਠ ਸੰਨ 2012 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਖੋਜ ਪ੍ਰਬੰਧ ਪੇਸ਼ ਕੀਤਾ ਗਿਆ। ਇਸ ਖੋਜ-ਪ੍ਰਬੰਧ ਅਧੀਨ ਨਵਤੇਜ ਭਾਰਤੀ ਦੇ ਕਾਵਿ ਵਿਚਲੇ ਪੇਸ਼ ਸਰੋਕਾਰਾਂ ਅਤੇ ਸੰਚਾਰ ਜੁਗਤਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਇਸ ਖੋਜ-ਪ੍ਰਬੰਧ ਦੇ ਅਧਿਐਨ ਰਾਹੀਂ ਨਵਤੇਜ ਭਾਰਤੀ ਕਾਵਿ ਵਿੱਚ ਪੇਸ਼ ਮਾਨਵੀ ਸਰੋਕਾਰ, ਔਰਤ ਦੀ ਇਨਸਾਨੀ ਹੋਂਦ, ਮਿੱਥਾਂ ਦਾ ਪੁਨਰ ਸਿਰਜਣ, ਬ੍ਰਹਿਮੰਡੀ ਚੇਤਨਾ, ਜ਼ਿੰਦਗੀ/ਹੋਂਦ ਦਾ ਜਸ਼ਨ, ਨਿਸ਼ਚੇਵਾਦ ਦਾ ਖੰਡਨ ਅਤੇ ਵਿਸ਼ਾਲਤਾ ਦੀ ਧਾਰਨੀ ਨਵੀਂ ਸੋਚ, ਸਮਾਜਿਕ ਸਰੋਕਾਰ, ਪਰਵਾਸੀ ਜੀਵਨ, ਨਾਂਹਵਾਚੀ ਮਾਨਵੀ ਪ੍ਰਵਿਰਤੀਆਂ, ਆਦਿ ਬਾਰੇ ਜਾਣਕਾਰੀ ਮਿਲੀ ਹੈ। ਇਸ ਤੋਂ ਇਲਾਵਾ ਨਵਤੇਜ ਭਾਰਤੀ ਕਾਵਿ ਦੀਆਂ ਸੰਚਾਰ ਜੁਗਤਾਂ ਦਾ ਵੀ ਅਧਿਐਨ ਕੀਤਾ ਗਿਆ ਹੈ। ਜਿਸ ਵਿੱਚ ਲੇਖਕ ਦੀ ਸਿਰਜਣਾ ਸਿਧਾਂਤ, ਕਾਵਿ ਵਿੱਚ ਵਰਤੇ ਗਏ ਪ੍ਰਤੀਕ, ਕਾਵਿ ਬਿੰਬਾਵਲੀ, ਅਲੰਕਾਰ, ਭਾਸ਼ਾ ਆਦਿ ਦਾ ਵੀ ਅਧਿਐਨ ਕੀਤਾ ਗਿਆ ਹੈ। ਇਸ ਖੋਜ ਪ੍ਰਬੰਧ ਦੇ ਅਧਿਐਨ ਰਾਹੀਂ ਸਪਸ਼ਟ ਹੋਇਆ ਕਿ ਨਵਤੇਜ ਭਾਰਤੀ ਇੱਕ ਸਮਕਾਲੀ ਕਵੀ ਹੈ ਪਰ ਕੋਈ ਵੀ ਇੱਕ ਕਵੀ ਅਜੋਕੇ ਗੁੰਝਲਦਾਰ ਸਮਕਾਲੀ ਸਰੋਕਾਰਾਂ ਨੂੰ ਸੰਪੂਰਨ ਤੌਰ 'ਤੇ ਆਪਣੀ ਰਚਨਾ ਵਿੱਚ ਸ਼ਾਮਿਲ ਨਹੀਂ ਕਰ ਸਕਦਾ ਹੈ। ਉਪਰੋਕਤ ਖੋਜ-ਪ੍ਰਬੰਧ

ਸਿੱਧੇ ਤੌਰ 'ਤੇ ਸਾਡੇ ਖੋਜ ਕਾਰਜ ਨਾਲ ਤਾਂ ਨਹੀਂ ਸੰਬੰਧ ਰੱਖਦਾ ਪਰ ਇਸ ਖੋਜ ਪ੍ਰਬੰਧ ਅਧੀਨ ਨਵਤੇਜ ਭਾਰਤੀ ਦੇ ਕਾਵਿ ਵਿੱਚ ਪ੍ਰਯੁਕਤ ਹੋਈਆਂ ਸੰਚਾਰ ਜੁਗਤਾਂ ਅਤੇ ਸਰੋਕਾਰਾਂ ਬਾਰੇ ਜਾਣਕਾਰੀ ਮਿਲੀ ਹੈ।

- ਤਰਸ਼ਿੰਦਰ ਕੌਰ ਵੱਲੋਂ **ਸ਼ਿਵ ਕੁਮਾਰ ਬਟਾਵਲੀ ਦੀ ਕਾਵਿ ਭਾਸ਼ਾ ਅਤੇ ਸੰਚਾਰ ਜੁਗਤਾਂ**, ਡਾ. ਸੁਰਜੀਤ ਭੱਟੀ ਦੀ ਅਗਵਾਈ ਹੇਠ ਸੰਨ 2012 ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਪੇਸ਼ ਕੀਤਾ ਗਿਆ ਖੋਜ ਪ੍ਰਬੰਧ ਹੈ। ਇਸ ਖੋਜ ਪ੍ਰਬੰਧ ਅਧੀਨ ਸ਼ਿਵ ਕੁਮਾਰ ਬਟਾਵਲੀ ਦੀ ਕਾਵਿ ਭਾਸ਼ਾ ਅਤੇ ਸੰਚਾਰ ਜੁਗਤਾਂ ਦਾ ਅਧਿਐਨ ਕੀਤਾ ਗਿਆ ਹੈ ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਸ਼ਿਵ ਕੁਮਾਰ ਦੀ ਕਾਵਿ ਭਾਸ਼ਾ ਵਿੱਚ ਮਿਠਾਸ, ਅਨੋਖੀ ਟੁੰਬਣ ਸ਼ਕਤੀ, ਸੰਗੀਤ, ਮਧੁਰਤਾ, ਬਿਰਹਾ, ਤੜਪ, ਪੀੜਾ ਅਤੇ ਕਰੁਣਾਮਈ ਭਾਵ ਸਰੋਤਿਆਂ ਨੂੰ ਆਪਣੇ ਵੱਲ ਖਿਚਦੇ ਹਨ। ਇਸ ਖੋਜ-ਪ੍ਰਬੰਧ ਵਿੱਚ ਸ਼ਿਵ ਕੁਮਾਰ ਦੀ ਕਾਵਿ-ਭਾਸ਼ਾ ਵਿੱਚ ਗੀਤਾਂ, ਪ੍ਰਗੀਤਾਂ 'ਚ ਵਰਤੀਆਂ ਜਾਣ ਵਾਲੀਆਂ ਕਾਵਿ-ਜੁਗਤਾਂ ਜਿਵੇਂ: ਸ਼ਾਬਦਿਕ, ਦੁਹਰਾ ਵਰਤੀ ਸ਼ਬਦ, ਸ਼ਬਦ ਅਨੁਪ੍ਰਾਸ, ਲੋਕ ਉਕਤੀਆਂ ਦੀ ਵਰਤੋਂ, ਲੋਕ ਗੀਤਾਂ ਦੀ ਸੰਜੀਵਤਾ, ਛੰਦ, ਪ੍ਰਤੀਕ, ਲੋਕ ਕਹਾਣੀਆਂ ਦੀ ਵਰਤੋਂ ਆਦਿ ਨੂੰ ਕਲਾਤਮਿਕ ਅਤੇ ਪ੍ਰਭਾਵਸ਼ਾਲੀ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਇਸ ਖੋਜ ਪ੍ਰਬੰਧ ਵਿੱਚ ਕਵੀ ਸ਼ਿਵ ਕੁਮਾਰ ਬਟਾਵਲੀ ਦੀ ਕਾਵਿ ਭਾਸ਼ਾ ਅਤੇ ਕਾਵਿ ਜੁਗਤਾਂ ਦਾ ਹੀ ਅਧਿਐਨ ਕੀਤਾ ਗਿਆ ਹੈ ਅਤੇ ਸਰੋਕਾਰਾਂ ਦੇ ਪੱਖ ਨੂੰ ਘੱਟ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ ਪਰ ਇਸ ਖੋਜ ਪ੍ਰਬੰਧ ਦੇ ਅਧਿਐਨ ਰਾਹੀਂ ਸਾਨੂੰ ਸੰਚਾਰ ਜੁਗਤਾਂ ਅਤੇ ਕਾਵਿ ਭਾਸ਼ਾ ਬਾਰੇ ਜਾਣਕਾਰੀ ਪ੍ਰਾਪਤ ਹੋਈ ਹੈ ਜੋ ਸਾਡੇ ਖੋਜ ਕਾਰਜ ਲਈ ਲਾਭਦਾਇਕ ਰਹੀ।
- ਰਾਜਵਿੰਦਰਜੀਤ ਕੌਰ ਵੱਲੋਂ **ਆਧੁਨਿਕ ਪੰਜਾਬੀ ਕਵਿਤਾ ਦਾ ਕਾਵਿ-ਸ਼ਾਸ਼ਤ੍ਰ (ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ ਤੇ ਬਾਵਾ ਬਲਵੰਤ ਦੇ ਵਿਸ਼ੇਸ਼ ਸੰਦਰਭ 'ਚ)** ਡਾ. ਦੇਵਿੰਦਰ ਸਿੰਘ ਦੀ ਅਗਵਾਈ ਹੇਠ ਸੰਨ 2006 ਨੂੰ ਜੰਮੂ ਯੂਨੀਵਰਸਿਟੀ, ਜੰਮੂ ਵਿਖੇ ਪ੍ਰਸਤੁਤ ਕੀਤਾ ਗਿਆ ਖੋਜ ਪ੍ਰਬੰਧ ਹੈ। ਇਸ

ਖੋਜ ਪ੍ਰਬੰਧ ਅਧੀਨ ਕਾਵਿ ਸਿਧਾਂਤਾਂ ਅਨੁਸਾਰ ਵਿਸ਼ਵ ਸਾਹਿਤ ਦੇ ਇਤਿਹਾਸਕ ਪਰਿਪੇਖ ਨੂੰ ਉਸਾਰਦੇ ਹੋਏ ਸਮਕਾਲੀ ਪ੍ਰਸਥਿਤੀਆਂ ਦੇ ਅੰਤਰਗਤ ਕਵਿਤਾ ਦਾ ਸਮੇਂ ਦੀਆਂ ਲੋੜਾਂ ਜਾਂ ਸਮਕਾਲੀ ਬੋਧਿਕਤਾ ਦੀ ਦ੍ਰਿਸ਼ਟੀ ਤੋਂ ਮੁਲਾਂਕਣ ਕੀਤਾ ਗਿਆ ਹੈ। ਇਸ ਖੋਜ ਪ੍ਰਬੰਧ ਦੇ ਅੰਤਰਗਤ ਇਹ ਵੀ ਜਾਣਕਾਰੀ ਪ੍ਰਾਪਤ ਹੋਈ ਕਿ ਵਿਸ਼ਵ ਕਾਵਿ ਵਿੱਚ ਕਾਵਿ ਸ਼ਾਸ਼ਤਰ ਦੀ ਦ੍ਰਿਸ਼ਟੀ ਤੋਂ ਜੋ ਪ੍ਰਣਾਲੀਆਂ ਵਿਕਸਿਤ ਹੋਈਆਂ ਹਨ, ਉਹ ਪਹਿਲੀ ਪੂਰਬੀ ਸਿਧਾਂਤ ਪ੍ਰਣਾਲੀ ਅਤੇ ਦੂਜੀ ਪੱਛਮੀ ਕਾਵਿ ਸਿਧਾਂਤ ਪ੍ਰਣਾਲੀ ਹੈ ਅਤੇ ਤੀਜੀ ਆਧੁਨਿਕ ਪੰਜਾਬੀ ਕਵਿਤਾ ਜੋ ਪੱਛਮੀ ਕਾਵਿ ਪ੍ਰਣਾਲੀ ਦੀ ਉਪਜ ਹੈ। ਇਸ ਪ੍ਰਕਾਰ ਇਹ ਖੋਜ-ਪ੍ਰਬੰਧ ਵਿਸ਼ਵ ਕਾਵਿ ਦੇ ਇਤਿਹਾਸਕ ਪੱਖਾਂ ਨੂੰ ਜ਼ਿਆਦਾ ਫਲੋਰਦਾ ਪ੍ਰਤੀਤ ਹੁੰਦਾ ਹੈ ਪਰ ਫਿਰ ਵੀ ਸਾਨੂੰ ਕਾਵਿ ਸਿਧਾਂਤ ਬਾਰੇ ਅਨੇਕਾਂ ਪੱਖਾਂ ਦੀ ਜਾਣਕਾਰੀ ਹਾਸਿਲ ਹੋਈ ਜੋ ਸਾਡੇ ਖੋਜ ਪ੍ਰਬੰਧ ਲਈ ਸਹਾਇਕ ਸਿੱਧ ਹੋਇਆ।

- ਜਸਪ੍ਰੀਤ ਕੌਰ ਵੱਲੋਂ **ਸੁਰਜੀਤ ਪਾਤਰ ਦੀ ਕਾਵਿ ਸੰਵੇਦਨਾ ਅਤੇ ਸੁਹਜ ਸੰਚਾਰ** ਡਾ. ਜਸਵਿੰਦਰ ਸਿੰਘ ਦੀ ਨਿਗਰਾਨੀ ਹੇਠ ਸੰਨ 2002 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਪੇਸ਼ ਕੀਤਾ ਗਿਆ ਖੋਜ ਪ੍ਰਬੰਧ ਹੈ। ਇਸ ਖੋਜ ਪ੍ਰਬੰਧ ਦੇ ਅੰਤਰਗਤ ਸੁਰਜੀਤ ਪਾਤਰ ਦੇ 2000 ਈ. ਤੱਕ ਆਏ ਕਾਵਿ-ਸੰਗ੍ਰਹਿ ਜਿਵੇਂ ਬਿਰਖ ਅਰਜ਼ ਕਰੇ, ਹਵਾ ਵਿੱਚ ਲਿਖੇ ਹਰਫ਼, ਹਨੇਰੇ ਵਿੱਚ ਸੁਲਗਦੀ ਵਰਣਮਾਲਾ ਆਦਿ ਨੂੰ ਆਧਾਰ ਬਣਾ ਕੇ ਆਧੁਨਿਕ ਦੌਰ ਦੇ ਪਰਿਪੇਖ ਵਿੱਚ ਕਾਵਿ ਸੰਵੇਦਨਾ ਦਾ ਅਧਿਐਨ ਕੀਤਾ ਗਿਆ ਹੈ। ਜਿਸ ਦੇ ਤਹਿਤ ਇਨ੍ਹਾਂ ਕਾਵਿ ਸੰਗ੍ਰਹਿਆਂ ਵਿੱਚ ਪੇਸ਼ ਹੋਏ ਵਿਭਿੰਨ ਸੰਚਾਰ ਜੁਗਤਾਂ ਦਾ ਸੰਖੇਪ ਵਿੱਚ ਅਧਿਐਨ ਕੀਤਾ ਗਿਆ ਜੋ ਸਾਡੇ ਖੋਜ ਕਾਰਜ ਲਈ ਲਾਹੇਵੰਦ ਰਿਹਾ।
- ਜਸਲੀਨ ਕੌਰ ਵੱਲੋਂ **ਸੁਰਜੀਤ ਪਾਤਰ ਕਾਵਿ ਦਾ ਲੋਕਧਾਰਾਈ ਅਧਿਐਨ** ਡਾ. ਤੇਜਿੰਦਰ ਕੌਰ ਦੀ ਅਗਵਾਈ ਹੇਠ ਸੰਨ 2015 ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਪੇਸ਼ ਕੀਤਾ ਗਿਆ ਖੋਜ ਪ੍ਰਬੰਧ ਹੈ। ਇਸ ਖੋਜ ਪ੍ਰਬੰਧ ਅਧੀਨ ਸੁਰਜੀਤ ਪਾਤਰ ਦੀ ਸਮੁੱਚੀ ਕਵਿਤਾ ਨੂੰ ਆਧਾਰ

ਬਣਾ ਕੇ ਲੋਕਧਾਰਾਈ ਤੱਤਾਂ ਨੂੰ ਖੋਜਿਆ ਗਿਆ ਹੈ। ਵਾਸਤਵ ਵਿੱਚ ਲੋਕ ਵਿਸ਼ਵਾਸ, ਲੋਕ ਸਾਹਿਤ, ਲੋਕ ਕਲਾ, ਲੋਕ ਧੰਦੇ, ਲੋਕ ਬੋਲੀ, ਅਨੁਸ਼ਠਾਨਾਂ ਆਦਿ ਲੋਕਧਾਰਾ ਦੇ ਤੱਤ ਹਨ ਅਤੇ ਕਿਸੇ ਵੀ ਸਾਹਿਤਕ ਕ੍ਰਿਤ ਦਾ ਲੋਕਧਾਰਾਈ ਅਧਿਐਨ ਇਨ੍ਹਾਂ ਛੁੱਪੇ ਹੋਏ ਤੱਤਾਂ ਨੂੰ ਪਛਾਣਨ ਅਤੇ ਵਿਸ਼ਲੇਸ਼ਣ ਕਰਨ ਨਾਲ ਸੰਬੰਧਿਤ ਹੁੰਦਾ ਹੈ। ਸਾਨੂੰ ਇਸ ਖੋਜ ਪ੍ਰਬੰਧ ਦੇ ਅਧਿਐਨ ਰਾਹੀਂ ਲੋਕਧਾਰਾਈ ਤੱਤਾਂ ਦੀ ਜਾਣਕਾਰੀ ਜੋ ਸ਼ਾਇਦ ਅੱਜ ਦੇ ਦੌਰ ਵਿੱਚ ਉਹ ਅਲੋਪ ਹੁੰਦੇ ਜਾ ਰਹੇ ਹਨ।

### 1.6.2. ਪੂਰਵ ਹੋਏ ਖੋਜ-ਨਿਬੰਧਾਂ ਦਾ ਸਰਵੇਖਣ:

ਸੁਰਿੰਦਰ ਸਿੰਘ ਵੱਲੋਂ **ਜਸਵੰਤ ਜ਼ਫਰ ਦੀ ਕਾਵਿ-ਸੰਵੇਦਨਾ** ਡਾ. ਗੁਰਮੁੱਖ ਸਿੰਘ ਦੀ ਅਗਵਾਈ ਹੇਠ 2012 ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਪ੍ਰਸਤੁਤ ਕੀਤਾ ਗਿਆ ਖੋਜ-ਨਿਬੰਧ ਹੈ। ਇਸ ਖੋਜ-ਨਿਬੰਧ ਦੇ ਅੰਤਰਗਤ ਕਵੀ ਜਸਵੰਤ ਜ਼ਫਰ ਦੁਆਰਾ ਰਚਿਤ ਕਵਿਤਾਵਾਂ ਰਾਹੀਂ ਮਾਨਵੀ ਸੰਵੇਦਨਾ ਅਤੇ ਸਮਾਜਿਕ ਯਥਾਰਥ ਨੂੰ ਸੁਹਜਾਤਮਕ ਤੇ ਕਾਲਪਨਿਕ ਯਥਾਰਥ ਵਿੱਚ ਰੂਪਾਂਤਰਿਤ ਕਰਕੇ, ਮਾਨਵੀ ਸਮਾਜਿਕ ਜੀਵਨ ਨੂੰ ਪ੍ਰਭਾਵਸ਼ਾਲੀ ਰੂਪ ਵਿੱਚ ਸ਼ਪਸ਼ਟ ਕੀਤਾ ਹੈ। ਇਸ ਖੋਜ-ਨਿਬੰਧ ਦਾ ਦੂਜਾ ਅਤੇ ਤੀਜਾ ਅਧਿਆਇ ਕਵੀ ਜਸਵੰਤ ਜ਼ਫਰ ਦੀ ਕਾਵਿ-ਸੰਵੇਦਨਾ ਵਿਚਲੀ ਵਿਚਾਰਧਾਰਾ ਨੂੰ ਸ਼ਪਸ਼ਟ ਕਰਦਾ ਹੋਇਆ ਸ਼ਕਤੀਸ਼ਾਲੀ ਕਾਵਿਕ ਸੰਚਾਰ ਪ੍ਰਦਾਨ ਕਰਦਾ ਹੈ। ਦਰਅਸਲ ਇਸ ਖੋਜ-ਨਿਬੰਧ ਵਿੱਚ ਕਵੀ ਜਸਵੰਤ ਜ਼ਫਰ ਦੀ ਕਾਵਿ ਸੰਵੇਦਨਾ ਵਿੱਚ ਸਰੋਕਾਰਾਂ ਨੂੰ ਦ੍ਰਿਸ਼ਟੀਗੋਚਰ ਨਹੀਂ ਕੀਤਾ ਗਿਆ। ਇਸ ਸੰਦਰਭ ਤੇ ਸੀਮਾਵਾਂ ਦੇ ਅੰਤਰਗਤ ਅਸੀਂ ਆਪਣੇ ਸ਼ੋਧ ਕਾਰਜ ਰਾਹੀਂ ਇਸ ਵਿਸ਼ੇਸ਼ ਵਿਸ਼ੇ ਦੇ ਖੇਤਰ ਵਿੱਚ ਸਰੋਕਾਰਾਂ ਅਤੇ ਸੰਚਾਰ ਵਿਧਾਨ ਦਾ ਅਧਿਐਨ ਕਰਦੇ ਹੋਏ ਇੱਕ ਨਵਾਂ ਦ੍ਰਿਸ਼ਟੀਕੋਣ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ।

- ਗੁਰਮੀਤ ਸਿੰਘ ਵੱਲੋਂ **ਸੁਰਜੀਤ ਪਾਤਰ ਕਾਵਿ: ਆਧੁਨਿਕ ਸੰਵੇਦਨਾ** ਡਾ. ਸਤਿੰਦਰ ਸਿੰਘ ਦੀ ਅਗਵਾਈ ਹੇਠ 1988 ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਖੋਜ-ਨਿਬੰਧ ਪ੍ਰਸਤੁਤ ਕੀਤਾ ਗਿਆ। ਇਸ ਖੋਜ-ਨਿਬੰਧ ਅਧੀਨ ਸਮਕਾਲੀ ਕਵੀ ਸੁਰਜੀਤ ਪਾਤਰ ਦੇ ਕਾਵਿ

ਵਿਚਲੀ ਵਿਚਾਰਧਾਰਾ ਨੂੰ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ। ਇਸ ਖੋਜ-ਨਿਬੰਧ ਦੇ ਅਧਿਐਨ ਰਾਹੀਂ ਸ਼ਪਸ਼ਟ ਹੋਇਆ ਹੈ ਕਿ ਜਿਥੇ ਸਮਕਾਲੀ ਕਵੀ ਪ੍ਰਗਤੀਵਾਦੀ ਜਾਂ ਮਾਰਕਸਵਾਦੀ ਵਿਚਾਰਧਾਰਾ ਨੂੰ ਵਿਦਰੋਹ ਦੀ ਸੁਰ ਲਈ ਆਧਾਰ ਬਣਾਉਂਦੇ ਹਨ ਤਾਂ ਉਥੇ ਸੁਰਜੀਤ ਪਾਤਰ ਵਰਗੇ ਕਵੀ ਆਪਣੀ ਕਾਵਿ-ਰਚਨਾ ਰਾਹੀਂ ਸਮਕਾਲੀ ਸੱਭਿਆਚਾਰਕ ਅਤੇ ਰਾਜਨੀਤਿਕ ਸੰਕਟ ਨੂੰ ਆਧਾਰ ਬਣਾ ਕੇ ਮਨੁੱਖ ਨੂੰ ਨੈਤਿਕ ਮੁੱਲਾਂ ਨਾਲ ਜੋੜਣ ਦੀ ਕੋਸ਼ਿਸ਼ ਕਰਦੇ ਹਨ। ਆਪਣੀ ਕਾਵਿ-ਰਚਨਾ ਰਾਹੀਂ ਪਰਪੰਰਾਗਤ ਜ਼ਰਜ਼ਰੀ ਹੋ ਚੁੱਕੀ ਰਹੁ-ਰੀਤਾਂ ਦਾ ਚੋਲ੍ਹਾ ਉਤਾਰ ਕੇ ਸਮੁੱਚੀ ਲੋਕਾਈ ਦੀ ਸੰਵੇਦਨਾ ਦੀ ਅਭੀਵਿਅਕਤੀ ਕੀਤੀ ਹੈ। ਇਸ ਖੋਜ-ਨਿਬੰਧ ਦੇ ਅਧਿਐਨ ਤੋਂ ਸ਼ਪਸ਼ਟ ਹੁੰਦਾ ਹੈ ਕਿ ਸੁਰਜੀਤ ਪਾਤਰ ਨੇ ਵਿਸ਼ਵੀਕਰਨ ਦੇ ਇਸ ਦੌਰ ਵਿੱਚ ਮਨੁੱਖੀ ਜੀਵਨ ਦੀਆਂ ਵਿਰਾਟ ਕਿਸਮ ਦੀਆਂ ਵਿਸੰਗਤੀਆਂ ਨੂੰ ਯਥਾਰਥਵਾਦੀ ਵਿਸ਼ਲੇਸ਼ਣਾਤਮਿਕ ਤੇ ਆਲੋਚਨਾਤਮਿਕ ਦ੍ਰਿਸ਼ਟੀ ਰਾਹੀਂ ਅਭਿਵਿਅਕਤ ਕਰਨ ਦਾ ਪ੍ਰਯਤਨ ਕੀਤਾ ਹੈ। ਇਸ ਪ੍ਰਕਾਰ ਇਹ ਖੋਜ-ਨਿਬੰਧ ਸਾਡੇ ਵਿਸ਼ੇ ਦੇ ਖੋਜ ਕਾਰਜ ਲਈ ਮਹਤੱਵਪੂਰਨ ਰਿਹਾ।

- ਕਮਲਪ੍ਰੀਤ ਕੌਰ ਵੱਲੋਂ **ਸੁਰਜੀਤ ਪਾਤਰ ਰਚਿਤ 'ਸੁਰਜ਼ਮੀਨ': ਮੁੱਖ ਸਰੋਕਾਰ** ਸੰਨ 2009 ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਪ੍ਰਸਤੁਤ ਕੀਤਾ ਗਿਆ ਖੋਜ-ਨਿਬੰਧ ਹੈ। ਇਸ ਖੋਜ-ਨਿਬੰਧ ਦੇ ਅਧੀਨ ਸੁਰਜੀਤ ਪਾਤਰ ਦੀ ਰਚਨਾ 'ਸੁਰਜ਼ਮੀਨ' ਵਿਚਲੇ ਸੱਭਿਆਚਾਰਕ, ਰਾਜਸੀ ਅਤੇ ਨੈਤਿਕ ਸਰੋਕਾਰਾਂ ਨੂੰ ਪ੍ਰਭਾਵਸ਼ਾਲੀ ਰੂਪ ਵਿੱਚ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ ਜਿਸ ਤੋਂ ਸ਼ਪਸ਼ਟ ਹੋਇਆ ਕਿ ਸੁਰਜੀਤ ਪਾਤਰ ਆਪਣੀ ਪ੍ਰਗਤੀਵਾਦੀ ਵਿਚਾਰਧਾਰਾ ਰਾਹੀਂ ਸ਼ਹਿਰੀ ਤੇ ਮੱਧਵਰਗੀ ਮਨੁੱਖ ਦੇ ਮਨੋ ਸਮਾਜਿਕ ਯਥਾਰਥ ਅਤੇ ਅਵਚੇਤਨੀ ਦਵੰਦਾਂ ਨੂੰ ਕਲਾਤਮਿਕ ਰੂਪ ਵਿੱਚ ਪੇਸ਼ ਕਰਦਾ ਹੈ। ਇਸ ਪ੍ਰਕਾਰ ਇਸ ਖੋਜ-ਨਿਬੰਧ ਦੇ ਅਧਿਐਨ ਰਾਹੀਂ ਉਪਰੋਕਤ ਸਰੋਕਾਰਾਂ ਦੀ ਜਾਣਕਾਰੀ ਪ੍ਰਾਪਤ ਹੋਈ ਜੋ ਸਾਡੇ ਖੋਜ ਕਾਰਜ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਨ ਵਿੱਚ ਸਹਾਇਕ ਰਿਹਾ।

- ਬਵਲਜੀਤ ਕੌਰ ਵੱਲੋਂ **ਨਵੀਂ ਪੰਜਾਬੀ ਕਵਿਤਾ: ਸੰਚਾਰ ਸਿਧਾਂਤ** ਡਾ. ਸਤਿੰਦਰ ਸਿੰਘ ਦੀ ਅਗਵਾਈ ਹੇਠ ਸੰਨ 1981 ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਖੋਜ-ਨਿਬੰਧ ਪ੍ਰਸਤੁਤ ਕੀਤਾ ਗਿਆ। ਇਸ ਖੋਜ-ਨਿਬੰਧ ਦੇ ਅਧਿਐਨ ਰਾਹੀਂ ਸ਼ਪਸ਼ਟ ਹੋਇਆ ਕਿ ਆਮ ਭਾਸ਼ਾ ਦਾ ਉਦੇਸ਼ ਸਿਰਫ਼ ਸੰਚਾਰ ਕਰਨਾ ਹੈ ਜਦਕਿ ਕਵਿਤਾ ਦਾ ਉਦੇਸ਼ ਸੁਹਜ-ਸੰਚਾਰ ਕਰਨਾ ਅਤੇ ਹਰ ਸੰਦੇਸ਼ ਨੂੰ ਪ੍ਰਤੀਕਾਂ, ਅਲੰਕਾਰਾਂ, ਰਸ ਵਿਧਾਨ, ਬਿੰਬ ਵਿਧਾਨ ਆਦਿ ਰਾਹੀਂ ਸੰਚਾਰਿਤ ਕਰਕੇ ਮਨੁੱਖ ਨੂੰ ਇੱਕ ਨਵਾਂ ਦ੍ਰਿਸ਼ਟੀਕੋਣ ਅਤੇ ਨਵੀਂ ਦਿਸ਼ਾ ਪ੍ਰਦਾਨ ਕਰਨਾ ਹੈ। ਇਸ ਪ੍ਰਕਾਰ ਇਸ ਖੋਜ-ਨਿਬੰਧ ਦੇ ਅਧਿਐਨ ਰਾਹੀਂ ਪੰਜਾਬੀ ਕਵਿਤਾ ਵਿੱਚ ਸੰਚਾਰ ਦੇ ਸਿਧਾਂਤਕ ਪੱਖ ਦੀ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਹੋਈ।
- ਕੇਵਲ ਸਿੰਘ ਵੱਲੋਂ **ਆਧੁਨਿਕ ਪੰਜਾਬੀ ਕਵਿਤਾ ਦਾ ਅਲੋਚਨਾਤਮਿਕ ਅਧਿਐਨ** ਡਾ. ਮੋਹਨ ਸਿੰਘ ਜੌਹਲ ਦੀ ਅਗਵਾਈ ਹੇਠ ਸੰਨ 1971 ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਖੋਜ-ਨਿਬੰਧ ਪ੍ਰਸਤੁਤ ਕੀਤਾ ਗਿਆ। ਇਸ ਖੋਜ-ਨਿਬੰਧ ਅਧੀਨ ਆਧੁਨਿਕਤਾ ਦੇ ਸੰਕਲਪ ਬਾਰੇ ਜਾਣਕਾਰੀ ਪ੍ਰਾਪਤ ਹੋਈ। ਵਾਸਤਵ ਵਿੱਚ ਆਧੁਨਿਕਤਾ ਦੇ ਅੰਸ਼ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਉਜਾਗਰ ਹੁੰਦੇ ਹਨ। ਉਦਾਹਰਨ ਵਜੋਂ ਬੌਧਿਕਤਾ ਉੱਤੇ ਜ਼ੋਰ, ਜੀਵਨ, ਵਾਤਾਵਰਨ, ਮਨੁੱਖ ਦਾ ਸਮਾਨ ਦ੍ਰਿਸ਼ਟੀਕੋਣ, ਵਿਅਕਤੀਗਤ, ਮਨੁੱਖ ਦੇ ਨਿੱਜੀ ਅਨੁਭਵ ਇਹ ਆਧੁਨਿਕਤਾ ਦੇ ਵਿਕਸਿਤ ਸਰੋਕਾਰ ਹਨ। ਇਸ ਖੋਜ-ਨਿਬੰਧ ਦੇ ਅੰਤਰਗਤ ਪੰਜਾਬੀ ਕਵਿਤਾ ਦੇ ਆਧੁਨਿਕ ਦੌਰ ਵਿੱਚ ਪ੍ਰਵੇਸ਼ ਨਾਲ ਸਰੋਕਾਰ ਦੇ ਪੱਖੋਂ ਆਏ ਬਦਲਾਵਾਂ ਦੀ ਝਲਕ ਮਿਲਦੀ ਹੈ। ਇਸ ਤੋਂ ਇਲਾਵਾ ਵਿਸ਼ਵੀਕਰਨ ਦੇ ਇਸ ਸਮੇਂ ਦੌਰਾਨ ਆਧੁਨਿਕਤਾ ਦੇ ਨਾਕਾਰਾਤਮਕ ਪ੍ਰਭਾਵਾਂ ਨੂੰ ਸਾਹਿਤ ਰਾਹੀਂ ਉਭਾਰਨ ਅਤੇ ਸੁਧਾਰ ਸੰਬੰਧੀ ਸੋਧ ਲਈ ਪ੍ਰੇਰਿਆ ਹੈ।
- ਜਤਿੰਦਰ ਕੌਰ ਵੱਲੋਂ **ਸੁਖਵਿੰਦਰ ਅੰਮ੍ਰਿਤ ਦੀ ਕਵਿਤਾ ਵਿੱਚ ਨਾਰੀ ਚੇਤਨਾ : ਇੱਕ ਅਧਿਐਨ** ਡਾ. ਕਰਮਜੀਤ ਸਿੰਘ ਦੀ ਅਗਵਾਈ ਹੇਠ ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ ਵਿਖੇ ਸੰਨ

2008 ਨੂੰ ਖੋਜ-ਨਿਬੰਧ ਪੇਸ਼ ਕੀਤਾ ਗਿਆ। ਇਸ ਖੋਜ-ਨਿਬੰਧ ਅਧੀਨ ਕਵਿਤਰੀ ਸੁਖਵਿੰਦਰ ਅੰਮ੍ਰਿਤ ਦੀਆਂ ਕਾਵਿ-ਰਚਨਾਵਾਂ ਵਿੱਚ ਪੇਸ਼ ਨਾਰੀ ਚਿੰਤਨ ਅਤੇ ਨਾਰੀ ਚੇਤਨਾ ਦਾ ਅਧਿਐਨ ਕੀਤਾ ਗਿਆ ਹੈ। ਦਰਅਸਲ ਇਹ ਖੋਜ ਨਿਬੰਧ ਨਾਰੀ ਚਿੰਤਨ ਦੀ ਗੱਲ ਕਰਦਾ ਹੈ ਪਰ ਸਾਡਾ ਖੋਜ ਕਾਰਜ ਪ੍ਰਮੁੱਖ ਸਮਕਾਲੀ ਸਰੋਕਾਰਾਂ ਨਾਲ ਸੰਬੰਧਿਤ ਹੈ ਜਿਸ ਵਿੱਚ 21ਵੀ ਸਦੀ ਦੀ ਸ਼ਸ਼ਕਤ ਨਾਰੀ ਬਾਰੇ ਆਸ਼ਿੰਕ ਰੂਪ ਵਿੱਚ ਅਧਿਐਨ ਕਰਨਾ ਹੈ। ਸੋ ਇਹ ਖੋਜ-ਨਿਬੰਧ ਨਾਰੀਵਾਦ ਦੇ ਸਿਧਾਂਤ ਨੂੰ ਸਮਝਣ ਵਿੱਚ ਸਹਾਇਕ ਸਿਧ ਹੋਇਆ ਹੈ।

- ਕਵਲਜੀਤ ਕੌਰ ਵੱਲੋਂ **ਨਵੀਂ ਪੰਜਾਬੀ ਕਵਿਤਾ: ਸੰਚਾਰ ਸਿਧਾਂਤ** ਡਾ. ਸਤਿੰਦਰ ਸਿੰਘ ਦੀ ਅਗਵਾਈ ਹੇਠ ਸੰਨ 1981 ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਖੋਜ-ਨਿਬੰਧ ਪ੍ਰਸਤੁਤ ਕੀਤਾ ਗਿਆ। ਇਸ ਖੋਜ-ਨਿਬੰਧ ਦੇ ਅੰਤਰਗਤ ਨਵੀਂ ਪੰਜਾਬੀ ਕਵਿਤਾ ਵਿੱਚ ਨਵੇਂ ਯਥਾਰਥ ਬੋਧ ਭਾਵ ਆਧੁਨਿਕਤਾ ਦੀ ਅਭਿਵਿਅਕਤੀ ਹੋਈ ਹੈ। ਇਸਦੇ ਨਾਲ ਹੀ ਇਹ ਵੀ ਸਪਸ਼ਟ ਹੋਇਆ ਕਿ ਨਵੀਂ ਪੰਜਾਬੀ ਕਵਿਤਾ ਮੂਲ ਰੂਪ ਵਿੱਚ ਸਿਰਜਾਣਤਮਿਕ ਕਾਵਿ ਹੈ, ਜਿਸ ਅਧੀਨ ਰੂੜ੍ਹੀਵਾਦੀ ਚਿਨ੍ਹਾਂ ਦੀ ਥਾਂ ਨਵੇਂ ਪ੍ਰਤੀਕ ਸਿਰਜੇ ਗਏ ਭਾਵ ਚਿਹਨ ਦੀ ਥਾਂ ਪ੍ਰਤੀਕਾਤਮਿਕਤਾ ਵੱਲ ਆਧੁਨਿਕ ਕਾਵਿ ਦਾ ਵਧੇਰੇ ਝੁਕਾਅ ਹੈ। ਵਾਸਤਵ ਵਿੱਚ ਭਾਸ਼ਾ ਦਾ ਪ੍ਰਮੁੱਖ ਪ੍ਰਕਾਰਜ ਸੰਚਾਰ ਕਰਨਾ ਹੈ ਅਤੇ ਕਾਵਿ ਭਾਸ਼ਾ ਆਮ ਬੋਲਚਾਲ ਦੀ ਭਾਸ਼ਾ ਤੋਂ ਵੱਖਰੀ ਹੈ। ਇਸ ਲਈ ਕਵਿਤਾ ਵਿੱਚ ਸੰਚਾਰ ਦਾ ਪੱਖ ਸੁਹਜਾਤਮਕ ਪੱਖ ਅਧੀਨ ਆਂਉਦਾ ਹੈ। ਇਸ ਖੋਜ-ਨਿਬੰਧ ਅਧੀਨ ਇਹ ਵੀ ਸਪਸ਼ਟ ਹੋਇਆ ਕਿ ਕਿਤੇ-ਕਿਤੇ ਕਵਿਤਾ ਅਧੀਨ ਸੰਚਾਰ ਦੀ ਗੱਲ ਨਾ ਕਰਦੇ ਹੋਏ ਭਾਵ ਨਵੀਨਤਾ ਨੂੰ ਖਾਰਜ ਕਰਦੇ ਹੋਏ ਕੇਵਲ ਬਿਆਨਬਾਜ਼ੀ ਕੀਤੀ ਗਈ ਹੈ ਪਰ ਫਿਰ ਵੀ ਸਾਨੂੰ ਇਸ ਖੋਜ-ਨਿਬੰਧ ਦੇ ਅਧਿਐਨ ਰਾਹੀਂ ਸੰਚਾਰ ਦੇ ਸਿਧਾਂਤਕ ਪੱਖਾਂ ਬਾਰੇ ਜਾਣਕਾਰੀ ਹਾਸਿਲ ਹੋਈ।

ਇਸ ਪ੍ਰਕਾਰ ਅਸੀਂ ਆਪਣੇ ਖੋਜ ਕਾਰਜ ਦੇ ਅਧਿਐਨ ਲਈ ਵੱਖ-ਵੱਖ ਯੂਨੀਵਰਸਿਟੀਆਂ ਵਿੱਚ ਪੀਐਚ. ਡੀ. ਅਤੇ ਐਮ. ਫਿਲ. ਦੀ ਡਿਗਰੀ ਲਈ ਪ੍ਰਸਤੁਤ ਕੀਤੇ ਖੋਜ-ਪ੍ਰਬੰਧਾਂ ਅਤੇ ਖੋਜ-ਨਿਬੰਧਾਂ ਦਾ

ਆਲੋਚਨਾਤਮਿਕ ਅਧਿਐਨ ਕੀਤਾ ਗਿਆ ਹੈ ਜਿਸ ਤੋਂ ਇਹ ਸ਼ਪਸ਼ੱਟ ਹੁੰਦਾ ਹੈ ਕਿ ਬੇਸ਼ਕ ਉਪਰੋਕਤ ਖੋਜ ਸਮੱਗਰੀ ਦਾ ਸਰਵੇਖਣ ਅਤੇ ਮੁਲਾਂਕਣ ਸਾਡੇ ਖੋਜ ਵਿਸ਼ੇ ਲਈ ਸਹਾਇਕ ਸਿੱਧ ਹੋਇਆ ਹੈ ਪਰ ਸਾਡੇ ਖੋਜ ਕਾਰਜ ਦਾ ਉਦੇਸ਼ ਇਸ ਤੋਂ ਨਿਵੇਕਲਾ ਹੈ। ਅਸੀਂ ਆਪਣੇ ਖੋਜ-ਪ੍ਰਬੰਧ ਵਿੱਚ '2000 ਤੋਂ ਬਾਅਦ ਦੀ ਸਮਕਾਲੀ ਪੰਜਾਬੀ ਕਵਿਤਾ ਵਿੱਚ ਪੇਸ਼ ਪ੍ਰਮੁੱਖ ਸਰੋਕਾਰਾਂ ਅਤੇ ਸੰਚਾਰ ਵਿਧਾਨ' ਨੂੰ ਆਧਾਰ ਬਣਾਇਆ ਹੈ। ਵਾਸਤਵ ਵਿੱਚ ਸਮਕਾਲੀ ਪੰਜਾਬੀ ਕਵਿਤਾ ਵਿੱਚ ਪੇਸ਼ ਸਮਾਜਿਕ, ਸੱਭਿਆਚਾਰਕ, ਆਰਥਿਕ ਅਤੇ ਰਾਜਨੀਤਿਕ ਸਰੋਕਾਰ ਵਿਸ਼ਵੀਕਰਨ ਦੇ ਇਸ ਦੌਰ ਵਿੱਚ ਮਨੁੱਖ ਨੂੰ ਨਵੀਂ ਦਿਸ਼ਾ ਤੇ ਨਵੀਂ ਗਲੋਬਲੀ ਚੇਤਨਾ ਪ੍ਰਦਾਨ ਕਰਦੇ ਹਨ। ਅਜਿਹੇ ਵਿਸ਼ਵ-ਪੱਧਰੀ ਪਰਪੇਖ ਵਿੱਚ ਸਥਾਪਿਤ ਹੋ ਚੁੱਕੀ ਮਨੁੱਖੀ ਮਨ ਦੀ ਗੁੰਝਲਦਾਰ ਅਤੇ ਕਿਸੇ ਵਾਦ ਜਾਂ ਚਿੰਤਨ ਤੋਂ ਮੁਕਤ ਕਵਿਤਾ ਦੇ ਪ੍ਰਮੁੱਖ ਸਰੋਕਾਰ ਅਤੇ ਸੰਚਾਰ-ਵਿਧਾਨ ਦੇ ਅਧਿਐਨ ਦਾ ਮੌਲਿਕ ਕਾਰਜ ਕੀਤਾ ਗਿਆ ਹੈ। ਇਸ ਪ੍ਰਕਾਰ ਉਪਰੋਕਤ ਪੂਰਵ ਖੋਜ ਅਧਿਐਨ ਦੁਆਰਾ ਵੱਖ-ਵੱਖ ਵਿਸ਼ਿਆਂ 'ਤੇ ਹੋਏ ਖੋਜ-ਪ੍ਰਬੰਧਾਂ ਅਤੇ ਨਿਬੰਧਾਂ ਵਿੱਚ ਜੋ ਸੀਮਾਵਾਂ ਰਹਿ ਗਈਆਂ ਹਨ ਉਹਨਾਂ ਨੂੰ ਅਸੀਂ ਆਪਣੇ ਖੋਜ ਪ੍ਰਬੰਧ ਰਾਹੀਂ ਵਿਆਪਕ ਤੇ ਸੰਭਾਵਨਾ ਭਰਪੂਰ ਪੂਰਾ ਕਰਨ ਦੀ ਕੋਸ਼ਿਸ਼ ਕਰਾਂਗੇ। ਹਥਲੇ ਖੋਜ ਕਾਰਜ ਰਾਹੀਂ ਸਮਕਾਲੀ ਪੰਜਾਬੀ ਕਵਿਤਾ ਦੇ 'ਸਾਰ' ਅਤੇ 'ਸਰੂਪ' ਨੂੰ ਉਜਾਗਰ ਕਰਨ ਦੇ ਨਾਲ-ਨਾਲ ਸਮਕਾਲੀ ਪੰਜਾਬੀ ਕਵਿਤਾ ਦੇ 'ਸੰਚਾਰ ਵਿਧਾਨ ਦੇ ਸਿਧਾਂਤ' ਨੂੰ ਵੀ ਸਥਾਪਿਤ ਕਰਨ ਦਾ ਉਪਰਾਲਾ ਕੀਤਾ ਜਾਵੇਗਾ ਜੋ ਸਮਕਾਲੀ ਪੰਜਾਬੀ ਕਵਿਤਾ ਦੇ ਅਧਿਐਨ, ਮੁਲਾਂਕਣ, ਸਮੀਖਿਆ ਅਤੇ ਵਿਗਿਆਨਕ ਵਿਸ਼ਲੇਸ਼ਣ ਲਈ ਨਿਰਵਾਦ ਅਤੇ ਨਿਰਪੱਖ ਸਿਧਾਂਤ ਵਜੋਂ ਕਾਰਜ-ਸਿੱਧ ਹੋਵੇਗਾ। ਹਥਲੇ ਖੋਜ ਕਾਰਜ ਵਿੱਚ ਅਸੀਂ ਪਹਿਲਾ ਹੋ ਚੁੱਕੇ ਖੋਜ ਕਾਰਜ ਦਾ ਸਰਵੇਖਣ ਦੌਰਾਨ ਪ੍ਰਤੱਖ ਰੂਪ ਵਿੱਚ ਆਈਆਂ ਸੀਮਾਵਾਂ ਨੂੰ ਸੰਭਾਵਨਾ ਭਰਪੂਰ ਪੂਰਾ ਕਰਨ ਦਾ ਉਪਰਾਲਾ ਕੀਤਾ ਹੈ।

### 1.6.3. ਪੁਸਤਕਾਂ ਦਾ ਅਧਿਐਨ

- **ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ** (ਰਾਜਿੰਦਰ ਪਾਲ ਸਿੰਘ, ਦਿੱਲੀ: ਪੰਜਾਬੀ ਅਕਾਦਮੀ 2006): ਇਹ ਪੁਸਤਕ ਇਤਿਹਾਸਕ ਪੱਖ ਤੋਂ ਆਧੁਨਿਕ ਪੰਜਾਬੀ ਕਵਿਤਾ ਦੇ ਵਿਕਾਸ ਪੜਾਅ ਨੂੰ

ਸਮਝਣ ਵਿੱਚ ਸਹਾਇਕ ਸਿੱਧ ਹੋਈ ਹੈ। ਪੰਜਾਬੀ ਅਕਾਦਮੀ ਦਿੱਲੀ ਵੱਲੋਂ ਪ੍ਰਕਾਸ਼ਿਤ ਇਹ ਪੁਸਤਕ ਪੰਜਾਬੀ ਕਾਵਿ ਦੇ ਇਤਿਹਾਸ ਦਾ ਪ੍ਰਮਾਣਿਕ ਦਸਤਾਵੇਜ਼ ਹੈ, ਜਿਸ ਨੇ ਆਧੁਨਿਕ ਪੰਜਾਬੀ ਕਵਿਤਾ ਦੇ ਵਿਕਾਸ ਪੜਾਵਾਂ ਨੂੰ ਵੱਖ-ਵੱਖ ਕਾਲ-ਖੰਡਾਂ ਵਿੱਚ ਰੱਖ ਕੇ ਸਮਝਣ ਦਾ ਅਵਸਰ ਪ੍ਰਦਾਨ ਕੀਤਾ ਹੈ। ਇਸ ਤੋਂ ਇਲਾਵਾ ਇਸ ਪੁਸਤਕ ਤੋਂ ਸਾਨੂੰ ਅੰਗਰੇਜ਼ੀ ਬਸਤੀਵਾਦ ਕਾਰਨ ਮੱਧਕਾਲੀ ਸਾਹਿਤ ਤੋਂ ਪਰਿਵਰਤਿਤ ਹੋਏ ਆਧੁਨਿਕ ਸਾਹਿਤ ਦੇ ਆਰੰਭ ਨਾਲ ਆਈ ਸੱਭਿਆਚਾਰਕ ਸਿਰਜਣਾ ਜਾਂ ਸਮਾਜਿਕ ਪਰਸਥਿਤੀਆਂ ਕਾਰਨ ਆਈ ਤਬਦੀਲੀ ਨੂੰ ਪ੍ਰਸਤੁਤ ਕਰ ਰਹੇ ਸਾਹਿਤਕਾਰਾਂ ਬਾਰੇ ਬਹੁਮੁੱਲੀ ਜਾਣਕਾਰੀ ਵੀ ਪ੍ਰਾਪਤ ਹੋਈ ਹੈ।

- **ਸਮਕਾਲੀ ਪੰਜਾਬੀ ਸਮਾਜ** (ਸੰਪਾ. ਡਾ. ਧਨਵੰਤ ਕੌਰ ਅਤੇ ਜਸਵਿੰਦਰ ਕੌਰ ਮਾਂਗਟ, ਪਟਿਆਲਾ: ਪਬਲੀਕੇਸ਼ਨ ਬਿਊਰੋ, 2006): ਇਸ ਪੁਸਤਕ ਦੇ ਅਧਿਐਨ ਰਾਹੀਂ ਇਹ ਜਾਣਕਾਰੀ ਪ੍ਰਾਪਤ ਹੋਈ ਕਿ ਵਿਸ਼ਵੀਕਰਨ ਅਤੇ ਉਸਦੇ ਪ੍ਰਭਾਵਾਂ ਅਧੀਨ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਲਿਖੀ ਜਾ ਰਹੀ ਬਹੁਤੀ ਕਵਿਤਾ ਵਰਤਮਾਨ ਸਮੇਂ ਦੀਆਂ ਸਥਾਨਕ ਜਾਂ ਖੇਤਰੀ ਸਮਸਿਆਵਾਂ ਨੂੰ ਅੱਖੋਂ ਪਰੋਖੇ ਕਰਦੀ ਜਾ ਰਹੀ ਹੈ। ਇਹ ਤੱਥ ਵੀ ਦ੍ਰਿਸ਼ਟੀਗੋਚਰ ਹੋਇਆ ਕਿ ਪਿਛਲੇ ਦੋ ਦਹਾਕਿਆਂ ਵਿੱਚ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪ੍ਰਸਥਿਤੀਆਂ ਨੇ ਪੰਜਾਬ ਦੀ ਆਰਥਿਕਤਾ, ਸਿਆਸਤ ਅਤੇ ਸੱਭਿਆਚਾਰਕ ਰੂਪਾਂਤਰਣ ਦੇ ਅਮਲ ਨੂੰ ਪ੍ਰਭਾਵਿਤ ਕੀਤਾ ਹੈ। ਜਦਕਿ ਵਰਤਮਾਨ ਸਮੇਂ ਵਿੱਚ ਸਾਹਿਤ ਦਾ ਮੁੱਖ ਮਨੋਰਥ ਅਜਿਹੀ ਸਥਿਤੀ ਵਿੱਚ ਹੋ ਰਹੇ ਮਾਨਵੀ ਦਮਨ ਨੂੰ ਪਹਿਚਾਣ, ਵਰਤਮਾਨ ਮਨੁੱਖ ਨੂੰ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ।
- **ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਅੰਤਰਰਾਸ਼ਟਰੀ ਸਰੋਕਾਰ** (ਮੁੱਖ ਸੰਪਾ. ਡਾ. ਰਜਿੰਦਰਪਾਲ ਸਿੰਘ, ਸੰਪਾ. ਸਤੀਸ਼ ਕੁਮਾਰ ਵਰਮਾ, ਪਟਿਆਲਾ: ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 2012): ਇਹ ਪੁਸਤਕ ਵਿਸ਼ਵੀਕਰਨ ਦੇ ਦੌਰ ਵਿੱਚ ਪੰਜਾਬੀ ਸਾਹਿਤ ਅਤੇ ਪੰਜਾਬੀ ਸੱਭਿਆਚਾਰ ਦੇ ਅੰਤਰਰਾਸ਼ਟਰੀ ਸੰਬੰਧਾਂ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ। ਪੰਜਾਬੀ ਭਾਸ਼ਾ ਦੇ

ਵਿਭਿੰਨ ਸਾਹਿਤ ਰੂਪਾਂ ਵਿੱਚ ਸੰਚਾਰ ਸਾਧਨਾਂ ਅਤੇ ਤਕਨੀਕੀ ਵਿਕਾਸ ਕਾਰਨ ਉਪਜੇ ਗਲੋਬਲੀ ਸੱਭਿਆਚਾਰ ਪਰਿਪੇਖ ਦੇ ਅੰਤਰ ਸੰਵਾਦ ਵਿਚੋਂ ਉਪਜੇ ਅੰਤਰਰਾਸ਼ਟਰੀ ਸਰੋਕਾਰਾਂ ਦੇ ਦਸਤਾਵੇਜ ਪ੍ਰਤੀ ਜਾਣਕਾਰੀ ਪ੍ਰਾਪਤ ਹੋਈ ਹੈ।

- **ਕਾਵਿ ਸਰੋਕਾਰ** (ਸੁਖਦੇਵ ਸਿੰਘ, ਚੰਡੀਗੜ੍ਹ: ਸਪਤਰਿਸ਼ੀ ਪਬਲੀਕੇਸ਼ਨ, 2017): ਕਾਵਿ ਸਰੋਕਾਰ ਪੁਸਤਕ ਵਿੱਚ ਲੇਖਕ ਸੁਖਦੇਵ ਸਿੰਘ ਨੇ ਵੀਹਵੀਂ ਸਦੀ ਦੀ ਨਵੀਂ ਕਵਿਤਾ ਵਿੱਚ ਉਪਜੀਆਂ ਨਵੀਨ ਸਥਾਪਨਾਵਾਂ ਦਾ ਨਵੀਂ ਕਾਵਿ-ਆਲੋਚਨਾ ਦੇ ਤਹਿਤ ਸੰਵਾਦ ਸਿਰਜਿਆ ਹੈ। ਕਾਵਿ ਸਰੋਕਾਰ ਪੁਸਤਕ ਮੁੱਖ ਰੂਪ ਵਿੱਚ ਉਨ੍ਹਾਂ ਵਰਤਾਰਿਆਂ ਦੀ ਬਹੁਮੁੱਖੀ ਨਿਸ਼ਾਨਦੇਹੀ ਕਰਦੀ ਹੈ, ਜੋ ਅਜੋਕੇ ਸਮੇਂ ਵਿੱਚ ਤਿੱਖੇ ਰੂਪ ਵਿੱਚ ਉੱਭਰ ਰਹੇ ਹਨ ਜਿਵੇਂ ਬਸਤੀਵਾਦ, ਉੱਤਰ-ਬਸਤੀਵਾਦ, ਵਿਸ਼ਵੀਕਰਨ, ਦਲਿਤ ਆਦਿ ਵਰਤਾਰਿਆਂ ਪ੍ਰਤੀ ਆਪਣਾ ਸੰਵਾਦ ਰਚਾਉਂਦੀ ਹੈ। ਇਹਨਾਂ ਵਰਤਾਰਿਆਂ ਦੇ ਪੰਜਾਬੀ ਕਾਵਿ ਨਾਲ ਸੰਬੰਧ ਅਤੇ ਪਹਿਚਾਣ ਪ੍ਰਤੀ ਇੱਕ ਵਿਚਾਰਧਾਰਕ ਤਰਕ ਸਿਰਜਿਆ ਗਿਆ ਹੈ। ਕਾਵਿ-ਸਰੋਕਾਰ ਪੁਸਤਕ ਅਜੋਕੇ ਸਮਾਜ ਵਿੱਚ ਉੱਭਰ ਰਹੇ ਮਸਲਿਆਂ ਦੀ ਜਾਣਕਾਰੀ ਪ੍ਰਾਪਤ ਕਰਨ ਵਿੱਚ ਸਹਾਇਕ ਸਿੱਧ ਹੋਈ ਹੈ।
- **ਸਮਕਾਲੀ ਪੰਜਾਬੀ ਸਾਹਿਤ ਦੇ ਸਰੋਕਾਰ** (ਸੰਪਾ. ਸੁਤਿੰਦਰ ਸਿੰਘ ਨੂਰ, ਰਵੇਲ ਸਿੰਘ, ਦਿੱਲੀ: ਪੰਜਾਬੀ ਅਕਾਦਮੀ, 2008): ਸੰਬੰਧਿਤ ਪੁਸਤਕ ਸਮਕਾਲੀ ਸਾਹਿਤ ਤੇ ਉਨ੍ਹਾਂ ਮੁੱਖ ਸੁਰਾਂ ਜਾਂ ਪਸਾਰਾਂ ਨੂੰ ਸਮਝਣ ਵਿੱਚ ਸਹਾਇਕ ਹੁੰਦੀ ਹੈ ਜੋ ਪੰਜਾਬੀ ਸਾਹਿਤ ਦੇ ਕਾਵਿ ਅਤੇ ਗਲਪ ਦੋਹਾਂ ਵਿਧਾਵਾਂ ਵਿੱਚ ਇੱਕੀਵੀਂ ਸਦੀ ਦੇ ਆਰੰਭ ਨਾਲ ਉਪਜਦੇ ਹਨ। ਇਸ ਪੁਸਤਕ ਵਿੱਚ ਵੱਖ-ਵੱਖ ਵਿਦਵਾਨਾਂ ਦੇ ਖੋਜ ਪੱਤਰਾਂ ਨੂੰ ਸ਼ਾਮਿਲ ਕੀਤਾ ਗਿਆ ਹੈ ਜਿਨ੍ਹਾਂ ਤੋਂ ਸਾਡੇ ਪ੍ਰਾਪਤ ਗਿਆਨ ਵਿੱਚ ਹੋਰ ਵਾਧਾ ਅਤੇ ਸਪਸ਼ਟਤਾ ਆਈ ਹੈ। ਹਥਲੀ ਪੁਸਤਕ ਪੰਜਾਬੀ ਸਮਾਜ ਅਤੇ ਸੱਭਿਆਚਾਰ ਦੇ ਨਾਲ-ਨਾਲ ਪਾਕਿਸਤਾਨੀ, ਪੱਛਮੀ ਅਤੇ ਹੋਰ ਦੇਸ਼ਾਂ ਦੇ ਸਾਰੇ ਖਿੱਤਿਆਂ ਦੇ ਸਾਹਿਤ ਤੇ ਸਰੋਕਾਰਾਂ ਬਾਰੇ

ਚਰਚਾ ਕਰਦੀ ਹੋਈ ਤੁਲਨਾਤਮਕ ਅਤੇ ਅੰਤਰ-ਅਨੁਸ਼ਾਸਨੀ ਦ੍ਰਿਸ਼ਟੀਕੋਣ ਦੀ ਸੋਝੀ ਕਰਵਾਉਂਦੀ ਹੋਈ ਪੰਜਾਬੀ ਸਾਹਿਤ ਦੇ ਸਮਕਾਲੀ ਸਰੋਕਾਰਾਂ ਦੀ ਖੋਜ ਲਈ ਵਧੇਰੇ ਪ੍ਰੇਰਨਾਦਾਇੱਕ ਸਿੱਧ ਹੋਈ ਹੈ।

- **ਸੱਭਿਆਚਾਰ ਦੇ ਚਾਰ ਅਧਿਆਇ** (ਰਾਮਧਾਰੀ ਸਿੰਘ ਦਿਨਕਰ, ਪਟਿਆਲਾ: ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 1992): ਇਹ ਪੁਸਤਕ ਭਾਰਤੀ ਆਰੀਆ ਜਾਂ ਹਿੰਦੂਆਂ ਦੇ ਬੁਨਿਆਦੀ ਸੱਭਿਆਚਾਰ ਦੇ ਉਤਪੰਨ ਹੋਣ, ਸਥਾਪਿਤ ਹੋਣ ਅਤੇ ਵਿਕਸਿਤ ਹੋਣ ਸੰਬੰਧੀ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦੀ ਹੈ। ਇਹ ਪੁਸਤਕ ਸਾਡੇ ਲਈ ਇਤਿਹਾਸਕ ਪੱਖ ਤੋਂ ਭਾਰਤੀ ਸੱਭਿਆਚਾਰ ਨੂੰ ਗਹਿਰਾਈ ਨਾਲ ਸਮਝਣ ਵਿੱਚ ਸਹਾਇਕ ਸਿੱਧ ਹੋਈ ਹੈ। ਭਾਰਤੀ ਸਮਾਜ ਦੇ ਮੁੱਢ ਜਾਂ ਬੁਨਿਆਦੀ ਢਾਂਚੇ ਦੇ ਵੱਖ-ਵੱਖ ਪਹਿਲੂਆਂ ਜਿਵੇਂ: ਧਰਮ, ਜਾਤੀ-ਪ੍ਰਥਾ, ਸਮਾਜ ਸੁਧਾਰ ਲਹਿਰਾਂ ਦਾ ਉਥਾਨ ਅਤੇ ਉਨ੍ਹਾਂ ਦੇ ਪੰਜਾਬੀ ਸਮਾਜ ਅਤੇ ਸੱਭਿਆਚਾਰ ਦੇ ਪ੍ਰਭਾਵ, ਪ੍ਰਾਚੀਨ ਮੁੱਢਲੇ ਭਾਰਤੀ ਸੱਭਿਆਚਾਰ ’ਤੇ ਰਸਮਾਂ-ਰਿਵਾਜ਼, ਕਰਮ ਕਾਂਡ ਆਦਿ ਇਸ ਪੁਸਤਕ ਦੇ ਮੁੱਖ ਮਸਲੇ ਹਨ, ਜਿਨ੍ਹਾਂ ਤੋਂ ਭਾਰਤੀ ਸੱਭਿਆਚਾਰ ਦੀ ਬੁਨਿਆਦੀ ਸੂਝ ਸਾਡੇ ਖੋਜ ਕਾਰਜ ਲਈ ਸਹਾਇਕ ਸਿੱਧ ਹੋਈ ਹੈ।
- **ਪੰਜਾਬੀ ਲੋਕਧਾਰਾ ਅਤੇ ਸੱਭਿਆਚਾਰ** (ਪ੍ਰੋ. ਬਲਬੀਰ ਸਿੰਘ ਪੂਨੀ, ਅੰਮ੍ਰਿਤਸਰ: ਵਾਰਿਸ ਸ਼ਾਹ ਫਾਊਂਡੇਸ਼ਨ, 2013): ਇਹ ਪੁਸਤਕ ਪੰਜਾਬੀ ਲੋਕਧਾਰਾ ਅਤੇ ਸੱਭਿਆਚਾਰ ਸੰਬੰਧੀ ਵਿਸਥਾਰ ਪੂਰਵਕ ਜਾਣਕਾਰੀ ਪ੍ਰਦਾਨ ਕਰਦੀ ਹੈ। ਇਹ ਪੁਸਤਕ ਪੰਜਾਬੀ ਸੱਭਿਆਚਾਰ ਦੇ ਮੂਲ ਅਤੇ ਪ੍ਰਾਚੀਨਤਾ ਨੂੰ ਸਮਝਣ ਵਿੱਚ ਸਹਾਇਕ ਸਿੱਧ ਹੋਈ ਹੈ। ਹਥਲੀ ਪੁਸਤਕ ਨੇ ਪੰਜਾਬੀ ਲੋਕ-ਗੀਤ, ਲੋਕ ਸਾਹਿਤ, ਰਸਮਾਂ ਰਿਵਾਜ਼, ਰਿਸ਼ਤੇ ਪ੍ਰਬੰਧ ਦੇ ਨਾਲ ਪੰਜਾਬੀਆਂ ਦੇ ਰੰਗੀਲੇ ਜੀਵਨ ਦੀ ਮੂੰਹ ਬੋਲਦੀ ਤਸਵੀਰ ਨੂੰ ਵੀ ਪੇਸ਼ ਕੀਤਾ ਹੈ। ਪੰਜਾਬ ਦੇ ਲੋਕ-ਕਾਵਿ ਵਿੱਚ ਪੰਜਾਬੀ ਜਨ-ਜੀਵਨ ਅਤੇ ਸੱਭਿਆਚਾਰ ਦੀ ਸਰਵਪੱਖੀ ਤਸਵੀਰ ਤੇ ਪੰਜਾਬੀ ਅਵਚੇਤਨ ਵਿੱਚ ਰੂਪਮਾਨ ਹੋਏ ਵਿਭਿੰਨ ਪਹਿਲੂਆਂ, ਪੰਜਾਬੀ ਭਾਵਨਾਵਾਂ, ਰੁਚੀਆਂ ਅਤੇ ਪੰਜਾਬੀ ਸੰਸਕ੍ਰਿਤੀ ਨੂੰ ਸਮਝਣ ਲਈ ਇਹ ਪੁਸਤਕ ਭਰੋਸੇਯੋਗ ਸਾਧਨ ਸਿੱਧ ਹੋਈ ਹੈ।

### 1.6.4. ਕੋਸ਼ਾਂ ਦਾ ਅਧਿਐਨ

ਸਮਕਾਲੀ ਪੰਜਾਬੀ ਕਵਿਤਾ ਵਿੱਚ ਪੇਸ਼ ਸ਼ਬਦਾਵਲੀ, ਭਾਸ਼ਾ ਅਤੇ ਸੰਚਾਰ ਵਿਧਾਨ ਦੇ ਅਰਥ ਤੇ ਸੰਕਲਪ ਬਾਰੇ ਪੂਰੀ ਤਰ੍ਹਾਂ ਸਮਝ ਪ੍ਰਾਪਤ ਕਰਨ ਲਈ ਨਿਮਨ ਲਿਖਤ ਕੋਸ਼ਾਂ ਦਾ ਵੀ ਅਧਿਐਨ ਕੀਤਾ ਗਿਆ ਜੋ ਇਸ ਪ੍ਰਕਾਰ ਹੈ:

- **ਗੁਰਸ਼ਬਦ ਰਤਨਾਕਰ ਮਹਾਨ ਕੋਸ਼** (ਭਾਈ ਕਾਨ੍ਹ ਸਿੰਘ ਨਾਭਾ, ਪਬਲੀਕੇਸ਼ਨ ਬਿਊਰੋ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 2011)
- **ਨੈਸ਼ਨਲ ਪੰਜਾਬੀ ਸ਼ਬਦ ਕੋਸ਼** (ਬਲਦੇਵ ਸਿੰਘ (ਸੰਪਾ.) ਨਵੀਂ ਦਿੱਲੀ: ਨੈਸ਼ਨਲ ਬੁੱਕ ਸ਼ਾਪ, 2009)
- **ਰਾਜਪਾਲ ਹਿੰਦੀ ਸ਼ਬਦ ਕੋਸ਼** (ਹਰਦੇਵ ਬਾਹਰੀ, ਦਿੱਲੀ: ਸੰਨਜ਼, 2004)
- **ਸੰਸਕ੍ਰਿਤ ਪੰਜਾਬੀ ਕੋਸ਼** (ਪ੍ਰੇਮ-ਪ੍ਰਕਾਸ਼ ਸਿੰਘ (ਸੰਪਾ.), ਪਬਲੀਕੇਸ਼ਨ ਬਿਊਰੋ, ਪਟਿਆਲਾ: ਪੰਜਾਬੀ ਯੂਨੀਵਰਸਿਟੀ,2002)
- **ਪੰਜਾਬੀ-ਅੰਗਰੇਜ਼ੀ ਕੋਸ਼** (ਕੁਲਬੀਰ ਸਿੰਘ ਕਾਂਗ, ਭਾਈ ਚਤਰ ਸਿੰਘ ਜੀਵਨ ਸਿੰਘ, ਸ੍ਰੀ ਅੰਮ੍ਰਿਤਸਰ, ਤੀਜੀ ਵਾਰ, 1998)

ਉਪਰੋਕਤ ਕੋਸ਼ ਕਵਿਤਾਵਾਂ ਵਿੱਚ ਵਰਤੀ ਗਈ ਸ਼ਬਦਾਵਲੀ ਦੇ ਅਰਥਾਂ ਦੀ ਜਾਣਕਾਰੀ ਲਈ ਅਹਿਮ ਸ੍ਰੋਤ ਹਨ, ਜਿਨ੍ਹਾਂ ਦੇ ਅਧਿਐਨ ਰਾਹੀਂ ਖੋਜ ਵਿਸ਼ੇ ਨਾਲ ਸੰਬੰਧਿਤ ਕਵਿਤਾਵਾਂ ਵਿੱਚ ਵਰਤੀ ਗਈ ਸ਼ਬਦਾਵਲੀ ਦੇ ਅਰਥਾਂ ਪ੍ਰਤੀ ਗਿਆਨ ਹਾਸਿਲ ਹੋਇਆ। ਇਸ ਤੋਂ ਇਲਾਵਾ ਇਸ ਵਿੱਚ ਵਰਤੇ ਗਏ ਅੰਗ੍ਰੇਜ਼ੀ ਸ਼ਬਦਾਂ ਲਈ ਸਮਾਨ ਆਰਥਕ ਵਾਲੇ ਸ਼ਬਦਾਂ ਨੂੰ ਸਮਝਣ ਲਈ ਪੰਜਾਬੀ-ਅੰਗ੍ਰੇਜ਼ੀ ਕੋਸ਼ਾਂ ਨੂੰ ਵੀ ਆਪਣੇ ਅਧਿਐਨ ਵਿੱਚ ਸ਼ਾਮਿਲ ਕੀਤਾ ਗਿਆ ਤਾਂ ਕਿ ਪੰਜਾਬੀ ਦੇ ਸ਼ੁੱਧ ਸ਼ਬਦ-ਜੋੜਾਂ ਦੀ ਸਹੀ ਜਾਣਕਾਰੀ ਪ੍ਰਾਪਤ ਹੋ ਸਕੇ ਅਤੇ ਇਹ ਕੋਸ਼ ਸਾਡੇ ਖੋਜ ਵਿਸ਼ੇ ਦੇ ਅਧਿਐਨ ਲਈ ਲਾਹੇਵੰਦ ਰਹੇ ਹਨ।

### 1.6.5. ਖੋਜ ਪ੍ਰਤਿਕਾਵਾਂ ਵਿੱਚ ਪ੍ਰਕਾਸ਼ਿਤ ਰਿਸਰਚ ਪੇਪਰਾਂ ਦਾ ਅਧਿਐਨ :

- **ਖੋਜ ਪਤ੍ਰਿਕਾ**, ਸਾਹਿੱਤਿਕ ਵਾਦ ਅੰਕ (ਭਾਗ ਪਹਿਲਾ), ਪਟਿਆਲਾ: ਪੰਜਾਬੀ ਯੂਨੀਵਰਸਿਟੀ, ਮਾਰਚ 1988.
- **ਖੋਜ ਪਤ੍ਰਿਕਾ**, ਸਾਹਿੱਤਿਕ ਵਾਦ ਅੰਕ (ਭਾਗ ਦੂਜਾ), ਪਟਿਆਲਾ: ਪੰਜਾਬੀ ਯੂਨੀਵਰਸਿਟੀ, ਸਤੰਬਰ 1988.
- **ਸੱਭਿਆਚਾਰ ਪਤ੍ਰਿਕਾ**, ਪਟਿਆਲਾ: ਪੰਜਾਬੀ ਯੂਨੀਵਰਸਿਟੀ, ਜਨਵਰੀ 2004.

ਇਸ ਪ੍ਰਕਾਰ ਉਪਰੋਕਤ ਪਹਿਲਾਂ ਹੋ ਚੁੱਕੇ ਖੋਜ ਕਾਰਜ ਦੇ ਅਧਿਐਨ ਤੋਂ ਸਪੱਸ਼ਟ ਹੋਇਆ ਹੈ ਕਿ ਹਥਲੇ ਖੋਜ ਕਾਰਜ ਦਾ ਉਦੇਸ਼ ਅਤੇ ਖੇਤਰ ਪੂਰਵ ਹੋ ਚੁੱਕੇ ਖੋਜ ਕਾਰਜ ਤੋਂ ਨਿਵੇਕਲਾ ਅਤੇ ਵੱਖਰਾ ਹੈ। ਉਪਰੋਕਤ ਕੀਤੇ ਗਏ ਅਧਿਐਨ ਦੁਆਰਾ ਹਥਲੇ ਖੋਜ ਕਾਰਜ 'ਸਮਕਾਲੀ ਪੰਜਾਬੀ ਕਵਿਤਾ: ਪ੍ਰਮੁੱਖ ਸਰੋਕਾਰ ਅਤੇ ਸੰਚਾਰ ਵਿਧਾਨ' ਦੀ ਪ੍ਰਸੰਗਿਕਤਾ ਅਤੇ ਸਾਰਥਕਤਾ ਦਾ ਬਖ਼ੂਬੀ ਪ੍ਰਤੱਖਣ ਹੋਇਆ ਹੈ ਜਿਸ ਦੇ ਸਿੱਟੇ ਵਜੋਂ ਹਥਲੇ ਖੋਜ ਕਾਰਜ ਨੂੰ ਨਿਰੋਈ ਅਤੇ ਸਰਥਕ ਸੇਧ ਵੀ ਪ੍ਰਾਪਤ ਹੋਈ ਹੈ।

### 1.7. ਕਵਿਤਾ ਦਾ ਸਿਧਾਂਤਕ ਪਰਿਪੇਖ:

ਸਾਹਿਤਕਾਰਾਂ ਨੇ ਸਾਹਿਤ ਦੇ ਦੋ ਰੂਪ ਪਦ (ਕਵਿਤਾ) ਅਤੇ ਗਦ (ਵਾਰਤਕ) ਪ੍ਰਵਾਨ ਕੀਤੇ ਹਨ। ਕਵਿਤਾ ਦਾ ਜਨਮ ਹਰ ਸਾਹਿਤ ਵਿੱਚ ਵਾਰਤਕ ਤੋਂ ਪਹਿਲਾਂ ਹੁੰਦਾ ਹੈ। ਕਵਿਤਾ ਵਿੱਚ ਅਸਾਧਾਰਨ ਭਾਸ਼ਾ ਦਾ ਪ੍ਰਯੋਗ ਹੁੰਦਾ ਹੈ ਜਦੋਂ ਕਿ ਵਾਰਤਕ ਲਈ ਸਾਧਾਰਨ ਕਿਸਮ ਦੀ ਭਾਸ਼ਾ ਦਾ ਪ੍ਰਯੋਗ ਹੁੰਦਾ ਹੈ। ਆਮ ਲੋਕਾਂ ਦਾ ਕਹਿਣਾ ਹੈ ਕਿ ਕਵਿਤਾ ਦਿਲ ਦੀ ਬੋਲੀ ਹੈ ਅਤੇ ਵਾਰਤਕ ਦਿਮਾਗ਼ ਦੀ ਭਾਸ਼ਾ ਹੈ। ਬਣਤਰ ਦੀ ਦ੍ਰਿਸ਼ਟੀ ਤੋਂ ਕਵਿਤਾ ਵਿੱਚ ਲੈਅ, ਤਾਲ, ਛੰਦ, ਮਧੁਰਤਾ ਅਤੇ ਭਾਵਾਂ ਦਾ ਵੇਗ ਭਾਰੂ ਹੁੰਦਾ ਹੈ। ਹਰ ਮਨੁੱਖ ਦੇ ਅੰਦਰ ਜ਼ਜ਼ਬਾਤ ਹੁੰਦੇ ਹਨ। ਕਵਿਤਾ ਮਨੁੱਖ ਦੇ ਅੰਦਰੋਂ ਆਪ ਮੁਹਾਰੇ ਹੀ ਬਾਹਰ ਨਿਕਲਦੀ ਹੈ ਇਹ ਇੱਕ ਕਲਾਤਮਿਕ ਪ੍ਰਕਿਰਿਆ ਹੈ, ਜਿਸ ਰਾਹੀਂ ਇੱਕ ਸੰਵੇਦਨਸ਼ੀਲ ਪ੍ਰਾਣੀ ਆਪਣੇ ਮਨੋਭਾਵਾਂ ਦੀ ਅਭਿਵਿਅਕਤੀ ਕਰਦਾ ਹੈ। ਪੰਜਾਬੀ ਕਵਿਤਾ ਦਾ ਇਤਿਹਾਸਕ ਦੌਰ ਕਾਫ਼ੀ ਗੌਰਵਮਈ ਹੈ। ਪੰਜਾਬੀ ਕਵਿਤਾ ਵਿਭਿੰਨ

ਇਤਿਹਾਸਕ ਪੜਾਵਾਂ ਵਿੱਚੋਂ ਗੁਜ਼ਰਦੀ ਹੋਈ ਵੱਖੋ-ਵੱਖਰੀਆਂ ਪ੍ਰਵਿਰਤੀਆਂ, ਕਾਵਿ-ਧਾਰਾਵਾਂ ਨੂੰ ਜਨਮ ਦਿੰਦੀ ਅਤੇ ਵਿਕਾਸਦੀ ਹੋਈ, ਵਰਤਮਾਨ ਰੂਪ ਵਿੱਚ ਪੁੱਜਦੀ ਹੈ। ਪੰਜਾਬੀ ਕਵਿਤਾ ਦੇ ਮੁੱਢ ਤੋਂ ਲੈ ਕੇ ਵਰਤਮਾਨ ਦੌਰ ਤਕ ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਧਨੀ ਰਾਮ ਚਾਤ੍ਰਿਕ, ਮੋਹਨ ਸਿੰਘ, ਕਵਿਤਰੀ ਅੰਮ੍ਰਿਤਾ ਪ੍ਰੀਤਮ, ਸ਼ਿਵ ਕੁਮਾਰ ਬਟਾਲਵੀ ਅਤੇ ਸੁਰਜੀਤ ਪਾਤਰ ਜਿਹੇ ਪ੍ਰਤੀਨਿਧ ਕਵੀ ਰਹੇ ਹਨ। ਜਿਨ੍ਹਾਂ ਨੇ ਆਪਣੇ-ਆਪਣੇ ਸਮਕਾਲੀ ਦੌਰ ਵਿੱਚ ਮੁੱਲਵਾਨ ਕਾਵਿਕ-ਸੁਰਾਂ ਦਾ ਉਚਾਰ ਅਤੇ ਸੰਚਾਰ ਕਰਦੇ ਹੋਏ ਵਰਤਮਾਨ ਪੰਜਾਬੀ ਕਵਿਤਾ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਭਾਸ਼ਾਵਾਂ ਦੀ ਕਵਿਤਾ ਦੇ ਸਮਾਨਾਂਤਰ ਮਾਣ-ਸਨਮਾਨ ਵਾਲਾ ਸਥਾਨ ਪ੍ਰਦਾਨ ਕੀਤਾ ਹੈ। ਅਜਿਹੇ ਗੌਰਵਮਈ ਇਤਿਹਾਸ ਵਿਚੋਂ ਗੁਜ਼ਰ ਕੇ 'ਸਮਕਾਲੀ ਪੰਜਾਬੀ ਕਵਿਤਾ' ਤੱਤਕਾਲੀਨ ਸੰਦਰਭਗਤ 'ਸਰੋਕਾਰ' ਅਤੇ 'ਸੰਚਾਰ' ਪੱਖੋਂ ਉੱਚ ਸੰਤੁਲਨ ਉਸਾਰਨ ਵਾਲੀ ਇੱਕਲੌਤੀ ਸਾਹਿਤ ਵੰਨਗੀ ਹੈ। ਪੰਜਾਬੀ ਕਵਿਤਾ ਦੇ ਇਤਿਹਾਸ ਅਤੇ ਅਜਿਹੀ ਗੌਰਵਮਈ ਪ੍ਰੰਪਰਾ ਨੂੰ ਜਾਣਨ ਤੋਂ ਪਹਿਲਾ ਕਵਿਤਾ ਦੀ ਪਰਿਭਾਸ਼ਾ ਅਤੇ ਸਰੂਪ ਨੂੰ ਜਾਣਨਾ ਜਰੂਰੀ ਹੋ ਜਾਂਦਾ ਹੈ।

ਕਵਿਤਾ ਕੀ ਹੈ? ਇਸ ਪ੍ਰਸ਼ਨ ਦਾ ਉੱਤਰ ਦੇਣ ਲਈ ਖੋਜ ਅਤੇ ਸੂਝ-ਬੂਝ ਨਾਲ ਵੱਖ-ਵੱਖ ਵਿਦਵਾਨਾਂ ਨੇ ਆਪਣੀ ਭਰਪੂਰ ਕੋਸ਼ਿਸ ਕੀਤੀ ਹੈ ਪ੍ਰੰਤੂ ਅਜਿਹਾ ਠੋਸ ਰੂਪ ਵਿੱਚ ਨਹੀਂ ਕਿਹਾ ਜਾ ਸਕਦਾ ਕਿ ਇਹਨਾਂ ਵਿਚੋਂ ਕਿਸੇ ਵੀ ਵਿਦਵਾਨ ਦਾ ਕਥਨ ਸੰਪੂਰਨ ਹੈ ਕਿਉਂਕਿ ਕਵਿਤਾ ਇੱਕ ਅਜਿਹੀ ਅਪਾਰ ਕਲਾ ਹੈ, ਜਿਸ ਦੀ ਪਰਿਭਾਸ਼ਾ ਲਈ ਕੁਝ-ਕੁ ਸ਼ਬਦ ਜਾਂ ਸਤਰਾਂ ਕਾਫ਼ੀ ਨਹੀਂ ਹਨ। ਪੱਛਮੀ ਅਤੇ ਭਾਰਤੀ ਵਿਦਵਾਨਾਂ ਨੇ ਕਾਫ਼ੀ ਪੁਰਾਣੇ ਸਮੇਂ ਤੋਂ ਹੀ ਕਵਿਤਾ ਨੂੰ ਪਰਿਭਾਸ਼ਿਤ ਕਰਨ ਲਈ ਯਤਨ ਕੀਤੇ ਹਨ। ਦੁਨੀਆ ਦੀ ਸਭ ਤੋਂ ਪੁਰਾਣੀ ਕਵਿਤਾ ਦੀ ਪਰਿਭਾਸ਼ਾ (ਸੁਕਰਾਤ ਅਤੇ ਅਫਲਾਤੂਨ ਨੂੰ ਛੱਡ ਕੇ) ਯੂਨਾਨੀ ਵਿਦਵਾਨ ਅਰਸਤੂ ਦੀ ਹੈ। ਪੱਛਮੀ ਵਿਦਵਾਨਾਂ ਦੁਆਰਾ ਦਿੱਤੀਆਂ ਕਵਿਤਾ ਦੀਆਂ ਪਰਿਭਾਸ਼ਾਵਾਂ:

ਅਰਸਤੂ ਅਨੁਸਾਰ:

*ਕਵਿਤਾ ਭਾਵਾਤਮਕ ਅਤੇ ਲੈਅ ਭਰਪੂਰ ਭਾਸ਼ਾ ਦੇ ਮਾਧਿਅਮ ਰਾਹੀ ਪ੍ਰਕਿਰਤੀ ਦੀ ਨਕਲ ਹੈ।*

(ਜੀ. ਐਲ ਸ਼ਰਮਾ, *ਕਵਿਤਾ ਤੱਤ ਅਤੇ ਰੂਪ* 9)

ਮਿਲਟਨ ਅਨੁਸਾਰ:

*Poetry is simple, sensuous and passionate.*

(ਸਤਿੰਦਰ ਸਿੰਘ, *ਵਿਹਾਰਕ ਸਮੀਖਿਆ ਕਵਿਤਾ ਅਤੇ ਵਾਰਤਕ* 2)

ਮੈਥਿਊ ਆਰਨਲਡ ਅਨੁਸਾਰ:

*ਮੈਥਿਊ ਆਰਨਲਡ ਨੇ ਕਵਿਤਾ ਨੂੰ ਜੀਵਨ ਦੀ ਆਲੋਚਨਾ (ਵਿਆਖਿਆ) ਪ੍ਰਵਾਨ ਕੀਤਾ ਹੈ।*

(2)

ਐਡਗਰ ਐਲਨ ਪੋ ਅਨੁਸਾਰ:

*I would define in brief, the poetry of words as the rhythmical creation of beauty* . (2)

ਹੈਜ਼ਲਿਟ ਅਨੁਸਾਰ:

*ਕਲਪਨਾ ਅਤੇ ਭਾਵਨਾਵਾਂ ਨਾਲ ਮਿਸ਼ਰਿਤ ਭਾਸ਼ਾ ਨੂੰ ਕਵਿਤਾ ਮੰਨਦਾ ਹੈ (It is the language of Imagination and passion.)* (ਡਾ. ਜਸਵੰਤ ਬੇਗੋਵਾਲ, *ਪੰਜਾਬੀ ਪਿੰਗਲ* 18)

ਕਾਰਲਾਈਲ ਅਨੁਸਾਰ:

*ਸੰਗੀਤਬੱਧ ਵਿਚਾਰਾਂ ਦੀ ਅਭਿਵਿਕਤੀ ਨੂੰ ਕਵਿਤਾ ਆਖਦਾ ਹੈ (Poetry is an articulate music)* (18)

ਉਪਰੋਕਤ ਪੱਛਮੀ ਵਿਦਵਾਨਾਂ ਦੁਆਰਾ ਦਿੱਤੀਆਂ ਕਵਿਤਾ ਦੀਆਂ ਪਰਿਭਾਸ਼ਾਵਾਂ ਦੇ ਅਧਿਐਨ ਤੋਂ ਬਾਅਦ ਹੁਣ ਅਸੀਂ ਭਾਰਤੀ ਵਿਦਵਾਨਾਂ ਦੁਆਰਾ ਦਿੱਤੀਆਂ ਕਵਿਤਾ ਦੀਆਂ ਪਰਿਭਾਸ਼ਾਵਾਂ ਦਾ ਅਧਿਐਨ ਕਰਾਂਗੇ:

ਅਚਾਰੀਆ ਵਿਸ਼ਵ ਨਾਥ ਅਨੁਸਾਰ:

> *ਰਸਾਤਮਕ ਵਾਕ ਹੀ ਕਾਵਿ ਹੁੰਦਾ ਹੈ।* (ਜੀ. ਐਲ ਸ਼ਰਮਾ, *ਕਵਿਤਾ ਤੱਤ ਅਤੇ ਰੂਪ* 10)

ਅਚਾਰੀਆ ਮਮਟ ਅਨੁਸਾਰ:

> *ਅਜਿਹੇ ਸ਼ਬਦਾਰਥ ਕਾਵਿ ਹਨ ਜੋ, ਦੋਸ਼ ਰਹਿਤ ਅਤੇ ਗੁਣ ਸਹਿਤ ਹੋਣ* (10)

ਡਾ. ਪ੍ਰੇਮ ਪ੍ਰਕਾਸ਼ ਸਿੰਘ ਅਨੁਸਾਰ:

> *ਕਾਵਿ ਕਵੀ (ਸੰ: ਕਵਿ) ਤੋਂ ਬਣਿਆ ਸ਼ਬਦ ਹੈ ਜਿਸ ਦਾ ਅਰਥ ਹੋ ਜਾਂਦਾ ਹੈ ਕਾਵਿ ਦਾ ਭਾਵ ਜਾਂ ਕਰਮ। ਸੰਸਕ੍ਰਿਤ ਦੀ ਡਿਕਸ਼ਨਰੀ 'ਮੇਦਿਨੀ ਕੋਸ਼' ਵਿੱਚ ਕਾਵਿ ਦੀ ਬਣਤਰ ਇਉਂ ਦੱਸੀ ਗਈ ਹੈ- ਕਵੇਰ ਕਰਮ ਕਾਵਯੰ-ਕਬੇਰ ਦਾ ਅਰਥ ਹੈ ਕਵੀ ਦਾ ਕਰਮ।* (*ਕਾਵਿ ਦੇ ਤੱਤ* 25)

ਪ੍ਰਸਿੱਧ ਸ਼ਾਇਰ ਡਾ. ਜਗਤਾਰ ਅਨੁਸਾਰ:

> *ਅਸਲ ਸ਼ਾਇਰੀ (ਕਵਿਤਾ) ਫ਼ਿਕਰ ਦੀ ਹੁੰਦੀ ਹੈ, ਜਿਸ ਤੋਂ ਮੁਰਾਦ ਮਾਨਵ ਸਰੋਕਾਰਾਂ ਵਾਲੀ ਕਵਿਤਾ ਤੋਂ ਹੈ।* (ਡਾ. ਜਸਵੰਤ ਬੇਗੋਵਾਲ, *ਪੰਜਾਬੀ ਪਿੰਗਲ* 19)

ਕਵਿਤਰੀ ਨਿਰਮਲ ਪ੍ਰਭਾ ਅਨੁਸਾਰ:

> *ਚੰਗੀ ਕਵਿਤਾ ਦੀ ਕੋਈ ਪਰਿਭਾਸ਼ਾ ਨਹੀਂ, ਪਰ ਇਸ ਦੀ ਪਛਾਣ ਉਦੋਂ ਹੋ ਸਕਦੀ ਹੈ ਜਦੋਂ ਇਹ ਜ਼ਿੰਦਗੀ ਦੇ ਡੂੰਘੇ ਅਨੁਭਵ ਦੇ ਸਾਰ ਦੇ ਰੂਪ ਵਿੱਚ ਬੰਦੇ ਦੀ ਆਤਮਾ ਨੂੰ ਟੁੰਬਦੀ ਹੈ। ਇੱਕ ਚੰਗੀ ਕਵਿਤਾ ਬਿਜਲੀ ਦੀ ਚਮਕ ਵਾਂਗ ਆਪਣਾ ਸੰਦੇਸ਼ ਦੇਂਦੀ ਹੈ।* (19)

ਸੁਰਜੀਤ ਪਾਤਰ ਅਨੁਸਾਰ:

> *ਮੈਂ ਸੋਚਦਾ ਜਿਸ ਤਰ੍ਹਾਂ ਦਰੱਖ਼ਤ ਕਾਰਬਨ-ਡਾਈਆਕਸਾਇਡ ਨੂੰ ਆਕਸੀਜਨ ਵਿੱਚ ਬਦਲ ਦਿੰਦੇ ਹਨ, ਉਸੇ ਤਰ੍ਹਾਂ ਕਵਿਤਾ ਦੁੱਖਾਂ ਨੂੰ ਵੀ ਇੱਕ ਸੁਹਜਮਈ ਅਨੁਭਵ ਜਾਂ ਕਿਸੇ ਕਲਿਆਣਕਾਰੀ ਸੋਚ ਵਿੱਚ ਬਦਲ ਦਿੰਦੀ ਹੈ। ਕਵਿਤਾ ਦਾ ਸ਼ਬਦ ਤਪਦੀ ਜ਼ਮੀਨ 'ਤੇ ਕਣੀਆਂ ਵਾਂਗ ਡਿਗਦਾ ਹੈ।* (18)

ਇਨ੍ਹਾਂ ਵੱਖ-ਵੱਖ ਪਰਿਭਾਸ਼ਾਵਾਂ ਦੇ ਆਧਾਰ 'ਤੇ ਕਵਿਤਾ ਦੀ ਨਿਵੇਕਲੀ ਪਰਿਭਾਸ਼ਾ ਤਹਿਤ ਉਸ ਦੇ ਸਰੂਪ ਨੂੰ ਨਿਰਧਾਰਿਤ ਕੀਤਾ ਜਾ ਸਕਦਾ ਹੈ ਕਿ 'ਕਵਿਤਾ' ਭਾਵਨਾਤਮਕ, ਵੇਗ, ਲੈਅ ਭਰਪੂਰ, ਰਸਾਤਮਕ, ਗੁਣ, ਸ਼ਬਦਾਵਲੀ ਅਤੇ ਮਿੱਠੇ-ਪਿਆਰੇ ਵਚਨਾਂ ਨਾਲ ਲਬਰੇਜ਼ ਅਜਿਹੀ ਦਿਲ ਦੀ ਬੋਲੀ ਹੈ ਜੋ ਇੱਕ ਸੁੰਦਰ ਵਿਚਾਰਾਂ ਵਾਲੀ ਖ਼ੂਬਸੂਰਤ ਰਚਨਾ ਅਧੀਨ ਪ੍ਰਕਿਰਤੀ ਦੀ ਨਕਲ ਹੈ। ਕਵਿਤਾ ਸਾਹਿਤ ਦਾ ਅਜਿਹਾ ਰੂਪ ਹੈ ਜਿਸ ਸਦਕਾ ਕਵੀ ਸਿਰਜਣਾ ਅਤੇ ਸਿਰਜਣਾਤਮਿਕਤਾ ਤੋਂ ਟੁੱਟੇ ਹੋਏ ਮਨੁੱਖ ਨੂੰ ਸੁਹਜਾਤਮਿਕ ਆਨੰਦ ਦੇ ਕੇ ਰਚਨਾਤਮਿਕ ਏਕਤਾ ਲਿਆਉਣ ਦਾ ਉਪਰਾਲਾ ਕਰਦਾ ਹੈ। ਆਧੁਨਿਕ ਸਮੇਂ ਵਿੱਚ ਕਵਿਤਾ ਆਪਣੀ ਵੱਖਰੀ, ਵਿਲੱਖਣ ਅਤੇ ਆਜ਼ਾਦ ਹੋਂਦ ਪ੍ਰਾਪਤ ਕਰਦੀ ਹੋਈ ਬਿਖ਼ਰ ਰਹੇ ਮਨੁੱਖੀ ਰਿਸ਼ਤਿਆਂ ਦੇ ਚਿੰਨ੍ਹਾਂ ਤੇ ਸਮਾਜਿਕ-ਸੱਭਿਆਚਾਰਕ ਪ੍ਰਾਸੰਗਿਕਤਾ ਨੂੰ ਯਥਾਰਥ ਰੂਪ ਵਿੱਚ ਦ੍ਰਿਸ਼ਟੀਗੋਚਰ ਕਰਦੀ ਹੈ। ਕਵਿਤਾ ਇੱਕ ਅਜਿਹਾ ਵਿਗਿਆਨਿਕ ਸਾਧਨ ਹੈ ਜਿਸ ਵਿੱਚ ਕੇਵਲ ਸੰਪ੍ਰਦਾਇਕਤਾ ਦੇ ਮਾਰੂ ਰੁਝਾਨ, ਆਰਥਿਕ, ਰਾਜਨੀਤਿਕ, ਸਮਾਜਿਕ ਅਤੇ ਸੱਭਿਆਚਾਰਕ ਰਾਸ਼ਟਰਵਾਦ ਦਾ ਭਰਵਾ ਚਿਤਰਣ ਹੀ ਪੇਸ਼ ਨਹੀਂ ਹੁੰਦਾ ਬਲਕਿ ਇਸ ਦੇ ਵਿਰੋਧ ਵਿੱਚ ਸਭ ਕੌਮਾਂ, ਨਸਲਾਂ ਅਤੇ ਸਥਾਨਕ ਸੱਭਿਆਚਾਰ ਦੀ ਖ਼ੁਦਮੁਖਤਾਰੀ ਅਤੇ ਮਾਨਵੀ ਅਧਿਕਾਰਾਂ ਦੇ ਸਮਰਥਨ ਦੀ ਗੱਲ ਕੀਤੀ ਜਾਂਦੀ ਹੈ। ਕਵਿਤਾ ਰਾਹੀਂ ਹੀ ਕਵੀ ਸਮਾਜਿਕ ਯਥਾਰਥ ਦੇ ਭੌਤਿਕੀ ਸਰੂਪ ਦੀ ਭੌਤਿਕਤਾ ਨੂੰ ਵੱਖ-ਵੱਖ ਚਿੰਨ੍ਹਾਂ, ਬਿੰਬਾਂ, ਅੰਲਕਾਰਾਂ ਅਤੇ ਪ੍ਰਤੀਕਾਂ ਦੇ ਪ੍ਰਬੰਧ ਵਿੱਚ ਸਮੋ ਕੇ ਪ੍ਰਗਟ ਕਰਦਾ ਹੈ। ਕਵਿਤਾ ਉਹ ਰਚਨਾਤਮਕ ਇਕਾਈ ਹੈ ਜਿਸ ਵਿੱਚ ਸਿਰਫ਼ ਭਾਵਾਂ ਦੀ ਨਿਖਰਤਾ ਹੀ ਨਹੀਂ ਸਗੋਂ ਮਨੁੱਖੀ ਜ਼ਿੰਦਗੀ ਦੇ ਡੂੰਘੇ ਅਹਿਸਾਸਾਂ, ਜ਼ਜ਼ਬਾਤਾਂ, ਤੂਫਾਨੀ ਵੇਗਾਂ ਅਤੇ ਵਿੰਨ੍ਹਵੇ ਅਨੁਭਵਾਂ ਨੂੰ ਸੰਚਾਰੀ ਭਾਵਾਂ ਨਾਲ ਓਤਪੋਤ ਕਰਕੇ ਅੰਤਰਮਨ ਦੇ ਬੋਲਾਂ ਨੂੰ ਸਹਿਜਤਾ, ਸਰਲਤਾ, ਸ਼ਪਸ਼ਟਤਾ ਅਤੇ ਸੁਹਜਮਈ ਭਾਸ਼ਾਈ ਪ੍ਰਗਟਾਅ ਰਾਹੀਂ ਪ੍ਰਗਟ ਕਰਨਾ ਹੈ। ਇਹੀ ਕਵਿਤਾ ਦੀ ਪਹਿਚਾਣ ਹੈ। ਕਵਿਤਾ ਦਾ ਅਰਥ ਕੇਵਲ ਨਿੱਜੀ ਅਨੁਭਵਾਂ ਨੂੰ ਪ੍ਰਗਟ ਕਰਨਾ ਨਹੀਂ ਸਗੋਂ ਮਾਨਵੀ ਸੰਕਟਾਂ, ਅਸਤਿਤਵੀ ਭਾਵ, ਮਾਨਵੀ ਪਹਿਚਾਣ ਦੇ ਅਲੋਪ ਹੋਣ ਦੇ ਕਾਰਨਾਂ ਦੇ ਨਾਲ-ਨਾਲ ਉਸਦੇ ਸਾਕਾਰਤਮਕ ਪਰਿਪੇਖ ਨੂੰ ਵੀ ਪੇਸ਼ ਕਰਨਾ ਹੁੰਦਾ ਹੈ। ਇਸ ਲਈ ਕਵਿਤਾ ਮਨੁੱਖੀ ਸਮੱਸਿਆਵਾਂ ਨਾਲ ਜੁੜੀਆਂ ਵੱਖ-ਵੱਖ ਘਟਨਾਵਾਂ ਅਤੇ

ਤੱਥਾਂ ਨੂੰ ਆਧਾਰ ਬਣਾ ਕੇ ਅਜਿਹੇ ਸਰੋਕਾਰਾਂ ਨੂੰ ਸਿਰਜਦੀ ਹੈ ਜੋ ਸਮਕਾਲੀ ਤ੍ਰਾਸਦਿਕ ਸਥਿਤੀ ਦੀ ਵਿਕਰਾਲਤਾ ਦੁਆਰਾ ਮਨੁੱਖ ਦੇ ਬੇਅਰਥ ਹੋਣ ਦੇ ਪ੍ਰਵਚਨ ਨੂੰ ਸਥਾਪਿਤ ਕਰਦੀ ਹੈ। ਇਸ ਪ੍ਰਕਾਰ ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਕਵਿਤਾ ਇੱਕ ਅਜਿਹੀ ਸੰਬੋਧਨੀ ਪ੍ਰਕਿਰਿਆ ਹੈ ਜੋ ਆਪਣੇ ਵਿਸ਼ੇਸ਼ ਕਲਾਤਮਿਕ ਅਤੇ ਪ੍ਰਯੋਜਨ ਲਈ ਭਾਸ਼ਾ ਦੇ ਸੁਹਜਾਤਮਕ ਤੇ ਲੈਆਤਮਕ ਗੁਣਾਂ ਦੀ ਵਰਤੋਂ ਕਰਦੀ ਹੋਈ ਮਨੁੱਖ ਦੇ ਵਿਅਕਤੀਗਤ ਅਤੇ ਵਿਵਹਾਰਿਕ ਵਰਤਾਰੇ, ਤੀਬਰ ਆਵੇਸ਼, ਸਮਾਜਿਕ ਚੇਤਨਾ ਅਤੇ ਯਥਾਰਥ ਆਦਿ ਨੂੰ ਸੁਹਜਮਈ ਤੇ ਪ੍ਰਭਾਵਸ਼ਾਲੀ ਰੂਪ ਵਿੱਚ ਸਿਰਜਦੀ ਹੈ। ਕਵਿਤਾ ਮਨੁੱਖੀ ਭਾਵਾਂ ਨੂੰ ਝੰਜੋੜਦੀ ਹੋਈ, ਨਵੀਂ ਸੋਚ ਅਤੇ ਦ੍ਰਿਸ਼ਟੀਕੋਣ ਨੂੰ ਬਦਲਣ ਦਾ ਉਪਰਾਲਾ ਕਰਦੀ ਹੈ ਅਤੇ ਮਨੁੱਖ ਨੂੰ ਜ਼ਰਜ਼ਰੇ ਹੋ ਚੁੱਕੇ ਬੰਧਨਾਂ ਤੋਂ ਮੁਕਤ ਕਰਦੀ ਹੋਈ, ਆਪੇ ਦੀ ਪਹਿਚਾਣ ਉੱਤੇ ਬੱਲ ਦਿੰਦੀ ਹੈ।

**ਪੰਜਾਬੀ ਕਵਿਤਾ ਦਾ ਨਿਕਾਸ ਤੇ ਵਿਕਾਸ:**

ਪੰਜਾਬੀ ਕਵਿਤਾ ਦੇ ਸਮਕਾਲੀ ਸਰੂਪ ਨੂੰ ਸਮਝਣ ਲਈ ਇਸ ਦੇ ਮੁੱਢ, ਨਿਕਾਸ ਅਤੇ ਵਿਕਾਸ ਦੀ ਪ੍ਰੰਪਰਾ ਅਤੇ ਪੰਜਾਬੀ ਕਵਿਤਾ ਦੇ ਆਧੁਨਿਕ ਸਰੂਪ ਨੂੰ ਸਮਝਣਾ ਵੀ ਲਾਜ਼ਮੀ ਹੋ ਜਾਂਦਾ ਹੈ। ਪੰਜਾਬੀ ਕਵਿਤਾ ਦਾ ਮੁੱਢਲਾ ਸਰੂਪ ਕਿਸੇ ਇੱਕ ਸੰਪੂਰਨ ਲੜੀ ਵਿੱਚ ਜੁੜਿਆ ਨਹੀਂ ਮਿਲਦਾ। ਇਸ ਦੀਆਂ ਕਈ ਕੜੀਆਂ ਉਸ ਸਮੇਂ ਦੇ ਹਾਲਾਤਾਂ ਕਾਰਨ ਅਜੋੜ ਹੀ ਹਨ। ਇਸ ਕਾਰਨ ਪੰਜਾਬੀ ਕਵਿਤਾ ਦੇ ਮੁੱਢ, ਨਿਕਾਸ ਤੋਂ ਵਿਕਾਸ ਤੱਕ ਦੀਆਂ ਕੜੀਆਂ ਜੋੜਨ ਲਈ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸੂਝਵਾਨ ਖੋਜਾਰਥੀ ਅਤੇ ਵਿਦਵਾਨ ਇਹਨਾਂ ਕੜੀਆਂ ਨੂੰ ਜੋੜਨ ਲਈ ਆਪਣੀ ਸੂਝ-ਬੂਝ, ਅਨੁਮਾਨ ਅਤੇ ਸਰਵ ਸਹਿਮਤੀ/ਪ੍ਰਮਾਣਤਾ ਤੋਂ ਕੰਮ ਲੈਂਦੇ ਹਨ। ਡਾ. ਤਰਲੋਕ ਸਿੰਘ ਆਨੰਦ ਦਾ ਵਿਚਾਰ ਹੈ ਕਿ:

> *ਵੀਹਵੀਂ ਸਦੀ ਦੇ ਪ੍ਰਾਰੰਭ ਤੋਂ ਪਹਿਲਾਂ ਪੰਜਾਬੀ ਵਿੱਚ ਇੱਕ ਦੀਰਘਕਾਲੀ ਕਾਵਿ-ਪਰੰਪਰਾ ਮੌਜੂਦ ਸੀ। ਇਹ ਕਾਵਿ-ਪਰੰਪਰਾ ਮੂਲ ਰੂਪ ਵਿੱਚ ਧਾਰਮਿਕ ਅਤੇ ਅਧਿਆਤਮਿਕ ਸਰੋਕਾਰਾਂ ਨਾਲ ਸੰਬੰਧਿਤ ਰਹੀ ਹੈ।* (ਡਾ.ਅੰਮ੍ਰਿਤਪਾਲ ਕੌਰ (ਸੰਪਾ), *ਵੀਹਵੀਂ ਸਦੀ ਦੀ ਪੰਜਾਬੀ ਕਵਿਤਾ* 1)

ਦਰਅਸਲ ਪੰਜਾਬ ਉਹ ਖਿੱਤਾ ਹੈ, ਜਿਥੇ ਕਈ ਮਹਾਨ ਰਿਸ਼ੀਆਂ ਮੁਨੀਆਂ, ਜੋਗੀਆਂ, ਪੀਰਾਂ, ਫਕੀਰਾਂ, ਗੁਰੂ ਸਾਹਿਬਾਨਾਂ ਅਤੇ ਪੈਗੰਬਰਾਂ ਨੇ ਜਨਮ ਲਿਆ ਹੈ। ਇਸੇ ਧਰਤੀ ’ਤੇ ਹੀ ਦੁਨੀਆ ਦੇ ਸਭ ਤੋਂ ਪੁਰਾਣੇ ਗ੍ਰੰਥ ਰਿਗਵੇਦ ਦੀ ਰਚਨਾ ਹੋਣ ਦੇ ਪ੍ਰਮਾਣ ਵੀ ਮਿਲਦੇ ਹਨ। ਪੰਜਾਬ ਦਾ ਖੇਤਰ ਹਰ ਪੱਖ ਤੋਂ ਹੀ ਉੱਤਮ ਰਿਹਾ ਹੈ ਅਮੀਰ ਵਿਰਾਸਤ, ਉਪਜਾਊ ਭੂਮੀ, ਬੇਹਤਰ ਜਲਵਾਯੂ ਅਤੇ ਪੌਣ-ਪਾਣੀ, ਆਰਥਿਕ ਖੁਸ਼ਹਾਲੀ ਅਤੇ ਭਾਵੇਂ ਗੱਲ ਉਪਜੀਵੀਕਾ ਕਮਾਉਣ ਦੇ ਅਨੁਕੂਲਣ ਦੀ ਹੋਵੇ। ਇਹਨਾਂ ਉਪਰੋਕਤ ਕਾਰਨਾਂ ਕਰਕੇ ਹੀ ਪੰਜਾਬ ਖਿੱਤੇ ਨੂੰ ਮੁੱਢ ਤੋਂ ਹੀ ਲਗਾਤਾਰ ਵਿਦੇਸ਼ੀ ਹਮਲਾਵਰਾਂ ਦਾ ਸਾਹਮਣਾ ਕਰਨਾ ਪਿਆ ਹੈ। ਇਹ ਹਮਲੇ ਲੰਬੇ ਅਰਸੇ ਤੱਕ ਪੰਜਾਬ ਦੇ ਖੇਤਰ ਨੂੰ ਆਪਣਾ ਸ਼ਿਕਾਰ ਬਣਾਉਂਦੇ ਰਹੇ। ਇਹਨਾਂ ਹਮਲਿਆਂ ਨੇ ਪੰਜਾਬੀ ਖੇਤਰ ਦੀ ਭਾਸ਼ਾ, ਸਾਹਿਤ ਅਤੇ ਹੋਰ ਕਲਾਵਾਂ ’ਤੇ ਬਹੁਤ ਡੂੰਘਾ ਅਤੇ ਬੁਰਾ ਪ੍ਰਭਾਵ ਪਾਇਆ। ਅਮੀਰ ਵਿਰਾਸਤ ਦੀਆਂ ਕਈ ਉੱਚ ਕੋਟੀ ਦੀਆਂ ਸਾਹਿਤਕ ਰਚਨਾਵਾਂ, ਕਲਾਵਾਂ ਨੂੰ ਬਹੁਤ ਢਾਹ ਲੱਗੀ, ਜਿਸ ਨਾਲ ਇਹਨਾਂ ਵਿਚੋਂ ਕਈ ਨਸ਼ਟ ਹੋ ਗਈਆਂ ਅਤੇ ਕਈ ਕਲਾਵਾਂ ਦਾ ਪਤਨ ਹੋ ਗਿਆ। ਵਿਦਵਾਨ ਪਿਆਰ ਸਿੰਘ ਪੰਜਾਬੀ ਭਾਸ਼ਾ ਦੇ ਸਾਹਿਤ ਦੇ ਨਿਕਾਸ ਸੰਬੰਧੀ ਟਿੱਪਣੀ ਕਰਦੇ ਲਿਖਦੇ ਹਨ:

> *ਸੰਸਕ੍ਰਿਤ ਤੋਂ ਪਾਲੀ ਅਤੇ ਪ੍ਰਕਿਰਤਾਂ ਤੋਂ ਅਪਭ੍ਰੰਸ਼ ਤੱਕ ਦਾ ਸਾਹਿਤ ਨਾ ਦੇ ਬਰਾਬਰ ਹੀ ਸਾਡੇ ਹੱਥ ਪਹੁੰਚਿਆ ਹੈ।* (*ਪੰਜਾਬੀ ਕਵਿਤਾ ਪਰੰਪਰਾ ਅਤੇ ਵਿਕਾਸ 7*)

ਦੁਨੀਆਂ ਦੀ ਹਰੇਕ ਭਾਸ਼ਾ ਵਾਂਗ ਪੰਜਾਬੀ ਭਾਸ਼ਾ ਦੇ ਸਾਹਿਤ ਦਾ ਜਨਮ ਵੀ 'ਪਦ' ਭਾਵ 'ਕਾਵਿ' (ਕਵਿਤਾ) ਰੂਪ ਵਿੱਚ ਹੀ ਹੋਇਆ ਕਿਉਂਕਿ ਕੋਈ ਵੀ ਭਾਸ਼ਾ ਜਾਂ ਬੋਲੀ ਪੈਦਾ ਹੋਣ ਸਾਰ ਹੀ ਨਿਪੁੰਨ ਜਾਂ ਉੱਤਮ ਨਹੀਂ ਹੋ ਸਕਦੀ। ਭਾਸ਼ਾ ਜਾਂ ਬੋਲੀ ਦਾ ਸੰਪੂਰਨ ਵਿਕਸਤ ਹੋਣਾ ਇੱਕ ਨਿਰੰਤਰ ਅਤੇ ਲੰਮੇਰੀ ਪ੍ਰਕਿਰਿਆ ਹੈ, ਜਿਸ ਉਪਰੰਤ ਹੀ ਕੋਈ ਭਾਸ਼ਾ 'ਗਦ' ਰਚਨਾਵਾਂ ਸਿਰਜਣ ਦੇ ਅਨੁਕੂਲ ਹੋ ਸਕਦੀ ਹੈ ਭਾਵ ਦਲੀਲ ਅਤੇ ਬੌਧਿਕਤਾ ਦਾ ਪ੍ਰਤੱਖਣ ਕਰਵਾ ਸਕਦੀ ਹੈ, ਜੋ 'ਗਦ' ਸਿਰਜਣਾ ਲਈ ਲਾਜ਼ਮੀ ਤੱਤ ਹਨ। ਹੁਣ ਪ੍ਰਸ਼ਨ ਉੱਠਦਾ ਹੈ ਕਿ, ਪੰਜਾਬੀ ਸਾਹਿਤ ਦਾ ਮੁੱਢ ਕਦੋਂ ਬੱਝਿਆ?, ਪੰਜਾਬੀ ਸਾਹਿਤ ਦਾ ਨਿਕਾਸ ਕਦੋਂ ਹੋਇਆ?, ਪੰਜਾਬੀ ਸਾਹਿਤ ਦੀਆਂ ਮੁੱਢਲੀਆਂ ਪ੍ਰਮਾਣਿਕ ਰਚਨਾਵਾਂ ਕਿਹੜੀਆਂ ਹਨ ਅਤੇ ਕਦੋਂ ਤੇ ਕਿਸ ਦੁਆਰਾ

ਰਚੀਆਂ ਗਈਆਂ? ਇਹਨਾਂ ਪ੍ਰਸ਼ਨਾਂ ਦੇ ਹੱਲ ਲਈ ਇਤਿਹਾਸਕਾਰਾਂ, ਵਿਦਵਾਨਾਂ ਅਤੇ ਖੋਜਾਰਥੀਆਂ ਦੇ ਵਿਚਾਰਾਂ ਵਿੱਚ ਕਾਫ਼ੀ ਮਤ-ਭੇਦ ਪਾਏ ਜਾਂਦੇ ਹਨ। ਇਹਨਾਂ ਮਤ-ਭੇਦਾਂ ਦਾ ਕਾਰਨ ਵਿਦੇਸ਼ੀ ਹਮਲਾਵਰਾਂ ਦੁਆਰਾ ਲਗਾਤਾਰ ਲੰਮੇਰੇ ਸਮੇਂ ਤੱਕ ਮਚਾਈ ਉਥਲ-ਪੁਥਲ ਹੀ ਹੈ, ਜਿਸ ਦਾ ਜ਼ਿਕਰ ਉੱਪਰ ਕੀਤਾ ਹੈ। ਇਤਿਹਾਸਕਾਰਾਂ ਅਤੇ ਖੋਜਾਰਥੀਆਂ ਨੇ ਆਪਣੇ ਅਣਥੱਕ ਯਤਨਾਂ, ਮਿਹਨਤ, ਸੂਝ ਅਤੇ ਬੂਝ ਨਾਲ ਕਾਫ਼ੀ ਹੱਦ ਤੱਕ ਗੁਆਚੀਆਂ ਕੜੀਆਂ ਨੂੰ ਜੋੜਿਆ ਹੈ ਅਤੇ ਪੰਜਾਬੀ ਭਾਸ਼ਾ ਦਾ ਜਨਮ, ਨਿਕਾਸ ਅਤੇ ਵਿਕਾਸ ਅਤੇ ਪੰਜਾਬੀ ਭਾਸ਼ਾ ਦੀਆਂ ਮੁੱਢਲੀਆਂ ਰਚਨਾਵਾਂ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਹੈ।

ਪੰਜਾਬੀ ਸਾਹਿਤ ਦੇ ਮੁੱਢ ਬਾਰੇ ਵਿਦਵਾਨਾਂ ਵਿੱਚ ਕਾਫ਼ੀ ਮਤ-ਭੇਦ ਹਨ। ਆਰੰਭ ਵਿੱਚ ਪੰਜਾਬੀ ਸਾਹਿਤ ਬਾਰੇ ਇਹ ਹੀ ਵਿਚਾਰ ਪ੍ਰਚੱਲਿਤ ਸੀ ਕਿ ਅਸਲ ਵਿੱਚ *'ਗੁਰੂ ਨਾਨਕ ਦੇਵ ਜੀ ਬਾਣੀ ਤੋਂ ਹੀ ਪੰਜਾਬੀ ਸਾਹਿਤ ਦਾ ਆਰੰਭ ਹੋਇਆ ਹੈ। ਇਹ ਵਿਚਾਰ ਸ਼ਾਇਦ ਧਾਰਮਿਕ ਸੰਸਕਾਰਾਂ ਜਾਂ ਇਸ ਬੰਨੇ ਖੋਜ ਦੀ ਘਾਟ ਕਰ ਕੇ ਬਣੇ ਸਨ। ਬਾਬਾ ਫ਼ਰੀਦ ਸ਼ਕਰਗੰਜ (1173-1266 ਈ.)ਦੀ ਬਾਣੀ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ, ਬਾਰੇ ਵੀ ਇਹ ਹੀ ਕਿਹਾ ਜਾਂਦਾ ਹੈ ਕਿ ਇਹ ਬਾਣੀ ਅਸਲ ਵਿੱਚ ਸ਼ੇਖ ਬ੍ਰਹਮ (1450ਈ. ਤੋਂ 1575 ਦੇ ਵਿੱਚਕਾਰ ਹੋਈ) ਦੀ ਹੈ।'* (ਪ੍ਰਮਿੰਦਰ ਸਿੰਘ, ਕਿਰਪਾਲ ਸਿੰਘ ਕਸੇਲ ਅਤੇ ਗੋਬਿੰਦ ਸਿੰਘ ਲਾਂਬਾ, *ਪੰਜਾਬੀ ਸਾਹਿਤ ਦੀ ਉਤਪੱਤੀ ਤੇ ਵਿਕਾਸ* 17) ਪ੍ਰੰਤੂ ਕੁਝ ਵਿਦਵਾਨ ਇਸ ਵਿਚਾਰ ਨਾਲ ਸਹਿਮਤ ਨਹੀਂ ਸਨ। ਉਹ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਨੂੰ ਬਾਬਾ ਫਰੀਦ ਜੀ ਦੀ ਹੀ ਮੰਨਦੇ ਹਨ ਅਤੇ *ਪੰਜਾਬੀ ਸਾਹਿਤ ਦਾ ਮੁੱਢ ਮੁਸਲਮਾਨਾਂ ਦੇ ਆਉਂਣ ਨਾਲ ਬੱਝਾ* '(17)ਮੰਨਦੇ ਹਨ। ਇਸ ਗੱਲ ਦੀ ਪੁਸ਼ਟੀ ਤੋਂ ਉਪਰੰਤ ਇਹ ਸਵਾਲ ਉੱਠਦਾ ਹੈ 'ਬਾਬਾ ਫ਼ਰੀਦ ਜੀ ਤੋਂ ਪਹਿਲਾਂ ਵੀ ਪੰਜਾਬੀ ਸਾਹਿਤ ਮੌਜੂਦ ਸੀ?' ਇਸ ਪ੍ਰਸ਼ਨ ਦੇ ਹੱਲ ਲਈ ਵਿਦਵਾਨਾਂ ਦਾ ਤਰਕ ਸੀ ਕਿ ਪੰਜਾਬੀ ਭਾਸ਼ਾ ਅਤੇ ਸਾਹਿਤ ਬਾਬਾ ਫ਼ਰੀਦ ਜੀ ਦੇ ਸਮੇਂ 11ਵੀਂ 12ਵੀਂ ਸਦੀ ਵਿੱਚ ਅਚਾਨਕ ਪੈਦਾ ਨਹੀਂ ਹੋਏ ਸਨ। ਹਰ ਭਾਸ਼ਾ ਆਪਣੇ ਨਿਕਾਸ ਅਤੇ ਵਿਕਾਸ ਦੀ ਇੱਕ ਲੰਮੇਰੀ ਪ੍ਰਕਿਰਿਆ ਵਿਚੋਂ ਲੰਘਦੀ ਹੈ। ਇਸੇ ਤਰ੍ਹਾਂ ਪੰਜਾਬੀ ਭਾਸ਼ਾ ਵੀ ਹੌਲੀ-ਹੌਲੀ ਹੋਏ ਵਿਕਾਸ ਦਾ ਹੀ ਸਿੱਟਾ ਹੈ। ਇਹ ਕਈ ਪੜਾਵਾਂ ਵਿਚੋਂ ਲੰਘ ਕੇ ਆਪਣੇ ਇਸ ਮੁਕਾਮ ਤੱਕ ਪਹੁੰਚੀ ਹੋਵੇਗੀ ਤਾਂ

ਹੀ ਬਾਬਾ ਫ਼ਰੀਦ ਜੀ ਨੇ ਪੰਜਾਬੀ ਭਾਸ਼ਾ ਵਿੱਚ ਉਤਕ੍ਰਿਸ਼ਟ ਪੰਜਾਬੀ ਸਾਹਿਤ ਦੀ ਰਚਨਾ ਕੀਤੀ ਹੈ। ਬਾਬਾ ਫ਼ਰੀਦ ਜੀ ਤੋਂ ਪਹਿਲਾਂ ਪੰਜਾਬੀ ਸਾਹਿਤ ਦੇ ਮੌਜੂਦ ਹੋਣ ਦੇ ਪ੍ਰਮਾਣਾਂ ਦੀ ਖੋਜ-ਬੀਨ ਵਿੱਚ ਜੁਟੇ ਇਤਿਹਾਸਕਾਰਾਂ ਅਤੇ ਵਿਦਵਾਨਾਂ ਨੇ ਜੋਗੀਆਂ ਅਤੇ ਸਿੱਧਾਂ ਦੀ ਬਾਣੀ ਪੇਸ਼ ਕੀਤੀ। ਇਸੇ ਪਰਿਪੇਖ ਵਿੱਚ ਡਾ.ਮੋਹਨ ਸਿੰਘ ਟਿੱਪਣੀ ਕਰਦੇ ਲਿਖਦੇ ਹਨ:

> *ਪੰਜਾਬੀ ਸਾਹਿਤ, ਅੱਠਵੀਂ ਨੌਵੀਂ ਸਦੀ ਵਿੱਚ ਲਿਖਿਆ ਜਾਣ ਲੱਗ ਪਿਆ ਸੀ ਅਤੇ ਪਹਿਲੇ ਸਾਹਿਤਕਾਰ ਨਾਥ ਜੋਗੀ ਸਨ।* (17)

ਮੁੱਖ ਰੂਪ ਵਿੱਚ ਪੰਜਾਬੀ ਸਾਹਿਤ ਅਤੇ ਕਵਿਤਾ ਦਾ ਜਨਮ ਨਾਥਾਂ ਜੋਗੀਆਂ ਦੇ ਸਾਹਿਤ ਨਾਲ ਹੀ ਹੋਇਆ ਮੰਨਿਆ ਜਾਂਦਾ ਹੈ। '*ਗੁਰੂ ਸਾਹਿਬਾਨਾਂ ਤੋਂ ਪਹਿਲਾਂ ਪੰਜਾਬ ਵਿੱਚ ਗੋਰਖ ਨਾਥ ਅਤੇ ਉਸ ਦੇ ਚੇਲਿਆਂ ਦਾ ਬੋਲਬਾਲਾ ਸੀ*' (ਸ.ਸ. ਅਮੋਲ, *ਪੁਰਾਤਨ ਪੰਜਾਬੀ ਕਾਵਿ ਦਾ ਵਿਕਾਸ* 41) ਨਾਥ ਜੋਗੀ ਅੱਠਵੀਂ-ਨੌਵੀ ਸਦੀ ਦੌਰਾਨ ਉੱਤਰ-ਪੱਛਮੀ ਭਾਰਤੀ ਜੰਗਲਾਂ ਵਿੱਚ ਵਸਦੇ ਰਹੇ ਸਨ। ਪੰਜਾਬ ਅਤੇ ਰਾਜਸਥਾਨ ਨੂੰ ਨਾਥ ਜੋਗੀਆਂ ਦਾ ਮੂਲ ਕੇਂਦਰ ਮੰਨਿਆ ਗਿਆ ਹੈ। ਨਾਥ ਜੋਗੀ ਕਰਮ-ਕਾਂਡਾਂ, ਜੋਗ, ਸਿੱਧੀ, ਤਿਆਗ ਅਤੇ ਨਾਰੀ ਵਿਰੋਧੀ ਸਨ। ਨਾਥਾਂ ਜੋਗੀਆਂ ਵਿਚੋਂ ਗੋਰਖ ਨਾਥ ਨੂੰ ਸਭ ਤੋਂ ਮਹਾਨ ਜੋਗੀ ਮੰਨਿਆ ਜਾਂਦਾ ਹੈ। ਨਾਥ ਜੋਗੀ ਪ੍ਰੰਪਰਾ ਵਿੱਚ ਗੋਰਖ ਨਾਥ ਤੋਂ ਇਲਾਵਾ ਚਰਪਟ ਨਾਥ, ਚੌਰੰਗੀ ਨਾਥ, ਰਤਨ ਨਾਥ, ਗੋਪੀ ਚੰਦ ਆਦਿ ਪ੍ਰਸਿੱਧ ਨਾਥ ਜੋਗੀ ਹੋਏ ਹਨ। ਇਸੇ ਸੰਦਰਭ ਵਿੱਚ ਪ੍ਰੋ. ਮੋਹਨ ਸਿੰਘ ਦਾ ਨਾਥਾਂ ਜੋਗੀਆਂ ਦੀ ਭਾਸ਼ਾ ਪ੍ਰਤੀ ਕਹਿਣਾ ਹੈ ਕਿ:

> *ਨਾਥਾਂ ਜੋਗੀਆਂ ਦੀ ਬੋਲੀ ਉਸ ਸਮੇਂ ਦੀਆਂ ਬੋਲੀਆਂ ਦਾ ਮਿਸ਼ਰਣ ਸੀ, ਜਿਸ ਵਿੱਚ ਸੰਸਕ੍ਰਿਤ, ਹਿੰਦੀ ਅਤੇ ਕੁਝ ਅੱਖਰ ਪੰਜਾਬੀ ਦੇ ਸ਼ਾਮਿਲ ਸਨ।*
>
> (ਪਿਆਰ ਸਿੰਘ, *ਪੰਜਾਬੀ ਕਵਿਤਾ ਪਰੰਪਰਾ ਅਤੇ ਵਿਕਾਸ* 7)

ਕਈ ਭਾਸ਼ਾਵਾਂ ਦਾ ਮਿਲਗੋਭਾ ਹੋਣ ਕਾਰਨ ਅਤੇ ਸੰਪੂਰਨ ਤੌਰ ’ਤੇ ਪੰਜਾਬੀ ਨਾ ਹੋਣ ਕਾਰਨ ਕਈ ਵਿਦਵਾਨ ਨਾਥਾਂ ਜੋਗੀਆਂ ਦੀਆਂ ਰਚਨਾਵਾਂ ਦੀ ਇਸ ਭਾਸ਼ਾ ਨੂੰ ਪੰਜਾਬੀ ਮੰਨਣ ਤੋਂ ਇਨਕਾਰ ਕਰਦੇ ਹਨ। ਨਾਥਾਂ ਜੋਗੀਆਂ ਅਤੇ ਸਿੱਧਾਂ ਤੋਂ ਬਾਅਦ ਸ਼ੇਖ ਫ਼ਰੀਦ ਜੀ ਦੀ ਬਾਣੀ ਮਿਲਦੀ ਹੈ। ਸ਼ੇਖ ਫ਼ਰੀਦ ਜੀ ਨੂੰ ਪ੍ਰਮਾਣਿਕ ਤੌਰ ’ਤੇ ਪਹਿਲੇ ਪੰਜਾਬੀ ਸੂਫ਼ੀ ਕਵੀ ਮੰਨਿਆ ਗਿਆ ਹੈ। ਇਸ ਪ੍ਰਸੰਗ ਵਿੱਚ ਜਗਬੀਰ ਸਿੰਘ ਨੇ ਆਖਿਆ ਹੈ ਕਿ “*ਸ਼ੇਖ ਫ਼ਰੀਦ ਮੂਲ ਰੂਪ ਵਿੱਚ ਪੰਜਾਬੀ ਸੂਫ਼ੀ ਸ਼ਾਇਰੀ ਦੇ ਮੋਢੀ ਹਨ।*” (*ਗੁਰਮਤਿ ਕਾਵਿ ਦਾ ਇਤਿਹਾਸ* 94) ਪੁਸਤਕ 'ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ' ਵਿੱਚ ਪ੍ਰਮਿੰਦਰ ਸਿੰਘ, ਕਿਰਪਾਲ ਸਿੰਘ ਕਸੇਲ ਅਤੇ ਗੋਬਿੰਦ ਸਿੰਘ ਲਾਂਬਾ ਦੇ ਵਿਚਾਰ ਅਨੁਸਾਰ ‘*ਬਾਬਾ ਫ਼ਰੀਦ ਜੀ ਦੀ ਰਚਨਾ ਬਹੁਤ ਪੁਰਾਣੀ ਅਤੇ ਪੰਜਾਬੀ ਸਾਹਿਤ ਦੀਆਂ ਪਹਿਲੀਆਂ ਰਚਨਾਵਾਂ ਵਿੱਚੋਂ ਹੋਣ ਕਰਕੇ ਖ਼ਾਸ ਮਹਾਨਤਾ ਰੱਖਦੀ ਹੈ। ਠੇਠ ਪੰਜਾਬੀ ਵਿੱਚ ਇਹ ਪਹਿਲੀ ਲਿਖਤੀ ਰਚਨਾ ਹੈ।* ’ (*ਪੰਜਾਬੀ ਸਾਹਿਤ ਦੀ ਉਤਪੱਤੀ ਤੇ ਵਿਕਾਸ* 45) ਇਹਨਾਂ ਦੀ ਪੰਜਾਬੀ ਰਚਨਾ ਦਾ ਪ੍ਰਮਾਣਿਕ ਸੰਕਲਨ ਆਦਿ ਗ੍ਰੰਥ ਵਿੱਚ ਹੀ ਮਿਲਦਾ ਹੈ। ਇਸ ਗ੍ਰੰਥ ਵਿੱਚ ਫ਼ਰੀਦ ਜੀ ਦੇ 112 ਸ਼ਲੋਕ ਅਤੇ 4 ਸ਼ਬਦ ਸ਼ਾਮਿਲ ਹਨ। ਸੂਫ਼ੀ ਪ੍ਰੰਪਰਾ ਵਿੱਚ ਬਾਬਾ ਫ਼ਰੀਦ ਜੀ (1173-1266) ਉਪਰੰਤ ਸ਼ਾਹ ਹੁਸੈਨ (1539-1600), ਸ਼ਾਹ ਸ਼ਰਫ਼ਬਟਾਲਵੀ (1640-1724), ਸੁਲਤਾਨ ਬਾਹੂ (1629-1691), ਬੁੱਲੇ ਸ਼ਾਹ (1680-1759), ਹੈਦਰ ਅਲੀ (1690-1785) ਆਦਿ ਹੋਰ ਪੰਜਾਬੀ ਸੂਫ਼ੀ ਕਵੀ ਹੋਏ ਸਨ।

ਮੁੱਢਲੀ ਪੰਜਾਬੀ ਕਵਿਤਾ ਵਿੱਚ ਸੂਫ਼ੀ ਕਾਵਿ ਪ੍ਰਵਿਰਤੀ ਦੇ ਨਾਲ-ਨਾਲ ਭਗਤ ਬਾਣੀ ਵੀ ਚਲਦੀ ਰਹੀ। ਪੰਜਾਬੀ ਸਾਹਿਤ ਵਿੱਚ ਭਗਤ ਕਵੀਆਂ ਦਾ ਕਾਫ਼ੀ ਮਹੱਤਵਪੂਰਨ ਅਤੇ ਵਿਸ਼ੇਸ਼ ਸਥਾਨ ਹੈ। ਭਾਰਤ ਵਿੱਚ ਭਗਤੀ ਲਹਿਰ ਦਾ ਆਰੰਭ ਦੱਖਣੀ ਭਾਰਤ ਵਿੱਚ ਹੋਇਆ। ‘*ਭਗਤੀ ਦਾ ਮੁੱਢ ਹੀ ਅਸਲੋਂ ਨਿੱਜ ਧਰਮ ਦੀ ਪਾਲਣਾ ਨਾਲ ਬੱਝਦਾ ਹੈ।* ’ (ਲਾਲ ਸਿੰਘ (ਪ੍ਰਕਾਸ਼ਕ), *ਭਗਤੀ ਕਾਵਿ* 56) ਰਾਜਸੀ ਅਤੇ ਸਮਾਜੀ ਲੋੜਾਂ ਅਨੁਸਾਰ ਵੱਖ-ਵੱਖ ਸਮੇਂ ’ਤੇ ਭਾਰਤ ਵਿੱਚ ਹਿੰਦੂ ਮਤ, ਬੁੱਧ ਮੱਤ ਅਤੇ ਜੈਨ ਮੱਤ ਧਰਮਾਂ ਦਾ ਉਥਾਨ ਹੋਇਆ। ਇਹਨਾਂ ਧਰਮਾਂ ਵਿੱਚ ਕੁਰੀਤੀਆਂ ਆਉਣ ਕਾਰਨ ਅਤੇ ਵਧ ਰਹੇ ਇਸਲਾਮੀ ਪ੍ਰਭਾਵ ਦੇ ਡਰ ਤੋਂ

ਸੁਧਾਰਕ ਲਹਿਰਾਂ ਦਾ ਉਥਾਨ ਹੋਇਆ। ਭਗਤੀ ਲਹਿਰ ਦਾ ਉਥਾਨ ਹੀ ਧਰਮ ਸੁਧਾਰ ਲਈ ਹੋਇਆ। '*ਇਸ ਲਹਿਰ ਦੀਆਂ ਜੜ੍ਹਾਂ ਭਾਵੇਂ ਪੁਰਾਣੇ ਸਮੇਂ ਤੱਕ ਜਾ ਪੁੱਜਦੀਆਂ ਹਨ, ਪ੍ਰੰਤੂ ਇਸ ਦਾ ਮੋਢੀ ਰਾਮਾਨੰਦ ਨੂੰ ਹੀ ਮੰਨਿਆ ਜਾਂਦਾ ਹੈ। ਵਲਭ-ਅਚਾਰੀਆਂ ਤੇ ਮਾਧਵ ਵੀ ਮੋਢੀਆਂ ਵਿਚੋਂ ਹੀ ਹਨ।*' (ਪ੍ਰਮਿੰਦਰ ਸਿੰਘ, ਕਿਰਪਾਲ ਸਿੰਘ ਕਸੇਲ ਅਤੇ ਗੋਬਿੰਦ ਸਿੰਘ ਲਾਂਬਾ, *ਪੰਜਾਬੀ ਸਾਹਿਤ ਦੀ ਉਤਪੱਤੀ ਤੇ ਵਿਕਾਸ* 51) ਇਸ ਤੋਂ ਇਲਾਵਾ ਜੈ-ਦੇਵ, ਤ੍ਰਿਲੋਚਨ, ਭਗਤ ਧੰਨਾ, ਨਾਮਦੇਵ, ਬੈਣੀ, ਸਧਨਾ, ਭਗਤ ਰਵਿਦਾਸ ਅਤੇ ਭਗਤ ਕਬੀਰ ਆਦਿ ਹੋਰ ਵੀ ਭਗਤ ਹਨ, ਜਿਨ੍ਹਾਂ ਨੇ ਮੁੱਢਲੀ ਪੰਜਾਬੀ ਕਵਿਤਾ ਦਾ ਸਰੂਪ ਸਿਰਜਿਆ। ਜਿਸ ਉਪਰੰਤ ਗੁਰਮਿਤ-ਕਾਵਿ ਇੱਕ ਅਹਿਮ ਕਾਵਿ-ਧਾਰਾ ਵੱਜੋਂ ਮੁੱਢਲੇ ਪੰਜਾਬੀ ਕਾਵਿ-ਧਾਰਾ ਵਿੱਚ ਸ਼ਾਮਿਲ ਹੋਈ। ਕਾਵਿ ਦੀਆਂ ਵੱਖ-ਵੱਖ ਪ੍ਰਵਿਰਤੀਆਂ ਵਿਚੋਂ ਗੁਰਮਤਿ-ਕਾਵਿ ਦੀ ਮਹੱਤਵਪੂਰਨ ਵਿਸ਼ੇਸ਼ਤਾ ਇਹ ਹੈ ਕਿ ਇਹ ਨਿਰੋਲ ਕਵਿਤਾ ਨਾ ਹੋ ਕੇ ਸ਼ੁੱਧ ਧਾਰਮਿਕ ਕਵਿਤਾ ਦੀ ਵੰਨਗੀ ਹੈ। ਗੁਰਮਤਿ ਕਾਵਿ ਸਮੁੱਚੇ ਭਾਰਤੀ ਸਾਹਿਤ ਦੀ ਗੌਰਵਮਈ ਵਿਰਾਸਤ ਹੈ ਜਿਸ ਦੇ ਅੰਤਰਗਤ ਅਧਿਆਤਮਕ ਤੇ ਵੱਡ-ਮੁੱਲੇ ਵਿਚਾਰਾਂ ਨੂੰ ਕਵਿਤਾ ਦੇ ਰੂਪ ਵਿੱਚ ਦ੍ਰਿਸ਼ਟੀ-ਗੋਚਰ ਕੀਤਾ ਗਿਆ ਹੈ। ਡਾ. ਜਗਬੀਰ ਸਿੰਘ ਦਾ ਮੰਨਣਾ ਹੈ ਕਿ ਵਾਸਤਵ ਵਿੱਚ 'ਕਵਿਤਾ' ਦਾ ਵਿਧਾਨ 'ਧਰਮ' ਤੋਂ ਵੱਖਰਾ ਹੈ ਇਸੇ ਸੰਦਰਭ ਵਿੱਚ ਉਹ ਲਿਖਦੇ ਹਨ:

> *ਕਵਿਤਾ ਅਤੇ ਧਰਮ ਮਾਨਵ ਜੀਵਨ ਦੇ ਵੱਖੋ-ਵੱਖਰੇ ਰੂਪ ਵਿਧਾਨ ਹਨ। ਜਦੋਂ ਕਿ ਧਰਮ ਦਾ ਮੂਲ ਪ੍ਰਯੋਜਨ ਯਥਾਰਥ ਵਿਚੋਂ ਪਰਮਾਰਥ ਦੀ ਖੋਜ ਕਰਨਾ ਹੈ। ਬਾਣੀ ਇਹਨਾਂ ਦੋਹਾਂ ਜੀਵਨ ਦ੍ਰਿਸ਼ਟੀਆਂ ਨੂੰ ਮਿਲਾਉਣ ਦੀ ਚੇਸ਼ਟਾ ਕਰਦੀ ਹੈ। ਜਿਸ ਦੇ ਫਲਸਰੂਪ ਕਵਿਤਾ ਧਾਰਮਿਕ ਅਰਥ ਗ੍ਰਹਿਣ ਕਰ ਜਾਂਦੀ ਹੈ ਅਤੇ ਧਰਮ ਦਾ ਸਰੂਪ ਕਾਵਿਕ ਅਤੇ ਸਰੋਦੀ ਹੋ ਨਿੱਬੜਦਾ ਹੈ।*
>
> (*ਪੰਜਾਬੀ ਸਾਹਿਤ ਦਾ ਇਤਿਹਾਸ ਆਦਿ ਕਾਲ-ਭਗਤ ਕਾਲ* 56)

ਗੁਰੂ ਨਾਨਕ ਦੇਵ ਜੀ ਦੀਆਂ ਰਚਨਾਵਾਂ ਵਿੱਚ ਭਾਸ਼ਾ ਦੇ ਪੱਖ ਤੋਂ ਜੋ ਪਕਿਆਈ ਹੈ, ਉਹ ਇੱਕ ਲੰਮੀ ਪ੍ਰੰਪਰਾ ਦਾ ਪ੍ਰਤੀਕ ਹੈ ਅਤੇ ਉਸ ਸਮੇਂ ਦੀਆਂ ਵੱਖ-ਵੱਖ ਪ੍ਰਵਿਰਤੀਆਂ ਵਧੇਰੇ ਪ੍ਰਫੁੱਲਤ ਅਤੇ ਪੱਸਰੀਆਂ ਪ੍ਰਤੀਤ ਹੁੰਦੀਆਂ ਹਨ। ਇਸ ਦੌਰ ਤੋਂ ਹੀ ਪੰਜਾਬੀ ਕਾਵਿ ਦਾ ਸੁਨਹਿਰਾ ਦੌਰ ਆਰੰਭ ਹੋ ਗਿਆ। ਗੁਰੂ ਨਾਨਕ ਦੇਵ ਜੀ

(1469-1539) ਨੇ ਇਸ ਨਵੇਂ ਅਧਿਆਇ ਦਾ ਆਰੰਭ ਕੀਤਾ। ਗੁਰੂ ਨਾਨਕ ਦੇਵ ਜੀ ਮਹਾਨ ਸ਼ਖ਼ਸੀਅਤ, ਬੁੱਧੀਮਾਨ, ਫ਼ਿਲਾਸਫਰ, ਭਗਤ, ਕਵੀ, ਆਗੂ, ਅਥਾਹ ਅਨੁਭਵੀ ਅਤੇ ਪੈਗੰਬਰ ਸਨ। ਉਹਨਾਂ ਨੇ ਜਪੁ, ਰਾਗ ਆਸਾ ਪੱਟੀ, ਆਸਾ ਦੀ ਵਾਰ, ਮਾਝ ਦੀ ਵਾਰ, ਮਲ੍ਹਾਰ ਦੀ ਵਾਰ, ਸ਼ਬਦਾਂ, ਅਸ਼ਟਪਦੀਆਂ, ਛੰਦ ਅਤੇ ਸਲੋਕਾਂ ਦੀ ਰਚਨਾ ਕੀਤੀ। ਉਪਰੰਤ ਗੁਰੂ ਸਾਹਿਬਾਨ ਅੰਗਦ ਦੇਵ ਜੀ (1408-1552), ਗੁਰੂ ਅਮਰਦਾਸ ਜੀ (1479-1574), ਗੁਰੂ ਰਾਮਦਾਸ ਜੀ (1534-1581), ਗੁਰੂ ਅਰਜਨ ਦੇਵ ਜੀ (1563-1606) ਅਤੇ ਨੌਵੇ ਗੁਰੂ ਤੇਗ ਬਹਾਦਰ ਜੀ (1621-1675) ਜੀ ਨੇ ਵੱਡਮੁੱਲੀ ਬਾਣੀ ਦੀ ਰਚਨਾ ਕੀਤੀ। ਗੁਰੂ ਅਰਜਨ ਦੇਵ ਜੀ ਨੇ 1601 ਈ. ਤੋਂ 1604 ਈ. ਤੱਕ ਆਦਿ ਗ੍ਰੰਥ ਦੀ ਸੰਪਾਦਨਾ ਕਰਵਾਈ, ਜਿਸ ਵਿੱਚ ਆਪਣੇ ਤੋਂ ਪਹਿਲਾਂ ਦੇ ਗੁਰੂ ਸਾਹਿਬਾਨਾਂ ਦੇ ਨਾਲ ਪੰਦਰਾਂ ਭਗਤਾਂ, ਗਿਆਰਾਂ ਭੱਟਾਂ ਤੇ ਚਾਰ ਗੁਰੂ ਪਿਆਰਿਆਂ ਦੀਆਂ ਰਚਨਾਵਾਂ ਨੂੰ ਸ਼ਾਮਿਲ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਪੰਜਾਬੀ ਭਾਸ਼ਾ ਅਤੇ ਪੰਜਾਬੀ ਸਾਹਿਤ ਲਈ ਇਹ ਵਰਦਾਨ ਸਾਬਿਤ ਹੋਇਆ। ਇਸ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਸੰਕਲਨ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੰਪੂਰਨ 'ਗੁਰੂ' ਦਾ ਦਰਜਾ ਪ੍ਰਦਾਨ ਕੀਤਾ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਨਾਮੀ ਕਵੀ ਹੋਏ ਹਨ, ਜਿਨ੍ਹਾਂ ਦੀ ਬਾਣੀ ਗ੍ਰੰਥ ਸਾਹਿਬ ਵਿੱਚ ਦਰਜ ਨਹੀਂ ਹੈ। ਇਸ ਪ੍ਰਕਾਰ ਸਪਸ਼ਟ ਹੁੰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੋ ਆਪਣੇ ਅਧਿਆਤਮਕ ਕਾਵਿ ਰੂਪ ਦੁਆਰਾ ਸਮੁੱਚੀ ਲੋਕਾਈ ਨੂੰ ਅਜਿਹੇ ਨੈਤਿਕ ਮੁੱਲਾਂ ਨਾਲ ਜੋੜਦੀ ਹੈ, ਜਿਸ ਤੋਂ ਅੱਜ ਮਨੁੱਖ ਵਿਸਰਦਾ ਜਾ ਰਿਹਾ ਹੈ।

ਪੰਜਾਬੀ ਸਾਹਿਤ ਵਿੱਚ ਵਾਰ-ਕਾਵਿ ਦਾ ਪੰਜਾਬ ਦੀ ਭੂਗੋਲਿਕ ਸਥਿਤੀ ਕਾਰਨ ਵਿਸ਼ੇਸ਼ ਸਥਾਨ ਹੈ। ਇਸ ਖਿੱਤੇ ਦੇ ਵਸਨੀਕਾਂ ਨੂੰ ਆਦਿ ਕਾਲ ਤੋਂ ਹੀ ਵਿਦੇਸ਼ੀ ਹੱਲਿਆਂ ਦਾ ਸਾਹਮਣਾ ਕਰਨਾ ਪਿਆ ਹੈ ਜਿਸ ਨਾਲ ਵਾਰ ਸਾਹਿਤ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ। ਇਹ ਪ੍ਰਵਿਰਤੀ ਬੀਰ ਰਸੀ ਕਵਿਤਾ ਦੇ ਨਾਂ ਨਾਲ ਵੀ ਪ੍ਰਚੱਲਿਤ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਵਾਰ' ਦਾ ਅਰਥ ਹੈ '*ਯੁੱਧ ਸੰਬੰਧੀ ਕਾਵਯ*' (*ਮਹਾਨ ਕੋਸ਼* 3567), '*ਵਾਰਾਂ ਵਿੱਚ ਯੋਧਿਆਂ ਦੀ ਸੂਰਬੀਰਤਾ ਤੇ ਬਹਾਦਰੀ ਦਾ ਜਸ ਗਾਇਆ ਜਾਂਦਾ ਹੈ।*' (ਪਿਆਰ ਸਿੰਘ, *ਪੰਜਾਬੀ ਕਵਿਤਾ ਪਰੰਪਰਾ ਅਤੇ ਵਿਕਾਸ* 9) ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਦੀਆਂ

ਵਾਰਾਂ ਦੀ ਕੋਈ ਜ਼ਿਆਦਾ ਜਾਣਕਾਰੀ ਨਹੀਂ ਮਿਲਦੀ। *'ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਹੀ ਸਾਨੂੰ ਪੂਰਬ ਗੁਰੂ ਨਾਨਕ ਕਾਲ ਦੀਆਂ 6 ਵਾਰਾਂ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ ਅਤੇ ਤਿੰਨ ਵਾਰਾਂ ਉੱਤਰ ਨਾਨਕ ਕਾਲ ਦੀਆਂ ਹਨ ਜਿਨ੍ਹਾਂ ਦੇ ਆਧਾਰ 'ਤੇ ਹੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 22 ਵਾਰਾਂ ਵਿਚੋਂ 9 ਵਾਰਾਂ ਨੂੰ ਪੁਰਾਤਨ 9 ਵਾਰਾਂ ਦੀਆਂ ਧੁਨੀਆਂ ਤੇ ਗਾਉਣ ਦਾ ਆਦੇਸ਼ ਹੈ।'* (ਪ੍ਰਮਿੰਦਰ ਸਿੰਘ, ਕਿਰਪਾਲ ਸਿੰਘ ਕਸੇਲ ਅਤੇ ਗੋਬਿੰਦ ਸਿੰਘ ਲਾਂਬਾ, *ਪੰਜਾਬੀ ਸਾਹਿਤ ਦੀ ਉਤਪੱਤੀ ਤੇ ਵਿਕਾਸ* 58) ਰਾਇ ਕਮਾਲ ਮਉਜ ਦੀ ਵਾਰ, ਵਾਰ ਟੁੰਡੇ ਅਸਰਾਜੇ ਦੀ, ਵਾਰ ਸਿਕੰਦਰ ਇਬਰਾਹੀਮ ਦੀ, ਰਾਇ ਹਸਨੇ ਮਹਿਮੇ ਦੀ ਵਾਰ, ਲੱਲਾ ਬਹਿਲੀਮਾ ਦੀ ਵਾਰ, ਮੂਸੇ ਦੀ ਵਾਰ, ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਦੀ ਵਾਰ, ਜੋਧੇ ਵੀਰ ਪੂਰਵਾਣੀ ਦੀ ਵਾਰ, ਰਾਣੇ ਕੈਲਾਸ਼ ਅਤੇ ਮਾਲਦੇਵ ਦੀ ਵਾਰ। ਭਾਈ ਗੁਰਦਾਸ ਜੀ ਦੀਆਂ 39 ਵਾਰਾਂ ਅਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ 'ਚੰਡੀ ਦੀ ਵਾਰ' ਦਾ ਸੰਕਲਨ ਹੋਇਆ, ਇਸ ਤੋਂ ਇਲਾਵਾਂ ਹੋਰ ਕਈ ਵਾਰਾਂ ਪੰਜਾਬੀ ਸਾਹਿਤ ਵਿੱਚ ਮੌਜੂਦ ਹਨ।

ਵਾਰ ਸਾਹਿਤ ਦੇ ਨਾਲ ਸਾਹਿਤ ਦਾ ਰੁਝਾਨ ਅਲੌਕਿਕ ਤੋਂ ਲੌਕਿਕ ਸੰਸਾਰ ਵੱਲ ਵਧਿਆ। ਦੁਨਿਆਵੀ ਸਰੋਕਾਰਾਂ ਦੀ ਸ਼ਾਮੂਲਿਅਤ ਹੋਈ ਜਿਸ ਨਾਲ ਕਿੱਸਾ-ਕਾਵਿ ਦਾ ਆਗਮਨ ਹੋਇਆ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਕਿੱਸਾ' ਅਰਬੀ ਭਾਸ਼ਾ ਦਾ ਸ਼ਬਦ ਹੈ। ਜਿਸ ਦੇ ਅਰਥ ਹਨ *ਕਥਾ, ਕਹਾਣੀ, ਗਾਥਾ* (*ਮਹਾਨ ਕੋਸ਼* 1095) ਆਦਿ ਕਿੱਸਾ-ਕਾਵਿ, ਕਵਿਤਾ ਦੇ ਖੇਤਰ ਵਿੱਚ ਇੱਕ ਮਹੱਤਵਪੂਰਨ ਦਿਸ਼ਾ ਪਰਿਵਰਤਕ ਸਾਬਤ ਹੋਇਆ। ਹੁਣ ਤੱਕ ਕਵਿਤਾ ਕੇਵਲ ਅਧਿਆਤਮਕ ਹੀ ਸੀ ਅਤੇ ਜੀਵ-ਆਤਮਾ, ਪ੍ਰਮਾਤਮਾ ਵਿੱਚ ਵਲੀਨ ਹੋਣ ਲਈ ਕਰਮ ਅਤੇ ਗਿਆਨ ਦਾ ਮਾਰਗ ਅਖ਼ਤਿਆਰ ਕਰਦੀ ਸੀ। ਇਸ ਦਾ ਅੰਸ਼ ਮੁੱਢਲੀ ਪੰਜਾਬੀ ਕਵਿਤਾ ਵਿੱਚ ਸਪੱਸ਼ਟ ਤੌਰ 'ਤੇ ਪ੍ਰਤੱਖਣ ਹੁੰਦਾ ਹੈ। ਕਿੱਸਾ ਕਾਵਿ ਨੇ ਜੀਵ ਆਤਮਾ ਨੂੰ ਮੁਰਸ਼ਦ ਮਿਲਾਪ ਲਈ ਇੱਕ ਨਵੇਂ ਮਾਰਗ ਵੱਲ ਪ੍ਰੇਰਿਤ ਕੀਤਾ, ਜੋ 'ਪ੍ਰੇਮ ਮਾਰਗ' ਹੈ। ਕਿੱਸਾ-ਕਾਵਿ ਦੀ ਮੁੱਢਲੀ ਰਚਨਾ ਬਾਰੇ ਡਾ. ਮੋਹਨ ਸਿੰਘ ਨੇ '*ਪੁਸ਼ਯ ਰਚਿਤ 'ਸੱਸੀ' ਦਾ ਜ਼ਿਕਰ ਕੀਤਾ ਹੈ ਪਰ ਇਹ ਰਚਨਾ ਮਿਲਦੀ ਨਹੀਂ। 'ਰਾਣੀ ਰੂਪਮਤੀ' ਦਾ ਜ਼ਿਕਰ ਡਾ.ਤ੍ਰਿਲੋਚਨ ਸਿੰਘ ਬੇਦੀ ਨੇ ਆਪਣੇ ਇੱਕ ਲੇਖ ਵਿੱਚ ਕੀਤਾ*

*ਹੈ।'*(ਪ੍ਰਮਿੰਦਰ ਸਿੰਘ, ਕਿਰਪਾਲ ਸਿੰਘ ਕਸੇਲ ਅਤੇ ਗੋਬਿੰਦ ਸਿੰਘ ਲਾਂਬਾ, *ਪੰਜਾਬੀ ਸਾਹਿਤ ਦੀ ਉਤਪੱਤੀ ਤੇ ਵਿਕਾਸ* 70) ਦਮੋਦਰ ਨੂੰ ਪਹਿਲਾ ਪ੍ਰਸਿੱਧ ਕਿੱਸਾਕਾਰ ਆਖਿਆ ਜਾ ਸਕਦਾ ਹੈ, ਜਿਸ ਨੇ ਹੀਰ-ਰਾਂਝੇ ਦਾ ਕਿੱਸਾ ਲਿਖ ਕੇ ਪੰਜਾਬੀ ਸਾਹਿਤ ਦੀ ਨਵੀਂ ਪ੍ਰੰਪਰਾ ਨੂੰ ਜਨਮ ਦਿੱਤਾ। ਪੰਜਾਬੀ ਸਾਹਿਤ ਵਿੱਚ ਕਿੱਸਿਆਂ ਅਤੇ ਕਿੱਸਾਕਾਰਾਂ ਦੀ ਭਰਮਾਰ ਹੈ। ਜਿਨ੍ਹਾਂ ਵਿਚੋਂ ਪ੍ਰਸਿੱਧ ਕਿੱਸਾਕਾਰ ਹਨ: ਪੀਲੂ, ਹਾਫ਼ਿਜ਼ ਬਰਖ਼ੁਰਦਾਰ, ਮੁਕਬਲ, ਵਾਰਿਸ ਸ਼ਾਹ, ਹਾਸ਼ਮ ਸ਼ਾਹ, ਬਹਿਬਲ । ਜਿਨ੍ਹਾਂ ਨੇ ਹੀਰ-ਰਾਂਝਾ, ਲੈਲਾ-ਮਜਨੂੰ, ਸੱਸੀ-ਪੁੰਨੂੰ, ਸੋਹਣੀ-ਮਹਿਵਾਲ, ਯੂਸਫ਼-ਜ਼ੁਲੈਖਾ ਆਦਿ ਜੋ ਬੇਹੱਦ ਉੱਚ-ਕੋਟੀ ਅਤੇ ਨਿਪੁੰਨ ਕਾਵਿ-ਕਲਾ ਦੇ ਪ੍ਰਤੀਕ ਹਨ। ਮੁੱਢਲੀ ਪੰਜਾਬੀ ਕਵਿਤਾ ਨਾਥਾਂ-ਜੋਗੀਆਂ, ਸੂਫ਼ੀ-ਸਾਹਿਤ, ਭਗਤੀ-ਕਾਵਿ, ਬੀਰ-ਕਾਵਿ ਅਤੇ ਕਿੱਸਾ-ਕਾਵਿ ਦੀ ਗੌਰਵਮਈ ਆਰੰਭਿਕ ਪਰੰਪਰਾ ਅਧੀਨ ਨਿਕਾਸ ਕਰਦੀ ਹੋਈ ਆਪਣੇ ਆਧੁਨਿਕ ਦੌਰ ਵਿੱਚ ਪੁੱਜਦੀ ਹੈ। ਇਹ ਪੁਰਾਤਨ ਕਵਿਤਾ ਮਾਨਵ ਹਿੱਤਕਾਰੀ, ਮਨੁੱਖੀ ਪ੍ਰਸੰਗ ਅਤੇ ਮਨੁੱਖੀ ਕਦਰਾਂ-ਕੀਮਤਾਂ 'ਤੇ ਆਧਾਰਿਤ ਹੋਣ ਦੇ ਨਾਲ-ਨਾਲ ਮਨੁੱਖੀ ਅਸਲੀਅਤ ਅਤੇ ਮਨੁੱਖੀ ਆਦਰਸ਼ਾਂ ਦੇ ਪ੍ਰਗਟਾਵੇ ਦਾ ਮਾਧਿਅਮ ਵਜੋਂ ਹੀ ਸੀ। ਆਰਥਿਕ, ਰਾਜਨੀਤਿਕ ਤਬਦੀਲੀਆਂ ਕਾਰਨ ਅਤੇ ਨਿਰੰਤਰ ਮਨੁੱਖੀ ਸੱਭਿਅਤਾ ਦੇ ਵਿਕਾਸ ਨੇ ਮਨੁੱਖੀ ਦ੍ਰਿਸ਼ਟੀਕੋਣ ਅਤੇ ਚੇਤਨਾ ਨੂੰ ਪ੍ਰਭਾਵਿਤ ਕਰਦੇ ਹੋਏ ਆਧੁਨਿਕਤਾ ਦੇ ਦੌਰ ਦਾ ਆਰੰਭ ਕੀਤਾ। ਜਿਸ ਨਾਲ ਕਵਿਤਾ ਦੇ ਆਧੁਨਿਕ ਦੌਰ ਦਾ ਵੀ ਆਰੰਭ ਹੋਇਆ।

**ਆਧੁਨਿਕ ਪੰਜਾਬੀ ਕਵਿਤਾ:**

ਆਧੁਨਿਕ ਸ਼ਬਦ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ, ਜਿਸ ਲਈ ਅੰਗਰੇਜ਼ੀ ਭਾਸ਼ਾ ਦਾ ਸ਼ਬਦ 'MODERN' ਵਰਤਿਆ ਜਾਂਦਾ ਹੈ। 'MODERN' ਸ਼ਬਦ ਦੀ ਵਿਉਂਤਪੱਤੀ 'MODER' ਸ਼ਬਦ ਤੋਂ ਹੋਈ ਜਿਸ ਦਾ ਅਰਥ ਹੈ, "ਹੁਣੇ" ਭਾਵ 'ਇਸ ਸਮੇਂ'। ਇਸ ਤਰ੍ਹਾਂ ਆਧੁਨਿਕ ਸ਼ਬਦ 'ਹੁਣ' ਦੇ ਅਰਥਾਂ ਦਾ ਧਾਰਨੀ ਹੈ। ਕਾਲ ਦੇ ਸੰਦਰਭ ਵਿੱਚ ਜਿਸ ਦਾ ਭਾਵ 'ਵਰਤਮਾਨ-ਖੰਡ' ਜਾਂ 'ਵਰਤਮਾਨ-ਕਾਲ' ਹੈ। ਆਧੁਨਿਕਤਾ ਦਾ ਸੰਬੰਧ ਜਦੋਂ ਕਿਸੇ ਵਿਸ਼ੇਸ਼ ਇਤਿਹਾਸਕ ਕਾਲ ਖੰਡ ਦੇ ਸੰਦਰਭ ਵਿੱਚ ਵਰਤਿਆ ਜਾਂਦਾ ਹੈ, ਤਾਂ ਇਹ ਆਧੁਨਿਕ ਸੰਕਲਪ ਬੇਹੱਦ ਵਿਸ਼ਾਲ ਅਰਥਾਂ ਦਾ ਧਾਰਨੀ ਹੋ ਜਾਂਦਾ ਹੈ। ਆਧੁਨਿਕ ਦੌਰ ਵਿੱਚ ਪੰਜਾਬੀ

ਕਵਿਤਾ ਦਾ ਪ੍ਰਵੇਸ਼ ਵੀਹਵੀਂ ਸਦੀ ਦੇ ਆਰੰਭ ਨਾਲ, ਭਾਈ ਵੀਰ ਸਿੰਘ ਦੀਆਂ ਰਚਨਾਵਾਂ ਰਾਣਾ ਸੂਰਤ ਸਿੰਘ (1905), ਦਿਲ ਤਰੰਗਾ (1920), ਲਹਿਰਾਂ ਦੇ ਹਾਰ (1921) ਨਾਲ ਪੱਛਮੀ ਪ੍ਰਭਾਵ ਕਾਰਨ ਹੋਇਆ ਮੰਨਿਆ ਜਾਂਦਾ ਹੈ, ਜਿਸ ਸੰਦਰਭ ਵਿੱਚ ਪ੍ਰੋ. ਬ੍ਰਹਮਜਗਦੀਸ਼ ਸਿੰਘ ਅਤੇ ਪ੍ਰੋ. ਰਾਜਬੀਰ ਕੌਰ ਦੀ ਟਿੱਪਣੀ ਹੈ ਕਿ:

> *ਆਧੁਨਿਕ ਪੰਜਾਬੀ ਸਾਹਿਤ ਪੱਛਮੀ ਸਭਿਆਚਾਰ ਅਤੇ ਸਾਹਿਤ ਦੇ ਪ੍ਰਭਾਵ ਅਧੀਨ ਪੈਦਾ ਹੋਇਆ। ਬੇਸ਼ੱਕ ਇਸ ਵਿੱਚ ਪ੍ਰੰਪਰਾ ਪ੍ਰਵਾਹਮਾਨ ਰਹੀ ਪਰੰਤੂ ਰੂਪਾਕਾਰਾਂ ਵਿੱਚ ਪਰਿਵਰਤਨ ਆ ਜਾਣ ਦੇ ਕਾਰਨ ਸਾਹਿਤ ਦੀ ਪ੍ਰਕ੍ਰਿਤੀ ਅਤੇ ਸਰੂਪ ਵਿੱਚ ਕਾਫ਼ੀ ਤਬਦੀਲੀ ਆ ਗਈ।*
>
> (*ਪੰਜਾਬੀ ਸਾਹਿਤ ਦਾ ਇਤਿਹਾਸ* 377)

ਪੱਛਮੀ ਸੱਭਿਆਚਾਰ ਅਤੇ ਪੱਛਮੀ ਸਾਹਿਤ ਦੇ ਪ੍ਰਭਾਵ ਕਾਰਨ ਪੰਜਾਬੀ ਕਵਿਤਾ ਨਾਲ ਪੰਜਾਬੀ ਸਾਹਿਤ ਦਾ ਆਧੁਨਿਕ ਰੂਪ ਹੋਂਦ ਵਿੱਚ ਆਇਆ। ਆਧੁਨਿਕ ਦੌਰ ਦੀ ਪੰਜਾਬੀ ਕਵਿਤਾ ਮੁੱਖ ਤੌਰ ’ਤੇ ਆਪਣੇ ਰੂਪ ਪੱਖੋਂ ਆਧੁਨਿਕ ਸੀ ਪਰ ਵਿਸ਼ੇ ਪੱਖੋਂ ਅਜੇ ਵੀ ਉਹ ਧਾਰਮਿਕ ਹੀ ਸੀ ਪਰ ਹੌਲ਼ੀ-ਹੌਲ਼ੀ ਆਧੁਨਿਕ ਪੰਜਾਬੀ ਕਵਿਤਾ ਦਾ ਮੁੱਖ ਵਿਸ਼ਾ ਮਾਨਵ ਕੇਂਦ੍ਰਿਤ ਹੁੰਦਾ ਗਿਆ। ਆਧੁਨਿਕ ਪੰਜਾਬੀ ਸਾਹਿਤ ਦਾ ਜਨਮ ਅੰਗਰੇਜ਼ਾਂ ਦੇ ਪ੍ਰਭਾਵ ਅਧੀਨ ਹੋਇਆ। ਅੰਗਰੇਜ਼ੀ ਸਰਕਾਰ ਦੀ ਹਕੂਮਤ ਕਾਰਨ ਪੰਜਾਬ ਦੇ ਵਿੱਦਿਅਕ ਢਾਂਚੇ ਦਾ ਪੱਛਮੀਕਰਨ, ਪ੍ਰੈੱਸ ਅਤੇ ਪੰਜਾਬੀ ਪੱਤਰਕਾਰੀ ਦਾ ਜਨਮ, ਛਾਪਾਖ਼ਾਨਿਆਂ ਦੁਆਰਾ ਪੁਸਤਕਾਂ ਦੀ ਪ੍ਰਕਾਸ਼ਨਾਂ ਦਾ ਯੋਗ ਪ੍ਰਬੰਧ ਆਦਿ ਆਧੁਨਿਕ ਸਾਹਿਤ ਦੀ ਉਸਾਰੀ ਲਈ ਬਿਲਕੁਲ ਅਨੁਕੂਲ ਸਨ। ਪੱਛਮ ਵਿੱਚ 16ਵੀਂ ਸਦੀ ਤੋਂ ਬਾਅਦ ਜਦ ਵਿਗਿਆਨਕ ਅਤੇ ਸਨਾਅਤਨੀ ਯੁੱਗ ਦੀ ਆਮਦ ਨਾਲ ਪੁਨਰ-ਜਾਗਰਣ ਦੀ ਚੇਤਨਾ ਦਾ ਵਿਕਾਸ ਸ਼ੁਰੂ ਹੋਇਆ ਤਾਂ ਉੱਥੇ ਆਧੁਨਿਕਤਾ ਦਾ ਸੰਕਲਪ ਚਿੰਤਨ ਦੇ ਖੇਤਰ ਵਿੱਚ ਬੜੀ ਤੇਜ਼ੀ ਨਾਲ ਉੱਭਰਿਆ। ਵਿਗਿਆਨਕ ਅਤੇ ਪਦਾਰਥਕ ਚੇਤਨਾ ਦਾ ਵਿਸਥਾਰ, ਉਦਯੋਗੀਕਰਨ, ਬਜ਼ਾਰੀਕਰਨ, ਸ਼ਹਿਰੀਕਰਨ ਆਦਿ ਨੇ ਮਨੁੱਖ ਦਾ ਧਿਆਨ ਦੇਵੀ-ਦੇਵਤੇ, ਅਤੇ ਬ੍ਰਹਮ ਤੋਂ ਹਟਾ ਕੇ ਮਨੁੱਖ 'ਤੇ ਹੀ ਕੇਂਦ੍ਰਿਤ ਕਰ ਦਿੱਤਾ, ਜਿਸ ਦੇ ਫ਼ਲਸਰੂਪ ਮੱਧਕਾਲੀਨ ਚਿੰਤਨ ਦੀ ਸਮਾਪਤੀ ਅਤੇ

ਆਧੁਨਿਕਤਾ ਨੇ ਜਨਮ ਲਿਆ। ਆਧੁਨਿਕ ਸੰਕਲਪ ਬਾਰੇ ਕੁਝ ਵਿਦਵਾਨਾਂ ਦੀਆਂ ਧਾਰਨਾਵਾਂ ਇਸ ਪ੍ਰਕਾਰ ਹਨ:

ਕ੍ਰਿਸਟਾਫਰ ਕਾਡਵੈਲ:

> *ਆਧੁਨਿਕਤਾ ਨੂੰ ਉਸ ਸੰਸਕ੍ਰਿਤੀ ਨਾਲ ਜੋੜ ਕੇ ਦੇਖਦਾ ਹੈ ਜੋ ਪੰਦਰਵੀ ਸਦੀ ਤੋਂ ਲੈ ਕੇ ਹੁਣ ਤੱਕ ਯੂਰਪ ਵਿਚੋਂ ਵਿਕਸਿਤ ਹੋ ਕੇ ਦੂਰ ਦੁਰਾਡੇ ਫੈਲ ਗਈ।*

(ਬ੍ਰਹਮਜਗਦੀਸ਼ ਸਿੰਘ, *ਆਧੁਨਿਕ ਪੰਜਾਬੀ ਕਵਿਤਾ ਅਤੇ ਭਾਈ ਵੀਰ ਸਿੰਘ* 9)

ਡਾ. ਅਤਰ ਸਿੰਘ ਅਨੁਸਾਰ:

> *ਆਧੁਨਿਕਤਾ ਵਿਗਿਆਨ ਤੇ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਉਤਪੰਨ ਹੋਈ ਹੈ ਇਸ ਦੀ ਨੀਂਹ ਬੌਧਿਕਤਾ ਅਤੇ ਨਿਆਂਸ਼ੀਲਤਾ ਹੈ ਤੇ ਇਸ ਦਾ ਸੁਭਾਅ ਵਿਸ਼ਲੇਸ਼ਣਕਾਰੀ ਹੈ।*

(ਡਾ.ਜਸਵਿੰਦਰ ਸਿੰਘ, *ਪੰਜਾਬੀ ਸਾਹਿਤ ਦਾ ਇਤਿਹਾਸ ਆਧੁਨਿਕ ਕਾਲ 1901-1995* 2)

ਕਰਮਜੀਤ ਸਿੰਘ ਅਨੁਸਾਰ:

> *ਤੇਜ਼ ਰਫ਼ਤਾਰ ਵਿਗਿਆਨਕ ਪ੍ਰਗਤੀ, ਉੱਨਤ ਪੈਦਾਵਾਰੀ ਤਕਨੀਕਾਂ ਅਤੇ ਇਹਨਾਂ ਦੇ ਫਲਸਰੂਪ ਪੈਦਾਵਾਰੀ ਰਿਸ਼ਤਿਆਂ ਦੀ ਨਵੀਂ ਚੇਤਨਾ ਧਾਰਮਿਕ ਅੰਧ-ਵਿਸ਼ਵਾਸ ਅਧੀਨ ਅਟੱਲ-ਭਾਵੀ ਅੱਗੇ ਸਿਰ ਸੁੱਟ ਕੇ ਭਾਣਾ ਮੰਨਣ ਦੀ ਸੋਚ ਨੂੰ ਵੰਗਾਰਨ ਲੱਗ ਪਈ ਸੀ।*

(ਡਾ. ਬਲਦੇਵ ਸਿੰਘ ਧਾਰੀਵਾਲ, *ਆਧੁਨਿਕ ਪੰਜਾਬੀ ਕਾਵਿ (ਸੰਦਰਭਗਤ ਅਧਿਐਨ)* 60)

ਅਤਰ ਸਿੰਘ ਅਨੁਸਾਰ:

> *ਆਧੁਨਿਕਤਾ ਦਾ ਆਧਾਰ ਇੱਕ ਬੁਨਿਆਦੀ ਵਿਸ਼ਵ ਦਰਸ਼ਨ ਹੈ ਜੋ ਵਿਗਿਆਨ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਉਤਪੰਨ ਹੋਇਆ। ਇਸ ਦੀ ਪ੍ਰੇਰਨਾ ਬੌਧਿਕਤਾ ਅਤੇ ਨਿਆਸ਼ੀਲਤਾ, ਇਸ ਦਾ ਸੁਭਾਅ ਵਿਸ਼ਲੇਸ਼ਣਕਾਰੀ ਅਤੇ ਇਸ ਦੀ ਰੁਚੀ ਪੁਰਾਤਨ ਅੰਧ-ਵਿਸ਼ਵਾਸ ਦੀ ਖੰਡਨਕਾਰੀ ਹੈ* (62)

ਆਧੁਨਿਕਤਾ ਸੰਬੰਧੀ ਇਸ ਤਰ੍ਹਾਂ ਦੀਆਂ ਉਪਰੋਕਤ ਵੱਖ-ਵੱਖ ਵਿਦਵਾਨਾਂ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ ਦੇ ਆਧਾਰ 'ਤੇ ਆਖਿਆ ਜਾ ਸਕਦਾ ਹੈ ਕਿ ਆਧੁਨਿਕਤਾ ਇੱਕ ਅਜਿਹੀ ਕ੍ਰਾਂਤੀ ਹੈ, ਜਿਸ ਦਾ ਆਧਾਰ ਵਿਗਿਆਨ, ਵਿਗਿਆਨਕ ਦ੍ਰਿਸ਼ਟੀਕੋਣ ਅਤੇ ਵਿਸ਼ਲੇਸ਼ਣਕਾਰੀ ਚਿੰਤਨ ਤੇ ਚੇਤਨਾ ਹੈ। ਅਜਿਹੀ ਤਰਕਵਾਦੀ ਅਤੇ ਵਿਸ਼ਲੇਸ਼ਣਕਾਰ ਚੇਤਨਾ ਵਿਸ਼ਵ ਪੱਧਰ 'ਤੇ ਉਨੀਵੀਂ ਸਦੀ ਨਾਲ ਵਧੇਰੇ ਸੰਬੰਧਿਤ ਹੈ ਕਿਉਂਕਿ ਇਹ ਅਜਿਹਾ ਦੌਰ ਸੀ, ਜਦੋਂ ਨਿਊਟਨ ਦੇ ਭੌਤਿਕ ਵਿਗਿਆਨ ਦੇ ਨਿਯਮਾਂ ਦੀ ਲੜੀ ਅਤੇ ਆਈਨਸਟਾਈਨ ਦੇ ਸਾਪੇਖਤਾ ਸਿਧਾਂਤ ਨਾਲ ਮਨੁੱਖੀ ਚੇਤਨਾ ਵਿੱਚ ਬੇਹੱਦ ਨਵੀਂ ਕ੍ਰਾਂਤੀ ਆਈ ਜਿਸ ਦੇ ਪ੍ਰਭਾਵ ਵਜੋਂ ਮਨੁੱਖੀ ਚੇਤਨਾ ਦਾ ਵਿਗਿਆਨ 'ਤੇ ਭਰੋਸਾ, ਵਿਗਿਆਨ ਦੀ ਪ੍ਰਗਤੀ/ਉਨੱਤੀ, ਵਿਸ਼ਵ ਦਰਸ਼ਨ, ਤਰਕਵਾਦੀ ਦ੍ਰਿਸ਼ਟੀਕੋਣ, ਪੁਰਾਤਨ ਮਾਨਸਿਕਤਾ ਵਿੱਚ ਰਚੀ ਅੰਧਵਿਸ਼ਵਾਸੀ ਪਰੰਪਰਾ ਅਤੇ ਜ਼ਰਜ਼ਰੀ ਸੋਚ ਨੂੰ ਰੱਦ ਕਰਨਾ, ਰਿਸ਼ਤਿਆਂ ਸੰਬੰਧੀ ਨਵੀਂ ਚੇਤਨਾ ਤੇ ਨਵੀਂ ਸੋਚ ਦਾ ਵਿਕਸਤ ਹੋਣਾ ਆਦਿ ਪ੍ਰਮੁੱਖ ਆਧੁਨਿਕ ਮਾਡਲ ਹਨ। ਕਲਾ ਅਤੇ ਸਾਹਿਤ ਦੇ ਖੇਤਰ ਵਿੱਚ ਆਧੁਨਿਕਤਾ ਦੇ ਅਜਿਹੇ ਮਾਡਲਾਂ ਨੇ ਮੁੱਢ ਤੋਂ ਚੱਲੀ ਆ ਰਹੀ ਪਰੰਪਰਾਗਤ ਵਿਚਾਰਧਾਰਾ ਨੂੰ ਰੱਦ ਕਰਕੇ ਅਤੀਤ ਦੀਆਂ ਰਚਨਾਵਾਂ ਅਤੇ ਕਲਾਕ੍ਰਿਤੀਆਂ ਨੂੰ ਇੱਕ ਨਵੀਨ ਦ੍ਰਿਸ਼ਟੀ, ਨਵੀਨ ਚੇਤਨਾ, ਨਵੀਨ ਥੀਮਕ-ਪਾਸਾਰਾਂ ਅਤੇ ਸਰੋਕਰਾਂ ਦੇ ਨਾਲ-ਨਾਲ ਅਜਿਹਾ ਨਵਾਂ ਸੰਦਰਭ ਪ੍ਰਦਾਨ ਕੀਤਾ, ਜਿਸ ਨਾਲ ਪ੍ਰਤੱਖ ਰੂਪ ਵਿਚ ਕਲਾ ਜਾਂ ਕਲਾਕ੍ਰਿਤੀ ਦੇ ਰੂਪ, ਮਨੋਰਥ ਅਤੇ ਗੁਣਾਂ ਦੇ ਮੂਲ ਆਧਾਰ ਵਿੱਚ ਨਵੀਨਤਾ ਦੀ ਸ਼ਮੂਲੀਅਤ ਹੋਈ। ਅਜਿਹੀ ਪ੍ਰਕਿਰਿਆ ਨੇ ਸਾਹਿਤ ਦੇ ਅੰਤਰਗਤ ਪੁਰਾਤਨ ਚੱਲੀ ਆ ਰਹੀ ਪਰੰਪਰਾ ਨੂੰ ਹੋਰ ਨਿਖਾਰਨ ਅਤੇ ਨਵੇਂ ਸਰੋਕਾਰਾਂ ਨੂੰ ਲੈ ਕੇ ਪੁਨਰ ਲਿਖਣੀ, ਦੁਹਰਾਈ ਜਾ ਨਵੇਂ ਰੂਪਾਂ ਵਿੱਚ ਨਵੀਂ ਰਚਨਾ ਕਰਨ ਲਈ ਪ੍ਰੇਰਿਆ। ਜਿਸ ਨਾਲ ਸਾਹਿਤ ਦੇ ਖੇਤਰ ਵਿੱਚ ਅਨੇਕਾਂ ਨਵੇਂ ਪਾਸਾਰਾਂ ਦਾ ਆਗਮਨ ਹੋਇਆ ਅਤੇ ਪੁਰਾਤਨ 'ਲੇਖਣੀ ਜਾਂ ਲਿਖਣ-ਕਲਾ' ਜੋ ਕਿ ਕੁਝ ਗਿਣੀਆਂ-ਚੁਣੀਆਂ ਧਾਰਾਵਾਂ, ਵਾਦਾਂ ਅਤੇ ਵਿਸ਼ਿਆਂ ਦੇ ਘੇਰੇ ਨੂੰ ਹੀ ਘੱਤ ਰਹੀ ਸੀ, ਉਹ ਲੇਖਣੀ ਅਜਿਹੀ ਵਲਗਣ ਦੇ ਘੇਰੇ ਦੀਆਂ ਹੱਦਾਂ ਨੂੰ ਤੋੜਦੀ ਹੋਈ ਬਹੁਮੁੱਖੀ ਦਿਸ਼ਾਵਾਂ ਵਿੱਚ ਆਪਣਾ ਪਾਸਾਰ ਫੈਲਾਉਂਦੀ ਹੈ। ਜੋ

ਇੱਕ ਆਧੁਨਿਕ ਚੇਤਨਾ ਦੇ ਵਿਗਿਆਨਕ ਉੱਨਤੀ, ਕ੍ਰਾਂਤੀ, ਤਰਕ-ਵਿਤਰਕ ਆਦਿ ਕਈ ਪ੍ਰਕਾਰ ਦੇ ਭੌਤਿਕ ਨਿਯਮਾਂ, ਵਿਸ਼ਵ ਚੇਤਨਾ ਅਤੇ ਦਰਸ਼ਨ ਦੇ ਹੀ ਸਿੱਟੇ ਹਨ।

**ਪੰਜਾਬੀ ਕਵਿਤਾ ਦਾ ਆਧੁਨਿਕਤਾ ਵਿੱਚ ਪ੍ਰਵੇਸ਼ ਅਤੇ ਵਿਕਾਸ ਪੜਾਅ:**

ਪੰਜਾਬ ਅਤੇ ਪੰਜਾਬੀ ਸਾਹਿਤ ਵਿੱਚ ਆਧੁਨਿਕਤਾ ਦਾ ਪ੍ਰਵੇਸ਼ ਇੱਥੋਂ ਦੇ ਸਮਾਜ ਅਤੇ ਚਿੰਤਨ ਦਾ ਕੋਈ ਸਹਿਜ ਵਰਤਾਰਾ ਜਾਂ ਸਹਿਜ ਵਿਕਾਸ ਦਾ ਸਿੱਟਾ ਨਹੀਂ ਹੈ। ਪੰਜਾਬ ਵਿੱਚ ਆਧੁਨਿਕ ਚਿੰਤਨ ਅੰਗਰੇਜ਼ੀ ਹਕੂਮਤ ਅਤੇ ਬਸਤੀਵਾਦ ਦੀ ਦੇਣ ਹੈ। ਆਮ ਪ੍ਰਚੱਲਿਤ ਧਾਰਨਾ ਇਹ ਹੈ ਕਿ ਪੰਜਾਬ 'ਤੇ ਅੰਗਰੇਜ਼ੀ ਹਕੂਮਤ ਦੇ ਕਾਬਜ਼ ਹੋਣ (1849) ਉਪਰੰਤ ਹੀ ਪੰਜਾਬ ਵਿੱਚ ਵਿਗਿਆਨਕ ਦ੍ਰਿਸ਼ਟੀ, ਉਦਯੋਗਿਕ ਵਿਕਾਸ, ਪਦਾਰਥਵਾਦੀ ਚੇਤਨਾ, ਵਪਾਰੀਕਰਨ, ਮੰਡੀਕਰਨ, ਬਜ਼ਾਰੀਕਰਨ, ਸ਼ਹਿਰੀਕਰਨ ਅਤੇ ਬਸਤੀਵਾਦ ਦਾ ਪਸਾਰ ਹੋਇਆ। ਜਿਸ ਨਾਲ ਭਾਰਤੀ ਮੱਧਕਾਲੀ, ਧਰਮ ਚਿੰਤਨ ਅਤੇ ਆਦਰਸ਼ਵਾਦੀ ਚੇਤਨਾ ਵਿੱਚ ਬਦਲਾਵ ਆਇਆ। ਪੱਛਮੀ ਭੌਤਿਕਵਾਦੀ, ਮਾਨਵਵਾਦੀ, ਬਰਾਬਰਤਾ, ਤਰਕਵਾਦ ਆਦਿ ਅਧੀਨ ਨਵੇਂ ਸਰੋਕਾਰਾਂ ਦਾ ਜਨਮ ਹੋਇਆ, ਜਿਸ ਕਾਰਨ ਪੰਜਾਬੀ ਸਾਹਿਤ ਨੇ ਵੀ ਆਧੁਨਿਕਤਾ ਦੀ ਲੀਹੇ ਕਦਮ ਪੁੱਟੇ। ਪੱਛਮੀ ਸਿੱਖਿਆ ਪ੍ਰਣਾਲੀ, ਪ੍ਰੈੱਸ ਅਤੇ ਪੰਜਾਬੀ ਪੱਤਰਕਾਰੀ ਦਾ ਜਨਮ, ਛਾਪਾਖ਼ਾਨਿਆਂ ਦੁਆਰਾ ਪੁਸਤਕਾਂ ਦੀ ਪ੍ਰਕਾਸ਼ਨਾਂ ਦਾ ਯੋਗ ਪ੍ਰਬੰਧ ਵਿਗਿਆਨਕ ਅਤੇ ਤਕਨੀਕੀ ਵਿਕਾਸ ਦਾ ਸਿੱਟਾ ਸੀ ਜੋ ਆਧੁਨਿਕ ਸਾਹਿਤ ਦੀ ਉਸਾਰੀ ਲਈ ਬਿਲਕੁਲ ਅਨੁਕੂਲ ਸਨ।

ਉਪਰੋਕਤ ਉਥਲ-ਪੁਥਲ ਅਤੇ ਪਰਿਵਰਤਨ ਦੇ ਫਲਸਰੂਪ ਉੱਨਵੀਂ ਸਦੀ ਦੇ ਆਖ਼ਰੀ ਦਹਾਕਿਆਂ ਵਿੱਚ ਪੰਜਾਬੀ ਕਵਿਤਾ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਨਾਲ ਆਪਣੇ ਆਧੁਨਿਕ ਦੌਰ ਵਿੱਚ ਪ੍ਰਵੇਸ਼ ਕਰਦੀ ਮੰਨੀ ਜਾਂਦੀ ਹੈ ਪਰ ਇਸ ਦਾ ਵਿਕਾਸ ਕਰਨ ਵਿੱਚ ਪ੍ਰੋ. ਪੂਰਨ ਸਿੰਘ (1881-1931), ਧਨੀ ਰਾਮ ਚਾਤ੍ਰਿਕ (1876-1954) , ਅੰਮ੍ਰਿਤਾ ਪ੍ਰੀਤਮ (1919-2005), ਪ੍ਰੋ. ਮੋਹਨ ਸਿੰਘ (1905-1974), ਬਾਵਾ ਬਲਵੰਤ (1924-1972), ਸ਼ਿਵ ਕੁਮਾਰ ਬਟਾਲਵੀ (1937-1973) ਅਤੇ ਹੋਰ ਕਈ ਕਵੀਆਂ ਦਾ ਯੋਗਦਾਨ ਹੈ। ਆਧੁਨਿਕ ਪੰਜਾਬੀ ਕਾਵਿ ਪ੍ਰੰਪਰਾ ਦਾ ਆਰੰਭ ਉੱਨਵੀਂ ਸਦੀ ਦੇ ਆਖ਼ਰੀ ਅਤੇ ਵੀਹਵੀਂ ਸਦੀ ਦੇ

ਆਰੰਭ ਵਿੱਚ ਭਾਈ ਵੀਰ ਸਿੰਘ (1872-1995) ਦੀਆਂ ਰਚਨਾਵਾਂ ਤੋਂ ਹੋਇਆ ਮੰਨਿਆ ਜਾਂਦਾ ਹੈ। ਰਾਣਾ ਸੂਰਤ ਸਿੰਘ (1905), ਦਿਲ ਤਰੰਗ (1920), ਲਹਿਰਾਂ ਦੇ ਹਾਰ (1921) ਆਦਿ ਭਾਈ ਵੀਰ ਸਿੰਘ ਅਤੇ ਆਧੁਨਿਕ ਪੰਜਾਬੀ ਕਵਿਤਾ ਦੀਆਂ ਮੁੱਢਲੀਆਂ ਰਚਨਾਵਾਂ ਹਨ। ਭਾਈ ਵੀਰ ਸਿੰਘ ਤੋਂ ਹੀ ਪ੍ਰਭਾਵਿਤ ਹੋ ਕੇ ਪ੍ਰੋ. ਪੂਰਨ ਸਿੰਘ ਅਤੇ ਧਨੀ ਰਾਮ ਚਾਤ੍ਰਿਕ ਨੇ ਆਧੁਨਿਕ ਕਾਵਿ ਯਾਤਰਾ ਨੂੰ ਅੱਗੇ ਤੋਰਿਆ। ਇਸ ਉਪਰੰਤ ਅੰਮ੍ਰਿਤਾ ਪ੍ਰੀਤਮ, ਪ੍ਰੋ. ਮੋਹਨ ਸਿੰਘ, ਬਾਵਾ ਬਲਵੰਤ, ਸ਼ਿਵ ਕੁਮਾਰ ਬਟਾਲਵੀ ਅਤੇ ਹੋਰ ਕਈ ਕਵੀਆਂ ਨੇ ਪੰਜਾਬੀ ਕਵਿਤਾ ਨੂੰ ਖਾਸ ਬੁਲੰਦੀਆਂ 'ਤੇ ਪਹੁੰਚਾਇਆ। ਆਧੁਨਿਕ ਪੰਜਾਬੀ ਕਵਿਤਾ ਵਿਕਾਸ ਦੇ ਪੜਾਅ ਦੀ ਗੱਲ ਕਰੀਏ ਤਾਂ ਸਪਸ਼ਟ ਹੁੰਦਾ ਹੈ ਕਿ ਆਧੁਨਿਕ ਪੰਜਾਬੀ ਕਵਿਤਾ ਵੱਖ-ਵੱਖ ਇਤਿਹਾਸਕ ਪੜਾਵਾਂ ਵਿਚੋਂ ਲੰਘਦੀ ਹੋਈ, ਆਪਣੇ ਅਜੋਕੇ ਰੂਪ ਵਿੱਚ ਪੁੱਜਦੀ ਹੈ। ਆਪਣੇ ਵਿਕਾਸ ਪੜਾਅ ਦੌਰਾਨ ਪੰਜਾਬੀ ਕਵਿਤਾ ਨੇ ਭਿੰਨ-ਭਿੰਨ ਪ੍ਰਵਿਰਤੀਆਂ ਨੂੰ ਜਨਮ ਦਿੱਤਾ ਹੈ। ਆਧੁਨਿਕ ਪੰਜਾਬੀ ਕਵਿਤਾ ਦੇ ਵਿਕਾਸ ਪੜਾਅ ਨੂੰ ਪ੍ਰਮੁੱਖ ਪ੍ਰਵਿਰਤੀਆਂ ਦੇ ਆਧਾਰ 'ਤੇ ਚਾਰ ਪੜਾਵਾਂ/ਕਾਲ ਖੰਡਾਂ ਵਿੱਚ ਵੰਡਿਆ ਗਿਆ ਹੈ ਪਰੰਤੂ ਇਹਨਾਂ ਕਾਲ ਖੰਡਾਂ ਵਿੱਚ ਵਿਭਿੰਨ ਪ੍ਰਵਿਰਤੀਆਂ ਸਮਾਨਾਂਤਰ ਕਵਿਤਾ ਦੇ ਸਿਰਜਣਾਤਮਕ ਪੱਖ ਵਿੱਚ ਯੋਗਦਾਨ ਪਾਉਂਦੀਆਂ ਰਹੀਆਂ ਹਨ।

ਪਹਿਲਾ ਕਾਵਿ-ਖੰਡ ਵੀਹਵੀਂ ਸਦੀ ਦੇ ਆਰੰਭ ਤੋਂ ਚੌਥੇ ਦਹਾਕੇ ਦੇ ਮੱਧ, ਭਾਵ 1901 ਤੋਂ 1935 ਤੱਕ ਮੰਨਿਆ ਗਿਆ ਹੈ। ਇਹ ਕਾਵਿ ਧਾਰਾ ਆਧੁਨਿਕ ਪੰਜਾਬੀ ਕਵਿਤਾ ਦੀ ਆਰੰਭਿਕ ਧਾਰਾ ਹੈ। ਜੋ ਮੱਧਕਾਲੀਨ ਸਾਹਿਤ ਅਤੇ ਆਧੁਨਿਕ-ਯੁੱਗ ਪ੍ਰਸਥਿਤੀਆਂ ਦੇ ਸੁਮੇਲ ਨਾਲ ਜੁੜੀ ਹੈ। ਆਰੰਭਿਕ ਕਾਲ ਦੀ ਇਸ ਕਵਿਤਾ ਵਿੱਚ ਅਧਿਆਤਮਕਵਾਦੀ ਅਤੇ ਸੁਧਾਰਵਾਦੀ ਪ੍ਰਵਿਰਤੀ ਭਾਰੂ ਰਹੀ। ਭਾਈ ਵੀਰ ਸਿੰਘ (1872-1995) ਨੂੰ ਆਧੁਨਿਕ ਪੰਜਾਬੀ ਕਵਿਤਾ ਦੇ ਨਾਲ-ਨਾਲ ਆਧੁਨਿਕ ਪੰਜਾਬੀ ਸਾਹਿਤ ਦਾ ਵੀ ਮੋਢੀ ਮੰਨਿਆ ਜਾਂਦਾ ਹੈ। ਭਾਈ ਵੀਰ ਸਿੰਘ ਜਿਹੇ ਕਵੀ 'ਸਿੰਘ ਸਭਾ' ਲਹਿਰ ਦੀ ਉਪਜ ਸਨ। ਇਸ ਲਈ ਭਾਵੇਂ ਉਹਨਾਂ ਦੇ ਵਿਸ਼ੇ ਪੁਰਾਤਨ ਤੇ ਅਧਿਆਤਮਕ ਸਨ ਪਰ ਫਿਰ ਵੀ ਉਹਨਾਂ ਦੇ ਪ੍ਰਗਟਾਅ ਵਿੱਚ ਨਵੀਨਤਾ ਹੈ। ਭਾਈ ਵੀਰ ਸਿੰਘ ਨੇ ਰਾਣਾ ਸੂਰਤ ਸਿੰਘ (ਮਹਾ-ਕਾਵਿ), ਲਹਿਰਾਂ ਦੇ ਹਾਰ, ਬਿਜਲੀਆਂ ਦੇ ਹਾਰ, ਕੰਬਦੀ

ਕਲਾਈ, ਮਟਕ ਹੁਲਾਰੇ, ਪ੍ਰੀਤ-ਵੀਣਾ, ਕੰਤ-ਮਹੇਲੀ (ਬਾਰਾਂ ਮਾਹ), ਮੇਰੇ ਸਾਇਆਂ ਜੀਓ (ਸਾਹਿਤ ਅਕਾਦਮੀ ਪੁਰਸਕ੍ਰਿਤ) ਰਚਨਾਵਾਂ ਦੀ ਰਚਨਾ ਕੀਤੀ। ਇਸ ਉਪਰੰਤ ਲਾਲਾ ਧਨੀ ਰਾਮ ਚਾਤ੍ਰਿਕ (1876-1954) ਆਧੁਨਿਕ ਪੰਜਾਬੀ ਕਵਿਤਾ ਦੇ ਦੂਜੇ ਪ੍ਰਮੁੱਖ ਕਵੀ ਸਨ। ਉਹਨਾਂ ਦੀ ਕਵਿਤਾ 'ਤੇ ਲੋਕ-ਸਾਹਿਤ ਦਾ ਡੂੰਘਾ ਪ੍ਰਭਾਵ ਸੀ। ਲਾਲਾ ਧਨੀ ਰਾਮ ਚਾਤ੍ਰਿਕ ਨੇ ਰੁਬਾਈ, ਗੀਤ, ਗਜ਼ਲ, ਅਤੇ ਸਰੋਦੀ ਕਵਿਤਾਵਾਂ ਦੀ ਰਚਨਾ ਕੀਤੀ। ਇਹਨਾਂ ਦੀਆਂ ਮੁੱਖ ਰਚਨਾਵਾਂ ਹਨ : '*ਭਰਥਰਹਰੀ (1905), ਨਲ ਦਮਯੰਤੀ (1906), ਧਰਮਵੀਰ (1912), ਚੰਦਨਵਾੜੀ (1931), ਕੇਸਰ ਕਿਆਰੀ (1940) ਨਵਾਂ ਜਹਾਨ (ਸੰਨ 1942), ਸੂਫ਼ੀਖਾਨਾ (1950), ਨੂਰਜਹਾਂ ਬਾਦਸ਼ਾਹ ਬੇਗੁਮ (1953)*' (ਡਾ. ਮਨਜੀਤ ਸਿੰਘ, *ਵੀਹਵੀ ਸਦੀ ਦੀ ਪੰਜਾਬੀ ਕਵਿਤਾ: ਵਿਚਾਰ ਤੇ ਵਿਸ਼ਲੇਸ਼ਣ* 23) ਉਨ੍ਹਾਂ ਦੀਆਂ ਆਰੰਭਿਕ ਕਵਿਤਾਵਾਂ 'ਤੇ ਆਤਮਿਕ ਅਤੇ ਪ੍ਰਾਚੀਨ ਵਿਚਾਰਧਾਰਾ ਦੀ ਡੂੰਘੀ ਛਾਪ ਸੀ ਪਰ ਬਾਅਦ ਵਿੱਚ ਉਨ੍ਹਾਂ ਦਾ ਰੁਝਾਨ ਯਥਾਰਥਵਾਦ ਵੱਲ ਹੋਇਆ। ਉਨ੍ਹਾਂ ਦੇ ਯਥਾਰਥਵਾਦ ਵਿੱਚ ਪ੍ਰਗਤੀਸ਼ੀਲ ਤੰਦਾਂ ਉਘੜਵੀਆਂ ਹਨ। ਧਨੀ ਰਾਮ ਚਾਤ੍ਰਿਕ ਤੋਂ ਅੱਗੇ ਪ੍ਰੋ. ਪੂਰਨ ਸਿੰਘ (1881-1931) ਦਾ ਨਾਮ ਵਚਿੱਤਰ ਅਤੇ ਆਲੋਕਿਕ ਸ਼ਖ਼ਸੀਅਤ ਦੇ ਮਾਲਕ ਵੱਜੋਂ ਚਰਚਿੱਤ ਹੋਇਆ। ਉਹ ਜੀਵਨ ਵਿੱਚ ਕਿਸੇ ਵੀ ਤਰ੍ਹਾਂ ਦੇ ਬੰਧਨ ਨੂੰ ਨਕਾਰਦੇ ਸਨ। ਉਹਨਾਂ ਦੀ ਸ਼ਖ਼ਸੀਅਤ ਵਾਂਗ ਉਹਨਾਂ ਦੀਆਂ ਰਚਨਾਵਾਂ ਵਿੱਚ ਵੀ ਖੁੱਲ੍ਹਾ-ਪਨ ਝਲਕਦਾ ਸੀ। ਪੂਰਨ ਸਿੰਘ ਦੇ ਪੰਜਾਬੀ ਕਾਵਿ ਵਿੱਚ ਪ੍ਰਵੇਸ਼ ਕਰਨ ਨਾਲ ਹੀ ਪੰਜਾਬੀ ਕਵਿਤਾ ਵਿੱਚ ਰੋਮਾਂਸਵਾਦ ਦਾ ਮੁੱਢ ਬੱਝਦਾ ਹੈ। '*ਉਹਨਾਂ ਦੀਆਂ ਕਿਰਤਾਂ ਵਿੱਚ ਸਾਨੂੰ ਕੁਦਰਤ ਨਾਲ ਪਿਆਰ ਨਜ਼ਰ ਆਉਂਦਾ ਹੈ।* ' (ਮਹਿੰਦਰ ਸਿੰਘ ਰੰਧਾਵਾ (ਸੰਪਾਦਕ), *ਪੂਰਨ ਸਿੰਘ ਜੀਵਨੀ ਅਤੇ ਕਵਿਤਾ* 16) ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਹਨ: ਖੁੱਲ੍ਹੇ ਮੈਦਾਨ (1922), ਖੁੱਲ੍ਹੇ ਘੁੰਡ (1923), ਖੁੱਲ੍ਹੇ ਅਸਮਾਨੀ ਰੰਗ (1965)। ਪ੍ਰੋ. ਪੂਰਨ ਸਿੰਘ ਨੇ ਆਧੁਨਿਕ ਕਵਿਤਾ ਦੇ ਖੇਤਰ ਵਿੱਚ ਨਵੀਂਆਂ ਪੈੜਾਂ ਪੁੱਟੀਆਂ, ਜਿਸ ਬਾਰੇ ਜੋਗਿੰਦਰ ਸਿੰਘ ਟਿੱਪਣੀ ਕਰਦੇ ਹਨ:

> *ਪੂਰਨ ਸਿੰਘ ਨੇ ਨਵੇਂ ਬਿੰਬਾਂ, ਨਵੇਂ ਛੰਦਾਂ, ਨਵੇਂ ਅਲੰਕਾਰਾਂ, ਨਵੇਂ ਪ੍ਰਤੀਕਾਂ ਤੇ ਨਵੀਂ ਕਾਵਿ ਸ਼ਬਦਾਵਲੀ ਦੀ ਸਿਰਜਣਾ ਕੀਤੀ।* (*ਪੰਜਾਬੀ ਕਾਵਿ ਪਰੰਪਰਾ* 186)

ਆਧੁਨਿਕ ਪੰਜਾਬੀ ਕਵਿਤਾ ਦੇ ਆਰੰਭਿਕ ਦੌਰ ਵਿੱਚ ਉਪਰੋਕਤ ਕਵੀਆਂ ਤੋਂ ਇਲਾਵਾਂ ਲਾਲਾ ਕਿਰਪਾ ਸਾਗਰ (1875-1939), ਚਰਨ ਸਿੰਘ ਸ਼ਹੀਦ (1891-1935), ਮੋਹਨ ਸਿੰਘ ਦੀਵਾਨਾ (1899-1984), ਦੀਵਾਨ ਸਿੰਘ ਕਾਲੇਪਾਣੀ ਆਦਿ ਪ੍ਰਮੁੱਖ ਕਵੀ ਹੋਏ ਹਨ, ਜਿਨ੍ਹਾਂ ਨੇ ਬਹੁ-ਗਿਣਤੀ ਵਿੱਚ ਆਪਣੀਆਂ ਰਚਨਾਵਾਂ ਰਾਹੀਂ ਆਧੁਨਿਕ ਪੰਜਾਬੀ ਕਵਿਤਾ ਦਾ ਇੱਕ ਠੋਸ ਆਧਾਰ ਬੰਨਿਆ ਪ੍ਰੰਤੂ ਇਸ ਦੌਰ ਦੀ ਕਵਿਤਾ ਵਿੱਚ ਪੁਰਾਤਨ ਕਾਵਿਕ ਪਰੰਪਰਾ ਨਿਰੰਤਰ ਪ੍ਰਵਾਹਮਾਨ ਰਹੀ। ਪੰਜਾਬੀ ਕਵਿਤਾ ਨੇ ਪੱਛਮੀ ਸੱਭਿਆਚਾਰ ਅਤੇ ਸਾਹਿਤ ਦੇ ਪ੍ਰਭਾਵ ਨੂੰ ਗ੍ਰਹਿਣ ਕਰਦੇ ਹੋਏ, ਰੂਪਾਕਾਰਾਂ ਦੇ ਪੱਛਮੀ ਢੰਗ ਨੂੰ ਅਪਣਾ ਲਿਆ।

ਆਧੁਨਿਕ ਪੰਜਾਬੀ ਕਵਿਤਾ ਦੇ ਦੂਜੇ ਖੰਡ ਦਾ ਆਰੰਭ 1935 ਈ. ਤੋਂ ਹੁੰਦਾ ਹੈ ਅਤੇ ਅੰਤ 1965 ਈ. ਨੂੰ ਮੰਨਿਆ ਜਾਂਦਾ ਹੈ। ਕਵਿਤਾ ਦਾ ਇਹ ਦੌਰ ਸਹੀ ਅਰਥਾਂ ਵਿੱਚ ਆਧੁਨਿਕ ਸੀ ਕਿਉਂਕਿ ਇਸ ਕਾਲ ਦੇ ਸਾਹਿਤਕਾਰਾਂ ਨੇ ਆਪਣੇ ਸਮਕਾਲੀ ਦੌਰ ਦੇ ਪ੍ਰਸੰਗ ਅਤੇ ਪ੍ਰਸਥਿਤੀਆਂ ਵੱਲ ਚੇਤਨ ਹੋ ਕੇ ਸਾਹਿਤ ਦੀ ਸਿਰਜਣਾ ਕੀਤੀ ਅਤੇ ਇਸੇ ਦੌਰ ਵਿੱਚ ਹੀ ਸਾਹਿਤਕਾਰਾਂ ਨੇ ਵੱਖ-ਵੱਖ ਸਾਹਿਤ-ਰੂਪਾਂ ਨੂੰ ਸਵੀਕ੍ਰਿਤੀ ਜਾਂ ਮਾਨਤਾ ਦਿਵਾਉਣ ਦੇ ਯਤਨ ਕੀਤੇ, ਜਿਸ ਵਿੱਚ ਓਹਨਾਂ ਨੇ ਸਫ਼ਲਤਾ ਵੀ ਪ੍ਰਾਪਤ ਕੀਤੀ। ਅਜਿਹੇ ਦੌਰ ਵਿੱਚ ਪੰਜਾਬੀ ਕਵੀਆਂ ਦੁਆਰਾ ਅਨੁਭਵ, ਸ਼ੈਲੀ ਅਤੇ ਰੂਪ ਪੱਖੋਂ ਮੌਲਿਕ ਅਤੇ ਵਿਲੱਖਣ ਕਾਵਿ-ਰਚਨਾਵਾਂ ਵੇਖੀਆਂ ਜਾ ਸਕਦੀਆਂ ਹਨ। ਇਸੇ ਦੌਰ ਨੂੰ ਜਸਵਿੰਦਰ ਸਿੰਘ ਨੇ ਪ੍ਰਗਤੀਵਾਦੀ ਕਵਿਤਾ ਦੀ ਚੜ੍ਹਤ ਦਾ ਸਮਾਂ ਵੀ ਆਖਿਆ ਹੈ:

*ਇਹ ਦੌਰ 1935 ਦੇ ਨੇੜੇ-ਤੇੜੇ ਪ੍ਰਗਤੀਵਾਦੀ ਸਾਹਿਤ ਧਾਰਾ ਦੇ ਆਰੰਭ ਅਤੇ ਚੜ੍ਹਤ ਦਾ ਹੈ।*

(*ਨਵੀਂ ਪੰਜਾਬੀ ਕਵਿਤਾ ਪਛਾਣ ਚਿੰਨ੍ਹ* 14)

ਪੰਜਾਬੀ ਕਵੀਆਂ ਦਾ ਰੁਝਾਨ ਪ੍ਰਗਤੀਵਾਦ ਧਾਰਾ ਵੱਲ ਝੁਕਿਆ 'ਲੇਖਕ ਸੰਘ ਮੈਨੀਫੈਸਟੋ' ਨੂੰ ਅਪਣਾਇਆ ਜਾਣ ਲੱਗਾ। ਇਸ ਦੌਰ ਨੇ ਪ੍ਰਗਤੀਵਾਦੀ ਲਹਿਰ ਨੂੰ ਜਨਮ ਦਿੱਤਾ। ਇਸ ਦੌਰ ਦੀ ਕਵਿਤਾ ਵਿੱਚ ਇਨਕਲਾਬ, ਸਾਮਰਾਜੀ ਲੁੱਟ, ਅਮਨ, ਕ੍ਰਿਤ ਦੇ ਗੌਰਵ, ਪੂੰਜੀਵਾਦੀ ਅਰਥ ਵਿਵਸਥਾ ਦਾ ਵਿਰੋਧ, ਅਮੀਰ ਸ਼੍ਰੇਣੀ ਦੀ ਗਰੀਬ 'ਤੇ ਲੁੱਟ ਦਾ ਤਿੱਖਾ ਵਿਰੋਧ ਆਦਿ ਸਰੋਕਾਰ ਸ਼ਾਮਿਲ ਸਨ, ਨਾਲ ਹੀ 1947 ਦੀ ਦੇਸ਼ ਵੰਡ

ਦਾ ਸੰਤਾਪ, ਅਜ਼ਾਦੀ ਦਾ ਜਸ਼ਨ, ਦੰਗੇ ਫਸਾਦਾਂ ਕਾਰਨ ਔਰਤ ਦੀ ਬੇਪੱਤੀ ਦੀ ਦਾਸਤਾ ਆਧੁਨਿਕ ਕਵਿਤਾ ਦੇ ਇਸੇ ਦੌਰ ਦੀ ਵਿਸੇਸ਼ਤਾ ਹੈ। ਪ੍ਰੋ. ਮੋਹਨ ਸਿੰਘ, ਬਾਵਾ ਬਲਵੰਤ, ਪ੍ਰੀਤਮ ਸਿੰਘ ਸਫ਼ੀਰ, ਅੰਮ੍ਰਿਤਾ ਪ੍ਰੀਤਮ, ਹਰਿਭਜਨ ਸਿੰਘ ਆਦਿ ਇਸ ਦੌਰ ਦੇ ਪ੍ਰਮੁੱਖ ਕਵੀ ਹਨ। ਮੋਹਨ ਸਿੰਘ (1905-1974) ਨੂੰ ਪ੍ਰੀਤ ਦਾ ਕਵੀ ਵੀ ਆਖਿਆ ਜਾਂਦਾ ਹੈ ਕਿਉਂਕਿ 'ਪਿਆਰ' ਉਸ ਦੀ ਕਵਿਤਾ ਦਾ ਆਦਰਸ਼ ਹੈ। '*ਮੋਹਨ ਸਿੰਘ ਨੇ ਪੰਜਾਬੀ ਕਾਵਿ ਵਿੱਚ ਪ੍ਰਵੇਸ਼ ਕੀਤਾ। ਉਸ ਸਮੇਂ ਸੰਸਾਰ ਵਿੱਚ ਸਮਾਜਿਕ ਅਤੇ ਰਾਜਨੀਤਿਕ ਪ੍ਰਸਥਿਤੀਆਂ ਤੇਜ਼ੀ ਨਾਲ ਬਦਲ ਰਹੀਆਂ ਸਨ। ਰੂਸ ਦੀ ਕ੍ਰਾਂਤੀ (1917) ਕੌਮਾਂਤਰੀ ਸਮਾਜਵਾਦ ਦੀ ਸਥਾਪਨਾ (1919), ਪੈਰਿਸ ਵਿਖੇ ਹੋਇਆ ਪ੍ਰਗਤੀਸ਼ੀਲ ਲੇਖਕ ਸੰਮੇਲਨ, ਜਿਨ੍ਹਾਂ ਨਾਲ ਸੰਸਾਰ ਭਰ ਵਿੱਚ ਇੱਕ ਨਵੀਂ ਲਹਿਰ ਦੌੜ ਗਈ।* ' (ਸੰ. ਜੋਗਿੰਦਰ ਸਿੰਘ, *ਪੰਜਾਬੀ ਕਾਵਿ ਪਰੰਪਰਾ* 189) ਬਾਅਦ ਵਿੱਚ ਮੋਹਨ ਸਿੰਘ ਨੇ ਵੀ ਇਸ ਲਹਿਰ ਦਾ ਪ੍ਰਭਾਵ ਕਬੂਲਿਆ। ਮੋਹਨ ਸਿੰਘ ਦੁਆਰਾ ਸਾਵੇਂ-ਪੱਤਰ (1936), ਕੁਸੰਬੜਾ (1939), ਅੱਧਵਾਟੇ (1943), ਕੱਚ-ਸੱਚ (1950), ਅਵਾਜ਼ਾਂ (1954), ਵੱਡਾ ਵੇਲ਼ਾ (1958), ਜ਼ੰਦਰੇ (1964), ਜ਼ੈਮੀਰ (1968), ਬੂਹੇ (1977) ਆਦਿ ਕਾਵਿ ਸੰਗ੍ਰਿਹ ਰਚੇ ਗਏ। ਇਸ ਤੋਂ ਬਿਨਾਂ ਉਹਨਾਂ ਦੁਆਰਾ ਰਚਿਤ 'ਨਨਕਾਇਣ' ਮਹਾਂਕਾਵਿ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ 1971 ਵਿੱਚ ਪ੍ਰਕਾਸ਼ਿਤ ਕੀਤਾ ਗਿਆ। ਇਸੇ ਕੜੀ ਵਿੱਚ ਸ਼ਾਇਰ ਵੱਜੋਂ ਬਾਵਾ ਬਲਵੰਤ (1906-1973) ਦਾ ਨਾਮ ਚਰਚਿੱਤ ਹੈ ਜੋ ਕਿ ਕ੍ਰਾਂਤੀਕਾਰੀ ਵਿਚਾਰਾਂ ਦਾ ਧਾਰਨੀ ਹੁੰਦਾ ਹੋਇਆ ਪਿਆਰ ਦਾ ਸੰਸਾਰ ਵੀ ਸਿਰਜਣ ਵਾਲਾ ਸ਼ਾਇਰ ਸੀ। ਬਾਵਾ ਬਲਵੰਤ ਦੀ ਕਾਵਿ ਵਿਲੱਖਣਤਾ ਬਾਰੇ ਡਾ. ਮਨਜੀਤ ਸਿੰਘ ਲਿਖਦੇ ਹਨ:

> *ਬਾਵਾ ਬਲਵੰਤ ਇੱਕ ਵਿਲੱਖਣ ਭਾਵ ਬੋਧ ਦਾ ਕਵੀ ਸੀ। ਉਸਨੂੰ ਪੰਜਾਬੀ ਕਾਵਿ ਦੀ ਕਿਸੇ ਵੀ ਪ੍ਰਵਿਰਤੀ ਜਾਂ ਧਾਰਾਂ ਨਾਲ ਜੋੜ ਕੇ ਨਹੀਂ ਦੇਖਿਆ ਜਾ ਸਕਦਾ।*
>
> (ਪ੍ਰੋ. ਬ੍ਰਹਮਜਗਦੀਸ਼ ਸਿੰਘ, ਪ੍ਰੋ. ਰਾਜਬੀਰ ਕੌਰ, *ਪੰਜਾਬੀ ਸਾਹਿਤ ਦਾ ਇਤਿਹਾਸ* 423)

ਕਵੀ ਬਾਵਾ ਬਲਵੰਤ ਦੀਆਂ ਰਚਨਾਵਾਂ ਇਸ ਪ੍ਰਕਾਰ ਹਨ: ਮਹਾਂ ਨਾਚ (1941), ਅਮਰ ਗੀਤ (1942), ਜਵਾਲਾਮੁਖੀ (1943), ਬੰਦਰਗਾਹ (1951) ਅਤੇ ਸੁਗੰਧ ਸਮੀਰ (1959)। ਬਾਵਾ ਬਲਵੰਤ

ਦੀ ਕਵਿਤਾ ਬਹੁ-ਰੰਗੀ ਹੈ। '*ਉਸ ਦੀ ਕਵਿਤਾ ਵਿੱਚ ਨਿੱਜ-ਪੀੜਾ, ਪ੍ਰਗਤੀਵਾਦ ਦਾ ਨਾਰਾ, ਦੇਸ਼ ਪਿਆਰ, ਇਸਤਰੀ ਸੰਵੇਦਨਾ, ਆਸ਼ਾਵਾਦੀ ਅਤੇ ਮਾਨਵੀ ਦ੍ਰਿਸ਼ਟੀਕੋਣ*' (ਡਾ. ਮਨਜੀਤ ਸਿੰਘ, *ਵੀਹਵੀ ਸਦੀ ਦੀ ਪੰਜਾਬੀ ਕਵਿਤਾ: ਵਿਚਾਰ ਤੇ ਵਿਸ਼ਲੇਸ਼ਣ* 49) ਆਦਿ ਰੰਗ ਦ੍ਰਿਸ਼ਟੀਗੋਚਰ ਹੁੰਦੇ ਹਨ। ਇਸੇ ਪਰੰਪਰਾ ਨੂੰ ਅੱਗੇ ਤੋਰਨ ਵਿੱਚ ਪ੍ਰੀਤਮ ਸਿੰਘ ਸਫ਼ੀਰ (1916-1999) ਰੁਮਾਂਟਿਕ, ਪ੍ਰਗਤੀਵਾਦੀ ਅਤੇ ਰਹੱਸਵਾਦੀ ਕਵੀ ਵੱਜੋਂ ਪ੍ਰਸਿੱਧ ਹਨ ਜੋ ਪ੍ਰੀਤਮ ਸਿੰਘ ਦੀ ਇੱਕ ਵਿਸ਼ੇਸ ਵਿਲੱਖਣਤਾ ਹੈ। ਕੱਤਕ ਕੂੰਜਾਂ (1941), ਪਾਪ ਦੇ ਸੋਹਿਲੇ (1943), ਰਕਤ ਬੂੰਦਾਂ (1946), ਰਾਗ ਰਿਸ਼ਮਾਂ (1946), ਆਦਿ ਜੁਗਾਦਿ (1958), ਸੰਜੋਗ ਵਿਯੋਗ (1982), ਅਗਮ ਅਗੋਚਰ (1981), ਸਰਬ ਨਿਰੰਤਰਿ (1987) ਸਫ਼ੀਰ ਦੇ ਪ੍ਰਸਿੱਧ ਕਾਵਿ ਸੰਗ੍ਰਿਹ ਹਨ। ਇਹਨਾਂ ਨੂੰ ਬੌਧਿਕ ਰਹੱਸਵਾਦੀ ਕਵੀ ਵੱਜੋਂ ਵੀ ਜਾਣਿਆ ਜਾਂਦਾ ਹੈ।

ਅੰਮ੍ਰਿਤਾ ਪ੍ਰੀਤਮ (1919-2005) ਇਸ ਦੌਰ ਦੀ ਪੰਜਾਬੀ ਸਾਹਿਤ ਦੀ ਸਭ ਤੋਂ ਵੱਧ ਹਰਮਨ ਪਿਆਰੇ ਲੇਖਕਾਂ ਵਿੱਚੋਂ ਇੱਕ ਸੀ। ਪੰਜਾਬ ਦੇ ਗੁਜਰਾਂਵਾਲੇ ਜਿਲ੍ਹੇ ਵਿੱਚ ਪੈਦਾ ਹੋਈ ਅੰਮ੍ਰਿਤਾ ਪ੍ਰੀਤਮ ਨੂੰ ਪੰਜਾਬੀ ਭਾਸ਼ਾ ਦੀ ਪਹਿਲੀ ਕਵਿਤਰੀ ਮੰਨਿਆ ਜਾਂਦਾ ਹੈ। ਅੰਮ੍ਰਿਤਾ ਪ੍ਰੀਤਮ ਨੇ ਇਨਕਲਾਬੀ ਕਵਿਤਰੀ ਹੋਣ ਦੇ ਨਾਲ ਰੋਮਾਂਸ, ਇਖ਼ਲਾਕ ਅਤੇ ਸਮਾਜ-ਸ਼ਹਿਰੀ ਦੀਆਂ ਆਧੁਨਿਕ ਕਵਿਤਾਵਾਂ ਵਿੱਚ ਨਵੀਆਂ ਕੀਮਤਾਂ ਨੂੰ ਉਲੀਕਿਆ। ਇਹਨਾਂ ਦੇ ਕਵਿਤਾ ਸੰਗ੍ਰਿਹ ਇਸ ਪ੍ਰਕਾਰ ਹਨ: ਠੰਢੀਆਂ ਕਿਰਨਾਂ (1935), ਅੰਮ੍ਰਿਤ ਲਹਿਰਾਂ (1936), ਜਿਉਂਦਾ ਜੀਵਨ (1939), ਤ੍ਰੇਲ ਧੋਤੇ ਫੁੱਲ (1941), ਓ ਗੀਤਾਂ ਵਾਲਿਆ (1942), ਬੱਦਲਾਂ ਦੇ ਪੱਲੇ ਵਿੱਚ (1943), ਨਿੱਲੀ ਜਿਹੀ ਸੁਗਾਤ(1944), ਲੋਕ ਪੀੜ (1944), ਪੱਥਰ ਗੀਟੇ (1946), ਲੰਮੀਆਂ ਵਾਟਾਂ(1947), ਮੈਂ ਤਵਾਰੀਖ਼ ਹਾਂ ਹਿੰਦ ਦੀ(1950), ਸਰਘੀ ਵੇਲਾ (1951), ਮੇਰੀ ਚੋਣਵੀਂ ਕਵਿਤਾ (1952), ਸੁਨੇਹੜੇ (1955 ਸਾਹਿਤ ਅਕਾਦਮੀ ਇਨਾਮ ਪ੍ਰਾਪਤ ਕਵਿਤਾ ਸੰਗ੍ਰਿਹ), ਮੈਂ ਜਮਾਂ ਤੂੰ (1977), ਕਾਗਜ਼ ਤੇ ਕੈਨਵਸ (1970, ਗਿਆਨਪੀਠ ਇਨਾਮ ਪ੍ਰਾਪਤ ਕਵਿਤਾ ਸੰਗ੍ਰਿਹ) ਆਦਿ। ਅੰਮ੍ਰਿਤਾ ਪ੍ਰੀਤਮ ਤੋਂ ਬਾਅਦ ਹਰਿਭਜਨ ਸਿੰਘ (1920-2002) ਦਾ ਨਾਮ ਪੰਜਾਬੀ ਕਵਿਤਾ ਵਿੱਚ ਆਪਣੇ ਪ੍ਰਗੀਤਕ ਕਾਵਿ ਸ਼ੈਲੀ ਕਾਰਨ ਪ੍ਰਸਿੱਧ ਹੈ। ਲਾਸ਼ਾਂ (1936), ਤਾਰ ਤੁਪਕੇ (1957), ਅਧਰੈਣੀ (1962), ਨਾ ਧੁੱਪ

ਨਾ ਛਾਵੇਂ (1967), ਸੜਕ ਦੇ ਸਫ਼ੇ ਉੱਤੇ (1970), ਅਲਫ਼ ਦੁਪਹਿਰ (1972), ਟੁੱਕੀਆਂ ਜੀਭਾਂ ਵਾਲੇ (1977), ਮੱਥਾ ਦੀਵੇ ਵਾਲਾ (1982), ਨਿੱਕਸੁੱਕ (1989), ਮਾਵਾਂ ਧੀਆਂ (1989), ਚੌਥੇ ਦੀ ਉਡੀਕ (1991), ਰੁੱਖ ਤੇ ਰਿਸ਼ੀ (1992) ਆਦਿ ਹਰਿਭਜਨ ਦੀਆਂ ਪ੍ਰਸਿੱਧ ਕਾਵਿ ਪੁਸਤਕਾਂ ਹਨ। ਕਵੀ ਹਰਿਭਜਨ ਸਿੰਘ ਨੇ ਆਪਣੀਆਂ ਕਵਿਤਾਵਾਂ ਵਿੱਚ ਪੂੰਜੀਵਾਦੀ ਸੰਸਕ੍ਰਿਤੀ ਵਿੱਚ ਮਨੁੱਖ ਦੇ ਅੰਦਰੋਂ ਖੰਡਿਤ ਹੋਣ ਦੇ ਅਹਿਸਾਸ ਨੂੰ ਪੇਸ਼ ਕੀਤਾ ਹੈ ਅਤੇ ਨਾਲ ਹੀ ਉੱਤਰ ਆਧੁਨਿਕਤਾ ਦੇ ਦੌਰ ਨੂੰ ਵੀ ਛੂਹਿਆ ਹੈ। ਇਸ ਤੋਂ ਇਲਾਵਾ ਆਧੁਨਿਕ ਪੰਜਾਬੀ ਕਵਿਤਾ ਦੇ ਦੂਜੇ ਖੰਡ ਵਿੱਚ ਮੋਹਨ ਸਿੰਘ, ਬਾਵਾ ਬਲਵੰਤ, ਪ੍ਰੀਤਮ ਸਿੰਘ ਸਫ਼ੀਰ, ਅੰਮ੍ਰਿਤਾ ਪ੍ਰੀਤਮ, ਹਰਿਭਜਨ ਸਿੰਘ ਆਦਿ ਉਪਰੋਕਤ ਪ੍ਰਮੁੱਖ ਕਵੀਆਂ ਤੋਂ ਇਲਾਵਾ ਹੀਰਾ ਸਿੰਘ ਦਰਦ, ਅਵਤਾਰ ਸਿੰਘ, ਪਿਆਰਾ ਸਿੰਘ, ਪ੍ਰਭਜੋਤ ਕੋਰ, ਸੰਤੋਖ ਸਿੰਘ ਧੀਰ, ਜਸਵੰਤ ਸਿੰਘ ਨੇਕੀ ਆਦਿ ਵੀ ਇਸ ਦੌਰ ਦੇ ਪ੍ਰਮੁੱਖ ਕਵੀ ਸਨ, ਜਿਨ੍ਹਾਂ ਨੇ ਆਪਣੀਆਂ ਵਡਮੁੱਲੀਆਂ ਕਾਵਿ-ਰਚਨਾਵਾਂ ਨਾਲ ਆਧੁਨਿਕ ਕਵਿਤਾ ਦੇ ਦੂਜੇ ਖੰਡ ਵਿੱਚ ਆਪਣਾ ਵਡਮੁੱਲਾ ਯੋਗਦਾਨ ਦਿੱਤਾ।

ਆਧੁਨਿਕ ਦ੍ਰਿਸ਼ਟੀ ਅਨੁਸਾਰ, ਆਧੁਨਿਕ ਪੰਜਾਬੀ ਕਵਿਤਾ ਨੂੰ ਪ੍ਰਭਾਸ਼ਿਤ ਕਰਦਾ ਪੰਜਾਬੀ ਕਵਿਤਾ ਦਾ ਤੀਜਾ ਦੌਰ ਸ਼ਿਵ ਕੁਮਾਰ ਬਟਾਲਵੀ, ਤਾਰਾ ਸਿੰਘ, ਜਸਵੀਰ ਸਿੰਘ ਆਹਲੂਵਾਲੀਆ, ਰਵਿੰਦਰ ਰਵੀ, ਅਵਤਾਰ ਸਿੰਘ ਸੰਧੂ (ਪਾਸ਼) ਦਾ ਯੁੱਗ ਹੈ। ਕਵਿਤਾ ਦੇ ਇਸ ਦੌਰ ਵਿੱਚ ਆਧੁਨਿਕਤਾ ਦੇ ਮੁੱਖ ਲੱਛਣ, ਮਨੁੱਖੀ-ਜੀਵਨ ਅਤੇ ਇਸ ਦੀਆਂ ਜਟਿਲਤਾਵਾਂ ਤੇ ਇਸ ਦੇ ਪ੍ਰਭਾਵਾਂ ਨੂੰ ਕੇਂਦਰੀ ਧੁਰੇ ਵਜੋਂ ਕਾਵਿ-ਰੂਪਾਂ ਰਾਹੀਂ ਪ੍ਰਸਤੁਤ ਕੀਤਾ ਹੈ। ਪੰਜਾਬੀ ਕਵਿਤਾ ਦਾ ਇਹ ਦੌਰ ਜਟਿਲ ਸਮਾਜਿਕ ਯਥਾਰਥ, ਨਿੱਜਪ੍ਰਕ ਹੋਂਦ ਅਤੇ ਸਿਰਜਣਾਤਮਕ ਵੰਨ-ਸੁਵੰਨਤਾ ਦਾ ਦੌਰ ਹੈ। ਪ੍ਰੋ. ਬ੍ਰਹਮਜਗਦੀਸ਼ ਸਿੰਘ ਅਤੇ ਪ੍ਰੋ. ਰਾਜਬੀਰ ਕੌਰ ਕਵਿਤਾ ਦੇ ਇਸ ਦੌਰ ਨੂੰ ਨਵੀਆਂ ਪ੍ਰੰਪਰਾਵਾਂ ਦੇ ਉਦੈ ਹੋਣ ਦਾ ਦੌਰ ਮੰਨਦੇ ਲਿਖਦੇ ਹਨ:

> *ਆਧੁਨਿਕ ਪੰਜਾਬੀ ਕਵਿਤਾ ਦਾ ਤੀਜਾ ਦੌਰ ਅੰਮ੍ਰਿਤਾ-ਮੋਹਨ ਸਿੰਘ ਕਾਵਿ ਧਾਰਾ ਦੇ ਵਿਗਠਨ ਅਤੇ ਨਵੀਆਂ ਪਰੰਪਰਾਵਾਂ ਦੇ ਉਦੈ ਹੋਣ ਨਾਲ ਸ਼ੁਰੂ ਹੁੰਦਾ ਹੈ। ਇਸ ਦੌਰ ਵਿੱਚ ਪ੍ਰਯੋਗਵਾਦੀ, ਸੁਹਜਵਾਦੀ ਅਤੇ ਜੁਝਾਰਵਾਦੀ ਪ੍ਰਵਿਰਤੀਆਂ ਦਾ ਪ੍ਰਚੱਲਨ ਰਿਹਾ।* (*ਪੰਜਾਬੀ ਸਾਹਿਤ ਦਾ ਇਤਿਹਾਸ* 433)

ਸ਼ਿਵ ਕੁਮਾਰ ਬਟਾਲਵੀ (1937-1973) ਪੰਜਾਬੀ-ਕਾਵਿ ਵਿੱਚ 'ਬਿਰਹਾ ਦਾ ਕਵੀ' ਦੇ ਨਾਮ ਨਾਲ ਪ੍ਰਸਿੱਧ ਹੋਇਆ। ਸ਼ਿਵ ਇੱਕ ਪ੍ਰਗੀਤਕ ਕਵੀ ਸੀ। ਉਸ ਨੇ ਗੀਤ-ਕਾਵਿ, ਮਹਾਂ-ਕਾਵਿ ਅਤੇ ਗਜ਼ਲਾਂ ਦੀ ਰਚਨਾ ਕੀਤੀ। ਸ਼ਿਵ ਕੁਮਾਰ ਦੀ ਰਚਨਾ 'ਲੂਣਾ' ਇੱਕ ਉਤਕ੍ਰਿਸ਼ਟ ਰਚਨਾ ਦੇ ਤੌਰ 'ਤੇ ਸਾਹਿਤ ਦੇ ਖੇਤਰ ਵਿੱਚ ਕਾਫ਼ੀ ਪ੍ਰਸਿੱਧ ਹੋਈ, ਜਿਸ ਵਿੱਚ ਉਸ ਨੇ 'ਲੂਣਾ' ਪ੍ਰਤੀ ਚੱਲ ਰਹੀ ਅਭਿਧਾਰਨਾ ਦੇ ਵਿਰੋਧ ਵਿੱਚ ਨਵੀਂ ਵਿਚਾਰਧਾਰਾ ਨੂੰ ਪੇਸ਼ ਕੀਤਾ। ਇਸੇ ਸੰਦਰਭ ਵਿੱਚ ਸੁਹਿੰਦਰ ਬੀਰ ਲਿਖਦੇ ਹਨ:

> *1965 ਵਿੱਚ ਉਸ ਨੇ ਸ਼ਾਹਕਾਰ ਕਾਵਿ ਕ੍ਰਿਤ ਲੂਣਾ ਦੀ ਰਚਨਾ ਕੀਤੀ ਅਤੇ ਕਾਦਰਯਾਰ ਦੁਆਰਾ ਤ੍ਰਿਸਕਾਰੀ ਹੋਈ ਲੂਣਾ ਨੂੰ ਨਵੇਂ ਸਿਰਿਓਂ ਜੀਵਨ ਜੀਉਣ ਦੇ ਅਰਥ ਪ੍ਰਦਾਨ ਕਰਕੇ ਸਮਾਜਿਕ-ਸੱਭਿਆਚਾਰਕ ਵਿਵਸਥਾ ਉੱਪਰ ਗਹਿਰੀ ਚੋਟ ਮਾਰੀ ਹੈ*
>
> (*ਸ਼ਿਵ ਕੁਮਾਰ ਜੀਵਨ ਅਤੇ ਕਵਿਤਾ* 15)

ਇਸ ਤੋਂ ਇਲਾਵਾ ਸ਼ਿਵ ਕੁਮਾਰ ਨੇ ਕਈ ਪ੍ਰਸਿੱਧ ਉਚ ਕੋਟੀ ਦੀਆਂ ਰਚਨਾਵਾਂ ਦੀ ਰਚਨਾ ਕੀਤੀ, ਜਿਨ੍ਹਾਂ ਵਿੱਚ ਕੁਝ ਪ੍ਰਮੁੱਖ ਕਾਵਿ ਸੰਗ੍ਰਿਹ ਹਨ: ਪੀੜਾਂ ਦਾ ਪਰਾਗਾ (1960), ਲਾਜਵੰਤੀ (1961), ਮੈਨੂੰ ਵਿਦਾ ਕਰੋ (1963), ਆਟੇ ਦੀਆਂ ਚਿੜੀਆਂ (1764), ਦਰਦਮੰਦਾਂ ਦੇ ਆਹੀਂ (1965), ਲੂਣਾ (1967), ਬਿਰਹਾ ਤੂੰ ਸੁਲਤਾਨ (1969), ਮੈਂ ਤੇ ਮੈਂ (1971), ਆਰਤੀ (1971), ਸੋਗ (1973) ਆਦਿ। ਇਸੇ ਸਮੇਂ ਤਾਰਾ ਸਿੰਘ (1992-1993) ਪ੍ਰਗਤੀਵਾਦੀ ਅਤੇ ਪ੍ਰਯੋਗਵਾਦੀ ਆਧੁਨਿਕ-ਕਾਵਿ ਦੇ ਪ੍ਰਸੰਗ ਵਿੱਚ ਵਿਲੱਖਣ ਅਤੇ ਅੱਡ ਸ਼੍ਰੇਣੀ ਦੇ ਕਵੀ ਦੇ ਰੂਪ ਵਿੱਚ ਪ੍ਰਸਿੱਧ ਸੀ। ਉਸ ਨੇ ਆਪਣੇ ਕਾਵਿ ਨੂੰ ਪ੍ਰਗੀਤਕ ਕਾਵਿ ਦੇ ਅੰਗ-ਸੰਗ ਰੱਖਿਆ। ਤਾਰਾ ਸਿੰਘ ਨੇ ਕਈ ਬੌਧਿਕ ਨਜ਼ਮਾਂ ਦੀ ਰਚਨਾ ਵੀ ਕੀਤੀ। ਉਸ ਦੀਆਂ ਕਾਵਿ ਪੁਸਤਕਾਂ ਇਸ ਪ੍ਰਕਾਰ ਹਨ : ਸਿਮਦੇ ਪੱਥਰ (1956), ਮੇਘਲੇ (1962), ਅਸੀਂ ਤੁਸੀਂ (1972), ਸੂਰਜ ਦਾ ਲੈਟਰ ਬਕਸ (1983), ਕਹਿਕਸ਼ਾਂ (1988), ਡੋਲਦੇ ਪਾਣੀ (1995) ਆਦਿ।

ਪੰਜਾਬੀ ਸ਼ਾਇਰੀ ਦੇ ਖੇਤਰ ਵਿੱਚ ਜਸਬੀਰ ਸਿੰਘ ਆਹਲੂਵਾਲੀਆ ਅਗਲਾ ਵੱਡਾ ਉੱਲੇਖ-ਯੋਗ ਨਾਮ ਹੈ। ਜਿਸ ਨੂੰ ਪ੍ਰਯੋਗਸ਼ੀਲ ਕਾਵਿ ਧਾਰਾ ਦੇ ਸਿਧਾਂਤਕਾਰ ਵੱਜੋਂ ਵੀ ਜਾਣਿਆ ਜਾਂਦਾ ਹੈ। ਜਸਬੀਰ ਸਿੰਘ

ਬਾਰੇ ਆਮ ਮਾਨਤਾ ਹੈ ਕਿ ਇਹਨਾਂ ਨੇ ਆਧੁਨਿਕ ਪੰਜਾਬੀ ਕਵਿਤਾ ਨੂੰ ਮਹਾਂਨਗਰੀ ਜੀਵਨ ਦੀਆਂ ਜਟਿਲਤਾਵਾਂ ਦਾ ਸੰਤਾਪ ਭੋਗਣ ਵਾਲੇ ਮੱਧਵਰਗੀ ਵਿਅਕਤੀ ਨਾਲ ਜੋੜਿਆ। ਜਸਬੀਰ ਸਿੰਘ ਦੀਆਂ ਕੁਝ ਪ੍ਰਮੁੱਖ ਰਚਨਾਵਾਂ ਦਾ ਵੇਰਵਾ: ਕਾਗਜ਼ ਦਾ ਰਾਵਣ (1965), ਕੂੜ ਰਾਜਾ ਕੂੜ ਪਰਜਾ (1970), ਸੱਚ ਕੀ ਬੇਲਾ (1977), ਬਾਹਰੋਂ ਸਰਾਪੇ ਅੰਦਰੋਂ ਗੁਆਚੇ (1988) ਆਦਿ।

ਪੰਜਾਬੀ ਆਧੁਨਿਕ ਕਵਿਤਾ ਵਿੱਚ ਰਵਿੰਦਰ ਰਵੀ (1937) ਦਾ ਨਾਮ ਪਰਵਾਸੀ ਕਵੀ ਦੇ ਵੱਜੋਂ ਪ੍ਰਸਿੱਧ ਹੈ। ਰਵਿੰਦਰ ਰਵੀ ਦੀ ਕਵਿਤਾ ਦਾ ਵਿਸ਼ਾ ਵਸਤੂ ਅਸੀਮ ਹੈ। ਇਸੇ ਲਈ ਆਪ ਨੂੰ ਬ੍ਰਹਿਮੰਡੀ ਕਵੀ ਵੀ ਆਖਿਆ ਜਾਂਦਾ ਹੈ। ਰਵਿੰਦਰ ਰਵੀ ਨੇ ਆਪਣੀ ਸਾਹਿਤਕ ਸਿਰਜਣਾ ਵਿੱਚ ਪ੍ਰਯੋਗਵਾਦੀ ਵਿਚਾਰਧਾਰਾ ਨੂੰ ਵਧੇਰੇ ਅਪਣਾਇਆ। ਉਹਨਾਂ ਦੀ ਕਾਵਿ ਸਿਰਜਣਾ ਵਿੱਚ ਅਨੇਕਾਂ ਰੰਗਾਂ ਦੀ ਭਰਮਾਰ ਹੈ। ਆਪ ਦੀਆਂ ਕੁਝ ਕਾਵਿ ਪੁਸਤਕਾਂ ਹਨ: 'ਬਿੰਦੂ', 'ਬੁੱਕਲ ਦੇ ਵਿੱਚ ਚੋਰ', 'ਦਿਲ ਟ੍ਰਾਂਸਪਲਾਂਟ ਤੋਂ ਬਾਅਦ', 'ਮੌਨ ਹਾਦਸੇ', 'ਮੇਰੇ ਮੌਸਮ ਦੀ ਵਾਰੀ', 'ਚਿੱਟੇ ਕਾਲੇ ਧੱਬੇ', 'ਸੀਮਾ ਆਕਾਸ਼', 'ਜਲ ਭਰਮ ਜਲ', 'ਨਵੀ ਸਦੀ ਦੀ ਨਵੀਂ ਨਸਲ', ਆਦਿ।

ਅਵਤਾਰ ਸਿੰਘ ਸੰਧੂ (ਪਾਸ਼) ਦਾ ਰਚਨਾਕਾਲ 1950 ਈ ਤੋਂ 1988 ਈ. ਦੇ ਸਮੇਂ ਦੌਰਾਨ ਰਿਹਾ। ਪਾਸ਼ ਨੂੰ ਸ਼ੋਸ਼ਿਤ ਵਰਗ ਦਾ ਬੁਲਾਰੇ ਕਵੀ ਵਜੋਂ ਜਾਣਿਆ ਜਾਂਦਾ ਹੈ। ਪਾਸ਼ ਉਸ ਵਿਚਾਰਧਾਰਾ ਦਾ ਕਵੀ ਸੀ ਜੋ ਜਮਾਤੀ ਸੰਗਰਾਮ ਨੂੰ ਆਪਣੇ ਨਾਲ ਲੈ ਕੇ ਚਲਦੀ ਸੀ। ਪਾਸ਼ ਨਕਸਲਵਾੜੀ ਲਹਿਰ ਦਾ ਇੱਕ ਪ੍ਰਭਾਵਸ਼ਾਲੀ ਕਵੀ ਸਾਬਿਤ ਹੋਇਆ ਹੈ। ਉਸ ਵਿੱਚ ਨਕਸਲਵਾੜੀ ਕਾਵਿ ਲਹਿਰ ਦੇ ਸਾਰੇ ਗੁਣ ਸਮਾਏ ਸਨ। ਪਾਸ਼ ਦੀਆਂ ਕਾਵਿ ਪੁਸਤਕਾਂ: ਲੋਹ ਕਥਾ (1970), ਉੱਡਦੇ ਬਾਜ਼ਾਂ ਮਗਰ (1974), ਸਾਡੇ ਸਮਿਆਂ ਵਿੱਚ (1978) ਵਿੱਚ ਛਪੀਆਂ। ਪਾਸ਼ ਦੀ ਸ਼ਹਾਦਤ ਤੋਂ ਬਾਅਦ ਉਸ ਦੀ ਚਿੱਠੀਆਂ, ਅਣ-ਛਪੀਆਂ ਕਵਿਤਾਵਾਂ, ਡਾਇਰੀ ਆਦਿ 'ਖਿਲਰੇ ਹੋਏ ਵਰਕੇ' ਨਾਮ ਹੇਠਾ ਪ੍ਰਕਾਸ਼ਿਤ ਹੋਈ। ਤੀਜੇ ਖੰਡ ਦੇ ਉਪਰੋਕਤ ਕਵੀਆਂ ਤੋਂ ਇਲਾਵਾ ਹਰਭਜਨ ਹਲਵਾਰਵੀ, ਸੰਤ ਰਾਮ ਉਦਾਸੀ, ਮਨਜੀਤ ਟਿਵਾਣਾ, ਅਮਰਜੀਤ ਚੰਦਨ, ਦੇਵ, ਸ਼ਸ਼ੀ ਸਮੁੰਦਰਾ, ਨਿਰੰਜਨ ਨੂਰ ਆਦਿ ਹੋਰ ਬਹੁਤ ਸਾਰੇ ਨਾਮੀ ਕਵੀ ਹਨ, ਜਿਨ੍ਹਾਂ ਨੇ ਆਪਣੀ ਕਾਵਿ ਪ੍ਰਤਿਭਾ ਰਾਹੀਂ ਕਵਿਤਾ ਦੇ ਖੇਤਰ

ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾਇਆ ਹੈ। ਇਸ ਉਪਰੰਤ ਆਧੁਨਿਕ ਪੰਜਾਬੀ ਕਵਿਤਾ ਦੇ ਚੌਥੇ ਦੌਰ ਦਾ ਆਰੰਭ ਹੋਇਆ।

ਆਧੁਨਿਕ ਪੰਜਾਬੀ ਕਵਿਤਾ ਦਾ ਚੌਥਾ ਦੌਰ, ਆਧੁਨਿਕਤਾ ਤੋਂ ਅੱਗੇ ਉੱਤਰ-ਆਧੁਨਿਕਤਾ ਦਾ ਦੌਰ ਹੈ, ਜੋ ਸਮਕਾਲ ਦੇ ਸਮਾਨਅੰਤਰ ਘਟਿਤ ਹੋ ਰਿਹਾ ਹੈ। ਵਰਤਮਾਨ ਪੰਜਾਬੀ ਕਵਿਤਾ ਸਮਕਾਲ ਦੀਆਂ ਵਿਚਾਰਧਾਰਕ ਸਿਸਟਮੀ ਉਥਲ-ਪੁਥਲਾਂ, ਵਿਸ਼ਵੀਕਰਨ, ਉਦਯੋਗੀਕਰਨ ਅਤੇ ਅੰਨ੍ਹੇ-ਪੱਛਮੀਕਰਨ ਦੀ ਭਾਰੂ ਰੁਚੀ ਨੂੰ ਕਾਵਿ-ਸੰਵੇਦਨਾ ਵਿੱਚ ਸੰਚਾਰਿਤ ਕਰਦੀ 'ਸਮਕਾਲੀ ਪੰਜਾਬੀ ਕਵਿਤਾ' ਦਾ ਦੌਰ ਹੈ। ਸਮਕਾਲੀ ਪੰਜਾਬੀ ਕਵਿਤਾ ਆਧੁਨਿਕ ਪੰਜਾਬੀ ਕਾਵਿ ਦਾ ਵਿਸਥਾਰ ਹੈ, ਜਿਸ ਸੰਦਰਭ ਵਿੱਚ ਜਸਵੰਤ ਜ਼ਫ਼ਰ ਹਥਲੇ ਖੋਜ-ਕਾਰਜ ਦੌਰਾਨ ਹੋਈ ਮੁਲਾਕਾਤ ਵਿੱਚ ਸਮਕਾਲੀ ਪੰਜਾਬੀ ਕਵਿਤਾ ਦੇ ਰੁਝਾਨ ਬਾਰੇ ਵਿਚਾਰ ਪੇਸ਼ ਕਰਦੇ ਹਨ ਕਿ

> *ਜਿਸ ਤਰ੍ਹਾਂ ਮਨੁੱਖ ਦਾ ਦਾਇਰਾ ਵਿਸ਼ਾਲ ਹੋਇਆ ਹੈ। ਉਸ ਦਾਇਰੇ ਵਿੱਚ ਆਉਂਦੀਆਂ ਸਾਰੀਆਂ ਵਸਤੂਆਂ ਅਨੁਭਵ ਅਤੇ ਖਿਆਲ ਅਜੋਕੀ ਪੰਜਾਬੀ ਕਵਿਤਾ ਦੇ ਰੁਝਾਨ ਹਨ।*

ਆਧੁਨਿਕ ਸੰਵੇਦਨਾ ਦਾ ਬਹੁਪਰਤੀ ਯਥਾਰਥ ਨਵੀਂ ਪੰਜਾਬੀ ਸ਼ਾਇਰੀ ਦਾ ਵਿਲੱਖਣ ਲੱਛਣ ਹੈ। ਸਮਕਾਲੀ ਪੰਜਾਬੀ ਸ਼ਾਇਰੀ ਵਿੱਚ 'ਮੈਂ' ਦੀ ਪ੍ਰਧਾਨਤਾ ਹੈ ਮੈਂ-ਮੁਲਕਤਾ, ਮੌਲਿਕਤਾ ਅਤੇ ਮਨੁੱਖ ਅਜੋਕੇ ਕਾਵਿਕ ਖੰਡ ਦੀ ਖ਼ਾਸੀਅਤ ਹੈ। ਸੁਰਜੀਤ ਪਾਤਰ, ਜਸਵੰਤ ਜ਼ਫਰ, ਜਸਵੰਤ ਦੀਦ, ਸਵਰਨਜੀਤ ਸਵੀ, ਅੰਬਰੀਸ਼, ਅਮਰਜੀਤ ਕੌਂਕੇ, ਵਨੀਤਾ, ਪਾਲ ਕੌਰ, ਸੁਖਵਿੰਦਰ ਕੰਬੋਜ਼, ਸ਼ਮੀਲ, ਗੁਰਪ੍ਰੀਤ ਮਾਨਸਾ, ਸਵਰਾਜਬੀਰ, ਗੁਰਦੇਵ ਚੌਹਾਨ, ਦੇਵ, ਗੁਰਤੇਜ ਕੋਹਾਰਵਾਲਾ, ਵਿਜੇ ਵਿਵੇਕ, ਰਤਨ ਸਿੰਘ ਢਿੱਲੋਂ, ਸੁਖਵਿੰਦਰ ਅੰਮ੍ਰਿਤ, ਦਰਸ਼ਨ ਬੁੱਟਰ, ਜਸਵਿੰਦਰ ਆਦਿ ਹੋਰ ਅਨੇਕਾਂ ਨਵੀਨ ਸ਼ਾਇਰਾਂ ਨੇ ਨਵੇਂ ਉਚਾਰ ਦੀ ਸਮਕਾਲੀ ਪੰਜਾਬੀ ਕਵਿਤਾ ਵਿੱਚ ਇੱਕ ਵਰਨਣਯੋਗ ਤਬਦੀਲੀ ਲਿਆਂਦੀ ਹੈ। ਜਿਸ ਦਾ ਅਧਿਐਨ ਨਿਮਨਲਿਖਿਤ "ਸਮਕਾਲੀ ਪੰਜਾਬੀ ਕਵਿਤਾ ਦਾ ਸਿਧਾਂਤਕ ਪਰਿਪੇਖ" ਸਿਰਲੇਖ ਅਧੀਂਨ ਕੀਤਾ ਗਿਆ ਹੈ।

**ਸਮਕਾਲੀ ਪੰਜਾਬੀ ਕਵਿਤਾ ਦਾ ਸਿਧਾਂਤਕ ਪਰਿਪੇਖ:**

ਪੰਜਾਬੀ ਕਵਿਤਾ ਦਾ ਸਿਧਾਂਤਕ ਪਰਿਪੇਖ ਉਸਾਰਦਿਆ ਅਸੀਂ ਕਵਿਤਾ ਦਾ ਨਿਕਾਸ ਅਤੇ ਵਿਕਾਸ ਪੜਾਅ ਅਧੀਨ ਕਵਿਤਾ ਦੇ ਆਧੁਨਿਕ ਦੌਰ ਦਾ ਅਧਿਐਨ ਕਰ ਚੁੱਕੇ ਹਾਂ। ਇਸ ਉਪਰੰਤ ਕਵਿਤਾ ਦਾ ਅਗਲਾ ਦੌਰ ਸਮਕਾਲੀ ਪੰਜਾਬੀ ਕਵਿਤਾ ਦੇ ਰੂਪ ਵਿੱਚ ਸਾਹਮਣੇ ਆਈਆ, ਜੋ ਆਧੁਨਿਕ ਪੰਜਾਬੀ ਕਵਿਤਾ ਪਰੰਪਰਾ ਦੀ ਹੀ ਅਗਲੀ ਕੜੀ ਹੈ। ਸਮਕਾਲੀ ਪੰਜਾਬੀ ਕਵਿਤਾ ਬਾਰੇ ਜਾਣਨ ਤੋਂ ਪਹਿਲਾਂ ਸਮਕਾਲ ਤੋਂ ਕੀ ਭਾਵ ਹੈ?, ਇਸ ਬਾਰੇ ਜਾਨਣਾ ਅਤਿ ਜ਼ਰੂਰੀ ਹੋ ਜਾਂਦਾ ਹੈ। ਸਮਕਾਲ ਸ਼ਬਦ 'ਸਮ' ਅਤੇ 'ਕਾਲ' ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਸ਼ਬਦ ਹੈ 'ਸਮ' ਤੋਂ ਭਾਵ ਹੈ 'ਤੁਲ' ਜਾਂ 'ਸਮਾਨ' ਅਤੇ 'ਕਾਲ' ਸ਼ਬਦ ਦਾ ਅਰਥ ਹੈ 'ਸਮਾਂ' ਇਸ ਤਰ੍ਹਾਂ ਸਮਕਾਲ ਤੋਂ ਭਾਵ 'ਸਮਾਨ ਸਮਾਂ ਜਾਂ ਇੱਕ ਸਮਾਨ ਸਮਾਂ/ਕਾਲ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ:

> *ਸਮਕਾਲ: ਉਹੀ ਸਮਾਂ, ਉਹੀ ਵੇਲਾ, ਇੱਕੋ ਸਮਾਂ।* (*ਮਹਾਨ ਕੋਸ਼* 551)
>
> *ਸਮਕਾਲੀ, ਸਮਕਾਲੀਨ: ਉਸੇ ਸਮੇਂ ਹੋਣ ਵਾਲਾ।* (551)

ਅੰਗਰੇਜ਼ੀ ਭਾਸ਼ਾ ਵਿੱਚ 'ਸਮਕਾਲੀ' ਸ਼ਬਦ ਦਾ ਸਮਾਨਾਰਥੀ ਸ਼ਬਦ 'Contemporary' ਹੈ। Mahamaya Standard Concise Perfect Dictionary ਅਨੁਸਾਰ:

> *Contemporary:' belonging to or Living at the same time. ਇੱਕੋ ਸਮੇਂ ਦਾ।* (123)

ਸੁਤਿੰਦਰ ਸਿੰਘ ਨੂਰ ਅਨੁਸਾਰ:

> *ਹਰ ਕਾਲ ਦਾ ਆਪਣਾ ਸਮਕਾਲ ਹੁੰਦਾ ਹੈ, ਗੁਰਬਾਣੀ ਦਾ ਆਪਣਾ ਸਮਕਾਲ ਹੈ, ਭਾਈ ਵੀਰ ਸਿੰਘ ਅਤੇ ਪੂਰਨ ਸਿੰਘ ਦਾ ਆਪਣਾ।* (*ਸਮਕਾਲੀ ਸਾਹਿਤ ਦੇ ਸਰੋਕਾਰ 7*)

ਉਪਰੋਕਤ ਕਥਨਾਂ ਦੇ ਆਧਾਰ 'ਤੇ ਆਖਿਆ ਜਾ ਸਕਦਾ ਹੈ ਕਿ 'ਸਮਕਾਲ' ਦਾ ਅਰਥ 'ਸਮਾਨਾਂਤਰ ਸਮਾਂ' ਜਾਂ 'ਉਹੀ ਸਮਾਂ' ਜਾਂ 'ਉਸੇ ਸਮੇਂ' ਤੋਂ ਹੈ। ਦੂਜੇ ਸ਼ਬਦਾਂ ਵਿੱਚ ਇਹ ਵੀ ਆਖਿਆ ਜਾ ਸਕਦਾ ਹੈ, ਕਿ ਕਿਸੇ ਖ਼ਾਸ ਸਮੇਂ ਦੇ ਸਮਾਨਾਂਤਰ ਚੱਲ ਰਹੇ, ਉਸੇ ਸਮੇਂ ਨੂੰ ਉਸ ਖਾਸ ਸਮੇਂ ਦਾ ਸਮਕਾਲ

ਆਖਿਆ ਜਾ ਸਕਦਾ ਹੈ ਭਾਵ, 'ਗੁਰੂ ਨਾਨਕ ਦੇਵ ਜੀ ਦਾ ਆਪਣਾ ਸਮਕਾਲ ਹੈ', 'ਭਾਈ ਵੀਰ ਸਿੰਘ ਦਾ ਆਪਣਾ ਸਮਕਾਲ ਹੈ।

ਇਸੇ ਉਪਰੋਕਤ ਕੜੀ ਵਿੱਚ ਆਖਿਆ ਜਾ ਸਕਦਾ ਹੈ ਕਿ ਵਰਤਮਾਨ ਸੰਦਰਭ ਨੂੰ ਮੁੱਖ ਰੱਖ ਕੇ ਜਦੋਂ ਸਮਕਾਲੀ ਪੰਜਾਬੀ ਕਵਿਤਾ ਦੀ ਗੱਲ ਕਰਦੇ ਹਾਂ ਤਾਂ ਇਸ ਤੋਂ ਭਾਵ ਅਜੋਕੇ ਦੌਰ ਦੇ ਸਮਾਨਾਂਤਰ ਕਾਲ ਵਿੱਚ ਲਿਖੀ ਜਾ ਰਹੀ ਪੰਜਾਬੀ ਕਵਿਤਾ ਤੋਂ ਹੈ। ਸਾਧਾਰਨ ਸ਼ਬਦਾਂ ਵਿੱਚ ਵਰਤਮਾਨ ਯੁੱਗ ਵਿੱਚ ਅਜੋਕੇ ਸੰਦਰਭ ਨੂੰ ਮੁੱਖ ਰੱਖ ਕੇ ਲਿਖੀ ਕਵਿਤਾ, ਸਮਕਾਲ ਦੀ ਕਵਿਤਾ ਹੈ। ਸਮਕਾਲੀ ਪੰਜਾਬੀ ਕਵਿਤਾ ਨੂੰ ਸਮੇਂ ਨੂੰ ਨਿਰਧਾਰਿਤ ਕਰਦੇ ਹੋਏ ਜਾਂ ਇਸ ਨੂੰ ਸਮੇਂ ਪੱਖੋਂ ਆਧੁਨਿਕ ਪੰਜਾਬੀ ਕਵਿਤਾ ਨਾਲੋਂ ਨਿਖੇੜਦੇ ਹੋਏ ਵੱਖ-ਵੱਖ ਵਿਦਵਾਨ 1990 ਈ. ਦਾ ਦਹਾਕਾ ਨਵੀਂ ਪੰਜਾਬੀ ਕਵਿਤਾ ਜਾਂ ਸਮਕਾਲੀ ਪੰਜਾਬੀ ਕਵਿਤਾ ਦਾ ਆਰੰਭ ਬਿੰਦੂ ਮੰਨਦੇ ਹਨ। *ਇਸੇ ਸੰਦਰਭ ਵਿਚ ਰਾਜਿੰਦਰ ਪਾਲ ਸਿੰਘ ਲਿਖਦੇ ਹਨ:*

> *ਪੰਜਾਬੀ ਕਵਿਤਾ ਦਾ ਉੱਤਰ ਆਧੁਨਿਕ ਦੌਰ ਜਾਂ ਨਵ-ਬਸਤੀਵਾਦੀ ਦੌਰ ਜਾਂ ਵਿਸ਼ਵੀਕਰਨ ਦਾ ਦੌਰ 1990 ਈ. ਤੋਂ ਬਅਦ ਸ਼ੁਰੂ ਹੁੰਦਾ ਹੈ।* (*ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ* 218)

ਵਿਚਾਰਧਾਰਕ ਪੱਖੋਂ ਅੰਤਰ-ਨਿਖੇੜਾ ਕਰਦਿਆਂ ਪ੍ਰਮਿੰਦਰ ਸਿੰਘ, ਕਿਰਪਾਲ ਸਿੰਘ ਕਸੇਲ ਅਤੇ ਗੋਬਿੰਦ ਸਿੰਘ ਲਾਂਬਾ ਸਮਕਾਲੀ ਪੰਜਾਬੀ ਕਵਿਤਾ ਬਾਰੇ ਲਿਖਦੇ ਹਨ ਕਿ:

> *ਵਿਗਿਆਨ ਦੀ ਪ੍ਰਗਤੀ, ਵਿਗਿਆਨ ਦੀਆਂ ਕਾਢਾਂ ਅਤੇ ਉਹਨਾਂ ਦੇ ਸਨਮੁੱਖ ਮਨੁੱਖੀ ਸੋਚ, ਕਰਮ ਜਾਂ ਵਿਹਾਰ ਵਿੱਚ ਆਇਆ ਪਰਿਵਰਤਨ, ਮਾਨਸਿਕ ਤਨਾਓ, ਪਰਿਵਾਰਕ ਜੀਵਨ ਵਿੱਚ ਆਈਆਂ ਤ੍ਰੇੜਾਂ, ਭਾਈਚਾਰਕ-ਸਮਾਜਿਕ ਤੇ ਨੈਤਿਕ ਕਦਰਾਂ ਕੀਮਤਾਂ ਦਾ ਤਿਆਗ, ਆਰਥਿਕ ਮਜ਼ਬੂਰੀਆਂ, ਆਲੇ ਦੁਆਲੇ ਤੋਂ ਨਿਰਾਸ਼ਾ, ਇੱਕਲਾਪੇ ਦਾ ਅਹਿਸਾਸ ਆਦਿ ਮਹਾਂਨਗਰੀ ਸੱਭਿਅਤਾ ਦੇ ਕੁਝ ਤੱਥ ਸਮਕਾਲੀ ਕਵਿਤਾ ਦਾ ਧੁਰਾ ਹੈ।* (*ਪੰਜਾਬੀ ਸਾਹਿਤ ਦੀ ਉਤਪੱਤੀ ਤੇ ਵਿਕਾਸ* 492)

ਉਪਰੋਕਤ ਸੰਦਰਭ ਅਧੀਨ ਵਿਦਵਾਨ ਸੁਖਦੇਵ ਸਿੰਘ ਸਿਰਸਾ ਦਾ ਵਿਚਾਰ ਹੈ:

*ਸਮਕਾਲੀ ਪੰਜਾਬੀ ਕਵਿਤਾ ਵਿੱਚ ਉਸ ਨਿਕਟਵਰਤੀ ਪੂਰਵਲੀ ਕਵਿਤਾ ਨਾਲੋਂ ਇੱਕ ਵਿਚਾਰਧਾਰਕ ਪਾੜ (epistemological rupture) ਦੇਖਿਆ ਜਾ ਸਕਦਾ ਹੈ, ਜਿਸ ਵਿੱਚੋਂ ਇਹ ਪੈਦਾ ਹੋ ਰਹੀ ਹੈ ਪਿਛਲੇ ਦੋ ਦਹਾਕਿਆਂ ਦੀ ਕਵਿਤਾ ਨੂੰ ਪੂਰਵਲੀ ਕਾਵਿ ਪਰੰਪਰਾ ਤੋਂ ਨਿਖੇੜਨ ਲਈ 'ਸਮਕਾਲੀ ਕਵਿਤਾ' 'ਨਵੀਂ ਕਵਿਤਾ' 'ਉੱਤਰ-ਆਧੁਨਿਕ ਕਵਿਤਾ' ਅਤੇ 'ਸਮਾਨਾਂਤਰ ਕਵਿਤਾ' ਆਦਿ ਨਾਮ ਦਿੱਤੇ ਗਏ ਹਨ।* (*ਕਾਵਿ-ਸਰੋਕਾਰ* 64)

ਕੁਲਵੀਰ ਗੋਜਰਾ ਦਾ ਵਿਚਾਰ ਹੈ ਕਿ:

*ਸਮਕਾਲੀ ਪੰਜਾਬੀ ਕਵਿਤਾ ਨੂੰ ਪੂਰਵਲੀ ਆਧੁਨਿਕ ਪੰਜਾਬੀ ਕਵਿਤਾ ਤੋਂ ਨਿਖੇੜਨ ਲਈ 1980 ਵਿਆਂ ਨੂੰ ਨਿਖੇੜ ਬਿੰਦੂ ਵਜੋਂ ਲਿਆ ਹੈ*

(*ਸਮਕਾਲੀ ਪੰਜਾਬੀ ਕਵਿਤਾ ਦਾ ਉੱਤਰ ਆਧੁਨਿਕ ਪਰਿਪੇਖ* 73)

1980 ਤੋਂ ਬਾਅਦ ਪੰਜਾਬੀ ਕਵਿਤਾ ਕਿਸੇ ਇੱਕ ਧਾਰਮਿਕ, ਰਾਜਨੀਤਿਕ ਜਾਂ ਵਿਚਾਰਧਾਰਕ ਲਹਿਰ ਦੀ ਗੁਲਾਮੀ ਤੋਂ ਅਜ਼ਾਦ ਹੋ ਗਈ। ਇਸ ਸਮੇਂ ਪੰਜਾਬੀ ਕਵਿਤਾ ਦਾ ਨਵੀਨਤਮ ਰੂਪ ਹੋਂਦ ਵਿੱਚ ਆਇਆ ਹੈ ਭਾਵੇਂ ਉਹ 'ਰੂਪਕ ਪੱਖ' ਤੋਂ ਹੋਵੇ ਜਾਂ 'ਵਿਸ਼ੇ ਪੱਖ' ਤੋਂ। ਸਮਕਾਲ ਦੀ ਕਵਿਤਾ ਕਿਸੇ ਵੀ ਵਾਦ-ਵਿਵਾਦ ਜਾਂ ਕਿਸੇ ਇੱਕ ਸਮੱਸਿਆ ਤੇ ਕੇਂਦਰਿਤ ਨਹੀਂ ਹੈ। ਸਗੋਂ ਇਸ ਦਾ ਮੂਲ ਤਕਨੀਕੀ ਅਤੇ ਵਿਗਿਆਨਕ ਕ੍ਰਾਂਤੀ, ਮਨੁੱਖੀ ਮਾਨਸਿਕਤਾ ਵਿੱਚ ਆਈ ਤਬਦੀਲੀ, ਨਿੱਜੀਪਨ, ਪਰਿਵਾਰਕ ਜੀਵਨ ਵਿੱਚ ਆਈਆਂ ਤ੍ਰੇੜਾਂ, ਨੈਤਿਕ ਕਦਰਾਂ ਕੀਮਤਾਂ ਦਾ ਤਿਆਗ, ਬਜ਼ਾਰੀਕਰਨ, ਆਰਥਿਕ ਮਜ਼ਬੂਰੀਆਂ, ਇੱਕਲਾਪੇ ਦਾ ਅਹਿਸਾਸ ਆਦਿ ਮਹਾਂਨਗਰੀ ਸੱਭਿਅਤਾ ਆਦਿ ਜਿਹੇ ਕੁਝ ਤੱਥ ਸਮਕਾਲੀ ਕਵਿਤਾ ਦੇ ਮੁੱਖ ਕੇਂਦਰ ਹਨ। ਜਿਨ੍ਹਾਂ ਦੀ ਪੈਰਵੀ ਸਮਕਾਲ ਦੇ ਪ੍ਰਮੁੱਖ ਪੰਜਾਬੀ ਕਵੀ ਕਰ ਰਹੇ ਹਨ। ਜਿਸ ਬਾਰੇ ਪ੍ਰਸਿੱਧ ਕਾਵਿ ਆਲੋਚਕ ਜਸਵਿੰਦਰ ਸਿੰਘ ਆਖਦੇ ਹਨ ਕਿ:

*ਵੀਹਵੀਂ ਸਦੀ ਦੇ ਨੌਵੇਂ-ਦਸਵੇਂ ਦਹਾਕੇ ਤੋਂ ਨਿਰੰਤਰ ਪੰਜਾਬੀ ਸ਼ਾਇਰਾਂ ਦੇ ਨਵੇਂ-ਨਵੇਂ ਪੋਚ ਪੰਜਾਬੀ ਕਾਵਿ ਦੇ ਖੇਤਰ ਵਿੱਚ ਪ੍ਰਵੇਸ਼ ਕਰ ਰਹੇ ਹਨ।* (*ਨਵੀਂ ਪੰਜਾਬੀ ਕਵਿਤਾ ਪਛਾਣ ਚਿੰਨ੍ਹ* 30)

ਸਮਕਾਲੀ ਦੌਰ ਵਿੱਚ ਨਵੀਂ ਚੇਤਨਾ, ਗਿਆਨ ਖੇਤਰ ਵਿੱਚ ਪੈਦਾ ਹੋ ਰਹੇ ਹਜ਼ਾਰਾਂ ਸੱਚ, ਮਨੁੱਖ ਮਨ ਦੀਆਂ ਸਮੱਸਿਆਵਾਂ, ਔਰਤ ਮਰਦ ਰਿਸ਼ਤਿਆਂ ਵਿੱਚਕਾਰ ਪਰਸਪਰ ਟਕਰਾਰ, ਵਿਸ਼ਵੀ ਚੇਤਨਾ ਅਤੇ ਤਕਨੀਕ ਆਦਿ ਸਮਕਾਲੀ ਕਵਿਤਾ ਦੇ ਆਧਾਰ ਬਣੇ ਰਹੇ ਹਨ, ਜਿਨ੍ਹਾਂ ਨੇ ਗਿਣਾਤਮਕ ਅਤੇ ਗੁਣਾਤਮਕ ਪੱਖੋਂ ਪੰਜਾਬੀ ਕਵਿਤਾ ਦੇ ਵਿਕਾਸ ਵਿੱਚ ਯੋਗਦਾਨ ਪਾਇਆ ਹੈ। ਵੀਹਵੀਂ ਸਦੀ ਦੇ ਆਖ਼ਰੀ ਦਹਾਕਿਆਂ ਵਿੱਚ ਵਿਸ਼ਵ ਪੱਧਰ 'ਤੇ ਕਈ ਵੱਡੇ ਪਰਿਵਰਤਨ ਹੋਏ ਹਨ, ਜਿਨ੍ਹਾਂ ਨੇ ਪੰਜਾਬੀ ਸਾਹਿਤ ਅਤੇ ਕਵਿਤਾ ਦਾ ਮੁਹ-ਮੁਹਾਂਦਰਾਂ ਹੀ ਬਦਲ ਕੇ ਰੱਖ ਦਿੱਤਾ। ਪਰਿਵਰਤਨ ਦੇ ਇਸ ਦੌਰ ਵਿੱਚ ਸਭ ਤੋਂ ਵੱਡਾ ਅਸਰ ਇਲੈਕਟ੍ਰਾਨਿਕ ਮੀਡੀਆ ਅਤੇ ਤਕਨੀਕੀ ਖੇਤਰ ਵਿੱਚ ਪੈਦਾ ਹੋਈ ਜ਼ੋਰਦਾਰ ਕ੍ਰਾਂਤੀ ਸੀ। ਜਿਸ ਨਾਲ ਗਲੋਬਲ ਪਿੰਡ ਅਤੇ ਵਿਸ਼ਵੀਕਰਨ ਦਾ ਸੰਕਲਪ ਸਾਹਮਣੇ ਆਇਆ। ਜੁਝਾਰ ਵਿਦਰੋਹ ਲਹਿਰ ਦੀ ਅਸਫ਼ਲਤਾ ਤੋਂ ਬਾਅਦ ਪੰਜਾਬ ਵਿਚਾਰਧਾਰਕ ਸੰਕਟ 'ਚੋਂ ਗੁਜ਼ਰ ਰਿਹਾ ਸੀ। 1984 ਦੌਰਾਨ ਹਰਿਮੰਦਰ ਸਾਹਿਬ ਵਿਖੇ ਨੀਲਾ ਤਾਰਾ ਓਪਰੇਸ਼ਨ ਅਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਨੇ ਪੰਜਾਬ ਸੰਕਟ ਨੂੰ ਹੋਰ ਗਹਿਰਾ ਕਰ ਦਿੱਤਾ। ਸੋਵਿਅਤ ਮਾਰਕਸਵਾਦ ਅਤੇ ਸਮਾਜਵਾਦੀ ਮਾਡਲ ਜੋ 1990 ਦੇ ਆਸ ਪਾਸ ਖਿੰਡ-ਪੁੰਡ ਗਿਆ, ਉਸ ਨਾਲ ਵੀ ਆਧੁਨਿਕ ਪੰਜਾਬੀ ਕਵਿਤਾ ਦਾ ਉਸ ਸਮੇਂ ਦਾ ਇੱਕ ਵਿਸ਼ੇਸ਼ ਥੀਮਕ ਆਧਾਰ ਮਿਟ ਗਿਆ। ਜਿਸ ਸਦਕਾ ਪੰਜਾਬੀ ਕਵਿਤਾ ਦੇ ਕਦਮ ਬਹੁਪਸਾਰੀ ਰੂਪ ਵਿੱਚ ਫੈਲਣੇ ਆਰੰਭ ਹੋਏ ਅਤੇ ਪੰਜਾਬੀ ਕਵਿਤਾ ਦਾ ਇੱਕ ਨਿਵੇਕਲਾ ਰੂਪ ਸਮਕਾਲੀ ਪੰਜਾਬੀ ਕਵਿਤਾ ਦੇ ਰੂਪ ਵਿੱਚ ਉੱਭਰਿਆ।

ਆਧੁਨਿਕ ਕਾਵਿ ਪ੍ਰੰਪਰਾ ਆਪਣੇ ਆਰੰਭਿਕ ਦੌਰ ਵਿੱਚ ਕੁਝ ਚਿਰ ਆਪਣੀਆਂ ਪੁਰਾਣੀਆਂ ਪ੍ਰੰਪਰਾਗਤ ਲੀਹਾਂ 'ਤੇ ਹੀ ਚਲਦੀ ਨਜ਼ਰੀ ਪਈ। ਉਪਰੰਤ ਆਧੁਨਿਕ ਪੰਜਾਬੀ ਕਵਿਤਾ ਪੀੜ੍ਹੀ ਦਰ ਪੀੜ੍ਹੀ ਅਧਿਆਤਮਕ, ਰਹੱਸਵਾਦੀ ਤੋਂ ਸੁਧਾਰਵਾਦੀ, ਰੋਮਾਂਸਵਾਦੀ, ਮਾਰਕਸਵਾਦੀ/ਪ੍ਰਗਤੀਵਾਦੀ, ਪ੍ਰਯੋਗਵਾਦੀ, ਜੁਝਾਰਵਾਦੀ, ਸੁਹਜਵਾਦੀ, ਨਵਰਹੱਸਵਾਦੀ, ਅਸਤਿਤ੍ਵਵਾਦੀ ਨੂੰ ਸਵਿਕਾਰਦੀ ਹੋਈ, ਆਪਣੇ ਅਜੋਕੇ ਵਿਕਸਿਤ ਰੂਪ ਵਿੱਚ ਪੁੱਜੀ ਹੈ। ਅਜੋਕੇ ਸਮੇਂ ਦੀ ਪੰਜਾਬੀ ਕਵਿਤਾ ਦਾ ਨਿਵੇਕਲਾ ਰੂਪ ਹੋਂਦ ਵਿੱਚ ਆਇਆ

ਹੈ। ਭਾਵੇਂ ਉਹ ਰੂਪਕ ਪੱਖ ਤੋਂ ਹੋਵੇ ਜਾਂ ਵਿਸ਼ੇ ਪੱਖ ਤੋਂ। ਅਜੋਕੇ ਦੌਰ ਦੀ ਸਮਕਾਲੀ ਕਵਿਤਾ ਕਿਸੇ ਵੀ ਵਾਦ-ਵਿਵਾਦ ਜਾਂ ਕਿਸੇ ਇੱਕ ਸਮੱਸਿਆ ਤੇ ਕੇਂਦਰਿਤ ਨਾ ਹੁੰਦੀ ਹੋਈ ਵਿਅਕਤੀ ਕੇਂਦ੍ਰਿਤ ਹੈ:

> *ਵੀਹਵੀਂ ਸਦੀ ਦੇ ਨੌਵੇਂ-ਦਸਵੇਂ ਦਹਾਕੇ ਤੋਂ ਨਿਰੰਤਰ ਪੰਜਾਬੀ ਸ਼ਾਇਰਾਂ ਦੇ ਨਵੇਂ-ਨਵੇਂ ਪੋਚ ਪੰਜਾਬੀ ਕਾਵਿ ਦੇ ਖੇਤਰ ਵਿੱਚ ਪ੍ਰਵੇਸ਼ ਕਰ ਰਹੇ ਹਨ। ਇਸ ਨੂੰ ਚੌਥੇ ਪੜਾਅ ਦੀ ਸ਼ਾਇਰੀ ਕਹਿ ਸਕਦੇ ਹਾਂ। ਅਜੇ ਇਹ ਕਹਿਣਾ ਤਾਂ ਸੰਭਵ ਨਹੀਂ ਕਿ ਕਿਹੜੇ ਸ਼ਾਇਰ ਭਵਿੱਖ ਵਿੱਚ ਆਪਣੀ ਵੱਡੇਰੀ ਹੋਂਦ ਸਥਾਪਤ ਕਰ ਸਕਣਗੇ ਅਤੇ ਕਿਹੜੇ ਇਤਿਹਾਸ ਦੀ ਗਰਦਸ਼ ਦੀ ਭੇਂਟ ਚੜ੍ਹ ਜਾਣਗੇ, ਪਰ ਇਹ ਨਿਰਸੰਕੋਚ ਇਹ ਕਿਹਾ ਜਾ ਸਕਦਾ ਹੈ ਕਿ ਕੁਝ ਸ਼ਾਇਰਾਂ ਨੇ ਆਪਣੇ ਨਵੇਂ ਕਾਵਿਕ ਉਚਾਰ ਰਾਹੀਂ ਸਮਕਾਲੀ ਕਵਿਤਾ ਵਿੱਚ ਵਰਣਨਯੋਗ ਤਬਦੀਲੀ ਲਿਆਂਦੀ ਹੈ।*
>
> (ਜਸਵਿੰਦਰ ਸਿੰਘ, *ਨਵੀਂ ਪੰਜਾਬੀ ਕਵਿਤਾ ਪਛਾਣ ਚਿੰਨ੍ਹ* 30)

ਸਮਕਾਲੀ ਪੰਜਾਬੀ ਕਵਿਤਾ, ਪੰਜਾਬੀ ਕਵਿਤਾ ਦੇ ਕਿਸੇ ਵੀ ਦੌਰ ਨਾਲੋਂ ਵਧੇਰੇ ਮਾਤਰਾ ਵਿੱਚ ਲਿਖੀ ਜਾ ਰਹੀ ਹੈ। ਸਮਕਾਲ ਦੇ ਕੁਝ ਪ੍ਰਮੁੱਖ ਅਤੇ ਨਾਮਵਰ ਕਵੀ ਜੋ ਅਜੋਕੀ ਸਮਕਾਲੀ ਕਵਿਤਾ ਵਿੱਚ ਆਪਣਾ ਨਾਵਾਂ ਖੱਟ ਰਹੇ ਹਨ; ਸੁਰਜੀਤ ਪਾਤਰ, ਜਸਵੰਤ ਦੀਦ, ਸਵਰਨਜੀਤ ਸਵੀ, ਅੰਬਰੀਸ਼, ਅਮਰਜੀਤ ਕੌਂਕੇ, ਵਨੀਤਾ, ਪਾਲ ਕੌਰ, ਸੁਖਵਿੰਦਰ ਕੰਬੋਜ, ਸਵਰਾਜਬੀਰ, ਗੁਰਦੇਵ ਚੋਹਾਨ, ਦੇਵ, ਗੁਰਤੇਜ ਕੋਹਾਰਵਾਲਾ, ਵਿਜੇ ਵਿਵੇਕ, ਰਤਨ ਸਿੰਘ ਢਿੱਲੋਂ, ਸੁਖਵਿੰਦਰ ਅੰਮ੍ਰਿਤ, ਦਰਸ਼ਨ ਬੁੱਟਰ, ਦਰਸ਼ਨ ਗਿੱਲ, ਪ੍ਰਮਿੰਦਰ ਸੋਢੀ, ਪਰਮਜੀਤ, ਸੁਖਵਿੰਦਰ, ਜਸਵਿੰਦਰ ਜ਼ਿਕਰਯੋਗ ਹਨ।

ਸੁਰਜੀਤ ਪਾਤਰ ਪੰਜਾਬੀ ਸਮਕਾਲੀ ਸ਼ਾਇਰੀ ਦਾ ਮੁੱਖ ਸਤੰਬ ਹੈ। ਸਮਕਾਲੀ ਦੌਰ ਦਾ ਉਹ ਇੱਕ ਸ੍ਰੇਸ਼ਠ ਕਵੀ ਹੈ। ਮੁੱਖ ਰੂਪ ਵਿੱਚ ਸੁਰਜੀਤ ਪਾਤਰ ਦਾ ਨਾਮ ਇੱਕ ਗਜ਼ਲਕਾਰ ਦੇ ਵੱਜੋਂ ਵਧੇਰੇ ਪ੍ਰਸਿੱਧ ਹੈ ਪਰ ਉਸ ਨੇ ਆਪਣਾ ਸਫ਼ਰ ਇੱਕ ਕਵੀ ਦੇ ਵੱਜੋਂ ਹੀ ਆਰੰਭ ਕਰਿਆ ਸੀ। ਸੁਰਜੀਤ ਪਾਤਰ ਦੀਆਂ ਕਾਵਿ ਪੁਸਤਕਾਂ: ਕੋਲਾਜ਼ (1973), ਹਵਾ ਵਿੱਚ ਲਿਖੇ ਹਰਫ਼ (1979), ਬਿਰਖ਼ ਅਰਜ਼ ਕਰੇ (1992), ਹਨ੍ਹੇਰੇ ਵਿੱਚ ਸੁਲਗਦੀ ਵਰਨਮਾਲਾ (1992), ਲਫ਼ਜ਼ਾਂ ਦੀ ਦਰਗਾਹ (2003), ਸੁਰਜ਼ਮੀਨ (2007) ਹਨ।

ਸੁਰਜੀਤ ਪਾਤਰ ਦੀ ਸ਼ਾਇਰੀ ਦਾ ਮੁੱਖ ਵਿਸ਼ਾ ਮਨੁੱਖ ਹੈ, ਉਹ ਆਪਣੇ ਆਪ ਨੂੰ ਆਪਣੀ ਕਵਿਤਾ ਦਾ ਮੁੱਖ ਸਰੋਕਾਰ ਮੰਨਦਾ ਹੈ। ਰਾਜਿੰਦਰ ਪਾਲ ਸਿੰਘ ਕਵੀ ਸੁਰਜੀਤ ਪਾਤਰ ਨੂੰ ਸਮਕਾਲੀ ਪੰਜਾਬੀ ਕਵਿਤਾ ਦਾ ਵਧੇਰੇ ਚਰਚਿੱਤ ਕਵੀ ਮੰਨਦਾ ਲਿਖਦਾ ਹੈ ਕਿ "*ਨਿਸ਼ਚੇ ਹੀ ਪਾਤਰ ਸਾਡੇ ਸਮਕਾਲ ਦਾ ਵੱਡਾ ਸ਼ਾਇਰ ਹੈ। ਉਸ ਕੋਲ ਗੱਲ ਕਹਿਣ ਦੀ ਵਿਧੀ ਅਤੇ ਵਿਚਾਰਧਾਰਾ ਦੋਨੋਂ ਹਨ।*" (*ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ* 196) ਇਸ ਉਪਰੰਤ ਸਮਕਾਲੀ ਦੌਰ ਦੀ ਕਵਿਤਾ ਵਿੱਚ ਅੰਬਰੀਸ਼ ਦਾ ਨਾਮ ਅਣਗੌਲਿਆ ਨਹੀਂ ਜਾ ਸਕਦਾ। ਉਹ ਆਪਣੀ ਨਵੇਕਲੀ ਕਾਵਿ ਜੁਗਤ ਅਤੇ ਅਛੋਹ ਭਾਵ ਸੰਚਾਰ ਕਾਰਨ ਅੱਡਰੀ ਪਛਾਣ ਬਣਾ ਰਿਹਾ ਸ਼ਾਇਰ ਹੈ। ਉਸ ਦੀਆਂ ਕਾਵਿ ਪੁਸਤਕਾਂ- ਸਭ ਧਰਤੀ ਕਾਗਦੁ (1985), ਪਹਿਆ ਚਿੜੀ ਤੇ ਆਸਮਾਨ (1991), ਅਨੰਤ ਪਰਵਾਸ (1996), ਰੰਗ ਤੇ ਰੇਤ ਘੜੀ' 2001, ਵਿੱਚ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਜਸਵਿੰਦਰ ਸਿੰਘ ਕਵੀ ਅੰਬਰੀਸ਼ ਬਾਰੇ ਲਿਖਦੇ ਹਨ:

> *ਆਧੁਨਿਕ ਪੰਜਾਬੀ ਕਾਵਿ ਦੀਆਂ ਜਾਣੀਆਂ ਪਹਿਚਾਣੀਆਂ ਕਾਵਿ ਧਾਰਾਵਾਂ, ਵਾਦਾਂ, ਪ੍ਰਤੀਵਾਦਾਂ ਤੋਂ ਉਹ ਮੂਲੋਂ ਵੱਖਰਾ ਖੜਾ ਹੈ। ਅੰਬਰੀਸ਼ ਦੇ ਇਸ ਕਾਵਿ ਸੰਸਾਰ ਦੀ ਨਿਵੇਕਲੀ ਪਛਾਣ ਉਸਦੀ ਬ੍ਰਹਿਮੰਡਕੀ ਚੇਤਨਾ (Cosmic consciousness) ਹੈ।*
>
> (*ਨਵੀਂ ਪੰਜਾਬੀ ਕਵਿਤਾ ਪਛਾਣ ਚਿੰਨ੍ਹ* 198)

ਅਜੋਕੀ ਸ਼ਾਇਰੀ ਦਾ ਅਗਲਾ ਪ੍ਰਸਿੱਧ ਨਾਮ ਦਰਸ਼ਨ ਬੁੱਟਰ ਦਾ ਹੈ, ਜੋ ਵਰਤਮਾਨ ਖੁੱਲ੍ਹੀ-ਪੰਜਾਬੀ ਕਵਿਤਾ ਦਾ ਇੱਕ ਸੰਵੇਦਨਸ਼ੀਲ ਕਵੀ ਹੈ। ਉਸ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਦੋ ਧਿਰਾਂ 'ਮੈਂ' ਅਤੇ 'ਤੂੰ' ਵਿੱਚਕਾਰ ਸੰਵਾਦ ਸਿਰਜਦੀਆਂ ਹਨ। ਦਰਸ਼ਨ ਬੁੱਟਰ ਦੀਆਂ ਕਾਵਿ ਪੁਸਤਕਾਂ ਦਾ ਵੇਰਵਾ: ਔੜ ਦੇ ਬੱਦਲ(1985), ਸਲ੍ਹਾਬੀ ਹਵਾ(1994), ਸ਼ਬਦ ਸ਼ਹਿਰ ਅਤੇ ਰੇਤ(1996), ਖੜਾਵਾਂ(2001), ਦਰਦ ਮਜੀਠੀ(2006), ਮਹਾਂ ਕੰਬਣੀ(2009) ਬੁੱਟਰ ਦੀਆਂ ਕਾਵਿ ਪੁਸਤਕਾਂ ਹਨ। ਇਸੇ ਸੰਦਰਭ ਵਿੱਚ ਜਸਵਿੰਦਰ ਸਿੰਘ ਅਗਲੇ ਸਮਕਾਲੀ ਕਵੀ ਜਸਵੰਤ ਦੀਦ ਬਾਰੇ ਲਿਖਦੇ ਹਨ:

*ਦੀਦ ਕਾਵਿ ਅਜੋਕੇ ਯੁੱਗ ਵਿੱਚ ਵਿੱਚਰ ਰਹੇ ਮੱਧ ਸ੍ਰੇਣੀਕ ਚੇਤਨ ਮੁਨੱਖ ਦੇ ਦੇਹਮੂਲਕ, ਸੰਸਾਰਮੂਲਕ, ਮਨੁੱਖਮੂਲਕ ਪ੍ਰਸੰਗਾਂ ਅਤੇ ਕਰਮਾਂ, ਪ੍ਰਤੀਮਾਨਾਂ ਨੂੰ ਨਿਹਾਰਨ ਅਤੇ ਸੰਚਾਰਨ ਪ੍ਰਤਿ ਅਦਿਕ ਰੁਚੀ ਦਰਸਾਉਂਦਾ ਹੈ।* (*ਨਵੀਂ ਪੰਜਾਬੀ ਕਵਿਤਾ ਪਛਾਣ ਚਿੰਨ੍ਹ* 189)

ਸਮਕਾਲੀ ਪੰਜਾਬੀ ਕਵਿਤਾ ਵਿੱਚ ਜਸਵੰਤ ਦੀਦ ਨੇ ਆਪਣੀ ਇੱਕ ਨਵੇਕਲੀ ਪਛਾਣ ਕਾਇਮ ਕੀਤੀ ਹੈ। ਜਸਵੰਤ ਦੀਦ ਦੇ ਹੁਣ ਤੱਕ ਪੰਜ ਕਾਵਿ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ; ਬੱਚੇ ਤੋਂ ਡਰਦੀ ਕਵਿਤਾ (1984), ਅਚਨਚੇਤ (1990), ਅਵਾਜ਼ ਆਏਗੀ ਅਜੇ (1996), ਘੁੰਡੀ (2000), ਕਮੰਡਲ (2004) ਆਦਿ ਛਪ ਚੁੱਕੇ ਹਨ।

ਵਨੀਤਾ ਇੱਕ ਪ੍ਰਸਿੱਧ ਕਵਿਤਰੀ ਤੇ ਅਲੋਚਕ ਹੈ ਜਿਸ ਨੇ ਇਸਤਰੀ ਅਸਤਿੱਤਵ ਦੇ ਨਿੱਜਮੂਲਕ ਭਾਵਾਂ ਨੂੰ ਖੁੱਲ੍ਹੀ ਕਵਿਤਾ ਵਿੱਚ ਕੁਸ਼ਲਤਾ ਨਾਲ ਪੇਸ਼ ਕੀਤਾ ਹੈ। ਸੁਪਨਿਆਂ ਦੀ ਪਗਡੰਡੀ (1984), ਹਰੀਆਂ ਛਾਵਾਂ ਦੀ ਕਵਰ (1989), ਬੋਲ-ਅਲਾਪ (1993), ਮੰਦਰ ਸਪਤਕ (1997) ਅਤੇ ਖ਼ਰਜਨਾਦ (2002), ਕਾਲ ਪਹਿਰ ਘੜੀਆਂ (2006), ਸਹਿਜ ਚੁੱਪ (2015) ਆਦਿ ਵਨੀਤਾ ਦੀਆਂ ਕਾਵਿ ਪੁਸਤਕਾਂ ਹਨ। ਸਵਰਾਜਬੀਰ ਦੀ ਸ਼ਾਇਰੀ ਵਿੱਚ ਮੁੱਖ ਰੂਪ ਵਿੱਚ ਨਕਸਲਵਾੜੀ ਲਹਿਰ ਦੀ ਸ਼ਾਪ ਵਧੇਰੇ ਦਿਖਾਈ ਦਿੰਦੀ ਹੈ। ਸਵਰਾਜਬੀਰ ਨੇ 1985 ਵਿੱਚ ਆਪਣੀ ਪਹਿਲੀ ਪੁਸਤਕ 'ਆਪਣੀ ਆਪਣੀ ਰਾਤ' ਨਾਲ ਆਪਣੀ ਸ਼ਾਇਰੀ ਦਾ ਅਗਾਜ਼ ਕਰਿਆ। ਇਸ ਤੋਂ ਉਪਰੰਤ ਸਵਰਾਜਬੀਰ ਨੇ ਸਾਹਾਂ ਥਾਣੀ (1989) ਅਤੇ '23 ਮਾਰਚ' (1993) ਦੋ ਕਾਵਿ-ਪੁਸਤਕਾਂ ਦੀ ਪ੍ਰਕਾਸ਼ਨਾ ਕੀਤੀ। '23 ਮਾਰਚ' ਪੁਸਤਕ ਦੀਆਂ ਕਈ ਕਵਿਤਾਵਾਂ 'ਪਾਸ਼' ਦੀ ਸ਼ਹੀਦੀ ਉਪਰੰਤ ਇੱਕ ਤਰ੍ਹਾਂ ਦਾ ਪ੍ਰਤੀਕਰਮ ਸੀ।

ਅਜੋਕੇ ਦੌਰ ਦੀ ਕਵਿਤਾ ਵਿੱਚ ਸਵਰਨਜੀਤ ਸਵੀ ਚਰਚਿੱਤ ਨਾਮ ਹੈ। ਦਾਇਰਿਆਂ ਦੀ ਕਬਰ (1995), ਅਵੱਗਿਆ (1997), ਕਾਲਾ ਹਾਸ਼ੀਆ ਅਤੇ ਸੂਹਾ ਗੁਲਾਬ (1988), ਦਰਦ ਪਿਆਦੇ ਹੋਣ ਦਾ (1990), ਦੇਹੀ ਨਾਦ (1994), ਕਾਮੇਸ਼ਵਰੀ (1999) ਅਤੇ ਆਸ਼ਰਮ (2005) ਅਤੇ ਮਾਂ, ਸਵੀ ਦੀਆਂ ਕਾਵਿ ਪੁਸਤਕਾਂ ਹਨ। ਸਵਰਨਜੀਤ ਸਵੀ ਦੀ ਕਵਿਤਾ ਦਾ ਵਿਸ਼ਾ-ਵਸਤੂ ਆਰੰਭਿਕ ਦੌਰ ਵਿੱਚ ਪਾਸ਼ ਤੋਂ

ਕਾਫ਼ੀ ਪ੍ਰਭਾਵਿਤ ਰਿਹਾ। ਸਵਰਨਜੀਤ ਸਵੀ ਦੇਹ-ਵਾਦੀ ਪ੍ਰਵਿਰਤੀ ਦਾ ਇੱਕ ਉੱਘਾ ਹਸ਼ਤਾਖਰ ਮੰਨਿਆ ਜਾਂਦਾ ਹੈ। ਨਵੀਨ ਸ਼ਾਇਰੀ ਵਿੱਚ ਸਵੀ ਨੇ ਔਰਤ-ਮਰਦ ਦੇ ਸੰਬੰਧਾਂ ਨੂੰ ਬੇਬਾਕੀ ਨਾਲ ਪੇਸ਼ ਕੀਤਾ ਹੈ। ਉਸ ਤੋਂ ਪਹਿਲਾਂ ਕਿਸੇ ਨੇ ਵੀ ਏਨੀ ਬੇਬਾਕੀ ਨਾਲ ਅਜਿਹੇ ਵਿਸ਼ੇ ਤੇ ਨਹੀਂ ਲਿਖਿਆ। ਸਮਕਾਲੀ ਸ਼ਾਇਰੀ ਵਿੱਚ ਸੁਖਵਿੰਦਰ ਅੰਮ੍ਰਿਤ ਨੇ ਆਪਣਾ ਪਛਾਣਯੋਗ ਸਥਾਨ ਸਥਾਪਿਤ ਕਰਿਆ ਹੈ। ਮੁੱਖ ਰੂਪ ਵਿੱਚ ਸੁਖਵਿੰਦਰ ਅੰਮ੍ਰਿਤ ਦੀ ਕਵਿਤਾ ਨੂੰ ਨਾਰੀ-ਕਾਵਿ (ਔਰਤ ਬਾਰੇ, ਔਰਤ ਵੱਲੋਂ ਲਿਖੀ ਜਾ ਰਹੀ ਕਵਿਤਾ) ਦੇ ਝਰੋਖੇ ਵਿਚੋਂ ਦੇਖਿਆਂ ਜਾਵੇ ਤਾਂ ਸੁਖਵਿੰਦਰ ਕਾਵਿ ਦੀ ਵਿਲੱਖਣਤਾ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਉਸ ਨੇ ਬਾਕੀ ਨਾਰੀ-ਕਾਵਿਕ ਕਵਿਤਰੀਆਂ ਵਾਂਗ ਮਰਦ ਨੂੰ ਇੱਕ ਖਲਨਾਇਕ ਦੇ ਰੂਪ ਵਿੱਚ ਨਹੀਂ ਸਗੋਂ ਦੋਸਤ, ਪ੍ਰੇਮੀ, ਸਹਿਯੋਗੀ ਅਤੇ ਮਹਿਬੂਬ ਦੇ ਰੂਪ ਵਿੱਚ ਪੇਸ਼ ਕੀਤਾ ਹੈ। ਮਰਦ ਬਾਰੇ ਅਜਿਹੀ ਸ਼ਾਇਰੀ ਨਵੀਂ ਪੰਜਾਬੀ ਵਿੱਚ ਹੀ ਨਹੀਂ ਸਗੋ ਸਮੁੱਚੀ ਪੰਜਾਬੀ ਸ਼ਾਇਰੀ ਵਿੱਚ ਹੀ ਵਿਲੱਖਣ ਚੇਤਨਾ ਦੀ ਸੂਚਕ ਹੈ। ਸੂਰਜ ਦੀ ਦਹਿਲੀਜ਼ (1997), ਚਿਰਾਗਾਂ ਦੀ ਡਾਰ (1999), ਕਣੀਆਂ (2000), ਪਤਝੜ ਵਿੱਚ ਪੁੰਗਰਦੇ ਪੱਤੇ (2002), ਹਜ਼ਾਰ ਰੰਗਾਂ ਦੀ ਲਾਟ, ਪੁੰਨਿਆ (2011) ਆਦਿ ਸੁਖਵਿੰਦਰ ਦੀਆਂ ਕਾਵਿ ਪੁਸਤਕਾਂ ਹਨ। ਅਮਰਜੀਤ ਕੌਂਕੇ ਦਾ ਨਾਮ ਪੰਜਾਬੀ ਸ਼ਾਇਰੀ ਵਿੱਚ ਬਹੁਤ ਚਰਚਿੱਤ ਹੈ। ਜਸਵਿੰਦਰ ਸਿੰਘ ਸਮਕਾਲੀ ਸ਼ਾਇਰ ਅਮਰਜੀਤ ਕੌਂਕੇ ਦੀ ਕਾਵਿ-ਸੰਵੇਦਨਾ ਬਾਰੇ ਲਿਖਦੇ ਹਨ ਕਿ:

> *ਨਵੀਂ ਪੰਜਾਬੀ ਕਵਿਤਾ ਵਿੱਚ ਜਿਹੜੇ ਸ਼ਾਇਰ ਆਧੁਨਿਕ ਯੁੱਗ ਸੰਵੇਦਨਾ, ਤੇਜ਼ ਬਦਲਦੇ ਜੀਵਨ ਢੰਗ ਅਤੇ ਵਿਅਕਤੀਪਰਕ ਮਹੱਤਵ-ਅਕਾਂਖਿਆ ਨਾਲ ਜੁੜੇ ਸੈਆਂ ਮਸਲਿਆਂ, ਵਿਹਾਰ ਅਤੇ ਵਿਤਕਰਿਆਂ ਨੂੰ ਨਵੀਂ ਕਾਵਿਕ ਵਿਧੀ ਰਾਹੀਂ ਸਿਰਜ ਸੰਚਾਰ ਰਹੇ ਹਨ। ਕੌਂਕੇ ਉਹਨਾਂ ਮੋਹਰੀ ਪੰਜਾਬੀ ਸ਼ਾਇਰਾਂ ਵਿਚੋਂ ਇੱਕ ਹੈ।* (*ਨਵੀਂ ਪੰਜਾਬੀ ਕਵਿਤਾ ਪਛਾਣ ਚਿੰਨ੍ਹ* 204)

ਅਮਰਜੀਤ ਕੌਂਕੇ ਦੀ ਕਵਿਤਾ ਉਸ ਦੇ ਬਦਲਦੇ ਜੀਵਨ ਅਨੁਭਵਾਂ, ਅਹਿਸਾਸਾਂ ਅਤੇ ਸਰੋਕਾਰਾਂ ਦੀ ਸੁੰਦਰ ਝਲਕ ਹੈ। ਦਾਇਰਿਆਂ ਦੀ ਕਬਰ (1985), ਨਿਰਵਾਣ ਦੀ ਤਲਾਸ਼ (1987), ਦਵੰਦ ਕਥਾ (1990), ਯਕੀਨ (1993), ਸ਼ਬਦ ਰਹਿਣਗੇ ਕੋਲ (1996), ਸਿਮਰਤੀਆਂ ਦੀ ਲਾਲਟੈਨ (2002)

ਅਮਰਜੀਤ ਕੌਂਕੇ ਦੀਆਂ ਕਾਵਿ ਪੁਸਤਕਾਂ ਹਨ। ਰਵਿੰਦਰ ਭੱਠਲ ਆਪਣੇ ਸੱਭਿਆਚਾਰ ਦੀਆਂ ਪ੍ਰਾਚੀਨ ਜੜ੍ਹਾਂ ਨਾਲ ਜੁੜਿਆ ਕਵੀ ਹੈ। ਉਹ ਆਪਣੀਆਂ ਰਚਨਾਵਾਂ ਵਿੱਚ ਪੰਜਾਬੀ ਸੱਭਿਆਚਾਰ ਦੀਆਂ ਪੁਰਾਣੀਆਂ ਯਾਦਾਂ ਨੂੰ ਅਜੋਕੀ ਰੁੱਖੀ ਜੀਵਨ ਸ਼ੈਲੀ ਦੇ ਸਨਮੁੱਖ ਪੇਸ਼ ਕਰਦਾ ਹੈ। ਕਾਲੇ ਕੋਹਾਂ ਤੋਂ ਪਰ੍ਹੇ (1975), ਪਾਗਲ ਪੌਣਾ (1994), ਅੰਬਰੀ ਅੱਖ (2000), ਸਤਰਾਂ (2005), ਮਨ ਮੰਮਟੀ ਦੇ ਮੋਰ (2009) ਆਦਿ ਰਵਿੰਦਰ ਭੱਠਲ ਦੀਆਂ ਕਾਵਿ ਪੁਸਤਕਾਂ ਹਨ। ਇਸ ਤੋਂ ਇਲਾਵਾ ਮਨਜੀਤ ਟਿਵਾਣਾ ਇੱਕ ਪ੍ਰਸਿੱਧ ਇਸਤਰੀ ਕਵਿਤਰੀ ਹੈ ਜੋ ਬਹੁਤ ਹੀ ਬੇਬਾਕੀ ਨਾਲ ਔਰਤ ਦੇ ਜੀਵਨ ਕਾਲ ਵਿੱਚ ਆਉਣ ਵਾਲੀਆਂ ਉਦਾਸੀਆਂ, ਕਮਜ਼ੋਰੀਆਂ ਆਦਿ ਦੇ ਹਾਲਾਤਾਂ ਨੂੰ ਚਿਤਰਦੀ ਹੈ। ਮਨਜੀਤ ਟਿਵਾਣਾ ਦੀਆਂ ਰਚਨਾਵਾਂ ਪਤੀ ਵ੍ਰਤਾ ਤੋਂ ਵਿਦਰੋਹ ਅਤੇ ਸੁਤੰਤਰਤਾ ਦਾ ਐਲਾਨ ਕਰਦੀਆਂ ਹਨ। 1990 ਵਿੱਚ ਮਨਜੀਤ ਨੂੰ 'ਉਣੀਦਾ ਵਰਤਮਾਨ' ਲਈ 'ਸਾਹਿਤ ਅਕਾਦਮੀ ਐਵਾਰਡ' ਵੀ ਪ੍ਰਾਪਤ ਹੋਇਆ। ਮਨਜੀਤ ਦੀਆਂ ਕਾਵਿ ਪੁਸਤਕਾਂ- ਇਲਹਾਮ (1971), ਇਲਜ਼ਾਮ (1980), ਉਣੀਂਦਾ ਵਰਤਮਾਨ (1987), ਸਵਿੱਤਰੀ (1992), ਦਰਗਾਹ (1995), ਜਿਸ ਪਰਮ ਕਿਓ (2000), ਅੱਗ ਦੇ ਮੋਤੀ (2002) ਆਦਿ। ਸਮਕਾਲੀ ਕਵਿਤਾ ਵਿੱਚ ਪ੍ਰਮਿੰਦਰਜੀਤ ਕੌਰ ਮੁੱਖ ਰੂਪ ਵਿੱਚ ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਮਨੁੱਖੀ ਰਿਸ਼ਤਿਆਂ ਦੇ ਬਦਲ ਰਹੇ ਅਕਸ, ਜੀਵਨ ਵਿਚਲੀ ਭਟਕਣ, ਬੇਵਿਸ਼ਵਾਸੀ ਆਦਿ ਨੂੰ ਬੜੀ ਗੰਭੀਰਤਾ ਨਾਲ ਪੇਸ਼ ਕਰਦੀ ਕਵਿਤਰੀ ਹੈ। ਉਸ ਦੀਆਂ ਕਵਿਤਾਵਾਂ ਦਾ ਰਵੱਈਆ ਹਮੇਸ਼ਾ ਸਕਾਰਾਤਮਕ ਬਣਿਆ ਰਹਿੰਦਾ ਹੈ। ਆਪ ਦੀਆਂ ਕਾਵਿ ਪੁਸਤਕਾਂ ਹਨ: ਲਿਖਤੁਮ ਪ੍ਰਮਿੰਦਰਜੀਤ (1981), ਮੇਰੀ ਮਾਰਫ਼ਤ (2000), ਬਚਪਨ ਘਰ ਅਤੇ ਮੈਂ (2005), ਤਨ ਤੁਕੀਆ (2010)।

ਗੁਰਭਜਨ ਗਿੱਲ ਪੰਜਾਬੀ ਦੇ ਬਹੁਤ ਹੀ ਪ੍ਰਭਾਵਸ਼ਾਲੀ ਕਵੀ ਅਤੇ ਗਜ਼ਲਕਾਰ ਹਨ। ਗੁਰਭਜਨ ਨੇ ਸਮਕਾਲੀ ਸਮਾਜ ਦੀਆਂ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਵਿਸੰਗਤੀਆਂ ਨੂੰ ਆਪਣੇ ਕਾਵਿ ਦਾ ਹਿੱਸਾ ਬਣਾਇਆ ਹੈ। ਗੁਰਭਜਨ ਗਿੱਲ ਗਜ਼ਲ ਅਤੇ ਗੀਤ ਕਾਵਿ ਰੂਪ ਦਾ ਵੀ ਬੇਮਿਸਾਲ ਲਿਖਾਰੀ ਹੈ। ਗੁਰਭਜਨ ਗਿੱਲ ਦੀਆਂ ਕਾਵਿ ਪੁਸਤਕਾਂ ਹਨ: ਸ਼ੀਸ਼ਾ ਝੂਠ ਬੋਲਦਾ ਹੈ (1978), ਬੋਲ ਮਿੱਟੀ ਦਿਆ

ਬਾਵਿਆ (1992), ਅਗਨ ਕਥਾ (2000), ਖ਼ੈਰ ਪੰਜਾਂ ਪਾਣੀਆਂ ਦੀ (2004), ਧਰਤੀ ਨਾਦ (2005), ਫੁੱਲਾਂ ਦੀ ਝਾਂਜਰ (2006), ਪਾਰਦਰਸ਼ੀ (2008) ਅਤੇ ਮੋਰ- ਪੰਖ। ਮਨਜੀਤਪਾਲ ਕੌਰ ਵੀ ਇਸ ਸਮੇਂ ਦੀ ਇੱਕ ਚੇਤੱਨ ਕਵਿਤਰੀ ਹੈ। ਮਾਨਵੀ ਰਿਸ਼ਤਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦੀ ਹੈ। ਮਨਜੀਤਪਾਲ ਦੀ ਕਵਿਤਾ ਵਿੱਚ ਇਸਤਰੀ ਦੀ ਹੋਂਦ ਨਾਲ ਜੁੜੇ ਮਸਲੇ ਅਤੇ ਅਹਿਸਾਸ, ਮਰਦ ਪ੍ਰਧਾਨ ਸਮਾਜ ਦੀਆਂ ਚਾਲਾਂ ਦਾ ਵਿਰੋਧ ਹੈ। ਉਸ ਦੀ ਕਵਿਤਾ ਮਰਦਾਵੀਂ ਰਿਸ਼ਤਿਆਂ ਦੇ ਮਖੋਟਿਆ ਵਿਰੁੱਧ ਅਵਾਜ਼ ਉਠਾਉਂਦੀ ਮਰਦ ਔਰਤ ਦੇ ਰਿਸ਼ਤੇ ਦੀ ਵਿਡੰਬਨਾ ਦੀ ਬਾਤ ਪਾਉਂਦੀ ਹੈ। ਰੇਤ ਦਾ ਸਮੁੰਦਰ (1985), ਮਿਜ਼ਰਾਬ (1991), ਆਪਾਂ ਨਾਂ ਮਿਲਦੇ (2002), ਅਹਿਸਾਸ, ਆਸਾਵਰੀ (2003) ਆਦਿ । ਉਹਨਾਂ ਦੇ ਕਾਵਿ ਸੰਗ੍ਰਹਿ ਹਨ। ਇਸ ਤਰ੍ਹਾਂ ਬਲਵੀਰ ਪਰਵਾਨਾ ਅਜੋਕੀ ਪੀੜ੍ਹੀ ਦੇ ਜੀਵਨ ਯਥਾਰਥ ਦਾ ਕਵੀ ਹੈ। ਉਹ ਆਪਣੀਆਂ ਰਚਨਾਵਾਂ ਰਾਹੀਂ ਅਜੋਕੇ ਦੌਰ ਜੀਵਨ ਪ੍ਰਬੰਧ ਯਥਾਰਥ ਦੰਭੀ ਰਾਜਨੀਤੀ ਅਤੇ ਦੇਹੀਵਾਦੀ ਵਿਸ਼ਿਆਂ ਨੂੰ ਪ੍ਰਗਟਾਉਂਦਾ ਹੈ। ਪਰਵਾਨਾ ਦੇ ਕਾਵਿ ਸੰਗ੍ਰਿਹ ਹਨ- ਧੁੱਪ ਦੀਆਂ ਪੈੜਾਂ (1988), ਪਲਕਾਂ 'ਚ ਤੈਰਦੇ ਪਲ (1992), ਜ਼ਮੀਨ ਤੇ ਜਵਾਨੀ (1996), ਇੰਤਹਾਂ ਤੋਂ ਪਹਿਲਾਂ (1997), ਵਰਜਣਾ ਤੋਂ ਪਾਰ (2002), ਵਾ-ਵਰੋਲਿਆਂ 'ਚ ਘਿਰੀ ਹੋਂਦ (2006) ਆਦਿ।

ਪਾਲ ਕੌਰ ਇਸਤਰੀ ਸੰਵੇਦਨਾ ਦੀ ਕਵਿਤਰੀ ਹੈ। ਉਸਨੇ ਆਧੁਨਿਕ ਸਮੇਂ ਦੇ ਔਰਤ-ਮਰਦ ਸੰਬੰਧਾਂ ਵਿੱਚ ਔਰਤ ਦੇ ਸ਼ੋਸ਼ਣ ਪ੍ਰਤੀ ਕਾਵਿ-ਸਿਰਜਣਾ ਕੀਤੀ ਹੈ। ਉਨ੍ਹਾਂ ਨੇ ਮਿਥਿਹਾਸ ਤੇ ਪੁਰਤਨ ਕਥਾਵਾਂ ਤੋਂ ਔਰਤ ਨਾਲ ਹੁੰਦੀਆਂ ਚਲੀਆ ਆ ਰਹੀਆਂ ਵਧੀਕੀਆਂ ਨੂੰ ਰੇਖਾਂਕ੍ਰਿਤ ਕੀਤਾ ਹੈ। ਪਾਲ ਕੌਰ ਮਨੋਵਿਗਿਆਨਕ ਸੂਝ ਵਾਲੀ ਕਵਿਤਰੀ ਹੈ। ਉਨ੍ਹਾਂ ਨੇ ਆਪਣੀਆਂ ਕਵਿਤਾਵਾਂ ਵਿੱਚ ਔਰਤ ਦੀ ਮਾਨਸਿਕਤਾ ਨੂੰ ਗੰਭੀਰਤਾ ਨਾਲ ਪੇਸ਼ ਕੀਤਾ ਹੈ। ਉਹਨਾਂ ਦੇ ਕਾਵਿ ਵਿਚਲੀ ਸੁਰ ਪਿਤਰਕੀ ਸਮਾਜ ਦੇ ਖਾਤਮੇ ਅਤੇ ਔਰਤ ਦੀ ਅਜ਼ਾਦੀ ਦੇ ਹੱਕ ਵਿੱਚ ਹੈ। ਪਾਲ ਕੌਰ ਦੀਆਂ ਕਾਵਿ ਪੁਸਤਕਾਂ ਹਨ: ਖਲਾਅ ਵਾਸੀ (1986), ਮੈਂ ਮੁਖਾਤਿਵ ਹਾਂ (1988), ਸਵਿਕਾਰ ਤੋਂ ਬਾਅਦ (1993), ਇੰਜ ਨਾ ਮਿਲੀ (1998), ਬਲਦੇ ਖਤਾਂ ਦੇ ਸਿਰਨਾਵੇਂ (1998), ਬਾਰਿਸ਼ ਅੰਦਰੇ-ਅੰਦਰ (2005), ਪੀਂਘ (2007), ਪੌਣ ਤੜਾਗੀ (2009) ਆਦਿ।

ਸਮਕਾਲੀ ਪੰਜਾਬੀ ਕਵੀ ਸੁਰਜੀਤ ਜੱਜ ਪ੍ਰਗਤੀਵਾਦੀ ਵਿਚਾਰਧਾਰਾ ਵਾਲਾ ਕਵੀ ਹੈ। ਉਸ ਦੀ ਕਵਿਤਾ ਵਿੱਚ ਚੇਤਨਾ ਅਤੇ ਰਮਜ਼ ਭਰਪੂਰ ਹੈ। ਕਵੀ ਸੁਰਜੀਤ ਦੀਆਂ ਕਾਵਿ ਪੁਸਤਕਾਂ ਹਨ: ਪਰਿੰਦੇ ਫੇਰ ਪਰਤਣਗੇ (1990), ਘਰੀਂ ਮੁੜਦੀਆਂ ਪੈੜਾਂ (1991), ਆਉਂਦੇ ਦਿਨੀਂ (1993), ਦਰਦ ਦੀ ਦਹਿਲੀਜ਼ (1997), ਪਰ ਮੁਕਤ ਪਰਵਾਜ਼ (2006), ਨਾ ਅੰਤ ਨਾ ਆਦਿ (2010) ਆਦਿ। ਇਸੇ ਤਰ੍ਹਾਂ ਬਲਵਿੰਦਰ ਸੰਧੂ ਪ੍ਰਗਤੀਵਾਦੀ ਕਾਵਿ ਧਾਰਾ ਦਾ ਕਵੀ ਹੈ। ਇੱਕ ਅਧੂਰਾ ਗੀਤ, ਕੋਮਲ ਸਿੰਘ ਆਖਦਾ ਹੈ, ਮੈਂ ਵੀ ਆਦਿ ਜੁਗਾਦਿ, ਘਾੜਤਿ (2006) ਸੰਧੂ ਦੀਆਂ ਕਾਵਿ-ਪੁਸਤਕਾਂ ਹਨ। ਮਨਮੋਹਨ ਪੰਜਾਬੀ ਸਾਹਿਤ ਦਾ ਧੀਮੇ ਬੋਲਾਂ ਵਾਲਾ ਸ਼ਾਇਰ ਹੈ। ਉਸ ਨੇ ਮਨੁੱਖ ਦੇ ਮਨੋਭਾਵਾਂ, ਜੀਵਨ ਦੀ ਸੁੰਦਰਤਾ ਅਤੇ ਵਾਸਵਿਕਤਾ ਉੱਤੇ ਰਚਨਾਵਾਂ ਰਚੀਆਂ ਹਨ। ਹਾਸ਼ੀਆਗਤ ਲੋਕਾਈ ਦਾ ਦਰਦ ਮਨਮੋਹਨ ਦੀ ਸ਼ਾਇਰੀ ਦਾ ਮੁੱਖ ਸਰੋਕਾਰ ਹੈ। ਉਸ ਦੀ ਕਵਿਤਾ ਦੇ ਦਾਰਸ਼ਨਿਕ ਸੰਕਲਪ ਨਵ-ਰਹੱਸਵਾਦੀ ਰਸ ਨੂੰ ਉਘਾੜਦੇ ਹਨ। ਉਹਨਾਂ ਦੀਆਂ ਕਾਵਿ ਪੁਸਤਕਾਂ ਹਨ: ਚੋਰਾਹੇ ਤੱਕ (1982), ਸੁਰ ਸੰਕੇਤ (1998), ਅਥ (2004), ਨੀਲ ਕੰਠ (2008), ਦੂਜੇ ਸ਼ਬਦਾਂ ਵਿੱਚ (2010), ਬੈਖਰੀ (2013) ਆਦਿ।

ਜਸਵੰਤ ਜ਼ਫ਼ਰ ਗੰਭੀਰ ਚਿੰਤਕ ਅਤੇ ਅਨੁਭਵੀ ਪ੍ਰਮੁੱਖ ਸਮਕਾਲੀ ਪੰਜਾਬੀ ਕਵੀ ਹੈ। ਉਸ ਦੀ ਕਵਿਤਾ ਦਾ ਮੁੱਖ ਸਰੋਕਾਰ ਮੱਧਵਰਗੀ ਜਮਾਤ ਨਾਲ ਹੈ। ਮੱਧਵਰਗੀ ਜਮਾਤ ਪੈਸਾ ਕਮਾਉਣ ਦੀ ਹੋੜ ਵਿੱਚ ਲੋਕਾਈ ਦੀ ਭਲਾਈ ਨੂੰ ਨਜ਼ਰ ਅੰਦਾਜ ਕਰ ਰਹੀ ਹੈ। ਜਸਵੰਤ ਜ਼ਫ਼ਰ ਦੀ ਕਵਿਤਾ ਮਨੁੱਖੀ ਵਿਸ਼ਵਾਸ ਦੇ ਘਾਣ ਅਤੇ ਕਦਰਾਂ ਕੀਮਤਾਂ ਦੇ ਅਲੋਪ ਹੋਣ ਦੀ ਬਾਤ ਪਾਉਂਦੀ ਹੈ। ਜਸਵੰਤ ਜ਼ਫ਼ਰ ਦੀਆਂ ਕਾਵਿ-ਪੁਸਤਕਾਂ ਹਨ: ਦੋ ਸਾਹਾਂ ਵਿੱਚਕਾਰ (1993), ਅਸੀਂ ਨਾਨਕ ਦੇ ਕੀ ਲਗਦੇ ਹਾਂ (2001), ਇਹ ਬੰਦਾ ਕੀ ਹੁੰਦਾ ਹੈ (2010) ਆਦਿ।

ਮਦਨਵੀਰਾ ਮੁੱਖ ਰੂਪ ਵਿੱਚ ਦਲਿਤ ਚੇਤਨਾ ਦਾ ਸ਼ਾਇਰ ਹੈ। ਮਦਨਵੀਰਾ ਦਲਿਤ ਵਰਗ ਦੀਆਂ ਪੀੜ੍ਹਾਂ, ਉਹਨਾਂ ਦੇ ਸੰਤਾਪ, ਦਿਨੋ-ਦਿਨ ਨਿੱਘਰ ਰਹੀ ਹਾਲਤ ਦਾ ਕਵੀ ਹੈ। ਉਹ ਦਲਿਤ ਵਰਗ ਨੂੰ ਸੰਘਰਸ਼ ਕਰਨ ਅਤੇ ਹੱਕ ਹਾਸਿਲ ਕਰਨ ਲਈ ਪ੍ਰੇਰਦਾ ਹੈ। ਮਦਨਵੀਰਾ ਅਜੋਕੀ ਸਮਾਜਿਕ ਪ੍ਰਬੰਧ ਪ੍ਰਣਾਲੀ 'ਤੇ

ਵਿਅੰਗ ਕੱਸਦਾ ਹੈ। ਜਿਸ ਦੌਰਾਨ ਅਮੀਰ ਹੋਰ ਅਮੀਰ ਅਤੇ ਗਰੀਬ ਹੋਰ ਗਰੀਬ ਹੁੰਦਾ ਜਾ ਰਿਹਾ ਹੈ। ਭਾਖਿਆ (2001), ਨਾਬਰਾਂ ਦੀ ਇਬਾਦਤ (2008), ਤੰਦ-ਤਾਣੀ (2011), ਖਾਰਾ ਪਾਣੀ (2013) ਮਦਨਵੀਰਾ ਦੀਆਂ ਕਾਵਿ ਪੁਸਤਕਾਂ ਹਨ। ਸਮਕਾਲੀ ਦੌਰ ਵਿੱਚ ਉਮਿੰਦਰ ਇੱਕ ਪ੍ਰਸਿੱਧ ਅਲੋਚਕ ਹੋਣ ਦੇ ਨਾਲ-ਨਾਲ ਇੱਕ ਪ੍ਰਮੁੱਖ ਕਵੀ ਹੈ। ਉਸ ਨੇ ਆਪਣੀ ਕਵਿਤਾ ਵਿੱਚ ਮਾਨਵੀ ਰਿਸ਼ਤਿਆਂ ਵਿਚਲੇ ਨਿਘਾਰ ਅਤੇ ਹਮਦਰਦੀ ਦੇ ਨਾਲ-ਨਾਲ ਇਹਨਾਂ ਵਿੱਚ ਪੈਦਾ ਹੋਈ ਟੁੱਟ ਭੱਜ ਨੂੰ ਵੀ ਆਪਣੀ ਕਵਿਤਾ ਦਾ ਵਿਸ਼ਾ ਬਣਾਇਆ ਹੈ। ਜੌਹਲ ਦੀਆਂ ਕਾਵਿ ਪੁਸਤਕਾਂ ਹਨ: ਰੁਕੇ ਹੋਏ ਪਲ (2004), ਸਦੀਆਂ ਦਾ ਤਪ (2010)। ਹਰਵਿੰਦਰ ਭੰਡਾਲ ਇੱਕ ਅਨੁਭਵੀ ਅਤੇ ਚੇਤੰਨ ਕਵੀ ਹੈ। ਭੰਡਾਲ ਨੇ ਵਿਸ਼ਵੀਕਰਨ ਦੇ ਦੌਰ ਵਿੱਚ ਮਨੁੱਖ ਅਤੇ ਸੱਭਿਆਚਾਰ ਦੇ ਪਿਸਾਓ ਨੂੰ ਕਵਿਤਾ ਰਾਹੀਂ ਆਵਾਜ਼ ਪ੍ਰਦਾਨ ਕੀਤੀ ਹੈ। ਉਹ ਸਾਮਰਾਜੀ ਰਾਜਨੀਤੀ ਚਾਲਾਂ ਦੇ ਖਿਲਾਫ਼ ਹੈ। ਉਹਨਾਂ ਦੀਆਂ ਕਾਵਿ ਪੁਸਤਕਾਂ ਹਨ: ਖੁਦਕੁਸ਼ੀ ਇੱਕ ਚੁੱਪ (1993), ਬੁੱਧ ਬੇਹੋਸ਼ ਹੈ (1998), ਬਾਲੀ ਕੋਈ ਦੀਵਾ (2003), ਚਾਰਾਗਾਹ ਤੋਂ ਪਾਰ (2010) ਆਦਿ।

ਅਮਰਜੀਤ ਆਧੁਨਿਕ ਨਾਰੀ ਦੀਆਂ ਸਮੱਸਿਆਵਾਂ ਨੂੰ ਪੇਸ਼ ਕਰਦਾ ਕਵੀ ਹੈ। ਉਹ ਆਪਣੀ ਕਵਿਤਾ ਵਿੱਚ ਅਜੋਕੇ ਮਨੁੱਖ ਦੀ ਜ਼ਿੰਦਗੀ ਦੀਆਂ ਸਮੱਸਿਆਵਾਂ, ਧਰਮ ਵਿੱਚ ਫੈਲ ਰਿਹਾ ਪਾਖੰਡਵਾਦ ਆਦਿ ਵਿਸ਼ਿਆਂ ਨੂੰ ਨਿਵੇਕਲੇ ਅੰਦਾਜ਼ ਰਾਹੀਂ ਪੇਸ਼ ਕਰਦਾ ਹੈ। ਉਹਨਾਂ ਦੀਆਂ ਕਾਵਿ ਪੁਸਤਕਾਂ ਹਨ: ਦੁਪਿਹਰ ਦਾ ਜਨਮ (1984), ਨਦੀ ਨੂੰ ਵਹਿਣਾ ਪਿਆ (2006), ਕਢੰਬ (2008) ਆਦਿ। ਭੁਪਿੰਦਰ ਕੌਰ ਇੱਕ ਚੇਤਨ ਕਵਿਤਰੀ ਹੈ। ਉਸ ਨੇ ਔਰਤ ਦੀਆਂ ਸਮੱਸਿਆਵਾਂ ਨੂੰ ਆਪਣਾ ਕਾਵਿ ਸਰੋਕਾਰ ਬਣਾਉਂਦੇ ਹੋਏ ਸਲੀਬਾਂ ’ਤੇ ਲਟਕਦੇ ਹਰਫ਼ (1996), ਮੈਂ ਸ਼ਬਦਾਂ ਨੂੰ ਕਿਹਾ (2003), ਬਰਸੈ ਮੇਘ ਸਖ਼ੀ (2006), ਅਹਿਰਣ (2014) ਆਦਿ ਕਾਵਿ ਪੁਸਤਕਾਂ ਦੀ ਰਚਨਾ ਕੀਤੀ ਹੈ।

ਨੀਰੂ ਅਸੀਮ ਇੱਕ ਅਜਿਹੀ ਨਾਰੀ ਚੇਤਨਾ ਦੀ ਕਵਿਤਰੀ ਹੈ ਜਿਸ ਦੀਆਂ ਕਵਿਤਾਵਾਂ ਵਿਚਲੀ ਔਰਤ ਬੜੀ ਬੇਬਾਕੀ ਨਾਲ ਸਮੇਂ ਦੇ ਨਾਲ ਚੱਲਣ ਦਾ ਇਰਾਦਾ ਰੱਖਦੀ ਹੈ। ਭੂਰੀਆਂ ਕੀੜੀਆਂ (2006), ਸਿਫ਼ਰ (2008) ਨੀਰੂ ਦੀਆਂ ਕਾਵਿ ਪੁਸਤਕਾਂ ਹਨ। ਵਿਸ਼ਾਲ ਦੀ ਕਵਿਤਾ ਦਾ ਵਧੇਰੇ ਸਰੋਕਾਰ ਪੰਜਾਬ

ਸੰਕਟ, ਜਮਾਤੀ ਸਮਾਜ ਦਾ ਦੰਭੀ ਕਿਰਦਾਰ, ਨੀਵੀਆਂ ਸ਼੍ਰੇਣੀਆਂ ਦੀਆਂ ਤੰਗੀਆਂ, ਪਦਾਰਥਵਾਦੀ ਯੁੱਗ ਵਿੱਚ ਟੁੱਟ ਰਹੇ ਰਿਸ਼ਤੇ, ਪਰਵਾਸ ਦੌਰਾਨ ਮਨੁੱਖ ਵਿਚਲੀ ਟੁੱਟ-ਭੱਜ ਆਦਿ ਹਨ। ਜਿਨ੍ਹਾਂ ਨੂੰ ਉਹਨਾਂ ਨੇ ਬੜੀ ਹੀ ਸੂਖ਼ਮਤਾ ਨਾਲ ਪੇਸ਼ ਕੀਤਾ ਹੈ। ਉਹ ਆਪਣੀ ਕਵਿਤਾ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਮਿਥਿਹਾਸਕ ਪਾਤਰਾਂ ਦੇ ਹਵਾਲੇ ਵੀ ਦਿੰਦਾ ਹੈ। ਵਿਸ਼ਾਲ ਦੀਆਂ ਕਾਵਿ ਪੁਸਤਕਾਂ ਹਨ: ਤਿਤਲੀ ਅਤੇ ਕਾਲੀ ਹਵਾ (1993), ਕੈਨਵਸ ਕੋਲ ਪਈ ਬੰਸਰੀ (2000), ਮੈਂ ਅਜੇ ਹੋਣਾ ਹੈ (2004) ਆਦਿ। ਸੁਹਿੰਦਰ ਬੀਰ ਇੱਕ ਸਰਲ ਅਤੇ ਸਾਧਾਰਨ ਪਰ ਪ੍ਰਭਾਵਸ਼ਾਲੀ ਕਾਵਿ ਭਾਸ਼ਾ ਦਾ ਪ੍ਰਗੀਤਕ ਸ਼ਾਇਰ ਹੈ। ਉਸ ਦੀਆਂ ਕਾਵਿ ਪੁਸਤਕਾਂ ਹਨ: ਵੇਦਨਾ ਦਾ ਸ਼ਿਲਾਲੇਖ (1988), ਤਾਰਾ-ਤਾਰਾ ਅੱਥਰੂ (1992), ਹਾੜ ਸਿਆਲਾਂ (2000), ਦੁੱਖ ਤੇ ਮਨੁੱਖ (2005) ਆਦਿ।

### 1.8. ਸੰਚਾਰ ਵਿਧਾਨ: ਸਿਧਾਂਤਕ ਪਰਿਪੇਖ:

ਸੰਚਾਰ ਵਿਧਾਨ ਆਪਣੇ ਆਪ ਵਿੱਚ ਇੱਕ ਵਿਸ਼ਾਲ ਸਿਧਾਂਤਕ ਸੰਕਲਪ ਹੈ। ਸਮਕਾਲੀ ਪੰਜਾਬੀ ਕਵਿਤਾ ਦੇ ਸੰਚਾਰ ਵਿਧਾਨ ਬਾਰੇ ਗੱਲ ਕਰਨ ਤੋਂ ਪਹਿਲਾਂ ਸੰਚਾਰ ਤੋਂ ਕੀ ਭਾਵ ਹੈ? ਬਾਰੇ ਜਾਣਣਾ ਅਤਿ ਜ਼ਰੂਰੀ ਹੈ। '*ਸੰਚਾਰ ਸ਼ਬਦ ਲੈਟਿਨ ਭਾਸ਼ਾ ਦੇ ਕਮਯੂਨਿਸ ਸ਼ਬਦ ਤੋਂ ਬਣਿਆ ਹੈ ਜਿਸਦਾ ਭਾਵ ਹੈ ਕੁਝ ਸਾਂਝਾ ਕਰਨਾ, ਸੂਚਨਾ ਦੇਣਾ। ਸੰਚਾਰ ਰਾਹੀਂ ਇੱਕ ਮਨੁੱਖ ਦੂਜੇ ਮਨੁੱਖ ਨਾਲ ਸ਼ਬਦਾਂ, ਸੰਕੇਤਾਂ, ਚਿੰਨ੍ਹਾਂ ਰਾਹੀਂ ਸੂਚਨਾ, ਗਿਆਨ, ਭਾਵਨਾਵਾਂ ਦਾ ਅਦਾਨ-ਪ੍ਰਦਾਨ ਕਰਦਾ ਹੈ।*[1]' ਅੰਗਰੇਜ਼ੀ ਭਾਸ਼ਾ ਵਿੱਚ ਸੰਚਾਰ ਦਾ ਭਾਵ Communication ਤੋਂ ਲਿਆ ਜਾਂਦਾ ਹੈ। ਪੰਜਾਬੀ ਵਿੱਚ ਸੰਚਾਰ ਦੇ ਸਮਾਨਅਰਥੀ ਸ਼ਬਦ ਹਨ- ਸੂਚਨਾ, ਖ਼ਬਰ, ਆਵਾਜਾਈ, ਸੰਪਰਕ, ਸੰਬੰਧ, ਅਦਾਨ-ਪ੍ਰਦਾਨ, ਸੂਚਨਾਵਾਂ ਦੀ ਇੱਕ ਥਾਂ ਤੋਂ ਦੂਜੀ ਥਾਂ ਬਦਲੀ ਆਦਿ। ਜਿਸ ਤੋਂ ਭਾਵ ਵਸਤੂ, ਵਿਚਾਰਾਂ, ਗਿਆਨ, ਭਾਵਨਾਵਾਂ, ਸੂਚਨਾਵਾਂ ਦਾ ਅਦਾਨ ਪ੍ਰਦਾਨ ਹੈ। ਸੰਚਾਰ

[1] Sighted on Date 09/16/2015

http://punjabipedia.org/topic.aspx?txt=ਭਾਸ਼ਾਂ+ਸੰਚਾਰ&imageField.x=0&imageField.y=0

ਕਿਸੇ ਵੀ ਸੱਭਿਆਚਾਰ ਦਾ ਬੁਨਿਆਦੀ ਤੱਤ ਹੈ। ਸੰਚਾਰ ਤੋਂ ਬਿਨਾਂ ਕੋਈ ਸੱਭਿਅਤਾ ਪਨਪ ਹੀ ਨਹੀਂ ਸਕਦੀ। ਸੰਚਾਰ ਨੂੰ ਪ੍ਰਭਾਸ਼ਿਤ ਕਰਦੇ ਡਾ. ਅਮ੍ਰਿਤਪਾਲ ਕੌਰ ਲਿਖਦੇ ਹਨ ਕਿ:

*ਮਨੁੱਖ ਅਤੇ ਮਨੁੱਖ ਵਿਚਲੀ ਸਾਂਝ ਦਾ ਮੂਲ ਆਧਾਰ ਅਨੁਭਵ, ਭਾਵਾਂ ਤੇ ਵਿਚਾਰਾਂ ਦੀ ਆਪਸੀ ਸਾਂਝ ਨੂੰ ਸੰਚਾਰ ਕਿਹਾ ਜਾਂਦਾ ਹੈ* (*ਗੁਰਬਾਣੀ: ਸੰਚਾਰ ਵਿਗਿਆਨ* 11)

ਪੀ. ਐਸ.ਜੀ ਕੁਮਾਰ ਅਨੁਸਾਰ, ਸੰਚਾਰ ਹਰ ਤਰ੍ਹਾਂ ਦੇ ਕਾਰਜ ਖੇਤਰ ਦੇ ਵਿਕਾਸ ਦੀ ਕੁੰਜੀ ਹੈ:

*Communication is the key for the development of all disciplines.*

(*Information and Communication* 52)

ਇਸ ਪ੍ਰਕਾਰ ਸੰਚਾਰ ਮਨੁੱਖੀ ਸੱਭਿਅਤਾ ਅਤੇ ਜੀਵਨ ਦਾ ਅਜਿਹਾ ਮਹੱਤਵਪੂਰਨ ਬੁਨਿਆਦੀ ਤੱਤ ਹੈ, ਜਿਸ ਤੋਂ ਬਿਨਾਂ ਮਨੁੱਖੀ ਜੀਵਨ ਦਾ ਵਿਕਾਸ ਅਸੰਭਵ ਹੈ। ਸੰਚਾਰ ਦੋ ਧਿਰਾਂ ਦੇ ਆਪਸ ਵਿੱਚ ਜਾਣੂੰ-ਸੰਕੇਤਾਂ, ਪ੍ਰਤੀਕਾਂ, ਨਿਯਮਾਂ ਅਤੇ ਸ਼ਬਦਾਂ ਦੁਆਰਾ ਜਾਂ ਕਿਸੇ ਇਕਾਈ ਜਾਂ ਸਮੂਹ ਦੁਆਰਾ ਆਪਣੇ ਭਾਵਾਂ ਨੂੰ ਦੂਜੇ ਤੱਕ ਪਹੁੰਚਾਉਣ ਦਾ ਕਾਰਜ ਹੈ। ਸੰਚਾਰ ਇੱਕ ਮਹੱਤਵਪੂਰਨ ਅਤੇ ਗੁੰਝਲਦਾਰ ਪ੍ਰਕਿਰਿਆ ਹੈ। ਜਿਸ ਨੂੰ ਵੱਖ-ਵੱਖ ਸ਼ਾਖਾਵਾਂ ਵਿੱਚ ਵੰਡ ਕੇ ਸਮਝਿਆ ਜਾ ਸਕਦਾ ਹੈ। ਜਿਸ ਲਈ ਸੰਚਾਰ ਦੀਆਂ ਕਿਸਮਾਂ ਨੂੰ ਨਿਯਤ ਕੀਤਾ ਗਿਆ ਹੈ। ਸੰਚਾਰ ਦੀਆਂ ਕਿਸਮਾਂ ਨੂੰ ਵਰਗੀਕ੍ਰਿਤ ਕਰਨ ਲਈ ਠੋਸ ਬੁਨਿਆਦ ਰੱਖੀ ਗਈ ਹੈ। ਮੁੱਖ ਤੌਰ 'ਤੇ ਨੰਬਰ ਇੱਕ ਸੰਚਾਰ ਦੇ ਮਾਰਗਾਂ ਉੱਪਰ ਅਧਾਰਿਤ (Based on communication channels) ਅਤੇ ਦੂਜਾ ਸੰਚਾਰ ਦੇ ਤਰੀਕੇ ਅਤੇ ਮੰਤਵ 'ਤੇ ਅਧਾਰਿਤ (Based on style and purpose) ਸੰਚਾਰ ਦੀਆ ਦੋਹਾਂ ਸ਼ਾਖਾਵਾਂ ਰਾਹੀਂ ਸੰਚਾਰ ਹੁੰਦਾ ਹੈ। ਪਹਿਲਾਂ ਭਾਸ਼ਿਕ ਅਤੇ ਦੂਜਾ ਗੈਰ ਭਾਸ਼ਿਕ। ਭਾਸ਼ਿਕ ਸੰਚਾਰ, ਸੰਚਾਰ ਦੀ ਉਹ ਵਿਧੀ ਹੈ, ਜਿਸ ਵਿੱਚ ਭਾਸ਼ਾ ਦਾ ਪ੍ਰਯੋਗ ਕੀਤਾ ਜਾਂਦਾ ਹੈ। ਗੈਰ ਭਾਸ਼ਾਈ ਸੰਚਾਰ ਵਿੱਚ ਭਾਸ਼ਾ ਦਾ ਪ੍ਰਯੋਗ ਨਹੀਂ ਕੀਤਾ ਜਾਂਦਾ ਬਲਕਿ ਗੈਰ-ਭਾਸ਼ਾਈ ਸਾਧਨਾਂ ਦਾ ਹੀ ਪ੍ਰਯੋਗ ਕੀਤਾ ਜਾਂਦਾ ਹੈ। ਸੰਚਾਰ ਦੀਆਂ ਦੋਨੋਂ ਅਲੱਗ-ਅਲੱਗ ਵਰਗੀਕਰਨ ਵਿਧੀਆਂ ਅਨੁਸਾਰ ਸੰਚਾਰ ਦੀਆਂ ਦੋ ਹੀ ਪ੍ਰਮੁੱਖ ਕਿਸਮਾਂ ਹਨ, ਜਿਨ੍ਹਾਂ ਵਿਚੋਂ ਪਹਿਲੀ ਅਤੇ ਸਭ ਤੋਂ ਮਹੱਤਵਪੂਰਨ 'ਭਾਸ਼ਿਕ' ਸੰਚਾਰ ਵਿਧੀ ਅਤੇ ਦੂਜੀ

'ਗੈਰ-ਭਾਸ਼ਿਕ' ਸੰਚਾਰ ਵਿਧੀ ਹੈ। ਖੋਜ ਕਾਰਜ ਵਿੱਚ ਸਾਡਾ ਸੰਬੰਧ ਭਾਸ਼ਿਕ ਸੰਚਾਰ ਨਾਲ ਹੈ। ਭਾਸ਼ਿਕ ਸੰਚਾਰ ਨੂੰ ਅੱਗੋਂ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ। ਮੌਖਿਕ ਅਤੇ ਗੈਰ ਮੌਖਿਕ/ਲਿਖਤੀ ਭਾਸ਼ਾ। ਭਾਸ਼ਾ ਹੀ ਸੰਚਾਰ ਦਾ ਸਰਵੋਤਮ ਸਾਧਨ ਹੈ। ਭਾਸ਼ਾ ਤੋਂ ਬਿਨਾਂ ਮਨੁੱਖੀ ਜੀਵਨ ਗਤੀ ਹੀ ਨਹੀਂ ਕਰ ਸਕਦਾ। ਚਿੱਤਰ (1.1.) ਰਾਹੀਂ ਸੰਚਾਰ ਦੀਆਂ ਕਿਸਮਾਂ ਨੂੰ ਅਸਾਨੀ ਨਾਲ ਸਮਝਿਆ ਜਾ ਸਕਦਾ ਹੈ:




ਚਿੱਤਰ 1.1.

ਭਾਸ਼ਾ ਸੰਚਾਰ ਦਾ ਪ੍ਰਮੁੱਖ ਮਾਧਿਅਮ ਹੈ। ਸਮਾਜ ਵਿੱਚ ਮਨੁੱਖ ਭਾਸ਼ਾ ਰਾਹੀਂ ਹੀ ਆਪਣੀ ਸਾਂਝ ਬਣਾਉਂਦਾ ਹੈ। ਭਾਸ਼ਾ ਸਦਕਾ ਹੀ ਮਨੁੱਖ ਆਪਣੇ ਵਿਚਾਰਾਂ ਨੂੰ ਸਾਂਝਾ ਕਰਦੇ ਹਨ। ਭਾਸ਼ਾ ਦੀ ਹੋਂਦ ਤੋਂ ਬਿਨਾਂ ਅਜਿਹੀ ਸਾਂਝ ਬਿਲਕੁਲ ਸੰਭਵ ਨਹੀਂ ਹੈ। ਭਾਸ਼ਾ ਦੀ ਛੋਟੀ ਤੋਂ ਛੋਟੀ ਇਕਾਈ ਧੁਨੀ ਹੈ ਅਤੇ ਭਾਸ਼ਾ ਧੁਨੀ ਤੋਂ ਲੈ ਕੇ ਅਰਥ ਤੱਕ ਦਾ ਸਫ਼ਰ ਤੈਅ ਕਰਦੀ ਹੈ। ਭਾਸ਼ਿਕ ਸੰਚਾਰ ਨੂੰ ਅੱਗੋਂ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ। ਮੌਖਿਕ ਅਤੇ ਗੈਰ ਮੌਖਿਕ/ਲਿਖਤੀ ਭਾਸ਼ਾ। ਭਾਸ਼ਾ ਹੀ ਸੰਚਾਰ ਦਾ ਸਰਵੋਤਮ ਸਾਧਨ ਹੈ। ਇਸ ਤਰ੍ਹਾਂ ਗੈਰ-ਭਾਸ਼ਾਈ ਸੰਚਾਰ, ਸੰਚਾਰ ਦਾ ਦੂਜਾ ਅਤੇ ਘੱਟ ਮਹੱਤਵਪੂਰਨ ਜ਼ਰੀਆ ਹੈ। ਇਸ ਕਿਸਮ ਦੀ ਸੰਚਾਰ ਪ੍ਰਣਾਲੀ

ਵਿੱਚ, ਦੋਹਾਂ ਪੱਖਾਂ ਵਿੱਚਕਾਰ 'ਸ਼ਬਦ-ਰਹਿਤ' ਸੰਕੇਤਾਂ ਦੁਆਰਾ ਸੰਚਾਰ ਹੁੰਦਾ ਹੈ। ਸੰਦੇਸ਼ ਵਾਹਕ ਵੱਲੋਂ ਭਾਸ਼ਾ ਰਹਿਤ ਸੰਕੇਤਾਂ ਦੇ ਮਾਧਿਅਮ ਦੁਆਰਾ ਆਪਣੇ ਅਨੁਭਵਾਂ, ਭਾਵਨਾਵਾਂ ਅਤੇ ਹਾਵ-ਭਾਵਾਂ ਦਾ ਸੰਚਾਰ ਕੀਤਾ ਜਾਂਦਾ ਹੈ। ਸੰਚਾਰ ਦੀ ਇਹ ਪ੍ਰਣਾਲੀ ਇੱਕ ਤਰ੍ਹਾਂ ਨਾਲ ਸੰਦੇਸ਼-ਵਾਹਕ ਅਤੇ ਸੰਦੇਸ਼-ਪ੍ਰਾਪਤ ਕਰਨ ਵਾਲੇ ਵਿਅਕਤੀ ਦੀ ਕੁਸ਼ਲਤਾ ਜਾਂ ਆਪਸੀ ਸਮਝ 'ਤੇ ਹੀ ਨਿਰਭਰ ਹੈ।

**ਸਮਕਾਲੀ ਪੰਜਾਬੀ ਕਵਿਤਾ ਦਾ ਸੰਚਾਰ ਵਿਧਾਨ:**

ਇੱਕ ਮਨੁੱਖ ਦਾ ਦੂਜੇ ਮਨੁੱਖ ਨਾਲ ਸ਼ਬਦਾਂ, ਸੰਕੇਤਾਂ, ਚਿੰਨ੍ਹਾਂ ਰਾਹੀਂ ਸੂਚਨਾ, ਗਿਆਨ, ਭਾਵਨਾਵਾਂ ਦਾ ਅਦਾਨ-ਪ੍ਰਦਾਨ ਕਰਨਾ ਸੰਚਾਰ ਅਖਵਾਉਂਦਾ ਹੈ। ਵਿਧਾਨ ਦਾ ਭਾਵ ਵਿਧੀ ਤੋਂ ਹੈ। ਸੰਚਾਰ ਦੇ ਬਾਕੀ ਰੂਪਾਂ ਵਾਂਗ ਕਾਵਿ-ਸੰਚਾਰ ਪ੍ਰਬੰਧ ਵੀ ਇੱਕ ਚੇਤਨ, ਸੰਵੇਦਨਸ਼ੀਲ, ਕਲਾਤਮਿਕ ਅਤੇ ਗੁੰਝਲਦਾਰ ਪ੍ਰਕਿਰਿਆ ਹੈ। ਸੰਚਾਰ ਦੇ ਇਸ ਵਰਤਾਰੇ ਨੂੰ ਵਿਸ਼ੇਸ਼ ਜੁਗਤਾਂ, ਵਿਸ਼ੇਸ਼ ਕਾਵਿ ਭਾਸ਼ਾ, ਸ਼ੈਲੀ, ਅਲੰਕਾਰ ਯੋਜਨਾ, ਬਿੰਬ ਵਿਧਾਨ, ਚਿਹਨ ਸਿਸਟਮ/ਪ੍ਰਬੰਧ, ਕਲਪਨਾ ਉਡਾਰੀ, ਇਤਿਹਾਸਕ ਹਵਾਲੇ, ਪੁਰਾਤਨ ਮਿੱਥ, ਵਿਸ਼ਵੀ-ਵਰਤਾਰੇ, ਮਨ ਦੇ ਵਲਵਲੇ ਆਦਿ ਕਾਵਿ ਵਿੱਚ ਰੂਪਕ ਪੱਧਰ ਸਥਾਪਿਤ ਕਰਕੇ ਕਵੀ ਆਪਣੀ ਕਾਵਿ-ਅਭਿਵਿਅਕਤੀ ਨੂੰ ਸੰਚਾਰਿਤ ਕਰਦੇ ਹਨ। ਕਵੀ ਸੰਚਾਰ ਜੁਗਤਾਂ ਦੀ ਵਰਤੋਂ ਦੇ ਨਾਲ ਹੀ ਭਾਸ਼ਾ ਦੀ ਸਾਹਿਤਕ ਹੋਂਦ ਨੂੰ ਅਖ਼ਤਿਆਰ ਕਰਦਾ ਹੈ ਜੋ ਆਮ ਭਾਸ਼ਾ ਜਾਂ ਵਿਵਹਾਰਿਕ ਭਾਸ਼ਾ ਨਾਲੋਂ ਵਿਸ਼ੇਸ਼ ਹੁੰਦੀ ਹੈ। ਕਵੀ ਦੁਆਰਾ ਵਰਤੀਆਂ ਗਈਆਂ ਇਨ੍ਹਾਂ ਸੰਚਾਰ ਮੂਲਕ ਜੁਗਤਾਂ ਕਾਰਨ ਹੀ ਪਾਠਕ ਨੂੰ ਸੁਹਜ ਅਤੇ ਸੌਂਦ੍ਰਿਯ ਦੀ ਅਨੁਭੂਤੀ ਹੁੰਦੀ ਹੈ। ਕਵੀ ਕਾਵਿ-ਭਾਸ਼ਾ ਦੁਆਰਾ ਸ਼ਬਦਾਂ ਅਤੇ ਅਰਥਾਂ ਦਾ ਅਜਿਹਾ ਕਲਾਤਮਿਕ ਜਾਲ ਬੁਣਦਾ ਹੈ। ਜਿਸ ਨਾਲ ਪਾਠਕ ਨੂੰ ਸੁਹਜਮਈ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਇਸ ਸੰਦਰਭ ਵਿੱਚ ਹਰਪਾਲ ਸਿੰਘ ਭੱਟੀ ਲਿਖਦੇ ਹਨ:

> *ਸਾਹਿਤਕਾਰ ਦੁਆਰਾ ਚੁਣੀ ਗਈ ਵਿਧਾ ਨੂੰ ਵੱਖੋ-ਵੱਖਰੀਆਂ ਕਲਾਤਮਿਕ ਜੁਗਤਾਂ, ਸਾਧਨਾਂ ਦੀ ਮਦਦ ਨਾਲ ਨਿਭਾਇਆ ਜਾਂਦਾ ਹੈ ਤਾਂ ਕਿ ਉਸ ਦੇ ਅਨੁਭਵ ਨੂੰ ਸ਼ਕਤੀਸ਼ਾਲੀ ਅਭਿਵਿਅਕਤੀ ਹਾਂਸਲ ਹੋ ਸਕੇ। ਇਹਨਾਂ ਜੁਗਤਾਂ ਵਿੱਚ ਉਹਨਾਂ ਦੁਆਰਾ ਵਰਤੀ ਗਈ ਭਾਸ਼ਾ, ਸ਼ੈਲੀ, ਅਲੰਕਾਰ*

*ਯੋਜਨਾ, ਬਿੰਬ-ਵਿਧਾਨ, ਚਿਹਨ ਸਿਰਜਣਾ, ਕਲਪਨਾ ਉਡਾਰੀ, ਇਤਿਹਾਸ, ਮਿਥਿਹਾਸ ਹਵਾਲੇ, ਰਮਜ਼ਾਂ ਆਦਿ ਸ਼ਾਮਿਲ ਹਨ।*

(*1980 ਤੋਂ ਬਾਅਦ ਦੀ ਪੰਜਾਬੀ ਗਜ਼ਲ ਦੇ ਸਰੋਕਾਰ ਅਤੇ ਸੰਚਾਰ ਜੁਗਤਾਂ* 254)

ਕਿਸੇ ਵੀ ਕਵੀ ਜਾਂ ਸਾਹਿਤਕਾਰ ਦੁਆਰਾ ਵਰਤੀਆਂ ਗਈਆਂ ਸੰਚਾਰ ਦੀਆਂ ਵੱਖ-ਵੱਖ ਜੁਗਤਾਂ ਦੇ ਸਮੂਹ ਦੇ ਅਧਿਐਨ ਨੂੰ ਹੀ ਸੰਚਾਰ ਵਿਧਾਨ ਕਿਹਾ ਜਾਂਦਾ ਹੈ। ਨਵੇਂ ਦੌਰ, ਨਵੇਂ ਮਸਲਿਆਂ ਦੀ ਪ੍ਰਤੀਨਿਧਤਾ ਕਰਦੀ ਸਮਕਾਲੀ ਪੰਜਾਬੀ ਕਵਿਤਾ ਨੇ ਪੁਰਾਤਨ ਲੀਹਾਂ ਤੋਂ ਹੱਟਦੇ ਹੋਏ ਨਵੇਂ ਸਰੋਕਾਰਾਂ ਨੂੰ ਅਪਣਾਇਆ ਹੈ। ਸਰੋਕਾਰਾਂ ਦੇ ਬਦਲਾਵ, ਤਕਨੀਕੀ ਵਿਕਾਸ, ਵਿਸ਼ਵਵਿਆਪੀ ਪਹੁੰਚ ਅਤੇ ਹੋਰ ਅਨੇਕਾਂ ਕਾਰਨਾਂ ਦੇ ਸਦਕੇ ਸਾਹਿਤਕਾਰਾਂ ਦੁਆਰਾਂ ਸੰਚਾਰ ਦੀਆਂ ਨਵੀਆਂ ਜੁਗਤਾਂ ਦਾ ਪ੍ਰਯੋਗ ਕੀਤਾ ਜਾਣਾ ਲਾਜ਼ਮੀ ਹੈ।

ਸੰਚਾਰ ਦਾ ਮਾਧਿਅਮ ਭਾਸ਼ਾ ਹੁੰਦੀ ਹੈ ਅਤੇ ਭਾਸ਼ਾ ਦਾ ਵਿਵਹਾਰਿਕ ਅਤੇ ਆਮ ਭਾਸ਼ਾ ਤੋਂ ਵਿਸ਼ੇਸ਼ ਹੋਣਾ ਹੀ ਭਾਸ਼ਾ ਨੂੰ ਸਾਹਿਤਕ-ਭਾਸ਼ਾ ਦਾ ਦਰਜਾ ਪ੍ਰਦਾਨ ਕਰਦੀ ਹੈ। ਕਲਾਤਮਿਕ ਸੁਹਜ ਪ੍ਰਦਾਨ ਕਰਨ ਲਈ ਭਾਸ਼ਾ ਦਾ ਸਾਹਿਤਕ ਹੋਣਾ ਵੀ ਜ਼ਰੂਰੀ ਹੈ। ਸਾਹਿਤਕ ਭਾਸ਼ਾ ਵਿਸ਼ੇਸ਼ ਹੋਣ ਦੇ ਮਕਸਦ ਨਾਲ ਹੀ ਸ਼ਬਦ-ਸੁਹਜ ਸਿਰਜਣਾ ਵਿੱਚ ਸਹਾਈ ਹੁੰਦੀ ਹੈ। ਕਾਵਿ-ਕਲਾ ਅਤੇ ਸੰਚਾਰ ਲਈ ਪ੍ਰਤਿਭਾਮਾਨ ਕਵੀ ਕਿਸੇ ਵੀ ਰਚਨਾ ਨੂੰ ਖਾਸ ਕਰਕੇ ਕਾਵਿ-ਰਚਨਾ ਨੂੰ ਬਹੁਅਰਥੀ ਬਣਾਉਣ ਲਈ ਸੰਚਾਰ ਜੁਗਤਾਂ ਦਾ ਮਹੱਤਵਪੂਰਨ ਤਰੀਕੇ ਨਾਲ ਨਿਭਾਅ ਕਰਦਾ ਹੈ। ਕਾਵਿ ਵਿੱਚ ਅਲੰਕਾਰ, ਬਿੰਬ, ਪ੍ਰਤੀਕ, ਰਸ, ਧੁਨੀ ਦਾ ਸਹੀ ਉਪਯੋਗ ਪਾਠਕ ਵਰਗ ਵਿੱਚ ਸੁਹਜਾਤਮਿਕ ਦਿਲਚਸਪੀ ਅਤੇ ਰੌਚਿਕਤਾ ਜਗਾਉਂਦਾ ਹੈ। ਕਾਵਿ ਕਲਾ ਹੀ ਕਾਵਿ ਸੁਹਜ ਹੈ ਜੋ ਕਵਿਤਾ ਅਤੇ ਪਾਠਕ ਦਰਮਿਆਨ ਸੰਚਾਰ ਸੰਬੰਧ ਸਥਾਪਤ ਕਰਨ ਲਈ ਅਹਿਮ ਹੈ। ਕਿਸੇ ਵੀ ਵਿਧਾ ਦਾ 'ਸੰਚਾਰ ਵਿਧਾਨ' ਪੱਖ ਤੋਂ ਸੰਪੂਰਨ ਰੂਪ ਵਿੱਚ ਅਧਿਐਨ ਕਰਨ ਲਈ 'ਰਚਨਾ' ਦੇ ਕਾਵਿ-ਰੂਪਾਕਾਰ ਦੀ ਸੰਚਾਰ ਪ੍ਰਕਿਰਿਆ ਵਿੱਚ ਭੂਮਿਕਾ, ਭਾਰਤੀ ਦਰਸ਼ਨ ਦੇ ਸੰਦਰਭ ਵਿੱਚ ਸਮਕਾਲੀ ਪੰਜਾਬੀ ਕਾਵਿ ਦੇ 'ਭਾਸ਼ਾਈ ਸੰਚਾਰ' ਦਾ ਅਧਿਐਨ ਅਤੇ ਪੱਛਮੀ ਦਰਸ਼ਨ ਦੇ ਸੰਦਰਭ ਵਿੱਚ ਸਮਕਾਲੀ ਪੰਜਾਬੀ

ਕਵਿਤਾ ਦੇ ਕਾਵਿ-ਤੱਤਾਂ ਦਾ ਅਧਿਐਨ ਕਰਨਾ ਬੇਹੱਦ ਲਾਜ਼ਮੀ ਹੈ, ਤਾਂ ਹੀ ਕਿਸੇ ਵਿਧਾ ਜਾਂ ਰਚਨਾ ਦਾ 'ਸੰਚਾਰ ਵਿਧਾਨ' ਪੱਖ ਸੰਪੂਰਨ ਰੂਪ ਵਿੱਚ ਸਪਸ਼ਟ ਹੋ ਸਕਦਾ ਹੈ।

**(ੳ) ਸਮਕਾਲੀ ਪੰਜਾਬੀ ਕਵਿਤਾ ਦੀ ਸੰਚਾਰ ਪ੍ਰਕਿਰਿਆ ਵਿੱਚ ਕਾਵਿ-ਰੂਪਾਂ ਦੀ ਭੂਮਿਕਾ:**

ਸੰਚਾਰ ਦੇ ਪੱਖ ਤੋਂ 'ਕਾਵਿ-ਰੂਪ' ਕਿਸੇ ਵੀ ਰਚਨਾ ਦਾ ਸਭ ਤੋਂ ਮਹੱਤਵਪੂਰਨ ਅਤੇ ਬਾਹਰੀ ਅੰਗ ਹੈ। ਕੋਈ ਵੀ ਰਚਨਾ 'ਰੂਪ' ਤੋਂ ਬਿਨਾਂ ਆਪਣੇ ਮਨੋਰਥ ਤੱਕ ਨਹੀਂ ਪਹੁੰਚ ਸਕਦੀ ਅਤੇ ਨਾ ਹੀ ਸਾਹਿਤਕਾਰ ਆਪਣੇ ਅਨੁਭਵ ਨੂੰ ਸੰਚਾਰਿਤ ਕਰ ਸਕਦਾ ਹੈ। ਹਰ ਕਵੀ ਜਾਂ ਸਾਹਿਤਕਾਰ ਆਪਣੇ ਅਨੁਭਵ ਨੂੰ ਸਫ਼ਲ ਅਭਿਵਿਅਕਤੀ ਦੇਣ ਲਈ ਕਿਸੇ ਸਾਹਿਤਕ ਰੂਪਾਕਾਰ ਦੀ ਭਾਲ ਕਰਦਾ ਹੈ। ਕਵਿਤਾ ਦਾ ਆਰੰਭ ਮੱਧਕਾਲ ਦੇ ਰੂਪਾਕਾਰ 'ਗੋਸ਼ਟ' ਕਾਵਿ-ਵਿਧਾ ਨਾਲ ਹੋਇਆ, ਜਿਸ ਉਪਰੰਤ ਸ਼ਬਦ, ਸਲੋਕ, ਵਾਰਾਂ, ਬਾਰਾਮਾਂਹ, ਸਤਵਾਰੇ, ਕਾਫ਼ੀਆਂ, ਪਦਾਂ, ਵਾਰਾਂ, ਛੰਦ, ਪਟੀ, ਪਹਿਰੇ, ਗਾਥਾ, ਲਾਵਾਂ, ਅਲਾਹੁਣੀਆਂ ਹੋਂਦ ਵਿੱਚ ਆਏ। ਵਿਸ਼ਵੀਕਰਨ ਦੇ ਵਰਤਾਰੇ ਕਾਰਨ ਕਵਿਤਾ ਦੇ ਆਧੁਨਿਕ ਦੌਰ ਵਿੱਚ ਕਦਮ ਰੱਖਣ ਨਾਲ ਕਵਿਤਾ ਦਾ ਨਵਾਂ ਦੌਰ ਪ੍ਰਚੱਲਿਤ ਹੋਇਆ ਜਿਸ ਵਿੱਚ ਵਾਰ-ਵੰਨਗੀ, ਛੰਦਬੱਧ ਕਵਿਤਾ, ਖੁੱਲ੍ਹੀ-ਕਵਿਤਾ, ਕਿੱਸਾ, ਗੀਤ, ਪ੍ਰਗੀਤ, ਗ਼ਜ਼ਲ, ਨਜ਼ਮ, ਕਾਫ਼ੀ, ਰੁਬਾਈ, ਆਦਿ ਕਾਵਿ ਰੂਪ ਪ੍ਰਚੱਲਨ ਵਿੱਚ ਆਏ। ਸਮਕਾਲੀ ਦੌਰ ਵਿੱਚ ਕਵੀ ਆਪਣੇ ਕਾਵਿ-ਉਚਾਰ ਦੇ ਸਫ਼ਲ ਸੰਚਾਰ ਲਈ ਸਮਕਾਲੀ ਸੰਦਰਭ ਨੂੰ ਮੁੱਖ ਰੱਖਦਾ ਹੈ।

ਕਵਿਤਾ ਦੇ ਆਰੰਭਿਕ ਦੌਰ ਜਾਂ ਆਧੁਨਿਕ ਦੌਰ ਵਿੱਚ ਕਵੀ ਕਾਵਿ-ਰਚਨਾ ਸਮੇਂ ਸਰੋਤੇ ਨੂੰ ਸਨਮੁਖ ਰੱਖਦੇ ਹੋਏ ਆਪਣੇ ਕਾਵਿ ਰੂਪ ਜਾਂ ਕਾਵਿ-ਰਚਨਾ ਦੀ ਚੋਣ ਅਤੇ ਸਿਰਜਣਾ ਕਰਦਾ ਸੀ ਪ੍ਰੰਤੂ ਅਜੋਕੇ ਯੁੱਗ ਵਿੱਚ ਜਿੱਥੇ ਪ੍ਰਿੰਟ ਮੀਡੀਆ ਨੇ ਬੇਹੱਦ ਤਰੱਕੀ ਦੀਆਂ ਸ਼ਿਖਰਾਂ ਨੂੰ ਛੂਹਿਆ, ਜਿਸ ਨਾਲ ਪੁਸਤਕ ਛਪਾਈ ਦਾ ਕੰਮ ਏਨਾ ਆਸਾਨ ਹੋ ਗਿਆ ਹੈ ਕਿ ਆਮ ਤੌਰ ਤੇ ਕਵੀ ਕਾਵਿ-ਰਚਨਾ ਸਮੇਂ ਹੀ ਸਮਝ ਲੈਂਦਾ ਹੈ ਕਿ ਉਸ ਦੀ ਕਵਿਤਾ ਜਾਂ ਰਚਨਾ ਰੂਪ ਭਵਿੱਖ ਵਿੱਚ ਕਾਵਿ-ਪੁਸਤਕ ਦਾ ਹਿੱਸਾ ਬਣੇਗੀ। ਇਹੀ ਕਾਰਨ ਹੈ ਕਿ ਕਾਵਿ-ਰਚਨਾ ਸਮੇਂ ਜਿੱਥੇ ਮੁੱਢਲੇ ਦੌਰ ਵਿੱਚ ਕਾਵਿ-ਰਚਨਾ ਸਮੇਂ ਕਵੀ ਦੇ ਸਨਮੁਖ ਸਰੋਤਾ ਹੁੰਦਾ ਸੀ, ਪ੍ਰੰਤੂ

ਸਮਕਾਲੀ ਯੁੱਗ ਵਿੱਚ ਕਾਵਿ-ਰਚਨਾ ਸਮੇਂ ਕਵੀ ਦੇ ਸਨਮੁਖ ਸਰੋਤੇ ਦੀ ਜਗ੍ਹਾ ਪ੍ਰਿੰਟ-ਮੀਡੀਆ, ਪੁਸਤਕ ਜਾਂ ਪੇਪਰ ਨੇ ਲੈ ਲਈ ਹੈ। ਕਵੀ ਆਪਣਾ ਪ੍ਰਿੰਟ ਜਾਂ ਛਪਾਈ ਦੇ ਮਨੋਰਥ ਨੂੰ ਧਿਆਨ ਵਿੱਚ ਰੱਖਕੇ ਕਾਵਿ-ਰਚਨਾ ਕਰਦਾ ਹੈ। ਜਿਸ ਨਾਲ ਕਾਵਿ-ਰੂਪਾਕਾਰ ਵਿੱਚ ਕਵਿਤਾ ਦੇ ਮੁੱਢਲੇ ਜਾਂ ਆਧੁਨਿਕ ਦੌਰ ਨਾਲੋਂ ਸਮਕਾਲ ਵਿੱਚ ਕਾਫ਼ੀ ਪਰਿਵਰਤਨ ਆਇਆ ਹੈ।

**(ਅ) ਭਾਰਤੀ ਦਰਸ਼ਨ ਦੇ ਸੰਦਰਭ ਵਿੱਚ ਸਮਕਾਲੀ ਪੰਜਾਬੀ ਕਾਵਿ ਦੇ ਭਾਸ਼ਾਈ ਸੰਚਾਰ ਦਾ ਅਧਿਐਨ:**

ਸਮਕਾਲੀ ਪੰਜਾਬੀ ਕਵਿਤਾ ਦੇ ਸੰਚਾਰ ਵਿਧਾਨ ਲਈ ਭਾਰਤੀ ਦਰਸ਼ਨ ਅਨੁਸਾਰ ਕਾਵਿ-ਭਾਸ਼ਾਈ ਸੰਚਾਰ ਅਹਿਮ ਮਹੱਤਵ ਰੱਖਦਾ ਹੈ ਕਿਉਂਕਿ ਸੰਚਾਰ ਦਾ ਮਾਧਿਅਮ ਭਾਸ਼ਾ ਹੁੰਦੀ ਹੈ ਜਿਸ ਦੁਆਰਾ ਮਨੁੱਖ ਆਪਣੇ ਵਿਚਾਰਾਂ ਅਤੇ ਭਾਵਾਂ ਦੀ ਅਭਿਵਿਅਕਤੀ ਅਤੇ ਸੰਚਾਰ ਕਰਦਾ ਹੈ। ਸਾਹਿਤਕਾਰ ਸਮਾਜ ਦਾ ਇੱਕ ਸੰਵੇਦਨਸ਼ੀਲ ਪ੍ਰਾਣੀ ਹੈ। ਸਮਾਜ ਵਿੱਚ ਵਾਪਰ ਰਹੀਆਂ ਵੱਖ-ਵੱਖ ਘਟਨਾਵਾਂ ਸਾਹਿਤਕਾਰ ਦੇ ਸੰਵੇਦਨਸ਼ੀਲ ਮਨ ਨੂੰ ਪ੍ਰਭਾਵਿਤ ਕਰਦੀਆਂ ਹੋਈਆਂ, ਸਾਹਿਤ ਸਿਰਜਣਾ ਲਈ ਪ੍ਰੇਰਿਤ ਕਰਦੀਆਂ ਹਨ। ਸਾਹਿਤਕਾਰ ਆਪਣੇ ਅਨੁਭਵਾਂ ਦਾ ਸੰਚਾਰ ਕਰਨ ਲਈ ਕੋਈ ਅਨੁਕੂਲਿਤ ਸਾਹਿਤਕ ਵਿਧਾ ਚੁਣਦਾ ਹੈ ਅਤੇ ਰਚਨਾ ਕਰਦਾ ਹੈ। ਸਾਹਿਤਕਾਰ ਰਚਨਾ ਵਿੱਚ ਆਪਣੇ ਮਨੋਭਾਵਾਂ ਅਤੇ ਅਨੁਭਵਾਂ ਦਾ ਕੁਸ਼ਲਤਾ ਪੂਰਵਕ ਅਤੇ ਪ੍ਰਭਾਵਸ਼ਾਲੀ ਸੰਚਾਰ ਕਰਨ ਲਈ ਕਈ ਕਿਸਮਾਂ ਦੀਆਂ ਭਾਸ਼ਾਈ ਸੰਚਾਰ ਤਕਨੀਕਾਂ, ਮਾਧਿਅਮ ਆਦਿ ਦੀ ਵਰਤੋਂ ਕਰਦਾ ਹੈ ਜੋ ਸੰਚਾਰ ਜੁਗਤਾਂ ਅਖਵਾਉਂਦੀਆਂ ਹਨ ਜਿਵੇਂ-ਅਲੰਕਾਰ, ਬਿੰਬ-ਵਿਧਾਨ, ਧੁਨੀ, ਪ੍ਰਤੀਕ, ਸ਼ੈਲੀ, ਆਦਿ। ਭਾਸ਼ਾ ਦਾ ਵਿਵਹਾਰਿਕ ਅਤੇ ਆਮ ਭਾਸ਼ਾ ਤੋਂ ਵਿਸ਼ੇਸ਼ ਹੋਣਾ ਹੀ ਭਾਸ਼ਾ ਨੂੰ ਸਾਹਿਤਕ-ਭਾਸ਼ਾ ਦਾ ਦਰਜਾ ਪ੍ਰਦਾਨ ਕਰਦੀ ਹੈ। ਮੇਜਰ ਸਿੰਘ ਦਿਲਸ਼ਾਦ ਅਨੁਸਾਰ:

> *ਕਾਵਿ-ਭਾਸ਼ਾ ਆਮ ਭਾਸ਼ਾ ਤੋਂ ਹੱਟ ਕੇ ਹੁੰਦੀ ਹੈ। ਇਹ ਉੱਚਤਮ, ਕਲਾਤਮਿਕ ਅਥਵਾ ਸਿਰਜਣਾ ਦੀ ਭਾਸ਼ਾ ਹੁੰਦੀ ਹੈ ਇਸੇ ਕਰਕੇ ਇਸ ਵਿੱਚ ਸੁਹਜ ਦ੍ਰਿਸ਼ਟੀ ਵਿਸ਼ੇਸ਼ ਤੌਰ 'ਤੇ ਉਭਰ ਕੇ ਸਾਹਮਣੇ ਆਉਂਦੀ ਹੈ।* (*ਜਸਵੰਤ ਦੀਦ ਦਾ ਕਾਵਿ ਸੰਸਾਰ* 127)

ਕਾਵਿ ਜਾਂ ਸਾਹਿਤ ਵਿੱਚ ਮਨੋ- ਭਾਵਾਂ, ਵਿਚਾਰਾਂ ਆਦਿ ਦੇ ਕਲਾਤਮਿਕ ਪ੍ਰਗਟਾਵੇ ਲਈ ਸਫ਼ਲ ਸਾਧਨ ਭਾਸ਼ਾ ਦਾ ਹੀ ਪ੍ਰਯੋਗ ਕੀਤਾ ਜਾਂਦਾ ਹੈ। ਭਾਸ਼ਾ ਤੋਂ ਬਿਨਾਂ ਸਾਹਿਤ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਸ ਦੇ ਬਿਨਾਂ ਕਵੀ ਦੇ ਮਨੋ-ਭਾਵਾਂ ਦਾ ਸੰਚਾਰ ਪਾਠਕ ਤੱਕ ਹੋਣਾ ਅਸੰਭਵ ਹੈ। ਸੰਚਾਰ ਦਾ ਮੁੱਖ ਮਾਧਿਅਮ ਹੋਣ ਦੇ ਨਾਤੇ ਕਵਿਤਾ ਦੀਆਂ ਸੰਚਾਰ ਜੁਗਤਾਂ ਜਾਂ ਸੰਚਾਰ ਵਿਧਾਨ ਦੇ ਪੱਖੋ ਕਾਵਿ-ਭਾਸ਼ਾ ਅਹਿਮ ਭੂਮਿਕਾ ਨਿਭਾਉਂਦੀ ਹੈ। ਵਰਤਮਾਨ ਦੌਰ ਵਿੱਚ ਕਾਵਿ-ਭਾਸ਼ਾ ਦੇ ਸੰਬੰਧ ਵਿੱਚ ਇੱਕ ਧਾਰਨਾ ਪ੍ਰਚੱਲਿਤ ਹੈ ਕਿ ਨਵੀਂ ਪੰਜਾਬੀ ਕਵਿਤਾ ਬੋਝਲ, ਅਢੁਕਵੇਂ ਅਤੇ ਅਕਾਵੇਂ ਸ਼ਬਦਾਂ ਦਾ ਪ੍ਰਯੋਗ ਕਰਨ ਕਾਰਨ ਪਾਠਕ ਨਾਲ ਇਕਸੁਰਤਾ ਸਥਾਪਿਤ ਕਰਨ ਦੇ ਅਸਮਰੱਥ ਹੈ। ਡਾ. ਜਸਵੰਤ ਬੇਗੋਵਾਲ ਇਸੇ ਕਾਥਨ ਦੇ ਸੰਦਰਭ ਵਿੱਚ ਆਖਦੇ ਹਨ:

> *ਅੱਜ ਦੀ ਨਵੀਂ ਕਵਿਤਾ 'ਤੇ ਇੱਕ ਦੋਸ਼ ਇਹ ਵੀ ਲਗਦਾ ਹੈ ਕਿ ਇਹ ਅਰਥ ਸੰਚਾਰਿਤ ਕਰਨ ਦੇ ਅਸਮਰੱਥ ਹੈ। ਕਵੀ ਬੋਝਲ, ਅਢੁਕਵੇਂ ਅਤੇ ਅਕਾਵਿਕ ਸ਼ਬਦਾਂ ਦਾ ਪ੍ਰਯੋਗ ਕਰਕੇ ਅਰਥ ਸੰਚਾਰਨ ਦੀ ਸਮੱਸਿਆ ਖ਼ੁਦ ਪੈਦਾ ਕਰ ਰਿਹਾ ਹੈ।* (*ਪੰਜਾਬੀ ਪਿੰਗਲ* 26)

ਇਸ ਦਾ ਇੱਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਬਹੁਤੇ ਪਾਠਕ ਜਾਂ ਕਵੀ ਕਾਵਿ-ਭਾਸ਼ਾ ਜਾਂ ਆਮ-ਭਾਸ਼ਾ ਵਿੱਚ ਫ਼ਰਕ ਨੂੰ ਨਾ ਸਮਝਦੇ ਹੋਣ। ਆਮ-ਭਾਸ਼ਾ ਮਨੁੱਖ ਦੀ ਬੁੱਧੀ, ਤਰਕ ਅਤੇ ਅਨੁਭਵਾਂ ਨਾਲ ਵਧੇਰੇ ਜੁੜੀ ਹੁੰਦੀ ਹੈ। ਕਾਵਿ ਭਾਸ਼ਾ ਵਿੱਚ ਇਹਨਾਂ ਤੋਂ ਇਲਾਵਾ ਕਲਪਨਾ, ਜ਼ਜ਼ਬਾਤ ਅਤੇ ਭਾਵੁਕਤਾ ਭਰਪੂਰ ਮਾਤਰਾ ਵਿੱਚ ਸਥਾਈਮਾਨ ਹੁੰਦੀ ਹੈ। ਕਵੀ ਆਪਣੀ ਕਾਵਿ ਅਭਿਵਿਅਕਤੀ ਲਈ ਕਈ ਤਰ੍ਹਾਂ ਦੀਆਂ ਕਲਾਤਮਿਕ ਅਤੇ ਸਾਹਿਤਕ ਜੁਗਤਾਂ ਦੀ ਵਰਤੋਂ ਕਰਦਾ ਹੈ, ਜਿਨ੍ਹਾਂ ਦੀ ਸ਼ਮੂਲੀਅਤ ਨਾਲ ਭਾਸ਼ਾ ਆਪਣੇ ਮਿਆਰੀ ਪੱਧਰ ਤੋਂ ਉੱਠ ਕੇ ਕਾਵਿ-ਭਾਸ਼ਾ ਵਿੱਚ ਢਲਦੀ ਹੈ। ਜਿਸ ਨਾਲ ਇੱਕ ਉਤਕ੍ਰਿਸ਼ਟ ਸਾਹਿਤ ਰਚਨਾ ਦੀ ਸਿਰਜਣਾ ਹੁੰਦੀ ਹੈ ਅਤੇ ਸਰੋਤੇ ਜਾਂ ਪਾਠਕ ਨੂੰ ਇੱਕ ਅਦਭੁਤ ਆਨੰਦ ਅਤੇ ਸੌਂਦਰਿਆ ਦੀ ਅਨੁਭੂਤੀ ਹੁੰਦੀ ਹੈ। ਅਲੰਕਾਰ, ਬਿੰਬ, ਪ੍ਰਤੀਕ, ਰਸ ਅਤੇ ਧੁਨੀ ਭਾਸ਼ਾ ਦੀਆਂ ਸਾਹਿਤਕ ਜੁਗਤਾਂ ਦੀ ਵਰਤੋਂ ਕਵੀ

ਆਪਣੀ ਸਮਰੱਥਾ, ਆਪਣੇ ਅਨੁਭਵ ਅਤੇ ਆਪਣੇ ਕਾਵਿ-ਮਨੋਰਥ ਅਨੁਸਾਰ ਕਰਦਾ ਹੋਇਆ, ਆਪਣੇ ਅਨੁਭਵ ਨੂੰ ਕਾਵਿ-ਰਚਨਾ ਦੁਆਰਾ ਇੱਕ ਸ਼ਕਤੀਸ਼ਾਲੀ ਅਤੇ ਕਾਰਗਰ ਸੰਚਾਰ ਸਮਰੱਥਾ ਪ੍ਰਦਾਨ ਕਰਦਾ ਹੈ।

'ਅਲੰਕਾਰ' ਭਾਰਤੀ ਕਾਵਿ ਸ਼ਾਸ਼ਤਰ ਦਾ ਸਿਧਾਂਤ ਹੈ ਜਿਸ ਦਾ ਪ੍ਰਯੋਗ ਕਾਵਿ ਦੀ ਬਾਹਰੀ ਭਾਵ ਰੂਪਗਤ ਸੁੰਦਰਤਾ ਲਈ ਕੀਤਾ ਜਾਂਦਾ ਹੈ। 'ਅਲੰਕਾਰ' ਸ਼ਬਦ ਦਾ ਅਰਥ 'ਗਹਿਣਾ' ਜਾਂ 'ਆਭੂਸ਼ਣ' ਹੈ। ਜਿਸ ਤਰ੍ਹਾਂ ਗਹਿਣੇ ਸੁੰਦਰਤਾ ਨੂੰ ਚਾਰ-ਚੰਨ ਲਾ ਦਿੰਦੇ ਹਨ, ਉਸੇ ਤਰ੍ਹਾਂ ਅਲੰਕਾਰ ਕਵਿਤਾ ਦੇ ਗਹਿਣੇ ਹਨ ਜੋ ਕਵਿਤਾ ਨੂੰ ਸ਼ਿੰਗਾਰਨ ਦੇ ਕੰਮ ਆਉਂਦੇ ਹਨ। ਅਲੰਕਾਰ ਦੀ ਵਰਤੋਂ ਜਿੱਥੇ ਕਾਵਿ ਦੀ ਸੁੰਦਰਤਾ ਨੂੰ ਹੋਰ ਚਾਰ ਚੰਨ ਲਾ ਦਿੰਦੀ ਹੈ ਉੱਥੇ ਇਸ ਦੀ ਲੋੜ ਤੋਂ ਵਧੇਰੇ ਵਰਤੋਂ ਕਾਵਿ ਨੂੰ ਬੋਝਲ ਵੀ ਬਣਾ ਦਿੰਦੀ ਹੈ। ਮੁੱਖ ਰੂਪ ਵਿੱਚ ਅਲੰਕਾਰ ਦੋ ਕਿਸਮਾਂ ਦੇ ਹੁੰਦੇ ਹਨ 'ਸ਼ਬਦ ਅਲੰਕਾਰ' ਅਤੇ 'ਅਰਥ ਅਲੰਕਾਰ' ਜਿਨ੍ਹਾਂ ਦੀਆਂ ਅੱਗੇ ਕਈ ਸ਼ਾਖਾਵਾਂ ਹਨ। ਡਾ. ਜਸਵੰਤ ਬੇਗੋਵਾਲ ਅਨੁਸਾਰ "*ਅਲੰਕਾਰ, ਸ਼ਬਦ ਅਤੇ ਅਰਥ ਦੇ ਵਰਣਨ ਕਰਨ ਦੀ ਉਹ ਰੀਤੀ ਹੈ ਜੋ ਕਾਵਯ ਦੀ ਸ਼ੋਭਾ ਵਧਾਉਂਦੀ ਹੈ*" (94)

'ਬਿੰਬ' ਪੱਛਮੀ ਸਾਹਿਤ ਤੋਂ ਪ੍ਰਭਾਵਿਤ ਹੋ ਕੇ ਪੰਜਾਬੀ ਕਾਵਿ-ਸਿਰਜਣਾ ਵਿੱਚ ਸ਼ਾਮਿਲ ਹੋਇਆ ਹੈ। ਭਾਰਤੀ ਕਾਵਿ ਵਿੱਚ ਬਿੰਬ ਦੀ ਥਾਂ ਅਲੰਕਾਰ ਹੀ ਵਧੇਰੇ ਪ੍ਰਚੱਲਿਤ ਸੀ। ਅੰਗਰੇਜ਼ੀ ਭਾਸ਼ਾ ਵਿੱਚ 'ਬਿੰਬ' ਸ਼ਬਦ ਦਾ ਸਮਾਨਾਰਥੀ ਸ਼ਬਦ 'ਇਮੇਜ' ਹੈ। 'Image: ਚਿੱਤਰ, ਮੂਰਤੀ, ਬਿੰਬ. ਪ੍ਰਤੀਬਿੰਬ, ਰੂਪਕ, ਮੂਰਤੀਮਾਨ ਕਰਨਾ, ਸੂਰਤ' ਆਦਿ ਪੰਜਾਬੀ ਭਾਸ਼ਾ ਦੇ ਸਮਾਨਅਰਥੀ ਸ਼ਬਦ ਹਨ। ਅੰਗਰੇਜ਼ੀ ਭਾਸ਼ਾ ਵਿੱਚ ਬਿੰਬ ਦਾ ਭਾਵ ਹੈ: "*A mental picture of something*" (121) ਇਸੇ ਤਰ੍ਹਾਂ ਪ੍ਰਤੀਕ ਇੱਕ ਅਜਿਹਾ ਭਾਸ਼ਾਈ ਸੰਚਾਰ ਮਾਧਿਅਮ ਹੈ, ਜਿਸ ਰਾਹੀਂ ਅਜੋਕੇ ਕਵੀ ਨੂੰ ਇਹ ਸੁਵਿਧਾ ਪ੍ਰਾਪਤ ਹੁੰਦੀ ਹੈ ਕਿ ਉਹ ਆਪਣੇ ਮਨੋਭਾਵਾਂ ਨੂੰ ਸਿੱਧੇ ਜਾਂ ਸਪਸ਼ਟ ਰੂਪ ਵਿੱਚ ਅਭਿਵਿਅਕਤ ਕਰਨ ਦੇ ਬਜਾਏ ਚਿੰਨ੍ਹਾਂ ਜਾਂ ਪ੍ਰਤੀਕਾਂ ਦੇ ਸਹਾਰੇ ਅਭਿਵਿਅਕਤ ਕਰ ਸਕੇ। 'ਪ੍ਰਤੀਕ' ਸ਼ਬਦ ਦਾ ਅੰਗ੍ਰੇਜ਼ੀ ਭਾਸ਼ਾ ਵਿੱਚ ਸਮਾਨਰਥੀ ਸ਼ਬਦ (Symbol) ਹੈ। Symbol ਸ਼ਬਦ ਲਈ ਪੰਜਾਬੀ ਭਾਸ਼ਾ ਵਿੱਚ ਅਨੇਕ ਸਮਾਨਰਥੀ ਸ਼ਬਦ ਪ੍ਰਚੱਲਿਤ ਹਨ ਜਿਵੇਂ ਕਿ: ਸੰਕੇਤ, ਨਿਸ਼ਾਨ, ਪ੍ਰਤੀਕ,

ਚਿੰਨ੍ਹ, ਸਿਧਾਂਤ, ਕਿਸੇ ਵਸਤੂ ਜਾਂ ਵਿਚਾਰ ਦਾ ਪਰੰਪਰਾਗਤ ਚਿੰਨ੍ਹ, ਆਦਰਸ਼, ਮੂਲ-ਮੰਤਰ ਆਦਿ । ਇਸੇ ਪ੍ਰਸੰਗ ਵਿੱਚ ਡਾ. ਜਸਵੰਤ ਸਿੰਘ ਬੇਗੋਵਾਲ ਦਾ ਕਥਨ ਹੈ:

> *ਕਵੀ ਸਿੱਧੀ ਗੱਲ ਕਹਿਣ ਦੀ ਬਜਾਏ ਚਿੰਨ੍ਹਾਂ ਜਾਂ ਪ੍ਰਤੀਕਾਂ ਦੇ ਸਹਾਰੇ ਆਪਣੇ ਅਨੁਭਵ ਪਾਠਕਾਂ ਤੱਕ ਪਹੁੰਚਾਉਂਦਾ ਹੈ।* (94)

ਕਿਸੇ ਵੀ ਰਚਨਾ ਵਿੱਚ ਸ਼ੈਲੀ ਇੱਕ ਅਹਿਮ ਤੱਤ ਹੁੰਦੀ ਹੈ। ਸਧਾਰਨ ਸ਼ਬਦਾਂ ਵਿੱਚ ਸ਼ੈਲੀ ਤੋਂ ਭਾਵ ਲਿਖਣ ਢੰਗ ਜਾਂ ਬੋਲਣ ਢੰਗ ਤੋਂ ਹੈ। ਭਾਰਤੀ ਕਾਵਿ ਸ਼ਾਸ਼ਤਰ ਵਾਮਨ ਨੇ ਰੀਤੀ ਸੰਪ੍ਰਦਾਇ ਦੀ ਨੀਂਹ ਰੱਖੀ। ਜਿਸ ਨੂੰ ਪੰਜਾਬੀ ਭਾਸ਼ਾ ਵਿੱਚ 'ਰੀਤ' ਕਹਿੰਦੇ ਹਨ। ਭਾਰਤੀ ਕਾਵਿ-ਸ਼ਾਸ਼ਤਰੀ ਵਾਮਨ ਅਨੁਸਾਰ "*ਸ਼ੈਲੀ ਦਾ ਸਾਹਿਤਕ ਭਾਵ ਲਿਖਣ ਢੰਗ ਹੈ*।" (ਡਾ.ਰੋਸ਼ਨ ਲਾਲ ਅਹੂਜਾ, *ਸਾਹਿੱਤ ਸ਼ਾਸਤਰ* 218) ਇਸੇ ਪ੍ਰਕਾਰ ਰਸ ਸਾਹਿਤ ਸੰਚਾਰ ਦੀ ਇੱਕ ਅਜਿਹੀ ਅਨਿੱਖੜਵੀਂ ਵਿਧੀ ਜਾਂ ਜੁਗਤ ਹੈ। ਜਿਸ ਦੁਆਰਾ ਸਮਕਾਲੀ ਕਵੀ ਆਪਣੇ ਕਾਵਿ ਸੰਚਾਰ ਨੂੰ ਪ੍ਰਭਾਵਸ਼ਾਲੀ ਬਣਾਉਂਦਾ ਹੈ। ਭਾਰਤੀ ਵਿਦਵਾਨ 'ਭਰਤ ਮੁਨੀ' ਕਾਵਿ ਵਿੱਚ 'ਰਸ' ਦੀ ਉਤਪਤੀ ਲਈ 'ਭਾਵਾਂ' ਨੂੰ ਆਧਾਰ ਮੰਨਦੇ ਹਨ। ਇਸ ਦੇ ਨਾਲ ਹੀ ਸਾਹਿਤਕ ਭਾਸ਼ਾ ਦੀ ਨਿਵੇਕਲੀ ਅਤੇ ਵਿਲੱਖਣ ਨੁਹਾਰ ਨਿਸ਼ਚਿਤ ਕਰਨ ਲਈ ਕਵੀ/ਸਾਹਿਤਕਾਰ ਆਪਣੇ ਕਾਵਿ-ਅਨੁਭਵ ਨਾਲ ਸ਼ਬਦਾਂ ਨੂੰ ਇੱਕ ਅਜਿਹੀ ਕਲਾਤਮਿਕ, ਅਦਭੁਤ ਅਤੇ ਆਨੰਦਮਈ ਸੰਰਚਨਾ ਦੇ ਸਾਂਚੇ ਵਿੱਚ ਢਾਲਦਾ ਹੈ ਜਿਸ ਨਾਲ ਭਾਸ਼ਾ/ਸ਼ਬਦ ਆਪਣੇ ਸਾਧਾਰਨ ਪੱਧਰ ਤੋਂ ਉੱਪਰ ਉੱਠ ਕੇ ਆਮ ਪ੍ਰਚੱਲਿਤ ਅਰਥਾਂ ਤੋਂ ਵਧੇਰੇ ਵਿਸ਼ਾਲ ਅਰਥਾਂ ਦੇ ਧਾਰਨੀ ਬਣਦੇ ਹਨ। ਭਾਰਤੀ ਸਮੀਖਿਆ ਪ੍ਰਣਾਲੀ ਦੇ ਸਿਧਾਂਤ 'ਧੁਨੀ' ਦਾ ਸੰਬੰਧ ਵੀ ਸ਼ਬਦਾਂ ਦੀ ਅਜਿਹੀ ਅਰਥ ਭਰਪੂਰ ਪ੍ਰਧਾਨਤਾ ਨਾਲ ਹੈ। ਅਜੋਕੀ ਸਮਕਾਲੀ ਪੰਜਾਬੀ ਕਵਿਤਾ ਮਨੁੱਖੀ ਮਨ ਦੀ ਗੁੰਝਲਦਾਰ ਚੇਤਨਾ, ਗਹਿਰ ਗੰਭੀਰ ਸਰੋਕਾਰਾਂ, ਮਨੋਰਥਾਂ ਅਤੇ ਪ੍ਰੇਰਨਾਵਾਂ ਆਦਿ ਨੂੰ ਸੰਚਾਰਿਤ ਕਰਦੀ ਹੈ।

**(ੲ) ਪੱਛਮੀ ਦਰਸ਼ਨ ਦੇ ਸੰਦਰਭ ਵਿੱਚ ਸਮਕਾਲੀ ਪੰਜਾਬੀ ਕਵਿਤਾ ਦੇ ਕਾਵਿ-ਤੱਤਾਂ ਦਾ ਅਧਿਐਨ:**

ਸਮਕਾਲੀ ਪੰਜਾਬੀ ਕਵਿਤਾ ਦੇ ਸੰਪੂਰਨ 'ਸੰਚਾਰ ਵਿਧਾਨ' ਦੇ ਅਧਿਐਨ ਲਈ ਕਾਵਿ ਦੀ ਸੰਚਾਰ ਪ੍ਰਕਿਰਿਆ ਵਿੱਚ ਕਾਵਿ-ਰੂਪ ਦੀ ਭੂਮਿਕਾ, ਭਾਰਤੀ ਦਰਸ਼ਨ ਦੇ ਸੰਦਰਭ ਵਿੱਚ ਸਮਕਾਲੀ ਪੰਜਾਬੀ ਕਾਵਿ ਦੇ

ਭਾਸ਼ਾਈ ਸੰਚਾਰ ਦਾ ਅਧਿਐਨ ਅਤੇ ਪੱਛਮੀ ਦਰਸ਼ਨ ਦੇ ਸੰਦਰਭ ਵਿੱਚ ਸਮਕਾਲੀ ਪੰਜਾਬੀ ਕਵਿਤਾ ਦੇ ਕਾਵਿ-ਤੱਤਾਂ ਦਾ ਅਧਿਐਨ ਰਾਹੀਂ ਸਮਕਾਲੀ ਪੰਜਾਬੀ ਕਵਿਤਾ ਦੇ 'ਸੰਚਾਰ ਵਿਧਾਨ' ਦਾ ਸੰਪੂਰਨ ਅਧਿਐਨ ਕੀਤਾ ਜਾ ਸਕਦਾ ਹੈ। ਅਜੋਕੇ ਸੂਚਨਾ ਕ੍ਰਾਂਤੀ ਅਤੇ ਵਿਸ਼ਵੀਕਰਨ ਦੇ ਯੁੱਗ ਵਿੱਚ ਸਮਕਾਲੀ ਪੰਜਾਬੀ ਕਵੀਆਂ ਨੇ ਪਿਛਲੇ ਕੁਝ ਦਹਾਕਿਆਂ ਤੋਂ ਇੱਕ ਨਵੀਨ ਵਿਸ਼ਵ-ਪੱਧਰੀ ਕਾਵਿ ਸੰਚਾਰ ਵਿਧਾਨ ਅਤੇ ਨਵੀਨ ਸਰੋਕਾਰਾਂ ਨੂੰ ਅਖ਼ਤਿਆਰ ਕੀਤਾ ਹੈ। ਸਮਕਾਲੀ ਕਵੀ ਆਪਣੀ ਕਾਵਿ ਅਭਿਵਿਅਕਤੀ ਅਤੇ ਅਨੁਭਵ ਦਾ ਸੰਚਾਰ ਵਿਸ਼ਵ ਪੱਧਰੀ ਪਰਿਪੇਖ ਵਿੱਚ ਕਰ ਰਹੇ ਹਨ। ਅਜਿਹੇ ਵਿੱਚ ਸਮਕਾਲੀ ਕਵੀਆਂ ਨੇ ਪਰੰਪਰਾਗਤ ਆਲੋਚਨਾ ਪ੍ਰਣਾਲੀਆਂ ਨੂੰ ਕਿਨਾਰੇ ਕਰਦੇ ਹੋਏ, ਆਪਣੇ ਕਾਵਿ-ਸੰਚਾਰ ਨੂੰ ਨਵੀਨ ਅਤੇ ਵਿਸ਼ਵ-ਪੱਧਰੀ ਪਰਪੇਖ ਵਿੱਚ ਸਥਾਪਿਤ ਕੀਤਾ ਹੈ। ਇਸ ਲਈ ਸਮਕਾਲੀ ਪੰਜਾਬੀ ਕਵਿਤਾ ਦੇ ਸੰਚਾਰ ਵਿਧਾਨ ਦੇ ਅਧਿਐਨ ਦੀ ਸੰਪੂਰਨਤਾ ਲਈ ਸਮਕਾਲੀ ਪੰਜਾਬੀ ਕਵਿਤਾ ਦੇ ਕਾਵਿ-ਰੂਪ, ਭਾਰਤੀ ਦਰਸ਼ਨ ਅਨੁਸਾਰ ਕਾਵਿ ਭਾਸ਼ਾਈ ਸੰਚਾਰ ਦੇ ਨਾਲ-ਨਾਲ 'ਪੱਛਮੀ ਸਾਹਿਤ ਆਲੋਚਨਾ ਪ੍ਰਣਾਲੀਆਂ' ਦੇ ਆਧਾਰ 'ਤੇ ਕੀਤਾ ਗਿਆ ਵਿਸ਼ਲੇਸ਼ਣ ਕਵਿਤਾ ਦੇ ਸੰਚਾਰ ਵਿਧਾਨ ਦੇ ਮਨੋਰਥ ਨੂੰ ਸਫ਼ਲ ਅਤੇ ਸੰਪੂਰਨਤਾ ਕਰਨ ਵਿੱਚ ਸਹਾਇਕ ਸਿੱਧ ਹੁੰਦਾ ਹੈ। ਇਸ ਪ੍ਰਕਾਰ ਖੋਜ ਪ੍ਰਬੰਧ ਦੇ ਪਹਿਲੇ ਅਧਿਆਏ 'ਸਿਧਾਂਤਕ ਪਰਿਪੇਖ' ਦੇ ਵਿਸ਼ੇਸ਼ ਸੰਦਰਭ ਵਿੱਚ ਕੀਤੇ ਹੋਏ ਅਧਿਐਨ ਦੀ ਰੋਸ਼ਨੀ ਵਿੱਚ ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਵਰਤਮਾਨ ਦੌਰ ਦੀ ਕਵਿਤਾ ਦੇ 'ਸਰੋਕਾਰ ਅਤੇ ਸੰਚਾਰ ਵਿਧਾਨ' ਪੱਖੋਂ ਨਿਵੇਕਲੇ ਅਤੇ ਸੁਤੰਤਰ ਪ੍ਰਤੀਮਾਨਾਂ ਨੂੰ ਸਥਾਪਿਤ ਕਰਦੇ ਹੋਏ 'ਵਿਸ਼ੇ' ਅਤੇ 'ਰੂਪ' ਪੱਖੋਂ ਵਿਸ਼ਵ ਪੱਧਰੀ ਹੋਂਦ ਨੂੰ ਅਖ਼ਤਿਆਰ ਕੀਤਾ ਹੈ। ਸਮਕਾਲੀ ਪੰਜਾਬੀ ਕਵੀ ਪ੍ਰਚੱਲਿਤ ਲਿਖਣ-ਵਿਧੀਆਂ ਨੂੰ ਤਿਲਾਂਜਲੀ (ਛੱਡਦੇ ਹੋਏ) ਦੇ ਕੇ, ਆਪਣੀ ਰਚਨਾ ਦੇ ਸਾਰ ਅਤੇ ਸਰੂਪ ਨੂੰ ਗਲੋਬਲੀ ਪਰਿਪੇਖ ਵਿੱਚ ਰੱਖਦੇ ਹੋਏ ਆਪਣੇ ਸਮਕਾਲ ਯਥਾਰਥ ਦੇ ਅਨੁਕੂਲ ਵਿਲੱਖਣ ਕਾਵਿਕ-ਉਚਾਰ ਅਤੇ ਸੰਚਾਰ ਪ੍ਰਦਾਨ ਕਰਦੇ ਹੋਏ, ਨਵੇਂ-ਨਵੇਂ ਪ੍ਰਯੋਗਾਂ ਦੁਆਰਾ ਨਵੀਨ ਕਾਵਿ-ਪ੍ਰਤਿਮਾਨ ਸਥਾਪਿਤ ਕਰਨ ਦਾ ਯਤਨ ਕਰਦੇ ਹਨ। ਅਜਿਹੇ ਦੌਰ ਵਿੱਚ ਸਮਕਾਲੀ ਪੰਜਾਬੀ ਕਵਿਤਾ ਕਿਸੇ ਵੀ ਇੱਕ ਪ੍ਰਵਿਰਤੀ/ਵਾਦ ਜਾਂ ਵਿਚਾਰਧਾਰਾ ਦੀ ਚੜ੍ਹਤ, ਅਧੀਨਗੀ ਜਾਂ ਦਿਸ਼ਾ ਨਿਰਦੇਸ਼ਾਂ ਤੋਂ ਪੂਰਨ ਰੂਪ ਵਿੱਚ ਸੁਤੰਤਰ ਹੈ। ਅਜਿਹੀ

ਨਵੀਨ ਦਿਸਹੱਦਿਆਂ ਨੂੰ ਛੋਹ ਰਹੀ ਸੁਤੰਤਰ ਅਤੇ ਨਵੀਨ ਸੰਭਾਵਨਾਵਾਂ ਅਤੇ ਪ੍ਰਤੀਮਾਨ ਸਿਰਜ ਰਹੀ ਸਮਕਾਲੀ ਪੰਜਬੀ ਕਵਿਤਾ ਦੀ ਸੰਪੂਰਨ ਵਿਆਖਿਆ, ਵਿਸ਼ਲੇਸ਼ਣ ਅਤੇ ਅਧਿਐਨ ਲਈ 'ਸੰਚਾਰ ਵਿਧਾਨ' ਦੀ ਦ੍ਰਿਸ਼ਟੀ ਤੋਂ ਸਮਕਾਲੀ ਪੰਜਾਬੀ ਕਵਿਤਾ ਦੀ ਸਮੀਖਿਆ ਦੇ ਵਿਗਿਆਨ ਅਤੇ ਤਰਕਯੁਕਤ ਆਧਾਰ ਵੱਜੋਂ ਵੀ ਢੁਕਵਾਂ ਸਾਬਿਤ ਹੋ ਸਕਦਾ ਹੈ ਸੋ ਉਪਰੋਕਤ ਵਿਚਾਰ ਚਰਚਾ ਤੋਂ ਸਪਸ਼ਟ ਹੁੰਦਾ ਹੈ ਕਿ ਸਮਕਾਲੀ ਪੰਜਾਬੀ ਕਵਿਤਾ ਅਨੇਕਾਂ ਪੜ੍ਹਾਵਾਂ ਵਿੱਚ ਵਿਕਾਸ ਕਰਦੀ ਹੋਈ ਇੱਕ ਨਿਵੇਕਲੇ, ਵਿਲੱਖਣ ਤੇ ਸੁਤੰਤਰ ਰੂਪ ਨੂੰ ਧਾਰਨ ਕਰਦੀ ਹੈ।

******

# ਅਧਿਆਇ ਦੂਜਾ

## ਸਮਕਾਲੀ ਪੰਜਾਬੀ ਕਵਿਤਾ ਦੇ ਸਮਾਜਿਕ ਅਤੇ ਸੱਭਿਆਚਾਰਕ ਸਰੋਕਾਰ

2.1 ਸਮਾਜਿਕ ਸਰੋਕਾਰ

2.2 ਸੱਭਿਆਚਾਰਕ ਸਰੋਕਾਰ

## ਅਧਿਆਇ ਦੂਜਾ

## ਸਮਕਾਲੀ ਪੰਜਾਬੀ ਕਵਿਤਾ ਦੇ ਸਮਾਜਿਕ ਅਤੇ ਸੱਭਿਆਚਾਰਕ ਸਰੋਕਾਰ

20ਵੀਂ ਸਦੀ ਦੇ ਅੰਤਲੇ ਦਹਾਕੇ ਦੌਰਾਨ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਉੱਤੇ ਵੱਡੇ ਫੇਰ-ਬਦਲ ਵਾਪਰ ਰਹੇ ਸਨ। 1947 ਈ. ਦੀ ਵੰਡ, 1965 ਈ. ਵਿੱਚ ਪੰਜਾਬ ਦੀ ਭਾਸ਼ਾ ਆਧਾਰਿਤ ਹਰਿਆਣਾ ਅਤੇ ਹਿਮਾਚਲ ਰਾਜਾਂ ਲਈ ਦੂਜੀ ਵੰਡ, ਪੰਜਾਬ ਦੇ ਪਾਣੀਆਂ ਦੀ ਵੰਡ, 1867-68 ਪੰਜਾਬ ਵਿੱਚ ਨਕਸਲੀ ਲਹਿਰ ਦਾ ਸਮਾਂ ਅਤੇ 1980-1995 ਤੱਕ ਦਾ ਪੰਜਾਬ ਦੁਖਾਂਤ ਆਦਿ ਅਜਿਹੀਆਂ ਮਹੱਤਵਪੂਰਨ ਘਟਨਾਵਾਂ ਹਨ ਜਿਨ੍ਹਾਂ ਨੇ ਪੰਜਾਬੀ ਚਿੰਤਨ ਅਤੇ ਚੇਤਨਾ ’ਤੇ ਗਹਿਰਾ ਪ੍ਰਭਾਵ ਪਾਇਆ। ਬੇਰੁਜ਼ਗਾਰੀ ਅਤੇ ਆਰਥਿਕ ਮੰਦਹਾਲੀ ਕਾਰਨ ਰੋਜ਼ੀ ਰੋਟੀ ਦੀ ਤਲਾਸ਼ ਲਈ ਪੰਜਾਬੀ ਲੋਕਾਂ ਵਿੱਚ ਪਰਵਾਸ ਦੀ ਰੁਚੀ ਦਾ ਜਨਮ ਹੋਇਆ। ਸਮਕਾਲੀ ਪੰਜਾਬੀ ਕਵਿਤਾ ਨੇ ਉਸ ਸਮੇਂ ਦੀਆਂ ਪ੍ਰਸਥਿਤੀਆਂ ਵਿੱਚੋਂ ਇਤਿਹਾਸਕ-ਰਾਜਨੀਤਕ ਉੱਥਲ-ਪੁੱਥਲ ਵਿੱਚੋਂ ਪ੍ਰਸੰਗਿਕਤਾ ਗ੍ਰਹਿਣ ਕਰਕੇ ਕਲਾਤਮਿਕ ਅਤੇ ਸੁਹਜ-ਸਵਾਦ ਦੀ ਤ੍ਰਿਪਤੀ ਦੇ ਨਾਲ-ਨਾਲ ਮਨੁੱਖੀ ਜੀਵਨ ਦੇ ਸਮਾਜਿਕ-ਸੱਭਿਆਚਾਰਕ ਵਿਕਾਸ ਪੜਾਅ ਨੂੰ ਪ੍ਰਗਟਾਇਆ ਹੈ। 21 ਵੀਂ ਸਦੀਂ ਤੋਂ ਪੰਜਾਬੀ ਕਵਿਤਾ ਦੇ ਅਜਿਹੇ ਦੌਰ ਦਾ ਆਰੰਭ ਹੁੰਦਾ ਹੈ ਜਿਸ ਦੌਰਾਨ ਸਮਕਾਲੀ ਪੰਜਾਬੀ ਕਵਿਤਾ ਅੰਦਰ ਕੋਈ ਨਿਸ਼ਚਤ ਵਾਦ, ਲਹਿਰ ਜਾਂ ਵਿਚਾਰਧਾਰਾ ਨਹੀਂ ਰਹੀ, ਬਲਕਿ ਆਖਿਆ ਜਾ ਸਕਦਾ ਹੈ, ਕਿ ਕਵਿਤਾ ਵਾਦ-ਮੁਕਤ ਹੋ ਗਈ ਅਤੇ ਕਾਵਿ-ਪਾਠ ਕਿਸੇ ਨਿਸ਼ਚਤ ਵਿਚਾਰਧਾਰਾ ਦਾ ਮੁਹਤਾਜ ਨਾ ਰਿਹਾ। ਵਿਸ਼ਵੀਕਰਨ ਅਤੇ ਪੂੰਜੀਕਰਨ ਦੇ ਇਸ ਦੌਰ ਵਿੱਚ ਸਮਕਾਲੀ ਪੰਜਾਬੀ ਕਵਿਤਾ ‘ਵਿਚਾਰਧਾਰਕ ਪੱਖ’ ਤੋਂ ਬਹੁ-ਦਿਸ਼ਾਵੀ ਅਤੇ ਬਹੁ-ਪਰਤੀ ਹੋ ਗਈ। ਸਮਕਾਲੀ ਪੰਜਾਬੀ ਕਵਿਤਾ ਦੇ ਸਰੋਕਾਰਾਂ ਦੇ ਸੰਦਰਭ ਵਿੱਚ ਪਰਮਿੰਦਰ ਸਿੰਘ, ਕਿਰਪਾਲ ਸਿੰਘ ਕਸੇਲ ਅਤੇ ਗੋਬਿੰਦ ਸਿੰਘ ਲਾਂਬਾ ਦਾ ਵਿਚਾਰ ਹੈ:

> *ਵਿਗਿਆਨ ਦੀ ਪ੍ਰਗਤੀ, ਵਿਗਿਆਨ ਦੀਆਂ ਕਾਢਾਂ ਅਤੇ ਉਹਨਾਂ ਦੇ ਸਨਮੁੱਖ ਮਨੁੱਖੀ ਸੋਚ, ਕਰਮ ਜਾਂ ਵਿਹਾਰ ਵਿੱਚ ਆਇਆ ਪਰਿਵਰਤਨ, ਮਾਨਸਿਕ ਤਨਾਓ, ਪਰਿਵਾਰਕ ਜੀਵਨ ਵਿੱਚ ਆਈਆਂ ਤ੍ਰੇੜਾਂ, ਭਾਈਚਾਰਕ-ਸਮਾਜਿਕ ਤੇ ਨੈਤਿਕ ਕਦਰਾਂ ਕੀਮਤਾਂ ਦਾ ਤਿਆਗ, ਆਰਥਿਕ ਮਜ਼ਬੂਰੀਆਂ,*

*ਆਲੇ ਦੁਆਲੇ ਤੋਂ ਨਿਰਾਸ਼ਾ, ਇੱਕਲਾਪੇ ਦਾ ਅਹਿਸਾਸ ਆਦਿ ਮਹਾਂਨਗਰੀ ਸੱਭਿਅਤਾ ਦੇ ਕੁਝ ਤੱਥ ਸਮਕਾਲੀ ਕਵਿਤਾ ਦਾ ਧੁਰਾ ਹੈ।* (*ਪੰਜਾਬੀ ਸਾਹਿਤ ਦੀ ਉਤਪੱਤੀ ਤੇ ਵਿਕਾਸ* 492)

ਜਿਸ ਸਦਕਾ ਵਰਤਾਰੇ ਤੇਜ਼ੀ ਨਾਲ ਬਦਲਣ ਲੱਗੇ ਤੇ ਇੱਥੇ ਕਵਿਤਾ ਦੇ ਕਈ ਨਵੇਂ ਰੂਪਾਂ, ਸਰੋਕਾਰਾਂ ਅਤੇ ਵਲਵਲਿਆਂ ਨੇ ਜਨਮ ਲਿਆ ਕਿਉਂਕਿ ਕਵੀ ਆਪਣੇ ਸਮਕਾਲ ਤੋਂ ਹੀ ਸੰਵੇਦਨਾ ਗ੍ਰਹਿਣ ਕਰਦਾ ਹੈ ਅਤੇ ਕਵੀ ਸਮਕਾਲ ਦੀ ਜ਼ਮੀਨ ’ਤੇ ਖੜੋ ਕੇ ਹੀ ਅਤੀਤ ਨੂੰ ਨਿਹਾਰਦਾ ਹੋਇਆ ਭਵਿੱਖ ਨੂੰ ਚਿੱਤਰਦਾ ਹੈ। ਸਮਕਾਲੀ ਪੰਜਾਬੀ ਕਵਿਤਾ ਦੇ ਪ੍ਰਮੁੱਖ ਕਵੀ ਸੁਰਜੀਤ ਪਾਤਰ, ਜਸਵੰਤ ਜ਼ਫਰ, ਸੁਖਵਿੰਦਰ ਅੰਮ੍ਰਿਤ, ਗੁਰਪ੍ਰੀਤ ਮਾਨਸਾ ਅਤੇ ਗੁਰਤੇਜ਼ ਕੁਹਾਰਾਵਾਲਾ ਪ੍ਰਤੀਨਿਧ ਕਵੀਆਂ ਨੇ ਸਮਕਾਲ ਦੀ ਕਵਿਤਾ ਨੂੰ ਬਾਖ਼ੂਬੀ ਬਿਆਨ ਕੀਤਾ ਹੈ।

ਸਮਕਾਲੀ ਪੰਜਾਬੀ ਕਵਿਤਾ ਬਾਰੇ ਸਾਹਿਤ ਅਤੇ ਚਿੰਤਨ ਦੇ ਖੇਤਰ ਵਿੱਚ ਲਗਾਤਾਰ ਬਹਿਸ ਚੱਲ ਰਹੀ ਹੈ ਅਤੇ ਸਰੋਕਾਰਾਂ ਬਾਰੇ ਅਧਿਐਨ ਹੋ ਰਿਹਾ ਹੈ। ਜਿਸ ਸਦਕਾ ਸਮਕਾਲੀ ਪੰਜਾਬੀ ਕਵਿਤਾ ਦੇ ਸਰੋਕਾਰਾਂ ਬਾਰੇ ਚਿੰਤਕਾਂ ਦੀਆਂ ਅਲੱਗ-ਅਲੱਗ ਧਾਰਨਾਵਾਂ ਵੀ ਸਥਾਪਤ ਹੋਈਆਂ ਹਨ। ਸਮਕਾਲੀ ਦੌਰ ਵਿੱਚ ਸਭ ਤੋਂ ਵੱਡਾ ਪ੍ਰਸ਼ਨ ਚਿੰਨ੍ਹ ਸਮਕਾਲੀ ਪੰਜਾਬੀ ਕਵਿਤਾ ਦੇ ਸਰੋਕਾਰਾਂ ’ਤੇ ਹੈ। ਇਸੇ ਸੰਦਰਭ ਵਿੱਚ ਨੀਤੂ ਅਰੋੜਾ ਦਾ ਕਥਨ ਹੈ ਕਿ “*ਸਮਕਾਲ ਦੀ ਫ਼ਿਜਾ ਵਿੱਚ ਲਟਕਦਾ ਸਭ ਤੋਂ ਅਹਿਮ ਸੁਆਲ ਇਹ ਹੈ ਕਿ ਇਸ ਵਿੱਚ ਕੀ ਵਾਪਰ ਰਿਹਾ ਹੈ।*” (*ਸਮਕਾਲੀ ਪੰਜਾਬੀ ਕਵਿਤਾ: ਪ੍ਰਤੀਰੋਧੀ ਪ੍ਰਵਚਨ* 11) ਵਾਸਤਵ ਵਿੱਚ ਅਜੋਕਾ ਯੁੱਗ ਵਸਤੂਆਂ, ਪਦਾਰਥਵਾਦੀ ਸੋਚ, ਪੂੰਜੀ ਪ੍ਰਧਾਨਤਾ ਆਦਿ ਦਾ ਯੁੱਗ ਹੈ। ਜਿਸ ਨੂੰ ਵਿਸ਼ਵ ਭਰ ਵਿੱਚ ਤਕਨੀਕ ਅਤੇ ਸੰਚਾਰ ਮਾਧਿਅਮ ਨਾਲ ਜੋੜ ਕੇ, ਇਸ ਦੇ ਪ੍ਰਭਾਵਾਂ ਨੂੰ ਦੂਣ-ਸਵਾਇਆ ਕਰ ਰਹੇ ਹਨ। ਸਮਕਾਲੀ ਚਿੰਤਕ ਅਜੋਕੇ ਦੌਰ ਨੂੰ ਵਿਕਸਤ ਪੂੰਜੀਵਾਦ, ਉੱਤਰ ਪੂੰਜੀਵਾਦ, ਉੱਤਰ-ਆਧੁਨਿਕ ਜਾਂ ਉੱਤਰ-ਉਦਯੋਗਿਕ ਸਮਾਂ ਵੀ ਆਖ ਰਹੇ ਹਨ। ਸਮਕਾਲ ਦੀ ਕਵਿਤਾ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ’ਤੇ ਸਮਾਜਿਕ, ਸੱਭਿਆਚਾਰਕ, ਆਰਥਿਕ, ਰਾਜਸੀ ਵਿਚਾਰਧਾਰਕ ਸੰਰਚਨਾਵਾਂ ਦੇ ਉਥਲ ਪੁਥਲ ਦੇ ਪ੍ਰਭਾਵ ਦੀ ਕਵਿਤਾ ਹੈ ਨਾ ਕਿ ਕਿਸੇ ਇੱਕ ਵਿਚਾਰਧਾਰਾ, ਵਾਦ, ਲਹਿਰ ਜਾਂ ਸੰਗਠਨ ਦੀ ਕਵਿਤਾ। ਸਮਕਾਲੀ

ਪੰਜਾਬੀ ਕਵਿਤਾ ਇੱਕ ਵੱਖਰੇ ਅੰਦਾਜ਼ ਅਤੇ ਵੱਖਰੀ ਸੋਚ ਦੀ ਕਵਿਤਾ ਹੈ ਜੋ ਕਿਸੇ ਇੱਕ ਵਾਦ ਜਾਂ ਵਿਚਾਰਧਾਰਾ ਦੇ ਸਾਂਚੇ ਨੂੰ ਤਿਆਗ ਕੇ ਅਜੋਕੇ ਵਿਅਕਤੀ ਦੇ ਅੰਤਰ-ਮਨ ਨੂੰ ਆਪਣਾ ਕੇਂਦਰ ਬਣਾਉਂਦੀ ਹੈ। ਸਮਕਾਲ ਦੀ ਕਵਿਤਾ ਬਾਰੇ ਚਿੰਤਕਾਂ ਵਿੱਚ ਕਈ ਤਰ੍ਹਾਂ ਦੀਆਂ ਧਾਰਨਾਵਾਂ ਪ੍ਰਚੱਲਿਤ ਹਨ। ਜਿਵੇਂ ਕਿ:

*ਨਵੀਂ ਕਵਿਤਾ ਸਮਾਜਿਕ-ਆਰਥਿਕ ਸਰੋਕਾਰਾਂ ਨੂੰ ਛੱਡ ਕੇ ਵਿਅਕਤੀ ਕੇਂਦਰਿਤ ਹੋ ਗਈ ਹੈ; ਇਹ ਕਵਿਤਾ ਵਿਸ਼ਵੀਕਰਨ ਵਲੋਂ ਸਿਰਜੀ ਜਾ ਰਹੀ ਮੰਡੀ ਸੱਭਿਅਤਾ ਨੂੰ ਸਵੀਕ੍ਰਿਤੀ ਦੇ ਰਹੀ ਹੈ; ਨਵੀਂ ਕਵਿਤਾ ਸਮਾਜ ਦੀਆਂ ਬਾਹਰਲੀਆਂ ਪ੍ਰਸਥੀਤੀਆਂ ਨੂੰ ਨਜ਼ਰ ਅੰਦਾਜ ਕਰਕੇ ਵਿਅਕਤੀ ਦੇ ਆਂਤਰਿਕ ਸੰਸਾਰ ਨੂੰ ਹੀ ਪੇਸ਼ ਕਰ ਰਹੀ ਹੈ।*

(ਯੋਗਰਾਜ, *ਨਵੀਂ ਪੰਜਾਬੀ ਸ਼ਾਇਰੀ ਸਮਕਾਲੀ ਸੰਦਰਭ 7*)

ਸਮਾਜ ਅਤੇ ਵਿਅਕਤੀ ਇੱਕ-ਦੂਜੇ ਦਾ ਅਨਿੱਖੜਵਾਂ ਅੰਗ ਹੋਣ ਦੇ ਨਾਲ-ਨਾਲ ਇੱਕ ਦੂਸਰੇ ਲਈ ਜ਼ਰੂਰੀ ਜਾਂ ਪੂਰਕ ਵੀ ਹਨ। ਸਾਹਿਤਕਾਰ ਸਮਾਜ ਦੀ ਕੁੱਖ ਵਿੱਚੋਂ ਹੀ ਮਨੁੱਖ ਦੀ ਅੰਦਰੂਨੀ ਸਥਿਤੀ ਨੂੰ ਅਨੁਭਵ ਕਰਦਾ ਹੈ ਅਤੇ ਉਸ ਨੂੰ ਕਲਾਤਮਿਕ ਅਭਿਵਿਅਕਤੀ ਪ੍ਰਦਾਨ ਕਰਦਾ ਹੈ। ਪੰਜਾਬ ਦੇ ਇਤਿਹਾਸਕ ਪਿਛੋਕੜ ਦੀ ਅਸਾਵੀਂ ਫੇਰਬਦਲ ਨੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਪ੍ਰਭਾਵਿਤ ਕਰਦੇ ਹੋਏ ਵਿਕੇਂਦਰਿਤ, ਬਹੁ ਦਿਸ਼ਾਵੀ ਅਤੇ ਵਿਸ਼ਵ-ਵਿਆਪੀ ਦ੍ਰਿਸ਼ਟੀਕੋਣ ਪ੍ਰਦਾਨ ਕੀਤਾ। ਅਜਿਹੇ ਵਿੱਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਵੀ ਅੰਤਰਰਾਸ਼ਟਰੀ ਪ੍ਰਭਾਵ ਤੋਂ ਅਯੂਤੇ ਨਾ ਰਹੇ ਅਤੇ ਅੰਤਰਰਾਸ਼ਟਰੀ ਸੱਭਿਆਚਾਰ ਦਾ ਪ੍ਰਭਾਵ ਗ੍ਰਹਿਣ ਕਰਨ ਲੱਗੇ। ਜਿਸ ਨਾਲ ਸਮਕਾਲੀ ਪੰਜਾਬੀ ਸਮਾਜ ਅਤੇ ਸੱਭਿਆਚਾਰ ਨੇ ਵਰਤਮਾਨ ਵਿਸ਼ਵੀ ਸੰਦਰਭ ਵਿੱਚ ਆਪਣੀ ਵਿਲੱਖਣ ਹੋਂਦ ਨੂੰ ਅਖ਼ਤਿਆਰ ਕੀਤਾ ਹੈ ਇਸੇ ਸੰਦਰਭ ਵਿੱਚ ਖੋਜ-ਪ੍ਰਬੰਧ ਦੇ ਇਸ ਦੂਜੇ-ਅਧਿਆਇ ਵਿੱਚ ਸਮਕਾਲੀ ਪੰਜਾਬੀ ਕਵਿਤਾ ਦੇ ਉਹਨਾਂ ਸਮਾਜਿਕ ਅਤੇ ਸੱਭਿਆਚਾਰਕ ਸਰੋਕਾਰਾਂ ਦਾ ਅਧਿਐਨ ਕੀਤਾ ਜਾਵੇਗਾ ਜੋ ਮਨੁੱਖ ਦੀ ਸੋਚ ਅਤੇ ਦ੍ਰਿਸ਼ਟੀਕੋਣ ਨੂੰ ਸਮਕਾਲੀ ਸੰਦਰਭ ਦੇ ਅੰਤਰਗਤ ਰੱਖਦੇ ਹੋਏ ਨਵੀਂ ਚੇਤਨਾ ਨੂੰ ਰੂਪਮਾਨ ਕਰੇਗਾ।

**2.1. ਸਮਕਾਲੀ ਪੰਜਾਬੀ ਕਵਿਤਾ ਦੇ ਸਮਾਜਿਕ ਸਰੋਕਾਰ:**

ਸਮਕਾਲੀ ਵਿਸ਼ਵੀਕਰਨ ਦੌਰ ਵਿੱਚ ਸੰਚਾਰ ਮਾਧਿਅਮ ਅਤੇ ਤਕਨੀਕੀ ਵਿਕਾਸ ਦੇ ਕਾਰਨ ਵਿਸ਼ਵ-ਪਿੰਡ ਦਾ ਸੰਕਲਪ ਪੈਦਾ ਹੋਇਆ ਹੈ। ਜਿਸ ਨਾਲ ਨਾ ਤਾਂ ਪੱਛਮ-ਪੂਰਬ ਤੋਂ ਦੂਰ ਹੈ ਅਤੇ ਨਾ ਹੀ ਪੂਰਬ-ਪੱਛਮ ਤੋਂ ਦੂਰ ਰਿਹਾ ਹੈ। ਸਮਕਾਲ ਵਿੱਚ ਸਮਾਜ ਦਾ ਖੇਤਰ ਸੀਮਤ ਨਹੀਂ ਰਿਹਾ। ਅਜੋਕੇ ਵਿਸ਼ਵੀਕਰਨ ਦੇ ਦੌਰ ਵਿੱਚ ਸਭ ਤੋਂ ਵੱਡਾ ਸਵਾਲ ਇਹ ਹੈ, ਕਿ 'ਸਮਕਾਲੀ ਦੌਰ ਦੀ ਕਵਿਤਾ ਵਿੱਚ ਚੱਲ ਕੀ ਰਿਹਾ ਹੈ'? ਇਸ ਪ੍ਰਸ਼ਨ ਦੇ ਉੱਤਰ ਲਈ ਸਮਕਾਲੀ ਪੰਜਾਬੀ ਕਵਿਤਾ ਦੇ ਗਹਿਨ ਅਧਿਐਨ ਦੀ ਲੋੜ ਹੈ।

ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ, ਜਿਸ ਨੇ ਆਪਣੀ ਬੌਧਿਕ ਸ਼ਕਤੀ ਦੇ ਬਲ 'ਤੇ ਆਪਣੇ ਆਪ ਨੂੰ ਦੂਜੇ ਪ੍ਰਕਿਰਤਕ ਜੀਵਾਂ ਨਾਲੋਂ ਵੱਖਰੀ ਹੋਂਦ ਪ੍ਰਦਾਨ ਕੀਤੀ ਹੈ। ਕੁਦਰਤੀ ਤੌਰ 'ਤੇ ਮਨੁੱਖ ਦੇ ਮਨੁੱਖ ਨਾਲ ਸੰਬੰਧ ਜੀਵ-ਵਿਗਿਆਨ ਦੇ ਆਧਾਰ 'ਤੇ ਸੰਤਾਨ ਉਤਪਤੀ ਤੱਕ ਹੀ ਸੀਮਤ ਸਨ ਪਰ ਕੁਦਰਤੀ ਤਾਕਤਾਂ ਦਾ ਸਾਹਮਣਾ ਕਰਨ ਲਈ ਇੱਕ ਮਨੁੱਖ ਨੂੰ ਦੂਸਰੇ ਮਨੁੱਖ ਦੀ ਲੋੜ ਪਈ ਤਾਂ ਮਨੁੱਖ ਨੇ ਆਪਸ ਵਿੱਚ ਰਲ-ਮਿਲ ਕੇ ਰਹਿਣਾ ਆਰੰਭਿਆ, ਪਰਸਪਰ ਨਿਰਭਰਤਾ ਨੇ ਸਮੂਹਿਕ ਜੀਵਨ ਜਾਂਚ ਦਾ ਆਰੰਭ ਕੀਤਾ ਜਿਸ ਵਿੱਚੋਂ ਰਿਸ਼ਤੇ ਨਾਤਿਆਂ ਦੇ ਤਾਣੇ ਬਾਣੇ ਨੇ ਜਨਮ ਲਿਆ। ਸਮੂਹਿਕ ਜੀਵਨ ਨਾਲ ਮਨੁੱਖ ਦੀ ਭੋਜਨ ਦੀ ਭਾਲ ਅਤੇ ਆਤਮ ਰੱਖਿਆ ਦੀ ਸਮਰੱਥਾ ਵੱਧ ਗਈ। ਜਿਸ ਦੇ ਸਿੱਟੇ ਵਜੋਂ ਮਨੁੱਖ ਸਮੂਹਿਕ ਜੀਵਨ ਬਤੀਤ ਕਰਨ ਲਈ ਮਜ਼ਬੂਰ ਹੋ ਗਿਆ। ਸਮੇਂ ਦੇ ਨਾਲ ਮਨੁੱਖ ਦੀ ਆਪਸੀ ਪਰਸਪਰ ਨਿਰਭਰਤਾ ਵੱਧਦੀ ਗਈ ਅਤੇ ਮਨੁੱਖ ਦੀ ਹੋਂਦ ਪਕੇਰੇ ਤੌਰ 'ਤੇ ਸਮਾਜ ਨਾਲ ਬੱਝ ਗਈ। ਵਿਕਸਿਤ ਸਮਾਜ ਵਿੱਚ ਮਾਨਵੀ ਸੰਬੰਧ ਦਾ ਤਾਣਾ-ਬਾਣਾ ਗੁੰਝਲਦਾਰ ਤੋਂ ਹੋਰ ਗੁੰਝਲਦਾਰ ਹੁੰਦਾ ਗਿਆ ਅਤੇ ਹਰ ਵਿਕਾਸ ਪੜਾਅ 'ਤੇ ਸਮਾਜ ਦੀ ਬਣਤਰ ਲਗਾਤਾਰ ਬਦਲਦੀ ਗਈ।

ਅਜੋਕੇ ਦੌਰ ਵਿੱਚ ਸਮਾਜ ਤੋਂ ਬਿਨਾਂ ਮਨੁੱਖ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਅੱਜ ਮਨੁੱਖ ਦੀਆਂ ਬਹੁਤੀਆਂ ਲੋੜਾਂ ਨੂੰ ਨਾ ਕੇਵਲ 'ਸਮਾਜ' ਪੂਰੀਆਂ ਕਰਦਾ ਹੈ ਸਗੋਂ ਉਸ ਨੂੰ ਸਮਾਜ ਨੇ ਆਪਣੇ ਅਨੁਸਾਰ ਢਾਲਿਆ ਵੀ ਹੈ। ਸਮਾਜ ਇੱਕ ਅਜਿਹੀ ਇਕਾਈ ਹੈ, ਜਿਸ ਵਿੱਚ ਮਨੁੱਖ ਨਿਵਾਸ ਕਰਦਾ ਹੈ।

ਸਮਾਜ ਮਨੁੱਖਾਂ ਦੇ ਸਮੂਹ ਨਾਲ ਬਣਿਆ ਹੈ। ਇਕੱਲਾ ਮਨੁੱਖ ਕਿਸੇ ਸਮਾਜ ਦਾ ਨਿਰਮਾਣ ਨਹੀਂ ਕਰ ਸਕਦਾ। ਸਮਾਜ ਵਿੱਚ ਰਹਿ ਕੇ ਹੀ ਮਨੁੱਖ ਵਿੱਚ ਸਮੂਹ ਦੀ ਭਾਵਨਾ ਪੈਦਾ ਹੁੰਦੀ ਹੈ, ਉਹ ਇੱਕ-ਦੂਜੇ ਨਾਲ ਰਲ ਮਿਲ ਕੇ ਅਤੇ ਇੱਕ ਸੰਯੁਕਤ ਪਰਿਵਾਰਕ ਇਕਾਈ ਦੀ ਤਰ੍ਹਾਂ ਮਿਲ ਕੇ ਰਹਿਣਾ ਸਿੱਖਦੇ ਹਨ। ਇਸ ਸਮੂਹਿਕ ਭਾਵਨਾ ਦੇ ਸੰਗਠਨ ਰਾਹੀਂ ਹੀ ਸਹਿਯੋਗ ਦੀ ਭਾਵਨਾ ਵੀ ਪੈਦਾ ਹੁੰਦੀ ਹੈ ਇਸੇ ਸਮੂਹਿਕ ਭਾਵਨਾ ਰਾਹੀਂ ਮਨੁੱਖ ਸਮਾਜ ਦੇ ਮੈਂਬਰਾਂ ਨੂੰ ਪਰਸਪਰ ਸਹਿਯੋਗ ਲਈ ਪ੍ਰੇਰਿਤ ਕਰਦਾ ਹੈ। ਸੁਰਜੀਤ ਸਿੰਘ ਖੱਟੜਾ ਅਨੁਸਾਰ:

*ਸਮਾਜ ਇੱਕ ਇਕਾਈ ਹੈ, ਇਸ ਵਿੱਚ ਵਿਭਿੰਨ ਜਮਾਤਾਂ ਇੱਕ ਦੂਜੇ ਨਾਲ ਸੰਬੰਧਿਤ ਇੱਕ ਦੂਜੇ 'ਤੇ ਪ੍ਰਭਾਵ ਪਾਉਂਦੀਆਂ ਵਿਰੋਧਾਤਮਕ ਟੱਕਰਾਂ ਵਿੱਚ ਪ੍ਰਗਟ ਹੁੰਦੀਆਂ ਹਨ*

(*ਸਾਹਿਤ ਅਤੇ ਸਮਾਜਿਕ ਚੇਤਨਾ* 106)

ਆਮ ਬੋਲ ਚਾਲ ਦੀ ਭਾਸ਼ਾ ਵਿੱਚ 'ਸਮਾਜ' ਸ਼ਬਦ ਦੀ ਵਰਤੋਂ ਵਿਅਕਤੀਆਂ ਦੇ ਸਮੂਹ ਲਈ ਕੀਤੀ ਜਾਂਦੀ ਹੈ ਪਰ ਜਦੋਂ ਇੱਕ ਖੋਜਾਰਥੀ 'ਸਮਾਜ' ਸ਼ਬਦ ਦੀ ਵਰਤੋਂ ਕਰਦਾ ਹੈ ਤਾਂ ਇਹ ਵਿਸ਼ੇਸ਼ ਤੇ ਖਾਸ ਅਰਥ ਧਾਰ ਲੈਂਦਾ ਹੈ। ਬਹੁਤ ਸਾਰੇ ਵਿਦਵਾਨਾਂ ਨੇ 'ਸਮਾਜ' ਸ਼ਬਦ ਨੂੰ ਵੱਖੋ-ਵੱਖਰੇ ਦ੍ਰਿਸ਼ਟੀਕੋਣਾਂ ਤੋਂ ਪ੍ਰਭਾਸ਼ਿਤ ਕੀਤਾ ਹੈ। ਸਭ ਦੇ ਆਪਣੇ ਵੱਖਰੇ-ਵੱਖਰੇ ਵਿਚਾਰ ਹਨ ਪਰ 'ਸਮਾਜ' ਸ਼ਬਦ ਦੀ ਜੋ ਵਿਆਖਿਆ ਸਮਾਜ-ਵਿਗਿਆਨ ਵਿੱਚ ਕੀਤੀ ਗਈ ਹੈ ਉਹ ਬਾਕੀ ਸਭ ਅਨੁਸ਼ਾਸਨ ਤੋਂ ਅਲੱਗ ਹੈ। ਐੱਨ. ਐੱਸ. ਸੋਢੀ 'ਸਮਾਜ' ਦੀ ਪਰਿਭਾਸ਼ਾ ਦਿੰਦੇ ਹੋਏ ਲਿਖਦੇ ਹਨ:

*ਸਮਾਜ ਵਿਗਿਆਨ ਵਿੱਚ ਸਮਾਜ ਲੋਕਾਂ ਦੇ ਇਕੱਠੇ ਹੋਣ ਜਾਂ ਉਨ੍ਹਾਂ ਦੇ ਸਮੂਹ ਨੂੰ ਨਹੀਂ ਆਖਿਆ ਜਾਂਦਾ ਸਗੋਂ ਵਿਅਕਤੀਆਂ ਵਿੱਚ ਪਰਸਪਰ ਸੰਬੰਧਾਂ ਦੀ ਵਿਵਸਥਾ ਨੂੰ ਸਮਾਜ ਆਖਿਆ ਜਾਂਦਾ ਹੈ। ਸਮਾਜ ਦੀ ਰਚਨਾ ਕੇਵਲ ਵਿਅਕਤੀਆਂ ਦੇ ਇਕੱਠੇ ਹੋਣ ਉਪਰੰਤ ਹੀ ਨਹੀਂ ਹੋ ਜਾਂਦੀ। ਸਮਾਜ ਦੀ ਰਚਨਾ ਤਾਂ ਅਸਲ ਵਿੱਚ ਉਨ੍ਹਾਂ ਵਿੱਚਕਾਰ ਪੈਦਾ ਹੋਏ ਸਮਾਜਿਕ ਸੰਬੰਧਾਂ ਨਾਲ ਹੁੰਦੀ ਹੈ। ਇਨ੍ਹਾਂ ਸੰਬੰਧਾਂ ਦੀ ਕੋਈ ਵਿਸ਼ੇਸ਼ ਸ਼ਕਲ ਨਹੀਂ ਹੁੰਦੀ ਜਾਂ ਉਨ੍ਹਾਂ ਦਾ ਕੋਈ ਦੇਖਿਆ ਜਾਣ ਵਾਲਾ ਬਾਹਰੀ ਰੂਪ*

*ਵੀ ਨਹੀਂ ਹੁੰਦਾ। ਉਨ੍ਹਾਂ ਨੂੰ ਤਾਂ ਕੇਵਲ ਅਸੀਂ ਮਹਿਸੂਸ ਕਰ ਸਕਦੇ ਹਾਂ। ਇਸ ਲਈ ਸਮਾਜ ਨੂੰ ਸਮਾਜਿਕ ਸੰਬੰਧਾਂ ਦਾ ਜਾਲ ਵੀ ਆਖਿਆ ਜਾ ਸਕਦਾ ਹੈ।*

(ਐੱਨ. ਐੱਸ. ਸੋਢੀ, *ਸਮਾਜ ਕਾਰਜ* 21)

ਉਪਰੋਕਤ ਪਰਿਭਾਸ਼ਾ ਇਸ ਗੱਲ ਨੂੰ ਸਪਸ਼ਟ ਕਰਦੀ ਹੈ ਕਿ 'ਸਮਾਜ' ਲੋਕਾਂ ਦੇ ਆਪਸੀ ਸੰਬੰਧਾਂ ਦੀ ਵਿਵਸਥਾ ਹੈ। ਇਨ੍ਹਾਂ ਸਮਾਜਿਕ ਸੰਬੰਧਾਂ ਨੂੰ ਸਿਰਫ਼ ਮਹਿਸੂਸ ਕਰ ਸਕਦੇ ਹਾਂ। ਇਨ੍ਹਾਂ ਦਾ ਆਕਾਰ ਜਾਂ ਰੂਪ ਨਹੀਂ ਹੁੰਦਾ। ਇਸੇ ਤਰ੍ਹਾਂ ਵਿਦਵਾਨ ਐਨ, ਐਸ, ਸੋਢੀ ਸਮਾਜ-ਵਿਗਿਆਨੀ 'ਪਾਰਸਨਜ਼' ਦੇ ਹਵਾਲੇ ਨਾਲ ਸਮਾਜ ਦੀ ਪਰਿਭਾਸ਼ਾ ਕਰਦਿਆਂ ਲਿਖਦੇ ਹਨ:

*ਸਮਾਜ ਉਨ੍ਹਾਂ ਮਾਨਵੀ ਸੰਬੰਧਾਂ ਦੇ ਪੂਰਨ ਜਾਲ ਰੂਪ ਨੂੰ ਆਖਿਆ ਜਾ ਸਕਦਾ ਹੈ ਜਿਹੜੇ ਕੁਝ ਕਿਰਿਆਵਾਂ ਦੇ ਫਲਸਰੂਪ ਹੋਂਦ ਵਿੱਚ ਆਉਂਦੇ ਹਨ ਅਤੇ ਕਾਰਜੀ ਸੰਬੰਧਾਂ ਦੇ ਰੂਪ ਵਿੱਚ ਕੀਤੇ ਜਾਂਦੇ ਹਨ।* (21)

ਸਮਾਜ ਵਿਗਿਆਨੀ ਨੇਡਲ ਅਨੁਸਾਰ:

*ਸਮਾਜ ਮਨੁੱਖੀ ਲੋੜਾਂ ਅਤੇ ਹਿੱਤਾਂ ਦੀ ਪੂਰਤੀ ਲਈ ਬਹੁਤ ਹੀ ਵਿਸ਼ਾਲ ਸਮੂਹ ਹੈ, ਜਿਸ ਦਾ ਆਪਣਾ ਸੱਭਿਆਚਾਰ ਹੁੰਦਾ ਹੈ। ਬਹੁਤ ਹੀ ਵਿਸ਼ਾਲ ਵਸੋਂ ਜੋ ਸਮੂਹ ਦੇ ਰੂਪ ਵਿੱਚ ਸੰਬੰਧਿਤ ਹੁੰਦੀ ਹੈ।*

(ਪ੍ਰਕਾਸ਼ ਸਿੰਘ ਤੇ ਪਰਮਿੰਦਰ ਕੌਰ (ਸੰਪਾ.), *ਸਮਾਜ ਵਿਗਿਆਨ ਦਾ ਵਿਸ਼ਾ ਕੋਸ਼* 97)

ਰਿਉਟਰ ਅਨੁਸਾਰ:

*ਸਮਾਜ ਇੱਕ ਅਮੂਰਤ ਸ਼ਬਦ ਹੈ ਜਿਹੜਾ ਕਿ ਸਮੂਹ ਦੇ ਦੋ ਜਾਂ ਦੋ ਤੋਂ ਵੱਧ ਸੰਘ ਮੈਂਬਰਾਂ ਵਿੱਚ ਪਰਸਪਰ ਸੰਬੰਧਾਂ ਦੀ ਜਟਿਲਤਾ ਦਾ ਗਿਆਨ ਕਰਵਾਉਂਦਾ ਹੈ।*

(ਐੱਨ. ਐੱਸ. ਸੋਢੀ, *ਸਮਾਜ ਕਾਰਜ* 2)

ਮੈਕਾਇਵਰ ਅਤੇ ਪੇਜ ਅਨੁਸਾਰ:

> *ਸਮਾਜ ਪ੍ਰਥਾਵਾਂ ਅਤੇ ਕਾਰਜ ਪ੍ਰਣਾਲੀਆਂ ਦੇ ਅਨੇਕ ਸਮੂਹ ਅਤੇ ਖੰਡਾ, ਅਧਿਕਾਰ ਸੱਤਾ, ਪਰਸਪਰ ਸਹਾਇਤਾ ਅਤੇ ਮਾਨਵ ਵਿਹਾਰ ਦੇ ਨਿਯੰਤਰਣ ਅਤੇ ਸੁਤੰਤਰਤਾ ਦੀ ਇੱਕ ਵਿਵਸਥਾ ਹੈ।* (2)

ਉਪਰੋਕਤ ਸਾਰੇ ਸਮਾਜ ਸ਼ਾਸਤਰੀਆਂ ਦੀਆਂ ਪਰਿਭਾਸ਼ਾਵਾਂ ਅਨੁਸਾਰ 'ਸਮਾਜ' ਇੱਕ ਅਜਿਹੀ ਵਿਵਸਥਾ ਹੈ ਜਿਸ ਵਿੱਚ ਪਰਸਪਰ ਸਹਿਯੋਗ, ਸੁਤੰਤਰਤਾ, ਨਿਯੰਤਰਣ, ਅਧਿਕਾਰ-ਸੱਤਾ ਅਤੇ ਸਾਧਨ ਆਦਿ ਸ਼ਾਮਿਲ ਹਨ। ਸਮਾਜ ਦੀ ਵਿਵਸਥਾ ਪੂਰੀ ਤਰ੍ਹਾਂ ਗੁੰਝਲਦਾਰ ਅਤੇ ਪਰਿਵਰਤਨਸ਼ੀਲ ਹੈ। ਇਸ ਵਿੱਚ ਸਮੇਂ-ਸਮੇਂ ਅਨੁਸਾਰ ਪਰਿਵਰਤਨ ਆਉਂਦੇ ਰਹਿੰਦੇ ਹਨ। ਸਾਧਾਰਨ ਸ਼ਬਦਾਂ ਵਿੱਚ ਸਮਾਜ ਇੱਕ ਅਜਿਹਾ ਪ੍ਰਬੰਧ/ਸਿਸਟਮ ਹੈ ਜੋ ਲਗਾਤਾਰ ਆਪਣੇ ਆਪ ਗਤੀਸ਼ੀਲ ਰਹਿੰਦਾ ਹੈ। ਭਾਵ ਸਮਾਜ ਇੱਕ ਪਰਿਵਰਤਨਸ਼ੀਲ ਪ੍ਰਕਿਰਿਆ ਦਾ ਨਾਮ ਹੈ, ਜਿਸ ਨੂੰ ਸੰਚਾਰ ਮਾਧਿਅਮ ਅਤੇ ਮੀਡੀਆ ਨੇ ਹੋਰ ਵੀ ਵਧੇਰੇ ਪ੍ਰਬਲਤਾ ਅਤੇ ਤੀਬਰਤਾ ਪ੍ਰਦਾਨ ਕੀਤੀ *"90ਵਿਆਂ ਵਿੱਚ ਨਿਊ ਮੀਡੀਆ ਵੱਲੋਂ ਤੇਜ਼ੀ ਫੜ੍ਹਨ ਪਿੱਛੋਂ ਜਿੱਥੇ ਭਾਰਤ ਦੇ ਹੋਰਨਾਂ ਸੂਬਿਆਂ ਦੇ ਲੋਕਾਂ ਦੀ ਜੀਵਨ-ਜਾਚ ਉੱਤੇ ਇਸਦਾ ਪ੍ਰਤੱਖ ਪ੍ਰਭਾਵ ਪਿਆ, ਉੱਥੇ ਪੰਜਾਬੀ ਸਮਾਜ ਵਿੱਚ ਵੀ ਇਸ ਨਿਵੇਕਲੇ ਮਾਧਿਅਮ ਨੇ ਕਾਫ਼ੀ ਬਦਲਾਓ ਲਿਆਂਦੇ ਅਤੇ ਲਿਆ ਰਿਹਾ ਹੈ।"*[2](ਵਿਕਰਮ ਸਿੰਘ ਸੰਗਰੂਰ, *ਸੂਹੀ ਸਵੇਰ*) ਸਮਕਾਲੀ ਸਮਾਜ ਵਿੱਚ ਵੱਖ-ਵੱਖ ਸੰਚਾਰ ਮਾਧਿਅਮਾਂ ਅਤੇ ਤਕਨੀਕੀ-ਕ੍ਰਾਂਤੀ ਦੇ ਸਿੱਟਿਆਂ ਨੇ ਅਜੋਕੇ ਸਮਾਜ 'ਤੇ ਸਰਬਪੱਖੀ ਪ੍ਰਭਾਵ ਪਾਇਆ ਹੈ। ਪ੍ਰਿੰਟ-ਮੀਡੀਆ ਤੇ ਸੰਚਾਰ ਮਾਧਿਅਮਾਂ ਨਾਲ ਜਿੱਥੇ ਸਮਾਜਿਕ ਤੌਰ 'ਤੇ ਰਵਾਨੀ ਆਈ ਹੈ ਉੱਥੇ ਇੰਟਰਨੈੱਟ, ਟੀ.ਵੀ ਅਤੇ ਰੇਡੀਓ ਆਦਿ ਨੇ ਸਮਾਜ ਅਤੇ ਸੱਭਿਆਚਾਰ ਪਾਸਾਰਾਂ ਰਾਹੀਂ ਸਮਕਾਲੀ ਸਮਾਜਿਕ ਮਨੁੱਖੀ ਜੀਵਨ ਨੂੰ ਗਿਆਨ-ਵਿਗਿਆਨ ਦੁਆਰਾ ਅਗਿਆਨਤਾ ਦੀ ਖਾਈ ਵਿੱਚੋਂ ਉਭਾਰਿਆ ਅਤੇ ਪ੍ਰਭਾਵਿਤ ਵੀ ਕਰਿਆ। ਅਜਿਹੇ ਨਵ-ਤਕਨੀਕ ਅਤੇ ਸੰਚਾਰ

[2] https://www.suhisaver.org/index.php?cate=12&&tipid=451

ਮਾਧਿਅਮ ਦੇ ਪਾਸਾਰਾਂ ਅਤੇ ਪ੍ਰਭਾਵਾਂ ਦਾ ਖੋਜ ਕਾਰਜ ਅਧੀਂਨ ਗਹਿਨ ਅਧਿਐਨ ਦਾ ਉਪਰਾਲਾ ਕੀਤਾ ਗਿਆ ਹੈ।

**ਨਵ-ਤਕਨੀਕੀ ਅਤੇ ਸੂਚਨਾ ਕ੍ਰਾਂਤੀ ਦੇ ਵਿਭਿੰਨ ਪਾਸਾਰ:**

ਵਿਗਿਆਨ ਅਤੇ ਸੰਚਾਰ ਮਾਧਿਅਮ ਸਮਕਾਲੀ ਸਮਾਜ ਦਾ ਅਧਾਰ ਸਾਬਿਤ ਹੋ ਰਿਹਾ ਹੈ। ਅਜੋਕੇ ਸੰਦਰਭ ਵਿੱਚ ਕੋਈ ਵਿਅਕਤੀ ਤਕਨੀਕੀ ਸਾਧਨਾਂ ਦੇ ਪ੍ਰਭਾਵ ਤੋਂ ਮੁਕਤ ਨਹੀਂ ਹੈ। ਆਖਿਆ ਜਾਂਦਾ ਹੈ ਕਿ ਸਭ ਤੋਂ ਪਹਿਲਾਂ ਚੰਦ 'ਤੇ ਜਾਣ ਲਈ ਜਿੰਨੀ (Technology) ਤਕਨੀਕ ਦੀ ਵਰਤੋਂ ਹੋਈ ਉਸ ਤੋਂ ਜ਼ਿਆਦਾ ਤਕਨੀਕ ਲੱਗਭਗ ਹਰੇਕ ਘਰ ਜਾਂ ਹਰ ਜੇਬ ਵਿੱਚ ਮੋਬਾਇਲ (Smart Phone) ਦੇ ਰੂਪ ਵਿੱਚ ਮੌਜੂਦ ਹੈ। ਤਕਨੀਕ ਅਤੇ ਸੰਚਾਰ ਸਮਕਾਲੀ ਸਮਾਜ ਦਾ ਕੇਂਦਰ ਬਿੰਦੂ ਸਾਬਿਤ ਹੋਇਆ ਹੈ। ਸੰਚਾਰ ਤਕਨਾਲੋਜੀ ਅਤੇ ਕੰਪਿਊਟਰ (Communicational Technology & Computer) ਦੇ ਵਿਕਾਸ ਨੇ ਹਰੇਕ ਖੇਤਰ ਵਿੱਚ ਨਵੀਆਂ ਖੋਜਾਂ ਕਰਕੇ ਸਮਾਜ ਦੇ ਵਿਕਾਸ ਲਈ ਨਵੇਂ-ਨਵੇਂ ਰਾਸਤੇ ਖੋਲ੍ਹ ਦਿੱਤੇ ਹਨ। ਅੱਜ ਕੋਈ ਵੀ ਖੇਤਰ ਕੰਪਿਊਟਰ ਦੀ ਵਰਤੋਂ ਤੋਂ ਅਛੂਤਾ ਨਹੀਂ ਰਿਹਾ, ਸਗੋਂ ਕੰਪਿਊਟਰ ਨੇ ਗੁਣਾਤਮਕਤਾ (Quality) ਤੇ ਗਿਣਾਤਮਕਤਾ (Quanitity) ਦੋਹਾਂ ਨੂੰ ਹੀ ਸਕਾਰਾਤਮਿਕਤਾ ਨਾਲ ਪ੍ਰਭਾਵਿਤ ਕੀਤਾ ਹੈ। ਨਵ-ਤਕਨੀਕ ਅਤੇ ਸੂਚਨਾ ਕ੍ਰਾਂਤੀ ਦੇ ਸੰਦਰਭ ਵਿੱਚ ਸੁਰਜੀਤ ਸਿੰਘ ਭੱਟੀ ਦਾ ਵਿਚਾਰ ਹੈ ਕਿ ਵਿਗਿਆਨਕ ਤਰੱਕੀ ਨੇ ਅਨੇਕਾਂ ਲੱਭਤਾਂ ਨਾਲ ਸੰਸਾਰ ਨੂੰ ਇੱਕ ਵਿਸ਼ਵ-ਪਿੰਡ ਵਿੱਚ ਪਰਿਵਰਤਿਤ ਕਰ ਦਿੱਤਾ ਹੈ:

> *ਅੱਜ ਦਾ ਯੁੱਗ ਸੂਚਨਾ ਕ੍ਰਾਂਤੀ ਅਤੇ ਇਸ ਤੋਂ ਵੀ ਅੱਗੇ ਨੈਨੋ ਟੈਕਨਾਲੋਜੀ ਦਾ ਯੁੱਗ ਪ੍ਰਵਾਨ ਕੀਤਾ ਜਾਂਦਾ ਹੈ। ਵਿਗਿਆਨ ਦੀਆਂ ਇਸ ਖੇਤਰ ਵਿੱਚ ਕੀਤੀਆਂ ਨਵੀਆਂ ਲੱਭਤਾਂ ਨੇ ਸੰਸਾਰ ਨੂੰ ਇੱਕ ਗਲੋਬਲੀ ਪਿੰਡ ਬਣਾ ਦਿੱਤਾ ਹੈ।* (*ਵਿਸ਼ਵੀਕਰਨ ਅਤੇ ਸਾਹਿਤ ਚਿੰਤਨ* 9)

ਭਾਰਤੀ ਸੱਭਿਅਤਾ ਤਕਨੀਕ ਅਤੇ ਸੂਚਨਾ ਕ੍ਰਾਂਤੀ ਦੇ ਖੇਤਰ ਵਿੱਚ ਮੁੱਢ ਤੋਂ ਹੀ ਪੱਛਮੀ ਦੇਸ਼ਾਂ ਨਾਲੋਂ ਪੱਛੜਿਆ ਰਿਹਾ ਹੈ। ਅਨੇਕਾਂ ਪੱਛਮੀ ਵਿਦਵਾਨਾਂ ਨੇ ਆਪਣੀਆਂ ਤਕਨੀਕੀ ਖੋਜਾਂ ਅਤੇ ਖੋਜ ਨਾਲ ਸੰਬੰਧਿਤ ਆਪਣੇ ਖੋਜ ਪੱਤਰਾਂ ਨਾਲ ਧਾਰਮਿਕਤਾ ਗ੍ਰਸਤ ਮਨੁੱਖੀ ਚੇਤਨਾ ਨੂੰ ਪ੍ਰਭਾਵਿਤ ਕਰਦੇ ਹੋਏ, ਭੌਤਿਕ

ਵਿਗਿਆਨ ਪ੍ਰਤੀ ਮਨੁੱਖੀ ਚੇਤਨਾ ਨੂੰ ਇੱਕ ਨਵੀਂ ਦ੍ਰਿਸ਼ਟੀ ਪ੍ਰਦਾਨ ਕੀਤੀ ਹੈ। ਪ੍ਰਸਿੱਧ ਵਿਗਿਆਨੀ ਆਈਨਸਟਾਈਨ ਬਾਰੇ ਲਿਖਦੇ ਹੋਏ ਪੱਛਮੀ ਵਿਦਵਾਨ ਜੌਨ ਜੇ. ਸਿਮੋਨ ਦਾ ਵਿਚਾਰ ਹੈ:

*ਆਇੰਸਟਾਈਨ ਦੀ ਅੰਤਰ ਦ੍ਰਿਸ਼ਟੀ ਏਨੀ ਇਨਕਲਾਬੀ ਸੀ ਕਿ ਉਨ੍ਹਾਂ ਨੇ ਨਾ ਸਿਰਫ਼ ਪ੍ਰਕਿਰਤਿਕ ਵਿਗਿਆਨ ਦੇ ਕਾਇਮ ਸਿਧਾਂਤਾਂ ਨੂੰ ਚੁਣੌਤੀ ਦਿੱਤੀ ਸਗੋਂ ਦੁਨੀਆਂ ਨੂੰ ਦੇਖਣ ਸਮਝਣ ਦੇ ਆਮ ਲੋਕਾਂ ਦੇ ਨਜ਼ਰੀਏ ਨੂੰ ਵੀ ਬਦਲ ਦਿੱਤਾ।* (*ਆਈਨਸਟੀਨ ਦੇ ਸਮਾਜਿਕ ਸਰੋਕਾਰ 7*)

ਵਿਕਸਤ ਤਕਨੀਕ ਸਾਧਨਾਂ ਨੇ ਮਨੁੱਖ ਨੂੰ ਆਪਣੇ ਹਜ਼ਾਰਾਂ ਪ੍ਰਸ਼ਨਾਂ ਦੇ ਉੱਤਰ ਖੋਜਣ ਦੇ ਯੋਗ ਬਣਾਇਆ ਹੈ। ਜਿਸ ਨਾਲ ਮਨੁੱਖ ਆਪਣੇ ਅਸਤਿਤਵ, ਭੂਤਕਾਲ ਅਤੇ ਅਨੰਤ ਬ੍ਰਹਿਮੰਡ ਬਾਰੇ ਪ੍ਰਾਪਤ ਗਿਆਨ ਵਿੱਚ ਵਾਧਾ, ਨਵੇਰਾਪਨ ਅਤੇ ਸੋਧ ਲਿਆ ਸਕਿਆ ਹੈ। ਵਿਗਿਆਨ ਅਤੇ ਤਕਨੀਕੀ ਵਿਕਾਸ ਨਾਲ ਮਨੁੱਖ ਜਿੱਥੇ ਪੂਰਨ ਤੌਰ 'ਤੇ ਵਿਕਸਤ ਹੋ ਚੁੱਕਿਆ ਹੈ, ਉੱਥੇ ਰੋਜ਼ ਕਈ ਨਵੇਂ ਸੱਚ ਅਤੇ ਗਿਆਨ ਦੀ ਪ੍ਰਾਪਤੀ ਵੀ ਕਰ ਰਿਹਾ ਹੈ। ਕਵੀ ਜਸਵੰਤ ਜ਼ਫ਼ਰ ਨੇ ਆਪਣੀ ਕਵਿਤਾ ਰਾਹੀਂ ਮਹਾਨ ਵਿਗਿਆਨੀ ਗੈਲੀਲੀਓ ਦੀ ਉਦਾਹਰਨ ਨਾਲ ਬ੍ਰਹਿਮੰਡੀ ਚੇਤਨਾ ਨੂੰ ਇਸ ਪ੍ਰਕਾਰ ਅਭਿਵਿਅਕਤ ਕੀਤਾ ਹੈ:

*ਗੈਲੀਲ਼ੀਓ ਆਪਣੇ ਸਮੇਂ ਦਾ ਸੁਕਰਾਤ ਸੀ*
*ਪੱਲੇ ਜਿਉਂਦੀ ਜਾਗਦੀ ਬਾਤ ਸੀ*
*ਬਾਤ ਕੀ ਸੀ*
*ਇਹ ਜੋ ਧਰਤੀ ਮਾਂ ਹੈ*
*ਮਾਂ ਆਪਣੀ ਥਾਂ ਹੈ*
*ਬ੍ਰਹਿਮੰਡ ਤਾਂ ਕੀ*
*ਸੂਰਜੀ ਪਰਿਵਾਰ ਦਾ ਵੀ ਕੇਂਦਰ ਨਹੀਂ*
*ਪਰ ਸਾਥੋਂ ਬਾਤ ਅੱਗੇ ਨਾ ਤੁਰੀ*
*ਅਸੀਂ ਤਾ ਜੀਵੰਤ ਸੰਸਾਰ ਦੇ*

*ਜਾਂ ਛੋਟੇ ਵੱਡੇ ਪਾਸਾਰ ਦੇ*

*ਕੇਂਦਰ ਹੋਣ ਦਾ ਭਰਮ ਕਰਦੇ ਹਾਂ*

*ਕੇਂਦਰ ਬਣਨ ਲਈ ਕਰਮ ਕਰਦੇ ਹਾਂ*

*ਕੇਂਦਰ ਹੀ ਰਹਿਣਾ ਲੋਚਦੇ ਹਾਂ* (*ਇਹ ਬੰਦਾ ਕੀ ਹੁੰਦਾ* 17)

'ਅਸੀਂ ਨਾਨਕ ਦੇ ਕੀ ਲਗਦੇ ਹਾਂ' ਕਾਵਿ ਸੰਗ੍ਰਹਿ ਅਧੀਨ ਕਵਿਤਾ 'ਸਟੀਫਨ ਹਾਕਿੰਗ' ਵਿੱਚ ਕਵੀ ਜਸਵੰਤ ਜ਼ਫ਼ਰ ਬ੍ਰਹਿਮੰਡ ਜਾਂ ਸੂਰਜੀ ਪਰਿਵਾਰ ਦੇ ਕੁਝ ਵਿਗਿਆਨਕ ਤੱਥਾਂ ਨੂੰ ਉਜਾਗਰ ਕਰਦਾ ਹੋਇਆ ਅਗਿਆਨਤਾ ਵੱਸ ਪਈ ਸੌੜੀ ਸੋਚ 'ਤੇ ਵਿਅੰਗ ਵੀ ਕਰਦਾ ਹੈ। ਵਰਤਮਾਨ ਸਮੇਂ ਮਨੁੱਖ ਸਮਾਜਿਕ, ਸੱਭਿਆਚਾਰਕ ਅਤੇ ਸੱਭਿਅਤਾ ਪੱਖੋਂ ਪੂਰਨ ਰੂਪ ਵਿੱਚ ਵਿਕਸਤ ਹੋ ਚੁੱਕਾ ਹੈ। ਗਿਆਨ-ਵਿਗਿਆਨ ਦੀਆਂ ਅਨੇਕ ਲੱਭਤਾਂ ਨੇ ਮਾਨਵ ਨੂੰ ਸਹੂਲਤਾਂ, ਸਾਧਨਾਂ ਅਤੇ ਸਮਰੱਥਾਵਾਂ ਸਹਿਤ ਜਿਉਣ ਦੀ ਬਹੁਤਾਤ ਪ੍ਰਦਾਨ ਕੀਤੀ ਹੈ, ਗਿਆਨ ਵਿੱਚ ਵਾਧਾ ਕੀਤਾ ਹੈ ਤੇ ਜੀਵਨ ਦੇ ਅਨੇਕਾਂ ਰਹੱਸ ਅਤੇ ਬੁਝਾਰਤਾਂ ਨੂੰ ਹੱਲ ਕਰਨ ਦਾ ਵੱਡਮੁਲਾ ਯੋਗਦਾਨ ਪਾਇਆ ਹੈ। ਕਵੀ ਜਸਵੰਤ ਜ਼ਫ਼ਰ ਅਨੁਸਾਰ:

*ਤੂੰ ਨਾ ਬੋਲਦਾ*

*ਤੇਰੇ ਅੰਦਰ ਬ੍ਰਹਿਮੰਡ ਗਰਜਦਾ ਗੂੰਜਦਾ*

*ਕਈ ਕਰੋੜਾਂ ਸੂਰਜ*

*ਤੇਰੀ ਨਜ਼ਰ ਅੱਗਿਉਂ ਹਨੇਰ ਪੂੰਝਦਾ*

*ਤੂੰ ਨਾ ਤੁਰਦਾ*

*ਤੇਰੇ ਅੰਦਰ ਲੱਖਾਂ ਪ੍ਰਕਾਸ਼ ਵਰ੍ਹਿਆਂ ਦੀ ਯਾਤਰਾ*

*ਤੇਰਾ ਹਿੰਮ ਚਿੱਤ ਜਾਣਦਾ*

*ਸ੍ਰਿਸ਼ਟੀ ਦੇ ਪੂਰੇ ਤਾਪ ਦੀ ਮਾਤਰਾ*

(*ਅਸੀਂ ਨਾਨਕ ਦੇ ਕੀ ਲੱਗਦੇ ਹਾਂ* 42)

ਕੰਪਿਊਟਰ, ਇਨਫਰਮੇਸ਼ਨ ਟੈਕਨਾਲੋਜੀ, ਇੰਟਰਨੈੱਟ ਅਤੇ ਅਨੇਕਾਂ ਸੂਚਨਾ ਅਤੇ ਸੰਚਾਰ ਮਾਧਿਅਮਾਂ ਦੀ ਉੱਨਤੀ ਨਾਲ ਅਜੋਕੀ ਪੀੜ੍ਹੀ ਦਾ ਬੌਧਿਕ ਪੱਧਰ ਟੈਕਨੋਲਜ਼ੀ ਦੇ ਖੇਤਰ ਵਿੱਚ ਕਾਫ਼ੀ ਤੀਖਣ ਹੋਇਆ ਹੈ। ਇੰਟਰਨੈੱਟ ਦੇ ਜ਼ਮਾਨੇ ਦੇ ਬੱਚੇ ਤਕਨੀਕੀ ਖੇਤਰ ਵਿੱਚ ਆਪਣਾ ਤਾਲ-ਮੇਲ ਬਿਠਾ ਚੁੱਕੇ ਹਨ, ਜਿਨ੍ਹਾਂ ਦਾ ਪ੍ਰਤੱਖਣ ਗੁਰਪ੍ਰੀਤ ਮਾਨਸਾ ਦੀਆਂ ਇਹਨਾਂ ਹੇਠਲੀਆਂ ਸਤਰਾਂ ਵਿੱਚ ਪ੍ਰਤੱਖ ਰੂਪ ਵਿੱਚ ਦ੍ਰਿਸ਼ਟੀਗੋਚਰ ਹੁੰਦਾ ਹੈ:

*ਅਲੀਗੜ੍ਹ ਕੋ ਕਹਿਤੇ ਥੇ*

*ਕਿਸੀ ਜ਼ਮਾਨੇ ਮੇਂ*

*ਤਾਲਾ ਨਗਰੀ*

*ਜਾਨਤੇ ਹੋ ਪਾਪਾ'*

*ਮੇਰੇ ਨਾਲੋਂ ਵੱਧ ਜਾਣਦੀ ਹੈ*

*ਬੇਟੀ ਮੇਰੀ*

*ਇੰਟਰਨੈਟ ਦੇ ਜ਼ਮਾਨੇ ਦੀ*

*ਵਿਦਿਆਰਥਣ ਅੱਠਵੀਂ ਦੀ* (*ਓਕ* 25)

ਸਮਕਾਲੀ ਪੰਜਾਬੀ ਕਵਿਤਾ ਵੀ ਤਕਨੀਕ ਅਤੇ ਸੰਚਾਰ ਮਾਧਿਅਮਾਂ ਤੋਂ ਅਭਿੱਜ ਨਹੀਂ ਹੈ। ਤਕਨੀਕੀ ਵਿਕਾਸ ਕਾਰਨ ਪ੍ਰਾਪਤ ਹੋਈਆਂ ਸੁੱਖ ਸਹੂਲਤਾਂ ਨੇ ਜੀਵਨ ਨੂੰ ਬੇਹੱਦ ਸੁਖਾਲ਼ਾ ਬਣਾ ਦਿੱਤਾ ਹੈ। ਜਿਸ ਦੀ ਪੇਸ਼ਕਾਰੀ ਸਮਕਾਲੀ ਪੰਜਾਬੀ ਕਵਿਤਾ ਵਿੱਚ ਭਰਪੂਰ ਮਾਤਰਾ ਵਿੱਚ ਹੋਈ ਹੈ। ਸਮਕਾਲੀ ਸਮਾਜ ਵਿੱਚ ਮੋਬਾਇਲ ਏਨੇ ਕੁ ਸਮਰੱਥ ਅਤੇ ਤਕਨੀਕ ਨਾਲ ਭਰਪੂਰ ਹੋ ਗਏ ਹਨ ਕਿ ਇਹਨਾਂ ਦੀ ਕਾਰਜ ਯੋਗਤਾ ਅਤਿਅੰਤ ਵੱਧ ਗਈ ਹੈ। ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਸੰਚਾਰ ਦੇ ਨਾਲ-ਨਾਲ ਕਈ ਹੋਰ ਮਹੱਤਵਪੂਰਨ ਦੈਨਿਕ ਕਾਰਜ ਵੀ ਮੋਬਾਇਲ ਦੀ ਸਹੂਲਤ ਕਾਰਨ ਅਸਾਨ ਤੇ ਘੱਟ ਉਕਾਉ ਹੋ ਗਏ ਹਨ। ਅਜੋਕੇ ਯੁੱਗ ਵਿੱਚ ਅਲੱਗ-ਅਲੱਗ ਮੋਬਾਇਲ 'APPLICATIONS' ਦੁਆਰਾ ਬੱਸ, ਰੇਲਵੇ, ਹਵਾਈ ਟਿਕਟਾਂ ਜਾਂ ਕਿਸੇ ਮਨ

ਪਸੰਦ ਹੋਟਲ ਵਿੱਚ ਕਮਰੇ ਦੀ ਬੁਕਿੰਗ ਕਰਵਾਈ ਜਾ ਸਕਦੀ ਹੈ। ਖਾਣ-ਪੀਣ ਦਾ ਸਮਾਨ, ਕੱਪੜੇ, ਰੋਜ਼ਾਨਾ ਵਰਤੋਂ ਦਾ ਘਰੇਲੂ ਸਮਾਨ ਅਤੇ ਹੋਰ ਅਤਿਅੰਤ ਵਸਤਾਂ ਇੰਟਰਨੈਟ ਰਾਹੀਂ ਮਗਵਾਈਆਂ ਜਾ ਸਕਦੀਆਂ ਹਨ। ਹੇਠਲੀਆਂ ਕਾਵਿ-ਸਤਰਾਂ ਵਿੱਚ ਕਵੀ ਜਸਵੰਤ ਜ਼ਫ਼ਰ ਨੇ ਸਮਕਾਲੀ ਦੌਰ ਦੀ ਇਸ (ਮੋਬਾਈਲ) ਫੋਨ ਰੂਪੀ ਮਸ਼ੀਨ ਨੂੰ ਆਪਣੇ ਕਾਵਿ ਦਾ ਸਮਾਜਿਕ ਸਰੋਕਾਰ ਬਣਾਇਆ, ਜੋ ਇਹ ਸਪਸ਼ਟ ਕਰਦਾ ਹੈ ਕਿ ਨਵੀਂ ਤਕਨੀਕ (ਮੋਬਾਇਲ) ਨੇ ਮਨੁੱਖ ਦੀ ਜੀਵਨ ਸ਼ੈਲੀ ਅਤੇ ਸੋਚ ਨੂੰ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੱਤਾ:

*ਦਫ਼ਤਰ-*

*ਜਿੱਥੇ ਮੈਂ ਹੀ ਕੁਰਸੀ ਤੇ ਨਹੀਂ ਬੈਠਦਾ*

*ਕੁਰਸੀ ਵੀ ਮੇਰੇ 'ਤੇ ਬੈਠਦੀ ਹੈ*

*ਜਿਥੇ ਮੈਂ ਹੀ ਟੈਲੀਫ਼ੋਨ ਨਹੀਂ ਘੁੰਮਾਉਂਦਾ*

*ਟੈਲੀਫ਼ੋਨ ਵੀ ਮੈਨੂੰ ਖ਼ੂਬ ਘੁੰਮਾਉਂਦਾ*

(*ਅਸੀਂ ਨਾਨਕ ਦੇ ਕੀ ਲੱਗਦੇ ਹਾਂ* 79)

ਸਮਕਾਲੀ ਸੱਭਿਅਤਾ ਨੇ ਸੰਚਾਰ ਅਤੇ ਵਿਗਿਆਨ ਦੇ ਪੱਖੋਂ ਨਵੇਂ ਸ਼ਿਖਰਾਂ ਨੂੰ ਤਾਂ ਛੂਹਿਆ ਹੀ ਹੈ ਇਸਦੇ ਨਾਲ ਹੀ ਮਨੁੱਖ ਅਜੇ ਵੀ ਇਸ ਖੇਤਰ ਵਿੱਚ ਦਿਨ ਦੁੱਗਣੀ ਅਤੇ ਰਾਤ ਚੌਗਣੀ ਤਰੱਕੀ ਕਰ ਰਿਹਾ ਹੈ। ਇੰਟਰਨੈਟ ਅਤੇ ਸੰਚਾਰ ਮਾਧਿਅਮਾਂ ਦੇ ਅਤਿ ਵਿਕਸਤ ਹੋਣ ਨਾਲ ਸੂਚਨਾਵਾਂ ਦਾ ਅਦਾਨ-ਪ੍ਰਦਾਨ ਬੇਹੱਦ ਸੁਖਾਲਾ ਹੋ ਗਿਆ ਪ੍ਰੰਤੂ ਦੂਜੇ ਪਾਸੇ ਅਜਿਹੀ ਤਰੱਕੀ ਨੇ ਮਨੁੱਖ ਨੂੰ ਇੱਕ ਤਰ੍ਹਾਂ ਨਾਲ ਦਲਦਲ ਵਿੱਚ ਧਕੇਲਿਆ ਹੈ, ਜਿਸ ਵਿੱਚ ਉਹ ਸਰੀਰਕ ਹੀ ਨਹੀਂ ਸਗੋਂ ਮਾਨਸਿਕ ਤੌਰ ਤੋਂ ਵੀ ਗਰਕਦਾ ਜਾ ਰਿਹਾ ਹੈ। ਅਜੋਕੇ ਮਨੁੱਖ ਦੀ ਅਜਿਹੀ ਤ੍ਰਾਸਦ-ਹੋਣੀ ਦੇ ਪਿੱਛੇ ਦੇ ਰਾਜ਼ ਨੂੰ ਕੇਵਲ ਸੰਵੇਦਨਸ਼ੀਲ ਮਨ ਹੀ ਸਮਝ ਸਕਦਾ ਹੈ। ਸਮਕਾਲੀ ਪੰਜਾਬੀ ਸ਼ਾਇਰ ਸੁਰਜੀਤ ਪਾਤਰ ਨੇ ਹੇਠਲੀਆਂ ਸਤਰਾਂ ਵਿੱਚ ਮਨੁੱਖੀ ਤਰਾਸਦੀ ਨੂੰ ਇਸ ਤਰ੍ਹਾਂ ਪੇਸ਼ ਕੀਤਾ ਹੈ:

*ਉਹ ਸੁਆਣੀ ਜਾਣਦੀ ਹੈ ਖ਼ੂਬ ਇਨ੍ਹਾਂ ਦਾ ਇਸਤੇਮਾਲ*

*ਜੋ ਭਖਾਉਂਦੀ ਕੋਲਿਆਂ ਨੂੰ ਮੱਚਦੇ ਅਖ਼ਬਾਰਾਂ ਦੇ ਨਾਲ*

*ਪੜ੍ਹਿਆ ਕਰ ਉਹ ਪੋਥੀਆਂ ਵੀ ਪਾਉਣ ਜੋ ਸੀਨੇ ਨੂੰ ਠੰਢ*

*ਰੱਤ ਨਾ ਅਪਣੀ ਸਾੜਿਆ ਕਰ ਐਵੇ ਅਖ਼ਬਾਰਾਂ ਦੇ ਨਾਲ*

(*ਸੁਰਜ਼ਮੀਨ* 49)

ਤਕਨੀਕੀ ਵਿਕਾਸ ਨੇ ਅਥਾਹ ਉਤਪਾਦਾਂ ਨੂੰ ਸੇਵਾਵਾਂ ਵਿੱਚ ਮਨੁੱਖੀ ਸੁੱਖ-ਸੁਵਿਧਾ ਦੇ ਰੂਪ ਵਿੱਚ ਪੇਸ਼ ਕੀਤਾ ਹੈ। ਸੰਚਾਰ ਅਤੇ ਸ਼ੋਸ਼ਲ ਮੀਡੀਆ ਦੀਆਂ ਸੇਵਾਵਾਂ ਨੇ ਮਨੁੱਖ ਨੂੰ ਅਜਿਹੇ ਵਧੇਰੇ ਕਾਰਜਾਂ ਵਿੱਚ ਮਨੁੱਖੀ ਊਰਜਾ ਤੇ ਪੈਸੇ ਦੀ ਬੱਚਤ ਦਾ ਅਵਸਰ ਪ੍ਰਦਾਨ ਕੀਤਾ ਹੈ। ਜਿਸ ਵਿੱਚ ਪਹਿਲਾਂ ਵਧੇਰੇ ਪੈਸਾ ਅਤੇ ਊਰਜਾ ਖਰਚ ਕਰਨੀ ਪੈਂਦੀ ਸੀ। ਇਸੇ ਕਾਰਨ ਅਜੋਕੇ ਸੰਦਰਭ ਵਿੱਚ ਮਨੁੱਖ ਵਧੇਰੇ ਪਦਾਰਥਾਂ ਦੀ ਪ੍ਰਾਪਤੀ ਦੀ ਹੋੜ ਵਿੱਚ ਹੈ ਤਾਂ ਜੋ ਜੀਵਨ ਨੂੰ ਹੋਰ ਵੀ ਸੁਖਾਲਾ ਬਣਾਇਆ ਜਾ ਸਕੇ। ਕਾਰਾਂ, ਮੋਟਰ-ਸਾਈਕਲ, ਆਵਾਜਈ ਦੇ ਸਾਧਨ, ਟੂਲ, ਮਸ਼ੀਨਾਂ, ਏਅਰਕੰਡੀਸ਼ਨਰ, ਮੋਬਾਈਲ, ਕੰਪਿਊਟਰ ਅਤੇ ਹੋਰ ਲੱਖਾਂ ਉਤਪਾਦ ਅਤੇ ਮਸ਼ੀਨਾਂ ਆਦਿ ਅਨੇਕਾਂ ਵਸਤਾਂ ਹਨ, ਜਿਨ੍ਹਾਂ ਨੇ ਮਨੁੱਖੀ ਜੀਵਨ ਨੂੰ ਬੇਹੱਦ ਸੁਖਾਲਾ ਤੇ ਸਹਿਜ ਬਣਾ ਦਿੱਤਾ ਹੈ ਪਰ ਚਿੰਤਾ ਦਾ ਵਿਸ਼ਾ ਇਹ ਹੈ ਕਿ ਇਹਨਾਂ ਸੁੱਖ-ਸਹੂਲਤਾਂ ਦੀ ਵਧੇਰੇ ਪ੍ਰਾਪਤੀ ਨੇ ਮਨੁੱਖ ਨੂੰ ਲੋਭੀ, ਲਾਲਚੀ ਅਤੇ ਚਾਲਬਾਜ਼ ਲੋਟੂ ਬਣਾ ਦਿੱਤਾ ਹੈ। ਸਮਕਾਲੀ ਪੰਜਾਬੀ ਕਵਿਤਾ ਵਿੱਚ ਅਜੋਕੇ ਮਨੁੱਖ ਦੀ ਦਾਸਤਾਂ ਨੂੰ ਜਸਵੰਤ ਜ਼ਫ਼ਰ ਵਰਗੇ ਕਵੀਆਂ ਨੇ ਆਪਣੀ ਕਾਵਿ-ਅਭਿਵਿਅਕਤੀ ਦੁਆਰਾ ਇੰਞ ਸਾਹਮਣੇ ਲਿਆਂਦਾ ਹੈ:

*ਸੜਕ-*

*ਜਿਸ 'ਤੇ ਮੈਂ ਹੀ ਕਾਰ ਨਹੀਂ ਚਲਾਉਂਦਾ*

*ਕਾਰ ਵੀ ਮੈਨੂੰ ਚਲਾਉਂਦੀ ਹੈ*

*ਬਾਜ਼ਾਰ-*

*ਜਿਥੇ ਮੈਂ ਹੀ ਪੈਸਾ ਨਹੀਂ ਖ਼ਰਚਦਾ*

*ਪੈਸੇ ਵੀ ਮੈਨੂੰ ਖ਼ਰਚਦੇ ਹਨ*

*ਘਰ-*

*ਜਿੱਥੇ ਮੈਂ ਹੀ ਰੋਟੀ ਨਹੀਂ ਖਾਂਦਾ*

*ਰੋਟੀ ਵੀ ਮੈਨੂੰ ਖ਼ਾਂਦੀ ਰਹਿੰਦੀ ਹੈ*

*ਦਫ਼ਤਰ-*

*ਜਿੱਥੇ ਮੈਂ ਹੀ ਕੁਰਸੀ ਤੇ ਨਹੀਂ ਬੈਠਦਾ*

*ਕੁਰਸੀ ਵੀ ਮੇਰੇ 'ਤੇ ਬੈਠਦੀ ਹੈ*

(*ਅਸੀਂ ਨਾਨਕ ਦੇ ਕੀ ਲੱਗਦੇ ਹਾਂ* 79)

ਅਜੋਕੇ ਮਨੁੱਖ ਦੀ ਤ੍ਰਾਸਦੀ ਇਹ ਨਹੀਂ ਹੈ ਕਿ ਉਹ ਵਸਤੂਆਂ ਨਾਲ ਵਧੇਰੇ ਪਿਆਰ ਕਰਦਾ ਹੈ, ਸਗੋਂ ਮਨੁੱਖ ਦੀ ਬਦਨਸੀਬੀ ਇਹ ਹੈ ਕਿ ਉਸ ਨੂੰ ਇਹ ਗਿਆਨ ਨਹੀਂ ਹੈ ਕਿ ਉਸ ਨੂੰ ਕਿੰਨਾ ਚਾਹੀਦਾ ਹੈ? ਉਸ ਨੇ ਆਪਣੀਆਂ ਲੋੜਾਂ ਨੂੰ ਅਸੀਮ ਬਣਾ ਰੱਖਿਆ ਹੈ ਜਦਕਿ ਇਹ ਸੰਸਾਰ ਸਥਿਰ ਨਹੀਂ ਹੈ। ਵਿਕਸਿਤ ਹੋਣਾ ਜੀਵਨ ਦਾ ਸਕਾਰਾਤਮਕ ਚਿੰਨ੍ਹ ਹੈ ਪੰਤੂ ਵਿਕਾਸ ਦਾ ਪ੍ਰਕਿਤੀ ਨਾਲ ਤਾਲਮੇਲ ਹੋਣਾ ਲਾਜ਼ਮੀਂ ਹੈ। ਮੁੱਢ ਤੋਂ ਹੁਣ ਤੱਕ ਦਾ ਸਫ਼ਰ ਵਿਕਾਸ ਦਾ ਹੀ ਸਿੱਟਾ ਹੈ। ਮਨੁੱਖ ਵਸਤੂਆਂ ਦੇ ਚੱਕਰਵਿਊ ਵਿੱਚ ਅਜਿਹਾ ਉਲਝ ਗਿਆ ਹੈ, ਕਿ ਉਸ ਨੂੰ ਗਿਆਨ ਨਹੀਂ ਹੈ ਕਿ ਉਹ ਕਿਸ ਦਲਦਲ ਵਿੱਚ ਧੱਸਿਆ ਜਾ ਰਿਹਾ ਹੈ। ਮਨੁੱਖ ਤੋਂ ਮਨੁੱਖ ਦਰਮਿਆਨ ਪਾੜ ਦਾ ਮੁੱਖ ਕਾਰਨ ਹੋਰ ਕੋਈ ਨਹੀਂ ਹੈ ਸਗੋਂ ਲੋੜ ਤੋਂ ਵਧੇਰੇ ਪ੍ਰਾਪਤੀ ਦੀ ਲਾਲਸਾ ਹੈ। ਇਸੇ ਲਾਲਸਾ ਸਦਕਾ ਉਹ ਪਦਾਰਥਵਾਦੀ ਵਸਤਾਂ ਨਾਲ ਬਹੁਤ ਮੋਹ ਪਾ ਲੈਂਦਾ ਹੈ ਅਤੇ ਅਜਿਹੇ ਮੋਹ ਨੇ ਮਨੁੱਖੀ ਜੀਵਨ ਨੂੰ ਬਿਲਕੁਲ ਉਥਲ-ਪੁਥਲ ਕਰ ਦਿੱਤਾ ਹੈ। ਇਹ ਵਰਤਾਰਾ ਮਨੁੱਖ ਨੂੰ ਉਸ ਦੇ ਅੰਤ ਵੱਲ ਤੋਰ ਰਿਹਾ ਹੈ। ਪ੍ਰਮਾਣ ਵਜੋਂ:

*ਚੀਜਾਂ-ਵਸਤਾਂ, ਰਿਸ਼ਤੇ ਨਾਤੇ ਤਿਲਕਣ ਪੈਦਾ ਕਰਦੇ ਨੇ,*

*ਡਿੱਗਣ ਤੱਕ ਇਹੀ ਲਗਦਾ ਹੈ, ਸ਼ਾਇਦ ਬਹੁਤੀ ਢਾਲ ਨਹੀਂ।*

*ਪੈੜਾਂ ਮਿੱਟੀ 'ਤੇ ਰਹਿ ਗਈਆਂ, ਮਿੱਟੀ ਕਣ-ਕਣ ਬਿਖ਼ਰ ਗਈ,*

*ਜਿਸ ਰਾਹੋਂ ਮੈਂ ਆਇਆ, ਕੁਝ ਵੀ ਆਇਆ ਮੇਰੇ ਨਾਲ ਨਹੀਂ।*

(ਗੁਰਤੇਜ ਕੋਹਾਰਵਾਲਾ, *ਪਾਣੀ ਦਾ ਹਾਸ਼ੀਆ* 57)

ਸੱਭਿਅਤਾ ਦੇ ਵਿਕਾਸ ਨੇ ਜਿੱਥੇ ਮਨੁੱਖ ਨੂੰ ਜੰਗਲੀ ਤੋਂ ਸੱਭਿਅਕ ਹੋਣ ਦਾ ਮਾਣ ਪ੍ਰਦਾਨ ਕੀਤਾ ਹੈ। ਉੱਥੇ ਸਮਕਾਲੀ ਦੌਰ ਵਿੱਚ ਪ੍ਰਕਿਰਤੀ ਨਾਲੋਂ ਵੀ ਤੋੜਿਆ ਹੈ। ਆਦਿ ਮਨੁੱਖ ਆਪਣੀਆਂ ਹਰ ਲੋੜਾਂ ਲਈ ਪ੍ਰਕਿਰਤੀ 'ਤੇ ਹੀ ਨਿਰਭਰ ਕਰਦਾ ਸੀ। ਜਿਉਂ-ਜਿਉਂ ਮਨੁੱਖੀ ਸੱਭਿਅਤਾ ਨੇ ਵਿਕਾਸ ਦੀਆਂ ਸਿਖਰਾਂ ਨੂੰ ਛੂਹਣਾ ਆਰੰਭ ਕੀਤਾ ਨਾਲ ਹੀ ਮਨੁੱਖ ਦੀਆਂ ਲੋੜਾਂ ਵਿੱਚ ਵੀ ਵਾਧਾ ਹੁੰਦਾ ਗਿਆ। ਮਨੁੱਖ ਪ੍ਰਕਿਰਤੀ ਤੋਂ ਟੁੱਟ ਕੇ ਬਣਾਉਟੀ ਸਾਧਨਾਂ ਦਾ ਆਸਰਾ ਤੱਕਣ ਲੱਗ ਪਿਆ ਹੈ। ਬਾਜ਼ਾਰੀਕਰਨ, ਮੰਡੀਕਰਨ ਅਤੇ ਸ਼ਹਿਰੀਕਰਨ ਦਾ ਜਨਮ ਹੋਇਆ ਜੋ ਸਮਕਾਲੀ ਦੌਰ ਦੇ ਕੇਂਦਰ ਬਿੰਦੂ ਆਖੇ ਜਾ ਸਕਦੇ ਹਨ। ਸਮਕਾਲੀ ਪੰਜਾਬੀ ਕਵਿਤਾ ਵਿੱਚ ਅਜਿਹੇ ਸਮਾਜ ਦਾ ਬਿੰਬ ਸਾਫ ਝਲਕਾਰੇ ਮਾਰਦਾ ਦਿਖਾਈ ਦਿੰਦਾ ਹੈ:

*ਪੰਛੀ ਉਡ ਲੈਂਦਾ ਜਦ ਚਾਹੁੰਦਾ*

*ਸਾਨੂੰ ਪੈਣ ਜਹਾਜ਼ੀ ਕਜੀਏ*

*ਸੋਹਣਾ ਘਰ ਆਪ ਬਣਾਉਂਦਾ*

*ਅਸੀਂ ਸੌ ਸੌ ਮਿਸਤਰੀ ਸੱਦੀਏ*

*ਉਸ ਸਭ ਕਰਦਾ ਢਿੱਡ ਭਾਉਂਦਾ*

*ਅਸੀਂ ਸੰਗਲ ਸਮਾਜੀ ਬੱਝੀਏ*

(ਜਸਵੰਤ ਜ਼ਫ਼ਰ, *ਅਸੀਂ ਨਾਨਕ ਦੇ ਕੀ ਲੱਗਦੇ ਹਾਂ* 69)

ਤਕਨੀਕੀ ਵਿਕਾਸ ਅਤੇ ਸੂਚਨਾ ਕ੍ਰਾਂਤੀ ਦੇ ਦੌਰ ਨੇ ਸਮਕਾਲੀ ਪੰਜਾਬੀ ਸਮਾਜ ਨੂੰ ਬੇਹੱਦ ਤੇਜ਼ ਅਤੇ ਤੀਬਰ ਗਤੀ ਪ੍ਰਦਾਨ ਕੀਤੀ ਹੈ। ਅਜਿਹੀ ਤੇਜ਼ੀ ਅਤੇ ਤੀਬਰਤਾ ਨੇ ਸਮਾਜਿਕ ਜੀਵਨ ਉਪਰ ਆਪਣਾ ਡੂੰਘਾਂ ਪ੍ਰਭਾਵ ਪਾਇਆ ਹੈ ਅਤੇ ਸਮਕਾਲੀ ਪੰਜਾਬੀ ਕਵਿਤਾ ਨੇ ਸਮਾਜ ਦੀ ਅਜਿਹੀ ਤੀਬਰਤਾ ਨੂੰ ਉਜਾਗਰ ਕੀਤਾ ਹੈ। ਤਕਨੀਕੀ ਗਿਆਨ ਨੇ ਪੁਰਾਤਨ ਮਾਨਤਾਵਾਂ ਨੂੰ ਖੰਡਿਤ ਹੀ ਨਹੀਂ ਕੀਤਾ ਸਗੋਂ ਨਵੇਂ ਸੰਕਲਪਾਂ ਨੂੰ ਵੀ ਪੇਸ਼

ਕੀਤਾ ਹੈ। ਸੂਚਨਾ ਕ੍ਰਾਂਤੀ ਨੇ ਬ੍ਰਹਿਮੰਡ ਬਾਰੇ ਗਿਆਨ ਨੂੰ ਸਪਸ਼ਟ ਕੀਤਾ ਹੈ, ਵਰਤਾਰਿਆਂ ਨੂੰ ਸਮਝਣ ਦਾ ਅਵਸਰ ਪ੍ਰਦਾਨ ਕੀਤਾ ਹੈ, ਤਕਨੀਕੀ ਵਿਕਾਸ ਨੇ ਗਿਆਨ ਅਤੇ ਸੂਚਨਾ ਹਾਸਲ ਕਰਨ ਦਾ ਇੰਟਰਨੈਟ ਵਜੋਂ ਇੱਕ ਉੱਤਮ ਸਰੋਤ ਵੀ ਪ੍ਰਦਾਨ ਕੀਤਾ ਹੈ ਪ੍ਰੰਤੂ ਮਨੁੱਖ ਦੀ ਹੋਣੀ ਇਹ ਹੈ ਕੀ ਅਜਿਹੇ ਮਾਹੌਲ ਨੇ ਉਸਦੇ ਜੀਵਨ ਨੂੰ ਭਟਕਣ ਅਤੇ ਲਾਲਸਾ ਦੇ ਚੱਕਰ ਵਿੱਚ ਉਲਝਾ ਕੇ ਰੱਖ ਦਿੱਤਾ ਹੈ। ਸਮਕਾਲੀ ਸਮਾਜ ਦੀ ਅਜਿਹੀ ਭਟਕਣ ਨੂੰ ਸਮਕਾਲੀ ਪੰਜਾਬੀ ਕਵਿਤਾ ਦੇ ਝਰੋਖੇ ਵਿੱਚੋਂ ਸਪਸ਼ਟ ਦੇਖਿਆ ਜਾ ਸਕਦਾ ਹੈ।

**ਅਜੋਕੀ ਜੀਵਨ-ਸ਼ੈਲੀ ਦੇ ਸੰਘਰਸ਼ ਤੇ ਤਨਾਓ ਦਾ ਪਿਛੋਕੜ:**

ਸਮਕਾਲੀ ਦੌਰ ਦੀ ਸਮਾਜਿਕ ਸਥਿਤੀ ਬਾਰੇ ਗੱਲ ਕਰਦਿਆਂ ਸਭ ਤੋਂ ਪਹਿਲਾਂ ਵਰਤਮਾਨ ਸਮੇਂ ਮਨੁੱਖ ਦੀ 'ਵਿਅਸਥ ਜੀਵਨ-ਸ਼ੈਲੀ' ਵੱਲ ਧਿਆਨ ਜਾਂਦਾ ਹੈ ਕਿ ਕਿਸ ਤਰ੍ਹਾਂ ਮਨੁੱਖ ਸਭ ਕੁਝ ਹੁੰਦਿਆਂ ਹੋਇਆ ਵੀ ਹੋਰ ਵਧੇਰੇ ਤੋਂ ਵਧੇਰੇ ਪ੍ਰਾਪਤ ਕਰਨ ਦੀ ਹੋੜ ਵਿੱਚ ਲੱਗਿਆ ਹੋਇਆ ਹੈ। ਅਜਿਹੀ ਮਨੁੱਖੀ ਹੋਣੀ ਦਾ ਮੂਲ ਕਾਰਨ ਸਮਕਾਲੀ ਮਨੁੱਖ ਦੀ ਵਿਗਿਆਨਕ ਚੇਤਨਾ ਹੀ ਹੈ। ਇਸੇ ਸੰਦਰਭ ਵਿੱਚ ਪ੍ਰੋ. ਰਾਜਬੀਰ ਕੌਰ ਦਾ ਵਿਚਾਰ ਹੈ:

> *ਚਾਰਲਸਜ਼ ਡਾਰਵਿਨ ਨੇ ਜੀਵ-ਜੰਤੂਆਂ ਦੇ ਵਿਕਾਸ (Origin of Species) ਦਾ ਨਵਾਂ ਸਿਧਾਂਤ ਪੇਸ਼ ਕਰ ਕੇ ਅਚੰਭਿਤ ਕਰ ਦਿੱਤਾ ਸੀ। ਉਸ ਨੇ ਇਹ ਧਾਰਨਾ ਪੇਸ਼ ਕਰ ਦਿੱਤੀ ਕਿ ਧਰਤੀ ਉੱਪਰ ਰਹਿਣ ਵਾਲੇ ਸਾਰੇ ਜੀਵ ਜੰਤੂਆਂ ਦਾ ਵਿਕਾਸ ਹੋਇਆ ਹੈ ਅਤੇ ਅਮੀਬਾ ਤੋਂ ਲੈ ਕੇ ਅਜੋਕੇ ਮਨੁੱਖ ਤੱਕ ਵਿਕਾਸ ਦੀ ਇੱਕ ਲੰਬੀ ਪ੍ਰਕਿਰਿਆ ਚੱਲਦੀ ਰਹੀ ਹੈ।*
>
> (*ਪੰਜਾਬੀ ਸਾਹਿਤ ਦਾ ਇਤਿਹਾਸ* 49)

ਡਾਰਵਿਨ ਦੇ ਇਸ ਵਿਚਾਰ ਨੇ ਪਰਮਾਤਮਾ ਦੀ ਸਰਬ-ਸ਼ਕਤੀਮਾਨਤਾ 'ਤੇ ਸਵਾਲੀਆ ਚਿੰਨ੍ਹ ਲਗਾ ਦਿੱਤਾ। ਇਸ ਵਿਗਿਆਨਿਕ ਚੇਤਨਾ ਨੇ ਮਨੁੱਖ ਨੂੰ ਕਿਸਮਤ, ਪਾਪ, ਪੁੰਨ, ਸਜ਼ਾ, ਸਵਰਗ, ਨਰਕ ਆਦਿ ਤੋਂ ਨਿਜ਼ਾਤ ਦਿਵਾ ਕੇ ਖ਼ੁਦ ਮਿਹਨਤ ਅਤੇ ਸੰਘਰਸ਼ ਕਰਕੇ ਪ੍ਰਸਥਿਤੀਆਂ ਨੂੰ ਆਪਣੇ ਅਨੁਕੂਲ ਢਾਲਣ ਦਾ ਸਬਕ ਸਿਖਾ ਦਿੱਤਾ। ਵਿਗਿਆਨ ਨੇ ਇੱਕ ਦੋ ਸਦੀਆਂ ਵਿੱਚ ਹੀ ਏਨੀ ਤਰੱਕੀ ਕਰ ਲਈ ਕਿ ਮਨੁੱਖ ਨੂੰ ਅਨੇਕਾਂ

ਵਸਤੂਆਂ ਦੀ ਸੁੱਖ ਸੁਵਿਧਾ ਪ੍ਰਦਾਨ ਕਰ ਦਿੱਤੀ। ਅਜਿਹੀ ਵਿਗਿਆਨਕ ਚੇਤਨਾ ਨਾਲ ਭੌਤਿਕ ਵਿਗਿਆਨ ਦਾ ਜਨਮ ਹੋਇਆ ਜਿਸ ਨੇ ਮਨੁੱਖ ਨੂੰ ਵੱਧ ਤੋਂ ਵੱਧ ਸੁੱਖ ਸੁਵਿਧਾਵਾਂ ਪ੍ਰਾਪਤ ਕਰਨ ਦੀ ਹੋੜ ਵਿੱਚ ਲਗਾ ਦਿੱਤਾ। ਝੂਠੇ ਪਦਾਰਥਕ ਸਮਾਜ ਦੀ ਦੋੜ ਵਿੱਚ ਲੱਗੇ ਮਨੁੱਖ ਦੀ ਵਾਸਤਵਿਕਤਾ ਸਮਕਾਲੀ ਪੰਜਾਬੀ ਕਵਿਤਾ ਵਿੱਚ ਬਾਖ਼ੂਬੀ ਪੇਸ਼ ਹੋਈ ਹੈ। ਇਸੇ ਸੰਦਰਭ ਵਿੱਚ ਕਵੀ ਜਸਵੰਤ ਜ਼ਫ਼ਰ ਦੀਆਂ ਕੁਝ ਕਾਵਿ-ਸਤਰਾਂ ਇਸ ਤਰ੍ਹਾਂ ਹਨ:

*ਉਹ ਬੁੱਝ ਗਿਆ ਸਾਡੀ ਭੁੱਖ ਦੀ ਕਿਸਮ*

*ਟੋਹ ਲਏ ਸਾਡੇ ਮਨ ਮਗਜ਼ ਤੇ ਜਿਸਮ*

*ਉਹ ਸ਼ਾਤ ਸੀ ਬੇਫ਼ਿਕਰ ਸੀ ਖ਼ਾਮੋਸ਼ ਸੀ*

*ਤਦ ਸਾਡੇ ਅੱਗੇ ਦੌੜਦਾ ਇੱਕ ਨਕਲੀ ਖ਼ਰਗੋਸ਼ ਸੀ*

*ਖ਼ਰਗੋਸ਼ ਨਕਲੀ ਸੀ ਪਰ ਚਾਬੀ ਫ਼ੁੱਲ ਸੀ*

*ਜੋ ਮਗਰ ਦੌੜੇ ਸਾਡੀ ਭੁੱਲ ਸੀ*

*ਅਸੀਂ ਅਕਲਾਂ ਦੁੜਾਂ ਦੋੜੇ*

*ਪੂਛਾਂ ਤੁੜਾ ਦੌੜੇ*

*ਪੁੱਠ ਦੌੜੇ ਸਿੱਧ ਦੌੜੇ*

*ਆਖ਼ਿਰ ਹੰਭ ਗਏ ਟੁੱਟ ਗਏ*

*ਨਿੱਸਲ ਹੋ ਸਿਰ ਸੁੱਟ ਗਏ*

(*ਅਸੀਂ ਨਾਨਕ ਦੇ ਕੀ ਲੱਗਦੇ ਹਾਂ 74*)

ਕਵੀ ਜਸਵੰਤ ਜ਼ਫ਼ਰ ਨੇ 'ਸ਼ਹਿਰ' ਕਵਿਤਾ ਵਿੱਚ ਵੀ ਅਜੋਕੇ ਦੌਰ ਦੀ ਜੀਵਨ ਸ਼ੈਲੀ ਦੀ ਭਟਕਣ ਨੂੰ ਪੇਸ਼ ਕੀਤਾ ਹੈ। ਕਵੀ ਨੇ ਮਨੁੱਖ ਦੀ ਹੋਣੀ ਨੂੰ ਪੇਸ਼ ਕਰਦੇ ਹੋਏ ਸਪਸ਼ਟ ਕੀਤਾ ਹੈ ਕਿ:

*ਬੰਦੇ ਏਸ ਸ਼ਹਿਰ ਦੇ*

*ਦੌੜਾਕ ਅੱਠੇ ਪਹਿਰ ਦੇ*

*ਧੰਦਿਆਂ ਅੰਦਰ ਪਿੜਦੇ*

*ਪਹੀਆਂ ਵਾਂਗ ਗਿੜਦੇ*

*ਇੰਦਣਾਂ ਵਾਂਗ ਤਪਦੇ*

*ਵਸਤਾਂ ਵਾਂਗ ਖਪਦੇ* (76)

ਮਨੁੱਖ ਪ੍ਰਕਿਰਤੀ ਦਾ ਸ਼੍ਰੇਸ਼ਟ ਪ੍ਰਾਣੀ ਹੋਣ ਦਾ ਮਾਣ ਰੱਖਦਾ ਹੈ ਅਜਿਹਾ ਇਸ ਲਈ ਹੈ ਕਿ ਉਸ ਕੋਲ ਸੋਝੀ ਅਤੇ ਆਪਣੀ ਸੱਭਿਅਤਾ ਹੈ। ਮਨੁੱਖ ਦੇ ਸ਼ਿਕਾਰੀ ਤੋਂ ਕਿਸਾਨ ਬਣਨ ਦੇ ਨਾਲ ਹੀ ਸੱਭਿਅਤਾ ਦਾ ਆਰੰਭ ਹੋਇਆ ਮੰਨਿਆ ਜਾ ਸਕਦਾ ਹੈ। ਅਜੋਕੇ ਸੰਦਰਭ ਵਿੱਚ ਮਨੁੱਖੀ ਸੱਭਿਅਤਾ ਨੇ ਚੰਦ ਅਤੇ ਮੰਗਲ ਦੀ ਉਚਾਈ ਨੂੰ ਛੂਹਿਆ ਹੈ। ਅਜਿਹਾ ਕਾਰਨਾਮਾ ਕੇਵਲ ਮਨੁੱਖ ਹੀ ਕਰ ਸਕਦਾ ਸੀ ਕਿਉਂਕਿ ਉਹ ਇੱਕਲੋਤਾ ਪ੍ਰਾਣੀ ਹੈ ਜਿਸ ਕੋਲ ਚੇਤਨਾ ਸ਼ਕਤੀ ਹੈ। ਜਿਸ ਦੇ ਆਸਰੇ ਉਸ ਨੇ ਹਜ਼ਾਰਾਂ ਵਸਤਾਂ ਦਾ ਨਿਰਮਾਣ ਕਰਕੇ ਆਪਣੇ ਜੀਵਨ ਨੂੰ ਹੋਰ ਸੁਖਾਲਾ ਬਣਾਇਆ। ਅਨੇਕਾਂ ਜ਼ਰੂਰੀ ਅਤੇ ਗੈਰ-ਜ਼ਰੂਰੀ ਵਸਤਾਂ ਦਾ ਅਵਿਸ਼ਕਾਰ ਹੋਇਆ ਪਰ ਹੌਲੀ-ਹੌਲੀ ਇਹਨਾਂ ਵਸਤਾਂ ਦੇ ਅਵਿਸ਼ਕਾਰ ਨੇ ਮਨੁੱਖ ਨੂੰ ਲਾਲਚੀ, ਲੋਭੀ ਅਤੇ ਆਲਸੀ ਬਣਾ ਦਿੱਤਾ। ਕਵੀ ਜਸਵੰਤ ਜ਼ਫ਼ਰ ਨੇ ਮਨੁੱਖ ਦੀ ਅਜਿਹੀ ਲੋਭੀ ਤ੍ਰਾਸਦੀ ਨੂੰ ਆਪਣਾ ਕਾਵਿ ਸਰੋਕਾਰ ਬਣਾਇਆ ਅਤੇ ਇੱਕ ਅਣਗੌਲੇ ਸੱਚ ਨੂੰ ਪੇਸ਼ ਕੀਤਾ ਕਿ ਲਾਲਚੀ, ਲੋਭੀ, ਲੋਟੂ ਅਤੇ ਜਮਾਖ਼ਰ ਕੇਵਲ ਮਨੁੱਖ ਹੀ ਹੋ ਸਕਦਾ ਕੋਈ ਜਾਨਵਰ ਨਹੀਂ ਹੈ। ਪ੍ਰਮਾਣ ਵਜੋਂ:

*ਕਾਂ ਦੀ ਪਿਆਸ ਤਾਂ ਠੀਕ ਸੀ*

*ਪਰ ਕੁੱਤਾ ਕਦੋਂ ਲਾਲਚੀ ਹੁੰਦਾ*

*ਆਪਣੀ ਖਾਧੇ ਬਿਨਾਂ*

*ਦੂਜੇ ਦੀ ਨਾ ਖੋਂਹਦਾ*

*ਅਗਲੇ ਡੰਗ ਲਈ ਨਹੀਂ ਜੋੜਦਾ* (67)

ਸਮਕਾਲੀ ਦੌਰ ਵਿੱਚ ਵਿਗਿਆਨ ਅਤੇ ਅੰਤਰ-ਕੌਮੀ ਮੰਡੀ ਸੱਭਿਅਤਾ ਨੇ ਜਿਥੇ ਮਨੁੱਖੀ ਜੀਵਨ ਨੂੰ ਭਟਕਣ ਦੀ ਦਲਦਲ ਵਿੱਚ ਗਰਕਾਉਣ ਦੇ ਨਾਲ ਕਦਰਾਂ ਕੀਮਤਾਂ ਨੂੰ ਮਨਫ਼ੀ ਕੀਤਾ ਹੈ ਉਥੇ ਨਾਲ ਹੀ ਮਨੁੱਖ ਦੇ ਧਾਰਮਿਕ ਅਦਰਸ਼ਾਂ ਨੂੰ ਅੱਖੋਂ ਓਝਲ ਕਰ ਦਿੱਤਾ ਹੈ। ਸਮਕਾਲੀ ਮਨੁੱਖ 'ਗੁਰੂ ਨਾਨਕ ਦੇਵ' ਜੀ ਦੀ ਵਿਚਾਰਧਾਰਾ ਆਪਣੇ ਨਿੱਜੀ ਸੁਆਰਥ ਅਨੁਸਾਰ, ਮੰਡੀ ਸੱਭਿਅਤਾ ਦੇ ਪ੍ਰਭਾਵ ਅਧੀਨ ਢਾਲ ਕੇ ਝੂਠੀ ਸੰਤੁਸ਼ਟੀ ਦੇ ਵਹਿਮ ਵਿੱਚ ਹੈ। ਅਜੋਕਾ ਮਨੁੱਖ ਸ਼ਰਧਾਵਾਨ ਹੋਣ ਦਾ ਢੋਂਗ ਰਚਦਾ ਹੈ। ਉਹ ਆਪਣੀਆਂ ਦੁਕਾਨਾਂ ਜਾਂ ਹੱਟੀਆਂ ਅੱਗੇ ਗੁਰੂ ਨਾਨਕ ਦੇਵ ਜੀ ਦੀ ਤਸਵੀਰ ਤਾਂ ਲਾਉਂਦਾ ਹੈ ਪਰ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਆਪਣੇ ਜੀਵਨ ਵਿੱਚ ਲਾਗੂ ਨਹੀਂ ਕਰਦਾ ਜਿਸ ਕਾਰਨ ਇਹ ਸ਼ਰਧਾ ਪਖੰਡ ਪ੍ਰਤੀਤ ਹੁੰਦੀ ਹੈ। ਮਨੁੱਖ ਦਾ ਲੋਭੀ ਵਤੀਰਾ ਉਸ ਨੂੰ ਸਹੀ ਜਾਂ ਗਲਤ ਦਾ ਪ੍ਰਤੱਖਣ ਕਰਨ ਹੀ ਨਹੀਂ ਦੇ ਰਿਹਾ। ਕਵੀ ਜਸਵੰਤ ਜ਼ਫ਼ਰ ਨੇ 'ਗੁਰਮੁਖ ਸਿੰਘ' ਨਾਮਕ ਕਵਿਤਾ ਵਿੱਚ ਮਨੁੱਖ ਦੀ ਅਜਿਹੀ ਮਾਨਸਿਕਤਾ ਨੂੰ ਇਸ ਤਰ੍ਹਾਂ ਦ੍ਰਿਸ਼ਟੀਗੋਚਰ ਕੀਤਾ ਹੈ:

*ਗੁਰੂ ਨਾਨਕ ਫਲੋਰ ਮਿੱਲ ਵਾਲਾ ਸ. ਗੁਰਮੁਖ ਸਿੰਘ*

*ਗੁਰੂ ਨਾਨਕ ਦਾ ਬੜਾ ਸ਼ਰਧਾਵਾਨ ਹੈ*

*ਜਿਹੜੀ ਵੱਡੀ ਕੋਠੀ 'ਤੇ ਲਿਖਿਆ ਹੋਇਆ-*

*ਗੁਰੂ ਨਾਨਕ ਬਖ਼ਸ਼ਿਸ਼*

*ਉਹ ਉਸੇ ਦਾ ਮਕਾਨ ਹੈ*

*ਗੁਰੂ ਨਾਨਕ ਫਿਲਿੰਗ ਸਟੇਸ਼ਨ ਵੀ ਉਸਦਾ ਹੈ*

*ਪੈਸੇ ਨੂੰ ਪੈਸੇ ਦੀ ਖਿੱਚ ਹੈ*

...............

*ਗੁਰਮੁਖ ਸਿੰਘ ਤੇ ਬੜੀ ਮਿਹਰ ਹੈ ਓਸ ਗੁਰੂ ਦੀ*

*ਜਿਹਨਾਂ ਪਿਉ ਦੀ ਕਮਾਈ ਵੀ ਗੁਆ ਛੱਡੀ*

*ਕੋਈ ਬਿਜ਼ਨੈਸ ਕਰਨ ਦੀ ਬਜਾਏ*

*ਭੁੱਖੇ ਸਾਧੂਆਂ ਨੂੰ ਰੋਟੀ ਖੁਆ ਛੱਡੀ* (29)

ਸਮਕਾਲੀ ਸੱਭਿਅਤਾ ਦੀ ਵਿਗਿਆਨਕ ਅਤੇ ਪਦਾਰਥਕ ਤਰੱਕੀ ਨੇ ਮਨੁੱਖ ਨੂੰ ਅਨੇਕਾਂ ਪ੍ਰਕਾਰ ਦੀਆਂ ਸਰੀਰਕ ਅਤੇ ਮਾਨਸਿਕ ਸੁੱਖ ਸੁਵਿਧਾਵਾਂ ਪ੍ਰਦਾਨ ਕੀਤੀਆਂ ਹਨ ਅਤੇ ਲਗਾਤਾਰ ਵਿਗਿਆਨਕ ਤਰੱਕੀ ਨਾਲ ਇਹਨਾਂ ਸੁਵਿਧਾਵਾਂ ਵਿੱਚ ਦਿਨੋਂ-ਦਿਨ ਵਾਧਾ ਹੋ ਰਿਹਾ ਹੈ। ਮਨੁੱਖੀ ਸੱਭਿਅਤਾ ਦੀ ਇਸ ਉਨੱਤੀ ਨੇ ਮਨੁੱਖ ਦੇ ਮੱਧਕਾਲੀਨ ਅਧਿਆਤਮਕ ਆਦਰਸ਼ਾਂ ਨੂੰ ਆਧਾਰਹੀਣ ਹੀ ਨਹੀਂ ਕੀਤਾ ਸਗੋਂ ਸ਼ੱਕ ਦੇ ਘੇਰੇ ਵਿੱਚ ਵੀ ਲਿਆ ਖੜਾ ਕੀਤਾ ਹੈ। ਅਜਿਹੀ ਤਰੱਕੀ ਨੇ ਮਨੁੱਖੀ ਜੀਵਨ ਨੂੰ ਆਦਰਸ਼ਹੀਣ ਬਣਾ ਦਿੱਤਾ ਹੈ ਅਤੇ ਅਨੈਤਿਕਤਾ ਨੂੰ ਪਨਪਣ ਦਾ ਅਵਸਰ ਪ੍ਰਦਾਨ ਕੀਤਾ ਹੈ। ਲਾਲਚ-ਲੋਭ, ਬੇਗਾਨਾਪਨ, ਆਪ-ਮੂਲਕਤਾ, ਤੰਗਦਿਲੀ, ਹੈਕੜ, ਹੰਕਾਰ ਅਤੇ ਇਸ ਤਰ੍ਹਾਂ ਦੇ ਅਨੇਕਾਂ ਔਗੁਣਾਂ ਨੂੰ ਜਨਮ ਦਿੱਤਾ ਹੈ। ਅਜੋਕੇ ਸੰਦਰਭ ਦੀ ਤੰਗਦਿਲੀ ਨੂੰ ਬਿਆਨ ਕਰਦਾ ਹੋਇਆ ਸ਼ਾਇਰ ਗੁਰਤੇਜ ਲਿਖਦਾ ਹੈ:

*ਮੇਰਾ ਹੋਣਾ ਮੇਰੀ 'ਮੈਂ' ਦੇ ਖਿਲਾਰੇ ਤੋਂ ਵੀ ਪਰ੍ਹਾਂ ਹੈ।*

*ਜਿਵੇਂ ਦੁਨੀਆਂ ਕੋਈ, ਦਿਸਦੇ ਪਸਾਰੇ ਤੋਂ ਵੀ ਪਰ੍ਹਾਂ ਹੈ।*

*ਦਿਸ਼ਾ ਦਿੰਦੇ ਨੇ ਰਸਤਾ ਦੱਸਦੇ ਨੇ ਮੀਲ ਪੱਥਰ, ਪਰ,*

*ਸਫ਼ਰ ਕਿੰਨਾ, ਦਿਸ਼ਾਵਾਂ ਦੇ ਇਸ਼ਾਰੇ ਤੋਂ ਪਰ੍ਹਾਂ ਵੀ ਹੈ।*

(*ਪਾਣੀ ਦਾ ਹਾਸ਼ੀਆ* 66)

ਮਨ, ਬਿਰਤੀ, ਸੁਰਤ, ਬੁਧ ਆਦਿ ਮਨੁੱਖੀ ਚੇਤਨਾ ਨੂੰ ਜਨਮ ਦਿੰਦੇ ਹੋਏ ਮਨੁੱਖੀ ਵਿਵਹਾਰ ਅਤੇ ਸ਼ਖ਼ਸ਼ੀਅਤ ਨੂੰ ਉਕੇਰਦੀਆਂ ਹਨ ਪਰੰਤੂ ਵਰਤਮਾਨ ਸਮੇਂ ਦੀ ਸਭ ਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਮਨੁੱਖੀ ਚੇਤਨਾ ਉੱਪਰ ਨਿੱਜਤਾ ਭਾਰੂ ਹੈ, ਜਿਸ ਨੇ ਮਨੁੱਖ ਨੂੰ ਆਪਣੇ-ਆਪ ਤੱਕ ਹੀ ਸੀਮਤ ਕਰ ਦਿੱਤਾ ਹੈ। ਉਸ ਦੀ ਸੋਚ ਸੰਕੀਰਨ ਹੋ ਗਈ ਹੈ ਅਤੇ ਸਰਬੱਤ ਦੇ ਭਲੇ ਦੀ ਭਾਵਨਾ ਤੋਂ ਹੀਣ ਹੋ ਚੁੱਕੀ ਹੈ। ਉਹ ਆਪਣੇ ਲਾਭ ਲਈ ਦੂਜਿਆਂ 'ਤੇ ਚਿੱਕੜ ਉਛਾਲਣੋਂ ਵੀ ਕੰਨੀ ਨਹੀਂ ਕਤਰਾਉਂਦਾ। ਸਮਕਾਲੀ ਸ਼ਾਇਰ ਸੁਰਜੀਤ ਪਾਤਰ

ਅਜਿਹੀ ਪ੍ਰਸਥਿਤੀ ਨੂੰ ਆਪਣੀਆਂ ਕਾਵਿ-ਸਤਰਾਂ ਵਿੱਚ ਅਭਿਵਿਅਕਤੀ ਪ੍ਰਦਾਨ ਕਰਦੇ ਹੋਏ ਸਪਸ਼ਟ ਕਰਦੇ ਹਨ ਕਿ ਕਿਸ ਤਰ੍ਹਾਂ ਦੀ ਲੜਾਈ ਅਸੀਂ ਅਜੋਕੇ ਹਥਿਆਰਾਂ (ਸੰਚਾਰ ਮਾਧਿਅਮਾਂ) ਦੀ ਮਦਦ ਨਾਲ ਲੜਦੇ ਜਾ ਰਹੇ ਹਾਂ:

*ਉਹ ਸੁਆਣੀ ਜਾਣਦੀ ਹੈ ਖ਼ੂਬ ਇਨ੍ਹਾਂ ਦਾ ਇਸਤੇਮਾਲ*

*ਜੋ ਭਖਾਉਂਦੀ ਕੋਲਿਆਂ ਨੂੰ ਮੱਚਦੇ ਅਖ਼ਬਾਰਾਂ ਦੇ ਨਾਲ*

*ਪੜ੍ਹਿਆ ਕਰ ਉਹ ਪੋਥੀਆਂ ਵੀ ਪਾਉਣ ਜੋ ਸੀਨੇ ਨੂੰ ਠੰਢ*

*ਰੱਤ ਨਾ ਅਪਣੀ ਸਾੜਿਆ ਕਰ ਐਵੇ ਅਖ਼ਬਾਰਾਂ ਦੇ ਨਾਲ*

(*ਸੁਰਜ਼ਮੀਨ* 49)

**ਪਦਾਰਥਵਾਦੀ ਯੁੱਗ ਵਿੱਚ ਪੈਦਾ ਹੋਏ ਨਵੇਂ ਸੰਕਲਪ:**

ਅਜੋਕੇ ਵਿਗਿਆਨਕ ਯੁੱਗ ਵਿੱਚ ਤਕਨੀਕੀ ਵਿਕਾਸ ਨਾਲ ਮਨੁੱਖ ਜੀਵਨ ਦੇ ਵਿਕਾਸ ਦੀ ਚਾਲ 'ਚ ਬੇਹੱਦ ਤੇਜ਼ੀ ਆਈ ਹੈ। ਤਕਨੀਕੀ ਵਿਕਾਸ ਨੇ ਅੰਤਰਰਾਸ਼ਟਰੀ ਸੰਚਾਰ ਨੂੰ ਸੰਭਵ ਬਣਾ ਕੇ 'ਕਾਰਜ ਸਥਾਨ' ਭਾਵ ਰੋਜ਼ਗਾਰ ਦੇ ਖੇਤਰ ਵਿੱਚ ਵਿਸ਼ਾਲਤਾ (ਅੰਤਰ-ਰਾਸ਼ਟਰੀ ਵਪਾਰ) ਪ੍ਰਦਾਨ ਕੀਤੀ ਹੈ ਜਿਸ ਨਾਲ ਰੋਜ਼ਗਾਰ ਲਈ ਦੂਰੀ 'ਤੇ ਕੰਮ ਕਰਨਾ ਸੰਭਵ ਹੋਇਆ ਪਰ ਵਾਸਤਵ ਵਿੱਚ ਰੋਜ਼ਗਾਰ ਦੀਆਂ ਸੰਭਾਵਨਾਵਾਂ ਵਿੱਚ ਵਾਧੇ ਨਾਲ ਮਨੁੱਖੀ ਜੀਵਨ ਹੋਰ ਵੀ ਗੁੰਝਲਦਾਰ ਹੋਇਆ ਪ੍ਰਤੀਤ ਹੁੰਦਾ ਹੈ ਜਿਸ ਸਦਕਾ ਪੰਜਾਬੀ ਕਵੀਆਂ ਨੇ ਆਪਣੀਆਂ ਕਵਿਤਾਵਾਂ ਵਿੱਚ ਤਕਨੀਕੀ ਵਿਕਾਸ ਦੇ ਚੰਗੇ ਅਤੇ ਮਾੜੇ ਪੱਖਾਂ ਨੂੰ ਕਬੂਲਦਿਆਂ ਹੋਇਆ ਮਨੁੱਖੀ ਜਨ-ਜੀਵਨ 'ਤੇ ਪੈ ਰਹੇ ਇਹਨਾਂ ਦੇ ਨਾਕਾਰਾਤਮਕ ਤੇ ਸਕਾਰਾਤਮਕ ਪ੍ਰਭਾਵਾਂ ਨੂੰ ਆਪਣਾ ਕਾਵਿ-ਸਰੋਕਾਰ ਬਣਾਇਆ ਹੈ। ਸਮਕਾਲੀ ਪੰਜਾਬੀ ਕਵਿਤਾ ਵਿੱਚ ਮਨੁੱਖੀ ਜੀਵਨ ਦੇ ਕਈ ਪੱਖਾਂ ਵਿੱਚ ਤਕਨੀਕੀ ਸਾਧਨਾਂ ਦੀ ਪੇਸ਼ਕਾਰੀ ਨਜ਼ਰ ਆਉਂਦੀ ਹੈ। ਉਦਾਹਰਨ ਵੱਜੋਂ:

*ਤੇਸਾ ਆਰੀ ਗੁਨੀਆ*

*ਰਮਦਾ ਬਰਮੀ ਨਾਲ਼ੇ ਕਮਾਨ*

*ਭਰੇ ਘਰ ਅੰਦਰ ਖੂੰਜੇ ਇੱਕ*

*ਬੰਦ ਪੇਟੀ*

*ਦਾਦੇ ਦੇ ਸੰਦ ਸਾਹ ਲੈਣ*

............

*ਪਹੀਆ ਗਿੜ੍ਹਦਾ*

*ਪਹਿਆ ਰਿੜ੍ਹਦਾ*

*ਤੁਰ ਪਿਆ ਸੰਸਾਰ* (ਗੁਰਪ੍ਰੀਤ, *ਓਕ* 40)

ਉਪਰੋਕਤ ਵਿਚਾਰ ਅਨੁਸਾਰ ਸਮਕਾਲੀ ਪੰਜਾਬੀ ਕਵੀ ਗੁਰਤੇਜ ਕੋਹਾਰਵਾਲਾ ਵੀ ਰੋਜ਼ਗਾਰ ਦੀਆਂ ਸੰਭਾਵਨਾਵਾਂ ਵਿੱਚ ਵਾਧੇ ਨਾਲ ਮਨੁੱਖੀ ਜੀਵਨ ਦੀ ਗੁੰਝਲਤਾ ਨੂੰ ਆਪਣੀਆਂ ਇਹਨਾਂ ਨਿਮਨਲਿਖਤ ਸਤਰਾਂ ਨਾਲ ਪੇਸ਼ ਕਰਦੇ ਹੋਏ ਮਨੁੱਖ ਦੀ ਵਧੇਰੇ ਪ੍ਰਾਪਤੀ ਦੀ ਲਾਲਸਾ ਨੂੰ ਦ੍ਰਿਸ਼ਟੀਮਾਨ ਕਰਦੇ ਹਨ:

*ਮੇਰੀ ਖ਼ਾਤਰ ਰੇਤ, ਰੁਪੱਈਏ, ਪੱਥਰ, ਚੀਜ਼ਾਂ, ਢੇਰ ਬੜੇ ਸਨ,*

*ਪਰ ਮੈਂ ਥੋੜੀ ਛਾਂ ਲਭਦਾ ਸਾਂ, ਚੁਲੀ ਪਾਣੀ ਹੀ ਲੈਣਾ ਸੀ।*

(*ਪਾਣੀ ਦਾ ਹਾਸ਼ੀਆ* 13)

ਵਿਸ਼ਵੀਕਰਨ ਅਤੇ ਮੰਡੀ ਨੇ ਮਨੁੱਖ ਤੋਂ ਉਸ ਦੀ ਪਛਾਣ ਖੋਹ ਕੇ ਉਸ ਨੂੰ ਅਤੇ ਉਸ ਦੀ ਸਿਰਜਣਾ ਨੂੰ ਵਿਕਣ ਯੋਗ ਵਸਤੂ ਉਤਪਾਦਨ ਵਿੱਚ ਤਬਦੀਲ ਕਰ ਦਿੱਤਾ ਹੈ। ਪੂੰਜੀ ਅਤੇ ਵਸਤਾਂ ਜਦੋਂ ਮਨੁੱਖ ਨੂੰ ਹੰਢਾਉਣ ਲੱਗ ਜਾਣ ਤਾਂ ਉਸਦੀ ਸਿਰਜਣਾ ਹੀ ਉਸ ਦੇ ਪੈਰਾਂ ਦੀ ਬੇੜੀ ਬਣ ਜਾਂਦੀ ਹੈ। ਮੰਡੀ ਦੇ ਅਜਿਹੇ ਲੋਟੂ ਵਰਤਾਰੇ ਨੇ ਮਨੁੱਖ ਨੂੰ ਉਸ ਦੀ ਬਣਦੀ ਮਿਹਨਤ ਦਾ ਹੱਕਦਾਰ ਹੀ ਨਹੀਂ ਰਹਿਣ ਦਿੱਤਾ। ਕਿਸਾਨੀ ਜਾ ਹੋਰ ਛੋਟੇ ਪੱਧਰ ਦੇ ਕਿਰਤੀ ਵੱਡੇ ਸ਼ਾਹੂਕਾਰਾਂ, ਪੂੰਜੀਪਤੀਆਂ ਜਾਂ ਮੰਡੀ ਦੀ ਚਾਲ ਵਿਚ ਫਸ ਇਸ ਤਰ੍ਹਾਂ ਕਰਜੇ ਦੇ ਬੋਝ ਹੇਠਾਂ ਦੱਬੇ ਜਾਂਦੇ ਹਨ ਕਿ ਜਿਸ ਦਾ ਅੰਜਾਮ ਖੁਦਕੁਸ਼ੀਆਂ ਤੋਂ ਇਲਵਾ ਹੋਰ ਕੋਈ ਨਹੀਂ ਬਚਦਾ ਇਸੇ ਸੰਦਰਭ ਵਿਚ ਸਮਕਾਲੀ ਪੰਜਾਬੀ ਕਵੀ ਸੁਰਜੀਤ ਪਾਤਰ ਲਿਖਦਾ ਹੈ ਕਿ:

*ਅਸੀਂ ਖੇਤ ਜੋ ਖ਼ੁਸ਼ੀਆਂ ਬੀਜੀਆਂ*

*ਬਣ ਖ਼ੁਦਕੁਸ਼ੀਆਂ ਕਿਉਂ ਉੱਗੀਆਂ*

*ਇਹ ਰੁੱਤ ਹੈ ਕਿਹੜੇ ਤੌਰ ਦੀ*

*ਇਹ ਮੌਸਮ ਕਿਸ ਹਿਸਾਬ ਦਾ*

(*ਚੰਨ ਸੂਰਜ ਦੀ ਵਹਿੰਗੀ* 55)

ਸਮਕਾਲੀ ਪੰਜਾਬੀ ਕਵੀਆਂ ਦੀ ਚੇਤਨਾ ਦੇ ਸਨਮੁੱਖ ਵਰਤਮਾਨ ਦੌਰ ਵਿਚ ਮਨੁੱਖੀ ਯਥਾਰਥ ਦੇ ਅਨੇਕਾਂ ਨਵੇਂ ਪਾਸਾਰ ਦ੍ਰਿਸ਼ਟੀਗੋਚਰ ਹੋਏ ਹਨ ਜਿਨ੍ਹਾਂ ਦੇ ਨਤੀਜੇ ਵਜੋਂ ਕਵੀਆਂ ਨੇ ਸਮਕਾਲੀ ਯਥਾਰਥ ਦੇ ਅਣਗੌਲੇ ਅਤੇ ਅਣਛੋਹੇ ਸਰੋਕਾਰਾਂ ਨੂੰ ਰੂਪਮਾਨ ਕੀਤਾ ਹੈ। ਮੰਡੀ ਦੀ ਚਕਾਚੌਂਧ, ਖਪਤ ਦੇ ਅਗਿਆਨ ਵਿਸਫੋਟ 'ਚ ਚੁੰਧਿਆਈਆਂ ਅੱਖਾਂ ਵਸਤੂਆਂ ਦੇ ਵਰਤਾਰਿਆਂ ਨੂੰ ਠੀਕ ਤਰ੍ਹਾਂ ਨਹੀਂ ਦੇਖ ਸਕਦੀਆਂ। ਅਜੋਕੇ ਮੰਡੀ ਵਰਤਾਰੇ ਵਿੱਚ ਮਨੁੱਖ ਆਪਣੀ ਮਰਜ਼ੀ ਦਾ ਮਾਲਕ ਜਾਂ ਸਿਰਜਣਹਾਰ ਨਹੀਂ ਰਿਹਾ ਸਗੋਂ ਬੇਵੱਸ ਉਪਭੋਗੀ ਬਣ ਗਿਆ ਹੈ। ਵਸਤੂਆਂ ਨੂੰ ਭੋਗਣ ਦੀ ਅੰਨ੍ਹੀ ਲਾਲਸਾ ਵੱਸ ਸਮਕਾਲੀ ਸਮਾਜ ਦੇ ਅਜਿਹੇ ਵਰਤਾਰੇ ਨੇ ਮਨੁੱਖ ਨੂੰ ਅਜਿਹੇ ਵਸਤੂਵਾਦ ਭਰਮ ਵਿੱਚ ਉਲਝਾ ਰੱਖਿਆ ਹੈ ਜਿਸ ਵਿੱਚ ਉਸ ਨੂੰ ਕੇਵਲ ਆਪਣੀ ਭੁੱਖ ਤੋਂ ਸਿਵਾਏ ਕੁੱਝ ਹੋਰ ਨਜ਼ਰ ਨਹੀਂ ਆਉਂਦਾ ਉਹ ਖ਼ੁਦ ਭੋਗਿਆ ਜਾਣ ਲੱਗਾ ਹੈ:

*ਤਨਾਂ ਮਨਾਂ ਦਾ ਭੁੱਖ ਨਾਲ*

*ਰਿਸ਼ਤਾ ਆਦਿ ਅਟੁੱਟ।*

*ਭੁੱਖ ਨੂੰ ਇੱਕ ਸਰਾਪ ਕਿ*

*ਰਹਿਣਾ ਏਸ ਅਮੁੱਕ।।*

*ਭੁੱਖ ਨੂੰ ਪੂਰਨ ਖਾਤਰ ਆਪਣੀ*

*ਮਿੱਟੀ ਪੱਟਦੇ*

*ਖਾਕ ਛਾਣਦੇ*

*ਖੇਹ ਉਡਾਉਂਦੇ ਲਗਾਤਾਰ*

*ਦੂਣ ਸਵਾਈ ਹੁੰਦੀ ਭੁੱਖ*

(ਜਸਵੰਤ ਜ਼ਫ਼ਰ, *ਅਸੀਂ ਨਾਨਕ ਦੇ ਕੀ ਲੱਗਦੇ ਹਾਂ* 47)

ਇਸੇ ਵਿਚਾਰ ਦੀ ਪ੍ਰੋੜ੍ਹਤਾ ਕਰਦੇ 'ਪਿਰਾਮਿਡ' ਨਾਮਕ ਕਵਿਤਾ ਵਿੱਚ ਕਵੀ ਜਸਵੰਤ ਜ਼ਫ਼ਰ ਨੇ ਪਿਰਾਮਿਡ ਦੇ ਸੰਕੇਤ ਦੁਆਰਾ ਅਜੋਕੇ ਮਨੁੱਖ ਦੀ ਤ੍ਰਿਸ਼ਨਾ ਦੇ ਸਮਕਾਲੀ ਸੰਦਰਭ ਨੂੰ ਉਜਾਗਰ ਕੀਤਾ ਹੈ ਕਿ ਕਿਵੇਂ ਮਨੁੱਖ ਨੇ ਆਪਣੀਆਂ ਲੋੜਾਂ ਦੇ ਉਚੇਰੇ ਪਿਰਾਮਿਡ ਉਸਾਰੇ ਹਨ। ਸਮਕਾਲੀ ਦੌਰ ਵਿੱਚ ਮਨੁੱਖ ਦੀ ਹੋਣੀ ਇਹ ਹੈ ਕਿ ਉਹ ਆਪਣੀ ਭੁੱਖ ਨੂੰ ਸ਼ਾਂਤ ਕਰਨ ਲਈ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ। ਕਵੀ ਜਸਵੰਤ ਜ਼ਫ਼ਰ ਦੁਆਰਾ ਅਜੋਕੇ ਸੰਦਰਭ ਵਿੱਚ ਖਾਣ ਦਾ ਅਰਥ ਦੂਜਿਆਂ ਤੋਂ ਹਥਿਆਉਣਾ ਹੈ:

*ਖਾਣ ਦਾ ਅਰਥ ਹੈ ਖੋਹਣਾ*

*ਹਾਸਿਲ ਦਾ ਅਰਥ ਹੈ ਹਥਿਆਉਣਾ*

*ਜਿਉਣ ਦਾ ਅਰਥ ਹੈ ਮਾਰਨਾ*

*ਵਸਣ ਦਾ ਅਰਥ ਹੈ ਉਜਾੜਨਾ*

*ਆਪ ਉਤੇ ਜਾਣ ਲਈ*

*ਦੂਜੇ ਨੂੰ ਹੇਠਾਂ ਉਤਰਨਾ*

*ਅਪਣੇ ਨਿੱਘ ਲਈ ਹੋਰਾਂ ਨੂੰ ਸਾੜਨਾ*

*ਆਪਣੇ ਮੇਚ ਲਈ ਦੂਸਰੇ ਨੂੰ ਪਾੜਨਾ* (91)

ਵਿਸ਼ਵੀਕਰਨ ਨੇ ਮਨੁੱਖ ਨੂੰ ਸਥਾਈ ਨਿਵਾਸ, ਉੱਨਤ-ਖੇਤੀ, ਨਗਰ, ਰੋਜ਼ਗਾਰ, ਵਪਾਰ, ਸ਼ਕਤੀ, ਸਮਰੱਥਾ, ਉਪਜੀਵੀਕਾ ਅਤੇ ਅਨੁਕੂਲ ਵਾਤਾਵਰਨ ਪ੍ਰਦਾਨ ਕੀਤਾ ਹੈ। ਵਿਗਿਆਨਕ ਤਕਨੀਕ ਮਨੁੱਖੀ ਸੱਭਿਅਤਾ ਨੂੰ ਜੀਵਨ ਜੀਉਣ ਦੀ ਨਿਪੁੰਨਤਾ ਦਿੰਦੀ ਹੈ ਅਤੇ ਮਨੁੱਖ ਦੇ ਜੀਵਨ ਨੂੰ ਖੁਸ਼ਹਾਲੀ ਪ੍ਰਦਾਨ ਕਰਦੀ ਹੈ ਕਿਉਂਕਿ ਇੱਕ ਖੁਸ਼ਹਾਲ ਅਤੇ ਵਿਕਸਤ ਸਮਾਜ ਮਨੁੱਖ ਦੀ ਲੋੜ ਹੈ ਤੇ ਇਹ ਵਿਕਾਸ ਮਨੁੱਖੀ ਜੀਵਨ ਦੀ

ਲੰਮੇਰੀ ਕੜੀ ਹੈ ਜਿਸ ਵਿਚੋਂ ਮਨੁੱਖ ਲੰਘ ਕੇ ਜੰਗਲੀ ਤੋਂ ਇੱਕ ਨਿਰੋਈ ਅਤੇ ਵਿਕਸਤ ਸੱਭਿਅਤਾ ਵਿੱਚ ਪ੍ਰਵੇਸ਼ ਕਰਦਾ ਹੈ। ਇਸੇ ਪ੍ਰਸੰਗ ਵਿੱਚ ਪੂਰਨ ਸਿੰਘ ਨੇ ਮਨੁੱਖੀ ਵਿਕਾਸ ਪੜਾਅ ਨੂੰ ਬਿਆਨਦੇ ਲਿਖਿਆ ਹੈ:

> *ਜੰਗਲੀ ਮਨੁੱਖ (Savage) ਪਹਿਲਾਂ ਅਰਧ ਸੱਭਿਅ (barbarian) ਬਣਿਆ ਅਤੇ ਪਿੱਛੋਂ ਸੱਭਿਅ (ਸਿਵਿਲਾਈਜ਼) ਹੋਇਆ। ਬਾਰਬੇਰੀਅਨ ਮਨੁੱਖ ਦੀਆਂ ਲੋੜਾਂ ਜੰਗਲੀ ਮਨੁੱਖ ਦੀਆਂ ਲੋੜਾਂ ਨਾਲੋਂ ਵਧ ਗਈਆਂ।* (*ਸਾਇੰਸ ਦਾ ਸੰਸਾਰ* 141)

ਜਿਉਂ-ਜਿਉਂ ਮਨੁੱਖੀ ਸੱਭਿਅਤਾ ਦਾ ਵਿਕਾਸ ਹੋਇਆ ਜਾਂ ਹੁੰਦਾ ਰਿਹਾ ਹੈ ਉਸੇ ਤਰ੍ਹਾਂ ਮਨੁੱਖ ਦੀਆਂ ਲੋੜਾਂ/ਇਛਾਵਾਂ, ਤ੍ਰਿਸ਼ਨਾਵਾਂ, ਭੁੱਖ ਲਗਾਤਾਰ ਵੱਧ ਰਹੀ ਹੈ। ਸਮਕਾਲੀ ਦੌਰ ਵਿੱਚ ਮਨੁੱਖ, ਕਦੇ ਵੀ ਨਾ ਸ਼ਾਂਤ ਹੋਣ ਵਾਲੀਆਂ ਆਪਣੀ ਲੋੜਾਂ ਪਿੱਛੇ ਗੁਆਚ ਕੇ ਆਪਣੇ ਆਪ ਨੂੰ ਦੁੱਖ ਅਤੇ ਭਟਕਣ ਦੇ ਰਾਹ ਉੱਤੇ ਤੋਰ ਰਿਹਾ ਹੈ। ਕਵੀ ਜਸਵੰਤ ਜ਼ਫ਼ਰ ਨੇ ਮਨੁੱਖ ਦੀ ਅਮੁੱਕ ਭੁੱਖ ਨੂੰ ਖ਼ੂਬ ਬਿਆਨ ਕੀਤਾ ਹੈ ਅਤੇ ਅਜਿਹੀ ਭਟਕਣ ਭਰੀ ਜ਼ਿੰਦਗੀ ਤੋਂ ਮੁਕਤੀ ਦੇ ਰਾਹ ਦਾ ਇੱਕ ਆਸਾਨ ਅਤੇ ਕਾਰਗਰ ਫਾਰਮੂਲਾ ਆਪਣੀ ਕਵਿਤਾ 'ਪਿਰਾਮਿਡ' ਵਿੱਚ ਇਸ ਤਰ੍ਹਾਂ ਬਿਆਨ ਕੀਤਾ ਹੈ:

*ਇਛਾਵਾਂ ਵਧਾਉਂਦੇ ਜਾਓਗੇ*
*ਤਾਂ ਘਟਦਾ ਜਾਏਗਾ ਆਨੰਦ*
*ਮਨਫ਼ੀ ਹੋਈ ਜਾਣਗੀਆਂ ਖ਼ੁਸ਼ੀਆਂ*
*ਖ਼ਾਹਿਸ਼ਾਂ ਅਸੀਮ ਕਰ ਲਵੋਗੇ*
*ਜ਼ੀਰੋ ਹੋ ਜਾਣਗੀਆਂ ਖ਼ੁਸ਼ੀਆਂ*
*ਦੁੱਖਾਂ ਤੇ ਕੇਵਲ ਦੁੱਖ ਬਚੇਗਾ*

(*ਅਸੀਂ ਨਾਨਕ ਦੇ ਕੀ ਲੱਗਦੇ ਹਾਂ* 83)

ਮਨੁੱਖ ਦੀ ਚਾਹਤ ਵਸਤੂਆਂ ਅਤੇ ਪੂੰਜੀ ਪ੍ਰਤੀ ਦਿਨੋਂ-ਦਿਨ ਦੂਣੀ ਹੁੰਦੀ ਜਾ ਰਹੀ ਹੈ। ਪੂੰਜੀ ਅਤੇ ਬਜ਼ਾਰੀਕਰਨ ਦਾ ਵੱਧ ਰਿਹਾ ਪ੍ਰਭਾਵ ਮਨੁੱਖੀ ਜੀਵਨ ਦੇ ਹਰ ਵਰਤਾਰੇ ਨੂੰ ਆਪਣੇ ਨੈਤਿਕ ਅਸੂਲਾਂ ਤੇ ਅਸਤਿਤਵ ਤੋਂ ਭਟਕਾ ਰਿਹਾ ਹੈ। ਉਦਾਹਰਨ ਦੇ ਤੌਰ ਤੇ:

*ਆਦਮੀ ਦੀ ਪਿਆਸ ਕੈਸੀ ਸੀ ਕਿ ਸਾਗਰ ਕੰਬਦੇ ਸਨ*

*ਆਦਮੀ ਦੀ ਭੁੱਖ ਕਿੰਨੀ ਸੀ ਕਿ ਜੰਗਲ ਡਰ ਗਿਆ ਸੀ*

*ਲੋਕ ਕਿੱਥੇ ਜਾ ਰਹੇ ਸਨ ਲੋਕਤਾ ਨੂੰ ਮਿੱਧ ਕੇ*

*ਮਸਲ ਕੇ ਇਨਸਾਨੀਆਤ ਇਨਸਾਨ ਕਿੱਧਰ ਜਾ ਰਿਹਾ ਸੀ*

*ਕਿਸ ਤਰ੍ਹਾਂ ਦੀ ਦੌੜ ਸੀ, ਪੈਰਾਂ 'ਚ ਅੱਖਰ ਰੁਲ ਰਹੇ ਸਨ*

*ਉਹੀ ਅੱਖਰ ਜਿਹਨਾਂ ਅੰਦਰ ਮੰਜ਼ਿਲਾਂ ਦਾ ਥਹੁ ਪਤਾ ਸੀ*

(ਸੁਰੀਜਤ ਪਾਤਰ, *ਸੁਰਜ਼ਮੀਨ* 21)

ਸਮਕਾਲੀ ਪੰਜਾਬੀ ਕਵੀ ਜਸਵੰਤ ਜ਼ਫ਼ਰ ਨੇ ਅਜੋਕੇ ਸਮਾਜ ਦੇ ਯਥਾਰਥ ਨੂੰ ਪੇਸ਼ ਕਰਦਿਆ ਅਜੋਕੇ ਸਮਾਜ ਦੀ ਭਟਕਣ ਦਾ ਪ੍ਰਮੁੱਖ ਕਾਰਨ ਮਾਨਵਤਾ ਦੇ ਨਾਇਕਾਂ ਦੀ ਵਿਚਾਰਧਾਰਾ ਤੋਂ ਉਲਟ ਕਾਰਜ ਕਰਨ ਦੀ ਮਨੁੱਖ ਦੀ ਪ੍ਰਵਿਰਤੀ ਨੂੰ ਇਹਨਾਂ ਹੇਠਲੀਆਂ ਸਤਰਾਂ ਰਾਹੀਂ ਪੇਸ਼ ਕੀਤਾ ਹੈ ਜੋ ਅਜੋਕੇ ਸਮਾਜ ਦੀ ਤ੍ਰਾਸਦੀ ਹੈ:

*ਨਾਨਕ ਤਾਂ ਪਹਿਲੇ ਦਿਨ ਹੀ*

*ਵਿਦਿਆਲੇ ਨੂੰ*

*ਵਿਦਿਆ ਦੀ ਵਲਗਣ ਨੂੰ*

*ਰੱਦ ਕੇ ਘਰ ਮੁੜੇ*

*ਘਰ ਮੁੜੇ ਘਰੋਂ ਜਾਣ ਲਈ*

*ਘਰੋਂ ਗਏ ਘਰ ਨੂੰ ਵਿਸਥਾਰਨ ਲਈ*

*ਵਿਸ਼ਾਲਣ ਲਈ*

*ਅਸੀਂ ਨਾਨਕ ਵਾਂਗ ਵਿਦਿਆਲੇ ਨੂੰ ਨਾਕਾਰ ਨਹੀਂ ਸਕਦੇ*

*ਨਾਨਕ ਨਾਮ ਤੇ ਵਿਦਿਆਲੇ ਉਸਾਰ ਸਕਦੇ ਹਾਂ-*

*ਗੁਰੂ ਨਾਨਕ ਵਿਦਿਆਲਾ*

*ਗੁਰੂ ਨਾਨਕ ਮਹਾਂਵਿਦਿਆਲਾ*

*ਗੁਰੂ ਨਾਨਕ ਵਿਸ਼ਵਵਿਦਿਆਲਾ*

(*ਅਸੀਂ ਨਾਨਕ ਦੇ ਕੀ ਲੱਗਦੇ ਹਾਂ* 24)

ਇਸ ਦੌਰ ਵਿੱਚ ਹੋ ਰਹੇ ਤਕਨੀਕੀ ਵਿਕਾਸ ਦੇ ਨਾਕਾਰਾਮਕ ਪ੍ਰਭਾਵ ਨੇ ਮਨੁੱਖ ਨੂੰ ਆਪਣੇ ਅਸੂਲਾਂ ਅਤੇ ਨੈਤਿਕਤਾ ਤੋਂ ਹਟਾ ਕੇ ਰਿਸ਼ਵਤਖੋਰੀ, ਬੇਈਮਾਨੀ, ਲਾਲਚ, ਨਿੱਜਤਾ, ਭ੍ਰਿਸ਼ਟਾਚਾਰ ਦੇ ਰਾਹ ’ਤੇ ਤੋਰਿਆ ਹੈ। ਸਮਕਾਲੀ ਪੰਜਾਬੀ ਕਵਿਤਾ ਵਿੱਚ ਅਨੈਤਿਕਤਾ ਦੇ ਇਹਨਾਂ ਲੱਛਣਾਂ ਨੂੰ ਸਾਫ ਦੇਖਿਆ ਜਾ ਸਕਦਾ ਹੈ। ਕਵੀ ਜਸਵੰਤ ਜ਼ਫ਼ਰ ਨੇ ਅਜਿਹੀ ਵਿਚਾਰਧਾਰਾ ਨੂੰ ਕਾਵਿ ਸਰੋਕਾਰ ਦੇ ਸਾਂਚੇ ਵਿੱਚ ਢਾਲਦੇ ਹੋਏ ‘ਰਵੀ ਸਿੱਧੂ’ ਦੇ ਪ੍ਰਤੀਕ ਰਾਹੀਂ ਭ੍ਰਿਸ਼ਟ ਅਫ਼ਸਰਸ਼ਾਹੀ ਨੂੰ ਪੇਸ਼ ਕੀਤਾ ਹੈ:

*ਮੈਂ ਜੋ*

*ਕੁਝ ਪੈਸੇ ਖੁਣੋਂ*

*ਕੁਝ ਚੀਜਾਂ ਖੁਣੋਂ*

*ਹਮੇਸ਼ਾ ਥੁੜਦਾ ਹਾਂ*

*ਕਿਸੇ ਨਾਂ ਕਿਸੇ ਰਵੀ ਸਿੱਧੂ ਬਾਰੇ*

*ਸੋਚਦਾ ਝੂਰਦਾ ਤੇ ਕੁੜਦਾ ਹਾਂ*

*ਕਦੇ ਸੋਚਦਾਂ*

*ਕਿ ਏਨੇ ਪੈਸੇ ਉਸ ਨੇ ਕੀ ਕਰਨੇ ਸਨ*

*ਦਸ ਵੀਹ ਲੱਖ ਤਾਂ ਮੰਨਿਆਂ*

*ਕਾਹਦੇ ਲਈ ਕੋਠੇ ਭਰਨੇ ਸਨ।*

(*ਇਹ ਬੰਦਾ ਕੀ ਹੁੰਦਾ* 27)

ਮਨੁੱਖ ਦੀ ਲਾਲਚੀ ਅਤੇ ਲੋਭੀ ਹੋਣੀ 'ਤੇ ਵਿਅੰਗਮਈ ਅੰਦਾਜ਼ ਵਿੱਚ ਕਵੀ ਜਸਵੰਤ ਜ਼ਫ਼ਰ ਦੀ ਕਲਮ ਕੁਦਰਤ ਦੇ ਹੋਰ ਜੀਵਾਂ ਦੇ ਬਿੰਬ ਨੂੰ ਸਿਰਜਦੀ ਹੈ। ਸਮਕਾਲੀ ਵਸਤੂਵਾਦੀ ਦੌਰ ਨੇ ਮਨੁੱਖ ਨੂੰ ਅਨੈਤਿਕਤਾ ਵੱਲ ਧੱਕਿਆ ਹੈ। ਧੋਖਾ-ਧੜੀ, ਲੁੱਟ-ਖੋਹ, ਜਮਾਖ਼ੋਰੀ ਵਰਗੀ ਭਿਆਨਕ ਸਥਿਤੀ ਨੂੰ ਕਵੀ ਜਸਵੰਤ ਜ਼ਫਰ ਨੇ ਹੇਠਲੀਆਂ ਸਤਰਾਂ ਰਾਹੀਂ ਢੁੱਕਵੇਂ ਅੰਦਾਜ਼ ਨਾਲ ਚਿਤਰਿਆ ਹੈ:

*ਨਿੱਕੇ ਹੁੰਦੇ ਪੜ੍ਹਦੇ ਸਾਂ ਇੱਕ ਕਹਾਣੀ-*

*ਪਿਆਸਾ ਕਾਂ*

*ਇੱਕ ਹੋਰ ਕਹਾਣੀ-*

*ਲਾਲਚੀ ਕੁੱਤਾ*

*ਕਾਂ ਦੀ ਪਿਆਸ ਤਾਂ ਠੀਕ ਸੀ*

*ਪਰ ਕੁੱਤਾ ਕਦੋਂ ਲਾਲਚੀ ਹੁੰਦਾ*

*ਆਪਣੀ ਖਾਧੇ ਬਿਨਾਂ*

*ਦੂਜੇ ਦੀ ਨਾ ਖੋਂਹਦਾ*

*ਅਗਲੇ ਡੰਗ ਲਈ ਨਹੀਂ ਜੋੜਦਾ*

(*ਅਸੀਂ ਨਾਨਕ ਦੇ ਕੀ ਲੱਗਦੇ ਹਾਂ* 67)

ਸਮਕਾਲੀ ਸਮਾਜ ਇੱਕ ਉਲਝਿਆ ਹੋਇਆ ਤਾਣਾ-ਬਾਣਾ ਹੈ। ਸਮਕਾਲੀ ਪੰਜਾਬੀ ਕਵਿਤਾ ਵਿੱਚ ਪੇਸ਼ ਸਰੋਕਾਰਾਂ ਦੀ ਗੱਲ ਕਰਦਿਆਂ ਇਹ ਸਪਸ਼ਟ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਸਮਕਾਲੀ ਕਵਿਤਾ ਵਿੱਚ ਆਏ ਸਰੋਕਾਰ ਮਨੁੱਖੀ ਜੀਵਨ ਦੇ ਨਾਲ ਮੁਖਾਤਿਬ ਹਨ। ਜਿਨ੍ਹਾਂ ਵਿੱਚ ਸਵੈ, ਘਰ, ਪਿਆਰ, ਕਦਰਾਂ-

ਕੀਮਤਾਂ, ਵਿਆਹ ਪ੍ਰਬੰਧ, ਧਰਮ, ਮਿਥਿਹਾਸ, ਸੱਭਿਆਚਾਰ ਅਤੇ ਸਮਾਜਿਕ ਮੁੱਲ ਪ੍ਰਬੰਧ ਆਦਿ ਸ਼ਾਮਿਲ ਹਨ। ਸਮਕਾਲੀ ਦੌਰ ਵਿੱਚ ਮਨੁੱਖੀ ਜੀਵਨ ਅਨੇਕਾਂ ਦੁਸ਼ਵਾਰੀਆਂ ਹੰਡਾ ਰਿਹਾ ਹੈ। ਜਿਸ ਸਦਕਾ ਜੀਵਨ ਸ਼ੈਲੀ ਬੇਹੱਦ ਤੇਜ਼ ਰਫਤਾਰ ਨਾਲ ਗਤੀਸ਼ੀਲ ਹੁੰਦੀ ਜਾ ਰਹੀ ਹੈ। ਅਜਿਹੇ ਤੇਜ਼ ਰਫਤਾਰ ਮਾਹੌਲ ਵਿੱਚ ਮਨੁੱਖ ਦਾ ਸਵੈ, ਘਰ, ਪਰਿਵਾਰ, ਜੀਵਨ ਆਦਿ ਸਭ ਦਾਅ ਤੇ ਲੱਗੇ ਹੋਏ ਹਨ। ਅਜੋਕਾ ਮਨੁੱਖ ਇੱਕ ਤਰ੍ਹਾਂ ਨਾਲ ਮਸ਼ੀਨੀ ਜ਼ਿੰਦਗੀ ਗੁਜ਼ਰ ਕਰ ਰਿਹਾ ਹੈ, ਜੋ ਵਿਸ਼ਵੀਕਰਨ ਰੂਪੀ ਚਾਲਕ ਦੇ ਨਿਰਦੇਸ਼ਾਂ 'ਤੇ ਨਿਰਭਰ ਹੈ। ਮਨੁੱਖ ਬਣਾਉਟੀ ਜੀਵਨ ਬਿਤਾ ਰਿਹਾ ਹੈ, ਇਹ ਵੀ ਆਖਿਆ ਜਾ ਸਕਦਾ ਹੈ ਕਿ ਮਨੁੱਖ ਜੀਵਨ ਨੂੰ ਜਿਉਣ ਦੀ ਕਲਾ ਨੂੰ ਭੁੱਲ ਗਿਆ ਹੈ। ਕਵੀ ਗੁਰਪ੍ਰੀਤ ਮਾਨਸਾ ਅਜਿਹੇ ਜੀਵਨ ਜਿਉਣ ਦੇ ਇਸ ਪਹਿਲੂ ਨੂੰ ਹੇਠਲੀਆਂ ਸਤਰਾਂ ਰਾਹੀਂ ਪੇਸ਼ ਕਰਦੇ ਲਿਖਦੇ ਹਨ:

*ਮੈਂ ਹੱਸਦਾ ਹਾਂ ਪਿਆਰ ਕਰਦਾ ਹਾਂ*

*ਰੋਂਦਾ ਹਾਂ ਲੜਦਾ ਹਾਂ*

*ਚੁੱਪ ਹੋ ਜਾਂਦਾ ਹਾਂ*

*ਪਾਰ ਨਹੀਂ ਹਾਂ ਸਭ ਕਾਸੇ ਤੋਂ*

*ਮੈਨੂੰ ਜਿਉਣਾ ਆਉਂਦਾ ਹੈ*

*ਜੀਉਣ ਦੀ ਕਲਾ ਨਹੀਂ।* (*ਓਕ* 11)

ਵਰਤਮਾਨ ਸਮੇਂ ਵਿੱਚ ਪੂੰਜੀ ਦੇ ਵਿਸ਼ਵਵਿਆਪੀਕਰਨ ਦੇ ਨਤੀਜੇ ਨੂੰ ਸਮਾਜਿਕਤਾ ਦੇ ਸਧਾਰਨ ਪਸਾਰ ਵਿਚੋਂ ਅਸਾਨੀ ਨਾਲ ਦੇਖਿਆ ਜਾ ਸਕਦਾ ਹੈ। ਸਮਕਾਲੀ ਪੰਜਾਬੀ ਸ਼ਾਇਰ ਜਸਵੰਤ ਜ਼ਫ਼ਰ ਨੇ ਸਾਧਾਰਨ ਮਨੁੱਖੀ ਵਿਵਹਾਰ ਨੂੰ ਅਭਿਵਿਅਕਤ ਕਰਦੇ ਹੋਏ ਅਜੋਕੇ ਸਮਾਜ ਦੇ ਬਿੰਬ ਨੂੰ ਵਿਅੰਗਮਈ ਢੰਗ ਨਾਲ ਪੇਸ਼ ਕੀਤਾ ਹੈ ਕਿ ਸਮਕਾਲ ਦਾ ਸਮਾਂ ਪੂੰਜੀਵਾਦੀ ਜਾਂ ਬਾਜ਼ਾਰੀਕਰਨ ਦਾ ਹੈ। ਪ੍ਰਮਾਣ ਵੱਜੋਂ:

*ਇਹ ਵੇਲਾ*

*ਲੜਨ ਦਾ*

*ਜਾਂ ਖੜ੍ਹਨ ਦਾ ਨਹੀਂ*

*ਇਹ ਵੇਲਾ*

*ਕੁਝ ਜਾਣਨ ਦਾ*

*ਜਾਂ ਮਾਨਣ ਦਾ ਨਹੀਂ*

*ਇਹ ਵੇਲਾ*

*ਕਿਸੇ ਪ੍ਰਤਿੱਗਿਆ ਦਾ*

*ਜਾਂ ਅਵੱਗਿਆ ਦਾ ਨਹੀਂ*

*ਇਹ ਵੇਲਾ ਤਾਂ*

*ਬਾਜ਼ਾਰ 'ਚੋਂ*

*ਚੀਜ਼ਾਂ ਖ਼ਰੀਦਣ ਦਾ ਹੈ*

(*ਅਸੀਂ ਨਾਨਕ ਦੇ ਕੀ ਲੱਗਦੇ ਹਾਂ* 75)

**ਅਜੋਕੇ ਸਮਾਜ ਵਿੱਚ ਪੇਸ਼ ਚੁਣੌਤੀਆਂ:**

ਵਿਗਿਆਨ ਅਤੇ ਵਪਾਰ ਸਮਕਾਲੀ ਸਮਾਜ ਦੇ ਅਜਿਹੇ ਦੋ ਪ੍ਰਮੁੱਖ ਸਤੰਭ ਹਨ ਜਿਨ੍ਹਾਂ ਨੇ ਸੰਪੂਰਨ ਸੰਸਾਰ ਨੂੰ ਪ੍ਰਗਤੀ ਦੇ ਰਾਹ ਵੱਲ ਤੋਰਿਆ ਹੈ ਪਰ ਨਾਲ ਹੀ ਸਮਕਾਲੀ ਸਮਾਜ ਨੂੰ ਇੱਕ ਗੁੰਝਲਦਾਰ ਰੂਪ-ਰੇਖਾ ਵੀ ਪ੍ਰਦਾਨ ਕੀਤੀ ਹੈ। ਅਜਿਹੀ ਗੁੰਝਲਦਾਰ ਰੂਪ-ਰੇਖਾ ਕਿ ਜਿਸ ਨੇ ਸਾਰੀ ਮਾਨਵਤਾ ਨੂੰ ਆਪਣੇ ਜ਼ੰਜ਼ਾਲ ਵਿੱਚ ਜਕੜੀ ਰੱਖਿਆ ਹੈ ਕੋਈ ਚਾਹ ਕੇ ਵੀ ਅਜਿਹੇ ਜ਼ੰਜ਼ਾਲ ਤੋਂ ਛੁਟਕਾਰ ਨਹੀਂ ਪਾ ਸਕਦਾ। ਸਮਕਾਲੀ ਸਮਾਜ ਵਿੱਚ ਹੋਈ ਇਸ ਪ੍ਰਗਤੀ ਨੇ ਸੱਭਿਅਤਾ ਪੱਖੋਂ ਭਾਵੇਂ ਸਿਖਰਾਂ ਨੂੰ ਛੂਹਿਆ ਹੈ ਪ੍ਰੰਤੂ ਅਜੋਕਾ ਪ੍ਰਾਣੀ ਨੈਤਿਕਤਾ ਜਾਂ ਕਿਰਦਾਰ ਪੱਖ ਤੋਂ ਹੀਣ ਹੁੰਦਾ ਜਾ ਰਿਹਾ ਹੈ। ਇਹੀ ਸਮਕਾਲੀ ਪੰਜਾਬੀ ਸਮਾਜ ਦਾ ਯਥਾਰਥ ਹੈ, ਜਿਸ ਬਾਰੇ ਪੰਜਾਬੀ ਸ਼ਾਇਰੀ ਦੇ ਸਿਰਮੌਰ ਸ਼ਾਇਰ ਸੁਰਜੀਤ ਪਾਤਰ ਲਿਖਦੇ ਹਨ:

*ਨਾ ਮਹੱਲਾਂ ਉੱਚਿਆਂ ਨਾ ਉੱਚੇ ਮੀਨਾਰਾਂ ਦੇ ਨਾਲ*

*ਕੌਮ ਉੱਚੀ ਉੱਠਦੀ ਹੈ ਉੱਚੇ ਕਿਰਦਾਰਾਂ ਦੇ ਨਾਲ।*

(*ਸੁਰਜ਼ਮੀਨ* 49)

ਕਵਿਤਾ 'ਅਸੀਂ ਨਾਨਕ ਦੇ ਕੀ ਲਗਦੇ ਹਾਂ' ਦੀਆਂ ਕਾਵਿ-ਸਤਰਾਂ ਸਮਕਾਲੀ ਸਮਾਜ ਦੇ ਬੌਣੇ ਅਕਸ ਨੂੰ ਬੜੇ ਹੀ ਪ੍ਰਭਾਵਸ਼ਾਲੀ ਢੰਗ ਨਾਲ ਸਾਹਮਣੇ ਲਿਆਉਂਦੀ ਹੈ। ਕਵੀ ਜਸਵੰਤ ਜ਼ਫ਼ਰ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸਿੱਖਿਆ ਸਿਧਾਂਤਾਂ ਨੂੰ ਆਧਾਰ ਬਣਾ ਕੇ ਸਪਸ਼ਟ ਕੀਤਾ ਹੈ ਕਿ ਸਮਕਾਲੀ ਸਮਾਜ ਨੂੰ ਭਟਕਣ ਦੀ ਬਜਾਏ ਅਸੂਲਾਂ ਅਤੇ ਮੁੱਲ ਪ੍ਰਬੰਧਾਂ ਦੀ ਪਹਿਚਾਣ ਕਰਕੇ ਚੰਗਾ ਜੀਵਨ ਬਸਰ ਕਰਨਾ ਚਾਹੀਦਾ ਹੈ:

*ਬਾਬੂ ਬੌਸ ਤੋਂ*

*ਆਦਮੀ ਰੱਬ ਤੋਂ*

*ਡਰਦਾ ਡ਼ੇਪ ਖਾਂਦਾ*

*ਸਰ ਸਰ ਯੈਸ ਸਰ*

*ਸੌਰੀ ਸਰ ਸੌਰੀ ਸਰ*

(*ਅਸੀਂ ਨਾਨਕ ਦੇ ਕੀ ਲੱਗਦੇ ਹਾਂ* 50)

ਅਜੋਕੇ ਸਮਾਜ ਦਾ ਅਸਲ ਯਥਾਰਥ ਇਹ ਹੈ ਕਿ ਸਮਾਜ ਵਿੱਚ ਵਸਦੇ ਲੋਕਾਂ ਦੀ ਮਾਨਸਿਕਤਾ ਬਣਾਵਟੀ ਹੋ ਗਈ ਹੈ। ਦੇਖਿਆ ਜਾਵੇ ਤਾਂ ਅਜਿਹੀ ਜ਼ਿੰਦਗੀ ਵਿੱਚ ਥੋੜ੍ਹਾ ਜਾਂ ਬਹੁਤਾ ਹਰ ਕੋਈ ਹੀ ਗ੍ਰਸਿਆ ਹੋਇਆ ਹੈ। ਸਮਾਜ ਵਿੱਚਲੀਆਂ ਕੁਰੀਤੀਆਂ ਨੂੰ ਖ਼ਤਮ ਕਰਨ ਦੀ ਥਾਂ ਲੋਕ ਸਮਝੋਤਾ ਕਰਨਾ ਪਸੰਦ ਕਰਦੇ ਹਨ। ਦੋਗਲੇਪਨ ਅਤੇ ਦੋਹਲੀਆਂ ਚਾਲਾਂ ਨਾਲ ਸਮਾਜ ਭਰਿਆ ਪਿਆ ਜਾਪਦਾ ਹੈ। ਮਨੁੱਖ ਆਦਰਸ਼ ਜ਼ਿੰਦਗੀ ਤੋਂ ਖੁੰਝ ਚੁੱਕਿਆ ਹੈ। ਸਮਕਾਲੀ ਦੌਰ ਦੀ ਨਕਾਬ-ਪੋਸ਼ ਜਾਂ ਬਣਾਉਟੀਪਨ ਜਿਹੇ ਵਰਤਾਰੇ ਨੂੰ ਪੇਸ਼ ਕਰਦੀਆਂ ਸਤਰਾਂ ਗੁਰਪ੍ਰੀਤ ਦੀ ਕਲਮ ਵਿਚੋ:

*ਪੱਗ ਮੈਂ*

*ਆਕਾਸ਼ 'ਤੇ ਬੰਨਦਾ ਹਾਂ*

*ਸਿਰ 'ਤੇ ਨਹੀਂ*

*ਸਿਰ ਤਾਂ ਤੇਰੇ ਨਾਲ ਭਿੜਨ ਨੂੰ*

*ਤਿਆਰ ਹੈ* (*ਓਕ* 12)

ਅਜੋਕੀ ਪੰਜਾਬੀ ਕਵਿਤਾ ਮਨੁੱਖੀ ਜ਼ਿੰਦਗੀ ਦੇ ਉਹਨਾਂ ਸਮਕਾਲੀ ਮਸਲਿਆਂ ਨੂੰ ਅਭਿਵਿਅਕਤੀ ਪ੍ਰਦਾਨ ਕਰਦੀ ਹੈ, ਜਿਹੜੇ ਸਮਕਾਲੀ ਹਾਲਾਤਾਂ ਨੇ ਪੈਦਾ ਕੀਤੇ ਹਨ। ਅਜੋਕੇ ਤੇਜ਼-ਤਰਾਰ ਅਤੇ ਬੌਧਿਕਤਾ ਦੇ ਯੁੱਗ ਵਿੱਚ ਮਨੁੱਖ ਆਪਣੇ ਨਿੱਜੀ ਮੁਨਾਫੇ ਲਈ ਦੂਜਿਆਂ ਨੂੰ ਨੁਕਸਾਨ ਪਹੁੰਚਾਣ ਲਈ ਤਿਆਰ-ਬਰ-ਤਿਆਰ ਰਹਿੰਦਾ ਹੈ। ਸ਼ਤਰੰਜ ਦੀਆਂ ਚਾਲਾਂ ਦੇ ਸਮਾਨ ਦੂਜਿਆਂ ਨੂੰ ਹਮੇਸ਼ਾ ਨਿਸ਼ਾਨਿਆਂ 'ਤੇ ਰੱਖਿਆ ਜਾਂਦਾ ਹੈ। ਵਰਤਮਾਨ ਬੌਧਿਕਤਾ ਭਾਰੂ ਸਮਾਜ ਵਿੱਚ ਕਿਸੇ ਨਾ ਕਿਸੇ ਬਹਾਨੇ ਇੱਕ- ਦੂਜੇ ਨੂੰ ਸਰੀਰਕ ਹੀ ਨਹੀਂ ਸਗੋਂ ਮਾਨਸਿਕ ਤੌਰ 'ਤੇ ਵੀ ਪਿੱਛੇ ਛੱਡਣ ਅਤੇ ਚਿੱਕੜ ਸੁੱਟ ਅਕਸ ਨੂੰ ਵਿਗਾੜਨ ਦਾ ਯਤਨ ਕੀਤਾ ਜਾਂਦਾ ਹੈ। ਇਸੇ ਪ੍ਰਸੰਗ ਵਿੱਚ ਕਵੀ ਸੁਰਜੀਤ ਪਾਤਰ ਦੀਆਂ ਕੁਝ ਸਤਰਾਂ:

*ਕਿਸੇ ਨੂੰ ਮਾਰਨ ਦਾ ਢੰਗ ਏ ਇਹ ਵੀ*

*ਕਿ ਸ਼ੀਸ਼ਿਆਂ 'ਚ ਵਿਕਾਰ ਪਾਵੋ*

*ਤੇ ਸ਼ਖਸੋਂ ਪਹਿਲਾਂ ਹੀ ਅਕਸ ਮਾਰੋ*

*ਸੋ ਖ਼ੁਦ 'ਚ ਪੂਰਾ ਯਕੀਨ ਰੱਖੀ* (*ਸੁਰਜ਼ਮੀਨ* 16)

ਸਮਕਾਲ ਵਿੱਚ ਸਾਹਿਤ, ਦਰਸ਼ਨ, ਰਾਜਨੀਤੀ, ਆਰਥਿਕਤਾ, ਸੱਭਿਆਚਾਰ ਆਦਿ ਸਾਰੇ ਖੇਤਰਾਂ ਵਿੱਚ ਇੱਕ ਧੁੰਧੂਕਾਰੇ ਦੀ ਸਥਿਤੀ ਬਣੀ ਹੋਈ ਹੈ। ਮਨੁੱਖ ਦੁਆਰਾ ਹੁਣ ਤੱਕ ਸਾਰੇ ਦੇ ਸਾਰੇ ਵਾਦ, ਵਿਚਾਰ, ਤਰਕ ਆਦਿ ਸ਼ੱਕ ਦੇ ਘੇਰੇ ਵਿੱਚ ਹਨ। ਪੁਰਾਤਨ ਮਿੱਥਾਂ, ਕਥਾਵਾਂ ਆਦਿ ਨੂੰ ਵਿਗਿਆਨਕ ਸੋਚ, ਬੌਧਿਕਤਾ ਅਤੇ ਤਰਕ ਦੇ ਅਧਾਰ 'ਤੇ ਪਰਖਿਆ ਅਤੇ ਸਮਕਾਲੀ ਸਮਾਜਕ ਸੰਦਰਭ 'ਤੇ ਲਾਗੂ ਕੀਤਾ ਜਾਂਦਾ ਹੈ। ਅਜੋਕੇ ਸਮਾਜ ਵਿੱਚ ਧਾਰਮਿਕਤਾ ਇੱਕ ਅਜਿਹਾ ਪੱਖ ਹੈ ਜਿਸ 'ਤੇ ਵਿਗਿਆਨਕ ਦੌਰ ਦਾ ਕੋਈ ਨਿਯਮ ਕੰਮ ਨਹੀਂ

ਕਰਦਾ, ਸਮੁੱਚੀ ਲੋਕਾਈ ਅੰਧਵਿਸ਼ਵਾਸ਼ ਨਾਲ ਘਿਰੀ ਹੋਈ ਹੈ। ਅਜਿਹੀ ਹੋਣੀ ਕੇਵਲ ਅਨਪੜ੍ਹ ਲੋਕਾਂ ਦੀ ਹੀ ਨਹੀਂ ਹੈ ਸਗੋਂ ਕਈ ਪੜ੍ਹੇ ਲਿਖੇ ਲੋਕ ਵੀ ਅਜਿਹੀ ਮਾਨਸਿਕਤਾ ਤੋਂ ਗ੍ਰਹਿਸਤ ਹਨ। ਉਦਾਰਹਨ ਦੇ ਵੱਜੋਂ ਕਵੀ ਜਸਵੰਤ ਜ਼ਫ਼ਰ ਪੰਜਾਬੀ ਸਮਾਜ ਵਿੱਚ ਗੁਰੂ ਨਾਨਕ ਦੇਵ ਦੀ ਵਿਚਾਰਧਾਰਾ ਤੋਂ ਉਲਟ ਚੱਲਣ ਦਾ ਯਥਾਰਥਤਕ ਪ੍ਰਮਾਣ ਪੇਸ਼ ਕਰ ਰਹੇ ਹਨ:

*ਸਾਨੂੰ ਤਾਂ ਸੋਭਾ ਸਿੰਘੀ ਮੂਰਤਾਂ ਵਾਲਾ*

*ਨਾਨਕ ਹੀ ਸੂਟ ਕਰਦਾ*

*ਸ਼ਾਂਤ*

*ਲੀਨ*

*ਲਕਸ਼ਮੀ ਦੇਵੀ ਵਾਂਗ ਉਠਾਇਆ ਆਸ਼ੀਰੀ ਹੱਥ*

*ਹੱਥ 'ਚ ਫੁੱਟਦੀ ਮਿਹਰ*

...............

*ਸਾਡੇ ਇਹਨਾਂ ਘਰਾਂ ਦੀ ਕੰਧਾਂ 'ਤੇ*

*ਨਾਨਕ ਦੇ ਸੋਭਾ ਸਿੰਘੀ ਚਿੱਤਰ ਹੀ ਟਿਕ ਸਕਦੇ*

*ਰਾਹਾਂ ਨੂੰ ਰੱਦ ਕਰਨ ਵਾਲੇ*

*ਖ਼ਤਰਨਾਕ ਨਾਨਕ ਦੀ ਤਸਵੀਰ ਦਾ ਭਾਰ*

*ਸਾਡੀ ਕਈ ਕੰਧ ਨਹੀਂ ਝੱਲ ਸਕਦੀ*

(*ਅਸੀਂ ਨਾਨਕ ਦੇ ਕੀ ਲੱਗਦੇ ਹਾਂ* 27)

ਸਮਕਾਲੀ ਸਮਾਜ ਦੇ ਅਜਿਹੇ ਵਰਤਾਰੇ ਵਿੱਚ ਵਿੱਚਰਦਿਆ ਅਤੇ ਅਜਿਹੇ ਵਰਤਾਰੇ ਨੂੰ ਪ੍ਰਤੱਖਣ ਕਰਦਿਆ ਸੁਭਾਵਿਕ ਹੈ ਕਿ ਇੱਕ ਚੇਤੰਨ ਅਤੇ ਸੰਵੇਦਨਸ਼ੀਲ ਵਿਅਕਤੀ ਦੀ ਸਧਾਰਨ ਜ਼ਿੰਦਗੀ ਵਿੱਚ ਖਲਲ ਪੈਦਾ ਹੋ ਜਾਵੇਗਾ। ਅਜਿਹਾ ਖਲਲ ਜੋ ਚੇਤਨਾ ਨੂੰ ਚਿੰਤਨ ਵਿੱਚ ਬਦਲ ਦੇਵੇ ਤੇ ਅਜਿਹਾ ਚਿੰਤਨ ਹੀ ਇੱਕ

ਸਫ਼ਲ ਅਤੇ ਸਮਾਜ ਸੁਧਾਰਕ ਸਾਹਿਤਕਾਰ ਨੂੰ ਜਨਮ ਦਿੰਦਾ ਹੈ। ਸਮਾਜਿਕ ਹਾਲਾਤਾਂ ਤੋਂ ਸੰਵੇਦਨਾ ਪ੍ਰਾਪਤ ਕਰਕੇ ਹੀ ਸਾਹਿਤਕਾਰ ਜਾਂ ਕਵੀ ਸਮਾਜ ਨੂੰ ਇੱਕ ਨਿਰੋਈ ਸੇਧ ਦੇ ਸਕਦਾ ਹੈ:

*ਕੋਈ ਪੰਧ ਲੱਭੋ, ਕੋਈ ਪੈਰ ਪੁੱਟੋ*

*ਉਠੋ ਡਿਗਿਓ ਢੱਠਿਓ ਪਸਤ ਲੋਕੋ*

*ਬਣੋ ਵਾਕ ਸੱਚੇ, ਬਣੋ ਸਾਕ ਸੱਚੇ*

*ਲਫ਼ਜ਼ੋਂ ਬਿਖਰਿਓ ਤੇ ਅਸਤ ਵਿਅਸਤ ਲੋਕੋ*

(ਸੁਰਜੀਤ ਪਾਤਰ, *ਸੁਰਜ਼ਮੀਨ* 59)

**ਵਰਤਮਾਨ ਸਮੇਂ ਵਿੱਚ ਪੱਛਮੀਕਰਨ ਦੀ ਪ੍ਰਕਿਰਿਆ ਦਾ ਪ੍ਰਭਾਵ:**

ਸਮਕਾਲੀ ਦੌਰ ਵਿੱਚ ਆਧੁਨਿਕਤਾ ਅਤੇ ਵਿਸ਼ਵੀਕਰਨ ਦੀ ਚਕਾਚੌਂਦ ਜ਼ਿੰਦਗੀ ਨੇ ਭਾਰਤੀ ਸੱਭਿਅਤਾ 'ਤੇ ਕਾਫ਼ੀ ਬੁਰਾ ਪ੍ਰਭਾਵ ਪਾਇਆ ਹੈ। ਪੱਛਮੀ ਸੱਭਿਅਤਾ ਨੇ ਭਾਰਤੀ ਪ੍ਰੰਪਰਾਗਤ ਜੀਵਨ ਸ਼ੈਲੀ ਨੂੰ ਪ੍ਰਭਾਵਿਤ ਕੀਤਾ ਹੈ। ਖਾਣ-ਪੀਣ, ਪਹਿਰਾਵਾ, ਰਹਿਣ-ਸਹਿਣ, ਬੋਲੀ ਇੱਥੋ ਤੱਕ ਕਿ ਰਸਮਾਂ-ਰਿਵਾਜ ਆਦਿ ਵੀ ਪੱਛਮੀ ਸੱਭਿਅਤਾ ਦੇ ਪ੍ਰਭਾਵ ਤੋਂ ਨਹੀਂ ਬਚ ਸਕੇ। ਅੰਗ੍ਰੇਜ਼ੀ ਸੱਭਿਅਤਾ ਦਾ ਭਾਰਤ ਵਿੱਚ ਆਗਮਨ ਅਲੱਗ ਕਿਸਮ ਦਾ ਸੀ। ਇਸ ਸੱਭਿਆਚਾਰ ਨੇ ਭਾਰਤ ਦਾ ਅੰਗ ਬਣਨ ਦੀ ਥਾਂ ਇੱਥੇ ਸ਼ਕਤੀਸ਼ਾਲੀ ਰਾਜ ਪ੍ਰਬੰਧ ਸਥਾਪਿਤ ਕੀਤਾ ਅਤੇ ਭਾਰਤ ਨੂੰ ਗੁਲਾਮੀ ਦੀਆਂ ਜ਼ੰਜ਼ੀਰਾਂ ਵਿੱਚ ਜਕੜੀ ਰੱਖਿਆ। ਮੌਜੂਦਾ ਸਮੇਂ ਵਿੱਚ ਵੀ ਪੰਜਾਬੀ/ਭਾਰਤੀ ਸੱਭਿਅਤਾ, ਵਿਦੇਸ਼ੀ ਸੱਭਿਅਤਾ ਦੀ ਗੁਲਾਮੀ ਦੀਆਂ ਜ਼ੰਜ਼ੀਰਾਂ ਵਿੱਚ ਜਕੜੀ ਜਾ ਰਹੀ ਹੈ। ਰਵਾਇਤੀ ਜਨ-ਜੀਵਨ ਦਾ ਰਹਿਣ-ਸਹਿਣ, ਪਹਿਰਾਵਾ ਪੰਜਾਬੀ ਜੀਵਨ ਸ਼ੈਲੀ ਵਿਚੋਂ ਮਨਫ਼ੀ ਹੁੰਦਾ ਜਾ ਰਿਹਾ ਹੈ:

*ਮੁੰਡੇ ਨੇ ਗੋਰੀ ਵਿਆਹੀ*

*ਦਿਲ ਦਾ ਦੌਰਾ ਪਿਆ*

*ਐਂਬੂਲੈਂਸ ਆਈ*

*ਮਸੀਂ ਬਚਾਇਆ*

...............

*ਪਰ ਹਫ਼ਤਾ ਪਹਿਲਾ ਉਹਦੇ ਦਿਮਾਗ ਦੇ*

*ਐਨ੍ਹ ਵਿਚਾਲੇ ਬੰਬ ਚੱਲਿਆ*

*ਬੰਬ ਦੇ ਪਤੀਲੇ ਨੂੰ*

*ਲਫ਼ਜ਼ਾਂ ਦੀ ਤੀਲੀ ਡੰਗਿਆ*

*ਝੰਡਾ ਸਿੰਘ ਨੇ ਪਾਣੀ ਨਹੀਂ ਮੰਗਿਆ*

*ਲਫ਼ਜ਼ ਬੇਟੀ ਦੇ*

*ਡੈਡੀ ਜਾ ਰਹੀ ਹਾਂ*

*ਆਜ਼ਾਦੀ ਨਾਲ ਆਪਣੀ ਖ਼ੁਸ਼ੀ ਲਈ*

*ਕਾਲ਼ੇ ਨਾਲ ਵਿਆਹ ਕਰਾ ਰਹੀ ਹਾਂ*

(ਜਸਵੰਤ ਜ਼ਫ਼ਰ, *ਇਹ ਬੰਦਾ ਕੀ ਹੁੰਦਾ* 32)

ਸਮਕਾਲੀ ਪੰਜਾਬੀ ਕਵਿਤਾ ਪੂੰਜੀਵਾਦੀ ਸਮਾਜ ਅਤੇ ਉਸ ਵਿੱਚਲੇ ਵਿਖੰਡਿਤ ਮਨੁੱਖ ਦੀ ਦਾਸਤਾਂ ਨੂੰ ਬੜੀ ਸ਼ਿੱਦਤ ਨਾਲ ਪੇਸ਼ ਕਰਦੀ ਹੈ। ਤਤਕਾਲੀਨ ਦੌਰ ਵਿੱਚ ਵਿਸ਼ਵੀਕਰਨ ਦਾ ਵਰਤਾਰਾ ਸਥਾਨਕ ਪਛਾਣਾਂ ਨੂੰ ਖੋਰਾ ਲਾ ਰਿਹਾ ਹੈ। ਇਸ ਵਿਸ਼ਵੀਕਰਨ ਦੇ ਦੌਰ ਵਿੱਚ ਸੰਸਾਰ ਮੰਡੀ ਵਿੱਚ ਮੁੱਲ ਪਾਉਣ ਨੂੰ ਹੀ ਅਹਿਮੀਅਤ ਦਿੱਤੀ ਜਾਂਦੀ ਹੈ। ਅਜੋਕੇ ਸਮਾਜ ਦਾ ਮੁੱਖ ਧੁਰਾ ਖੁੱਲ੍ਹੇ ਮੁਕਾਬਲੇ ਵਾਲਾ 'ਬਾਜ਼ਾਰੂ-ਸਮਾਜ' ਹੀ ਬਣ ਕੇ ਰਹਿ ਗਿਆ ਹੈ। ਮਨੁੱਖ ਦੀ ਹੋਣੀ ਇਹ ਹੈ ਕਿ ਉਸ ਨੂੰ ਆਪਣੇ ਰਿਜ਼ਕ ਅਤੇ ਆਪਣੀਆਂ ਵੱਡੀਆਂ ਅਕਾਂਖਿਆਵਾਂ ਦੀ ਪੂਰਤੀ ਲਈ ਉਸ ਨੂੰ ਆਪਣਾ ਸਮਾਜ, ਸੱਭਿਆਚਾਰ ਅਤੇ ਆਪਣੇ ਮੂਲ ਨਾਲੋਂ ਟੁੱਟ ਬੇਗਾਨੇ ਟਾਪੂਆਂ ਅਤੇ ਬਿਗਾਨੀਆਂ ਧਰਤੀਆਂ 'ਤੇ ਵਸਣਾ ਪੈਂਦਾ ਹੈ। ਸਮਕਾਲੀ ਪੰਜਾਬੀ ਕਵੀ ਜਸਵੰਤ

ਜ਼ਫ਼ਰ ਨੇ ਸਮਾਜ ਦੇ ਅਜਿਹੇ ਵਰਤਾਰੇ ਨੂੰ ਆਪਣੇ ਸ਼ਬਦਾਂ ਵਿੱਚ ਹੇਠ ਲਿਖੀਆਂ ਸਤਰਾਂ ਦੁਆਰਾ ਪੇਸ਼ ਕੀਤਾ ਹੈ:

*ਅਸੀਂ ਤੇਲ ਮੁੱਕੇ ਜਹਾਜ਼ 'ਚੋਂ*

*ਬੇਗਾਨੇ ਟਾਪੂ 'ਤੇ*

*ਪੈਰਾਸ਼ੂਟਾਂ ਰਾਹੀਂ ਉਤਰੇ ਯਾਤਰੀ ਹਾਂ*

*ਪੈਰਾਸ਼ੂਟ-*

*ਜਿਸ ਨਾਲ ਖ਼ਤਰੇ ਸਮੇਂ*

*ਕਿਸੇ ਧਰਤੀ ਤੇ ਸੁਰੱਖਿਅਤ ਉਤਰਿਆ ਹੀ ਜਾਂਦਾ*

*ਮੁੜ ਆਪਣੀ ਧਰਤੀ 'ਤੇ*

*ਪਰਤਿਆ ਨਹੀਂ ਜਾਂਦਾ*

(*ਅਸੀਂ ਨਾਨਕ ਦੇ ਕੀ ਲਗਦੇ ਹਾਂ* 80)

ਮਨੁੱਖੀ 'ਚੇਤਨਾ' ਹੀ ਮਨੁੱਖੀ ਜੀਵਨ ਦਾ ਸਭ ਤੋਂ ਵੱਡਾ ਗੁਣ ਹੈ। ਮਨੁੱਖ ਦਾ ਜਗਿਆਸੂ ਹੋਣਾ ਉਸ ਨੂੰ ਪ੍ਰਕਿਰਤੀ ਵਿੱਚ ਸ੍ਰੇਸ਼ਟ ਬਣਾਉਂਦਾ ਹੈ। ਇਸੇ ਜਗਿਆਸੂ ਸੁਭਾਅ ਨੇ ਮਨੁੱਖੀ ਜੀਵਨ ਦੇ ਸੂਖ਼ਮ ਭੇਦਾਂ ਨੂੰ ਜਾਣਨ ਲਈ ਮਜ਼ਬੂਰ ਕੀਤਾ। ਇਸੇ ਪ੍ਰਕਿਰਿਆ ਵਿੱਚੋਂ ਧਰਮ, ਫ਼ਲਸਫਾ ਅਤੇ ਸਾਇੰਸ ਦਾ ਜਨਮ ਹੋਇਆ ਜੋ ਹੁਣ ਤੱਕ ਦੀ ਸੱਭਿਅਤਾ ਦੇ ਸਫ਼ਰ ਵਿੱਚ ਮਨੁੱਖ ਦੇ ਹਮਸਫ਼ਰ ਹਨ। ਸੱਭਿਅਤਾ ਦੇ ਸ਼ੁਰੂਆਤੀ ਦੌਰ ਵਿੱਚ 'ਧਰਮ' ਹੀ ਮਨੁੱਖ ਦਾ ਕੇਂਦਰ ਸੀ ਅਤੇ ਫਲਸਫ਼ਾ ਧਰਮ ਦੇ ਅਧੀਨ ਪਰੰਤੂ ਆਧੁਨਿਕਤਾ ਦੇ ਆਰੰਭ ਨਾਲ ਫਲਸਫ਼ੇ ਦਾ ਸੰਬੰਧ ਧਰਮ ਨਾਲੋਂ ਟੁੱਟ ਕੇ ਵਿਗਿਆਨ ਨਾਲ ਜਾ ਜੁੜਿਆ। ਸਮਕਾਲੀ ਸੰਦਰਭ ਵਿੱਚ ਵਿਗਿਆਨ ਅਤੇ ਆਧੁਨਿਕਤਾ ਨੇ ਨਵੇਂ ਫੈਸ਼ਨਾਂ ਅਤੇ ਪ੍ਰਚੱਲਣਾਂ ਨੂੰ ਜਨਮ ਦਿੱਤਾ ਹੈ। ਅਜਿਹੇ ਸਮੇਂ ਮਨੁੱਖ ਨੇ ਆਪਣੇ ਸਮਾਜ ਵਿੱਚ ਪ੍ਰਚੱਲਤ ਪੁਰਾਤਨ ਵਿਰਾਸਤ ਤੋਂ ਮੁੱਖ ਮੋੜਿਆ ਹੈ:

*ਪਰ ਮੈਂ*

*ਨਾ ਜੇਤਾ ਨਾ ਜੀਵਨ*

*ਨਾ ਪ੍ਰੇਮੀ ਨਾ ਜੇਤੂ*

*ਨਾ ਲਾਡਲਾ ਨਾ ਲੜਾਕੂ*

*ਚੜ੍ਹਦੀ ਕਲਾ ਤੋਂ ਦੂਰ*

*ਨਾਖੁਸ਼*

*ਨਾਂਮਾਤਰ ਖੁਸ਼*

*ਜਾ ਬਣਾਉਟੀ ਖੁਸ਼ ਹਾਂ*

*ਸੋਚਦਾ ਕੁਛ*

*ਕਹਿੰਦਾ ਕੁਛ*

*ਤੇ ਕਰਦਾ ਕੁਛ ਹਾਂ*

(ਜਸਵੰਤ ਜ਼ਫ਼ਰ, *ਇਹ ਬੰਦਾ ਕੀ ਹੁੰਦਾ* 19)

ਸਮਕਾਲੀ ਵਿਸ਼ਵੀਕਰਨ ਦੇ ਯੁੱਗ ਵਿੱਚ ਮਨੁੱਖੀ ਜੀਵਨ ਆਰਥਿਕਤਾ ਅਤੇ ਪਦਾਰਥ ਦੇ ਚੱਕਰਵਿਊ ਵਿੱਚ ਉਲਝ ਕੇ ਰਹਿ ਗਿਆ ਹੈ। ਵਿਸ਼ਵੀਕਰਨ ਦੇ ਦੌਰ ਨੇ ਜਿੱਥੇ ਸੰਚਾਰ ਅਤੇ ਤਕਨੀਕ ਨਾਲ ਮਿਲ ਕੇ ਮਨੁੱਖ ਨੂੰ ਸੁਵਿਧਾਵਾਂ ਅਤੇ ਸਹੂਲਤਾਂ ਮੁਹੱਇਆ ਕਰਵਾਈਆਂ ਹਨ, ਉੱਥੇ ਹੀ ਮਨੁੱਖ ਦੇ ਮਨ ਵਿੱਚ ਸਹੂਲਤ ਦੇ ਜ਼ਸ਼ਨ ਅਤੇ ਸਹੂਲਤ ਲਈ ਲੋਭ ਅਤੇ ਲਾਲਚ ਵੀ ਪੈਦਾ ਕੀਤਾ ਹੈ। ਇਸ ਸੰਦਰਭ ਵਿੱਚ ਮਨੁੱਖ ਸਹੂਲਤਾਂ ਦੇ ਜਾਲ ਵਿੱਚ ਇਸ ਕਦਰ ਕਾਬੂ ਆਇਆ ਹੈ ਕਿ ਉਹ ਆਪਣਾ ਅਸਤਿਤਵ ਹੀ ਭੁੱਲ ਬੈਠਾ ਹੈ। ਉਸ ਨੂੰ ਆਪਣੇ ਆਪੇ ਦੀ ਜਾਂ ਸਵੈ ਦੀ ਅਸਲ ਪਹਿਚਾਣ ਭੁੱਲ ਗਈ ਹੈ। ਸਮਕਾਲੀ ਮਾਨਵ ਅਜੋਕੀ ਨਗਰੀ ਦਾ ਅਜਿਹਾ ਭਟਕਦਾ ਪਾਤਰ ਬਣ ਕੇ ਰਹਿ ਗਿਆ ਹੈ ਜੋ ਆਪਣੀ ਯਾਦਾਤਸ਼ ਗੁਆ ਬੈਠਾ ਹੈ। ਸਮਕਾਲੀ ਸ਼ਾਇਰ ਗੁਰਪ੍ਰੀਤ 'ਇਹ ਸ਼ਹਿਰ ਮੇਰਾ ਹੈ' ਕਵਿਤਾ ਵਿੱਚ ਲਿਖਦੇ ਹਨ:

*ਮੇਰੇ ਸ਼ਹਿਰ 'ਚ*

*ਸਵੇਰ ਹੁੰਦਿਆ ਹੀ*

*ਤੁਰ ਪੈਂਦੀ ਹੈ*

*ਸੜਕਾਂ 'ਤੇ ਸੁੱਤੀ ਹੋਈ ਭੀੜ*

*ਮੈਂ ਵੀ ਸ਼ਾਮਿਲ ਹਾਂ ਇਸ ਵਿੱਚ*

*ਭੀੜ*

*ਖ਼ਤਮ ਕਰਦੀ ਹੈ*

*ਇੱਕ ਸਾਬਤ-ਸਬੂਤਾ ਦਿਨ*

*ਆਪਣਾ ਆਪਾ ਲਭਦਿਆਂ* (*ਓਕ* 20)

ਸਮਕਾਲੀ ਸਮਾਜ ਵਿੱਚ ਅਚੇਤ-ਸੁਚੇਤ ਦੁਆਰਾ ਅਪਣਾਏ ਮਿੱਥ, ਪ੍ਰਥਾਵਾਂ, ਵਰਜਣਾਵਾਂ ਅਤੇ ਮਾਡਲਾਂ ਪ੍ਰਤੀ ਮਨੁੱਖੀ ਚਿੰਤਨ ਪਰਿਵਰਤਿਤ ਹੋ ਰਿਹਾ ਹੈ। ਪ੍ਰਾਚੀਨ ਕਾਲ ਤੋਂ ਆਰੰਭੇ ਆ ਰਹੇ ਇਹਨਾਂ ਮਾਡਲਾਂ ਦੀ ਪਕੜ ਸਮਕਾਲੀ ਸੰਦਰਭ ਵਿੱਚ ਕਮਜ਼ੋਰ ਪੈ ਰਹੀ ਹੈ। ਅਜੋਕੀ ਪੀੜ੍ਹੀ ਦੀ ਚੇਤਨਾ ਇਹਨਾਂ ਮਾਡਲਾਂ ਪ੍ਰਤੀ ਖਿਲਾਫ਼ਤ ਵਾਲੀ ਹੋ ਗਈ ਹੈ। ਕਵਿਤਰੀ ਸੁਖਵਿੰਦਰ ਅੰਮ੍ਰਿਤ ਇਸਤਰੀ ਸੰਦਰਭ ਵਿੱਚ ਅਜਿਹੀਆਂ ਕੁਝ ਸੌੜੀ ਸੋਚ ਦੀਆਂ ਮਾਨਤਾਵਾਂ ਨੂੰ ਖੰਡਿਤ ਕਰ ਅਗਾਂਹ ਵਧੂ ਸੋਚ ਦਾ ਸਮਰਥਨ ਕਰਦੀ ਹੋਈ ਲਿਖਦੀ ਹੈ:

*ਮੇਰੀ ਮਾਂ ਨੇ ਮੈਨੂੰ ਆਖਿਆ ਸੀ :*

*ਸਿਆਣੀਆਂ ਕੁੜੀਆਂ*

*ਲੁਕ ਲੁਕ ਕੇ ਰਹਿੰਦੀਆਂ*

*ਧੁਖ ਧੁਖ ਕੇ ਜਿਉਂਦੀਆਂ*

*ਝੁਕ ਝੁਕ ਕੇ ਤੁਰਦੀਆਂ* (*ਧੁੱਪ ਦੀ ਚੁੰਨੀ* 11)

ਉਪਰੋਕਤ ਸਤਰਾਂ ਦੇ ਜਵਾਬ ਵਿੱਚ ਕਵਿਤਰੀ ਸੁਖਵਿੰਦਰ ਅੰਮ੍ਰਿਤ ਅਜਿਹੀ ਪੁਰਾਤਨ ਵਿਚਾਰਧਾਰਾ ਦਾ ਖੰਡਨ ਕਰਦੀ ਹੋਈ, ਆਪਣੀ ਇਸੇ ਹੀ ਕਵਿਤਾ ਦੇ ਅਗਲੇ ਭਾਗ ਵਿੱਚ ਆਪਣੀ ਧੀ ਨੂੰ ਸਮਕਾਲ ਨਾਲ ਕਦਮ-ਨਾਲ-ਕਦਮ ਮਿਲਾ ਕੇ ਚੱਲਣ ਲਈ ਪ੍ਰੇਰਦੀ ਹੈ:

*ਤੇ ਮੈਂ ਆਪਣੀ ਧੀ ਨੂੰ ਸਮਝਾਇਆ:*

*ਕਦਮ ਕਦਮ 'ਤੇ*

*ਦਿਵਾਰਾਂ ਨਾਲ ਸਮਝੌਤਾ ਨਾ ਕਰੀਂ*

*ਆਪਣੀਆਂ ਉਡਾਰੀਆਂ ਨੂੰ*

*ਪਿੰਜ਼ਰਿਆਂ ਕੋਲ ਗਹਿਣੇ ਨਾ ਧਰੀਂ*

*ਤੂੰ ਆਪਣੇ ਰੁਤਬੇ ਨੂੰ*

*ਏਨਾ ਬੁਲੰਦ*

*ਏਨਾ ਰੌਸ਼ਨ ਕਰੀਂ*

*ਕਿ ਹਰ ਹਨੇਰਾ ਤੈਨੂੰ ਵੇਖ ਕੇ ਤ੍ਰਭਕ ਜਾਵੇ*

*ਹਰ ਦਿਵਾਰ ਤੈਨੂੰ ਦੇਖ ਕੇ ਠਿਠਰ ਜਾਵੇ*

*ਹਰ ਜ਼ੰਜ਼ੀਰ ਤੈਨੂੰ ਵੇਖ ਕੇ ਮੜ੍ਹੱਕ ਜਾਵੇ* (12)

**ਸਮਕਾਲੀ ਸਮਾਜਿਕ ਪ੍ਰਸਥਿਤੀਆਂ ਦਾ ਰੂਪਾਂਤਰਣ:**

ਸਮਕਾਲੀ ਦੌਰ ਵਿੱਚ ਜਿਉਂ-ਜਿਉਂ ਮਨੁੱਖ ਤਰੱਕੀ ਕਰਦਾ ਜਾ ਰਿਹਾ ਹੈ, ਸੁੱਖ ਸੁਵਿਧਾ ਦੇ ਸਾਧਨਾਂ ਦਾ ਵੀ ਵਿਕਾਸ ਹੋ ਰਿਹਾ ਹੈ। ਜਿਸ ਨਾਲ ਹਰ ਕੋਈ ਵਧੇਰੇ ਸੁੱਖ ਸਹੂਲਤਾਂ ਪ੍ਰਾਪਤ ਕਰਕੇ ਆਪਣੀ ਨਿੱਜੀ ਜ਼ਿੰਦਗੀ ਜਿਊਣੀ ਚਾਹੁੰਦਾ ਹੈ। ਜਿਸ ਸਦਕਾ ਮਨੁੱਖੀ ਜ਼ਿੰਦਗੀ ਵਿੱਚ ਨਿੱਜਪ੍ਰਕਤਾ ਅਤੇ ਏਕਾਂਤ ਦੀ ਰੁਚੀ ਵਧੇਰੇ ਪ੍ਰਚੱਲਿਤ ਹੋ ਗਈ ਅਤੇ ਰਿਸ਼ਤਿਆਂ ਵਿੱਚ ਅਵਿਸ਼ਵਾਸ, ਦੂਰੀ, ਓਪਰਾਪਨ, ਤਨਾਓ ਵਧਿਆ ਹੈ ਤੇ

ਆਪਸੀ ਪਿਆਰ ਅਤੇ ਨਿੱਘ ਘੱਟ ਗਿਆ ਹੈ। ਸਮਕਾਲੀ ਪੰਜਾਬੀ ਸ਼ਾਇਰਾਂ ਨੇ ਅਜੋਕੇ ਦੌਰ ਦੇ ਅਜਿਹੇ ਤਾਣੇ-ਬਾਣੇ ਪੇਸ਼ ਕਰਨ ਦੇ ਨਾਲ-ਨਾਲ ਆਦਰਸ਼ਕ ਸੇਧ ਵੀ ਪ੍ਰਦਾਨ ਕੀਤੀ ਹੈ। ਪ੍ਰਮਾਣ ਵਜੋਂ

*ਮਿਲੇ ਨਫ਼ਰਤ ਕੋਈ ਅੰਬਰ ਤੋਂ ਉੱਚੀ,*
*ਸਮੁੰਦਰ ਜੇਡ ਗਹਿਰਾ ਪਿਆਰ ਹੋਵੇ।*

*ਰਹੇ ਸੀਨੇ 'ਚ ਕੁਝ ਤਾਂ ਕਸਕ ਬਣ ਕੇ,*
*ਕੋਈ ਤਾਂ ਦਰਦ ਹੰਢਣਸਾਰ ਹੋਵੇ।*

*ਪੜ੍ਹਾਂ, ਸੋਚਾਂ, ਲਿਖਾਂ, ਮੈਂ ਹਰਫ਼ ਜਿਹੜਾ,*
*ਉਹ ਤੇਰੇ ਨਾਮ ਦਾ ਵਿਸਥਾਰ ਹੋਵੇ।*

*ਚੜ੍ਹਾਂ ਜਿਸ ਰਾਹ ਉਹ ਤੇਰੇ ਤੀਕ ਜਾਵੇ,*
*ਖੜ੍ਹਾਂ ਜਿਸ ਥਾਂ, ਉਹ ਤੇਰਾ ਦੁਆਰ ਹੋਵੇ।*

(ਗੁਰਤੇਜ ਕੋਹਾਰਵਾਲਾ, *ਪਾਣੀ ਦਾ ਹਾਸ਼ੀਆ* 30)

ਅਜੋਕੇ ਪਦਾਰਥਵਾਦੀ ਸਮਾਜ ਨੇ ਮਨੁੱਖ ਵਿੱਚ ਵੱਧ-ਤੋਂ-ਵੱਧ ਸਾਧਨਾਂ ਦੀ ਪ੍ਰਾਪਤੀ ਦੀ ਲਾਲਸਾ ਭਰ ਦਿੱਤੀ ਹੈ। ਮਨੁੱਖ ਲਾਲਚ ਵਸ ਪੈ ਕੇ ਆਪਣੀ ਸੁੱਖ-ਸੁਵਿਧਾ ਅਤੇ ਅਮੀਰੀ ਦੀ ਹਰ ਪਲ ਕਾਮਨਾ ਕਰਦਾ ਰਹਿੰਦਾ ਹੈ ਅਤੇ ਓਨਾ ਹੀ ਮਨੁੱਖ ਨੂੰ ਆਪਣੀ ਅਮੀਰੀ ਖੁੱਸਣ ਦਾ ਡਰ ਲੱਗਾ ਰਹਿੰਦਾ ਹੈ। ਜਿਸ ਕਾਰਨ ਮਨੁੱਖ ਵਿੱਚ ਬੇਵਿਸ਼ਵਾਸੀ, ਤਨਾਓ, ਰੁੱਖਾ-ਪਨ ਆਦਿ ਪੈਦਾ ਹੋਇਆ ਹੈ। ਸਮਕਾਲੀ ਸੰਦਰਭ ਵਿੱਚ ਜ਼ਿਆਦਾ ਰਿਸ਼ਤੇ ਲਾਲਚ ਅਤੇ ਮਤਲਬ ਉੱਤੇ ਹੀ ਨਿਰਭਰ ਹਨ। ਹਰੇਕ ਵਿਅਕਤੀ ਕੁੱਝ–ਨਾ-ਕੁਝ ਹਾਸਲ ਕਰਨ ਲਈ ਹੀ ਰਿਸ਼ਤਿਆਂ ਦੀ ਡੋਰ ਵਿੱਚ ਬੱਝਦਾ ਹੈ। ਆਧੁਨਿਕ ਦੌਰ ਵਿੱਚ ਮਤਲਬ ਦੇ ਬਿਨਾਂ ਰਿਸ਼ਤੇ ਦੀ ਕੋਈ ਮਹੱਤਤਾ ਨਹੀਂ ਰਹੀ। ਇਸੇ ਕਾਰਨ ਰਿਸ਼ਤਿਆਂ ਵਿੱਚ ਅਵਿਸ਼ਵਾਸ ਦੀ ਭਾਵਨਾ ਵਧੇਰੇ ਪਸਰੀ ਦਿਖਾਈ ਦਿੰਦੀ ਹੈ :

*ਮੋਹ ਮੁਹੱਬਤ ਪਿਆਰ ਮਮਤਾ ਦੋਸਤੀ*

*ਇਹਨਾਂ ਨਾਲ ਰਿਸ਼ਤਿਆਂ ਦੀ ਰਿਸ਼ਤਗੀ*

*ਬਾਪੂ-ਮੋਹ =ਬੁੜਾ*

*ਭਰਾ-ਪਿਆਰ = ਸ਼ਰੀਕ*

*ਪਤੀ-ਦੋਸਤੀ = ਮਰਦ*

*ਪਤਨੀ-ਮੁਹੱਬਤ = ਔਰਤ*

*ਔਰਤ-ਮਮਤਾ =ਫਫੇਕੁੱਟਣੀ*

*ਸੁੱਕ ਜਾਂਦੇ ਰਿਸ਼ਤਿਆਂ 'ਚੋਂ*

*ਪਾਣੀ ਦੋਸਤੀ ਦੇ ਜਦੋਂ*

*ਬਣ ਜਾਂਦੇ ਰਿਸ਼ਤੇ*

*ਚਾਬੀਆਂ ਗੁਆਚੇ*

(ਜਸਵੰਤ ਜ਼ਫ਼ਰ, *ਅਸੀਂ ਨਾਨਕ ਦੇ ਕੀ ਲਗਦੇ ਹਾਂ* 62)

ਸਮਕਾਲੀ ਪ੍ਰਸਥਿਤੀਆਂ ਨੂੰ ਪੇਸ਼ ਕਰਦਿਆਂ ਸੁਰਜੀਤ ਪਾਤਰ ਨੇ ਸਮਕਾਲੀ ਜਨ ਜੀਵਨ ਵਿਚੋਂ ਸਾਂਝ ਤੇ ਪਿਆਰ ਦੀ ਮਨਫ਼ੀ ਹੋਈ ਮਿਠਾਸ ਨੂੰ ਬਿਆਨ ਕੀਤਾ ਹੈ। ਸਮਕਾਲੀ ਸਮਾਜ ਵਿੱਚ ਉਸਰ ਰਹੀਆਂ ਨਵੀਨ ਪ੍ਰਸਥਿਤੀਆਂ ਵਿਚੋਂ ਧਰਮ, ਕਰਮ, ਸੁੱਚਤਾ ਅਤੇ ਪਿਆਰ ਅਲੋਪ ਹੋ ਰਿਹਾ ਹੈ ਜਿਸ ਸਦਕਾ ਦਿਲਾਂ ਦੀ ਸਾਂਝ ਦਾ ਵੀ ਪਤਨ ਹੋ ਰਿਹਾ ਹੈ। ਮਨੁੱਖ ਆਪਣੇ ਏਕਾਂਤ ਅਤੇ ਨਿੱਜਪਰਕਤਾ ਦੇ ਲੱਛਣਾਂ ਕਾਰਨ ਆਪਸੀ ਰਿਸ਼ਤਿਆਂ ਵਿੱਚ ਨਿੱਘ ਅਤੇ ਪਿਆਰ ਗੁਆ ਬੈਠਾ ਹੈ ਜਿਸ ਕਾਰਨ ਮਨੁੱਖੀ ਰਿਸ਼ਤਿਆਂ ਵਿੱਚ ਮਨ-ਮੁਟਾਪ ਅਤੇ ਦੂਰੀ ਪੈਦਾ ਹੋਈ ਗਈ ਹੈ:

*ਉਸ ਦੀਆਂ ਬਾਹਵਾਂ ਹੁੰਦੀਆਂ ਸਨ ਕਦੇ*

*ਬ—ਹੁ—ਤ ਲੰਮੀਆਂ*

*ਨਜ਼ਰ ਦੀ ਪਹੁੰਚ ਜਿੰਨੀਆਂ*

*ਸ਼ਾਇਦ ਉਸ ਤੋਂ ਵੀ ਲੰਮੀਆਂ*

*ਭਰਦੀਆਂ ਸਨ ਜੋ ਕਲਾਵਾਂ*

*ਸੁੰਗੜ ਕੇ ਰਹਿ ਗਈਆਂ ਬਾਹਵਾਂ ਹੁਣ*

*ਬਾਹਵਾਂ ਤੋਂ ਵੀ ਛੋਟੀਆਂ*

*ਜੋ ਆਪਣੇ ਵਜੂਦ ਨੂੰ ਵੀ*

*ਸਿਰਫ਼ ਢਿੱਡ ਵੱਲੋਂ ਕਲਾਵਾਂ ਭਰਦੀਆਂ* (73)

ਸਮਕਾਲੀ ਸਮਾਜ ਵਿੱਚ ਮਨੁੱਖ ਦੀ ਨਿੱਜ-ਮੂਲਕ ਚੇਤਨਾ ਨੇ ਮਨੁੱਖ ਨੂੰ ਇਕੱਲਤਾ ਦਾ ਸਰਾਪ ਭੋਗਣ ਲਈ ਦਿੱਤਾ ਹੈ। ਰਿਸ਼ਤਿਆਂ ਨੂੰ ਮਨੁੱਖ ਆਪਣੇ ਆਪ 'ਤੇ ਬੋਝ, ਰੋਕ ਜਾਂ ਗੁਲਾਮੀ ਦੀ ਨਿਸ਼ਾਨੀ ਸਮਝਦਾ ਹੈ। ਅਜਿਹੀ ਨਿੱਜਤਾ ਵਿਸ਼ਵੀਕਰਨ ਅਤੇ ਪੂੰਜੀਵਾਦੀ ਹਾਲਾਤਾਂ ਦਾ ਹੀ ਨਤੀਜਾ ਹੈ। ਅਜਿਹੀ ਸਮਾਜਿਕ ਗੁਲਾਮੀ ਤੋਂ ਨਿਜਾਤ ਪਾਉਣ ਬਾਰੇ ਡਾ. ਗੁਰਮੀਤ ਕੱਲਰਮਾਜਰੀ ਲਿਖਦੇ ਹਨ:

*ਸਮਾਜਿਕ ਬਣਤਰ ਦੇ ਕਾਰਨ ਭਾਰਤ ਵਿੱਚ ਕਰੋੜਾਂ ਲੋਕ ਹਜ਼ਾਰਾਂ ਸਾਲਾਂ ਤੋਂ ਮਨੁੱਖ ਹੋਣ ਦਾ ਹੱਕ ਗੁਆ ਚੁੱਕੇ ਸਨ। ਇਸੇ ਲਈ ਡਾ.ਅੰਬੇਡਕਰ ਨੇ ਭਾਰਤੀ ਆਜ਼ਾਦੀ ਦੇ ਸੰਘਰਸ਼ ਬਾਰੇ ਆਪਣੇ ਵਿਚਾਰ ਵਿਅਕਤ ਕਰਦੇ ਕਿਹਾ ਸੀ ਕਿ ਭਾਰਤ ਲਈ ਅੰਗਰੇਜ਼ਾਂ ਤੋਂ ਆਜ਼ਾਦੀ ਦੇ ਨਾਲ-ਨਾਲ ਕਰੋੜਾਂ ਅਛੂਤ ਭਾਰਤੀਆਂ ਲਈ ਸਮਾਜਿਕ ਆਜ਼ਾਦੀ ਵੀ ਜਰੂਰੀ ਹੈ।*

(*ਹਾਸ਼ੀਆ ਲੋਕ: ਕਲਾ ਅਤੇ ਸਾਹਿਤ, ਵਿਸ਼ੇਸ਼ ਅੰਕ* 11)

ਆਜ਼ਾਦੀ ਮਨੁੱਖ ਦਾ ਮੁੱਢਲਾ ਅਧਿਕਾਰ ਹੈ ਪ੍ਰੰਤੂ ਸਮਕਾਲੀ ਸੰਦਰਭ ਵਿੱਚ ਮਨੁੱਖ ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਸੱਭਿਆਚਾਰ ਜਿਹੇ ਪ੍ਰਬੰਧ ਵਿੱਚ ਦੇਸ਼-ਵਿਦੇਸ਼, ਪੂੰਜੀ ਜਾਂ ਤਕਨੀਕੀ ਵੱਲੋਂ ਹੋ ਰਹੇ ਜੀਵਨ ਚੱਕਰ ਦੇ ਨਿਰੰਤਰ ਘਾਣ ਨੇ ਮਨੁੱਖ ਨੂੰ ਇੱਕ ਪ੍ਰਕਾਰ ਦੀ ਕਠਪੁਤਲੀ ਮਾਤਰ ਬਣਾ ਛੱਡਿਆ ਹੈ। ਚਾਹ ਕੇ ਵੀ ਅਜੋਕਾ ਮਨੁੱਖ ਜਿਸ ਤੋਂ ਤ੍ਰਾਸਦਿਕ ਪ੍ਰਸਥਿਤੀ ਤੋਂ ਨਿਜਾਤ ਨਹੀਂ ਪਾ ਸਕਦਾ। ਸਮਕਾਲੀ ਸ਼ਾਇਰ

ਜਸਵੰਤ ਜ਼ਫਰ ਅਤੇ ਗੁਰਪ੍ਰੀਤ ਮਾਨਸਾ ਅਜਿਹੀ ਗੁਲਾਮੀ ਭਰੀ ਮਨੁੱਖ ਦੀ ਹੋਣੀ ਤੋਂ ਪ੍ਰਭਾਵਿਤ ਹੋ ਕੇ ਸੂਖਮਤਾ ਅਤੇ ਸੰਵੇਦਨਸ਼ੀਲਤਾ ਨਾਲ ਪੇਸ਼ ਕਰਦੇ ਹਨ:

*ਚਿੜੀ ਨੇ ਆਪਣੀ ਆਜ਼ਾਦੀ ਦੀ*

*ਪਹਿਲੀ ਜਾਂ ਦੂਸਰੀ ਲੜਾਈ ਨਹੀਂ ਲੜੀ*

*ਨਾਂ ਤੀਸਰੀ ਲੜਨੀ ਹੈ*

*ਫਿਰ ਵੀ ਚਿੜੀ .ਗੁਲਾਮ ਨਹੀਂ।*

(*ਅਸੀਂ ਨਾਨਕ ਦੇ ਕੀ ਲੱਗਦੇ ਹਾਂ* 70)

*ਮੈਂ ਤਾਂ*

*ਮੁਦਤ ਤੋਂ ਗੁਆ ਰਿਹਾ ਸਾਂ*

*ਜ਼ਿੰਦਗੀ*

*ਇਹਦੇ ਅਰਥ ਭਾਲ਼ਦਿਆਂ*

*ਕੋਸੀ ਧੁੱਪ 'ਚ*

*ਕੋਲ਼ ਬੈਠੇ ਕੁੱਤੇ ਨੇ*

*ਪੂਛ ਹਿਲਾਈ*

*ਤੇ ਅੱਖਾਂ ਮੁੰਦੀਆਂ*

*ਚੋਗ ਚੁਗਦੇ ਪੰਛੀ*

*ਇੱਕ ਦੂਏ ਵੰਨੀ ਝਾਕੇ*

*ਤੇ*

*ਉਡ ਗਏ।।* (ਓਕ 23)

ਤਤਕਾਲੀਨ ਸਮਾਜਿਕ ਸੰਦਰਭ ਵਿੱਚ 'ਤਕਨੀਕੀ ਅਤੇ ਵਿਗਿਆਨ' ਨੇ ਮਨੁੱਖੀ ਚਿੰਤਨ ਨੂੰ ਤਰਕਸ਼ੀਲਤਾ ਪ੍ਰਦਾਨ ਕਰਦੇ ਹੋਏ ਨਵੇਂ ਗਿਆਨ ਅਤੇ ਨਵੀਂ ਚੇਤਨਾ ਦਾ ਰਾਸਤਾ (ਮਾਰਗ) ਆਰੰਭਿਆ ਹੈ ਜਿਸ ਨਾਲ ਮਨੁੱਖੀ ਅਵਚੇਤਨ ਵਿੱਚ ਰੂੜ ਹੋ ਚੁੱਕੀਆਂ ਪ੍ਰਥਾਵਾਂ, ਮਿੱਥਾਂ ਅਤੇ ਵਿਸ਼ਵਾਸ਼ ਤਰਕ ਦੇ ਨਿਸ਼ਾਨੇ 'ਤੇ ਹਨ ਜੋ ਲਗਾਤਾਰ ਖੰਡਿਤ ਹੋ ਰਹੇ ਹਨ ਅਤੇ ਇਨ੍ਹਾਂ ਦੀ ਥਾਂ 'ਤੇ ਨਵੇਂ ਵਿਚਾਰ ਅਤੇ ਧਾਰਨਾਵਾਂ ਦਾ ਜਨਮ ਹੋਇਆ ਹੈ, ਜਿਨ੍ਹਾਂ ਦਾ ਆਧਾਰ ਤੱਥ ਅਤੇ ਤਰਕ ਹਨ ਪ੍ਰੰਤੂ ਨਾਲ ਹੀ ਸਮਕਾਲੀ ਤਰਕਵਾਦੀ ਸਮਾਜ ਨੇ ਪੁਰਾਤਨ ਮਾਨਤਾਵਾਂ ਨੂੰ ਆਪਣੇ ਤਰਕ ਮੁਤਾਬਿਕ ਰੂਪਾਂਤਰਿਤ ਵੀ ਕੀਤਾ ਹੈ। ਅਜਿਹੀ ਹੀ ਇੱਕ ਉਦਾਹਰਨ ਕਵੀ ਜਸਵੰਤ ਜ਼ਫ਼ਰ ਦੀਆਂ ਹੇਠਲੀਆਂ ਸਤਰਾਂ ਤੋਂ ਮਿਲਦੀ ਹੈ ਜਿਸ ਵਿੱਚ ਉਸ ਨੇ 'ਜਿਉਂਦਾ ਰਹੇ ਸਦਾ ਜਵਾਨੀਆਂ ਮਾਣੇਂ' ਦੀ ਅਸੀਸ ਨੂੰ ਸਮਾਕਲੀ ਤਰਕ ਦੇ ਸਾਂਚੇ ਵਿੱਚ ਢਾਲ ਸਿੱਧ ਕਰ ਦਿਖਾਇਆ ਹੈ:

*ਤੂੰ ਹਰ ਸ਼ਹੀਦੀ ਦਿਨ ਤੇ*
*24 ਸਾਲਾ ਭਰ ਜਵਾਨ ਗੱਭਰੂ ਹੀ ਹੁੰਦਾ ਹੈਂ*
*ਉਂਜ ਅਸੀਸ ਤਾਂ ਸਾਡੀਆਂ ਮਾਵਾਂ ਦਿੰਦੀਆਂ ਨੇ*
*ਜਿਉਂਦਾ ਰਹੇ ਸਦਾ ਜਵਾਨੀਆਂ ਮਾਣੇਂ*
*ਪਰ ਤੂੰ ਸੱਚ ਮੁੱਚ ਜਿਉਂਦਾ ਹੈ ਭਰ ਜੁਆਨ ਗੱਭਰੂ*
*ਸਦਾ ਜੁਆਨੀਆਂ ਮਾਣਦਾ ਹੈਂ*
*ਤੇ ਜਿਹਨਾਂ ਅਜੇ ਪੈਦਾ ਹੋਣਾ ਹੈ*
*ਉਹਨਾਂ ਗੱਭਰੂਆਂ ਦੇ ਵੀ ਹਾਣ ਦਾ ਹੈਂ*

(*ਇਹ ਬੰਦਾ ਕੀ ਹੁੰਦਾ* 23)

ਮਨੁੱਖ ਦੀ ਅਸਲ ਹੋਂਦ ਦਾ ਸੁਆਲ ਕਵੀ ਜਸਵੰਤ ਜ਼ਫ਼ਰ ਨੇ ਆਪਣੀ ਕਵਿਤਾ ਵਿੱਚ ਉਠਾਇਆ ਹੈ। ਅਜੋਕੇ ਸੰਦਰਭ ਵਿੱਚ ਮਨੁੱਖ ਆਪਣੇ ਆਦਰਸ਼ ਬਿੰਬ ਤੋਂ ਭਟਕਣ ਵਿੱਚ ਹੈ। ਮਨੁੱਖਤਾ/ਇਨਸਾਨੀਅਤ ਤੋਂ

ਸੱਖਣਾ ਇਨਸਾਨ ਆਪਣਿਆਂ ਵਿੱਚ ਬੇਗਾਨਗੀ, ਇਕੱਲਤਾ, ਅਸਹਿਯੋਗ ਦਾ ਸੰਤਾਪ ਹੰਢਾ ਰਿਹਾ ਹੈ। ਮਾਨਵਤਾ ਦਾ ਅਸਲ ਅਰਥ ਅਤੇ ਭਾਈਚਾਰਕ ਸਾਂਝ ਮਨੁੱਖ ਦੇ ਦਿਲੋਂ ਮਨਫ਼ੀ ਹੈ। ਕਵੀ ਜਸਵੰਤ ਜ਼ਫ਼ਰ ਅਜੋਕੇ ਦੌਰ ਦੇ ਮਨੁੱਖ ਦੀ ਮਾਨਸਿਕਤਾ 'ਤੇ ਵਿਅੰਗ ਕੱਸਦਾ ਹੋਇਆ ਮਨੁੱਖ ਦੀ ਹੋਂਦ ਉਪਰ ਸੁਆਲੀਆ ਚਿੰਨ ਲਗਾਉਂਦਾ ਹੈ:

*ਉਸ ਨੂੰ ਪੁੱਛਿਆ*

*ਏਨਾ ਗਹਿਰਾ ਕਿਵੇਂ ਹੋਇਆ ?*

*ਸਮੁੰਦਰ ਕਹਿਣ ਲੱਗਾ*

*ਗਹਿਰਾਈ ਕੀ ਹੰਦੀ ਹੈ ?*

*ਫਿਰ ਮੈਂ ਚੰਦ ਨੂੰ ਪੁੱਛਿਆ*

*ਏਨਾ ਸ਼ਾਤ ਕਿਉਂ ਹੈਂ ?*

*ਚੰਦ ਨੇ ਹੈਰਾਨ ਹੋ ਕੇ ਪੁੱਛਿਆ*

*ਇਹ ਸ਼ਾਤੀ ਕੀ ਚੀਜ਼ ਹੋਈ ?*

*ਰਾਤੀ ਮੇਰੇ ਸੁਪਨੇ 'ਚ*

*ਦਰਿਆ ਸਮੁੰਦਰ ਤੇ ਚੰਦ ਆ ਕੇ ਕਹਿੰਦੇ*

*ਬੰਦਾ ਬਣ*

*ਮੈਥੋਂ ਪਰਤ ਕੇ ਪੁੱਛ ਨਹੀਂ ਹੁੰਦਾ*

*ਕੀ ਇਹ ਬੰਦਾ ਕੀ ਹੁੰਦਾ ?* (13)

ਸਮਕਾਲੀ ਪੰਜਾਬੀ ਕਵਿਤਾ ਵਿੱਚ ਨਾਰੀਵਾਦੀ ਸਰੋਕਾਰਾਂ ਨੇ ਔਰਤ ਦੇ ਹੋਂਦ-ਮੂਲਕ ਮਸਲਿਆਂ ਦੇ ਨਾਲ ਨਵੀਨ ਨਾਰੀਵਾਦੀ ਸਰੋਕਾਰਾਂ ਨੂੰ ਵੀ ਪੇਸ਼ ਕੀਤਾ ਹੈ, ਜੋ ਲਿੰਗ ਆਧਾਰਿਤ ਵੰਡ ਵਿੱਚੋਂ ਪੈਦਾ ਹੋਈਆਂ ਸ਼ੋਸ਼ਣ ਜੁਗਤਾਂ ਦਾ ਵਿਰੋਧ ਕਰਦੀ ਹੋਈ ਇੱਕ ਨਵਾਂ ਮਨੁੱਖੀ ਮਾਡਲ ਪੇਸ਼ ਕਰਦੀ ਹੈ । ਸਮਾਕਲੀ ਪੂੰਜੀਵਾਦੀ

ਸਮਾਜ ਵਿੱਚ ਨਾਰੀ ਨੇ ਆਪਣਾ ਪੂਰਾ ਦਾਅਵਾ ਪੇਸ਼ ਕੀਤਾ ਹੈ ਕਿ ਔਰਤ ਚਿੜੀ ਦੇ ਰੂਪ ਵਿੱਚ ਆਪਣੇ ਆਲ੍ਹਣੇ ਤੱਕ ਹੀ ਸੀਮਤ ਨਹੀਂ ਹੈ ਸਗੋਂ ਸਿੱਖਿਅਤ ਹੋ ਕੇ ਕਾਰੋਬਾਰੀ ਦੇ ਹਰ ਖੇਤਰ ਵਿੱਚ ਆਪਣੀ ਪਹਿਚਾਣ ਨੂੰ ਗਲੋਬਲੀ ਪੱਧਰ 'ਤੇ ਸਥਾਪਿਤ ਕਰਦੀ ਜਾ ਰਹੀ ਹੈ ਜਿਸ ਦੀ ਸਪਸ਼ਟ ਉਦਾਹਰਨ ਨਿਮਨ ਲਿਖਤ ਪੰਕਤੀਆਂ ਵਿੱਚੋਂ ਦ੍ਰਿਸ਼ਟੀਗੋਚਰ ਹੁੰਦੀ ਹੈ:

*ਕੁਦਰਤ ਨੇ ਹੁਣ ਅੱਖ ਖੋਲ੍ਹੀ ਹੈ*

*ਚਿੜੀਆਂ ਆਲ੍ਹਣੇ ਛੱਡ ਕੇ*

*ਟਾਹਣੀਆਂ 'ਤੇ ਆਈਆਂ ਹਨ*

*ਉਹਨਾਂ ਨੇ ਖੰਭ ਸੁਆਰੇ ਨੇ*

*ਅੰਗੜਾਈਆਂ ਲਈਆਂ ਨੇ ਆਪਣੇ ਪਿੰਡਿਆਂ 'ਚੋਂ*

*ਦਿਨ ਭਰ ਦੇ ਰੁਝੇਵਿਆਂ ਨੂੰ*

*ਸਿਆਣੀਆਂ ਸਚਿਆਰੀਆਂ ਚਿੜੀਆਂ...*

(ਸੁਖਵਿੰਦਰ ਅੰਮ੍ਰਿਤ, *ਚਿੜੀਆਂ* 9)

ਅੰਤਾਂ ਦੇ ਨਿੱਜੀਕਰਨ, ਭੀੜ, ਸੱਭਿਆਚਾਰ ਅਤੇ ਗਲੋਬਲੀਕਰਨ ਦੇ ਅਰਾਜਕਤਾ ਭਰੇ ਮਾਹੌਲ ਨੇ ਪੰਜਾਬੀ ਸਮਾਜ ਨੂੰ ਜਿਨਸੀ ਅਤੇ ਸਿਰਜਣਸ਼ੀਲਤਾ ਪ੍ਰਤੀ ਨਵੀਆਂ ਵੰਗਾਰਾਂ ਪੇਸ਼ ਕੀਤੀਆਂ ਹਨ। ਅਜਿਹੀ ਸਥਿਤੀ ਵਿੱਚ ਮਨੁੱਖ ਅੰਦਰ ਵੱਲ ਸੰਕੀਰਣ ਹੋ ਚੁੱਕਿਆ ਹੈ। ਅਜਿਹੀ ਸੰਕੀਰਣਤਾ ਦੇ ਪ੍ਰਭਾਵ ਹੇਠਾਂ ਉਹ ਆਪਣੀਆਂ ਇਛਾਵਾਂ ਦੀ ਪੂਰਤੀ ਨੂੰ ਹੀ ਪਹਿਲ ਦਿੰਦਾ ਹੈ ਅਤੇ ਆਵੇਸ਼ ਵਿੱਚ ਆ ਕੇ ਕਈ ਵਾਰ ਅਣ-ਮਨੁੱਖੀ ਘਟਨਾਵਾਂ ਨੂੰ ਵੀ ਅੰਜਾਮ ਦੇ ਬੈਠਦਾ ਹੈ। ਸਮਕਾਲੀ ਸਮਾਜ ਦੇ ਇਹਨਾਂ ਹਾਲਾਤਾਂ ਨੇ ਇਸਤਰੀ ਅਤੇ ਮਰਦ ਦੇ ਸੰਬੰਧਾਂ ਵਿੱਚ ਅਵਿਸ਼ਵਾਸ ਭਰ ਦਿੱਤਾ ਹੈ। ਕਵੀ ਜਸਵੰਤ ਜ਼ਫ਼ਰ ਅਜਿਹੇ ਹਾਲਾਤਾਂ ਨੂੰ ਹੇਠ ਲਿਖੀ ਕਾਵਿ-ਸਤਰਾਂ ਅਨੁਸਾਰ ਪੇਸ਼ ਕਰਦੇ ਹਨ:

*ਆਪਣੇ ਪ੍ਰੇਮੀ ਨਾਲ ਤਾਂ*

*ਕਿਤੇ ਵੀ ਕੋਈ ਵੀ ਨਾਰ*

*ਕਦੇ ਵੀ ਹੋ ਸਕਦੀ ਫਰਾਰ*

*ਪਰ ਕੋਈ ਦਰਿੰਦਾ*

*ਕੋਈ ਪਰਿੰਦਾ*

*ਕੋਈ ਜਾਨਵਰ ਵਹਿਸ਼ੀ ਭੇੜੀਆ*

*ਬਲਾਤਕਾਰੀ ਨਹੀਂ ਹੁੰਦਾ*

*ਕੁਦਰਤ ਦਾ ਅਸੂਲ ਹੈ*

*ਇਹ ਖ਼ਬਰ ਨਿਰਮੂਲ ਹੈ*

*ਆਦਮ ਦਾ ਅਪਮਾਨ ਕਰਨ ਲਈ*

*ਪਸ਼ੂਆਂ ਨੂੰ ਬਦਨਾਮ ਨਾ ਕਰੀਏ*

*ਆਦਮੀ ਨੂੰ ਤਾਂ*

*ਆਦਮੀ ਹੋਣ ਦਾ ਇਲਜ਼ਾਮ ਦੇਈਏ*

*ਆਦਮੀ ਹੋਣ ਦੀ ਅਸੀਸ ਦੇਈਏ*

*ਤੇ ਆਦਮੀ ਹੋਣ ਦਾ ਵਿਸ਼ਵਾਸ ਦੇਈਏ*

(*ਅਸੀਂ ਨਾਨਕ ਦੇ ਕੀ ਲੱਗਦੇ ਹਾਂ* 68)

ਪੁਰਾਤਨ ਸਮੇਂ ਦੇ ਸਮਾਜ ਵਿੱਚਲੇ ਆਰਥਿਕ, ਰਾਜਨੀਤਿਕ, ਸੱਭਿਆਚਾਰਕ ਅਤੇ ਨੈਤਿਕ ਸੰਗਠਨਾਂ ਨੇ ਪੁਰਖ ਨੂੰ ਕਾਨੂੰਨ, ਭਾਸ਼ਾ, ਸੰਸਕਾਰ, ਵਿੱਦਿਆ-ਪ੍ਰੰਪਰਾ, ਸ਼ਿਸ਼ਟਾਚਾਰ ਅਤੇ ਕਿਰਤ-ਵੰਡ ਦੇ ਅਧਿਕਾਰ ਦੇ ਕੇ ਔਰਤ ਉੱਪਰ ਆਪਣਾ ਸੰਪੂਰਨ ਕੰਟਰੋਲ ਸਥਾਪਿਤ ਕਰਨ ਦੇ ਸਮਰੱਥ ਬਣਾ ਦਿੱਤਾ। ਭਾਰਤੀ ਮਰਦ ਪ੍ਰਧਾਨ ਸਮਾਜ ਦੀ ਅਜਿਹੀ ਸਿਰਜਣਾ ਨੇ ਔਰਤ ਨੂੰ ਅਸੁੱਰਖਿਆ ਦੀ ਭਾਵਨਾ ਦਾ ਸਾਹਮਣਾ ਕਰਨ ਲਈ ਮਜ਼ਬੂਰ ਕਰੀ ਰੱਖਿਆ ਹੈ। ਤਤਕਾਲੀਨ ਸਮਾਜ ਔਰਤ ਦੇ ਹੱਕਾਂ ਦੇ ਪ੍ਰਤੀ ਕਾਫ਼ੀ ਹੱਦ ਤੱਕ

ਸੁਚੇਤ ਹੋਇਆ ਹੈ ਪ੍ਰੰਤੂ ਕੁਝ ਅਣ-ਮਨੁੱਖੀ ਘਟਨਾਵਾਂ ਕਾਰਨ ਅਜੋਕੀ ਪੀੜ੍ਹੀ ਦੀ ਔਰਤ ਕਿਤੇ-ਨਾ-ਕਿਤੇ ਅਜੇ ਵੀ ਪੂਰਨ ਰੂਪ ਵਿੱਚ ਸੁਰੱਖਿਅਤ ਨਹੀਂ ਹੈ:

*ਕੁਝ ਦਿਨਾਂ ਤੋਂ ਸ਼ਹਿਰ ਸੁਖ ਦੀ ਨੀਂਦ ਨਹੀਂ ਸੌਂਦਾ*
*ਸ਼ਹਿਰ ਵਿੱਚ ਰੋਜ਼ ਵਾਪਰਦੇ ਨੇ ਧੀਆਂ ਧਿਆਣੀਆਂ ਨਾਲ ਖ਼ੂਨੀ ਹਾਦਸੇ*
*ਰੋਜ਼ ਡੁਲ੍ਹਦਾ ਹੈ ਖਿੜਦੀਆਂ ਕਲੀਆਂ 'ਤੇ ਅੱਗ ਵਰਗਾ ਤੇਜ਼ਾਬ*
*ਰੋਜ਼ ਕੰਜਕਾਂ ਦੇ ਲਹੂ ਨਾਲ ਲੱਥ-ਪਥ ਹੁੰਦੀਆਂ ਨੇ ਅਖਬਾਰਾਂ ਦੀਆਂ ਸੁਰਖੀਆਂ*
*ਕਿ ਧਰਤੀ ਦੀ ਕੋਈ ਵੀ ਧੀ ਨਹੀਂ ਹੁਣ, ਕਿਸੇ ਵੀ ਥਾਂ 'ਤੇ ਸੁਰੱਖਿਅਤ*
*ਖ਼ਬਰਾਂ ਸੁਣ ਸੁਣ ਡਰੀ ਹੋਈ ਲੱਛਮੀ ਨਹੀਂ ਭੇਜਦੀ ਕਈ ਦਿਨਾਂ ਤੋਂ*
*ਆਪਣੀ ਅੱਲ੍ਹੜ ਧੀ ਨੂੰ ਸਕੂਲੇ*
*ਉਹ ਬਚਾ ਕੇ ਰੱਖਣਾ ਚਾਹੁੰਦੀ ਹੈ ਆਪਣੇ ਢਿੱਡ ਦੀ ਆਂਦਰ ਨੂੰ*
*ਕਿਸੇ ਵੀ ਅਣਹੋਣੀ ਤੋਂ*

(ਸੁਖਵਿੰਦਰ ਅਮ੍ਰਿਤ, *ਚਿੜੀਆਂ* 12)

ਇਸ ਪ੍ਰਕਾਰ ਸਪਸ਼ਟ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਕਵਿਤਾ ਦੇ ਸਮਾਜਿਕ ਸਰੋਕਾਰਾਂ ਦਾ ਅਧਿਐਨ ਕਰਦਿਆਂ ਸਮਾਜ ਦੇ ਵਿਚਾਰਧਾਰਾਈ ਆਧਾਰਾਂ ਨੂੰ ਤਲਾਸ਼ਣ ਲਈ ਸਮਕਾਲੀ ਪੰਜਾਬੀ ਕਵਿਤਾ ਦਾ ਮੁਲਾਂਕਣ ਕੀਤਾ ਗਿਆ ਹੈ, ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਸਮਕਾਲੀ ਦੌਰ ਵਿੱਚ ਵਿਗਿਆਨ, ਸੰਚਾਰ-ਮਾਧਿਅਮ, ਤਰਕ, ਵਿਸ਼ਵੀਕਰਨ, ਮੰਡੀਕਰਨ, ਪੂੰਜੀਵਾਦ ਆਦਿ ਵਰਤਾਰਿਆਂ ਦੇ ਕਾਰਨ ਸਮਕਾਲੀ ਸਮਾਜ ਦਾ ਦਾਇਰਾ ਗੁੰਝਲਦਾਰ ਅਤੇ ਵਿਸ਼ਵ-ਵਿਆਪੀ ਹੋਇਆ ਹੈ। ਨਵ ਤਕਨੀਕ ਅਤੇ ਸੂਚਨਾ ਕ੍ਰਾਂਤੀ ਦੇ ਵਿਭਿੰਨ ਪਾਸਾਰਾਂ ਨਾਲ ਸਮਕਾਲੀ ਦੌਰ ਵਿੱਚ ਤਕਨੀਕ ਅਤੇ ਸੰਚਾਰ ਨੂੰ ਸਮਕਾਲੀ ਸਮਾਜ ਦਾ ਧੁਰ੍ਹਾ ਮੰਨਿਆ ਜਾ ਸਕਦਾ ਹੈ। ਸੰਚਾਰ, ਤਕਨੀਕੀ ਅਤੇ ਕੰਪਿਊਟਰ ਦੀ ਅਸਮਰੱਥਾ ਨੇ ਮਨੁੱਖੀ ਗਿਆਨ ਅਤੇ ਖੋਜ ਲਈ ਨਵੇਂ-ਨਵੇਂ ਰਸਤੇ ਖੋਲ੍ਹ ਦਿੱਤੇ ਹਨ। ਸਮਕਾਲੀ ਪੰਜਾਬੀ ਕਵੀ ਵਿਗਿਆਨ ਤਕਨੀਕ

ਅਤੇ ਸੰਚਾਰ ਦੇ ਪੱਖ ਤੋਂ ਪੈ ਰਹੇ ਸਮਾਜ ’ਤੇ ਪ੍ਰਭਾਵ ਨੂੰ ਆਪਣੇ ਸੰਵੇਦਨਸ਼ੀਲ ਅਤੇ ਚੇਤਨ ਮਨ ਤੋਂ ਚਿਤਰਦਾ ਅਤੇ ਡੂੰਘੇ ਭੇਦਾਂ ਨੂੰ ਉਜਾਗਰ ਕਰਦਾ ਹੈ। ਸੂਚਨਾ ਅਤੇ ਸੰਚਾਰ ਮਾਧਿਅਮ ਕਾਰਨ ਹੀ ਜਸਵੰਤ ਜ਼ਫ਼ਰ ਵਰਗੇ ਪੰਜਾਬੀ ਕਵੀਆਂ ਨੇ ਗੈਲੀਲੀਓ, ਸਟੀਫਨ, ਹਾਕਿੰਗ ਵਰਗੇ ਵਿਗਿਆਨੀਆਂ ਦੀ ਵਿਚਾਰਧਾਰਾ ਅਤੇ ਉਹਨਾਂ ਦੇ ਖੋਜ ਲੇਖਾਂ ਨੂੰ ਆਧਾਰ ਬਣਾ ਕੇ ਆਪਣੀ ਕਵਿਤਾਵਾਂ ਵਿੱਚ ਪ੍ਰਸਤੁਤ ਕਰਦੇ ਹੋਏ ‘ਧਰਤੀ ਦੇ ਬ੍ਰਹਿਮੰਡ ਦਾ ਕੇਂਦਰ ਹੋਣ’ ਅਤੇ ‘ਭੌਤਿਕ ਵਸਤੂਵਾਦੀ ਵਿਚਾਰਾਂ’ ਆਦਿ ਨਾਲ ਇੱਕ ਨਵੀਂ ਵਿਗਿਆਨਕ ਚੇਤਨਾ ਦਾ ਪ੍ਰਸਾਰ ਕੀਤਾ। ਗੁਰਪ੍ਰੀਤ ਮਾਨਸਾ ਤਕਨੀਕ ਅਤੇ ਸੰਚਾਰ ਮਾਧਿਅਮ ਦੇ ਅਜੋਕੀ ਪੀੜ੍ਹੀ ਨਾਲ ਤਾਲਮੇਲ ਨੂੰ ਸਵੀਕ੍ਰਿਤ ਕਰਦਾ ਹੈ, ਉੱਥੇ ਨਾਲ ਹੀ ਕਵੀ ਗੁਰਤੇਜ ਕੋਹਾਰਵਾਲਾ ਅਜੋਕੇ ਸੰਦਰਭ ਵਿੱਚ ਵਿਗਿਆਨ ਅਤੇ ਪਦਾਰਥਕ ਤਰੱਕੀ ਦੇ ਮਨੁੱਖੀ ਮਨ ਤੇ ਪਏ ਪ੍ਰਭਾਵਾਂ ਨੂੰ ਪੇਸ਼ ਕਰਦਾ ਹੈ।

ਸਮਕਾਲੀ ਪੰਜਾਬੀ ਕਵਿਤਾ ਨੇ ਅਜੋਕੀ ਜੀਵਨ ਸ਼ੈਲੀ ਦੇ ਸੰਘਰਸ਼ ਤੇ ਤਣਾਅ ਦੇ ਪਿਛੋਕੜ ਨੂੰ ਬਾਖ਼ੂਬੀ ਪੇਸ਼ ਕੀਤਾ ਹੈ। ਇਸੇ ਸੰਦਰਭ ਵਿੱਚ ਪੰਜਾਬੀ ਕਵਿਤਾ ਨੇ ਪਦਾਰਥਕ ਅਤੇ ਨਿੱਜੀਕਰਨ ਨਾਲ ਵਸਤੂਵਾਦੀ ਸਮਕਾਲੀ ਸਮਾਜ ਨੂੰ ਚਿਤਰਦੇ ਹੋਏ ਬਿਆਨ ਕੀਤਾ ਹੈ ਕਿ ਕਿਸ ਤਰ੍ਹਾਂ ਮਹਾਂਨਗਰੀ ਦਾ ਬਾਸ਼ਿੰਦਾ ਰੇਸ ਵਿੱਚ ਦੌੜ ਰਹੇ ਦੌੜਾਕ ਵਾਂਗ ਵਾਹੋਦਾਹੀ ਦੌੜ ਰਿਹਾ ਹੈ। ਗੁਰੂ ਨਾਨਕ ਦੇਵ ਜਿਹੀਆਂ ਮਹਾਨ ਸ਼ਖ਼ਸੀਅਤਾਂ ਦੀ ਵਿਚਾਰਧਾਰਾ ਨੂੰ ਮਨੁੱਖ ਭੁੱਲ ਕੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮੰਡੀ ਸੱਭਿਅਤਾ ਦੀ ਦਲ-ਦਲ ਵਿੱਚ ਗ੍ਰਸਤ ਹੋ ਕੇ ਲਾਲਚ ਅਤੇ ਜਮ੍ਹਾਖ਼ੋਰੀ ਦਾ ਸ਼ਿਕਾਰ ਹੋ ਚੁੱਕਿਆ ਹੈ। ਅਜਿਹੇ ਲਾਲਚ ਵੱਸ ਮਨੁੱਖੀ ਜੀਵਨ ਦੇ ਤੱਥਾਂ ਦੀਆਂ ਉਦਾਹਰਨਾਂ ਉਲਟ-ਪੁਲਟ ਹੋ ਕੇ ਰਹਿ ਗਈਆਂ ਹਨ। ਅਜੋਕੇ ਸੰਦਰਭ ਵਿੱਚ ਖਾਣ ਦਾ ਅਰਥ, ਦੂਜੇ ਤੋਂ ਹਥਿਆਉਣਾ ਦੇ ਅਰਥਾਂ ਵਿੱਚ ਪ੍ਰਵਰਤਿਤ ਹੋਏ ਹਨ। ਵਾਸਤਵ ਵਿੱਚ ਸਮਕਾਲੀ ਪੰਜਾਬੀ ਕਵਿਤਾ ਮਨੁੱਖ ਨੂੰ ਆਪਣੀਆਂ ਇੱਛਾਵਾਂ ਨੂੰ ਘਟਾ ਕੇ ਖ਼ੁਸ਼ੀਆਂ ਪ੍ਰਾਪਤ ਕਰਨ ਦਾ ਰਸਤਾ ਵੀ ਦਿਖਾਉਂਦੀ ਹੈ। ਸਮਕਾਲੀ ਪੰਜਾਬੀ ਕਵਿਤਾ ਪਦਾਰਥਕ ਯੁੱਗ ਵਿੱਚ ਪੈਦਾ ਹੋਏ ਨਵੇਂ ਸੰਕਲਪ ਨੂੰ ਪੇਸ਼ ਕਰ ਕੇ ਸਮਾਜ ਲਈ ਪੇਸ਼ ਹੋਈਆਂ ਚੁਨੌਤੀਆਂ ਨੂੰ ਕਾਵਿ ਸਰੋਕ੍ਰਿਤ ਵੀ ਕਰਦੀ ਹੈ। ਸਮਕਾਲੀ ਸਮਾਜਿਕ ਪ੍ਰਸਥਿਤੀਆਂ ਦਾ ਰੂਪਾਂਤਰਨ ਸਮਕਾਲੀ ਸਮਾਜ ਗੁੰਝਲਦਾਰ ਤਾਣਾ ਪੇਟਾ ਹੈ। ਮਹਿਲਾਂ ਮੁਨਾਰਿਆਂ ਤੇ ਪੈਸਿਆਂ ਦੀ ਗੁਲਾਮੀ

ਝੱਲਦਾ ਮਨੁੱਖ ਆਪਣੇ ਕਿਰਦਾਰ ਤੋਂ ਹੇਠਾਂ ਗਿਰਦਾ ਜਾ ਰਿਹਾ ਹੈ। ਹਰ ਕੋਈ ਆਪਣੇ ਅਹੁਦੇ ਦਾ ਦੂਜੇ ਨੂੰ ਨੀਵਾਂ ਦਿਖਾਉਣ ਲਈ ਇਸਤੇਮਾਲ ਕਰਦਾ ਹੈ ਜਿਸ ਦੇ ਕਾਰਨ ਜਿਊਣ ਦੀ ਕਲਾ ਮਨੁੱਖੀ ਜੀਵਨ ਵਿੱਚੋਂ ਮਨਫ਼ੀ ਹੋ ਰਹੀ ਹੈ।

**2.2. ਸਮਕਾਲੀ ਪੰਜਾਬੀ ਕਵਿਤਾ ਦੇ ਸੱਭਿਆਚਾਰਕ ਸਰੋਕਾਰ**

ਸਮਾਜ ਅਤੇ ਸੱਭਿਆਚਾਰ ਦਾ ਆਪਸ ਵਿੱਚ ਬਹੁਤ ਨੇੜਲਾ ਸੰਬੰਧ ਹੈ। ਸਧਾਰਨ ਸ਼ਬਦਾਂ ਵਿੱਚ ਸੱਭਿਆਚਾਰ, ਸਮਾਜ ਦੀ ਪ੍ਰਮੁੱਖ ਵਿਸ਼ੇਸ਼ਤਾ ਹੈ। ਸਮਾਜ ਵਿੱਚ ਵਿੱਚਰਦਿਆਂ ਮਨੁੱਖ ਨੇ ਆਪਣੀ ਸਮਰੱਥਾ, ਸਹੂਲੀਅਤ ਅਤੇ ਸਮਾਜਿਕ ਪ੍ਰਬੰਧ ਦੀ ਸੁਚੱਜਤਾ ਲਈ, ਧਰਮ, ਸੱਭਿਆਚਾਰ, ਗਿਆਨ-ਵਿਗਿਆਨ, ਰਾਜਨੀਤੀ ਆਦਿ ਵੱਖ-ਵੱਖ ਵਿਭਾਗਾਂ ਦਾ ਨਿਰਮਾਣ ਕੀਤਾ ਹੈ ਜਿਨ੍ਹਾਂ ਵਿੱਚ ਸੱਭਿਆਚਾਰ ਇੱਕ ਵਿਸ਼ੇਸ਼ ਪ੍ਰਣਾਲੀ ਹੈ। ਸੱਭਿਆਚਾਰ ਦਾ ਖੇਤਰ ਕਾਫ਼ੀ ਵਿਸ਼ਾਲ ਹੈ। ਸੱਭਿਆਚਾਰ ਮਨੁੱਖ ਦੇ ਜਨਮ ਤੋਂ ਉਸ ਦੇ ਅੰਤ ਤੱਕ ਦੇ ਵਰਤਾਰੇ ਨੂੰ ਆਪਣੇ ਅੰਦਰ ਸੰਮਲਿਤ ਕਰਦਾ ਹੈ। ਸੱਭਿਆਚਾਰ ਸੰਦਰਭ ਵਿੱਚ ਕਿਹਾ ਜਾ ਸਕਦਾ ਹੈ ਕਿ ਜਿੱਥੇ ਕਿਸੇ ਹੋਰ ਜੀਵ ਪ੍ਰਾਣੀ ਮਾਤਰ ਦੇ ਬੱਚੇ ਲਈ ਪੈਦਾ ਹੋਣ ਤੋਂ ਬਾਅਦ ਇੱਕ ਪੂਰਾ ਜੀਵ ਬਣਨ ਵਾਸਤੇ ਹਵਾ, ਪਾਣੀ ਅਤੇ ਖ਼ੁਰਾਕ ਆਦਿ ਸਮੇਤ ਕੇਵਲ ਇੱਕ ਭੌਤਿਕ ਵਾਤਾਵਰਣ ਦੀ ਲੋੜ ਹੁੰਦੀ ਹੈ, ਉਥੇ ਮਨੁੱਖ ਲਈ ਜਨਮ ਤੋਂ ਬਾਅਦ ਇੱਕ ਪੂਰਾ ਮਨੁੱਖ ਬਣਨ ਵਾਸਤੇ ਇੱਕ ਭੌਤਿਕ ਵਾਤਾਵਰਨ ਦੇ ਨਾਲ-ਨਾਲ ਇੱਕ ਸੱਭਿਆਚਾਰਕ ਵਾਤਾਵਰਨ ਦੀ ਵੀ ਲੋੜ ਪੈਂਦੀ ਹੈ। ਅਜਿਹੇ ਵਿੱਚ ਉਹ ਸਭ ਕੁਝ ਜਿਸ ਨੂੰ ਹੰਢਾ ਕੇ ਜਾਂ ਜਿਸ ਵਿਚੋਂ ਨਿਕਲ ਕੇ ਆਪਣੀ ਜੀਵਕ ਹੋਂਦ ਤੋਂ ਉੱਚਾ ਉੱਠਦਾ ਹੈ ਅਤੇ ਇੱਕ ਮਨੁੱਖੀ ਪਾਸਾਰ ਅਖ਼ਤਿਆਰ ਕਰਦਾ ਹੈ, ਉਸ ਨੂੰ ਸੱਭਿਆਚਾਰ ਦਾ ਨਾਂ ਦਿੱਤਾ ਗਿਆ ਹੈ। ਸੱਭਿਆਚਾਰ ਦੀ ਸਭ ਤੋਂ ਪਹਿਲੀ ਵਿਸਤ੍ਰਿਤ ਪਰਿਭਾਸ਼ਾ 'ਈ. ਵੀ. ਟਾਇਲਰ' ਨੇ ਦਿੱਤੀ ਜੋ ਸੱਭਿਆਚਾਰ ਨੂੰ ਗਿਆਨ, ਕਲਾ, ਨੀਤੀ, ਮਨੁੱਖੀ ਸੰਸਕਾਰ ਅਤੇ ਮਨੁੱਖੀ ਵਿਵਹਾਰ ਦਾ ਇੱਕ ਸੁਚੱਜਾ ਸੰਗਠਿਤ ਢਾਂਚਾ ਮੰਨਦਾ ਹੈ। ਈ. ਵੀ. ਟਾਇਲਰ ਅਨੁਸਾਰ:

*ਸੱਭਿਆਚਾਰ ਮਾਨਵ ਜਾਤੀ ਵਿਗਿਆਨ (Ethnographic) ਅਰਥਾਂ ਵਿੱਚ ਇੱਕ ਅਜਿਹਾ ਜਟਿਲ ਸਮੁੱਚ ਹੈ ਜਿਸ ਵਿੱਚ ਗਿਆਨ, ਕਲਾ, ਨੀਤੀ, ਸੰਸਕਾਰ ਅਤੇ ਆਦਤਾਂ ਦਾ ਸਮਾਵੇਸ਼ ਹੁੰਦਾ ਹੈ। ਜਿਹੜੀਆਂ ਮਨੁੱਖ ਸਮਾਜ ਦਾ ਮੈਂਬਰ ਹੋਣ ਦੇ ਨਾਤੇ ਗ੍ਰਹਿਣ ਕਰਦਾ ਹੈ।*

(*ਪੰਜਾਬੀ ਸੱਭਿਆਚਾਰ* 9)

ਪ੍ਰੋ. ਬਲਬੀਰ ਸਿੰਘ ਪੂਨੀ ਅਨੁਸਾਰ:

*ਇਹ ਮਨੁੱਖੀ ਸਮਾਜ ਜਿੰਨਾ ਹੀ ਸਰਵ-ਵਿਆਪਕ ਹੈ। ਇਸ ਲਈ ਇਹ ਕਿਸੇ ਚੀਜ਼ ਵੱਲ ਸੰਕੇਤ ਨਹੀਂ ਕਰਦਾ, ਸਗੋਂ ਇਸ ਵਿੱਚ ਨਿਸ਼ਚਿਤ ਠੋਸ ਪਦਾਰਥਾਂ ਅਤੇ ਸਮਾਜਿਕ ਵਰਤਾਰਿਆਂ ਤੋਂ ਲੈ ਕੇ ਨਿਰੋਲ ਭਾਵ ਵਾਚਕ ਸੰਕਲਪਾਂ ਤੱਕ ਕਈ ਕੁਝ ਆ ਜਾਂਦਾ ਹੈ।*

(*ਪੰਜਾਬੀ ਲੋਕਧਾਰਾ ਅਤੇ ਸੱਭਿਆਚਾਰ* 12)

ਮਾਨਵ-ਵਿਗਿਆਨੀ 'ਮੈਲਿਨੋਵਸਕੀ' ਦੇ ਅਨੁਸਾਰ:

*ਸੱਭਿਆਚਾਰ ਉਹ ਯੰਤਰ ਹੈ, ਜਿਸ ਰਾਹੀਂ ਮਨੁੱਖ ਆਪਣੀਆਂ ਸਰੀਰਕ ਲੋੜਾਂ ਪੂਰੀਆਂ ਕਰਦਾ ਹੈ। ਭੁੱਖ, ਪਿਆਸ, ਸੁਰੱਖਿਆ ਅਤੇ ਕਾਮ ਤ੍ਰਿਪਤੀ, ਉਹ ਪ੍ਰਾਥਮਿਕ ਲੋੜਾਂ ਹਨ ਜਿਨ੍ਹਾਂ ਦੀ ਪੂਰਤੀ ਅਤੇ ਸੰਤੁਸ਼ਟੀ ਉਪਰਾਂਤ ਗੌਣ ਲੋੜਾਂ ਉਤਪੰਨ ਹੁੰਦੀਆਂ ਹਨ ਇਹ ਲੋੜਾਂ ਸਰਵ-ਵਿਆਪਕ ਹਨ ਇਸ ਲਈ ਸੱਭਿਆਚਾਰ ਵੀ ਸਰਵ-ਵਿਆਪਕ ਹੈ।* (*ਪੰਜਾਬੀ ਸੱਭਿਆਚਾਰ ਪਛਾਣ-ਚਿੰਨ੍ਹ* 1)

ਇਸੇ ਤਰ੍ਹਾਂ ਸਾਹਿਤ ਵਿੱਚ ਵੀ ਸੱਭਿਆਚਾਰਕ ਸਰੋਕਾਰਾਂ ਦਾ ਖੇਤਰ ਸੱਭਿਆਚਾਰ ਦੀ ਤਰ੍ਹਾਂ ਹੀ ਵਿਸ਼ਾਲ ਹੈ। ਸਧਾਰਨ ਤੌਰ 'ਤੇ ਸੱਭਿਆਚਾਰਕ ਸਰੋਕਾਰਾਂ ਦੇ ਅੰਤਰਗਤ ਸਮਾਜਿਕ ਰੀਤੀ-ਰਿਵਾਜ਼, ਵਹਿਮ-ਭਰਮ, ਸੰਪੂਰਨ ਲੋਕ-ਸਾਹਿਤ, ਲੋਕ-ਵਿਸ਼ਵਾਸ, ਲੋਕ-ਰੂੜੀਆਂ, ਲੋਕ-ਕਲਾਵਾਂ, ਲੋਕ-ਧੰਦੇ, ਲੋਕ-ਪਹਿਰਾਵੇ, ਲੋਕ-ਸੰਗੀਤ ਆਦਿ ਸ਼ਾਮਿਲ ਹਨ। ਸਮਕਾਲੀ ਦੌਰ ਵਿੱਚ ਆਧੁਨਿਕਤਾ ਅਤੇ ਵਿਸ਼ਵੀਕਰਨ ਦੀ ਚਕਾਚੌਂਦ ਜ਼ਿੰਦਗੀ ਨੇ ਭਾਰਤੀ ਸੱਭਿਅਤਾ 'ਤੇ ਬਹੁਤ ਬੁਰਾ ਪ੍ਰਭਾਵ ਪਾਇਆ ਹੈ। ਪੱਛਮੀ ਸੱਭਿਅਤਾ ਨੇ ਭਾਰਤੀ ਪ੍ਰੰਪਰਾਗਤ ਜੀਵਨ ਸ਼ੈਲੀ ਨੂੰ ਪ੍ਰਭਾਵਿਤ ਕੀਤਾ ਹੈ। ਖਾਣ-ਪੀਣ, ਪਹਿਰਾਵਾ, ਰਹਿਣ-ਸਹਿਣ, ਬੋਲੀ,

ਇੱਥੋ ਤੱਕ ਕਿ ਰਸਮਾਂ ਰਿਵਾਜ ਆਦਿ ਵੀ ਪੱਛਮੀ ਸੱਭਿਅਤਾ ਦੇ ਦੁਸ਼ ਪ੍ਰਭਾਵ ਤੋਂ ਨਹੀਂ ਬਚ ਸਕੇ। ਅੰਗ੍ਰੇਜ਼ੀ ਸੱਭਿਅਤਾ ਦਾ ਭਾਰਤ ਵਿੱਚ ਆਗਮਨ ਵੱਖਰੀ ਕਿਸਮ ਦਾ ਸੀ। ਪੱਛਮੀ ਸੱਭਿਆਚਾਰ ਨੇ ਭਾਰਤ ਦਾ ਅੰਗ ਬਣਨ ਦੀ ਥਾਂ ਇੱਥੇ ਸ਼ਕਤੀਸ਼ਾਲੀ ਰਾਜ ਪ੍ਰਬੰਧ ਸਥਾਪਿਤ ਕੀਤਾ ਅਤੇ ਭਾਰਤ ਨੂੰ ਗੁਲਾਮੀ ਦੀ ਜ਼ੰਜ਼ੀਰਾਂ ਵਿੱਚ ਜਕੜੀ ਰੱਖਿਆ। ਮੌਜੂਦਾ ਸਮੇਂ ਵਿੱਚ ਵੀ ਪੰਜਾਬੀ/ਭਾਰਤੀ ਸੱਭਿਅਤਾ, ਵਿਦੇਸ਼ੀ ਸੱਭਿਅਤਾ ਦੀ ਜੰਜ਼ੀਰਾਂ ਵਿੱਚ ਜਕੜੀ ਜਾ ਰਹੀ ਹੈ। ਵਿਸ਼ਵੀਕਰਨ ਦੇ ਇਸ ਦੌਰ ਵਿੱਚ ਰਿਵਾਈਤੀ ਜਨ-ਜੀਵਨ ਦਾ ਰਹਿਣ-ਸਹਿਣ, ਪਹਿਰਾਵਾ ਪੰਜਾਬੀ ਜੀਵਨ ਸ਼ੈਲੀ ਵਿਚੋਂ ਮਨਫ਼ੀ ਹੁੰਦਾ ਜਾ ਰਿਹਾ ਹੈ।

**ਸਮਕਾਲੀ ਸੱਭਿਆਚਾਰਕ ਰੂਪਾਂਤਰਣ:**

ਵਾਸਤਵ ਵਿੱਚ ਅਸੀਂ ਆਪਣੇ ਇਸ ਅਧਿਆਇ ਦੌਰਾਨ ਸਮਕਾਲੀ ਪੰਜਾਬੀ ਕਵਿਤਾ ਵਿਚੋਂ ਉਹਨਾਂ ਸੱਭਿਆਚਾਰਕ ਸਰੋਕਾਰਾਂ ਨੂੰ ਤਲਾਸ਼ਣ ਲਈ ਯਤਨਬੱਧ ਹਾਂ ਜੋ ਅਜੋਕੀ ਪੀੜੀ ਨੂੰ ਇੱਕ ਸੇਧ ਅਤੇ ਸੰਦੇਸ਼ ਦਿੰਦੇ ਹੋਏ ਆਪਣੇ ਸੱਭਿਆਚਾਰ ਦੀਆਂ ਪ੍ਰਮੁੱਖ ਕੀਮਤਾਂ ਅਤੇ ਮੁੱਲਾਂ ਨੂੰ ਸੰਭਾਲਣ ਲਈ ਸਮੇਂ-ਸਮੇਂ 'ਤੇ ਪ੍ਰੇਰਿਤ ਕਰਦੇ ਹਨ। ਸਮਕਾਲੀ ਦੌਰ ਵਿੱਚ ਪੰਜਾਬੀ ਸੱਭਿਆਚਾਰ ਉੱਪਰ ਪੱਛਮੀਕਰਨ ਦਾ ਸਭ ਤੋਂ ਵੱਧ ਪ੍ਰਭਾਵ ਹੈ। ਜਿਸ ਨਾਲ ਪੰਜਾਬੀ ਸੱਭਿਆਚਾਰ ਆਪਣੇ ਮੁੱਲਾਂ ਤੋਂ ਪਛਾੜਦਾ ਅਤੇ ਵਿਸਾਰਦਾ ਜਾ ਰਿਹਾ ਹੈ। ਸੱਭਿਆਚਾਰ ਦੇ ਪੱਛਮੀਕਰਨ ਤੋਂ ਭਾਵ ਉਹਨਾਂ ਜੀਵਨ ਢੰਗਾਂ ਨੂੰ ਅਪਣਾਉਣਾ ਹੈ ਜਿਨ੍ਹਾਂ ਦਾ ਸੰਬੰਧ ਪੱਛਮੀ ਸਮਾਜ ਨਾਲ ਹੈ। ਮੁੱਖ ਰੂਪ ਵਿੱਚ ਅਤਿ-ਆਧੁਨਿਕ ਸੰਚਾਰ ਮਾਧਿਅਮ, ਸ਼ਹਿਰੀ ਜੀਵਨ ਅਤੇ ਉਦਯੋਗਿਕ ਕ੍ਰਾਂਤੀ ਪੱਛਮੀਕਰਨ ਦੇ ਪ੍ਰਮੁੱਖ ਕਾਰਨ ਹਨ। ਅਜਿਹੇ ਵਰਤਾਰੇ ਅਧੀਨ ਪੰਜਾਬੀ ਸੱਭਿਆਚਾਰ ਦੇ ਜੀਵਨ-ਮੁੱਲਾਂ, ਵਿਸ਼ਵਾਸਾਂ ਅਤੇ ਦ੍ਰਿਸ਼ਟੀਕੋਣਾਂ ਵਿੱਚ ਤੇਜ਼ੀ ਨਾਲ ਤਬਦੀਲੀ ਆਈ ਹੈ। ਤਤਕਾਲੀਨ ਸਮਾਜ ਵਿੱਚ ਪੱਛਮੀਕਰਨ ਦੇ ਪ੍ਰਭਾਵ ਅਧੀਨ ਅੰਤਰ-ਦੇਸ਼ੀ ਜਾਂ ਅੰਤਰ ਨਸਲੀ ਵਿਆਹ ਸੰਬੰਧਾਂ ਦਾ ਮੁੱਦਾ ਸੱਭਿਆਚਾਰ ਰਲਾਅ ਪੈਦਾ ਕਰ ਰਿਹਾ ਹੈ। ਤਤਕਾਲੀਨ ਸਮਾਜ ਦੇ ਅਜਿਹੇ ਹਾਲਾਤ ਨੂੰ ਕਵੀ ਜਸਵੰਤ ਜ਼ਫ਼ਰ ਨੇ ਆਪਣੀ ਕਵਿਤਾ 'ਝੰਡਾ ਸਿੰਘ ਅਣਖੀ' ਵਿੱਚ ਪੇਸ਼ ਕੀਤਾ ਹੈ:

*ਮਾੜੀ ਕਿਸਮਤ ਔਲਾਦ ਗੰਦੀ ਨੂੰ*

*ਮੁੰਡੇ ਨੇ ਗੋਰੀ ਵਿਆਹੀ*

*ਦਿਲ ਦਾ ਦੌਰਾ ਪਿਆ*

*ਐਂਬੂਲੈਂਸ ਆਈ*

*ਮਸੀਂ ਬਚਾਇਆ*

........

*ਇਹ ਸਦਮਾ ਜਿਵੇਂ ਕਿਵੇਂ ਝੱਲਿਆ*

(*ਇਹ ਬੰਦਾ ਕੀ ਹੁੰਦਾ* 32)

ਸਮਕਾਲੀ ਦੌਰ ਵਿੱਚ ਵਿਸ਼ਵੀਕਰਨ ਨੇ ਪੂਰੀ ਦੁਨੀਆਂ ਨੂੰ ਇੱਕ-ਦੂਜੇ ਦੇ ਐਨੇ ਨੇੜੇ ਲਿਆਂਦਾ ਹੈ, ਕਿ ਇਸ ਦਾ ਪ੍ਰਭਾਵ ਹਰ ਖਿੱਤੇ ਦੇ ਸੱਭਿਆਚਾਰਕ ਜੀਵਨ ਉੱਤੇ ਵੇਖਿਆ ਜਾ ਸਕਦਾ ਹੈ। ਇੱਕ ਤਰ੍ਹਾਂ ਨਾਲ ਸੱਭਿਆਚਾਰ ਰਲਾਅ ਦੀ ਸਥਿਤੀ ਪੈਦਾ ਹੋ ਰਹੀ ਹੈ। ਪੱਛਮੀ ਸੱਭਿਅਤਾ ਨੇ ਭਾਰਤੀ ਪ੍ਰੰਪਰਾਗਤ ਜੀਵਨ ਸ਼ੈਲੀ ਨੂੰ ਹਰੇਕ ਪੱਖੋਂ ਪ੍ਰਭਾਵਿਤ ਕੀਤਾ ਹੈ। ਖਾਣ-ਪੀਣ, ਪਹਿਰਾਵਾ, ਰਹਿਣ-ਸਹਿਣ, ਬੋਲੀ, ਇੱਥੋ ਤੱਕ ਕਿ ਰਸਮ-ਰਿਵਾਜ ਆਦਿ ਵੀ ਪੱਛਮੀ ਸੱਭਿਅਤਾ ਦੇ ਪ੍ਰਭਾਵ ਤੋਂ ਨਹੀਂ ਬਚ ਸਕੇ। ਵਰਤਮਾਨ ਸਮੇਂ ਵਿੱਚ ਵੀ ਪੰਜਾਬੀ ਸੱਭਿਅਤਾ, ਵਿਦੇਸ਼ੀ ਸੱਭਿਅਤਾ ਦੀਆਂ ਜੰਜ਼ੀਰਾਂ ਵਿੱਚ ਉਲਝ ਕੇ ਰਿਵਾਈਤੀ ਜਨ-ਜੀਵਨ ਦਾ ਰਹਿਣ-ਸਹਿਣ, ਪਹਿਰਾਵਾ ਪੰਜਾਬੀ ਜੀਵਨ ਸ਼ੈਲੀ ਤੋਂ ਭਟਕ ਰਹੀ ਹੈ। ਅਜੋਕੀ ਪੀੜ੍ਹੀ ਰੰਗ, ਨਸਲ, ਦੇਸ਼, ਭੇਸ਼ ਆਦਿ ਨੂੰ ਭੁੱਲ ਆਪਣੇ ਮਨੋਭਾਵਾਂ ਨੂੰ ਤਰਜ਼ੀਹ ਦੇ ਰਹੀ ਹੈ:

*ਪਰ ਹਫ਼ਤਾ ਪਹਿਲਾ ਉਹਦੇ ਦਿਮਾਗ ਦੇ*

*ਐਨ੍ਹ ਵਿਚਾਲੇ ਬੰਬ ਚੱਲਿਆ*

*ਬੰਬ ਦੇ ਪਤੀਲੇ ਨੂੰ*

*ਲਫ਼ਜ਼ਾਂ ਦੀ ਤੀਲੀ ਡੰਗਿਆ*

*ਝੰਡਾ ਸਿੰਘ ਨੇ ਪਾਈ ਨਹੀਂ ਮੰਗਿਆ*

*ਲਫ਼ਜ਼ ਬੇਟੀ ਦੇ*

*ਡੈਡੀ ਜਾ ਰਹੀ ਹਾਂ*

*ਆਜ਼ਾਦੀ ਨਾਲ ਆਪਣੀ ਖ਼ੁਸ਼ੀ ਲਈ*

*ਕਾਲ਼ੇ ਨਾਲ ਵਿਆਹ ਕਰਾ ਰਹੀ ਹਾਂ* (32)

ਸਮਕਾਲੀ ਪੰਜਾਬੀ ਸੱਭਿਆਚਾਰ ਵਿੱਚ ਪੀੜ੍ਹੀ-ਪਾੜਾ ਇੱਕ ਅਜਿਹੀ ਸਮੱਸਿਆ ਹੈ ਜੋ ਬੱਚਿਆਂ ਅਤੇ ਮਾਪਿਆਂ ਦੇ ਸੰਬੰਧਾਂ ਵਿੱਚ ਅਵਿਸ਼ਵਾਸੀ ਪੈਦਾ ਕਰ ਰਹੀ ਹੈ। ਇਹ ਸਮੱਸਿਆ ਅਣ-ਸੁਖਾਵੇਂ ਮਨੁੱਖੀ ਮਨ ਅਤੇ ਮਾਨਸਿਕਤਾ ਦੇ ਵਿਕਾਸ ਨਾਲ ਸੰਬੰਧ ਰੱਖਦੀ ਹੈ। ਦਿਨੋ-ਦਿਨ ਸੂਚਨਾ ਕ੍ਰਾਂਤੀ, ਵਿਗਿਆਨ ਅਤੇ ਤਕਨੀਕੀ ਵਿਕਾਸ ਕਾਰਨ ਮਨੁੱਖੀ ਮਾਨਸਿਕ ਅਤੇ ਬੌਧਿਕ ਸੇਵਾਵਾਂ ਵਿੱਚ ਵਾਧਾ ਹੋਇਆ ਹੈ। ਜਿਸ ਕਾਰਨ ਅਜੋਕੀ ਪੀੜ੍ਹੀ ਆਪਣੇ ਮਾਪਿਆਂ ਅਤੇ ਵਡੇਰਿਆਂ ਨਾਲੋਂ ਵਧੇਰੇ ਤੇਜ਼ ਹੁੰਦੇ ਜਾ ਰਹੇ ਹਨ ਅਤੇ ਉਹ ਤੇਜ਼ ਜੀਵਨ ਚਾਲ ਵਿੱਚ ਵਿਸ਼ਵਾਸ ਰੱਖਦੇ ਹਨ, ਜਿਸ ਨਾਲ ਆਪਸੀ ਸਾਂਝ ਦਾ ਆਧਾਰ ਕਮਜ਼ੋਰ ਪੈ ਗਿਆ ਹੈ। ਸਮਕਾਲੀ ਦੌਰ ਦੀ ਨੌਜਵਾਨ ਪੀੜ੍ਹੀ ਆਪਣੇ ਮਨ ਮੁਤਾਬਿਕ ਜੀਵਨ ਸ਼ੈਲੀ ਦੀ ਭਾਲ ਵਿੱਚ ਵਿਦੇਸ਼ੀ ਧਰਤੀਆਂ 'ਤੇ ਜਾਣੋ ਆਪਣੇ ਆਪ ਨੂੰ ਨਹੀਂ ਰੋਕ ਪਾਉਂਦੇ, ਜਿਸ ਸਦਕਾ ਬੇਵਤਨ ਅਤੇ ਬੇਗਾਨਗੀ ਦੀ ਸਥਿਤੀ ਪੈਦਾ ਹੋ ਜਾਂਦੀ ਹੈ ਅਤੇ ਅਜੋਕਾ ਮਨੁੱਖ ਮਾਨਸਿਕ ਤਣਾਅ ਅਤੇ ਡਿਪ੍ਰੈਸ਼ਨ ਜਿਹੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ। ਸਮਕਾਲੀ ਦੌਰ ਦੇ ਅਜਿਹੇ ਹਾਲਾਤਾਂ ਨੂੰ ਕਵਿਤਰੀ ਸੁਖਵਿੰਦਰ ਅੰਮ੍ਰਿਤ ਨੇ ਹੇਠ ਲਿਖੇ ਸ਼ਬਦਾਂ ਵਿੱਚ ਪੇਸ਼ ਕੀਤਾ ਹੈ:

*ਮੇਰੇ ਬੱਚੇ ਜਦੋਂ ਦੇ ਪਰਦੇਸ ਗਏ ਨੇ*

*ਮੇਰੀਆਂ ਤਲੀਆਂ 'ਤੇ*

*ਰੇਖਾਵਾਂ ਦਾ ਜੰਗਲ ਉੱਗ ਆਇਆ ਹੈ*

*ਜਿਸ ਵਿੱਚ*

*ਮੇਰੀ ਕਿਸਮਤ ਦੀ ਰੇਖਾ*

*ਗੁਆਚ ਗਈ ਹੈ*

*ਅਕਲ ਦੀ ਰੇਖਾ*

*ਡਿਪ੍ਰੈਸ਼ਨ ਦੇ ਨਦੀਨ ਹੇਠਾਂ*

*ਸੁੱਕਦੀ ਜਾ ਰਹੀ ਹੈ।* (*ਚਿੜੀਆਂ* 23)

ਉਧਾਰੀਕਰਨ ਜਾਂ ਪੱਛਮੀਕਰਨ ਦੇ ਰੂਪ ਵਿੱਚ ਵਿਸ਼ਵੀਕਰਨ ਨੂੰ ਸਵਿਕਾਰਦਿਆਂ ਸਾਰਾ ਸੰਸਾਰ ਇਕੋ ਸੱਭਿਆਚਾਰਕ ਇਕਾਈ ਬਣਦਾ ਜਾ ਰਿਹਾ ਹੈ। ਅਜਿਹੀ ਵਪਾਰਕ ਖੁੱਲ੍ਹ ਨੇ ਗਰੀਬ ਦੇਸ਼ਾਂ ਦੀ ਆਮ ਜਨਤਾ ਨੂੰ ਰੁਜ਼ਗਾਰ ਦਾ ਅਵਸਰ ਪ੍ਰਦਾਨ ਕੀਤਾ ਹੈ। ਜਿਸ ਦੇ ਲਾਲਚ ਵਸ ਨੌਜਵਾਨ ਆਪਣੇ ਮੂਲ ਨਾਲੋਂ ਟੁੱਟ ਕੇ ਵਿਦੇਸ਼ੀ ਸੱਭਿਆਚਾਰਕ ਪ੍ਰਸਥਿਤੀਆਂ ਨੂੰ ਅਪਣਾ ਕੇ ਵਤਨ ਤੋਂ ਵਿਛੜਦੇ ਜਾ ਰਹੇ ਹਨ। ਜਿਸ ਨਾਲ ਅਜੋਕੀ ਪੀੜ੍ਹੀ ਆਪਣੀਆਂ ਮੂਲ ਰਸਮਾਂ, ਰੀਤੀ-ਰਿਵਾਜਾਂ ਅਤੇ ਆਪਣੇ ਪਰੰਪਰਾਗਤ ਸੱਭਿਆਚਾਰ ਤੋਂ ਸੱਖਣੇ ਹੋ ਗਏ। ਵਾਸਤਵ ਵਿੱਚ ਵਿਸ਼ਵੀਕਰਨ ਦੀ ਪ੍ਰਕਿਰਿਆ ਕਾਰਨ ਸਾਰਾ ਵਿਸ਼ਵ ਇੱਕ ਗਲੋਬਲ ਪਿੰਡ ਬਣ ਗਿਆ ਹੈ। ਜਿਸ ਕਾਰਨ ਸਮੁੱਚੀ ਲੋਕਾਈ ਵਿੱਚ ਦੂਸਰੇ ਦੇਸ਼ਾਂ ਦੀ ਧਰਤੀ ’ਤੇ ਜਾਣ ਦੀ ਪ੍ਰਕਿਰਿਆ ਤੇਜ਼ ਹੋ ਗਈ। ਇਸੇ ਸੰਦਰਭ ਵਿੱਚ ਡਾ. ਸਤਿੰਦਰ ਸਿੰਘ ਨੂਰ ਲਿਖਦੇ ਹਨ ਕਿ:

*ਉਹ ਦੌਰ ਵੀ ਖਤਮ ਹੋ ਚੁੱਕਾ ਹੈ ਜਦੋਂ ਪੰਜਾਬੀ ਸੱਭਿਆਚਾਰ ਕੇਵਲ ਪੰਜਾਬ ਦੇ ਪਿੰਡ, ਭਾਰਤ ਦੇ ਨਗਰ ਜਾਂ ਮਹਾਂਨਗਰ ਤੱਕ ਸੀਮਤ ਰਹਿ ਗਿਆ ਹੋਵੇ, ਇਸ ਦਾ ਵਿਸ਼ਵ ਦੇ ਅੰਤਰਰਾਸ਼ਟਰੀ ਮਹਾਂਨਗਰਾਂ ਤੱਕ ਫੈਲਾਅ, ਪੰਜਾਬੀਆਂ ਦਾ ਵਿਸ਼ਵ ਦੇ ਕੋਨਿਆਂ ਤੱਕ ਜਾ ਪਹੁੰਚਣਾ ਅਜਿਹਾ ਯਥਾਰਥ ਹੈ, ਜਿਸ ਦਾ ਪ੍ਰਭਾਵ ਉਸ ਦੀ ਸੱਭਿਆਚਾਰਕ ਪਹਿਚਾਣ ਤੇ ਪਿਆ ਹੈ।*

(*ਪੰਜਾਬੀ ਭਾਸ਼ਾ ਸਾਹਿਤ ਅਤੇ ਸੱਭਿਆਚਾਰ ਗਲੋਬਲ ਪਰਿਪੇਖ* 31)

ਅਜੋਕੀ ਪੀੜ੍ਹੀ ਦੀ ਇਸੇ ਤਰਾਸਦੀ ਨੂੰ ਸੁਰਜੀਤ ਪਾਤਰ ਵੀ ਹੇਠ ਲਿਖੀਆਂ ਸਤਰਾਂ ਰਾਹੀਂ ਪੇਸ਼ ਕਰਦੇ ਹਨ:

*ਉਨ੍ਹਾਂ ਨੇ ਮੋਹਰ ਲਾ ਦਿੱਤੀ ਹੈ ਆਪਣੀ*

*ਤੇਰੇ ਨਿੰਬਲ ਜਿਹੇ ਆਕਾਸ਼ ਉੱਤੇ*

*ਤੇਰੀ ਹਰ ਰਾਤ ਗਿਰਵੀ ਹੋ ਗਈ ਹੈ*

*ਤੇਰਾ ਹਰ ਦਿਵਸ ਗਹਿਣੇ ਪੈ ਗਿਆ ਹੈ*

(*ਪੱਤਝੜ ਦੀ ਪਾਜ਼ੇਬ* 34)

ਲਾਲਸਾਵਾਂ, ਇੱਛਾਵਾਂ, ਕਾਮਨਾਵਾਂ, ਜਗਿਆਸਾ ਆਦਿ ਮਨੁੱਖੀ ਸੁਭਾਅ ਦੀਆਂ ਜੜ੍ਹਾਂ ਵਿੱਚ ਪਏ ਹਨ। ਪ੍ਰਤੀ-ਉੱਤਰ ਵਜੋਂ ਮਨੁੱਖ ਆਪਣੀਆਂ ਲਾਲਸਾਵਾਂ ਤੇ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਆਪਣੇ ਸੀਮਤ ਘੇਰੇ ਵਿਚੋਂ ਬਾਹਰ ਨਿਕਲਣ ਦਾ ਯਤਨ ਕਰਦਾ ਹੈ। ਧੰਨ-ਦੌਲਤ ਅਤੇ ਬਿਹਤਰ ਜੀਵਨ ਪੱਧਰ ਲਈ ਦੂਜੀ ਧਰਤੀ ’ਤੇ ਵੱਸਣਾ ਜਾਂ ਰੁਜ਼ਗਾਰ ਪਾਉਣਾ ਵੀ ਇਸੇ ਦਾ ਨਤੀਜਾ ਹੈ ਅਜਿਹੇ ਵਰਤਾਰੇ ਨੇ ਪੰਜਾਬੀਅਤ ਉੱਤੇ ਬਹੁ-ਪੱਖੀ ਪ੍ਰਭਾਵ ਪਾਏ ਹਨ ਭਾਵੇਂ ਉਹ ਆਰਥਿਕ ਪੱਖੋਂ ਹੋਵੇ ਭਾਵੇਂ ਮਾਨਸਿਕ ਜਾਂ ਸੱਭਿਆਚਾਰਕ ਪੱਖ ਤੋਂ। ਸਮਕਾਲੀ ਸੰਦਰਭ ’ਚ ਨੌਜਵਾਨ ਵਰਗ ਵਿੱਚ ਪਰਵਾਸ ਦਾ ਰੁਝਾਨ ਵੱਧ ਰਿਹਾ ਹੈ। ਆਪਣੇ ਵਿਰਸੇ, ਵਿਰਾਸਤ, ਪਰੰਪਰਾ ਆਦਿ ਨੂੰ ਕੋਈ ਅੱਗੇ ਨਹੀਂ ਲਿਜਾਣਾ ਚਾਹੁੰਦਾ। ਅਜੋਕੀ ਨੌਜਵਾਨ ਪੀੜ੍ਹੀ ਦੀ ਵਧੇਰੇ ਪ੍ਰਮੁੱਖਤਾ ਵਿਦੇਸ਼ ਵਿੱਚ ਵੱਸਣ ਦੀ ਹੀ ਰਹੀ ਹੈ। ਕਵੀ ਸੁਰਜੀਤ ਪਾਤਰ ਨੇ ਪਰਵਾਸੀ ਜੀਵਨ ਨੂੰ ਬੇਹੱਦ ਸੰਜੀਦਗੀ ਨਾਲ ਪੇਸ਼ ਕੀਤਾ ਹੈ:

*ਗੱਡੀ ਚੜ੍ਹਣ ਦੀ ਕਾਹਲ ਬੜੀ ਸੀ ਕੀ ਕੁਝ ਰਹਿ ਗਿਆ ਓਥੇ*

*ਪਲਾਂ ਛਿਣਾਂ ਵਿੱਚ ਛੱਡ ਆਏ ਹਾਂ ਅਣਲਿਖੀਆਂ ਕਵਿਤਾਵਾਂ*

*ਅੱਧੀ ਰਾਤ ਹੋਏਗੀ ਮੇਰੇ ਪਿੰਡ ਉੱਤੇ ਇਸ ਵੇਲੇ*

*ਜਾਗਦੀਆਂ ਹੋਵਣਗੀਆਂ ਸੁੱਤਿਆਂ ਪੁੱਤਰਾਂ ਲਾਗੇ ਮਾਵਾਂ*

(*ਲਫ਼ਜ਼ਾਂ ਦੀ ਦਰਗਾਹ* 22)

ਸਮਕਾਲੀ ਪੰਜਾਬੀ ਕਵਿਤਾ ਸੱਭਿਆਚਾਰਕ ਅਤੇ ਵਿਚਾਰਧਾਰਕ ਪੱਖ ਤੋਂ ਆਪਣੇ ਪਸਾਰਾਂ ਨੂੰ ਕੇਵਲ ਢਾਈ ਦਰਿਆਵਾਂ ਤੱਕ ਹੀ ਸੀਮਤ ਨਹੀਂ ਰੱਖਦੀ ਸਗੋਂ ਸਮਕਾਲੀ ਪੰਜਾਬੀ ਕਵਿਤਾ ਦੇ ਸਰੋਕਾਰ

ਫੈਲਾਓ ਮੁਖੀ, ਜਟਿਲ, ਬਹੁ-ਪਰਤੀ ਅਤੇ ਬਹੁ-ਦਿਸ਼ਾਵੀ ਹੋਏ ਹਨ। ਪੰਜਾਬੀ ਕਵਿਤਾ ਦਾ ਭੂਗੋਲਿਕ ਖਿੱਤਾ ਪੂਰਬੀ ਅਤੇ ਪੱਛਮੀ ਪੰਜਾਬ ਤੋਂ ਪਾਰ ਇੰਗਲੈਂਡ, ਅਮਰੀਕਾ, ਕੈਨੇਡਾ, ਯੂਰਪ, ਸਵਿਟਜ਼ਰਲੈਂਡ, ਹਾਲੈਂਡ, ਜਰਮਨੀ ਆਦਿ ਦੁਨੀਆ ਭਰ ਨੂੰ ਆਪਣੇ ਕਲਾਵੇ ਵਿੱਚ ਸਮਾਉਂਦਾ ਹੈ। ਪੰਜਾਬੀ ਕਵਿਤਾ ਦੇ ਭੂਗੋਲਿਕ ਫੈਲਾਅ ਦਾ ਮੁੱਖ ਕਾਰਨ ਵਿਦੇਸ਼ੀ ਸੱਭਿਆਚਾਰਾਂ ਦੇ ਪ੍ਰਭਾਵ ਹਨ। ਜਿਹਨਾਂ ਦੇ ਪ੍ਰਭਾਵ ਨੂੰ ਕੁੱਝ ਲਾਲਚੀ ਦਲਾਲ ਆਪਣੀ ਲੋਟੂ ਸੋਚ ਅਧੀਨ ਤਿਖ਼ਣ ਕਰ ਰਹੇ ਹਨ। ਜਿਸ ਕਾਰਨ ਨੌਜਵਾਨ ਪੀੜ੍ਹੀ ਆਪਣੀ ਮਾਂ ਬੋਲੀ, ਆਪਣੀ ਅਮੀਰ ਵਿਰਾਸਤ ਅਤੇ ਆਪਣੇ ਸੱਭਿਆਚਾਰ ਤੋਂ ਟੁੱਟ ਰਹੀ ਹੈ। ਅਜਿਹੇ ਵਰਤਾਰੇ ਨੂੰ ਕਵੀ ਸੁਰਜੀਤ ਪਾਤਰ ਨੇ ਹੇਠਲੀਆਂ ਸਤਰਾਂ ਰਾਹੀਂ ਪੇਸ਼ ਕੀਤਾ ਹੈ:

*ਕਿਧਰੇ ਗਏ ਓਂ ਪੁੱਤਰੋ ਦਲਾਲਾਂ ਦੇ ਆਖੇ*
*ਮਰਨ ਲਈ ਕਿਤੇ ਦੂਰ ਮਾਵਾਂ ਤੋਂ ਚੋਰੀ*
*ਕਿਸੇ ਹੋਰ ਧਰਤੀ ਤੇ ਵਰ੍ਹਦਾ ਰਿਹਾ ਮੈਂ*
*ਤੇਰੇ ਧੁਖ਼ਦੇ ਖ਼ਾਬਾਂ ਤੇ ਚਾਵਾਂ ਤੋਂ ਚੋਰੀ* (29)

ਅਜੋਕੇ ਵਿਸ਼ਵੀਕਰਨ, ਤਕਨੀਕੀ ਅਤੇ ਸੰਚਾਰ ਮਾਧਿਅਮ ਦੇ ਤੇਜ਼ ਪ੍ਰਭਾਵ ਨੇ ਪੂਰੇ ਵਿਸ਼ਵ ਨੂੰ ਸੰਗਠਿਤ ਕਰ ਕੇ ਇੱਕ ਵੱਖਰੀ ਸੱਭਿਆਚਾਰਕ ਸਾਂਝ ਸਿਰਜੀ ਹੈ। ਇਸੇ ਸੱਭਿਅਚਾਰਕ ਸਾਂਝ ਬਾਰੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਲਿਖਦੇ ਹਨ ਕਿ:

*ਅਜੋਕੇ ਪੰਜਾਬੀ ਸੱਭਿਆਚਾਰ ਦੀ ਪਹਿਲੀ ਪਛਾਣ ਤਾਂ ਇਹ ਹੈ ਕਿ ਇਹ ਕਿਸੇ ਭੂਗੋਲਿਕ ਜਾਂ ਸਿਆਸੀ ਖੇਤਰ ਨਾਲ ਜੁੜਿਆ ਹੋਇਆ ਸੱਭਿਆਚਾਰ ਨਹੀਂ ਹੈ ਇਹ ਰਾਸ਼ਟਰ ਦੇ ਸਿਆਸੀ ਵਲਗਣਾਂ ਤੋਂ ਮੁਕਤ ਹੈ। ਇਸ ਨੂੰ ਹੁਣ ਕਿਸੇ ਮਿੱਟੀ ਜਾਂ ਧਰਤੀ ਨਾਲ ਜੋੜ ਕੇ ਵੀ ਨਹੀਂ ਦੇਖਿਆ ਜਾ ਸਕਦਾ ਪੰਜਾਬੀ ਸੱਭਿਆਚਾਰ ਤਾਂ ਹੁਣ ਇੱਕ ਵਿਸ਼ਾਲ ਦਰਿਆ ਵਾਂਗ ਹੈ, ਜੋ ਕੇ ਆਪਣੇ ਵਲ ਵਿਭਿੰਨ ਧਰਤੀਆਂ ਨੂੰ ਸਿੰਜਦਾ ਹੀ ਨਹੀਂ ਸਗੋਂ ਉਨ੍ਹਾਂ ਤਮਾਮ ਧਰਤੀਆਂ ਦੀ ਖ਼ੁਸ਼ਬੂ ਵੀ ਆਪਣੇ ਅੰਦਰ ਸਮਾਈ ਤੁਰਿਆ ਜਾ ਰਿਹਾ ਹੈ।* (*ਪੰਜਾਬੀ ਸੱਭਿਆਚਾਰ ਦਾ ਵਿਸ਼ਵ ਦ੍ਰਿਸ਼ਟੀਕੋਣ* ੫)

ਵਿਸ਼ਵੀਕਰਨ ਅਤੇ ਸੰਚਾਰ ਮਾਧਿਅਮ ਦੇ ਵਿਕਸਤ ਹੋਣ ਨਾਲ ਸਮਕਾਲੀ ਸੱਭਿਆਚਾਰ ਦੇ ਨਾਲ-ਨਾਲ ਸਮਕਾਲੀ ਪੰਜਾਬੀ ਕਵਿਤਾ ਦਾ ਦਾਇਰਾ ਵੀ ਵਿਸ਼ਵਵਿਆਪੀ ਹੋਇਆ ਹੈ। ਕਵੀ ਗੁਰਪ੍ਰੀਤ ਮਾਨਸਾ ਵਿਸ਼ਵੀਕਰਨ ਦੇ ਦੌਰ ਵਿੱਚ ਪੈਦਾ ਹੋਈ ਅਜਿਹੀ ਸਾਂਝ ਨੂੰ ਹੇਠਲੀਆਂ ਸਤਰਾਂ ਵਿੱਚ ਪੇਸ਼ ਕਰਦੇ ਹਨ:

*ਮੇਰਾ*

*ਇੱਕ ਪਾਠਕ*

*ਅੰਡੇਮਾਨ ਨਿਕੋਬਾਰ ਦਾ ਸੰਥਾਲੀ ਹੈ*

*ਦੂਜਾ ਪਲਾੜ 'ਚ*

*ਕਿਸੇ ਨਵੀਂ ਖੋਜ ਵਿੱਚ*

*ਰੁੱਝਿਆ ਹੋਇਆ ਹੈ*

*ਮੈਂ ਤੀਜੇ ਪਾਠਕ ਦੀ ਤਲਾਸ਼ 'ਚ ਹਾਂ*

*ਆਪਣੇ*

*ਪੈਰ ਦੇ ਜ਼ਖਮ ਨੂੰ*

*ਨਿੰਮ ਦੇ ਤੇਲ ਨਾਲ ਧੋ ਰਿਹਾ ਹਾਂ ॥*

(*ਸਮੇਂ ਦਾ ਦਰਿਆ* 91)

ਤੱਤਕਾਲੀਨ ਪੰਜਾਬੀ ਸੱਭਿਆਚਾਰ ਦਾ ਮੁਹਾਂਦਰਾ ਪ੍ਰਾਚੀਨ ਪੰਜਾਬੀ ਸੱਭਿਆਚਾਰ ਤੋਂ ਬਹੁਤ ਭਿੰਨ ਹੈ। ਸਮਕਾਲੀ ਪੰਜਾਬੀ ਸਮਾਜ ਅਤੇ ਸੱਭਿਆਚਾਰ ਨੇ ਵਿਸ਼ਵੀਕਰਨ ਅਤੇ ਸੂਚਨਾ ਕ੍ਰਾਂਤੀ ਕਾਰਨ ਬਾਹਰੀ ਬਹੁ-ਸੱਭਿਆਚਾਰਕ ਪ੍ਰਭਾਵਾਂ ਨੂੰ ਬੇਹੱਦ ਵਿਸ਼ਾਲਤਾ ਨਾਲ ਅਪਣਾਉਂਦੇ ਹੋਏ, ਆਪਣੇ ਵਿੱਚ ਸੰਮਲਿਤ ਕਰਕੇ ਇੱਕ ਨਿਵੇਕਲੀ ਹੋਂਦ ਅਖ਼ਤਿਆਰ ਕੀਤੀ ਹੈ। ਤਕਨੀਕੀ ਅਤੇ ਸੰਚਾਰ ਸਾਧਨਾਂ ਦੇ ਵਿਕਾਸ ਨਾਲ ਪੈਦਾ ਹੋਈ ਸੱਭਿਆਚਾਰਕ ਏਕਤਾ ਸਮਕਾਲੀ ਦੌਰ ਦੀ ਪ੍ਰਮੁੱਖ ਵਿਸ਼ੇਸ਼ਤਾ ਬਣ ਗਈ ਹੈ। ਇਸ ਪ੍ਰਸੰਗ ਵਿੱਚ ਕਵੀ ਸੁਰਜੀਤ ਸਿੰਘ ਲਿਖਦੇ ਹਨ ਕਿ:

*ਬਹੁ-ਕੌਮੀ ਪੂੰਜੀਪਤੀ ਕੰਪਨੀਆਂ ਦੇ ਇਰਾਦੇ ਤੀਜੀ ਦੁਨੀਆਂ ਦੀਆਂ ਸੱਭਿਆਚਾਰਕ ਪਰੰਪਰਾਵਾਂ ਨੂੰ ਸਮਝਣਾ, ਵਿਕਸਿਤ ਕਰਨਾ ਅਤੇ ਅਜੋਕੇ ਸਮੇਂ ਦੇ ਹਾਣ ਦਾ ਬਣਾਉਣਾ ਨਹੀਂ ਸਗੋਂ ਵਿਸ਼ਵੀਕਰਨ ਦੇ ਟੀਚੇ, ਕਲਾ ਅਤੇ ਸੱਭਿਆਚਾਰ ਦਾ ਉਦਯੋਗੀਕਰਨ ਕਰਨਾ ਅਤੇ ਲੋਕਾਂ ਦੇ ਮਨ ਵਿੱਚ ਵਸੇ ਇਸ ਭਰਪੂਰ ਖਜ਼ਾਨੇ ਨੂੰ ਆਪਣੇ ਮਾਲ ਵੇਚਣ ਲਈ ਵਰਤਣਾ ਹੈ।*

(*ਲੋਕਧਾਰਾ, ਸੱਭਿਆਚਾਰ ਅਤੇ ਵਿਸ਼ਵੀਕਰਨ ਗਲੋਬਲੀ ਪਰਿਪੇਖ* 1)

ਤੱਤਕਾਲੀ ਪੰਜਾਬੀ ਸਮਾਜ ਅਤੇ ਸੱਭਿਆਚਾਰ ਵਿੱਚ ਵੀ ਪੱਛਮੀਕਰਨ ਅਤੇ ਵਿਸ਼ਵੀਕਰਨ ਦੇ ਪ੍ਰਬਲ ਪ੍ਰਭਾਵ ਪਏ ਹਨ ਪ੍ਰਤੂੰ ਇਹ ਪ੍ਰਭਾਵ ਕਿੱਤੇ, ਰੋਜ਼ਗਾਰ, ਆਰਥਿਕ ਜਾਂ ਸਰੀਰਕ ਸਹੂਲਤਾਂ ਤਾਂ ਮਨੁੱਖ ਨੂੰ ਪ੍ਰਦਾਨ ਕਰ ਸਕਦੇ ਹਨ ਪਰ ਮਾਨਸਿਕ ਸੰਤੁਸ਼ਟੀ, ਸਕੂਨ ਜਾਂ ਟਿਕਾਓ ਮਨੁੱਖ ਨੂੰ ਆਪਣੀਆਂ ਜੜ੍ਹਾਂ, ਮੁੱਲਾਂ, ਕਦਰਾਂ ਅਤੇ ਸੱਭਿਆਚਾਰ ਨਾਲ ਜੁੜ ਕੇ ਹੀ ਪ੍ਰਾਪਤ ਹੋ ਸਕਦਾ ਹੈ। ਸਮਕਾਲੀ ਕਵੀ ਗੁਰਪ੍ਰੀਤ ਮਾਨਸਾ ਸਮਕਾਲੀ ਦੌਰ ਵਿੱਚ ਮਾਨਸਿਕ ਸੰਤੁਸ਼ਟੀ ਲਈ ਆਪਣੇ ਪੰਜਾਬੀ ਸੱਭਿਆਚਾਰਕ ਮੁੱਢ ਅਤੇ ਪ੍ਰਾਚੀਨ ਵਿਰਾਸਤ ਦੀਆਂ ਗਹਿਰਾਈਆਂ ਨਾਲ ਜੁੜ ਕੇ ਪ੍ਰਾਪਤ ਕਰਨ ਲਈ ਪ੍ਰੇਰਦਾ ਹੋਇਆ ਹੇਠਲੀਆਂ ਕਾਵਿ-ਸਤਰਾਂ ਵਿੱਚ ਸਮਕਾਲ ਦੇ ਝਰੋਖੇ ਵਿੱਚੋਂ ਅਮੀਰ ਵਿਰਸੇ ਤੇ ਵਿਰਾਸਤ ਦਾ ਸਪਸ਼ਟ ਪ੍ਰਤੱਖਣ ਕਰਵਾਉਂਦਾ ਹੈ:

*ਮਾਂ ਬੋਲੀ ਮੇਰਾ ਆਲ੍ਹਣਾ*

*ਚੋਗ ਚੁਗਣ ਕਿਤੇ ਵੀ ਜਾਵਾਂ*

*ਆਥਣ ਵੇਲੇ ਅੰਦਰ ਇਹਦੇ*

*ਮੁੜ ਆਣ ਸੌਵਾਂ*

*ਮਾਂ ਬੋਲੀ*

*ਚੁੱਲ੍ਹੇ ਦੁਆਲੇ ਟੱਬਰ*

*ਧੁਖਦੀ ਬਲਦੀ ਅੱਗ*

*ਤਵੇ ਫੁੱਲ਼ਦੀ ਰੋਟੀ*

*ਲਹਿੰਦੀ ਭੁੱਖ* (*ਸਿਆਹੀ ਘੁਲੀ ਹੈ* 19)

ਪ੍ਰਕਿਰਤੀ ਵਿੱਚ ਮਨੁੱਖ ਹੀ ਇੱਕ ਅਜਿਹਾ ਪ੍ਰਾਣੀ ਹੈ ਜੋ ਭਾਵਨਾਤਮਕ ਸੰਵੇਦਨਸ਼ੀਲਤਾ ਅਤੇ ਬੌਧਿਕਤਾ ਨਾਲ ਸਮਾਜ ਅਤੇ ਸੱਭਿਆਚਾਰ ਦਾ ਨਿਰਮਾਣ ਅਤੇ ਸੰਚਾਲਨ ਕਰਦਾ ਆ ਰਿਹਾ ਹੈ। ਮਨੁੱਖ ਆਪਣੀ ਬੌਧਿਕਤਾ ਨਾਲ ਰੋਜ਼ਾਨਾ ਨਵੇਂ ਸੱਚ ਅਤੇ ਗਿਆਨ ਦੀ ਪ੍ਰਾਪਤੀ ਕਰਦਾ ਹੈ। ਮਨੁੱਖ ਦਾ ਇਹੀ ਗੁਣ ਉਸ ਨੂੰ ਸਭਿਅਤਾ ਅਤੇ ਸੱਭਿਆਚਾਰ ਦੇ ਵਿਕਾਸ ਲਈ ਪ੍ਰੇਰਦਾ ਹੈ। ਸਮਾਜਿਕ ਪ੍ਰਾਣੀ ਹੋਣ ਦੇ ਨਾਤੇ ਮਨੁੱਖ ਦਾ ਅਹਿਮ ਫਰਜ਼ ਬੌਧਿਕਤਾ ਨੂੰ ਸਰਬੱਤ ਦੀ ਭਲਾਈ ਲਈ ਇਸਤੇਮਾਲ ਕਰਨਾ ਅਤੇ ਆਪਣੇ ਵਿਰਸੇ ਤੇ ਵਿਰਾਸਤ ਨੂੰ ਹੋਰ ਅਮੀਰੀ ਪ੍ਰਦਾਨ ਕਰਨਾ ਹੈ। ਪ੍ਰਮਾਣ ਵਜੋਂ:

*ਪਹਿਲਾਂ ਮਟਕਾ ਵਜਾਉਣਾ ਸਿੱਖਿਆ*

*ਫਿਰ ਤਬਲਾ*

*ਸਿਤਾਰ*

*ਵਾਇਲਨ*

*ਫ਼ਿਲਮੀ ਸੰਗੀਤ ਦਾ ਪ੍ਰਬੰਧ*

*ਅਤੇ ਸੰਗੀਤ ਨਿਰਦੇਸ਼ਨ ਸਿੱਖਿਆ*

*ਸਦਾ ਸਿੱਖਦੇ ਰਹਿਣਾ ਸਿੱਖਿਆ*

*ਸਿੱਖ ਜੁ ਹੋਇਆ ਉਤਮ ਸਿੰਘ*

(ਜਸਵੰਤ ਜ਼ਫ਼ਰ, *ਇਹ ਬੰਦਾ ਕੀ ਹੁੰਦਾ* 33)

ਧਰਮ ਸੱਭਿਆਚਾਰ ਦਾ ਅਹਿਮ ਅੰਗ ਹੈ ਜੋ ਸਮਾਜ ਦੀਆਂ ਬਾਕੀ ਸੰਸਥਾਵਾਂ ਵਾਂਗ ਮਹੱਤਵਪੂਰਨ ਹੈ। ਇਹ ਮਨੁੱਖ ਨੂੰ ਗ੍ਰਹਿਸਥੀ ਜੀਵਨ ਵਿੱਚ ਰਹਿੰਦੇ ਹੋਏ ਲੌਕਿਕ ਤੋਂ ਪਾਰਲੌਕਿਕਤਾ ਨਾਲ ਜੁੜਨ ਦੀ ਪ੍ਰੇਰਨਾ ਦਿੰਦਾ ਹੈ। ਦਰਅਸਲ ਸੱਭਿਆਚਾਰ ਦੇ ਵਿਕਾਸ ਅਤੇ ਸਮੇਂ-ਸਮੇਂ 'ਤੇ ਹੋ ਰਹੇ ਪਰਿਵਰਤਨ ਵਿੱਚ ਵੱਖ-ਵੱਖ ਧਰਮਾਂ ਨੇ ਵਿਸ਼ੇਸ਼ ਭੂਮਿਕਾ ਨਿਭਾਈ ਹੈ।

*ਪੰਜਾਬੀ ਸੱਭਿਆਚਾਰ ਦਾ ਸੁਭਾਅ ਆਰੰਭ ਤੋਂ ਹੀ ਧਰਮ ਮੁੱਖ ਰਿਹਾ ਹੈ ਕਿਉਂਕਿ ਸੰਸਕਾਰਾਂ, ਰੀਤੀ-ਰਿਵਾਜ਼, ਵਿਸ਼ਵਾਸ ਆਦਿ ਸਭ ਪੁਰਾਣੇ ਧਰਮ ਦੀ ਬੁੱਕਲ ਵਿੱਚ ਆ ਜਾਂਦੇ ਹਨ। ਆਧੁਨਿਕ ਪ੍ਰਭਾਵ ਦੇ ਨਾਲ ਧਰਮ ਲੋਕਾਂ ਦਾ ਅਟੁੱਟ ਅੰਗ ਨਹੀਂ ਰਿਹਾ। ਲੋਕ ਵੱਖ-ਵੱਖ ਧਰਮਾਂ ਵਿੱਚ ਵਿਸ਼ਵਾਸ ਕਰਨ ਲੱਗੇ ਹਨ। ਆਧੁਨਿਕ ਪ੍ਰਭਾਵ ਦੇ ਨਾਲ ਧਰਮ ਦੇ ਸਦਾਚਾਰ ਕਰਮ-ਕਾਂਡੀ ਤੇ ਬਾਹਰੀ ਬਨਾਵਟ ਪੱਖੋਂ ਬੜਾ ਫ਼ਰਕ ਪੈ ਚੁੱਕਾ ਹੈ।*

(ਜਸਵੀਰ ਸਿੰਘ ਜੱਸ, *ਪੰਜਾਬੀ ਸੱਭਿਆਚਾਰ ਉੱਤੇ ਬਦੇਸ਼ੀ ਪ੍ਰਭਾਵ* 44)

ਸਮਕਾਲੀ ਕਵਿਤਾ ਪੂੰਜੀ-ਪੂਜਕ ਪ੍ਰਵਚਨਾਂ ਦੇ ਸਮਾਨਾਂਤਰ ਧਰਮ, ਰੱਬ, ਧਾਰਮਿਕ ਸੰਸਥਾਵਾਂ ਪ੍ਰਤੀ ਵਿਦਰੋਹ ਸੁਰ ਦਾ ਵਿਸਥਾਰ ਕਰ ਰਹੀ ਹੈ। ਅਜੋਕਾ ਮਨੁੱਖ ਪ੍ਰਾਚੀਨ ਅਮੀਰ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਭੁੱਲ ਕੇ ਧਰਮ-ਕਰਮ ਵਿੱਚ ਸੇਵਾ ਅਤੇ ਸ਼ਰਧਾ ਭਾਵਨਾ ਦੀ ਥਾਂ ਆਪਣੇ ਸੁਆਰਥ ਲਈ ਬਾਹਰੀ ਦਿਖਾਵਾ ਜ਼ਿਆਦਾ ਜ਼ਰੂਰੀ ਸਮਝਦਾ ਹੈ। ਸਮਕਾਲੀ ਪੰਜਾਬੀ ਕਵਿਤਾ ਮਨੁੱਖ ਦੇ ਆਦਰਸ਼ਕ ਨਾ ਹੋਣ ਪਿੱਛੇ ਜੋ ਕਾਰਨ ਹਨ। ਉਹਨਾਂ ਨੂੰ ਉਜਾਗਰ ਕਰਕੇ ਇਸ ਉਲਝਣ ਨੂੰ ਹੱਲ ਕਰਨ ਲਈ ਕਰਮਾਂ ਕਾਂਡਾਂ ਨੂੰ ਤਿਆਗ ਕੇ ਅੰਤਰੀਵੀ ਪ੍ਰਮਾਤਮਾ ਨਾਲ ਇੱਕ ਮਿੱਕ ਹੋਣ ਦਾ ਨੁਕਤਾ ਪੇਸ਼ ਕਰਦੀ ਹੈ:

ਕਿਉਂ ਉਹ ਬੁੱਤਾਂ ਦੀ ਆਰਤੀ ਗਾਵੇ
ਜਿਹਨੂੰ ਰੂਹਾਂ ਦਾ ਰਾਜ ਮਿਲ ਜਾਵੇ

(ਸੁਖਵਿੰਦਰ ਅੰਮ੍ਰਿਤ, *ਹਜ਼ਾਰ ਰੰਗਾਂ ਦੀ ਲਾਟ* 36)

ਧਰਮ ਸੱਭਿਆਚਾਰ ਦਾ ਅਹਿਮ ਹਿੱਸਾ ਹੈ। ਕਿਹਾ ਜਾ ਸਕਦਾ ਹੈ ਕਿ ਧਰਮ ਹੀ ਸੱਭਿਆਚਾਰ ਨੂੰ ਦਿਸ਼ਾ ਪ੍ਰਦਾਨ ਕਰਦਾ ਹੈ। ਧਾਰਮਿਕ ਮਾਨਤਾਵਾਂ, ਵਿਸ਼ਵਾਸ, ਰੀਤੀ-ਰਿਵਾਜ਼, ਜਗਿਆਸਾ, ਪਤਿ (ਮਾਣ/ਇੱਜ਼ਤ), ਨੇਕ ਵਿਹਾਰ, ਭਾਵਨਾਵਾਂ, ਨਸਲਕੁਸ਼ੀ, ਪਹਿਰਾਵਾ, ਟੋਟਮ (ਮਾਨਤਾਵਾਂ), ਜੋਤਿਸ਼ ਪ੍ਰਕਿਰਿਆ ਆਦਿ ਅਨੇਕਾਂ ਸੱਭਿਆਚਾਰ ਦੇ ਪੱਖ ਧਰਮ ਤੋਂ ਅਣਛੂਹੇ ਨਹੀਂ ਰਹਿ ਸਕਦੇ। ਇਸੇ ਕਾਰਨ ਕਈ

ਵਾਰ ਧਰਮ ਨੂੰ ਸੱਭਿਆਚਾਰ ਦਾ ਸਮਾਨਅਰਥੀ ਵੀ ਮੰਨ ਲਿਆ ਜਾਂਦਾ ਹੈ। ਡਾ. ਗੁਰਜੀਤ ਸਿੰਘ ਧਰਮ ਨੂੰ ਸੱਭਿਆਚਾਰ ਦੀ ਸਿਰਜਣਾ ਮੰਨਦੇ ਹਨ:

> *ਕਈ ਵਾਰ ਧਰਮ ਨੂੰ ਸੱਭਿਆਚਾਰ ਦਾ ਸਮਾਨਅਰਥੀ, ਇਸ ਦਾ ਜਨਮਦਾਤਾ ਅਤੇ ਇਸ ਦਾ ਆਧਾਰ ਮੰਨਿਆ ਜਾਂਦਾ ਹੈ; ਪ੍ਰੰਤੂ ਅਸਲ ਵਿੱਚ ਧਰਮ ਆਪ ਇੱਕ ਸੱਭਿਆਚਾਰਕ ਸਿਰਜਣਾ ਹੈ। ਧਰਮ ਇੱਕ ਸੱਭਿਆਚਾਰਕ ਸੰਸਥਾ ਹੈ, ਜਿਹੜੀ ਹੋਰ ਕਿਸੇ ਸੰਸਥਾ ਦੀ ਤਰ੍ਹਾਂ ਜੀਵਨ ਦੇ ਵਿਸ਼ੇਸ਼ ਖੇਤਰਾਂ ਵਿੱਚ ਕਿਰਿਆਸ਼ੀਲ ਹੈ। ਇਹ ਖੇਤਰ ਅਨਿਸ਼ਚਿਤ ਅਣਜਾਣਿਆਂ ਅਤੇ ਅਲੌਕਿਕ ਸੰਸਾਰ ਦਾ ਖੇਤਰ ਹੈ।* (*ਸੱਭਿਆਚਾਰ ਦਾ ਫਲਸਫਾ* 22)

ਇਸੇ ਸੱਭਿਆਚਾਰਕ ਸਿਰਜਣਾ ਭਾਵ ਧਰਮ ਦੇ ਖੇਤਰ ਵਿੱਚ ਵਿਗਿਆਨਕ ਅਤੇ ਤਰਕਸ਼ੀਲ ਚੇਤਨਾ ਦੇ ਅੰਤਰਗਤ ਬਹੁਪੱਖੀ ਚਿਤਰਨ ਝਲਕ ਦੇਖੀ ਜਾ ਸਕਦੀ ਹੈ। ਅਜੋਕੇ ਸੰਦਰਭ ਦੀਆਂ ਧਾਰਮਿਕ ਪ੍ਰਸਥਿਤੀਆਂ ਦਾ ਸਮਕਾਲੀ ਪੰਜਾਬੀ ਕਵਿਤਾ ਅਤੇ ਕਵੀਆਂ ਨੇ ਬਾਖ਼ੂਬੀ ਚਿਤਰਨ ਕੀਤਾ ਹੈ। ਕਵੀ ਜਸਵੰਤ ਜ਼ਫ਼ਰ ਹੇਠਲੀਆਂ ਕਾਵਿ ਸਤਰਾਂ ਵਿੱਚ ਅਜੋਕੇ ਮਨੁੱਖ ਦੇ ਦੋਹਰੇ ਕਿਰਦਾਰ ਦੀ ਪੇਸ਼ਕਾਰੀ ਕਰਦੇ ਹੋਏ ਲਿਖਦੇ ਹਨ:

*ਬਾਬੇ ਗਾਉਂਦੇ*<br>
*ਜ਼ੱਰੇ ਜ਼ੱਰੇ ਤੋਂ ਪਾਰ ਬ੍ਰਹਿਮੰਡ ਦੇ ਪਸਾਰਿਆਂ ਨੂੰ*<br>
*ਅਸੀਂ ਧਿਆਈਏ*<br>
*ਪੰਜਾਂ ਤਖ਼ਤਾਂ ਗੁਰਦੁਆਰਿਆਂ ਨੂੰ*<br>
*ਧਿਆਨ ਧਰੀਏ ਪਾਠ ਦੀਦਾਰ ਦਾ*<br>
*ਕੋਈ ਦਖ਼ਲ ਨਾ ਹੋਏ ਵੀਚਾਰ ਦਾ*<br>
*ਪਰ ਬਾਬੇ ਗਾਉਂਦੇ*<br>
*ਹਰਿ ਪ੍ਰੀਤਿ ਪਿਆਰੇ*

*ਸਬਦਿ ਵੀਚਾਰੇ*

*ਬਾਬੇ ਗਾਉਂਦੇ*

*ਤੀਰਥੁ ਸ਼ਬਦ ਬੀਚਾਰੁ ਅੰਤਰਿ ਗਿਆਨ*

*ਅਸੀਂ ਕਹਿਏ*

*ਬਖ਼ਸ਼ਿਓ ਜੀ*

*ਸ੍ਰੀ ਅੰਮ੍ਰਿਤਸਰ ਜੀ ਦਾ ਇਸ਼ਨਾਨ*

(*ਇਹ ਬੰਦਾ ਕੀ ਹੁੰਦਾ* 36)

ਭਾਰਤੀ ਅਤੇ ਪੰਜਾਬੀ ਸੱਭਿਆਚਾਰ ਦੀ ਸੰਰਚਨਾ ਦਾ ਮੂਲ ਵਰਜਣਾ ਮੁਖੀ ਹੈ। ਖ਼ਾਸ ਤੌਰ 'ਤੇ ਪੰਜਾਬੀ ਸੱਭਿਆਚਾਰ ਨੇ ਆਪਣੀਆਂ ਵਿਸ਼ੇਸ਼ ਵਰਜਨਾਵਾਂ ਰਾਹੀਂ ਮਨੁੱਖੀ ਜੀਵਨ ਪੱਧਤੀ ਨੂੰ ਵਿਸ਼ੇਸ਼ ਸੱਭਿਆਚਾਰਕ ਪ੍ਰਸਥਿਤੀਆਂ ਵਿੱਚ ਢਾਲਦੇ ਹੋਏ ਸੁਚੱਜੇ ਜੀਵਨ ਨੂੰ ਨਿਰਵਾਹਣ ਦੇ ਅਨੁਕੂਲ ਬਣਾਇਆ ਹੈ। ਸੱਭਿਆਚਾਰ ਦੀ ਅਜਿਹੀ ਵਰਜਣਾਤਮਕ ਪ੍ਰਵਿਰਤੀ ਬਾਰੇ ਡਾ. ਯੋਗਰਾਜ ਦਾ ਵਿਚਾਰ ਹੈ:

> *ਸੱਭਿਆਚਾਰ ਦੀ ਸਿਰਜਣਾ ਆਪਣੇ ਵਿਸ਼ੇਸ਼ ਸੰਦਰਭਾਂ ਰਾਹੀਂ ਬੰਦੇ ਨੂੰ ਉਸ ਸੱਭਿਆਚਾਰ ਵਿੱਚ ਜਿਊਣ ਦਾ ਨਿਯਮ ਪ੍ਰਬੰਧ ਵੀ ਸਿਰਜ ਦਿੰਦੀ ਹੈ। ਸੱਭਿਆਚਾਰਕ ਸੰਸਥਾਵਾਂ ਵੱਲੋਂ ਘੜੇ ਨਿਯਮ ਪ੍ਰਬੰਧ ਨਾਲ ਮਾਨਵ ਸ਼ੁਰੂ ਤੋਂ ਗੁੱਥਮਗੁੱਥਾ ਰਿਹਾ ਹੈ। ਸੱਭਿਆਚਾਰ ਦੀ ਸੰਰਚਨਾ ਦਾ ਮੂਲ ਹੁੰਦਾ ਹੀ ਵਰਜਣਾਮੁਖੀ ਹੈ।* (*ਪੰਜਾਬੀ ਕਵਿਤਾ: ਉੱਤਰ ਪੰਜਾਬ ਸੰਕਟ* 82)

ਮਰਦ ਪ੍ਰਧਾਨ ਪੰਜਾਬੀ ਸੱਭਿਆਚਾਰ ਵਿੱਚ ਜ਼ਿਆਦਾਤਰ ਵਰਜਨਾਵਾਂ ਅਤੇ ਰੋਕਾਂ ਦਾ ਸਾਹਮਣਾ ਨਾਰੀ ਨੂੰ ਹੀ ਕਰਨਾ ਪੈਂਦਾ ਹੈ। ਧੀ ਦੇ ਜਨਮ ਤੋਂ ਹੀ ਮਾਪਿਆਂ ਨੂੰ ਆਪਣੀ ਧੀ ਦੀ ਇੱਜ਼ਤ ਅਤੇ ਵਿਆਹ ਦੀ ਚਿੰਤਾ ਲੱਗ ਜਾਂਦੀ ਹੈ। ਜਿਸ ਦੇ ਚੱਲਦੇ ਜਨਮ ਤੋਂ ਅਖ਼ੀਰ ਤੱਕ ਇਸਤਰੀ ਨੂੰ ਅਨੇਕਾਂ ਤਰ੍ਹਾਂ ਦੀਆਂ ਵਰਜਣਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਦਾ ਜ਼ਿਕਰ ਕਵਿਤਰੀ ਸੁਖਵਿੰਦਰ ਅੰਮ੍ਰਿਤ ਨੇ ਆਪਣੀ ਕਵਿਤਾ ਵਿੱਚ ਇਸ ਪ੍ਰਕਾਰ ਕੀਤਾ ਹੈ:

*ਕੁੜੀ ਨੂੰ ਪੰਦਰਵਾਂ ਵਰ੍ਹਾ ਲੱਗ ਗਿਆ*

*ਬੂਹੇ 'ਤੇ ਖੜ੍ਹੀ ਜਵਾਨੀ ਵੇਖ ਕੇ*

*ਮਾਪਿਆਂ ਦੇ ਫਿਕਰ ਵੱਧ ਗਏ*

*ਪਿਤਾ ਨੇ*

*ਘਰ ਦੀ ਚਾਰ ਦੀਵਾਰੀ ਉੱਚੀ ਕਰਵਾ ਦਿੱਤੀ*

*ਮਾਂ ਨੇ ਹਰ ਵੇਲੇ ਬੁੱਕਲ ਮਾਰ ਕੇ ਰੱਖਣ ਦੀ ਹਦਾਇਤ ਕੀਤੀ*

(*ਚਿੜੀਆਂ* 20)

ਸਮਕਾਲੀ ਦੌਰ ਵਿੱਚ ਅਜੋਕੀ ਨੌਜਵਾਨ ਪੀੜ੍ਹੀ ਨਵੀਂ ਚੇਤਨਾ ਨੂੰ ਆਪਣੀ ਜੀਵਨ-ਸ਼ੈਲੀ ਦਾ ਆਧਾਰ ਮੰਨਦੀ ਹੈ। ਸਮਕਾਲ ਦੇ ਇਸ ਵਿਗਿਆਨਕ ਦੌਰ ਵਿੱਚ ਪੁਰਾਤਨ ਮਿੱਥਾਂ, ਪ੍ਰਥਾਵਾਂ, ਵਰਜਣਾਵਾਂ ਅਤੇ ਆਦਰਸ਼ ਜੀਵਨ ਮਾਡਲ ਪਰਿਵਰਤਿਤ ਹੋ ਗਏ ਹਨ ਜਾਂ ਹੋ ਰਹੇ ਹਨ। ਪ੍ਰਾਚੀਨ ਸੱਭਿਆਚਾਰ ਨੇ ਔਰਤ ਦੇ ਜੀਵਨ 'ਤੇ ਅਨੇਕਾਂ ਵਰਜ਼ਣਾਵਾਂ ਲਾਗੂ ਕੀਤੀਆਂ ਪ੍ਰੰਤੂ ਵਰਤਮਾਨ ਦੌਰ ਵਿੱਚ ਇਹਨਾਂ ਮਾਡਲਾਂ ਦੀ ਪਕੜ ਕਮਜ਼ੋਰ ਪੈ ਰਹੀ ਹੈ। ਅਜੋਕੀ ਨੌਜਵਾਨ ਪੀੜ੍ਹੀ ਦੀ ਚੇਤਨਾ ਇਹਨਾਂ ਮਾਡਲਾਂ ਪ੍ਰਤੀ ਖਿਲਾਫਤ ਵਾਲੀ ਹੋ ਗਈ ਹੈ। ਕਵਿਤਰੀ ਸੁਖਵਿੰਦਰ ਅੰਮ੍ਰਿਤ ਇਸਤਰੀ ਸੰਦਰਭ ਵਿੱਚ ਅਜਿਹੀਆਂ ਕੁਝ ਸੌੜੀ ਸੋਚ ਦੀਆਂ ਮਾਨਤਾਵਾਂ ਨੂੰ ਖੰਡਿਤ ਕਰ ਅਗਾਂਹ ਵਧੂ ਸੋਚ ਦਾ ਸਮਰਥਨ ਕਰਦੀ ਹੈ ਅਤੇ ਅਜਿਹੀ ਪੁਰਾਤਨ ਵਿਚਾਰਧਾਰਾ ਦਾ ਖੰਡਨ ਕਰਦੀ ਹੋਈ ਆਪਣੀ ਧੀ ਨੂੰ ਸਮਕਾਲ ਨਾਲ ਕਦਮ-ਨਾਲ-ਕਦਮ ਮਿਲਾ ਕੇ ਚੱਲਣ ਲਈ ਪ੍ਰੇਰਦੀ ਹੈ:

*ਮੇਰੀ ਮਾਂ ਨੇ ਮੈਨੂੰ ਆਖਿਆ ਸੀ :*

*ਸਿਆਣੀਆਂ ਕੁੜੀਆਂ*

*ਲੁਕ ਲੁਕ ਕੇ ਰਹਿੰਦੀਆਂ*

*ਧੁਖ ਧੁਖ ਕੇ ਜਿਉਂਦੀਆਂ*

*ਝੁਕ ਝੁਕ ਕੇ ਤੁਰਦੀਆਂ*

................

*ਤੇ ਮੈਂ ਆਪਣੀ ਧੀ ਨੂੰ ਸਮਝਾਇਆ:*

*ਕਦਮ ਕਦਮ 'ਤੇ*

*ਦਿਵਾਰਾਂ ਨਾਲ ਸਮਝੌਤਾ ਨਾ ਕਰੀਂ*

*ਆਪਣੀਆਂ ਉਡਾਰੀਆਂ ਨੂੰ*

*ਪਿੰਜਰਿਆਂ ਕੋਲ ਗਹਿਣੇ ਨਾ ਧਰੀਂ*

*ਤੂੰ ਆਪਣੇ ਰੁਤਬੇ ਨੂੰ*

*ਏਨਾ ਬੁਲੰਦ*

*ਏਨਾ ਰੌਸ਼ਨ ਕਰੀਂ*

*ਕਿ ਹਰ ਹਨੇਰਾ ਤੈਨੂੰ ਵੇਖ ਕੇ ਤ੍ਰਭਕ ਜਾਵੇ*

*ਹਰ ਦਿਵਾਰ ਤੈਨੂੰ ਦੇਖ ਕੇ ਠਿਠਰ ਜਾਵੇ*

*ਹਰ ਜ਼ੰਜ਼ੀਰ ਤੈਨੂੰ ਵੇਖ ਕੇ ਮੜੱਕ ਜਾਵੇ* (*ਧੁੱਪ ਦੀ ਚੁੰਨੀ* 12)

ਸਮਾਜਿਕ ਬਣਤਰ ਦੇ ਕਾਰਨ ਮੁੱਢ ਤੋਂ ਹੀ ਇਸਤਰੀ ਨੂੰ ਕਈ ਅਧਿਕਾਰਾਂ ਤੋਂ ਸੱਖਣੇ ਰੱਖਿਆ ਗਿਆ ਹੈ। ਮਰਦ ਪ੍ਰਧਾਨ ਸਮਾਜ ਵਿੱਚ ਇਤਿਹਾਸਕ ਪਿਛੋਕੜ ਤੋਂ ਹੀ ਔਰਤ ਨੂੰ ਬਾਹਯਾਤੀ ਅਤੇ ਬੇਸ਼ਰਮੀ ਆਦਿ ਮਾਨਸਿਕ ਕਸ਼ਟਾਂ ਦਾ ਸਾਹਮਣਾ ਕਰਨਾ ਪਿਆ ਹੈ। ਮਰਦ ਨਾਲੋਂ ਕਿਤੇ ਵੱਧ ਦੁਖਾਂਤ ਔਰਤ ਨੂੰ ਹਰੇਕ ਯੁੱਗ ਵਿੱਚ ਭੋਗਣਾ ਪਿਆ ਹੈ। ਇਸਤਰੀ ਇਤਿਹਾਸਕ ਪਿਛੋਕੜ ਤੋਂ ਸਮਕਾਲ ਤੱਕ ਮਰਦ ਦੀ ਹਵਸ ਤੋਂ ਅਸੁਰੱਖਿਅਤ ਰਹੀ ਹੈ। ਸਮਕਾਲੀ ਸੰਦਰਭ ਵਿੱਚ ਅਜਿਹੇ ਇਤਿਹਾਸਕ ਪਿਛੋਕੜ ਨੂੰ ਅਵਚੇਤਨ ਵਿੱਚ ਸੰਭਾਲੀ ਬੈਠੀ ਸਮਕਾਲੀ ਕਵਿਤਰੀ ਸੁਖਵਿੰਦਰ ਅੰਮ੍ਰਿਤ ਇਤਿਹਾਸਿਕ ਵਰਤਾਰੇ ਨੂੰ ਹੇਠ ਲਿਖੇ ਸ਼ਬਦਾਂ ਰਾਹੀਂ ਬਿਆਨ ਕਰਦੀ ਹੈ:

*ਜੇ ਰਾਹਾਂ ਵਿੱਚ*

*ਬੰਦਿਆਂ ਦੇ ਮੂੰਹਾਂ ਵਾਲੇ*

*ਸ਼ੇਰ ਬਘੇਲੇ ਨਾ ਹੁੰਦੇ*

*ਤਾਂ*

*ਕੁੜੀਆਂ ਵੀ ਜਾ ਸਕਦੀਆਂ ਸੀ*

*ਬਾਬੇ ਨਾਨਕ ਵਾਂਗ ਉਦਾਸੀਆਂ 'ਤੇ*

*ਕੁੜੀਆਂ ਵੀ ਕਰ ਸਕਦੀਆਂ ਸੀ*

*ਗੌਤਮ ਬੁੱਧ ਵਾਂਗ ਨਿਰਵਾਣ ਦੀ ਪ੍ਰਾਪਤੀ*

*ਫੇਰ*

*ਸੱਤਾਂ ਰਿਸ਼ੀਆਂ ਵਿੱਚ*

*ਕੋਈ ਰਿਸ਼ਿਕਾ ਵੀ ਹੁੰਦੀ*

*ਜ਼ਰੂਰ ਸ਼ਾਮਿਲ...।* (*ਚਿੜੀਆਂ* 24)

ਸਮਕਾਲੀ ਪੰਜਾਬੀ ਸੱਭਿਆਚਾਰ ਵਿੱਚ ਮੰਡੀ-ਸੱਭਿਅਤਾ ਦੇ ਪ੍ਰਭਾਵ ਅਧੀਨ ਅਜਿਹੀਆਂ ਅਨੇਕਾਂ ਨਵੀਆਂ ਮਿੱਥਾਂ ਪ੍ਰਚੱਲਤ ਹੋਈਆਂ ਹਨ। ਜਿਨ੍ਹਾਂ ਦਾ ਸਾਹਮਣਾ ਅਜੋਕੀ ਇਸਤਰੀ ਨੂੰ ਕਰਨਾ ਪੈ ਰਿਹਾ ਹੈ। ਸਮਕਾਲੀ ਪ੍ਰਸਥਿਤੀਆਂ ਨੇ ਮਨੁੱਖ ਨੂੰ ਕੇਵਲ ਇੱਕ ਉਪਭੋਗੀ ਮਨੁੱਖ ਵਿੱਚ ਤਬਦੀਲ ਕਰ ਦਿੱਤਾ ਹੈ। ਮੰਡੀ ਦਾ ਵਰਤਾਰਾ ਵਿਸ਼ਵ ਵਿਆਪਕ ਪੱਧਰ 'ਤੇ ਆਪਣੀ ਪੈੜ ਨੂੰ ਜਮਾ ਕੇ ਸਮਕਾਲ ਦਾ ਧੁਰਾ ਬਣਿਆ ਹੋਇਆ ਹੈ। ਅਜਿਹੇ ਬਾਜ਼ਾਰੀਕਰਨ ਜਾਂ ਮੰਡੀਕਰਨ ਦੇ ਮਾਹੌਲ ਵਿੱਚ ਔਰਤ ਆਪਣੀ ਸਮਾਜਿਕ ਹੋਂਦ ਕਾਰਨ ਜਲਦੀ ਹੀ ਅਜਿਹੀ ਮੰਡੀ ਸੱਭਿਅਤਾ ਦਾ ਸ਼ਿਕਾਰ ਹੋ ਜਾਂਦੀਆਂ ਹਨ। ਭਾਰਤੀ ਸੱਭਿਅਤਾ ਦੇ ਇਤਿਹਾਸਕ ਪਿਛੋਕੜ ਤੋਂ ਹੀ ਔਰਤ ਨੂੰ ਵਸਤੂ ਵਜੋਂ ਪ੍ਰਭਾਸ਼ਿਤ ਕੀਤਾ ਗਿਆ ਹੈ ਜਿਸ ਨੂੰ ਮੰਡੀ ਆਪਣੀਆਂ ਲੋੜਾਂ ਅਤੇ ਆਪਣੇ ਪੈਮਾਨੇ ਅਨੁਸਾਰ ਮਨ-ਮਰਜ਼ੀ ਮੁਤਾਬਕ ਢਾਲ ਲੈਂਦੀ ਹੈ। ਜਸਦੇਵ ਸਿੰਘ ਲਲਤੋਂ ਅਨੁਸਾਰ ਪੰਜਾਬੀ ਸੱਭਿਆਚਾਰ 'ਤੇ ਇਹ ਦੁਸ਼ ਪ੍ਰਭਾਵ ਪੱਛਮੀ ਸੱਭਿਆਚਾਰਕ ਵਿਚਾਰਧਾਰਾ ਦਾ ਹੈ:

*ਪੱਛਮੀ ਸੱਭਿਆਚਾਰ ਦੀ ਨਿੱਘਰੀ ਹੋਈ ਮੁੱਖ ਧਾਰਾ ਦਾ ਆਧਾਰ ਹੈ ਕਿ ਮਨੁੱਖੀ ਜ਼ਿੰਦਗੀ ਦਾ ਮੁੱਖ ਮਕਸਦ 'ਖਾਓ, ਪੀਓ ਅਤੇ ਐਸ਼ ਕਰੋ' ਹੈ। ਮਨੁੱਖਾਂ ਵਿੱਚ ਵਿਸ਼ੇਸ਼ ਕਰਕੇ ਮਰਦਾਂ ਦੇ ਜੀਵਨ ਦਾ ਧੁਰਾ ਤਿੰਨ ਡਬਲਯੂ ਭਾਵ ਵੂਮੈਨ, ਵੈਲਥ ਅਤੇ ਵਾਈਨ-ਭਾਵ ਔਰਤ, ਪੈਸਾ ਤੇ ਸ਼ਰਾਬ ਹਨ। ਇਸੇ ਪ੍ਰਸੰਗ ਵਿੱਚ ਔਰਤਾਂ ਨੂੰ ਮਾਨਣ ਤੇ ਭੋਗਣ ਵਾਲੀ ਵਸਤੂ ਸਮਝਿਆ ਜਾਂਦਾ ਹੈ। ਉਸ ਨੂੰ ਇੱਕ ਦਿਲਕਸ਼ ਖਿਡੌਣੇ ਦੇ ਰੂਪ ਵਿੱਚ ਕਲਪਿਤ ਕੀਤਾ ਜਾਂਦਾ ਹੈ। ਉਸ ਦੀ ਸ਼ਖ਼ਸੀਅਤ ਵਿੱਚ ਸਰੀਰਕ ਸੁੰਦਰਤਾ ਨੂੰ ਕੇਂਦਰ-ਬਿੰਦੂ ਮੰਨਿਆ ਜਾਂਦਾ ਹੈ।* (*ਸਾਡਾ ਵਿਰਸਾ ਸੱਭਿਆਚਾਰ ਅਤੇ ਸਿਹਤ* 49)

ਸਮਕਾਲੀ ਸੰਦਰਭ ਨੂੰ ਮੁੱਖ ਰੱਖ ਕੇ ਇਸਤਰੀ ਦੇ ਆਦਰਸ਼ਾਂ ਜਾਂ ਇਸਤਰੀ ਰੂਪ ਦੇ ਮਾਡਲ ਸਰੂਪ ਦੇ ਬਦਲਣ ਬਾਰੇ ਨੀਤੂ ਅਰੋੜਾ ਲਿਖਦੀ ਹੈ ਕਿ "*ਜਿੱਥੇ ਸੀਤਾ ਅਤੇ ਸਾਵਿਤਰੀ ਆਪਣੀ ਪਵਿੱਤਰਤਾ ਕਰਕੇ ਪੰਜਾਬੀ ਔਰਤ ਦੇ ਮਨ ਨੂੰ ਕੀਲਦੀਆਂ ਹਨ, ਉੱਥੇ ਐਸ਼ਵਰੀਆ ਅਤੇ ਸੁਸ਼ਮਿਤਾ ਸੇਨ ਆਪਣੀ ਸੁੰਦਰਤਾ ਕਰਕੇ*"। (*ਸਮਕਾਲੀ ਪੰਜਾਬੀ ਕਵਿਤਾ: ਪ੍ਰਤੀਰੋਧੀ ਪ੍ਰਵਚਨ* 159) ਇਸ ਤਰ੍ਹਾਂ ਸਮਕਾਲੀ ਮੰਡੀ ਔਰਤ ਨੂੰ ਉਸ ਦੀਆਂ ਦੇਹੀ ਵਿਸ਼ੇਸ਼ਤਾਈਆਂ ਜਾਂ ਉਸ ਦੇ ਗਲੈਮਰ ਨੂੰ ਹੀ ਇਸਤੇਮਾਲ ਕਰਦੀਆਂ ਹਨ ਅਤੇ ਔਰਤਾਂ ਇਸ ਗਲੈਮਰ ਦੀ ਦੁਨੀਆਂ ਵਿਚ ਦਿਨੋਂ-ਦਿਨ ਸ਼ਿਕਾਰ ਹੁੰਦੀਆਂ ਜਾ ਰਹੀਆਂ ਹਨ। ਉਦਾਹਰਨ ਵਜੋਂ:

*ਚਲਾਕ ਮਗਰਮੱਛ*

*ਆਟੇ ਵਾਲੀ ਕੁੰਡੀ ਸੁੱਟ*

*ਕਰਦੇ ਮਾਸੂਮ ਮੱਛੀਆਂ ਦਾ ਸ਼ਿਕਾਰ*

*ਘੰਟਿਆਂ ਦਿਨਾਂ ਮਹੀਨਿਆਂ ਬੱਧੀ ਇੰਤਜ਼ਾਰ...*

*ਆਖ਼ਿਰ ਫਸਾ ਬੈਠਦੀ ਕੋਈ ਨਾਦਾਨ ਮੱਛੀ*

*ਤਿੱਖੀ ਕੁੰਡੀ ਆਪਣੇ ਸੰਘ ਵਿੱਚਕਾਰ*

*ਤਬਾਹ ਕਰ ਬੈਠਦੀ ਆਪਣਾ ਸੋਹਣਾ ਸੁਪਨ ਸੰਸਾਰ*

*ਮਗਰਮੱਛ ਦਾ ਮਸੀਹ ਇੱਕ ਡੰਗ ਟੱਪਦਾ...*।

(ਸੁਖਵਿੰਦਰ ਅੰਮ੍ਰਿਤ, *ਚਿੜੀਆਂ* 59)

ਪੰਜਾਬੀ ਕਵਿਤਾ ਦੇ ਸਮਕਾਲੀ ਦ੍ਰਿਸ਼ ਵਿੱਚ ਔਰਤ ਦੀ ਸਮਾਜਿਕ ਸਥਿਤੀ ਨੂੰ ਜਿਥੇ ਔਰਤ ਨੇ ਆਪ ਕਵਿਤਾ ਵਿੱਚ ਪੇਸ਼ ਕੀਤਾ ਹੈ, ਉਥੇ ਮਰਦ ਕਵੀਆਂ ਨੇ ਵੀ ਔਰਤ ਦੀ ਹੋਂਦ ਅਤੇ ਹੋਣੀ ਨੂੰ ਰਵਾਇਤੀ ਪਿਤਰੀ ਪ੍ਰਧਾਨ ਵਿਵਸਥਾ ਦੇ ਵਿਰੋਧ ’ਚ ਇਨਸਾਨੀ ਬਰਾਬਰੀ ਦੀ ਪੱਧਰ ’ਤੇ ਪੇਸ਼ ਕਰਨ ਦੇ ਨਾਲ-ਨਾਲ ਸਮਕਾਲੀ ਸਮਾਜ ਵਿਚ ਫੈਲੀਆਂ ਕੁਰੀਤੀਆਂ ਨੂੰ ਵੀ ਪੇਸ਼ ਕੀਤਾ ਹੈ। ਹੇਠਲੀਆਂ ਸਤਰਾਂ ਵਿਚ ਕਵੀ ਗੁਰਪ੍ਰੀਤ ਮਾਨਸਾ ਔਰਤ ਦੇ ਮਮਤਾ ਭਾਵਾਂ ਨੂੰ ਹੇਠਲੀਆਂ ਸਤਰਾਂ ਵਿੱਚ ਪੇਸ਼ ਕਰਦੇ ਅਤੇ ਸੁਰਜੀਤ ਪਾਤਰ ਸਮਕਾਲੀ ਸਮਾਜਿਕ ਯਥਾਰਥ ਨੂੰ ਪੇਸ਼ ਕਰਦੇ ਹਨ:

*ਮੈਂ*

*ਮਾਂ ਨੂੰ ਪਿਆਰ ਕਰਦਾ ਹਾਂ*

*ਏਸ ਕਰਕੇ*

*ਕਿ ਉਹਨੂੰ*

*ਆਪਣੇ ਦਿਲ ਦੀ ਕਹਿਣ ਲਈ*

*ਸ਼ਬਦਾਂ ਦੀ ਲੋੜ ਨਹੀਂ ਪੈਂਦੀ ਮੈਨੂੰ।।* (*ਸਮੇਂ ਦਾ ਦਰਿਆ* 111)

*ਓਥੇ ਕੁੱਖਾਂ ਹੋਈਆਂ ਕੱਚ ਦੀਆਂ*

*ਓਥੇ ਬੱਚੀਆਂ ਮੁਸ਼ਕਿਲ ਬਚਦੀਆਂ*

*ਜੋ ਬਚਣ ਉਹ ਅੱਗ ਵਿਚ ਮਚਦੀਆਂ*

*ਜਿਉਂ ਟੁਕੜਾ ਹੋਏ ਕਬਾਬ ਦਾ*

(*ਚੰਨ ਸੂਰਜ ਦੀ ਵਹਿੰਗੀ* 55)

ਵਿਸ਼ਵਾਸ, ਲੋਕ-ਵਿਸ਼ਵਾਸ, ਵਿਚਾਰ, ਕਰਮ ਅਤੇ ਲੌਕਿਕ ਜਾਂ ਅਲੌਕਿਕ ਘਟਨਾ ਸੰਬੰਧੀ ਫ਼ੈਸਲੇ ਸਾਧਾਰਨ ਸੱਭਿਆਚਾਰ ਜਾਂ ਜਾਗ੍ਰਤ ਸੱਭਿਆਚਾਰ ਦੇ ਪ੍ਰਤੀਕ ਹਨ। ਮਨੁੱਖੀ-ਮਨ, ਕਰਮ ਅਤੇ ਧਰਮ

ਆਦਿ ਪਦਾਰਥ ਵਰਤਾਰਿਆਂ ਵਿੱਚੋਂ ਉਪਜਿਆ ਹੋਇਆ ਹੈ ਅਤੇ ਸੱਭਿਆਚਾਰ ਇਹਨਾਂ ਸਭ ਵਰਤਾਰਿਆਂ ਦਾ ਮਿਸ਼ਰਣ ਹੈ। ਮਨੁੱਖ ਇਹਨਾਂ ਵਰਤਾਰਿਆਂ ਵਿੱਚੋਂ ਗੁਜਰਦਾ ਹੋਇਆ ਮਾਨਤਾਵਾਂ ਅਤੇ ਵਿਸ਼ਵਾਸਾਂ ਦੀ ਸਿਰਜਣਾ ਕਰਦਾ ਹੈ, ਜੋ ਪੀੜ੍ਹੀ-ਦਰ-ਪੀੜ੍ਹੀ ਅੱਗੇ ਸਫ਼ਰ ਤੈਅ ਕਰਦਾ ਹੈ। ਜਿਉਂ-ਜਿਉਂ ਮਨੁੱਖੀ ਬੌਧਿਕਤਾ ਦਾ ਵਿਕਾਸ ਹੋ ਰਿਹਾ ਹੈ। ਉਸੇ ਤਰ੍ਹਾਂ ਮਨੁੱਖੀ ਗਿਆਨ ਵਿੱਚ ਵਾਧਾ ਹੋ ਰਿਹਾ ਹੈ। ਹਰ ਮਨੁੱਖੀ ਵਿਸ਼ਵਾਸ ਅਤੇ ਮਾਨਤਾ ਤਰਕ ਅਤੇ ਦਲੀਲ ਦੇ ਘੇਰੇ ਵਿੱਚੋਂ ਲੰਘਦੀ ਹੈ। ਵਰਤਮਾਨ ਦੌਰ ਵਿੱਚ ਪੁਰਾਤਨ ਮਾਨਤਾਵਾਂ ਅਤੇ ਵਿਸ਼ਵਾਸਾਂ ਦਾ ਖੰਡਨ ਹੋ ਚੁਕਿਆ ਹੈ ਅਤੇ ਕਈ ਵਿਸ਼ਵਾਸ਼ਾਂ ਅਤੇ ਮਾਨਤਾਵਾਂ ਦਾ ਅਜੋਕੇ ਸੰਦਰਭ ਵਿੱਚ ਰੂਪਾਂਤਰਣ ਹੋ ਚੁੱਕਿਆ ਹੈ। ਸਮਕਾਲੀ ਸ਼ਾਇਰ ਜਸਵੰਤ ਜ਼ਫ਼ਰ ਪੰਜਾਬੀ ਸੱਭਿਆਚਾਰ ਵਿੱਚ ਅਹਿਮ ਸਥਾਨ ਰੱਖਣ ਵਾਲੇ ਅੰਗ 'ਅਸੀਸ' ਨੂੰ ਵਰਤਮਾਨ ਦੌਰ ਵਿੱਚ ਰੂਪਾਂਤ੍ਰਿਤ ਕਰਦੇ ਹਨ ਅਤੇ ਦਲੀਲ ਸਹਿਤ ਸਿੱਧ ਵੀ ਕਰਦੇ ਹਨ ਕਿ ਦੇਸ਼ ਦੀ ਅਜ਼ਾਦੀ ਲਈ ਸ਼ਹੀਦ ਹੋਇਆ ਨੌਜਵਾਨ ਸ਼ਹੀਦ ਭਗਤ ਸਿੰਘ ਸਾਡੇ ਦਿਲਾਂ ਵਿੱਚ ਹਮੇਸ਼ਾ ਜੁਆਨੀਆਂ ਮਾਣਦਾ ਰਹੇਗਾ:

*ਤੂੰ ਹਰ ਸ਼ਹੀਦੀ ਦਿਨ 'ਤੇ*
*24 ਸਾਲਾ ਭਰ ਜਵਾਨ ਗੱਭਰੂ ਹੀ ਹੁੰਦਾ ਹੈਂ*
*ਉਂਜ ਅਸੀਸ ਤਾਂ ਸਾਡੀਆਂ ਮਾਵਾਂ ਦਿੰਦੀਆਂ ਨੇ*
*ਜਿਉਂਦਾ ਰਹੇ ਸਦਾ ਜਵਾਨੀਆਂ ਮਾਣੇਂ*
*ਪਰ ਤੂੰ ਸੱਚ ਮੁੱਚ ਜਿਉਂਦਾ ਹੈ ਭਰ ਜੁਆਨ ਗੱਭਰੂ*
*ਸਦਾ ਜੁਆਨੀਆਂ ਮਾਣਦਾ ਹੈਂ*
*ਤੇ ਜਿਹਨਾਂ ਅਜੇ ਪੈਦਾ ਹੋਣਾ ਹੈ*
*ਉਹਨਾਂ ਗੱਭਰੂਆਂ ਦੇ ਵੀ ਹਾਣ ਦਾ ਹੈ*

(*ਇਹ ਬੰਦਾ ਕੀ ਹੁੰਦਾ* 23)

'ਭੋਜਨ ਅਤੇ ਸੁਰੱਖਿਆ' ਮੁੱਢਲੇ ਮਨੁੱਖ ਦੀਆਂ ਸਾਰੀਆਂ ਸੋਚਾਂ ਦਾ ਕੇਂਦਰ ਰਹੇ ਹਨ। ਅਜਿਹੀਆਂ ਸਮੱਸਿਆਵਾਂ ਨੇ ਹੀ ਮਨੁੱਖ ਨੂੰ ਸਥਾਈ ਤੌਰ 'ਤੇ ਵਸਣ ਲਈ ਮਜ਼ਬੂਰ ਕੀਤਾ ਅਤੇ ਸੱਭਿਅਤਾ ਦਾ ਆਰੰਭ ਕੀਤਾ। ਭੌਤਿਕ ਵਿਕਾਸ ਨੇ ਮਨੁੱਖ ਨੂੰ ਮਨੁੱਖੀ ਸੱਭਿਅਤਾ ਵਿੱਚ ਦਾਖ਼ਲ ਕਰ ਦਿੱਤਾ। ਏਸ਼ੀਆਈ ਜਾਂ ਭਾਰਤੀ ਸੱਭਿਆਤਾ ਦੀ ਮੁੱਢ ਤੋਂ ਹੀ ਇਹ ਖ਼ਾਸੀਅਤ ਰਹੀ ਹੈ ਕਿ ਖਿੱਤੇ ਦੀ ਖੁਸ਼ਹਾਲੀ, ਉਪਜਾਊ-ਸ਼ਕਤੀ ਤੇ ਕੁਦਰਤੀ ਸਾਧਨਾਂ ਦੇ ਵੰਨ-ਸੁਵੰਨਤਾ ਦੇ ਭੰਡਾਰ ਹੋਣ ਕਾਰਨ ਇੱਥੋਂ ਦੀ ਆਰੰਭਿਕ ਸੱਭਿਅਤਾ ਖੁੱਲ੍ਹੀ-ਡੁੱਲੀ ਅਤੇ ਅਮੀਰ ਰਹੀ। ਮੱਧਕਾਲੀ ਦੌਰ ਵਿੱਚ ਸੂਫ਼ੀ-ਸੰਤਾਂ, ਪੀਰਾਂ-ਫਕੀਰਾਂ ਅਤੇ ਗੁਰੂ ਨਾਨਕ ਦੇਵ ਜਿਹੀਆਂ ਸ਼ਖਸੀਅਤਾਂ ਅਤੇ ਕੁਝ ਇਸ ਖਿੱਤੇ ਦੇ ਭੂਗੋਲਿਕ ਕਾਰਨ ਕਰਕੇ ਰਾਜਨੀਤਿਕ ਅਰਾਜਕਤਾ ਦੇ ਮਾਹੌਲ ਨੇ ਇਸ ਖਿੱਤੇ ਦੇ ਲੋਕਾਂ ਦਾ ਸੁਭਾਅ ਵੰਡ-ਵਰਤ ਕੇ ਖਾਣ ਅਤੇ ਖੁੱਲ੍ਹਾ ਵਰਤਣ ਦਾ ਬਣਾ ਦਿੱਤਾ ਜੋ ਸਮਕਾਲੀ ਦੌਰ ਵਿੱਚ ਇੱਥੋਂ ਦੇ ਲੋਕਾਂ ਦੇ ਅਵਚੇਤਨ ਵਿੱਚੋਂ ਝਲਕਦਾ ਹੈ। ਕਵੀ ਗੁਰਪ੍ਰੀਤ ਅਤੇ ਕਵਿਤਰੀ ਸੁਖਵਿੰਦਰ ਅੰਮ੍ਰਿਤ ਇਸੇ ਸੰਦਰਭ ਨੂੰ ਇਨ੍ਹਾਂ ਸ਼ਬਦਾਂ ਰਾਹੀਂ ਪੇਸ਼ ਕਰਦੇ ਹਨ:

*ਚੁੱਲ੍ਹੇ ਡਾਹੁੰਦੀ ਦੁੱਖ ਆਰ-ਪਰਿਵਾਰ ਦੇ*

*ਤਵੇ 'ਤੇ ਫੁੱਲਦੀ ਰੋਟੀ*

*ਤਾਂ ਪਹਿਲੀ ਰੱਖਦੀ ਛਾਬੇ 'ਚ*

*ਗਲੀ ਦੇ ਕੁੱਤੇ ਲਈ*

*ਚਿੜੀਆਂ ਜਨੌਰਾਂ ਦੇ ਭੋਰ-ਚੋਰ ਵਾਸਤੇ*

*ਰੋਟੀ ਦਾ ਕਿਹਾ ਸਰਬੰਧ ਬੰਦੇ ਨਾਲ*

*ਪਹਿਲੀ ਬੁਰਕੀ ਤੋੜਦਿਆਂ*

*ਮਾਂ ਸਦਾ ਆਖਦੀ-*

*ਦੁਸ਼ਮਣ ਨੂੰ ਵੀ ਦੇਈਂ ਰੱਬਾ।।* (ਓਕ 19)

*ਅੰਮੜੀ ਦੇ ਗੋਦੀ ਵਿੱਚ ਮੈਂ ਸਿੱਖਿਆ ਸੀ ਊੜਾ ਆੜਾ*

*ਨੀ ਉਹ ਸਾਂਝ ਰਿਸ਼ਤਿਆਂ ਦੀ, ਮੁੰਡੇ ਕੁੜੀ ’ਚ ਪਾੜਾ*

*ਫਿਰ ਸਿੱਖ ਗਈ ਸੀ ਮੈਂ ਸੀਨੇ ’ਤੇ ਚੁੰਨੀ ਤਨਣਾ*

*ਲੁਕਿਆ ਪਿਆ ਸੀ ਸਖੀਓ ਮੇਰੇ ਹੰਝੂਆਂ ’ਚ ਚਾਣਨ*

*ਸਿੱਖਿਆ ਦਸੂਤੀ ਤੋਪਾ, ਚਰਖੇ ’ਤੇ ਤੰਦ ਪਾਇਆ*

*ਦਰੀਆਂ ਦੇ ਅੱਡੇ ਉੱਤੇ ਪੁੰਨੂ ਦਾ ਗੀਤ ਗਾਇਆ*

*ਖ਼ਬਰੇ ਮੈਂ ਕਿਹੜੇ ਵੇਲੇ ਸੱਸੀ ਦੀ ਹੋ ਗਈ ਹਾਨਣ*

(*ਨੀਲਿਆ ਮੋਰਾ ਵੇ* ... 19)

ਸਮਕਾਲੀ ਦੌਰ ਵਿੱਚ ਰਚੀ ਜਾ ਰਹੀ ਪੰਜਾਬੀ ਕਵਿਤਾ ਦ੍ਰਿਸ਼ਟੀ ਅਤੇ ਸੰਵੇਦਨਾ ਪੱਖੋਂ ਨਿਰੋਲ ਨਵੀਂ ਕਵਿਤਾ ਨਹੀਂ ਹੈ ਸਗੋਂ ਇਹ ਸਮੁੱਚੇ ਇਤਿਹਾਸਿਕ ਅਨੁਭਵ-ਸਾਰ, ਦ੍ਰਿਸ਼ਟੀਆਂ, ਜੀਵਨ-ਮੁੱਲਾਂ, ਲੋਕ-ਦਰਸ਼ਨ ਅਤੇ ਲੋਕ-ਕਾਵਿ ਨੂੰ ਆਪਣੇ ਅੰਤਰਗਤ ਸੰਮਿਲਤ ਕਰਦੀ ਹੈ ਅਤੇ ਨਾਲ ਹੀ ਅਜੋਕੇ ਸੰਦਰਭ ਵਿੱਚ ਪੰਜਾਬੀ ਕਵਿਤਾ ਨੇ ਕੌਮੀ ’ਤੇ ਕੌਮਾਂਤਰੀ ਪੱਧਰ ’ਤੇ ਤੇਜ਼ੀ ਨਾਲ ਬਦਲ ਰਹੀਆਂ ਆਰਥਿਕ, ਰਾਜਸੀ, ਸਮਾਜਿਕ ਤੇ ਸੱਭਿਆਚਾਰਕ ਬਣਤਰਾਂ ਅਤੇ ਉਨ੍ਹਾਂ ਉੱਤੇ ਉਸਰੇ ਨਵੇਂ ਜੀਵਨ ਮੁੱਲਾਂ ਨੂੰ ਪ੍ਰਤਿਪਾਦਿਤ ਕੀਤਾ ਹੈ। ਇਸੇ ਕਾਰਨ ਸਮਕਾਲੀ ਪੰਜਾਬੀ ਕਵਿਤਾ ਦੀ ਇਹ ਵਿਲੱਖਣ ਵਿਸ਼ੇਸ਼ਤਾ ਹੈ ਕਿ ਸਮਕਾਲੀ ਪੰਜਾਬੀ ਕਵਿਤਾ ਪਰੰਪਰਾਗਤ ਅਤੇ ਨਵੀਨ ਵਿਚਾਰਧਾਰਾ ਵਿੱਚ ਆਪਸੀ ਸੰਤੁਲਨ ਸਥਾਪਤ ਕਰਦੀ ਹੈ। ਸਮਕਾਲੀ ਪੰਜਾਬੀ ਦੇ ਚੇਤਨ ਸ਼ਾਇਰ ਸੁਰਜੀਤ ਪਾਤਰ ਪੰਜਾਬੀ ਸੱਭਿਆਚਾਰ ਦੇ ਅਨਿੱਖੜਵੇ ਅੰਗ ਲੋਕ-ਸਾਹਿਤ ਦਾ ਮਨੁੱਖੀ ਜੀਵਨ ਵਿੱਚ ਮਹੱਤਵ ਨੂੰ ਪੇਸ਼ ਕੀਤਾ ਹੈ:

*ਲਾਹ ਕੇ ਦੁਨੀਆਂਦਾਰੀਆਂ ਦਾ ਬੋਝ ਚਲ*

*ਹੈ ਬਹੁਤ ਨਾਜ਼ੁਕ ਇਨ੍ਹਾਂ ਨਜ਼ਮਾਂ ਦਾ ਪੁਲ*

*ਲੋਰੀਆਂ, ਫਿਰ ਘੋੜੀਆਂ, ਫਿਰ ਸੋਹਿਲੇ*

*ਲੋਕ ਤੋਂ ਪਰਲੋਕ ਤੱਕ ਗੀਤਾਂ ਦਾ ਪੁਲ*

(*ਪੱਤਝੜ ਦੀ ਪਾਜ਼ੇਬ* 11)

ਸਮਕਾਲੀ ਪੰਜਾਬੀ ਕਵਿਤਾ ਅਜੋਕੇ ਸਮਾਜ ਦੇ ਕੇਵਲ ਬਾਹਰੀ ਪ੍ਰਭਾਵਾਂ ਨੂੰ ਹੀ ਨਹੀਂ ਸਗੋਂ ਮਨੁੱਖ ਦੇ ਨਿੱਜਪਰਕ ਸੂਖਮ ਜੀਵਨ ਯਥਾਰਥ ਨੂੰ ਵੀ ਪ੍ਰਭਾਸ਼ਿਤ ਕਰਦੀ ਹੈ। ਸਮਕਾਲੀ ਪੰਜਾਬੀ ਕਵਿਤਾ ਮਨੁੱਖ ਦੀ ਬੇਚੈਨੀ, ਮਨੋ-ਵਿਕਾਰ, ਦੋਗਲਾਪਨ, ਖੰਡਿਤ ਹੋਣਾ ਅਤੇ ਭਟਕਣ ਆਦਿ ਦੀ ਸੁਰ ਨਾਲ ਲਬਰੇਜ਼ ਹੈ। ਆਰਥਿਕ ਵਿਕਾਸ ਦੇ ਮੌਕਿਆਂ, ਗਿਆਨ ਤੇ ਤਕਨਾਲੋਜੀ ਦੇ ਵਿਭਿੰਨ ਪਸਾਰਾਂ ਨੇ ਆਧੁਨਿਕੀਕਰਨ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਂਦੀ ਹੈ, ਜਿਸ ਨਾਲ ਪੈਦਾ ਹੋਈਆਂ ਸਮਾਜਿਕ ਪ੍ਰਸਥਿਤੀਆਂ ਨੇ ਪੰਜਾਬੀ ਸੱਭਿਆਚਾਰ ਦੀ ਅਮੀਰ ਆਭਾ ਨੂੰ ਝੰਜੋੜਿਆ ਹੈ। ਸਮਕਾਲੀ ਸ਼ਾਇਰ ਸੁਰਜੀਤ ਪਾਤਰ ਅਜੋਕੇ ਦੌਰ ਦੇ ਮਨੁੱਖ ਦੀ ਬਣਾਉਟੀ ਅਤੇ ਖੋਖਲੀ ਜ਼ਿੰਦਗੀ ਨੂੰ ਆਪਣੀ ਗ਼ਜ਼ਲ ਵਿੱਚ ਇਸ ਪ੍ਰਕਾਰ ਪੇਸ਼ ਕਰਦੇ:

*ਹੋਠਾਂ ਤੇ ਹਾਸਾ ਮਰ ਗਿਆ, ਦੰਦਾਸਾ ਰਹਿ ਗਿਆ*

*ਇਹੀ ਰਹਿਣ ਦੇ ਹਾਸਿਆਂ ਦਾ ਭਰਮ ਹੋਣ ਨੂੰ*

*ਕੁਝ ਸੂਟ ਲਾਂਭੇ ਸਾਂਭ ਕੇ ਰੱਖ ਗੂੜ੍ਹੇ ਰੰਗ ਦੇ*

*ਕੱਚੇ ਦੀ ਕੱਚੀ ਦੋਸਤੀ ਟੁੱਟੀ ਤੇ ਪਾਉਣ ਨੂੰ*

*ਕਿੰਨਾ ਹਨੇਰਾ ਹੈ ਕਿ ਇੱਕ ਰੌਸ਼ਨੀ ਜ਼ਮੀਰ ਕੋਲ*

*ਬਚਿਆ ਨਹੀਂ ਚਿਰਾਗ ਵੀ ਘਰ ਵਿੱਚ ਜਗਾਉਣ ਨੂੰ* (36)

ਕਿਸੇ ਵੀ ਖੇਤਰ ਦੀ ਬੋਲੀ ਜਾਂ ਭਾਸ਼ਾ ਉਸ ਖੇਤਰ ਦੇ ਸੱਭਿਆਚਾਰ ਦਾ ਅਟੁੱਟ ਅੰਗ ਹੋਣ ਦੇ ਨਾਲ-ਨਾਲ ਉਥੋਂ ਦੀ ਪਹਿਚਾਣ ਦਾ ਮੁੱਖ ਆਧਾਰ ਵੀ ਹੁੰਦੀ ਹੈ। ਲੋਕ-ਸਾਹਿਤ, ਲੋਕ-ਬੋਲੀਆਂ, ਲੋਕ-ਗੀਤ, ਸੰਗੀਤ ਆਦਿ ਦੁਆਰਾ ਮਨੋਭਾਵਾਂ ਦੀ ਅਭਿਵਿਅਕਤੀ ਮਾਨਸਿਕ ਸੰਤੁਸ਼ਟੀ ਦਾ ਜੋ ਅਨਹਦ ਅਨੁਭਵ ਮਾਤ-ਬੋਲੀ ਵਿੱਚ ਪ੍ਰਾਪਤ ਹੁੰਦਾ ਹੈ, ਉਹ ਕਿਸੇ ਗੈਰ-ਖੇਤਰੀ ਭਾਸ਼ਾ ਵਿੱਚ ਨਹੀਂ ਹੋ ਸਕਦਾ। ਸਮਕਾਲੀ ਵਿਸ਼ਵੀਕਰਨ, ਪੂੰਜੀਵਾਦੀ ਅਤੇ ਬਾਜ਼ਾਰੀਕਰਨ ਦੇ ਦੌਰ ਵਿੱਚ ਖੇਤਰੀ ਭਾਸ਼ਾਵਾਂ ਨੂੰ ਛੱਡ ਕੇ ਸਾਰੀਆਂ ਰੁਜ਼ਗਾਰ ਅਤੇ

ਕੰਮਕਾਜੀ ਸੰਭਾਵਨਾ ਅੰਤਰਰਾਸ਼ਟਰੀ ਭਾਸ਼ਾ 'ਤੇ ਨਿਰਭਰ ਹੋ ਗਈਆਂ ਹਨ। ਵਿਸ਼ਵੀਕਰਨ ਦੇ ਇਸ ਦੌਰ ਦੇ ਸਮਾਨਅੰਤਰ ਚੱਲਣ ਲਈ ਪਹਿਲੀ ਭਾਸ਼ਾ ਨੂੰ ਛੱਡ ਗੈਰ-ਭਾਸ਼ਾਵਾਂ 'ਤੇ ਮਜ਼ਬੂਰੀ ਵੱਸ ਨਿਰਭਰ ਹੋਣਾ ਪੈਂਦਾ ਹੈ ਤਾਂ ਹੀ ਮੰਡੀ ਪ੍ਰਧਾਨ ਸੱਭਿਆਚਾਰ ਵਿੱਚ ਮਨੁੱਖ ਆਪਣਾ ਜੀਵਨ ਨਿਰਵਾਹ ਕਰ ਸਕਦਾ ਹੈ। ਕਵੀ ਗੁਰਪ੍ਰੀਤ ਮਾਨਸਾ ਅਜਿਹੇ ਮਾਹੌਲ ਵਿੱਚ ਮਾਤ ਭਾਸ਼ਾ ਦੀ ਮਹੱਤਤਾ ਬਾਰੇ ਲਿਖਦੇ ਹਨ:

*ਮਾਂ ਬੋਲੀ 'ਚ ਮੈਂ ਰੁੰਦਾ ਹਾਂ*

*ਸਾਰੀ ਸ੍ਰਿਸ਼ਟੀ ਰੁੰਦੀ ਹੈ।।* (*ਸਿਆਹੀ ਘੁਲੀ ਹੈ* 20)

ਪਹਿਰਾਵਾ ਮੁੱਖ ਰੂਪ ਵਿੱਚ ਸਰੀਰਕ ਲੋੜ ਨੂੰ ਪੂਰੀ ਕਰਦਾ ਹੈ। ਮਨੁੱਖ ਜਿਸਮ ਨੂੰ ਕੱਜਣ ਅਤੇ ਗਰਮੀ, ਸਰਦੀ, ਬਾਰਿਸ਼ ਆਦਿ ਪ੍ਰਾਕਿਰਤਿਕ ਮਾਰਾਂ ਤੋਂ ਬਚਾਵ ਲਈ ਪਰਿਰਾਵੇ ਦੀ ਸਹਾਇਤਾ ਲੈਂਦਾ ਹੈ। ਹਰ ਸਮਾਜ, ਖੇਤਰ, ਸੱਭਿਆਚਾਰ ਆਦਿ ਨਾਲ ਸੰਬੰਧਤ ਲੋਕਾਂ ਦੁਆਰਾ ਪਹਿਨੇ ਜਾਂਦੇ ਕੱਪੜਿਆਂ ਨੂੰ ਉਸ ਖਿੱਤੇ ਦਾ ਪਹਿਰਾਵਾ ਕਿਹਾ ਜਾਂਦਾ ਹੈ:

*ਅੰਮੜੀ ਦੇ ਗੋਦੀ ਵਿੱਚ ਮੈਂ ਸਿੱਖਿਆ ਸੀ ਊੜਾ ਆੜਾ*

*ਨੀ ਉਹ ਸਾਂਝ ਰਿਸ਼ਤਿਆਂ ਦੀ, ਮੁੰਡੇ ਕੁੜੀ 'ਚ ਪਾੜਾ*

*ਫਿਰ ਸਿੱਖ ਗਈ ਸੀ ਮੈਂ ਸੀਨੇ 'ਤੇ ਚੁੰਨੀ ਤਨਣਾ*

*ਲੁਕਿਆ ਪਿਆ ਸੀ ਸਖੀਓ ਮੇਰੇ ਹੰਝੂਆਂ 'ਚ ਚਾਣਨ*

(ਸੁਖਵਿੰਦਰ ਅੰਮ੍ਰਿਤ, *ਨੀਲਿਆ ਮੋਰਾ ਵੇ ...* 19)

ਮਸ਼ੀਨੀਕਰਨ, ਉਦਯੋਗੀਕਰਨ ਅਤੇ ਸ਼ਹਿਰੀਕਰਨ ਨੇ ਵਰਤਮਾਨ ਮਨੁੱਖ ਨੂੰ ਪਦਾਰਥਵਾਦੀ ਬਣਾ ਕੇ ਸਾਡੇ ਮਨਾਂ ਦੀ ਸ਼ਾਂਤੀ ਗੁਆ ਦਿੱਤੀ ਹੈ। ਪਰਿਵਰਤਨ ਜੀਵਨ ਦਾ ਨਿਯਮ ਤਾਂ ਹੈ ਪਰ ਚੰਗੀ ਤਬਦੀਲੀ ਨੂੰ ਹੀ ਜੀ-ਆਇਆ ਕਹਿਣਾ ਬਣਦਾ ਹੈ। ਖੇਤੀਬਾੜੀ ਦੀਆਂ ਸੰਦਾਂ, ਘਰੇਲੂ ਵਸਤਾਂ, ਸੰਚਾਰ, ਆਵਾਜਾਈ ਦੇ ਸਾਧਨਾਂ, ਪੁਰਾਣੇ ਰਹਿਣ-ਸਹਿਣ ਦੇ ਢੰਗ ਆਦਿ ਬਹੁਤ ਕੁਝ ਤੇਜ਼ੀ ਨਾਲ ਬਦਲਦਾ ਜਾ ਰਿਹਾ ਹੈ। ਇਸੇ ਤਰ੍ਹਾਂ ਘਰਾਂ ਵਿੱਚ ਵਰਤੀਆਂ ਜਾਣ ਵਾਲੀਆਂ ਵਸਤਾਂ ਵਿੱਚੋਂ ਬਹੁਤੀਆਂ ਅਲੋਪ ਹੋ ਗਈਆਂ ਹਨ। ਉਨ੍ਹਾਂ ਵਿੱਚੋਂ

ਬਹੁਤੀਆਂ ਕੇਵਲ ਅਜਾਇਬ ਘਰਾਂ ਵਿੱਚ ਹੀ ਸ਼ੋਭਾ ਦਿੰਦੀਆਂ ਹਨ। ਸਮਕਾਲੀ ਪੰਜਾਬੀ ਕਵਿਤਾ ਪੁਰਾਣੇ ਵਿਰਸੇ ਨੂੰ ਸਾਂਭਣ ਦੀ ਲੋੜ ਨੂੰ ਉਜਾਗਰ ਕਰਦੀ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਵਿਰਸੇ ਨੂੰ ਜਾਣ ਸਕਣ। ਸਮਕਾਲੀ ਕਵੀ ਗੁਰਪ੍ਰੀਤ ਮਾਨਸਾ ਪੁਰਾਤਨ ਵਿਰਾਸਤ ਦੀਆਂ ਕੀਮਤੀ ਅਤੇ ਪੁਰਾਤਨ ਵਸਤਾਂ ਦੇ ਅਲੋਪ ਹੋਣ ਦਾ ਵੱਡਾ ਕਾਰਨ ਅਜੋਕੀ ਅਤੇ ਪੁਰਾਣੀ ਪੀੜ੍ਹੀ ਦੀ ਨਿੱਜੀ ਪਸੰਦ ਨੂੰ ਮੰਨਦਾ ਹੈ। ਦੋਵਾਂ ਪੀੜ੍ਹੀਆਂ ਦੀ ਨਿੱਜੀ ਸੋਚ ਦਾ ਇਹ ਅੰਤਰ ਵਿਰਾਸਤ ਦੀਆਂ ਅਨੇਕਾਂ ਕੀਮਤੀ ਵਸਤੂਆਂ ਨੂੰ ਅਣਗੌਲਿਆਂ ਕਰ ਲੁਪਤ ਹੋਣ ਦੀ ਕਗਾਰ ਤੱਕ ਲੈ ਆਇਆ ਹੈ:

*ਫਿਰ ਕਿਸੇ ਯੁੱਗ 'ਚ*

*ਉਖਾੜ ਦਿੱਤਾ ਸੀ*

*ਮੇਰੇ ਬਾਪੂ ਨੇ*

*ਉਹ ਦਰਵਾਜ਼ਾ*

*ਤੇ ਲਗਵਾ ਲਿਆ ਸੀ*

*ਆਪਣੀ ਪਸੰਦ ਦਾ*

*ਇੱਕ ਨਵਾਂ ਨਕੋਰ ਦਰਵਾਜ਼ਾ*

*ਘਰ ਦੇ ਮੁੱਖ ਦੁਆਰ 'ਤੇ ਲੱਗਿਆ*

*ਹੁਣ ਮੈਨੂੰ ਵੀ ਪਸੰਦ ਨਹੀਂ*

*ਉਹ ਦਰਵਾਜ਼ਾ।।* (*ਸਮੇਂ ਦਾ ਦਰਿਆ* 50)

ਤਤਕਾਲੀਨ ਸਮਾਜ ਵਿੱਚ ਅਜੋਕਾ ਰਿਸ਼ਤਾ-ਨਾਤਾ ਬੇਹਦ ਜਟਿਲ ਅਤੇ ਗੁੰਝਲਦਾਰ ਤਾਣਾ-ਬਾਣਾ ਹੈ। ਅਜੋਕੇ ਰਿਸ਼ਤੇ ਨਾਤੇ ਪ੍ਰਬੰਧ ਨੇ ਮਨੁੱਖੀ ਮਾਨਸਿਕਤਾ ਨੂੰ ਉਲਝਾ ਰੱਖਿਆ ਹੈ। ਕਵਿਤਰੀ ਸੁਖਵਿੰਦਰ ਅੰਮ੍ਰਿਤ ਅਜੋਕੇ ਸਮਾਜ ਨੂੰ ਸੇਧ ਪ੍ਰਦਾਨ ਕਰਦੇ ਹੋਏ ਇੱਕ ਆਦਰਸ਼ ਰਿਸ਼ਤੇ ਦੀ ਚੰਗੀ ਬੁਨਿਆਦ ਸਿਰਜਣ ਲਈ ਪ੍ਰੇਰਿਆ ਹੈ। ਉਹਨਾਂ ਅਨੁਸਾਰ ਜਿੰਨਾਂ ਖ਼ੂਬਸੂਰਤ ਇੱਕ ਆਦਰਸ਼ ਰਿਸ਼ਤਾ ਹੋਣਗਾ ਉਨਾ ਹੀ ਸਮਾਜ

ਖ਼ੂਸਬੂਰਤ ਹੋਵੇਗਾ। ਅਜੋਕੇ ਮਨੁੱਖ ਦੀ ਤ੍ਰਾਸਦੀ ਇਹ ਹੈ ਕਿ ਉਹ ਲਾਲਚ ਵੱਸ ਖ਼ੁਦਗਰਜੀਆਂ ਦੇ ਜਾਲ ਵਿੱਚ ਗ੍ਰਹਿਸਥ ਹੈ। ਅਜਿਹੇ ਵਿੱਚ ਕਵਿਤਰੀ ਸੁਖਵਿੰਦਰ ਅੰਮ੍ਰਿਤ ਮਨੁੱਖ ਨੂੰ ਇਨਸਾਨੀ ਰਿਸ਼ਤਿਆਂ ਦੀ ਮਹੱਤਤਾ ਬਾਰੇ ਆਪਣੇ ਕਾਵਿ-ਰਚਨਾ ਰਾਹੀ ਜਾਣੂ ਕਰਵਾਉਂਦੀ ਹੈ:

*ਜਦ ਵੀ ਮੈਂ ਆਪਣੇ ਇਸ਼ਕ ਦਾ ਕੋਈ ਵਾਕਿਆ ਲਿਖਾਂ*<br>
*ਖ਼ੁਦ ਨੂੰ ਖ਼ੁਦਾਈ ਇਸ਼ਕ ਨੂੰ ਆਪਣਾ ਖ਼ੁਦਾ ਲਿਖਾਂ*

*ਮੈਂ ਕਿਉਂ ਲਿਖਾਂ ਹਯਾਤ ਨੂੰ ਬੰਦਿਸ਼ ਤੇ ਬੇਬਸੀ*<br>
*ਖ਼ੁੱਲ੍ਹੀ ਫਿਜ਼ਾ ਲਿਖਾਂ ਕਦੇ ਵਗਦੀ ਹਵਾ ਲਿਖਾਂ*

(*ਪੱਤਝੜ ਵਿੱਚ ਪੁੰਗਰਦੇ ਪੱਤੇ* 13)

ਮਨੁੱਖ ਨੇ ਆਪਣੀਆਂ ਬਹੁ-ਸਮਰੱਥਾਵਾਂ ਨਾਲ ਸੂਚਨਾ ਅਤੇ ਤਕਨੀਕੀ ਸਾਧਨਾਂ ਨੂੰ ਅਤਿ-ਆਧੁਨਿਕ ਸਥਿਤੀ ਵਿੱਚ ਪਹੁੰਚਾਇਆ ਹੈ, ਜਿਸ ਨਾਲ ਵਿਸ਼ਵ ਵਪਾਰ ਜਾਂ ਵਿਸ਼ਵ ਮੰਡੀ ਦਾ ਸੰਕਲਪ ਪੈਦਾ ਹੋਇਆ। ਵਿਸ਼ਵੀਕਰਨ ਦੇ ਦੌਰ ਵਿੱਚ ਸੰਚਾਰ ਮਾਧਿਅਮ ਨੇ ਵਿਸ਼ਵ ਨੂੰ ਇੱਕ ਪਿੰਡ ਦੇ ਰੂਪ ਵਿੱਚ ਪੇਸ਼ ਕਰਕੇ ਮਨੁੱਖ ਨੂੰ ਇੱਕ ਉਪਭੋਗਤਾ ਬਣਾ ਦਿੱਤਾ ਹੈ। ਡਾ. ਅੰਮ੍ਰਿਤਪਾਲ ਕੌਰ ਸੰਚਾਰ ਮਾਧਿਅਮ ਦੇ ਅਜਿਹੇ ਵਿਕਾਸ ਨੂੰ ਅਨੇਕਾਂ ਸਮੱਸਿਆਵਾਂ ਦੀ ਜੜ੍ਹ ਮੰਨਦੀ ਆਖਦੀ ਹੈ:

*ਸੰਚਾਰ ਮਾਧਿਅਮ ਵਿੱਚ Cable Network ਨੇ ਸਮੂਹ ਲੋਕਾਂ ਨੂੰ ਵੱਖ ਵੱਖ ਮਨ ਲੁਭਾਉਣੇ ਅਤੇ ਆਕਰਸ਼ਕ ਰੂਪਾਂ ਦੁਆਰਾ ਤ੍ਰਿਸ਼ਨਾਵਾਂ, ਲਾਲਸਾਵਾਂ ਤੇ ਇਛਾਵਾਂ ਵਿੱਚ ਤੀਬਰ ਵਾਧਾ ਕਰਦਿਆਂ ਗਿਣਾਤਮਕ ਤੇ ਗੁਣਾਤਮਕ ਸਮੱਸਿਆਵਾਂ ਵਿੱਚ ਵਾਧਾ ਕੀਤਾ ਹੈ। ਮਨੁੱਖ ਨੈਤਿਕ ਤੇ ਸਦਾਚਾਰਕ ਆਚਰਨ ਤੋਂ ਤਾਂ ਡਿੱਗਿਆ ਹੀ ਹੈ ਉਸ ਦੇ ਨਾਲ ਹੀ ਉਸ ਦੀ ਜੀਵਨ ਦੀ ਤੇਜ਼ ਦੌੜ ਅਤੇ ਸਭ ਤੋਂ ਅੱਗੇ ਵਧਣ ਵਾਲੀ ਜੀਵਨ ਸ਼ੈਲੀ ਨੇ ਉਸ ਨੂੰ ਅੰਦਰੋਂ ਬੌਣਾ ਬਣਾ ਦਿੱਤਾ ਹੈ।*

(*Punjab Journal of Sikh Studies Volume-I* 129)

ਆਧੁਨਿਕ ਮਨੁੱਖ ਅੱਗੇ ਨਿਕਲਣ ਦੀ ਅਜਿਹੀ ਦੌੜ ਵਿੱਚ ਉਲਝ ਕੇ ਨੈਤਿਕ ਅਤੇ ਸਦਾਚਾਰ ਦੀ ਕਿਤਾਬ ਨੂੰ ਭੁੱਲ ਗਿਆ ਹੈ ਅਤੇ ਦੋਗਲੀ ਜ਼ਿੰਦਗੀ ਬਸਰ ਕਰ ਰਿਹਾ ਹੈ। ਮਨੁੱਖੀ ਜ਼ਿਹਨ ਮਾਨਸਿਕ ਤਣਾਓ ਵਿੱਚੋਂ ਹਰ ਪਲ ਗੁਜ਼ਰ ਰਿਹਾ ਹੈ:

*ਵੱਸਦੀਆਂ ਨੇ ਹੋਰ ਮਨ ਵਿੱਚ ਸੂਰਤਾਂ*

*ਮੂਰਤਾਂ ਤੋਂ ਹੋਰ ਘਰ ਵਿੱਚ ਟੰਗੀਆਂ*

(ਸੁਰਜੀਤ ਪਾਤਰ, *ਪੱਤਝੜ ਦੀ ਪਾਜ਼ੇਬ* 10)

*ਨਹੀਂ ਮਿਲਿਆ*

*ਮੈਂ ਤੈਨੂੰ*

*ਉਵੇਂ*

*ਜਿਵੇਂ ਅਕਸਰ ਮਿਲ਼ਦੇ ਨੇ*

*ਲੋਕ ਇੱਕ ਦੂਜੇ ਨੂੰ*

(ਗੁਰਪ੍ਰੀਤ ਮਾਨਸਾ, *ਸਮੇਂ ਦਾ ਦਰਿਆ* 51)

ਸਮਕਾਲੀ ਪੰਜਾਬੀ ਕਵਿਤਾ ਅਵਚੇਤਨ ਵਿੱਚ ਪਏ ਪੁਰਾਤਨ ਪੰਜਾਬੀ ਸੱਭਿਆਚਾਰ ਦੇ ਅੰਸ਼ਾਂ ਨੂੰ ਸਮਕਾਲੀ ਸੰਦਰਭ ਵਿੱਚ ਪ੍ਰੇਰਨਾਤਮਕ ਨਜ਼ਰੀਏ ਨਾਲ ਸਮਰਣ ਕਰਦੀ ਹੈ। ਸਮਕਾਲੀ ਪੰਜਾਬੀ ਕਵਿਤਾ ਪੁਰਾਤਨ ਸੱਭਿਆਚਾਰ ਦੀਆਂ ਜੜ੍ਹਾਂ ਤੋਂ ਸ਼ਕਤੀ ਪ੍ਰਦਾਨ ਕਰਦੀ ਹੈ। ਉਸੇ ਤਰ੍ਹਾਂ ਕਵਿਤਰੀ ਸੁਖਵਿੰਦਰ ਅੰਮ੍ਰਿਤ ਇਸਤਰੀਆਂ ਦੇ ਇਤਿਹਾਸਕ ਪਿਛੋਕੜ ਵਿੱਚ ਪ੍ਰਚੱਲਤ ਕਈ ਤਰ੍ਹਾਂ ਦੀਆਂ ਪਾਬੰਦੀਆਂ ਨੂੰ ਸਮਰਣ ਕਰਦੇ ਅਜੋਕੇ ਸੰਦਰਭ ਲਈ ਪ੍ਰੇਰਨਾਮਈ ਕਾਵਿ ਦੀ ਸਿਰਜਣਾ ਕਰਦੀ ਹੈ:

*ਮੇਰੀ ਤੱਕਣੀ ਤੇ ਪਹਿਰੇ ਬਿਠਾਏ ਗਏ*

*ਲੰਮੇ ਘੁੰਗਟ 'ਚ ਅੱਥਰੂ ਛੁਪਾਏ ਗਏ*

*ਮੇਰੇ ਪੈਰਾਂ 'ਚ ਪਾਇਲ ਦੀ ਬੇੜੀ ਰਹੀ*

*ਮੇਰੀ ਮੰਜ਼ਿਲ ਦਾ ਰਸਤਾ ਲਮੇਰਾ ਰਿਹਾ*

(*ਪੱਤਝੜ ਵਿੱਚ ਪੁੰਗਰਦੇ ਪੱਤੇ* 27)

ਉਪਰੋਕਤ ਕਾਵਿ-ਸਤਰਾਂ ਵਾਂਗ ਕਵਿਤਰ ਸੁਖਵਿੰਦਰ ਅੰਮ੍ਰਿਤ ਨੇ ਆਪਣੀ ਕਵਿਤਾ ਵਿੱਚ ਸਕਾਰਤਮਕ ਸੋਚ ਦੀ ਅਗਵਾਹੀ ਬੇਹੱਦ ਪ੍ਰੇਰਨਾਮਈ ਢੰਗ ਨਾਲ ਕੀਤੀ ਹੈ ਆਖਿਆ ਜਾ ਸਕਦਾ ਹੈ ਕਿ ਜਿਵੇਂ ਪੌਦਾ ਆਪਣੀਆਂ ਜੜ੍ਹਾਂ ਤੋਂ ਸਿੰਚਾਈ ਅਤੇ ਸ਼ਕਤੀ ਪ੍ਰਦਾਨ ਕਰਦਾ ਹੈ, ਉਵੇਂ ਹੀ ਸੁਖਵਿੰਦਰ ਅੰਮ੍ਰਿਤ ਨੇ ਆਪਣੇ ਪੁਰਾਤਨ ਸੱਭਿਆਚਾਰ ਤੋਂ ਪ੍ਰੇਰਨਾ ਲੈ ਕੇ ਸਮਕਾਲੀ ਸਮਾਜ ਅਤੇ ਸੱਭਿਆਚਾਰ ਨੂੰ ਸਮਕਾਲੀ ਕਵਿਤਾ ਦੁਆਰਾ ਸਕਾਰਤਮਕ ਸੋਚ ਪ੍ਰਦਾਨ ਕੀਤੀ ਹੈ:

*ਮੈਥੋਂ ਚਾਨਣ ਦੀ ਸੱਧਰ ਨਾ ਮਾਰੀ ਗਈ*

*ਨਾ ਹੀ ਰਾਤਾਂ ਦੀ ਵਲਗਣ ਸਹਾਰੀ ਗਈ*

*ਬਣ ਕੇ ਸੂਰਜ ਮੈਂ ਆਖਰ ਉਦੈ ਹੋ ਗਈ*

*ਹੋ ਕੇ ਹੈਰਾਨ ਤੱਕਦਾ ਚੁਫ਼ੇਰਾ ਰਿਹਾ* (27)

ਪੁਰਾਤਨ ਸਮੇਂ ਦੇ ਸਮਾਜ ਵਿੱਚਲੇ ਆਰਥਿਕ, ਰਾਜਨੀਤਿਕ, ਸੱਭਿਆਚਾਰਕ ਅਤੇ ਨੈਤਿਕ ਸੰਗਠਨਾਂ ਨੇ ਮਰਦ ਨੂੰ ਕਾਨੂੰਨ, ਸੰਸਕਾਰਾਂ, ਭਾਸ਼ਾ, ਵਿੱਦਿਆ, ਪ੍ਰੰਪਰਾ ਅਤੇ ਕਿਰਤ-ਵੰਡ ਦੇ ਅਧਿਕਾਰ ਦੇ ਕੇ ਸਮਾਜ ਅਤੇ ਸੱਭਿਆਚਾਰ ਨੂੰ ਮਰਦ ਪ੍ਰਧਾਨ ਬਣਾ ਕੇ ਔਰਤ ਉੱਪਰ ਆਪਣਾ ਸੰਪੂਰਨ ਕੰਟਰੋਲ ਸਥਾਪਿਤ ਕਰਨ ਦੇ ਸਮਰੱਥ ਬਣਾ ਦਿੱਤਾ। ਜਿਸ ਦੇ ਨਤੀਜੇ ਵੱਜੋਂ ਪਿੱਤਰਕੀ ਪ੍ਰਬੰਧ ਪਰਿਵਾਰ ਦਾ ਮੁਖੀ ਪਿਤਾ ਹੁੰਦਾ ਹੈ ਜਿਸ ਦੇ ਚਲਦੇ ਉਹ ਆਪਣੇ ਫੈਸਲੇ ਅਪਣੀ ਪਤਨੀ ਅਤੇ ਬੱਚਿਆਂ 'ਤੇ ਥੋਪਣ ਦੀ ਲਾਲਸਾ ਰੱਖਦਾ ਹੈ। ਪੰਜਾਬੀ ਸਮਾਜ ਅਤੇ ਸੱਭਿਆਚਾਰਕ ਅਮਲ ਸ਼ਕਤੀ ਵੀ ਮਰਦ ਦੀ ਸੱਤਾ ਨੂੰ ਹੋਰ ਪ੍ਰਬੱਲਤਾ ਪ੍ਰਦਾਨ ਕਰਦੀ ਹੈ ਪ੍ਰੰਤੂ ਸਮਕਾਲੀ ਪਰਿਪੇਖ ਵਿੱਚ ਇਸ ਅਵਸਥਾ ਪ੍ਰਤੀ ਪੀੜਤ ਧਿਰ ਵੀ ਨਿਸ਼ਕਿਰਿਆ ਨਹੀਂ ਰਿਹਾ ਜਿਸ ਦਾ ਮੁੱਖ ਕਾਰਨ ਹੈ ਮਨੁੱਖ ਦੀ ਅਜ਼ਾਦ ਰਹਿਣ ਦੀ ਤਾਂਘ। ਮਨੁੱਖੀ ਮਨ ਦੀਆਂ ਜਮਾਂਦਰੂ ਸਰੰਚਨਾਵਾਂ ਅਤੇ ਸੁਭਾਵਿਕ ਸਮਾਜਿਕ ਅਤੇ ਸੱਭਿਆਚਾਰਕ ਲੋੜਾਂ ਕਾਰਨ ਮਨੁੱਖ ਇੱਕ ਅਜਿਹਾ ਜੀਵ ਹੈ ਜਿਸ ਨੂੰ ਪੂਰੀ ਤਰ੍ਹਾਂ

ਨਿਯੰਤਰਣ ਅਧੀਨ ਨਹੀਂ ਰੱਖਿਆ ਜਾ ਸਕਦਾ ਅਤੇ ਨਾ ਹੀ ਮਨ ਚਾਹੇ ਤਰੀਕੇ ਨਾਲ ਹਮੇਸ਼ਾਂ ਲਈ ਬਦਲਿਆ ਜਾ ਸਕਦਾ ਹੈ। ਤਤਕਾਲੀ ਸਮਾਜਿਕ ਕਵਿਤਾ ਦਾ ਸਮਾਂ ਕਿਸੇ ਵੱਡੇ ਸੰਘਰਸ਼ ਦਾ ਦੌਰ ਨਹੀਂ ਹੈ, ਸਗੋਂ ਸੁਖ਼ਮ ਅਤੇ ਕੋਝੀਆਂ ਚਾਲਾਂ ਦਾ ਜਾਲ ਹੈ। ਅਜਿਹੇ ਵਿੱਚ ਮਨੁੱਖੀ ਸਾਂਝ ਭਾਈਵਾਲਤਾ ਨੂੰ ਠੇਸ ਪਹੁੰਚੀ ਹੈ। ਅਜਿਹੇ ਮਾਹੌਲ ਪ੍ਰਤੀ ਆਪਣੀ ਸਕਰਾਤਮਕ ਸੋਚ ਨੂੰ ਅਭਿਵਿਅਕਤ ਕਰਦੇ ਹੋਏ ਸੁਰਜੀਤ ਪਾਤਰ ਨੇ ਅਜਿਹੇ ਹਾਲਤ ਨੂੰ ਹੇਠਲੀਆਂ ਸਤਰਾਂ ਰਾਹੀਂ ਪੇਸ਼ ਕੀਤਾ ਹੈ:

*ਦੁੱਖਾਂ ਭਰਿਆ ਦਿਲ ਪੈਮਾਨਾ ਛੱਡ ਪਰੇ*

*ਕੀ ਇਹ ਹਸਤੀ ਦਾ ਮੈਖ਼ਾਨਾ ਛੱਡ ਪਰੇ*

*ਚੱਲ ਮੁੜ ਚੱਲੀਏ ਇਸ ਸਫ਼ਰ ਤੋਂ ਕੀ ਲੈਣਾ*

*ਵੀਰਾਨੇ ਅੱਗੇ ਵੀਰਾਨਾ ਛੱਡ ਪਰੇ*

*ਦੇ ਕੇ ਜਾਨ ਵੀ ਛੁੱਟ ਜਾਈਏ ਤਾਂ ਚੰਗਾ ਏ*

*ਭਰ ਦੇ ਜੀਵਨ ਦਾ ਜੁਰਮਾਨਾ ਛੱਡ ਪਰੇ*

(*ਪੱਤਝੜ ਦੀ ਪਾਜ਼ੇਬ* 41)

ਇਸ ਪ੍ਰਕਾਰ ਉਪਰੋਕਤ ਅਧਿਐਨ ਤੋਂ ਇਹ ਸਪਸ਼ਟ ਹੁੰਦਾ ਹੀ ਕਿ ਸਮਕਾਲੀ ਪੰਜਾਬੀ ਕਵਿਤਾ ਰਾਜਸੀ, ਆਰਥਿਕ, ਸਮਾਜਿਕ ਸਥਿਤੀਆਂ ਅਤੇ ਇਸ ਦੁਆਰਾ ਸਿਰਜੇ ਸੱਭਿਆਚਾਰ ਜਗਤ ਨਾਲ ਸੰਵਾਦ ਰਚਾਉਂਦੀ ਹੋਈ, ਇਸ ਜਗਤ ਵਿੱਚਲੀ ਮਨੁੱਖੀ ਸਥਿਤੀ ਦੇ ਵਿਭਿੰਨ ਪਸਾਰਾਂ ਨੂੰ ਦ੍ਰਿਸ਼ਟੀਗੋਚਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਅਜੋਕੇ ਮਨੁੱਖ ਦੇ ਸੂਖ਼ਮ ਹੁੰਗਾਰਿਆਂ ਨੂੰ ਖੁੱਲ੍ਹੇ-ਬਾਜ਼ਾਰੀ ਸੱਭਿਆਚਾਰ, ਕਦਰਾਂ-ਕੀਮਤਾਂ, ਰਿਸ਼ਤਿਆਂ ਅਤੇ ਸਮਾਜਿਕ ਚੇਤਨਾ ਦੇ ਨਵੇਂ ਪਾਸਾਰਾਂ ਦੇ ਨਕਸ਼ਾਂ ਨੂੰ ਉਘਾੜ ਰਹੀ ਹੈ। ਅਜੋਕਾ ਸੰਚਾਰ-ਤੰਤਰ 'ਵਿਸ਼ਵੀਕਰਨ ਅਤੇ ਨਿੱਜੀਕਰਨ' ਦੀ ਓਟ ਅਧੀਨ ਨਿੱਜੀ ਸੁਤੰਤਰਤਾ ਅਤੇ ਨਿਰਪੇਖ ਆਜ਼ਾਦੀ ਦੇ ਦਾਅਵੇ, ਸੱਭਿਆਚਾਰ ਨੂੰ ਵਿਸ਼ਵ-ਸੱਭਿਆਚਾਰ ਦੇ ਅਧੀਨ ਕਰ ਰਹੇ ਹਨ। ਜਿਸ ਨਾਲ ਸਮਾਜਿਕ ਵਰਜਨਾਵਾਂ, ਕਦਰਾਂ-ਕੀਮਤਾਂ ਅਤੇ ਸੁਹਜ-ਸੰਵਾਦ, ਦੇਹਾਂ ਸੰਬੰਧੀ ਵਿਚਾਰਧਾਰਾ ਜਿਹੇ ਮਨੁੱਖੀ ਬੋਧ 'ਵਿਸ਼ਵ-

ਸੱਭਿਆਚਾਰ' ਹੇਠਾਂ ਦਮ ਤੋੜ ਰਹੇ ਹਨ। ਜਿਸ ਨਾਲ ਬੋਲੀ, ਪਹਿਰਾਵਾ. ਖਾਣ-ਪੀਣ, ਰਸਮਾਂ ਆਦਿ ਆਪਣੇ ਪੰਜਾਬੀ ਵਿਰਾਸਤ ਮੁੱਲਾਂ ਨੂੰ ਤਿਆਗ ਕੇ ਵਿਦੇਸ਼ੀ ਪ੍ਰਭਾਵ ਵੱਲ ਵਧੇਰੇ ਆਕਰਸ਼ਿਤ ਹੋਏ ਹਨ। ਸਮਕਾਲੀ ਪੰਜਾਬੀ ਕਵਿਤਾ ਵਿੱਚ ਕਵੀਆਂ ਨੇ ਅਜਿਹੇ ਸੱਭਿਆਚਾਰਕ ਸਰੋਕਾਰਾਂ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ, ਜੋ ਪੰਜਾਬੀ ਸੱਭਿਆਚਾਰ ਵਿੱਚ ਵੱਡੇ ਪੱਧਰ ਤੇ ਹੋ ਰਹੇ ਫੇਰਬਦਲ ਨੂੰ ਪੇਸ਼ ਕਰਦੇ ਹਨ। ਉਪਰੋਕਤ ਕੀਤੇ ਗਏ ਸੱਭਿਆਚਾਰਕ ਸਰੋਕਾਰਾਂ ਦੇ ਅਧਿਐਨ ਰਾਹੀਂ ਇਹ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਸਮਕਾਲੀ ਮਨੁੱਖ ਕਿਵੇਂ ਦੂਜੇ ਦੇਸ਼ਾਂ ਦੀ ਸੱਭਿਅਤਾ ਨੂੰ ਆਸਾਨੀ ਨਾਲ ਕਬੂਲ ਕਰਕੇ ਆਪਣੇ ਅਮੀਰ ਸੱਭਿਆਚਾਰ ਦੀ ਵਿਰਾਸਤ ਗੁਆ ਰਿਹਾ ਹੈ, ਉਂਜ ਤਾਂ ਪੰਜਾਬੀ ਸੱਭਿਆਚਾਰ ਦਾ ਮੁਹਾਂਦਰਾ ਕਾਫ਼ੀ ਵਿਸ਼ਾਲ ਹੈ। ਇਹ ਹਰੇਕ ਪ੍ਰਭਾਵ ਨੂੰ ਆਪਣੇ ਅੰਦਰ ਸੰਮਲਿਤ ਕਰਨ ਦਾ ਮਾਦਾ ਰੱਖਦਾ ਹੈ ਪ੍ਰੰਤੂ ਸਕਾਰਾਤਮਕ ਬਦਲਾਵਾਂ ਦਾ ਹੀ ਸਵਾਗਤ ਕੀਤਾ ਜਾ ਸਕਦਾ ਹੈ। ਇਹਨਾਂ ਤੇਜ਼ੀ ਨਾਲ ਹੋ ਰਹੇ ਬਦਲਾਵਾਂ ਕਾਰਨ ਅਜੋਕੀ ਅਤੇ ਪ੍ਰਾਚੀਨ ਪੀੜ੍ਹੀ ਦੁਆਰਾ ਅਜਿਹੀਆਂ ਪ੍ਰਸਥਿਤੀਆਂ ਵਿੱਚ ਤਾਲਮੇਲ ਬਿਠਾਉਣਾ ਥੋੜ੍ਹਾ ਔਖਾ ਕੰਮ ਸਿੱਧ ਹੋਇਆ ਹੈ। ਕਵੀ ਜਸਵੰਤ ਜ਼ਫ਼ਰ, ਸੁਖਵਿੰਦਰ ਅੰਮ੍ਰਿਤ, ਸੁਰਜੀਤ ਪਾਤਰ ਗੁਰਤੇਜ ਕੋਹਾਰਵਾਲਾ ਅਤੇ ਗੁਰਪ੍ਰੀਤ ਮਾਨਸਾ ਨੇ ਅਜਿਹੀਆਂ ਸੱਭਿਆਚਾਰਕ ਪ੍ਰਸਥਿਤੀਆਂ ਨੂੰ ਆਪਣੀ ਕਵਿਤਾ ਵਿੱਚ ਪੇਸ਼ ਕਰਕੇ ਇੱਕ ਸਕਾਰਾਤਮਿਕ ਸੋਚ ਨੂੰ ਵਿਕਸਿਤ ਕਰਨ ਦਾ ਭਰਪੂਰ ਉਪਰਾਲਾ ਕੀਤਾ ਹੈ।

******

# ਅਧਿਆਇ ਤੀਜਾ

## ਸਮਕਾਲੀ ਪੰਜਾਬੀ ਕਵਿਤਾ ਦੇ ਆਰਥਿਕ ਅਤੇ ਰਾਜਨੀਤਿਕ ਸਰੋਕਾਰ

3.1 ਆਰਥਿਕ ਸਰੋਕਾਰ

3.2 ਰਾਜਨੀਤਿਕ ਸਰੋਕਾਰ

## ਅਧਿਆਇ ਤੀਜਾ

## ਸਮਕਾਲੀ ਪੰਜਾਬੀ ਕਵਿਤਾ ਦੇ ਆਰਥਿਕ ਅਤੇ ਰਾਜਨੀਤਿਕ ਸਰੋਕਾਰ

ਸੱਭਿਅਤਾ ਦੇ ਆਰੰਭ ਨਾਲ ਹੀ ਆਰਥਿਕਤਾ ਦੇ ਸੰਕਲਪ ਦਾ ਆਰੰਭ ਹੋਇਆ ਕਿਉਂਕਿ ਕਿਸੇ ਵੀ ਸੱਭਿਅਤਾ ਦੇ ਪਨਪਣ ਅਤੇ ਵਿਗਸਣ ਲਈ ਲੋੜੀਂਦੇ ਸਾਧਨਾਂ ਦਾ ਹੋਣਾ ਬਹੁਤ ਜ਼ਰੂਰੀ ਹੈ, ਜਿਨ੍ਹਾਂ ਸਾਧਨਾਂ ਦੀ ਪੂਰਤੀ ਲਈ ਸਮਾਜ ਵਿੱਚ ਵੱਖ-ਵੱਖ ਤਰ੍ਹਾਂ ਦੇ ਕਿੱਤੇ ਜਾਂ ਰੋਜ਼ਗਾਰਾਂ ਦੇ ਜ਼ਰੀਏ ਹਨ। ਜਿਨ੍ਹਾਂ ਨਾਲ ਮਨੁੱਖ ਨੂੰ ਉਤਪਾਦਨ, ਲੋੜੀਂਦੀਆਂ ਵਸਤਾਂ ਜਾਂ ਸੇਵਾਵਾਂ ਦੀ ਸੁਵਿਧਾ ਪ੍ਰਾਪਤ ਹੁੰਦੀ ਹੈ। ਜਿਉਂ-ਜਿਉਂ ਸੱਭਿਅਤਾ ਵਿਕਾਸ ਕਰਦੀ ਗਈ, ਤਿਉਂ-ਤਿਉਂ ਮਨੁੱਖੀ ਲੋੜਾਂ ਵਿੱਚ ਵੀ ਲਗਾਤਾਰ ਵਾਧਾ ਹੋਇਆ ਹੈ। ਜਿਸ ਨਾਲ ਉਪਭੋਗੀ ਜਾਂ ਖਪਤਕਾਰ ਸੱਭਿਅਤਾ ਦਾ ਨਿਰਮਾਣ ਹੋਇਆ। ਸੱਭਿਅਤਾ ਦੇ ਵਿਕਾਸ ਨਾਲ ਹੌਲੀ-ਹੌਲੀ ਸ਼ਹਿਰੀਕਰਨ, ਉਦਯੋਗੀਕਰਨ, ਮੰਡੀਕਰਨ, ਆਧੁਨੀਕੀਕਰਨ, ਵਿਸ਼ਵੀਕਰਨ, ਪੱਛਮੀਕਰਨ ਅਤੇ ਪਦਾਰਥਕ ਸਮਾਜ ਆਦਿ ਵਰਗੇ ਵੱਖ-ਵੱਖ ਸੰਕਲਪ ਸ਼ਾਮਿਲ ਹੋਏ। ਸਾਹਿਤ ਵਿੱਚ ਅਜਿਹੀ ਅਰਥ-ਵਿਵਸਥਾ ਨਾਲ ਜੁੜੇ ਸੰਕਲਪਾਂ ਦੀ ਸ਼ਾਮੂਲੀਅਤ ਹੀ ਸਾਹਿਤ ਦੇ ਆਰਥਿਕ ਸਰੋਕਾਰ ਅਖਵਾਉਂਦੇ ਹਨ। ਆਰਥਿਕਤਾ ਨੂੰ ਅਜੋਕੇ ਸਮੇਂ ਦਾ ਕੇਂਦਰ ਬਿੰਦੂ ਮੰਨਿਆ ਜਾ ਸਕਦਾ ਹੈ। ਸਮਕਾਲ ਸਮਾਜ ਦੇ ਹਰੇਕ ਖੇਤਰ ਵਿੱਚ ਪੂੰਜੀ/ਆਰਥਿਕਤਾ ਦਾ ਅਹਿਮ ਰੋਲ ਹੈ।

### 3.1 ਆਰਥਿਕ ਸਰੋਕਾਰ

ਸਮਕਾਲੀ ਪੰਜਾਬੀ ਕਵਿਤਾ ਨੇ ਜਿਥੇ ਸਮਾਜ ਵਿੱਚ ਪਸਰੀ ਹਰ ਵਿਵਸਥਾ ਨੂੰ ਸਰੋਕ੍ਰਿਤ ਕੀਤਾ ਹੈ, ਉਥੇ ਆਰਥਿਕਤਾ ਭਾਰੂ ਅਜੋਕੇ ਸਮਾਜ ਦਾ ਵੀ ਯਥਾਰਥ ਚਿਤਰਨ ਪੇਸ਼ ਕੀਤਾ ਹੈ। ਕਵੀ ਜੋ ਵੀ ਸਮਾਜ ਵਿੱਚੋਂ ਅਨੁਭਵ ਕਰਦਾ ਹੈ, ਉਸ ਨੂੰ ਆਪਣੀ ਕਾਵਿ-ਰਚਨਾ ਦੀ ਆਧਾਰ ਸਮੱਗਰੀ ਬਣਾਉਂਦਾ ਹੈ। ਸਮਾਜ ਦਾ ਚੇਤੰਨ ਅਤੇ ਸੰਵੇਦਨਸ਼ੀਲ ਪ੍ਰਾਣੀ ਹੋਣ ਕਾਰਨ ਕਵੀ ਦਾ ਇਹ ਫਰਜ਼ ਹੁੰਦਾ ਹੈ ਕਿ ਉਹ ਸਮਾਜ ਦੀ ਅਸਲੀਅਤ ਨੂੰ ਪੇਸ਼ ਕਰਦਾ ਹੋਇਆ ਸਮਾਜ ਅਤੇ ਸਾਹਿਤ ਦੋਹਾਂ ਪ੍ਰਤੀ ਵਫ਼ਾਦਾਰੀ ਨਿਭਾਏ। ਇਸੇ ਸੰਬੰਧ ਵਿੱਚ ਡਾ. ਕ੍ਰਿਸ਼ਨ ਸਿੰਘ ਦਾ ਇਹ ਕਥਨ ਧਿਆਨ ਦੇਣ ਯੋਗ ਹੈ:

*ਯਥਾਰਥਵਾਦੀ ਨੁਕਤੇ ਤੋਂ ਸਾਹਿਤਕ ਰਚਨਾ ਕੋਈ ਗੈਬੀ ਕਰਾਮਾਤੀ ਸਮਝੀ ਜਾਣ ਵਾਲੀ ਚੀਜ਼ ਨਹੀਂ, ਜੋ ਸਾਹਿਤਕਾਰ ਪੇਸ਼ ਕਰਦਾ ਹੈ, ਜਿਸ ਤਰ੍ਹਾਂ ਕਰਦਾ ਹੈ, ਦੋਹਾਂ ਦੀ ਹੀ ਵਾਸਤਵਿਕ ਪੱਧਰ 'ਤੇ ਵਿਆਖਿਆ ਕਰਕੇ ਸਮਾਜਕ ਅਸਲੀਅਤ ਨਾਲ ਮੇਲ ਕੇ ਉਸਦੇ ਸਹੀ ਜਾਂ ਗ਼ਲਤ ਹੋਣ ਦਾ ਅੰਦਾਜ਼ਾ ਲਗਾਉਣ ਇਸ ਨਜ਼ਰੀਏ ਵਾਸਤੇ ਲਾਜ਼ਮੀ ਹੈ। ਇਸਦੇ ਮੁਤਾਬਿਕ ਸਾਹਿਤ ਦਾ ਬੁਨਿਆਦੀ ਫ਼ਰਜ਼ ਸਮਾਜਕ ਅਸਲੀਅਤ ਪ੍ਰਤੀ ਵਫਾਦਾਰ ਤਸਵੀਰ, ਇਸ ਦੀ ਸਹੀ ਫਾਰਮੂਲੇਸ਼ਨ ਦੇਣਾ ਹੈ।*

(*ਸਾਹਿਤ ਦੇ ਸੋਮੇਂ* 117)

ਕਵੀ ਸਮਾਜ ਦਾ ਚੇਤੰਨ ਪ੍ਰਾਣੀ ਹੋਣ ਨਾਤੇ ਸਮਾਜਿਕ ਕੁਰੀਤੀਆਂ, ਰਾਜਨੀਤਿਕ-ਭ੍ਰਿਸ਼ਟਾਚਾਰ ਦੇ ਨਾਲ-ਨਾਲ ਆਰਥਿਕ ਅਸਮਾਨਤਾ ਦੇ ਯਥਾਰਥ ਨੂੰ ਵੀ ਬਾਖ਼ੂਬੀ ਚਿਤਰਦਾ ਹੈ। ਇੱਕ ਚੇਤੰਨ ਕਵੀ ਸਮਾਜ ਦੇ ਵਰਤਮਾਨ ਦਾ ਚਿਤਰਣ ਤਾਂ ਕਰਦਾ ਹੀ ਹੈ। ਇਸ ਦੇ ਨਾਲ ਹੀ ਸਮਾਜ ਦੇ ਅਤੀਤ ਨਾਲ ਸਾਂਝ ਪਾਉਂਦਾ ਹੋਇਆ ਭਵਿੱਖ ਬਾਰੇ ਵੀ ਸੇਧ ਦਿੰਦਾ ਹੈ। ਜਿਸ ਦੀ ਉੱਤਮ ਉਦਾਹਰਨ ਵੱਜੋਂ ਕਵੀ ਜਸਵੰਤ ਜ਼ਫ਼ਰ ਦੀਆਂ ਕਾਵਿ-ਸਤਰਾਂ ਨੂੰ ਦੇਖਿਆ ਜਾ ਸਕਦਾ ਹੈ:

*ਹਿੰਮਤ ਹਾਰਿਓ ਨਾ, ਜੇਕਰ ਜਿੱਤਣਾ ਏ*

*ਹੁੰਦੀ ਹਾਰ ਤਾਂ ਸਿਦਕ ਤੋਂ ਹਾਰਿਆਂ ਨੂੰ।*

*ਉਹ ਤਾਂ ਰੋਜ਼ ਮਾਰਦਾ, ਜਿਹੜਾ ਰਹੇ ਡਰਦਾ*

*ਇੱਕ ਵਾਰ ਤਾਂ ਆਉਂਦੀ ਹੈ ਸਾਰਿਆਂ ਨੂੰ।*

*ਸਿਰਜਣਹਾਰ ਤੇਰੇ, ਓਥੇ ਵਸਣ ਜਿਹੜੇ,*

*ਮਹਿਲਾ ਘੂਰਦੈਂ ਕਾਸਤੋਂ ਢਾਰਿਆਂ ਨੂੰ।*

(*ਦੋ ਸਾਹਾਂ ਵਿੱਚਕਾਰ* 42)

ਉਪਰੋਕਤ ਪੰਕਤੀਆਂ ਵਿੱਚ ਕਵੀ ਪੂੰਜੀਪਤੀਆਂ ਦੇ ਖ਼ਾਤਮੇ ਦੀ ਆਸ ਕਰਦਾ ਹੋਇਆ ਹਿੰਮਤ ਨਾ ਹਾਰਨ ਦੀ ਪ੍ਰੇਰਨਾ ਦਿੰਦਾ, ਸਿਦਕ ਕਾਇਮ ਰੱਖਣ ਲਈ ਆਖਦਾ ਹੈ ਕਿਉਂਕਿ ਸਿਦਕ ਦੇ ਟੁੱਟਣ ਤੋਂ ਬਿਨਾ

ਹਾਰ ਹੋਣਾ ਅਸੰਭਵ ਹੈ। ਪੂੰਜੀਪਤੀਆਂ ਦਾ ਖ਼ਾਤਮਾ ਹੋਣ ਤੋਂ ਬਾਅਦ ਹੀ ਸਮਾਜਵਾਦ ਆ ਸਕਦਾ ਹੈ। ਪੂੰਜੀਵਾਦ ਦੇ ਸਮਰਥੱਕ ਵਿਸ਼ਵ ਵਰਤਾਰੇ ਨੂੰ ਸੰਭਾਵਨਾਵਾਂ ਵਾਲਾ ਅਤੇ ਮਨੁੱਖੀ ਮੁਕਤੀ ਦਾ ਮਾਰਗ ਦੱਸਦੇ ਹਨ ਪ੍ਰੰਤੂ ਅਜਿਹਾ ਸਮੇਂ ਦੀ ਅੰਨ੍ਹੀ ਲੁੱਟ ਤੇ ਆਰਥਿਕ-ਦਬਦਬੇ ਨੂੰ ਉਚਿਤ ਠਹਿਰਾਉਣ ਲਈ ਵਿਚਾਰਧਾਰਕ ਮਖੌਟੇ ਦੇ ਸਮਾਨ ਹੈ, ਕਿਉਂਕਿ ਅਸਲ ਜ਼ਿੰਦਗੀ ਵਿੱਚ ਅਜਿਹਾ ਦੌਰ ਪ੍ਰਚੱਲਤ ਹੈ ਕਿ ਅਮੀਰ ਹੋਰ ਅਮੀਰ ਹੋ ਰਿਹਾ ਹੈ ਅਤੇ ਗ਼ਰੀਬ ਕਿਰਤੀ ਨੂੰ ਉਹਨਾਂ ਦੀ ਤੰਗੀਆਂ-ਤੁਰਸ਼ੀਆਂ ਅਤੇ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ:

*ਅੱਜ ਦਾ ਯੁੱਗ ਕਵਿਤਾ ਦਾ ਨਹੀਂ, ਵਸਤੂਆਂ ਦਾ ਯੁੱਗ ਹੈ। ਇਹ ਉਹ ਯੁੱਗ ਹੈ, ਜਿਸ ਵਿੱਚ ਪੂੰਜੀ ਸਾਡੇ ਜੀਵਨ ਦੀ ਹਰੇਕ ਨੁੱਕਰ ਵਿੱਚ ਆਣ ਵੜੀ ਹੈ। ਪੂੰਜੀ ਦੇ ਸਰਵਵਿਆਪੀਕਰਨ ਦਾ ਇਹ ਸਮਾਂ ਸਾਡੇ ਜੀਵਨ ਨਾਲ ਸੰਬੰਧਤ ਹਰੇਕ ਪਹਿਲੂ ਨੂੰ ਮੰਡੀ ਦਾ ਹਿੱਸਾ ਬਣਾ ਰਿਹਾ ਹੈ।*

(ਹਰਵਿੰਦਰ ਭੰਡਾਲ, *ਸਮਕਾਲੀ ਪੰਜਾਬੀ ਕਵਿਤਾ ਪ੍ਰਵਚਨ ਤੇ ਪ੍ਰਸ਼ਨ* 11)

ਇਸੇ ਲਈ ਪ੍ਰਸਿੱਧ ਸਮਕਾਲੀ ਪੰਜਾਬੀ ਕਵੀ 'ਸੁਰਜੀਤ ਪਾਤਰ' ਤਤਕਾਲੀ ਦੌਰ ਨੂੰ 'ਆਪਾ-ਧਾਪੀ', 'ਕਹਿਰ-ਪਹਿਰ' ਅਤੇ 'ਬਦੀਆਂ' ਦਾ ਦੌਰ ਕਹਿੰਦਾ ਹੈ। ਗ਼ਜ਼ਲ ਸੰਗ੍ਰਿਹ 'ਸੁਰਜ਼ਮੀਨ' ਦੀ ਇੱਕ ਗ਼ਜ਼ਲ ਵਿੱਚ ਉਹ ਅਜੋਕੀ ਸਾਮਰਾਜੀ ਹਨੇਰੀ ਨੂੰ ਸਭ ਨੈਤਿਕ ਸਮਾਜਿਕ ਮਰਿਆਦਾਵਾਂ ਅਤੇ ਮਨੁੱਖੀ ਦਿਲਾਂ ਵਿੱਚ ਹਲਚਲ ਮਚਾਉਣ ਵਾਲਾ ਵਰਤਾਰਾ ਕਹਿੰਦਾ ਹੈ:

*ਆਪੋ ਧਾਪੀ ਮੱਚ ਗਈ, ਛੂਠ ਬਦੀ ਖ਼ੁਦਗਰਜ਼ੀਆਂ*

*ਸਭ ਦੀ ਸਾਂਝੀ ਫੌਜ ਦਾ ਸ਼ਹਿਰ 'ਤੇ ਹੱਲਾ ਹੋ ਗਿਆ।*

*ਮੇਰੇ ਵੇਂਹਦਿਆਂ ਵੇਂਹਦਿਆਂ ਭੇਤ ਨਹੀਂ ਕਿਉਂ ਹਰ ਕੋਈ*

*ਵੱਸਦੇ ਰਸਦੇ ਸ਼ਹਿਰ ਵਿੱਚ ਕੱਲਾ ਕੱਲਾ ਹੋ ਗਿਆ*

*ਬਿਰਤੀ ਜਿਹੀ ਬਿਖੇਰਦਾ, ਲੱਗੀ ਟੇਕ ਉਖੇੜਦਾ*

*ਸੁਰਤ ਭੁਲਾਈ ਜਾਂਵਦਾ, ਅੱਖੀਂ ਘੱਟਾ ਪਾਂਵਦਾ,*

*ਕੱਪੜ-ਲੀੜ ਉਡਾਂਵਦਾ, ਝੱਖੜ ਆਇਆ ਲਾਭ ਦਾ*

*ਮੈਂ ਤਾਂ ਸਭ ਕੁਝ ਸਾਂਭਦਾ ਯਾਰੋ ਝੱਲਾ ਹੋ ਗਿਆ।*

(*ਸੁਰਜ਼ਮੀਨ* 42)

ਸਮਕਾਲੀ ਪੰਜਾਬੀ ਕਵਿਤਾ ਨੇ ਬੜੀ ਸੂਖ਼ਮਤਾ ਅਤੇ ਯਥਾਰਥਕ ਤਰੀਕੇ ਦੇ ਨਾਲ ਸਮਕਾਲੀ ਦੌਰ ਦੀਆਂ ਯਥਾਰਥਕ ਪ੍ਰਸਥਿਤੀਆਂ ਨੂੰ ਉਜਾਗਰ ਕੀਤਾ ਹੈ। ਅਜੋਕੇ ਪੂੰਜੀਵਾਦੀ, ਉੱਤਰ-ਆਧੁਨਿਕ, ਤੇਜ਼-ਤਰਾਰ ਯੁੱਗ ਨੇ ਜਿੱਥੇ ਮਨੁੱਖੀ ਜੀਵਨ ਦੀ ਉੱਨਤੀ, ਸੁੱਖ-ਸੁਵਿਧਾ ਅਤੇ ਵਿਕਾਸ ਦੇ ਅਵਸਰ ਪ੍ਰਦਾਨ ਕੀਤੇ ਹਨ, ਉੱਥੇ ਮਨੁੱਖ ਦੇ ਮਨ ਵਿੱਚ ਲਾਲਚ ਵੀ ਪੈਦਾ ਕੀਤਾ ਹੈ। ਇਸੇ ਲਾਲਚ ਕਾਰਨ ਮਨੁੱਖ ਨੂੰ ਕਈ ਮੁਸੀਬਤਾਂ ਤੇ ਦੁਸ਼ਵਾਰੀਆਂ ਜਿਵੇਂ ਭ੍ਰਿਸ਼ਟਾਚਾਰ, ਨਿੱਜੀ ਸਵਾਰਥ, ਆਰਥਿਕ-ਲੁੱਟ, ਵਰਗ-ਸੰਘਰਸ਼, ਰਿਸ਼ਵਤਖੋਰੀ, ਨੌਕਰਸ਼ਾਹੀ, ਆਦਿ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਹੈ। ਮਸ਼ੀਨੀਕਰਨ ਅਤੇ ਉਦਯੋਗੀਕਰਨ ਨੇ ਜਿੱਥੇ ਉਤਪਾਦਨ ਵਿੱਚ ਗਿਣਾਤਮਕ ਅਤੇ ਗੁਣਾਤਮਕ ਵਾਧਾ ਕੀਤਾ ਹੈ ਉਥੇ ਨਾਲ ਹੀ ਬੇਰੁਜ਼ਗਾਰੀ ਦਾ ਸਾਹਮਣਾ ਕਰਨ ਦੀ ਤ੍ਰਾਸਦੀ ਭਰੀ ਜ਼ਿੰਦਗੀ ਜਿਊਣ ਲਈ ਮਜ਼ਬੂਰ ਵੀ ਕੀਤਾ ਹੈ। ਇਸੇ ਕਾਰਨ ਹੀ ਵਰਤਮਾਨ ਸਮੇਂ ਵਿੱਚ ਆਰਥਿਕਤਾ ਨੂੰ ਅਜੋਕੇ ਗੁੰਝਲਦਾਰ ਜੀਵਨ ਦਾ ਧੁਰਾ ਆਖਿਆ ਜਾ ਸਕਦਾ ਹੈ ਅਤੇ ਸਮਕਾਲੀ ਪੰਜਾਬੀ ਕਵਿਤਾ ਨੇ ਅਜੋਕੇ ਸਮੇਂ ਦੀਆਂ ਯਥਾਰਥਕ ਪੂੰਜੀਵਾਦੀ ਪ੍ਰਸਥਿਤੀਆਂ ਨੂੰ ਬਾਖ਼ੂਬੀ ਚਿੱਤਰਿਆ ਹੈ।

**ਉਦਯੋਗਿਕ ਕ੍ਰਾਂਤੀ ਅਤੇ ਵਿਦੇਸ਼ੀ ਲੁੱਟ:**

ਆਧੁਨਿਕ, ਸੂਚਨਾ-ਕ੍ਰਾਂਤੀ ਅਤੇ ਤਕਨੀਕੀ ਵਿਕਾਸ ਦੇ ਕਾਰਨ ਉਦਯੋਗਿਕ ਕ੍ਰਾਂਤੀ ਦਾ ਦੌਰ ਆਰੰਭ ਹੋਇਆ, ਜੋ ਸਮਕਾਲੀ ਪੂੰਜੀਵਾਦੀ ਸਮਾਜ ਦਾ ਇੱਕ ਮੁੱਖ ਅੰਗ ਬਣ ਚੁੱਕਿਆ ਹੈ। ਇਤਿਹਾਸਕ ਪੱਖੋਂ ਜੇਕਰ ਪੁਰਾਤਨ ਸਮੇਂ ਦੀ ਗੱਲ ਕਰਦੇ ਹਾਂ ਤਾਂ ਉਸ ਸਮੇਂ ਵਿੱਚ ਵਰਤਮਾਨ ਸਮੇਂ ਨਾਲੋਂ ਆਰਥਿਕ ਜੀਵਨ ਸਰਲ ਸੀ ਜਿਸ ਕਾਰਨ ਆਰਥਿਕ ਸੰਕਟ ਵੀ ਘੱਟ ਸੀ। ਪੁਰਾਤਨ ਸਮੇਂ ਦੀ ਅਰਥ ਵਿਵਸਥਾ ਦਾਨੀ-ਲੋਕਾਂ, ਧਾਰਮਿਕ ਵਿਅਕਤੀਆਂ, ਦਾਨ-ਪੁੰਨ ਜਾਂ ਜਨ-ਹਿਤੈਸ਼ੀ ਸੰਸਥਾਵਾਂ ਦੁਆਰਾ ਹੀ ਚੱਲ ਰਿਹਾ ਸੀ, ਪਰੰਤੂ ਅਜੋਕੇ ਸੰਦਰਭ

ਵਿੱਚ ਵੱਡੇ ਪੈਮਾਨੇ ’ਤੇ ਵੱਖ-ਵੱਖ ਉਦਯੋਗਾਂ ਦੇ ਵਿਸਥਾਰ ਨਾਲ ਉਦਯੋਗਿਕ ਕ੍ਰਾਂਤੀ ਦਾ ਆਰੰਭ ਹੋਇਆ, ਜਿਸ ਨੇ ਮਨੁੱਖੀ ਜੀਵਨ ਦੀ ਸਰਲਤਾ ਨੂੰ ਮੁੱਢ ਤੋਂ ਖ਼ਤਮ ਕਰਕੇ ਪੂੰਜੀਵਾਦੀ ਭਾਰੂ ਸੋਚ ਨੂੰ ਲਾਗੂ ਕੀਤਾ ਹੈ, ਜੋ ਅਜੋਕੇ ਮਨੁੱਖ ਦੀ ਤ੍ਰਾਸਦਿਕ ਹੋਣੀ ਬਣ ਕੇ ਰਹਿ ਗਈ ਹੈ ਅਤੇ ਅਜਿਹੀ ਹੋਣੀ ਤੋਂ ਛੁਟਕਾਰਾ ਪਾਉਣਾ ਅਜੋਕੇ ਮਨੁੱਖ ਲਈ ਅਸੰਭਵ ਹੈ। ਇਸੇ ਸੰਦਰਭ ਵਿੱਚ ਕਵਿਤਰੀ ਸੁਖਵਿੰਦਰ ਅੰਮ੍ਰਿਤ ਆਖਦੀ ਹੈ:

*ਇਨ੍ਹਾਂ ਕੋਮਲ ਜ਼ੰਜ਼ੀਰਾਂ ਨਾਲ ਕੋਈ ਰੰਜਿਸ਼ ਨਹੀਂ ਹੁੰਦੀ*

*ਮੈਂ ਐਸੀ ਕੈਦ ਵਿੱਚ ਹਾਂ, ਮੁਕਤੀ ਦੀ ਖ਼ਾਹਿਸ਼ ਨਹੀਂ ਹੁੰਦੀ*

(*ਪੁੰਨਿਆ* 59)

ਜੇਕਰ ਉਦਯੋਗੀਕਰਨ ਦੀ ਗੱਲ ਕਰਦੇ ਹਾਂ ਤਾਂ ਆਮ ਅਰਥਾਂ ਵਿੱਚ ਉਦਯੋਗੀਕਰਨ ਤੋਂ ਭਾਵ ਹੈ ਕਿ ਵਸਤਾਂ ਵੱਡੇ ਪੈਮਾਨੇ ’ਤੇ ਬਣਾਈਆਂ ਜਾਣ ਅਤੇ ਹੱਥਾਂ ਦੀ ਥਾਂ ਮਸ਼ੀਨੀ ਸ਼ਕਤੀ ਦੀ ਵਰਤੋਂ ਕੀਤੀ ਜਾਵੇ। ਇਸ ਅਧੀਨ ਵੱਡੀਆਂ-ਵੱਡੀਆਂ ਫੈਕਟਰੀਆਂ ਵਿੱਚ ਮਸ਼ੀਨੀ ਸ਼ਕਤੀ ਦੀ ਵਰਤੋਂ ਕਰਕੇ ਉਤਪਾਦਨ ਹੋਣਾ ਆਰੰਭ ਹੋਇਆ ਅਤੇ ਮਨੁੱਖੀ ਸ਼ਕਤੀ ਦੀ ਵਰਤੋਂ ਦਾ ਰੁਝਾਨ ਘੱਟ ਗਿਆ। ਉਦਯੋਗੀਕਰਨ ਨੂੰ ਪ੍ਰਭਾਸ਼ਿਤ ਕਰਦੇ ਹੋਏ ‘ਵਿਲ ਕੇਂਟਨ’ (Will Kenton) ਦਾ ਵਿਚਾਰ ਹੈ:

*ਉਦਯੋਗੀਕਰਨ ਉਹ ਪ੍ਰਕਿਰਿਆ ਹੈ ਜਿਸ ਵਿੱਚ ਮੁੱਢਲੀ ਖੇਤੀਬਾੜੀ ਤੋਂ ਲੈ ਕੇ ਵਸਤਾਂ ਦਾ ਉਤਪਾਦ ਕਰਕੇ ਮੁਨਾਫਾ ਖੱਟਿਆ ਜਾਂਦਾ ਹੈ। ਉਦਯੋਗੀਕਰਨ ਵਿੱਚ ਹੱਥੀਂ ਕਿਰਤ ਦੀ ਬਜਾਏ ਮਸ਼ੀਨੀ ਵਰਤੋਂ ਕੀਤੀ ਜਾਂਦੀ ਹੈ*[3]

ਵਿਕਾਸ ਦੇ ਹਿੱਤ ਪੱਖੋਂ ਉਦਯੋਗੀਕਰਨ ਕੋਈ ਮਾੜੀ ਸ਼ੈਅ ਨਹੀਂ ਹੈ, ਇਸ ਨਾਲ ਉਤਪਾਦਨ ਦੀ ਮਾਤਰਾ ਅਤੇ ਉਤਪਾਦਨ ਦੀ ਗੁਣਾਤਮਕਤਾ ਵਿੱਚ ਕਈ ਦਰਜੇ ਵਾਧਾ ਹੋਇਆ ਹੈ, ਰਾਸ਼ਟਰੀ ਆਮਦਨ

---

[3] https://www.investopedia.com/terms/i/industrialization.asp

*(Industrialization is the process by which an economy is transformed from primarily agricultural to one based on the manufacturing of goods. Individual manual labor is often replaced by mechanized mass production, and craftsmen are replaced by assembly lines.)*

ਵਿੱਚ ਵਾਧਾ ਹੋਇਆ ਹੈ, ਸਮੁੱਚੀ ਸੱਭਿਅਤਾ ਨੇ ਵਿਕਾਸ ਕੀਤਾ ਹੈ ਪ੍ਰੰਤੂ ਵੰਡ ਪ੍ਰਣਾਲੀ ਵਿੱਚ ਤਰੁੱਟੀਆਂ ਹੋਣ ਕਾਰਨ ਇਸ ਦਾ ਲਾਭ ਕੇਵਲ ਪੂੰਜੀਪਤੀ ਵਿਅਕਤੀਆਂ ਤੱਕ ਹੀ ਸੀਮਤ ਰਿਹਾ, ਜਿਸ ਨੇ ਅਜੋਕੇ ਜਮਾਤੀ ਸਮਾਜ ਦੀ ਸਿਰਜਣਾ ਕੀਤੀ। ਉਦਯੋਗੀਕਰਨ ਨੇ ਪੂੰਜੀਪਤੀਆਂ ਦੀ ਪੂੰਜੀ ਵਿੱਚ ਮੁਨਾਫਾ ਕੀਤਾ ਪਰ ਘਰੇਲੂ ਅਤੇ ਲਘੂ ਉਦਯੋਗਾਂ ਦਾ ਸਫ਼ਾਇਆ ਕਰ ਦਿੱਤਾ ਜਿਸ ਸਦਕਾ ਪੁਰਾਤਨ ਪ੍ਰੰਪਰਾਗਤ ਕਿੱਤੇ ਨਾਲ ਸੰਬੰਧਿਤ ਸੰਦ ਆਦਿ ਸਿਰਫ਼ ਵਿਰਾਸਤ ਦਾ ਹਿੱਸਾ ਬਣਕੇ ਪੇਟੀਆਂ ਵਿੱਚ ਬੰਦ ਹੋ ਕੇ ਰਹਿ ਗਏ। ਇਸ ਸੰਬੰਧੀ ਕਵੀ ਗੁਰਪ੍ਰੀਤ ਲਿਖਦੇ ਹਨ:

*ਤੇਸਾ ਆਰੀ ਗੁਨੀਆਂ*

*ਰੰਦਾ ਬਰਮੀ ਨਾਲ਼ੇ ਕਮਾਨ*

*ਭਰੇ ਘਰ ਅੰਦਰ ਖੂੰਜੇ ਇੱਕ*

*ਬੰਦ ਪੇਟੀ*

*ਦਾਦੇ ਦੇ ਸੰਦ ਸਾਹ ਲੈਣ*

*ਦਾਦੇ ਵਾਂਙ* (*ਓਕ* 40)

ਉਦਯੋਗਿਕ ਕ੍ਰਾਂਤੀ ਨੇ ਜਿੱਥੇ ਉਤਪਾਦ ਵਿੱਚ ਵਡੋਤਰੀ ਕੀਤੀ ਹੈ, ਦੂਜੇ ਪਾਸੇ ਕੰਮ ਕਰਨ ਦੇ ਪਰੰਪਰਾਗਤ ਤੌਰ ਤਰੀਕਿਆਂ ਨੂੰ ਬਦਲ ਕੇ ਮਨੁੱਖ ਨੂੰ ਭਟਕਣ ਵਿੱਚ ਪਾ ਮਸ਼ੀਨੀ ਜ਼ਿੰਦਗੀ ਜਿਊਣ ਲਈ ਮਜ਼ਬੂਰ ਕਰ ਦਿੱਤਾ ਹੈ। ਸਮਕਾਲੀ ਮਨੁੱਖ ਵੱਧ ਤੋਂ ਵੱਧ ਪੂੰਜੀ ਹਾਸਿਲ ਕਰਨ ਲਈ ਆਪਣੇ ਕੰਮ ਵਿੱਚ ਇੰਨਾ ਉਲਝ ਗਿਆ ਹੈ ਕਿ ਉਸ ਦੇ ਜੀਵਨ ਵਿੱਚੋਂ ਸਬਰ, ਸੰਤੋਖ ਅਤੇ ਸਹਿਣਸ਼ੀਲਤਾ ਗਾਇਬ ਹੋ ਚੁੱਕੀ ਹੈ। ਅਜੋਕਾ ਮਨੁੱਖ ਲਾਲਚ ਵੱਸ ਵੱਧ ਤੋਂ ਵੱਧ ਮੁਨਾਫ਼ਾ ਲੈਣ ਅਤੇ ਇੱਕ ਦੂਜੇ ਤੋਂ ਅੱਗੇ ਨਿਕਲਣ ਦੀ ਦੌੜ ਵਿੱਚ ਲੱਗਕੇ ਮਸ਼ੀਨੀ ਜ਼ਿੰਦਗੀ ਹੰਢਾ ਰਿਹਾ ਹੈ। ਇਸੇ ਸੰਦਰਭ ਵਿੱਚ ਕਵੀ ਜਸਵੰਤ ਜ਼ਫ਼ਰ ਸਮਕਾਲੀ ਮਨੁੱਖ ਦੀ ਹੋਣੀ ਨੂੰ ਬਿਆਨ ਕਰਦੇ ਹੋਏ ਦੱਸਿਆ ਹੈ ਕਿ ਅੱਜ ਮਨੁੱਖ ਕੰਮ ਧੰਦਿਆਂ ਵਿੱਚ ਉਲਝ ਕੇ ਅੱਠੇ ਪਹਿਰ ਮਸ਼ੀਨ ਹੋਣ ਦਾ ਸੰਤਾਪ ਭੋਗ ਰਿਹਾ ਹੈ:

*ਬੰਦੇ ਇਸ ਸ਼ਹਿਰ ਦੇ*

*ਦੌੜਾਕ ਅੱਠੋ ਪਹਿਰ ਦੇ*

*ਧੰਦਿਆਂ ਅੰਦਰ ਪਿੜਦੇ*

*ਪਹੀਆਂ ਵਾਂਗ ਗਿੜਦੇ*

*ਇੰਜਣਾਂ ਵਾਂਗ ਤੱਪਦੇ*

*ਵਸਤਾਂ ਵਾਂਗ ਖਪਦੇ*

*ਕੁਝ ਧੂੰਆਂ ਛੱਡਦੀਆਂ ਚਿਮਨੀਆਂ ਵਾਂਗ ਗੰਦੇ*

*ਕੁਝ ਓਭੜ ਖਾਭੜ ਸੜਕਾਂ ਵਰਗੇ ਬੰਦੇ*

(*ਅਸੀਂ ਨਾਨਕ ਦੇ ਕੀ ਲਗਦੇ ਹਾਂ* 76)

ਪੂੰਜੀ ਪ੍ਰਧਾਨ ਦੇਸ਼ ਜਾਂ ਰਾਜ ਉਦਯੋਗੀਕਰਨ ਦੇ ਨਾਲ ਉਤਪਾਦ ਅਤੇ ਪੂੰਜੀ-ਸ਼ਕਤੀ ਵਿੱਚ ਹੋਰ ਵਾਧੇ ਦਾ ਮਨਸੂਬਾ ਲੈ ਕੇ ਪੱਛੜੇ ਦੇਸ਼ਾਂ ਵਿੱਚ ਆਪਣੀ ਸੱਤਾ ਤੇ ਦਬਦਬਾ ਕਾਇਮ ਕਰਨ ਅਤੇ ਪੂੰਜੀ ਨਿਰਮਾਣ ਲਈ ਬਸਤੀਵਾਦੀ ਕੂਟਨੀਤੀ ਦਾ ਇਸਤੇਮਾਲ ਕਰਦੇ ਹਨ। ਬਸਤੀਵਾਦ ਮੁਨਾਫ਼ੇ ਨਾਲ ਜੁੜੀ ਵਿਵਸਥਾ ਹੈ, ਜੋ ਨਿੱਜੀ ਸਵਾਰਥਾਂ ਉੱਪਰ ਉਸਰੀ ਹੋਈ ਹੈ। ਇਸ ਵਿੱਚ ਆਰਥਿਕ ਅਤੇ ਰਾਜਨੀਤਿਕ ਹਿੱਤ ਖਾਸ ਮਹੱਤਵ ਰੱਖਦੇ ਹਨ। ਇਸ ਅਧੀਨ ਤਾਕਤਵਰ ਧਿਰ ਸਮਾਜ ਉੱਪਰ ਆਪਣਾ ਅਧਿਕਾਰ ਜਮਾਉਣ ਅਤੇ ਇਸ ਨੂੰ ਕਾਇਮ ਰੱਖਣ ਦੇ ਉਪਰਾਲੇ ਵਜੋਂ ਆਪਣੇ ਆਪ ਨੂੰ ਉਧਾਰਕਰਤਾ ਵਜੋਂ ਪੇਸ਼ ਕਰਦੇ ਹਨ ਪਰ ਇਸ ਦੇ ਅਸਲ ਮਨੋਰਥ ਨੂੰ ਹੇਠਲੀਆਂ ਸਤਰਾਂ ਸਪਸ਼ਟ ਕਰਦੀਆਂ ਹਨ ਕਿ ਬਸਤੀਵਾਦ:

> *ਕਿਸੇ ਹੋਰ ਦੇਸ਼ ਉੱਤੇ ਪੂਰਨ ਜਾਂ ਅੰਸ਼ਿਕ ਰਾਜਨੀਤੀ ਅਧਿਕਾਰ ਪ੍ਰਾਪਤ ਕਰਨ ਦੀ ਲਾਲਸਾ ਹੇਠ ਉਥੋਂ ਦੇ ਵਸਨੀਕਾਂ ਤੇ ਕਾਬਜ਼ ਹੋਣਾ ਅਤੇ ਆਰਥਿਕ ਸ਼ੋਸ਼ਣ ਕਰਨ ਦੀ ਪ੍ਰਣਾਲੀ ਜਾਂ ਅਭਿਆਸ ਹੈ।* [4]

---

[4] https://www.lexico.com/en/definition/colonialism

*The policy or practice of acquiring full or partial political control over another country, occupying it with settlers, and exploiting it economically*.

ਇਸ ਅਧੀਨ ਬਸਤੀਵਾਦੀਆਂ ਦੁਆਰਾ, ਪਦਾਰਥਕ ਸਹੂਲਤਾਂ ਅਤੇ ਸੰਸਥਾਵਾਂ, ਢੋਆ-ਢੁਆਈ, ਦੂਰ-ਸੰਚਾਰ ਧਾਰਮਿਕ, ਵਿੱਦਿਆ, ਨਿਆਇਕ ਅਦਾਰਿਆਂ ਆਦਿ ਵਰਗੀਆਂ ਸਹੂਲਤਾਂ ਦੁਆਰਾ ਬਸਤੀਵਾਸੀਆਂ ਉੱਪਰ ਆਪਣਾ ਮੱਕੜ ਜਾਲ ਵਿਛਾਇਆ ਜਾਂਦਾ ਹੈ ਅਤੇ ਅਜਿਹੇ ਕਈ ਹੱਥਕੰਡੇ ਅਪਣਾ ਕੇ ਬਸਤੀਵਾਸੀਆਂ ਉੱਪਰ ਰਾਜਨੀਤੀ ਪ੍ਰਭੂਸੱਤਾ ਤੇ ਆਰਥਿਕ ਦਬਦਬਾ ਕਾਇਮ ਕਰਦੇ ਹਨ। ਇਸੇ ਸੰਦਰਭ ਵਿੱਚ ਸ਼ਾਇਰ ਸੁਰਜੀਤ ਪਾਤਰ ਆਮ ਪੱਛੜੇ ਵਰਗ ਦੀ ਤ੍ਰਾਸਦੀ ਨੂੰ ਬਿਆਨ ਕਰਦੇ ਹਨ ਕਿ ਉਨ੍ਹਾਂ ਦਾ ਜਿਵੇਂ ਹਰ ਦਿਵਸ ਗ੍ਰਹਿਣਿਆ ਗਿਆ ਹੋਵੇ:

*ਉਨ੍ਹਾਂ ਨੇ ਮੋਹਰ ਲਾ ਦਿੱਤੀ ਹੈ ਆਪਣੀ*
*ਤੇਰੇ ਨਿੰਬਲ ਜਿਹੇ ਆਕਾਸ਼ ਉੱਤੇ*
*ਤੇਰੀ ਹਰ ਰਾਤ ਗਿਰਵੀ ਹੋ ਗਈ ਹੈ*
*ਤੇਰਾ ਹਰ ਦਿਵਸ ਗਹਿਣੇ ਪੈ ਗਿਆ ਹੈ*
*ਉਨ੍ਹਾਂ ਦੇ ਪੌਂਡ ਤਾਂ ਜਿੰਨੇ ਵੀ ਸਨ ਪਰ*
*ਰੁਪਿਆਂ ਵਿੱਚ ਜਦੋਂ ਅਨੁਵਾਦ ਹੋਏ*
*ਉਹ ਮਹਿੰਗੇ ਨਿਕਲੇ ਚੰਨ-ਤਾਰਿਆਂ ਤੋਂ*
*ਤੇ ਸੂਰਜ ਉੱਠਦੇ ਪਲੜੇ ਤੁਲ ਗਿਆ ਹੈ*

(*ਪੱਤਝੜ ਦੀ ਪਾਜ਼ੇਬ* 34)

ਭਾਰਤ ਵਰਗੇ ਅਰਧ-ਵਿਕਸਿਤ ਪੂੰਜੀਵਾਦੀ ਮੁਲਕਾਂ ਦਾ ਵੱਡਾ ਦੁਖਾਂਤ ਇਹ ਹੈ ਕਿ ਇੱਥੋਂ ਦੇ ਲੋਕਾਂ ਦੀ ਮਾਨਸਿਕਤਾ ਦੋ-ਫਾੜ ਹੋ ਚੁੱਕੀ ਹੈ, ਜਿਸ ਦਾ ਸੰਤਾਪ ਦੇਸ਼ ਨੂੰ ਭੁਗਤਣਾ ਪੈ ਰਿਹਾ ਹੈ ਜਿਸ ਸਦਕਾ ਭਾਰਤ ਦੀ ਪੂੰਜੀਵਾਦੀ ਅਰਥ-ਵਿਵਸਥਾ ਦਾ ਸੁਭਾਵਿਕ ਇਤਿਹਾਸਕ ਵਿਕਾਸ ਦੀ ਪ੍ਰਕਿਰਿਆ ਨਹੀਂ ਹੈ। ਇਹ ਵਿਵਸਥਾ ਬਾਹਰੀ ਜਾਂ ਥੋਪੀ ਹੋਈ ਅਰਥ-ਵਿਵਸਥਾ ਹੈ, ਜੋ ਕਿ ਬ੍ਰਿਟਿਸ਼ ਬਸਤੀਵਾਦੀ ਰਾਜ ਦੀ ਸਥਾਪਨਾ

ਨਾਲ ਆਰੰਭ ਹੋਈ। ਜਿਸ ਨੇ ਪ੍ਰਚੱਲਿਤ ਪ੍ਰਾਚੀਨ ਭਾਰਤੀ ਅਰਥ-ਵਿਵਸਥਾ ਨੂੰ ਮੁੱਢ ਤੋਂ ਰੂਪਾਂਤਰਿਤ ਕਰ ਦਿੱਤਾ। ਇਸੇ ਸੰਬੰਧ ਵਿੱਚ ਡਾ. ਰਵਿੰਦਰ ਰਵੀ ਲਿਖਦੇ ਹਨ:

> *ਸਾਡੀ ਪਰੰਪਰਾਗਤ ਜਗੀਰਦਾਰੀ ਅਰਥ ਵਿਵਸਥਾ ਆਪਣੇ ਆਪ ਨਿੱਸਰ ਕੇ ਆਪਣੀ ਅਗਲੇਰੀ ਵਿਕਸਤ ਅਰਥਵਿਵਸਥਾ ਦੇ ਬੁਰਜ਼ੂਆ ਪੜਾਅ ਵਿੱਚ ਦਾਖ਼ਲ ਨਹੀਂ ਹੋਈ। ਸਗੋਂ ਬਦੇਸ਼ੀ ਸਾਮਰਾਜ ਦੇ ਇਤਿਹਾਸਕ ਦਖ਼ਲ ਨਾਲ ਇਹ ਅਰਥ ਵਿਵਸਥਾ ਇੱਕੋ ਪਲਾਂਗ ਨਾਲ ਬੜੇ ਥੋੜ੍ਹੇ ਸਮੇਂ ਵਿੱਚ ਹੀ ਗਿਆਨ, ਵਿਗਿਆਨ, ਤਕਨਾਲੋਜੀ ਅਤੇ ਵਿਕਸਿਤ ਸੱਨਅਤ ਵਾਲੀ ਪੂੰਜੀਵਾਦੀ ਅਰਥ ਵਿਵਸਥਾ ਵਿੱਚ ਦਾਖਲ ਹੋ ਗਈ।* (*ਰਵੀ ਚੇਤਨਾ* 149)

ਭਾਰਤੀ ਅਰਥ-ਵਿਵਸਥਾ ਦੇ ਅਸਹਿਜ ਰੂਪਾਂਤਰਣ ਦੀ ਵੱਡੀ ਪੁਲਾਂਗ ਨੇ ਗਿਆਨ, ਵਿਗਿਆਨ, ਸੰਚਾਰ ਤੇ ਤਕਨੀਕ ਨਾਲ ਇੱਥੋਂ ਦੇ ਸਮਾਜਿਕ, ਸੱਭਿਆਚਾਰਕ, ਰਾਜਨੀਤਿਕ ਦੇ ਨਾਲ ਆਰਥਿਕ ਪੱਖੋ ਵੀ ਇਹ ਕ੍ਰਾਂਤੀ ਦੀ ਲਹਿਰ ਪ੍ਰਚਲਿਤ ਕੀਤੀ। ਇਸੇ ਤੀਬਰ ਧਾਰਾ ਦੇ ਕਾਰਨ ਭਾਰਤੀ ਲੋਕਾਂ ਦੀ ਮਨੋ-ਸੰਰਚਨਾ 'ਤੇ ਗਹਿਰਾ ਪ੍ਰਭਾਵ ਪਿਆ, ਜਿਸ ਨਾਲ ਇੱਥੇ ਦਾ ਜਾਗੀਰਦਾਰੀ ਪ੍ਰਬੰਧ, ਸਾਮੰਤੀ ਪ੍ਰਬੰਧ ਦੇ ਨਾਲ-ਨਾਲ ਨੈਤਿਕ ਵਿਧਾਨ ਵੀ ਪ੍ਰਭਾਵਿਤ ਹੋਇਆ। ਅਗਿਆਨਤਾ ਤੇ ਪਛੜੇਪਣ ਕਾਰਨ ਪੰਜਾਬ ਦੀ ਜ਼ਰਖੇਜ਼ ਅਤੇ ਉਪਜਾਊ ਭੂਮੀ, ਕੱਚੇ ਮਾਲ ਦੇ ਭੰਡਾਰ, ਪੰਜਾਬ ਦੇ ਖਣਿਜ-ਭਰਪੂਰ ਪਾਣੀਆਂ ਦੇ ਨਾਲ ਪ੍ਰਾਪਤ ਅਮੀਰੀ ਵਿਦੇਸ਼ੀ ਪੂੰਜੀ ਪ੍ਰਭਾਵ ਹੇਠ ਗਰਕ ਗਈ, ਜਿਸ ਨੂੰ ਕਵਿਤਰੀ ਸੁਖਵਿੰਦਰ ਅਮ੍ਰਿਤ ਨੇ ਹੇਠਲੀਆਂ ਸਤਰਾਂ ਵਿੱਚ ਬਾਖ਼ੂਬੀ ਪੇਸ਼ ਕੀਤਾ ਹੈ:

> *ਇਹ ਪੰਜ ਪਾਣੀ ਅਸਾਡੀ ਤੇਹ ਨੂੰ ਮਾਏ ਰਾਸ ਨਾ ਆਏ*
> *ਨੀ ਪੀਲੇ ਪੈ ਗਏ ਮੁੱਖੜੇ ਤੇ ਸਾਡੇ ਨੈਣ ਕੁਮਲਾਏ*
> *ਇਸਤੋਂ ਪਹਿਲਾਂ ਕਿ ਸਾਡੀ ਆਸ ਨੂੰ ਹਉਕਾ ਨਿਕਲ ਜਾਏ*
> *ਤੇ ਤੇਰੇ ਦੀਦਿਆਂ ਵਿੱਚ ਸੁਪਨਿਆਂ ਦੀ ਰਾਖ ਰਹਿ ਜਾਏ*

*ਅਸੀਂ ਪਰਦੇਸ ਚੱਲੇ ਹਾਂ...*

(*ਨੀਲਿਆ ਮੋਰਾ ਵੇ...* 44)

**ਨਿੱਜੀ ਸਵਾਰਥ ਅਤੇ ਅੰਨੀ-ਆਰਥਿਕ ਦੌੜ ਦੀਆਂ ਗਤੀਵਿਧੀਆਂ:**

ਅਜੋਕੀ ਨਿੱਜਤਾ, ਸਵਾਰਥ, ਅਤੇ ਅੰਨੀ ਆਰਥਿਕ ਦੌੜ ਦੀਆਂ ਤੇਜ਼ ਗਤੀਵਿਧੀਆਂ ਦੇ ਦੌਰ ਨੇ ਪਦਾਰਥਵਾਦੀ ਸਮਾਜ ਨੂੰ ਜਨਮ ਦਿੱਤਾ ਹੈ। ਸਮਕਾਲੀ ਸਮਾਜ ਦੀਆਂ ਗਤੀਵਿਧੀਆਂ ਨੇ ਸਮਕਾਲੀ ਪੰਜਾਬੀ ਕਵਿਤਾ ਦਾ ਸਫ਼ਰ ਪਾਰਲੌਕਿਕ ਸੰਸਾਰ ਤੋਂ ਲੌਕਿਕ ਸੰਸਾਰ, ਲੌਕਿਕ ਸੰਸਾਰ ਵੱਲੋਂ ਮਨੁੱਖ ਅਤੇ ਮਨੁੱਖ ਤੋਂ ਨਿੱਜਤਾ ਵੱਲ ਲਿਆਂਦਾ ਹੈ, ਜੋ ਸਮਕਾਲੀ ਪੰਜਾਬੀ ਕਵਿਤਾ ਦੀ ਪਛਾਣ ਬਣ ਗਿਆ ਹੈ:

*ਇਹ ਵੇਲਾ*

*ਕੁਝ ਕਰਨਾ ਦਾ*

*ਜਾਂ ਮਰਨ ਦਾ ਨਹੀਂ*

*ਇਹ ਵੇਲਾ*

*ਲੜਨ ਦਾ*

*ਜਾਂ ਖੜ੍ਹਨ ਦਾ ਨਹੀਂ*

......................

*ਇਹ ਵੇਲਾ ਤਾਂ*

*ਬਾਜ਼ਾਰ 'ਚੋਂ*

*ਚੀਜਾਂ ਖ਼ਰੀਦਣ ਦਾ ਹੈ*

(ਜਸਵੰਤ ਜ਼ਫ਼ਰ, *ਅਸੀਂ ਨਾਨਕ ਦੇ ਕੀ ਲਗਦੇ ਹਾਂ* 75)

ਪੂੰਜੀਵਾਦੀ ਅਰਥ-ਵਿਵਸਥਾ ਵਿੱਚ ਮੰਡੀ-ਪ੍ਰਧਾਨਤਾ, ਪੂੰਜੀ, ਮੁਨਾਫ਼ਾ, ਉਤਪਾਦਨ ਅਤੇ ਉਪਭੋਗ ਆਦਿ ਪ੍ਰਧਾਨ ਸੁਰ ਹਨ। ਅਜਿਹੇ ਮਾਹੌਲ ਅੰਦਰ ਜਾਂ ਅਜਿਹੀ ਵਿਵਸਥਾ ਵਿੱਚ ਮਨੁੱਖ ਅਤੇ ਉਸ ਦੀ ਕਿਰਤ

ਕੇਵਲ ਵਸਤੂ ਬਣ ਕੇ ਰਹਿ ਜਾਂਦੀ ਹੈ। ਮਨੁੱਖ ਦੀ ਕਿਰਤ ਉੱਪਰ ਉਸ ਦਾ ਆਪਣਾ ਅਧਿਕਾਰ ਨਹੀਂ ਰਹਿੰਦਾ ਅਤੇ ਉਸ ਦੀ ਕਿਰਤ ਪੂੰਜੀ ਅਧੀਨ ਹੋ ਜਾਂਦੀ ਹੈ। ਸਿਰਜਣਹਾਰ ਹੱਥ ਜਾਂ ਕਿਰਤੀ ਕੇਵਲ 'ਤਨਖ਼ਾਹ-ਗਤ ਕਾਮਿਆਂ' ਵਿੱਚ ਤਬਦੀਲ ਹੋ ਕੇ ਰਹਿ ਜਾਂਦੇ ਹਨ। ਮਨੁੱਖ ਦੀ ਹੋਂਦ ਕੇਵਲ ਵਸਤਾਂ ਪੈਦਾ ਕਰਨ ਵਾਲੇ ਸੰਦ ਸਮਾਨ ਜਾਂ ਮੰਡੀ ਦੀ ਵਸਤ ਸਮਾਨ ਬਣ ਜਾਂਦੀ ਹੈ। ਕਿਰਤ ਜਾਂ ਸਿਰਜਣਾ ਉਸ ਨੂੰ ਸਰੂਰ ਨਹੀਂ ਦਿੰਦੀ, ਸੰਤੁਸ਼ਟੀ ਨਹੀਂ ਦਿੰਦੀ, ਉਸ ਨੂੰ ਉਸ ਦਾ ਹੱਕ ਨਹੀਂ ਦਿੰਦੀ, ਸਗੋਂ ਇਸ ਦੀ ਬਜਾਏ ਲੋਟੂਆਂ ਦੀਆਂ ਤਜੋਰੀਆਂ ਭਰਨ ਦਾ ਸਾਧਨ ਬਣ ਜਾਂਦੀ ਹੈ। ਇਸੇ ਕਾਰਨ ਉਹ ਸੱਚੀ ਕਿਰਤ ਅਤੇ ਸਿਰਜਣਾ ਤੋਂ ਟੁੱਟ ਜਾਂਦਾ ਹੈ। ਪੂੰਜੀ ਉਸ ਦੀ ਕਿਰਤ ਅਤੇ ਮਿਹਨਤ ਦੇ ਫਲ ਦੇ ਵਿਚਕਾਰ ਆ ਖੜ੍ਹਦੀ ਹੈ। ਇਸੇ ਸੰਦਰਭ ਵਿੱਚ ਅਮਰਜੀਤ ਸਿੰਘ ਗਰੇਵਾਲ ਦਾ ਕਥਨ ਵਿਚਾਰ ਕਰਨ ਯੋਗ ਹੈ:

> *ਲੁੱਟ, ਖਸੁੱਟ, ਅਨਿਆਂ ਅਤੇ ਵਿਤਕਰੇ ਨੂੰ ਸੰਸਥਾ-ਬੱਧ ਕਰਨ ਲਈ ਸਮਾਜ ਨੇ ਕੇਵਲ ਘਰਾਂ ਦੀ ਹੀ ਸਿਰਜਣਾ ਨਹੀਂ ਕੀਤੀ, ਮਨੁੱਖ ਦੀਆਂ ਭਾਵਨਾਵਾਂ ਦਾ ਦਮਨ ਕਰਕੇ ਉਸਨੂੰ ਬੰਦ ਦੀਵਾਰਾਂ ਅੰਦਰ ਕੈਦ ਕਰਨ ਲਈ ਕੇਵਲ ਘਰ ਹੀ ਬਹੁਤ ਨਹੀਂ ਹਨ। ਰਾਜ ਪ੍ਰਬੰਧ, ਨਿਆਂਪਾਲਿਕਾ, ਵਿਦਿਆਲੇ, ਸ਼ਹਿਰ, ਦਫ਼ਤਰ ਆਦਿ ਸਭ ਇਸੇ ਕਿਸਮ ਦੀਆਂ ਸੰਸਥਾਵਾਂ ਹਨ, ਜੋ ਮਨੁੱਖ ਨੂੰ ਮੌਜੂਦਾ ਆਰਥਿਕ ਰਾਜਨੀਤਕ ਵਿਵਸਥਾ ਵਿੱਚ ਕੰਮ ਆਉਣ ਵਾਲੇ ਪੁਰਜੇ ਵਿੱਚ ਤਬਦੀਲ ਕਰ ਦਿੰਦੀਆਂ ਹਨ।*
>
> (*ਮੁਹੱਬਤ ਦੀ ਰਾਜਨੀਤੀ* 148)

ਅਜਿਹੀ ਪਦਾਰਥਕ ਖੋਹ-ਖਿੱਚ ਅਤੇ ਲਾਲਸਾਵਾਂ ਦਾ ਭਟਕਾਇਆ ਮਨੁੱਖ ਪਦਾਰਥਾਂ ਅਤੇ ਦੌਲਤ ਦੀ ਚੂਹਾ-ਦੌੜ ਵਿੱਚ ਆਪਣਾ ਮਾਨਵੀ ਗੌਰਵ ਗੁਆ ਬੈਠਦਾ ਹੈ। ਪਦਾਰਥਕ ਅਮੀਰੀ ਦੀ ਹੋੜ ਦਾ ਸਵੈਘਾਤੀ ਅਮਲ ਮਨੁੱਖ ਨੂੰ ਭਾਵਨਾਵਾਂ ਪ੍ਰਤੀ ਵਿਹੁਣੇ ਪੱਧਰ 'ਤੇ ਲੈ ਜਾਂਦਾ ਹੈ, ਜਿਸ ਦੀ ਕੋਈ ਸੀਮਾਂ ਨਹੀਂ ਰਹਿੰਦੀ। ਸਮਕਾਲੀ ਮਨੁੱਖ ਦੀ ਹੋਣੀ ਇਹ ਹੈ ਕਿ ਉਹ ਅਜਿਹੇ ਪਦਾਰਥਕ ਜ਼ੰਜ਼ਾਲ ਵਿੱਚ ਫਸਿਆ ਹੋਇਆ ਹੈ, ਜਿਸ ਨੇ ਮਨੁੱਖ ਦੀ ਮਨੁੱਖ ਪ੍ਰਤੀ ਕੀਮਤ ਨੂੰ ਮਨਫ਼ੀ ਕਰ ਦਿੱਤਾ ਹੈ ਅਤੇ ਅਜਿਹੀ ਸਥਿਤੀ ਤੋਂ ਬਾਹਰ ਆਉਣ ਦਾ

ਅਜੋਕੇ ਮਨੁੱਖ ਕੋਲ ਫਿਲਹਾਲ ਕੋਈ ਚਾਰਾ ਨਹੀਂ ਹੈ। ਸਮਕਾਲੀ ਮਨੁੱਖ ਦੀ ਖ਼ੁਦਗਰਜ਼ੀ ਬਾਰੇ ਕਵਿਤਰੀ ਸੁਖਵਿੰਦਰ ਅੰਮ੍ਰਿਤ ਲਿਖਦੀ ਹੈ ਕਿ:

*ਜੋ ਕਿ ਐਨੇ ਖ਼ੁਦਗ਼ਰਜ਼ ਹਨ*

*ਕਿ ਜਦੋਂ ਮੈਂ ਉਨ੍ਹਾਂ ਦਾ ਆਸਰਾ ਸੀ*

*ਉਹ ਮੈਨੂੰ ਵਸਤੂ ਵਾਂਗ ਵਰਤਦੇ ਸਨ*

*ਤੇ ਹੁਣ ਜਦੋਂ ਉਹ ਮੇਰਾ ਆਸਰਾ ਹਨ*

*ਤਾਂ ਮੈਨੂੰ ਪੜਛੱਤੀ 'ਤੇ ਸਿੱਟਣਾ ਲੋਚਦੇ ਹਨ।*

(*ਧੁੱਪ ਦੀ ਚੁੰਨੀ* 27)

**ਵਰਗ ਸੰਘਰਸ਼:**

ਵਰਤਮਾਨ ਸਮੇਂ ਦਾ ਆਰਥਿਕ ਢਾਂਚਾ ਅਜਿਹਾ ਹੈ, ਜਿਸ ਨੇ ਸਮਾਜ ਨੂੰ ਆਰਥਿਕ ਪੱਖੋਂ ਮੁੱਖ ਰੂਪ ਵਿੱਚ ਦੋ ਵਰਗਾਂ ਵਿੱਚ ਵੰਡਿਆ ਹੋਇਆ ਹੈ। ਇੱਕ ਵਰਗ ਉਹ ਹੈ, ਜਿਸ ਕੋਲ ਆਪਣੀ ਸਮਰੱਥਾ ਤੋਂ ਵੀ ਵੱਧ ਪੂੰਜੀ ਹੈ ਜੋ ਆਪਣੇ ਸੁੱਖ ਸਹੂਲਤ ਲਈ ਹਰ ਸਾਧਨ ਜੁਟਾ ਸਕਦਾ ਹੈ ਅਤੇ ਦੂਜਾ ਵਰਗ ਉਹ ਹੈ ਜਿਸ ਨੂੰ ਇੱਕ ਵਕਤ ਦੀ ਰੋਟੀ ਵੀ ਨਸੀਬ ਨਹੀਂ ਹੁੰਦੀ। ਇਸੇ ਨਾ ਬਰਾਬਰੀ ਨੂੰ ਸਮਕਾਲੀ ਪੰਜਾਬੀ ਕਵੀਆਂ ਦੀਆਂ ਕਾਵਿ-ਰਚਨਾਵਾਂ ਵਿੱਚੋਂ ਬਾਖ਼ੂਬੀ ਦੇਖਿਆ ਜਾ ਸਕਦਾ ਹੈ। ਸਮਕਾਲੀ ਪੰਜਾਬੀ ਕਵੀਆਂ ਨੇ ਲਿਤਾੜੇ ਵਰਗ ਦੁਆਰਾ ਹੰਢਾਏ ਅਜਿਹੇ ਕਠੋਰ ਯਥਾਰਥ ਦੇ ਅਨੁਭਵ ਦਾ ਰੂਪਾਂਤਰਣ ਇਨ੍ਹਾਂ ਸਤਰਾਂ ਵਿੱਚ ਕੀਤਾ ਹੈ ਉਦਾਹਰਨ ਵਜੋਂ ਸੁਖਵਿੰਦਰ ਅੰਮ੍ਰਿਤ ਦੀਆਂ ਕਾਵਿ ਸਤਰਾਂ ਦੇਖੀਆਂ ਜਾ ਸਕਦੀਆਂ ਹਨ:

*ਨਹੀਂ ਹੱਟਦਾ*

*ਚੁੱਲ੍ਹਿਆਂ ਦੀ ਅੱਗ ਨਾਲ*

*ਭੁੱਖ ਦਾ ਕਾਂਬਾ*

*ਨਹੀਂ ਮਿਟਦਾ*

*ਆਲੇ ਵਿੱਚ ਜਗਦੀ ਜੋਤ ਨਾਲ*

*ਗੁਰਬਤ ਦਾ ਹਨੇਰ* (17)

*ਫਸਲਾਂ ਉਦਾਸ ਹੋਈਆਂ, ਬੂਟੇ ਉਦਾਸ ਹੋਏ*

*ਤਕ ਚਿਰ ਦੇ ਪਿਆਸਿਆਂ ਨੂੰ ਪਾਣੀ ਬਹੁਤ ਹੀ ਰੋਏ*

*ਸੋਚਣ ਕਣਕ ਦੇ ਦਾਣੇ, ਸੋਚਣ ਇਹ ਫਲ ਤੇ ਮੇਵੇ*

*ਇਹ ਕੌਣ ਹੈ ਜੋ ਸਾਨੂੰ ਉਸ ਥਾਂ ਨਾ ਜਾਣ ਦੇਵੇ*

*ਮਾਵਾਂ ਦੇ ਲਾਲ ਜਿਸ ਥਾਂ*

*ਇੱਕ ਟੁੱਕ ਦੇ ਬਾਝ ਮੋਏ*

(ਸੁਰਜੀਤ ਪਾਤਰ, *ਲਫ਼ਜ਼ਾਂ ਦੀ ਦਰਗਾਹ* 43)

ਸਮਕਾਲੀ ਪੰਜਾਬੀ ਕਵਿਤਾ ਉਸ ਆਮ ਆਦਮੀ ਦੇ ਹੱਕ ਵਿੱਚ ਅਗਵਾਈ ਦਿੰਦੀ ਹੈ, ਜਿਸ ਨੂੰ ਸਮਾਜ ਵਿੱਚ ਨਾ ਰਾਜਨੀਤਕ, ਨਾ ਸਮਾਜਿਕ ਅਤੇ ਨਾ ਹੀ ਆਰਥਿਕ ਤੌਰ ਤੇ ਬਰਾਬਰੀ ਵਾਲੇ ਹੱਕ ਪ੍ਰਾਪਤ ਹੋ ਸਕੇ। ਇਹ ਸ਼੍ਰੇਣੀ ਆਪਣੀਆਂ ਆਰਥਿਕ ਲੋੜਾਂ ਦੀ ਪੂਰਤੀ ਲਈ ਪੂਰੀ ਜੱਦੋ ਜਹਿਦ ਨਾਲ ਸੰਘਰਸ਼ਸ਼ੀਲ ਰਹਿੰਦੀ ਹੈ। ਆਰਥਿਕਤਾ ਹੀ ਹਰ ਸਮਾਜ ਦੀ ਨੀਂਹ ਹੁੰਦੀ ਹੈ, ਜਿਸ ਉੱਪਰ ਸਮਾਜ ਦਾ ਸਾਰਾ ਢਾਂਚਾ ਉਸਰਿਆ ਹੁੰਦਾ ਹੈ। ਇਸੇ ਸੰਦਰਭ ਵਿੱਚ ਸੁਰਜੀਤ ਸਿੰਘ ਭੱਟੀ ਲਿਖਦੇ ਹਨ:

*ਕਿਸੇ ਸਮਾਜ ਦੇ ਉਤਪਾਦਨ ਸੰਬੰਧਾਂ ਦਾ ਕੁੱਲ ਜੋੜ ਹੀ ਕਿਸੇ ਸਮਾਜ ਦਾ ਆਰਥਕ ਢਾਂਚਾ, ਇਹਦੀ ਨੀਂਹ ਬਣਦਾ ਹੈ। ਇਹ ਨੀਂਹ ਹੀ ਸਮਾਜ ਦਾ ਬੁਨਿਆਦੀ ਢਾਂਚਾ ਹੁੰਦੀ ਹੈ ਜਿਸ ਉੱਪਰ ਸਮਾਜ ਦਾ ਬਾਕੀ ਸਾਰਾ ਦਿਸਦਾ ਢਾਂਚਾ ਜਿਵੇਂ ਕਿ ਨੈਤਿਕਤਾ, ਰਾਜਨੀਤੀ, ਧਰਮ, ਕਲਾ ਆਦਿ ਉਸਰਿਆ ਹੁੰਦਾ ਹੈ। ਮਨੁੱਖੀ ਚੇਤਨਾ ਦੇ ਇਨ੍ਹਾਂ ਵੱਖ-ਵੱਖ ਰੂਪਾਂ ਦੇ ਸਮੁੱਚ ਨੂੰ ਹੀ ਸਮਾਜ ਦੇ ਉਸਾਰ ਜਾਂ ਉਪਰਲੀ ਬਣਤਰ ਵਜੋਂ ਗ੍ਰਹਿਣ ਕਰਦੇ ਹਨ। ਨੀਂਹ ਅਤੇ ਉਸਾਰ ਆਪਸੀ ਸੰਬੰਧ ਦਵੰਦਾਤਮਕ ਹੁੰਦੇ ਹਨ।* (*ਵਾਦ ਚਿੰਤਨ* 70)

ਪੂੰਜੀਵਾਦੀ ਅਤੇ ਉਦਯੋਗਿਕ ਕ੍ਰਾਂਤੀ ਦੇ ਇਸ ਯੁੱਗ ਦੇ ਬਾਵਜੂਦ ਆਮ ਭਾਰਤੀ ਲੋਕ, ਗਰੀਬੀ, ਬੇਰੁਜ਼ਗਾਰੀ, ਅਨਪੜ੍ਹਤਾ, ਮੰਦਹਾਲੀ, ਤ੍ਰਿਸਕਾਰ ਆਦਿ ਦੀ ਤ੍ਰਾਸਦਿਕ ਹਾਲਾਤ ਵਿੱਚ ਹਨ। ਉਦਯੋਗਿਕ ਕ੍ਰਾਂਤੀ ਦੇ ਆਉਣ ਦੇ ਬਾਵਜੂਦ ਵੀ ਸਮਾਜ ਦੀ ਨਿਮਨ ਸ਼੍ਰੇਣੀ ਅਤੇ ਮੱਧ ਸ਼੍ਰੇਣੀ ਨੇ ਲਗਾਤਾਰ ਸੰਤਾਪ ਹੰਢਾਇਆ ਹੈ ਕਿਉਂਕਿ ਆਰਥਿਕ ਢਾਂਚਾ ਹੀ ਅਜਿਹਾ ਹੈ ਜਿੱਥੇ ਮਿਹਨਤਕਸ਼ ਲੋਕਾਂ ਨੂੰ ਮਿਹਨਤ ਦਾ ਪੂਰਨ ਫ਼ਲ ਨਹੀਂ ਪ੍ਰਾਪਤ ਹੁੰਦਾ। ਅਜੋਕੇ ਸਮਾਜ ਵਿੱਚ ਆਧੁਨੀਕਰਨ, ਆਧੁਨਿਕਤਾ, ਉਦਯੋਗੀਕਰਨ, ਡਿਜੀਟਲਾਈਜ਼ੇਸ਼ਨ ਆਦਿ ਨਾਵਾਂ ਹੇਠ ਮਨੁੱਖੀ ਸ਼ਕਤੀ ਦਾ ਲਗਾਤਾਰ ਸ਼ੋਸ਼ਣ ਹੋ ਰਿਹਾ ਹੈ। ਮਿਹਨਤਕਸ਼ ਵਿਅਕਤੀ ਅਤੇ ਮਜ਼ਦੂਰ ਵਰਗ ਜਾਨ ਤੋੜ ਕੇ ਪੂਰੀ ਵਾਹ ਲਾ ਕੇ ਕੰਮ ਕਰਦੇ ਹਨ, ਜਿਸ ਦੇ ਬਾਵਜੂਦ ਉਸ ਦੀ ਜੀਵਿਕਾ ਬੜੀ ਮੁਸ਼ਕਿਲ ਨਾਲ ਚੱਲਦੀ ਹੈ ਅਤੇ ਅਜਿਹੀ ਆਰਥਿਕ ਵਿਵਸਥਾ ਕੇਵਲ ਪੇਂਡੂ ਇਲਾਕਿਆਂ ਦੀ ਹੀ ਨਹੀਂ ਸਗੋਂ ਸ਼ਹਿਰੀ ਇਲਾਕੇ ਵੀ ਇਸੇ ਤਰ੍ਹਾਂ ਦੀ ਵਿਵਸਥਾ ਨਾਲ ਜੂਝ ਰਹੇ ਹਨ। ਪੰਜਾਬ ਦੀ ਮੁੱਢ ਤੋਂ ਚੱਲੀ ਆ ਰਹੀ ਅਜਿਹੀ ਨਾ ਬਰਾਬਰੀ ਦੀ ਆਰਥਿਕ ਸਥਿਤੀ ਨੂੰ ਕਵੀ ਜਸਵੰਤ ਜ਼ਫ਼ਰ ਨੇ ਹੇਠਲੀਆਂ ਕਾਵਿ ਸਤਰਾਂ ਵਿੱਚ ਸਰੋਕ੍ਰਿਤ ਕੀਤਾ ਹੈ:

*ਉਹਨਾਂ ਵੱਢ ਕੇ ਸਾਡੇ ਹੱਥ*

*ਕਰ ਕੇ ਬੋਟੀਆਂ*

*ਥਾਲੀ ਵਿੱਚ ਪਰੋਸਿਆਂ*

*ਸਾਡੇ ਸਾਹਵੇਂ ਰੱਖੀਆਂ*

*ਸ਼ੋਖ ਅਦਾਵਾਂ ਨਾਲ*

*ਅਸੀਂ ਜੈ-ਜੈ ਕਾਰ ਕਰਦੇ ਰਹੇ*

*ਟੁੰਡੀਆਂ ਬਾਹਵਾਂ ਨਾਲ।* (*ਦੋ ਸਾਹਾਂ ਵਿਚਕਾਰ* 29)

ਸਮਕਾਲੀ ਦੋ-ਫਾੜ ਪੂੰਜੀਵਾਦੀ ਵਿਵਸਥਾ ਵਿੱਚ ਪੱਛੜੇ ਵਰਗਾਂ, ਕਿਰਤੀਆਂ, ਛੋਟੇ, ਕਿਸਾਨਾਂ, ਮਜ਼ਦੂਰਾਂ ਦੀ ਜ਼ਿੰਦਗੀ ਵਿਚਲੀਆਂ ਤੰਗੀਆਂ-ਤੁਰਸ਼ੀਆਂ ਦੁੱਖ, ਮਜ਼ਬੂਰੀਆਂ ਅਤੇ ਨਿਰਾਸ਼ਾਵਾਂ ਨੂੰ ਸਮਕਾਲੀ

ਪੰਜਾਬੀ ਕਵੀਆਂ ਨੇ ਆਪਣੀਆਂ ਕਾਵਿ-ਰਚਨਾਵਾਂ ਵਿੱਚ ਬਹੁਤ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ। ਸਮਕਾਲੀ ਪੰਜਾਬੀ ਕਵਿਤਾ ਅਸਾਵੀਂ ਅਤੇ ਅਸੁਰੱਖਿਅਤ ਆਰਥਿਕ ਪ੍ਰਣਾਲੀ ਵਿੱਚ ਵਿਚਰਦੇ ਪਛੜੇ ਵਰਗ ਦੇ ਜੀਵਨ ਨੂੰ ਵਿਭਿੰਨ ਅਨੁਭਵਾਂ ਰਾਹੀਂ ਰੂਪਮਾਨ ਕਰਦੀ ਹੈ ਕਿ ਗ਼ਰੀਬ ਅਤੇ ਬੇਸਹਾਰਾ ਵਰਗ ਐਨਾ ਜ਼ਿਆਦਾ ਟੁੱਟ ਚੁੱਕਾ ਹੈ ਕਿ ਉਸ ਨੂੰ ਆਪਣੇ ਇੱਕ ਵਕਤ ਦੀ ਰੋਟੀ ਤੋਂ ਇਲਾਵਾ ਬਾਕੀ ਸਾਰੇ ਦੁਨਿਆਵੀ ਸਰੋਕਾਰ ਵਿਅਰਥ ਜਾਪਦੇ ਹਨ। ਜਿਸ ਦਾ ਸਪਸ਼ਟ ਬਿੰਬ ਕਵੀ ਗੁਰਪ੍ਰੀਤ ਦੀਆਂ ਇਹਨਾਂ ਸਤਰਾਂ ਤੋਂ ਹੋ ਜਾਂਦਾ ਹੈ:

*ਮੈਂ ਉਹਨੂੰ ਆਖਦਾ*

*ਲੈ ਸੁਣ*

*ਤੇਰੇ 'ਤੇ ਲਿਖੀ ਹੈ*

*ਸਾਡੇ ਇੱਕ ਕਵੀ ਨੇ ਕਵਿਤਾ*

*ਉਹਨੂੰ ਸੁਣਿਆ*

*ਜਿਵੇਂ ਮੈਂ ਆਖਿਆ ਹੋਵੇ*

*ਲੈ ਇੱਕ ਰੋਟੀ*

*ਪਈ ਸੀ ਛਾਬੇ 'ਚ*

*ਤੇਰੇ ਕਰਮਾਂ ਦੀ*

*ਖਾ ਲੈ*

*ਤੇ ਉਹ ਉਡੀਕਣ ਲੱਗਿਆ*

*ਮੈਂ ਕਦੋਂ ਜਾਵਾਂ ਰਸੋਈ 'ਚ*

*ਤੇ ਦੇਵਾਂ ਉਹਨੂੰ ਰੋਟੀ*

*ਮੈਂ ਕਵਿਤਾ ਮੁਕਾਉਂਦਾ ਹਾਂ*

*ਤੇ ਉਹਦੇ ਖਾਣ ਲਈ ਦੋ ਰੋਟੀਆਂ*

*ਉੱਤੇ ਸਬਜ਼ੀ ਰੱਖਦਾ ਹਾਂ*

*ਆਖ਼ਰੀ ਬੁਰਕੀ ਪਾ ਮੂੰਹ 'ਚ*

*ਪਾਣੀ ਪੀਤਾ ਓਕ ਨਾਲ*

*ਤੇ ਆਖਣ ਲੱਗਿਆਂ-*

*ਮਹਾਰਾਜ! ਹੁਣ ਸੁਣਾਓ*

*ਜਿਹੜੀ ਉਦੋਂ ਕਹਿੰਦੇ ਸੀ*

*ਕਿਸੇ ਕਵੀ ਨੇ ਲਿਖੀ ਹੈ*

*ਮੇਰੇ 'ਤੇ ਕਵਿਤਾ* (*ਓਕ* 99)

ਸਮਕਾਲੀ ਵਰਗ ਸੰਘਰਸ਼ ਦੀ ਸਥਿਤੀ ਵਿੱਚ ਨਿਮਨ-ਵਰਗ ਦੇ ਪੁਰਸ਼ ਨਾਲੋਂ ਔਰਤ ਵਧੇਰੇ ਆਰਥਿਕ ਸ਼ੋਸ਼ਣ ਦਾ ਸ਼ਿਕਾਰ ਹੋਈ ਹੈ। ਸਾਹਿਤ ਸਿਰਜਣਾ ਅਨੁਸਾਰ ਔਰਤ ਦੀ ਪੇਸ਼ਕਾਰੀ ਬਹੁਪੱਖੀ ਰਹੀ ਹੈ। ਔਰਤ ਪਾਤਰ ਨੂੰ ਜ਼ਿਆਦਾਤਰ ਅਬਲਾ ਅਤੇ ਮਜ਼ਬੂਰ ਪਾਤਰ ਵਜੋਂ ਹੀ ਪੇਸ਼ ਕੀਤਾ ਗਿਆ ਹੈ ਪਰ ਸਮਕਾਲੀ ਪੰਜਾਬੀ ਕਵਿਤਾ ਵਿੱਚ ਆਰਥਿਕ ਪੱਖੋਂ ਨਿਮਨ ਵਰਗ ਦੀ ਔਰਤ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਲਾਂ, ਦੁਸ਼ਵਾਰੀਆਂ ਤੇ ਸੰਤਾਪ ਹੰਢਾਉਣੇ ਪੈਂਦੇ ਹਨ। ਸਮਕਾਲੀ ਪੰਜਾਬੀ ਕਵਿਤਾ ਨੇ ਔਰਤ ਦੀ ਤ੍ਰਾਸਦੀ ਦਾ ਯਥਾਰਥ ਚਿਤਰਨ ਪੇਸ਼ ਕੀਤਾ ਹੈ। ਅਜੋਕੀ ਔਰਤ ਜਿੱਥੇ ਮਰਦ ਨਾਲ ਮੋਢੇ ਨਾਲ ਮੋਢਾ ਜੋੜ ਕੇ ਹਰ ਖੇਤਰ ਵਿੱਚ ਪੂਰੀ ਮੁਸ਼ੱਕਤ ਅਤੇ ਮਿਹਨਤ ਨਾਲ ਕੰਮ ਕਰਦੀ ਹੈ, ਉੱਥੇ ਇਸ ਦੇ ਬਾਵਜੂਦ ਉਸ ਨੂੰ ਆਰਥਿਕ ਕਾਰਨਾਂ ਕਰਕੇ ਮਜ਼ਬੂਰੀ ਤੇ ਬੇਵੱਸੀ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਹ ਮਜ਼ਬੂਰ ਤੇ ਬੇਵੱਸ ਔਰਤ ਉਸ ਵਰਗ ਨਾਲ ਸੰਬੰਧਿਤ ਹੈ ਜਿਸ ਨੂੰ ਆਪਣੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਕਰਨ ਲਈ ਆਪਣੇ ਜਿਸਮ ਨਾਲ ਸਮਝੌਤਾ ਕਰਕੇ ਲੋਟੂਆਂ ਦੀ ਕਾਮੁਕ ਭੁੱਖ ਦੀ ਤ੍ਰਿਪਤੀ ਲਈ ਆਪਣੇ ਸਰੀਰ ਨੂੰ ਵੇਚ ਕੇ, ਔਰਤ ਜਾਤ ਲਈ ਕਲੰਕ ਬਣਨ ਦੀ ਤ੍ਰਾਸਦੀ ਨੂੰ ਹੰਡਾਉਣਾ ਪੈਂਦਾ ਹੈ। ਅਜਿਹੇ ਪ੍ਰਸੰਗ ਨੂੰ ਕਵਿਤਰੀ ਸੁਖਵਿੰਦਰ ਅੰਮ੍ਰਿਤ ਦੀ ਕਵਿਤਾ ਬਾਖ਼ੂਬੀ ਪੇਸ਼ ਕਰਦੀ ਹੈ:

*ਅਮੀਰ ਅੱਖਾਂ ਦੀ ਭੁੱਖ ਸ਼ਾਂਤ ਕਰਨ ਲਈ*

*ਸਿੱਖ ਲੈਂਦੀਆਂ ਲੱਕ ਮਟਕਾਉਣੇ, ਦਿਲ ਪਰਚਾਉਣੇ*

*ਰੰਗ-ਬਰੰਗੀਆਂ ਪੁਸ਼ਾਕਾਂ ਪਾ*

*ਕਰਦੀਆਂ ਬੈਲੇ-ਨਾਚ,*

*ਵਿਖਾਉਂਦੀਆਂ ਹੁਸਨ ਦੀ ਧਮਾਲ*

*ਚਲਾਕ ਮਗਰਮੱਛ*

*ਆਟੇ ਵਾਲੀ ਕੁੰਡੀ ਸੁੱਟ*

*ਕਰਦੇ ਮਾਸੂਮ ਮੱਛੀਆਂ ਦਾ ਸ਼ਿਕਾਰ*

*ਘੰਟਿਆਂ, ਦਿਨਾਂ, ਮਹੀਨਿਆਂ ਬੱਧੀ ਇੰਤਜ਼ਾਰ...*

*ਆਖ਼ੀਰ ਫਸਾ ਬੈਠਦੀ ਕੋਈ ਨਾਦਾਨ ਮੱਛੀ*

*ਤਿੱਖੀ ਕੁੰਡੀ ਆਪਣੇ ਸੰਘ ਵਿੱਚਕਾਰ*

*ਤਬਾਹ ਕਰ ਬੈਠਦੀ ਆਪਣਾ ਸੋਹਣਾ ਸੁਪਨ-ਸੰਸਾਰ*

*ਮੱਗਰਮੱਛ ਦਾ ਮਸੀਂ ਇੱਕ ਡੰਗ ਟੱਪਦਾ...।* (*ਚਿੜੀਆਂ* 59)

**ਭ੍ਰਿਸ਼ਟਤਾ ਭਾਰੂ ਵਿਚਾਰਧਾਰਾ**

ਸਮਕਾਲੀ ਪੰਜਾਬੀ ਕਵਿਤਾ ਨੇ ਵਿਸ਼ਵੀਕਰਨ ਦੇ ਇਸ ਵਸਤੂ/ਪਦਾਰਥਕ ਯੁੱਗ ਵਿੱਚ ਮਨੁੱਖ ਦੀਆਂ ਲੋੜਾਂ ਅਤੇ ਥੋੜਾਂ ਨੂੰ ਪੂਰਾ ਕਰਨ ਲਈ, ਉਸ ਦਾ ਆਪਣੇ ਅਸੂਲਾਂ ਤੋਂ ਹੱਟ ਕੇ, ਅਪਣਾਈ ਗਈ ਭ੍ਰਿਸ਼ਟ ਨੀਤੀ ਨੂੰ ਬਿਆਨ ਕੀਤਾ ਹੈ। ਸਮਕਾਲੀ ਮਨੁੱਖ ਆਪਣੀਆਂ ਲੋੜਾਂ ਨੂੰ ਪੂਰਾ ਕਰਨ ਲਈ ਭਟਕਣ ਵਿੱਚ ਹੈ। ਇਸ ਭਟਕਣ ਵਿੱਚੋਂ ਉਹ ਆਪਣੇ ਨੈਤਿਕ ਅਸੂਲਾਂ ਤੋਂ ਹੱਟ ਕੇ, ਰਿਸ਼ਵਤਖੋਰੀ, ਬੇਈਮਾਨੀ, ਲਾਲਚ ਆਦਿ ਵਿੱਚ ਆ ਕੇ ਭ੍ਰਿਸ਼ਟਤਾ ਦਾ ਰਾਹ ਫੜ ਲੈਂਦਾ ਹੈ। ਦੂਜੇ ਪਾਸੇ ਮਿਹਨਤਕਸ਼ ਲੋਕ ਨੈਤਿਕ ਅਤੇ ਮਾਨਵੀ ਕਦਰਾਂ ਵਿੱਚ ਰਹਿ ਕੇ, ਆਪਣਾ ਜੀਵਨ ਸਬਰ ਤੇ ਸੰਤੋਖ ਨਾਲ ਜੀਅ ਰਹੇ ਹਨ। ਇਸ ਸੰਵਾਦ ਵਿੱਚੋਂ ਹੀ ਪਾਠਕ

ਆਪਣੇ ਆਪੇ ਨੂੰ ਮਹਿਸੂਸ ਕਰਦਾ ਹੈ। ਮਹਿਸੂਸ ਕਰਨ ਨੂੰ ਹਰਵਿੰਦਰ ਭੰਡਾਲ *'ਉਪਭੋਗ ਕਰਨ ਦੀ ਵਿਰੋਧੀ ਕ੍ਰਿਆ'* ਆਖਦਾ ਹੈ। (*ਸਮਕਾਲੀ ਪੰਜਾਬੀ ਕਵਿਤਾ: ਪ੍ਰਵਚਨ ਤੇ ਪ੍ਰਸ਼ਨ* 18) ਕਵੀ ਜਸਵੰਤ ਜ਼ਫ਼ਰ ਨੇ ਆਪਣੀ ਕਵਿਤਾ ਵਿੱਚ ਅਜਿਹੀਆਂ ਦੋ ਵਿਰੋਧੀ ਵਿਚਾਰਧਾਰਾਵਾਂ ਨੂੰ ਸਨਮੁੱਖ ਕੀਤਾ ਹੈ ਜਿਨ੍ਹਾਂ ਵਿਚੋਂ ਇੱਕ ਮਿਹਨਤਕਸ਼ ਧਿਰ ਜਿਸ ਨੂੰ ਜਮ੍ਹਾਂਖੋਰੀ ਨਾਲ ਕੋਈ ਵਾਸਤਾ ਨਹੀਂ ਹੈ। ਉਹਨਾਂ ਨੂੰ ਆਪਣੀਆਂ ਬੁਨਿਆਦੀ ਲੋੜਾਂ ਲਈ ਰੋਜ਼ਾਨਾ ਸੰਘਰਸ਼ ਕਰਨਾ ਪੈਂਦਾ ਹੈ ਅਤੇ ਇਸੇ ਵਿੱਚ ਉਹ ਸਬਰ, ਸੰਤੋਖ ਅਤੇ ਮਿਹਨਤ ਦੇ ਨਾਲ ਆਪਣਾ ਗੁਜ਼ਰ-ਬਸਰ ਕਰਨਾ ਵੱਡੀ ਉਪਲਭਧੀ ਮੰਨਦੇ ਹਨ ਪ੍ਰੰਤੂ ਲੋਟੂ ਅਤੇ ਜਮ੍ਹਾਂ ਖੋਰਾਂ ਦੀਆਂ ਅਜਿਹੀਆਂ ਲਾਲਚ ਭਰੀਆਂ ਹਰਕਤਾਂ ਆਮ ਮਨੁੱਖ ਦੀ ਸਮਝ ਤੋਂ ਬਾਹਰ ਦੀਆਂ ਗੱਲਾਂ ਹਨ। ਜਿਸ ਵਿੱਚ ਉਹ ਅਰਬਾਂ ਦੇ ਹਿਸਾਬ ਨਾਲ ਜਮ੍ਹਾਂਖੋਰੀ ਕਰਦੇ ਹਨ:

*ਮੈਂ ਜੋ*

*ਕੁਝ ਪੈਸੇ ਖੁਣੋਂ*

*ਕੁਝ ਚੀਜ਼ਾਂ ਖੁਣੋਂ*

*ਹਮੇਸ਼ਾ ਤੋੜਦਾ ਹਾਂ*

*ਕਿਸੇ ਨਾ ਕਿਸੇ ਰਵੀ ਸਿੱਧੂ ਬਾਰੇ*

*ਸੋਚਦਾ*

*ਝੂਰਦਾ ਤੇ ਘੜਦਾ ਹਾਂ*

*ਕਦੇ ਸੋਚਦਾ*

*ਹਾਂ ਕਿ ਏਨੇ ਪੈਸੇ ਉਸ ਨੇ ਕੀ ਕਰਨੇ*

*ਸਨ ਦਸ ਵੀਹ ਲੱਖ ਤਾਂ ਮੰਨਿਆ*

*ਕਾਹਦੇ ਲਈ ਕੋਠੇ ਭਰਨੇ ਸਨ* (*ਇਹ ਬੰਦਾ ਹੁੰਦਾ* 27)

ਦਰਅਸਲ ਅਜੋਕੇ ਪੂੰਜੀਵਾਦੀ ਅਤੇ ਆਧੁਨਿਕ ਯੁੱਗ ਵਿੱਚ ਆਧੁਨਿਕਤਾ ਦੇ ਨਾਂ ਹੇਠ ਮਨੁੱਖੀ ਸ਼ਕਤੀ ਦਾ ਸ਼ੋਸ਼ਣ ਹੋ ਰਿਹਾ ਹੈ, ਇਸੇ ਕਾਰਨ ਹੀ ਆਧੁਨਿਕ ਯੁੱਗ ਵਿੱਚ ਵਰਗ-ਪਾੜਾ ਵੀ ਵਧਿਆ ਹੈ। ਅਮੀਰ ਲਗਾਤਾਰ ਹੋਰ ਅਮੀਰ ਹੁੰਦਾ ਜਾ ਰਿਹਾ ਹੈ ਅਤੇ ਗ਼ਰੀਬ ਵਿਅਕਤੀ ਦੀਆਂ ਮੁਸ਼ਕਲਾਂ ਦਿਨੋਂ ਦਿਨ ਵੱਧਦੀਆਂ ਜਾ ਰਹੀਆਂ ਹਨ। ਅਜਿਹੇ ਅਮੀਰ-ਗਰੀਬ ਦੇ ਵਰਗ ਪਾੜੇ ਦਾ ਮੁੱਖ ਕਾਰਨ ਉਦਯੋਗੀਕਰਨ ਅਤੇ ਮਸ਼ੀਨੀਕਰਨ ਹੈ ਜਿਸ ਨਾਲ ਆਮ ਮਨੁੱਖੀ ਸ਼ਕਤੀ ਦਾ ਲਗਾਤਾਰ ਘਾਣ ਹੋ ਰਿਹਾ ਹੈ, ਆਮ ਗਰੀਬ ਵਿਅਕਤੀ ਹੋਰ ਜ਼ਿਆਦਾ ਗ਼ਰੀਬੀ ਦੀ ਦਲਦਲ ਵਿੱਚ ਧੱਸਦਾ ਜਾ ਰਿਹਾ ਹੈ ਅਤੇ ਪੂੰਜੀਪਤੀ ਵਿਅਕਤੀ ਮਸ਼ੀਨੀਕਰਨ ਨਾਲ ਹੱਥਾਂ ਦੀ ਕਿਰਤ ਦੇ ਅਫਸਰਾਂ ਨੂੰ ਸੀਮਤ ਕਰ ਕੇ ਵੱਡੇ ਮੁਨਾਫ਼ੇ ਲੈ ਰਹੇ ਹਨ। ਮਸ਼ੀਨੀਕਰਨ ਨਾਲ ਜੀਵਨ-ਸ਼ੈਲੀ ਬੇਹੱਦ ਤੇਜ਼ ਹੋ ਗਈ ਜਿਸ ਦਾ ਮੁਕਾਬਲਾ ਆਮ ਆਦਮੀ ਚਾਹ ਕੇ ਵੀ ਨਹੀਂ ਕਰ ਸਕਦਾ। ਕਵੀ ਗੁਰਪ੍ਰੀਤ ਅਜੋਕੀ ਮਸ਼ੀਨੀ ਜਿੰਦਗੀ ਦੀ ਤੇਜ਼ ਜੀਵਨ ਸ਼ੈਲੀ ਨੂੰ ਨਿਮਨਲਿਖਤ ਸਤਰਾਂ ਵਿੱਚ ਪੇਸ਼ ਕਰਦੇ ਹਨ:

*ਪਹੀਆ ਗਿੜ੍ਹਦਾ*

*ਪਹੀਆ ਰਿੜ੍ਹਦਾ*

*ਤੁਰ ਪਿਆ ਸਫ਼ਰ 'ਤੇ ਸੰਸਾਰ* (*ਓਕ* 40)

ਭਾਰਤੀ ਸਰਕਾਰ ਦੀ ਯੋਜਨਾ ਕਮੀਸ਼ਨ '*ਪੇਂਡੂ 32 ਰੁਪਏ ਦਿਹਾੜੀ ਤੇ ਸ਼ਹਿਰੀ 47 ਰੁਪਏ ਦਿਹਾੜੀ ਤੋਂ ਘੱਟ ਕਮਾਉਂਦੇ ਹਨ, ਗਰੀਬੀ ਰੇਖਾ ਤੋਂ ਥੱਲੇ ਹਨ*' [5] ਪ੍ਰੰਤੂ ਜੇਕਰ ਦੇਸ਼ ਦੇ ਲੀਡਰਾਂ ਦੀ ਗੱਲ ਕੀਤੀ ਜਾਵੇ ਤਾਂ ਕਾਨੂੰਨ ਤੌਰ 'ਤੇ ਉਹਨਾਂ ਨੂੰ ਜੋ ਤਨਖਾਹ, ਭੱਤੇ, ਸਹੂਲਤਾਂ ਹਾਸਲ ਹਨ। ਉਨ੍ਹਾਂ ਦਾ ਆਮ ਲੋਕਾਂ ਦੇ ਖੂਨ ਪਸੀਨੇ ਦੀ ਕਮਾਈ ਦਾ ਕਿੰਨਾ ਵੱਡਾ ਹਿੱਸਾ ਖ਼ਰਚ ਹੁੰਦਾ ਹੈ, ਇਸ ਦਾ ਆਮ ਲੋਕ ਅੰਦਾਜ਼ਾ ਵੀ ਨਹੀਂ ਲਗਾ ਸਕਦੇ ਫਿਰ ਸੱਤਾ ਅਤੇ ਸ਼ਕਤੀ ਵਿੱਚ ਹੋਣ ਕਾਰਨ ਇਹ ਦੇਸ਼ ਦੀ ਨੇਤਾ ਸ਼ਾਹੀ ਤੇ ਨੌਕਰਸ਼ਾਹੀ ਕਾਨੂੰਨੀ ਕਮਾਈ ਤੋਂ ਇਲਾਵਾ ਦਲਾਲੀ, ਕਮਿਸ਼ਨਖੋਰੀ ਅਤੇ ਰਿਸ਼ਵਤਖੋਰੀ ਰਾਹੀਂ ਜੋ ਕਾਲਾ ਧਨ ਜਮ੍ਹਾਂ

[5] https://pa.wikipedia.org/wiki/%E0%A8%97%E0%A8%BC%E0%A8%B0%E0%A9%80%E0%A8%AC%E0%A9%80_%E0%A8%B0%E0%A9%87%E0%A8%96%E0%A8%BE (22/6/2019)

ਕਰਦੀ ਹੈ। ਉਸ ਦਾ ਅੰਦਾਜ਼ਾ ਲਾ ਸਕਣਾ ਤਾਂ ਇੱਕ ਆਮ ਆਦਮੀ ਲਈ ਹੋਰ ਵੀ ਮੁਸ਼ਕਿਲ ਹੋ ਜਾਂਦਾ ਹੈ। ਜੇਕਰ ਭਾਰਤੀ ਸਮਾਜ ਦੀ ਆਮ ਜਨਤਾ ਇਸ ਪ੍ਰਤੀ ਸੁਚੇਤ ਹੋ ਜਾਵੇ ਤਾਂ ਭਾਰਤੀ ਆਰਥਿਕ, ਰਾਜਨੀਤਿਕ ਦੀ ਕਰੂਪਤਾ, ਲੋਕਤੰਤਰ ਦਾ ਸੱਚ, ਸੱਤਾ ਦੇ ਨਾਮ 'ਤੇ ਅਸ਼ਲੀਲਤਾ, ਗੁੰਡਾਗਰਦੀ ਦੀ ਅਸਲੀ ਤਸਵੀਰ ਆਦਿ ਸਭ ਦੇ ਸਾਹਮਣੇ ਆ ਸਕਦੀ ਹੈ:

*ਠੱਗੀ-ਠੋਰੀ ਕਤਲ ਤੇ ਚੋਰੀ ਹੋਰ ਬਹੁਤ ਕੁਝ ਕਰਦਾ ਹੈ।*
*ਪਰ ਬੀਬਾ ਨਿਰਦੋਸ਼ਾਂ ਕਹੀਏ ਕਿਉਂਕਿ ਬੰਦਾ ਘਰ ਦਾ ਹੈ।*
*ਤੱਕ ਆਪਣਾ ਪਰਛਾਵਾਂ ਉਸ ਨੂੰ ਸ਼ਾਮੀ ਲਾਲੀ ਚੜ੍ਹਦੀ ਹੈ*
*ਸਾਨੂੰ ਤੱਕੇ ਨਕ ਮੂੰਹ ਵੱਟੇ ਖ਼ੁਦ ਸ਼ੀਸ਼ੇ ਤੋਂ ਡਰਦਾ ਹੈ।*

(ਜਸਵੰਤ ਜ਼ਫ਼ਰ, *ਦੋ ਸਾਹਾਂ ਵਿਚਕਾਰ* 58)

*ਮਾਂ ਰੋਟੀ ਤੋਂ ਮੁਨਕਰ ਹੋਈ*
*ਰੁੱਖ ਛਾਵਾਂ ਤੋਂ ਨਾਬਰ ਹੋ ਗਏ*
*ਛੱਡ ਆਲ੍ਹਣੇ ਉੱਡ ਗਏ ਪੰਛੀ*
*ਛਿੰਦੇ ਪੁੱਤ ਮੁਸਾਫ਼ਰ ਹੋ ਗਏ*
*ਕਿਸ ਨੇ ਬੀਜੀ ਕਿਸ ਨੇ ਵੱਢੀ*
*ਕਿਹੜਾ ਕਰੇ ਹਿਸਾਬ*
*ਮੇਰਾ ਕਿੱਥੇ ਗਿਆ ਪੰਜਾਬ...*

(ਸੁਖਵਿੰਦਰ ਅੰਮ੍ਰਿਤ, *ਨੀਲਿਆ ਮੋਰਾ ਵੇ...* 60)

ਵਰਤਮਾਨ ਯੁੱਗ ਵਿੱਚ ਪੰਜਾਬ ਦੇ ਅਸਾਵੇਂ ਆਰਥਿਕ ਵਿਕਾਸ ਕਾਰਨ ਅਤੇ ਭਾਰਤ ਦੀਆਂ ਲੋਟੂ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਗਰੀਬ ਜਨਤਾ ਨੂੰ ਦਰਪੇਸ਼ ਅਨੰਤ ਚੁਣੌਤੀਆਂ ਜਿਵੇਂ: ਗਰੀਬੀ, ਬੇ-ਘਰ, ਕੁਪੋਸ਼ਣ, ਆਦਿ ਨੂੰ ਸਮਕਾਲੀ ਪੰਜਾਬੀ ਕਵੀਆਂ ਨੇ ਸੂਖ਼ਮਤਾ ਨਾਲ ਰੂਪਮਾਨ ਕੀਤਾ ਹੈ ਅਤੇ

ਇਹਨਾਂ ਸਮੱਸਿਆਵਾਂ ਨੂੰ ਹੰਢਾ ਰਹੇ ਮਨੁੱਖ ਦੀ ਤ੍ਰਾਸਦਿਕ ਸਥਿਤੀ ਨੂੰ ਵੀ ਪੇਸ਼ ਕੀਤਾ ਹੈ। ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਿਤ ਪੁਸਤਕ '*ਚੋਰ, ਭ੍ਰਿਸ਼ਟ ਅਤੇ ਅੱਯਾਸ਼ ਨੇਤਾਸ਼ਾਹੀ*' ਭਾਰਤੀ ਆਮ ਜਨਤਾ ਦੀਆਂ ਸਮੱਸਿਆਵਾਂ ਬਾਰੇ ਟਿਪਣੀ ਕਰਦੇ ਲਿਖਦੇ ਹਨ:

> *ਦੇਸ਼ ਵਿੱਚ 35 ਕਰੋੜ ਆਬਾਦੀ ਰਾਤ ਨੂੰ ਭੁੱਖੀ ਸੌਂਦੀ ਹੋਵੇ, ਹਰ ਰੋਜ਼ ਨੌਂ ਹਜ਼ਾਰ ਬੱਚੇ ਭੁੱਖ ਤੇ ਕੁਪੋਸ਼ਣ ਨਾਲ ਮਰਦੇ ਹੋਣ, 18 ਕਰੋੜ ਲੋਕ ਝੁੱਗੀਆਂ ਵਿੱਚ ਰਹਿੰਦੇ ਹੋਣ, 18 ਕਰੋੜ ਲੋਕ ਫੁੱਟਪਾਥਾਂ 'ਤੇ ਸੌਂਦੇ ਹੋਣ ਅਤੇ ਲਗਭਗ 80 ਕਰੋੜ ਲੋਕ ਆਪਣੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਨਾ ਕਰ ਪਾਉਂਦੇ ਹੋਣ।* (*ਚੋਰ, ਭ੍ਰਿਸ਼ਟ ਅਤੇ ਅੱਯਾਸ਼ ਨੇਤਾਸ਼ਾਹੀ* 3)

ਇਸੇ ਸੰਦਰਭ ਵਿੱਚ ਕਵੀ ਜਸਵੰਤ ਜ਼ਫ਼ਰ ਆਮ ਸਧਾਰਨ ਵਰਗ ਦੇ ਜੀਵਨ 'ਤੇ ਉਪਰੋਕਤ ਦੁਸ਼ਵਾਰੀਆਂ ਕਾਰਨ ਪਏ ਪ੍ਰਭਾਵਾਂ ਅਤੇ ਇਹਨਾਂ ਪ੍ਰਭਾਵਾਂ ਕਾਰਨ ਪੈਦਾ ਹੋਈ ਤ੍ਰਾਸਦਿਕ ਸਥਿਤੀ ਨੂੰ ਆਪਣੀ ਕਵਿਤਾ ਵਿੱਚ ਪੇਸ਼ ਕੀਤਾ ਹੈ ਕਿ ਕਿਵੇਂ ਸਾਧਾਰਨ ਵਰਗ ਦੀਆਂ ਆਸਾਂ-ਉਮੀਦਾਂ ਨੂੰ ਹਾਲਾਤਾਂ ਦੀ ਕੌੜੀ ਜ਼ਹਿਰ ਨੇ ਖ਼ਤਮ ਕਰ ਦਿੱਤਾ:

> *ਲੁੱਟੀ ਗਈ ਹਾਸੀ, ਹੋਏ ਚਾਹ ਬਾਸੀ,*
> *ਹਾਲ ਪੁੱਛ ਕੇ ਵੇਖ ਵਿਚਾਰਿਆਂ ਨੂੰ।*
> *ਜਿੱਥੇ ਪਾਪ ਪਲਦਾ, ਤੇ ਇਖ਼ਲਾਕ ਗਲ਼ਦਾ*
> *ਭਲਾ ਫੂਕਣੈ ਉਹਨਾਂ ਚੁਬਾਰਿਆਂ ਨੂੰ।*
> *ਏਥੇ ਖ਼ੂਨ ਚਿੱਟਾ, ਏਥੇ ਜ਼ਹਿਰ ਮਿੱਠਾ,*
> *ਅੰਮ੍ਰਿਤ ਕੌੜਾ ਹੀ ਦਿਓ ਪਿਆਰਿਆਂ ਨੂੰ।*
>
> (*ਦੋ ਸਾਹਾਂ ਵਿਚਕਾਰ* 42)

ਇਸੇ ਤ੍ਰਾਸਦੀ ਵਿੱਚੋਂ ਹੀ 'ਰਵੀ ਸਿੱਧੂ' ਅਤੇ 'ਆਤੂ ਘੁਮਿਆਰ' ਦੋ ਵਿਰੋਧੀ ਪਾਤਰ ਜਨਮ ਲੈਂਦੇ ਹਨ। ਕਵੀ ਜਸਵੰਤ ਜ਼ਫਰ ਨੇ ਕਵਿਤਾ 'ਰਵੀ ਸਿੱਧੂ' ਵਿੱਚ ਮਨੁੱਖ ਦੀ ਉਪਭੋਗੀ ਵਿਚਾਰਧਾਰਾ ਨੂੰ 'ਰਵੀ

ਸਿੱਧੂ' ਦੇ ਪ੍ਰਤੀਕ ਰਾਹੀਂ ਅਫ਼ਸਰਸ਼ਾਹੀ ਅਤੇ ਭ੍ਰਿਸ਼ਟ ਅਧਿਕਾਰੀ ਵਜੋਂ ਸਿਰਜਿਆ ਹੈ, ਇਸ ਦੇ ਉਲਟ ਮਿਹਨਤਕਸ਼ ਵਿਚਾਰਧਾਰਾ ਦੇ ਲਈ 'ਆਤੂ-ਘੁਮਿਆਰ' ਨੂੰ ਸਿਰਜਿਆ ਹੈ। ਜਿਸ ਨੂੰ ਬਹੁਤੇ ਪੈਸਿਆਂ ਦਾ ਲਾਲਚ ਨਹੀਂ, ਜੋ ਦਿਨ-ਰਾਤ ਮਿਹਨਤ ਕਰਕੇ ਸਿਰਫ਼ ਦੋ ਵਕਤ ਦੀ ਰੋਟੀ ਤੱਕ ਹੀ ਮੁਹਤਾਜ ਹੈ, ਜੋ ਇਮਾਨਦਾਰੀ ਤੇ ਸਬਰ ਦੀ ਮਿਸਾਲ ਹੈ, ਜਿਸ ਦੇ ਅੰਦਰ ਕਿਸੇ ਚੀਜ਼ ਦੀ ਥੁੜ੍ਹ ਨਹੀਂ ਬਲਕਿ ਉਹ ਸਬਰ ਨਾਲ ਥੋੜ੍ਹੇ ਪੈਸਿਆਂ ਤੇ ਵਸੀਲਿਆਂ ਵਿੱਚ ਹੀ ਆਪਣੀ ਜ਼ਿੰਦਗੀ ਬਸਰ ਕਰ ਰਿਹਾ ਹੈ। ਕਵੀ ਜਸਵੰਤ ਜ਼ਫਰ ਮਨੁੱਖ ਦੇ ਲਾਲਚ, ਬੇਈਮਾਨੀ ਦੇ ਪ੍ਰਤੀਕ 'ਰਵੀ ਸਿੱਧੂ' ਦੀ ਵਿਚਾਰਧਾਰਾ ਨੂੰ ਆਤੂ ਦੀ ਇਮਾਨਦਾਰੀ, ਸਬਰ ਤੇ ਮਿਹਨਤੀ ਵਿਚਾਰਧਾਰਾ ਅੱਗੇ ਤੁੱਛ ਬਿਆਨ ਕਰਦਾ ਹੈ। ਇੱਥੇ ਉਸ ਨੂੰ ਆਪਣੇ ਅੰਦਰ 'ਰਵੀ ਸਿੱਧੂ' ਮਾਰ ਕੇ 'ਆਤੂ' ਵਿੱਚੋਂ ਹੀ ਰੱਬ ਦਿਖਾਈ ਦੇਣ ਲੱਗਦਾ ਹੈ। ਕਵੀ ਜਸਵੰਤ ਜ਼ਫਰ ਸਮਕਾਲੀ ਮਨੁੱਖ ਨੂੰ ਆਤੂ ਦੇ ਪ੍ਰਤੀਕ ਵੱਜੋਂ ਸੇਧ ਪ੍ਰਦਾਨ ਕਰਦਾ ਲਿਖਦਾ ਹੈ:

*ਆਤੂ ਰੂਹ ਦੇ ਪਾਵਨ ਚਰਨੀਂ*

*ਰੋਦੂੰ ਮਨ ਦੇ ਹੱਥ ਲਾਉਂਦਾ ਹਾਂ*

*ਮੁਰਸ਼ਦ ਮਿਲਿਆ ਜੁਗਤੀ ਪਾਈ*

*ਢਿੱਡੋਂ ਨੱਚਦਾ ਗਾਉਂਦਾ ਹਾਂ*

(*ਇਹ ਬੰਦਾ ਕੀ ਹੁੰਦਾ* 29)

ਸਮਕਾਲੀ ਪੂੰਜੀਵਾਦੀ ਦੌਰ ਵਿੱਚ ਭ੍ਰਿਸ਼ਟਤਾ ਭਾਰੂ ਵਿਚਾਰਧਾਰਾ ਏਨੀ ਭਾਰੂ ਹੈ ਕਿ ਇਸ ਨੇ ਸਮਾਜ ਦੇ ਹਰੇਕ ਖੇਤਰ ਨੂੰ ਆਪਣੇ ਅਧੀਨ ਲੈ ਪ੍ਰਭਾਵਿਤ ਕੀਤਾ ਹੈ। ਸਮਕਾਲੀ ਦੌਰ ਵਿੱਚ ਧਰਮ ਵੀ ਅਜੋਕੇ ਪੂੰਜੀਵਾਦੀ ਦੌਰ ਤੋਂ ਅਛੂਤਾ ਨਹੀਂ ਰਹਿ ਸਕਿਆ। ਧਰਮ ਦਾ ਮੌਜੂਦਾ ਮੁਹਾਂਦਰਾ ਬਾਹਰੀ ਦਿਖ ਤੋਂ ਤਾਂ 'ਲੋਕ ਮੁਕਤੀ' ਦੀ ਭਾਵਨਾ ਨਾਲ ਭਰਪੂਰ ਪ੍ਰਤੀਤ ਹੁੰਦਾ ਹੈ ਪ੍ਰੰਤੂ ਅੰਦਰੂਨੀ ਤੌਰ 'ਤੇ ਪੂੰਜੀਵਾਦੀ ਵਿਚਾਰਧਾਰਾ ਦੇ ਅਧੀਨ ਹੈ। ਇਸੇ ਸੰਦਰਭ ਵਿੱਚ ਡਾ. ਗੁਰਇਕਬਾਲ ਸਿੰਘ ਲਿਖਦੇ ਹਨ:

*ਅੱਜ ਜੋ ਧਰਮ ਦਾ ਸੰਸਥਾਗਤ ਰੂਪ ਸਾਡੇ ਸਾਹਮਣੇ ਹੈ, ਉਸ ਦਾ ਬਾਹਰੀ ਰੂਪ ਲੋਕ-ਮੁਕਤੀ ਦੀ ਭਾਵਨਾ ਨਾਲ ਭਰਪੂਰ ਦਿੱਸਦਾ ਹੈ, ਪਰ ਅੰਦਰੂਨੀ ਰੂਪ ਵਿੱਚ ਇਹ ਲੋਕ-ਵਿਰੋਧੀ ਪੈਂਤੜੇ ਦੀ ਪੈਰਵੀ ਕਰਦਾ ਹੈ। ਇਹ ਆਪਣੇ ਮਨੋਰਥ ਦੀ ਪੂਰਤੀ ਤਾਨਾਸ਼ਾਹੀ ਰੁਚੀ ਅਧੀਨ ਪ੍ਰਵਾਨ ਚੜ੍ਹਾਉਂਦਾ ਹੈ। ਇਸ ਦਾ 'ਦਿੱਖ ਮੁਹਾਂਦਰਾ' ਅਧਿਆਤਮਕ ਹੈ ਪਰ ਇਹ ਅਜੋਕੇ ਪੂੰਜੀਵਾਦੀ ਸਾਧਨਾਂ ਦੀ ਚਕਾਚੌਂਧ ਨੂੰ ਇੱਕ ਵਿਧੀ ਵਜੋਂ ਵਰਤ ਰਿਹਾ ਹੈ*

(*ਆਧੁਨਿਕ ਪੰਜਾਬੀ: ਕਵਿਤਾ ਵਿਹਾਰ ਅਤੇ ਵਿਵੇਚਨ* 139)

ਇਸੇ ਪਰਿਪੇਖ ਨੂੰ ਕਵੀ ਜਸਵੰਤ ਜ਼ਫ਼ਰ ਆਪਣੇ ਕਾਵਿ ਸੰਗ੍ਰਹਿ 'ਅਸੀਂ ਨਾਨਕ ਦੇ ਕੀ ਲੱਗਦੇ ਹਾਂ' ਦੇ ਅੰਤਰਗਤ ਧਰਮ ਵਿੱਚ ਅੰਦਰੂਨੀ ਅਤੇ ਬਾਹਰੀ ਵਰਤਾਰਿਆਂ ਨੂੰ ਉਦਾਹਰਨ ਵਜੋਂ ਪੇਸ਼ ਕਰਦਾ ਹੈ ਕਿ ਕਿਸ ਤਰ੍ਹਾਂ ਸਮਾਜ ਦੀ ਨਜ਼ਰਾਂ ਵਿੱਚ ਸ਼ਰਧਾਵਾਨ, ਗੁਰਮੁੱਖ ਬ੍ਰਿਤੀ ਵਾਲੀ ਸ਼ਖ਼ਸੀਅਤ ਨੂੰ ਗ੍ਰਹਿਣ ਕਰਦਾ ਹੈ ਪ੍ਰੰਤੂ ਆਤਮਿਕ ਤੌਰ 'ਤੇ ਪੂੰਜੀਵਾਦੀ ਸਰੋਕਾਰਾਂ ਨਾਲ ਜਕੜਿਆ ਹੋਇਆ ਹੈ। ਇਹੀ ਅਜੋਕੇ ਮਨੁੱਖ ਦੀ ਹੋਣੀ ਹੈ, ਜੋ ਅਜੋਕੇ ਪੂੰਜੀਵਾਦੀ ਸਮਾਜ ਦਾ ਸਪਸ਼ਟ ਯਥਾਰਥ ਹੈ:

*ਗੁਰੂ ਨਾਨਕ ਫਲੋਰ ਮਿੱਲ ਵਾਲਾ ਸ. ਗੁਰਮੁੱਖ ਸਿੰਘ*
*ਗੁਰੂ ਨਾਨਕ ਦਾ ਬੜਾ ਸ਼ਰਧਾਵਾਨ ਹੈ*
*ਜਿਹੜੀ ਵੱਡੀ ਕੋਠੀ 'ਤੇ ਲਿਖਿਆ ਹੋਇਆ-*
*ਗੁਰੂ ਨਾਨਕ ਬਖਸ਼ਿਸ਼*
*ਉਹ ਉਸੇ ਦਾ ਮਕਾਨ ਹੈ*
*ਗੁਰੂ ਨਾਨਕ ਫਿਲਿੰਗ ਸਟੇਸ਼ਨ ਵੀ ਉਸਦਾ ਹੈ*
*ਪੈਸੇ ਨੂੰ ਪੈਸੇ ਵਿੱਚ ਹੈ*

(ਜਸਵੰਤ ਜ਼ਫ਼ਰ, *ਅਸੀਂ ਨਾਨਕ ਦੇ ਕੀ ਲਗਦੇ ਹਾਂ* 28)

ਸਮਕਾਲੀ ਦੌਰ ਦੇ ਆਰਥਿਕ ਪ੍ਰਬੰਧ ਦੀ ਇੱਕ ਗੰਭੀਰ ਸਮੱਸਿਆ ਬੇਰੁਜ਼ਗਾਰੀ ਹੈ, ਜੋ ਇਸ ਦੌਰ ਦੀਆਂ ਜੀਵਨ ਪ੍ਰਸਥਿਤੀਆਂ ਨੂੰ ਹੋਰ ਦੁੱਖਦਾਈ ਬਣਾਉਣ ਵਿੱਚ ਵੱਡਾ ਰੋਲ ਅਦਾ ਕਰ ਰਹੀ ਹੈ। 2011 ਦੇ ਸਰਵੇ ਅਨੁਸਾਰ ਭਾਰਤ ਦਾ ਸਾਖਰਤਾ ਰੇਟ ਲੱਗਭਗ 75% ਸੀ, ਜਿਸ ਦਾ ਭਾਵ ਹੈ ਕਿ ਦੇਸ਼ ਵਿੱਚ ਯੋਗਤਾ ਦੀ ਕੋਈ ਕਮੀਂ ਨਹੀਂ ਹੈ ਪਰੰਤੂ ਇਸ ਦੇ ਬਾਵਜੂਦ ਨੌਜਵਾਨ ਵਰਗ ਨੂੰ ਯੋਗਤਾ ਦੇ ਅਨੁਕੂਲ ਕੋਈ ਢੁਕਵੀਂ ਨੌਕਰੀ ਜਾਂ ਰੁਜ਼ਗਾਰ ਪ੍ਰਾਪਤ ਨਹੀਂ ਹੁੰਦਾ। ਦੂਜੇ ਪਾਸੇ ਰਿਸ਼ਵਤ ਦੇਣ ਵਾਲੇ ਲੋਕ ਆਯੋਗ ਹੋਣ ਦੇ ਬਾਵਜੂਦ ਉੱਚੀਆਂ ਪਦਵੀਆਂ ਹਾਸਲ ਕਰ ਲੈਂਦੇ ਹਨ, ਜੋ ਦੇਸ਼ ਦੇ ਮੌਜੂਦਾ ਸਥਿਤੀ ਨੂੰ ਹੋਰ ਵੀ ਤ੍ਰਾਸਦਿਕ ਬਣਾ ਦਿੰਦੇ ਹਨ। ਬੇਰੁਜ਼ਗਾਰੀ ਅਤੇ ਰਿਸ਼ਵਤਖੋਰੀ ਆਦਿ ਵਰਗੀਆਂ ਸਮੱਸਿਆਵਾਂ ਦੀ ਤ੍ਰਾਸਦਿਕ ਵੇਦਨਾ ਸਮਕਾਲੀ ਪੰਜਾਬੀ ਕਵਿਤਾ ਵਿੱਚ ਭਰਪੂਰ ਮਾਤਰਾ ਵਿੱਚ ਦ੍ਰਿਸ਼ਟੀਗੋਚਰ ਹੁੰਦੀ ਹੈ। ਉਦਾਹਰਨ ਵਜੋਂ ਨਿਮਨ ਲਿਖਤ ਸਤਰਾਂ ਦੇਖੀਆਂ ਜਾ ਸਕਦੀਆਂ ਹਨ:

*ਜਦ ਖੇਤਾਂ ਵਿੱਚ*

*ਫ਼ਸਲਾਂ ਦੀ ਥਾਂ ਉੱਗ ਆਵੇ ਖੁਦਕੁਸ਼ੀ*

*ਮਨਾਂ ਵਿੱਚ ਡੂੰਘੀ ਲਹਿ ਜਾਵੇ*

*ਨਮੋਸ਼ੀ ਤੇ ਬੇਬਸੀ*

*ਜਦ ਜਵਾਨ ਪੁੱਤਰਾਂ ਨੂੰ*

*ਮਿਲੇ ਨਾ ਕੋਈ ਰੁਜ਼ਗਾਰ*

*ਤੇ ਕੱਲ੍ਹ ਦੀਆਂ ਜਾਈਆਂ ਨੂੰ ਆਵੇ*

*ਰੋਜ਼ ਗਿੱਠ ਗਿੱਠ ਵਾਰ*

(ਸੁਖਵਿੰਦਰ ਅੰਮ੍ਰਿਤ, *ਧੁੱਪ ਦੀ ਚੁੰਨੀ* 95)

**ਖ਼ਪਤ ਅਤੇ ਉਪਭੋਗਤਾਵਾਦ ਦੇ ਨਾਂਹ ਪੱਖੀ ਰੁਝਾਨ:**

ਵਰਤਮਾਨ ਸਮੇਂ ਨੂੰ ਵਿਸ਼ਵੀਕਰਨ, ਮੰਡੀਕਰਨ, ਉਦਾਰੀਕਰਨ, ਆਧੁਨੀਕਰਨ, ਉਦਯੋਗੀਕਰਨ ਅਤੇ ਡਿਜੀਟਲਾਈਜੇਸ਼ਨ ਆਦਿ ਜਿਹੇ ਗੁੰਝਲਦਾਰ ਵਿਸ਼ੇਸ਼ਣਾਂ ਨਾਲ ਸੰਬੋਧਿਤ ਕੀਤਾ ਜਾਂਦਾ ਹੈ ਜੋ ਲੋਟੂ ਰਾਜਨੀਤਿਵਾਨਾਂ ਅਤੇ ਲੋਟੂ ਧਿਰਾਂ ਦੀਆਂ ਸਾਜ਼ਿਸ਼ਾਂ ਦੇ ਪੈਂਤੜੇ ਹਨ। ਅਜੋਕੇ ਤੇਜ਼-ਤਰਾਰ ਵਰਤਮਾਨ ਸਮੇਂ ਨੂੰ 'ਆਧੁਨਿਕਤਾ' ਤੋਂ ਅੱਗੇ 'ਉੱਤਰ-ਆਧੁਨਿਕਤਾ' ਦਾ ਪੜਾਅ ਵੀ ਆਖਿਆ ਜਾਂਦਾ ਹੈ। ਆਮ ਲੋਕਾਈ ਦੇ ਯਥਾਰਥਕ ਹਾਲਾਤ ਨੂੰ ਬਿਆਨ ਕਰਦੇ ਹੋਏ ਸਮਕਾਲੀ ਕਵੀ ਇਸ ਦੌਰ ਦੇ ਵਿਸ਼ਵੀਕਰਨ, ਮੰਡੀਕਰਨ, ਉਦਾਰੀਕਰਨ, ਆਦਿ ਨਾਲ ਪੈਦਾ ਹੋਏ ਸਾਮਰਾਜੀ ਝੱਖੜ ਨੂੰ ਨੈਤਿਕ ਸਮਾਜਿਕ ਮਰਿਆਦਾਵਾਂ, ਕਦਰਾਂ-ਕੀਮਤਾਂ ਅਤੇ ਮਨੁੱਖੀ ਹੱਕਾਂ ਨੂੰ ਰੋਦਣ ਵਾਲਾ ਅਤੇ ਕਹਿਰ ਮਚਾਉਣ ਵਾਲੇ ਵਰਤਾਰੇ ਵਜੋਂ ਪੇਸ਼ ਕਰਦੇ ਹਨ। ਪੱਛਮੀ ਵਿਦਵਾਨ 'ਜੇਮਜ਼ ਪੈਟਰਾਸ' ਵਿਸ਼ਵੀਕਰਨ ਦੇ ਇਸ ਦੌਰ ਨੂੰ ਸਾਮਰਾਜ ਦੀ ਚੜ੍ਹਤ ਜਾਂ ਪ੍ਰਭੂਤਵ ਨੂੰ ਦਰਸਾਉਣ ਵਾਲਾ ਮਖ਼ੌਟਾ ਆਖਦੇ ਹਨ:

> *ਉਸ ਅਨੁਸਾਰ ਵਿਸ਼ਵੀਕਰਨ ਅਮਰੀਕੀ ਕਾਰਪੋਰੇਸ਼ਨਜ਼ ਦੀ ਅੰਨ੍ਹੀ ਲੁੱਟ ਅਤੇ ਆਰਥਿਕ ਦਬਦਬੇ ਨੂੰ ਉਚਿਤ ਠਹਿਰਾਉਣ ਵਾਲਾ ਵਿਚਾਰਧਾਰਕ ਮਖੌਟਾ ਹੈ।* [6]
>
> (*Globalization Unmasked* 62)

ਇਸੇ ਸੰਦਰਭ ਵਿੱਚ ਸਮਕਾਲੀ ਪੰਜਾਬੀ ਕਵੀ ਸੁਰਜੀਤ ਪਾਤਰ ਇਸ ਦੌਰ ਨੂੰ ਆਪਣੀ ਗ਼ਜ਼ਲ ਵਿੱਚ 'ਬਦੀਆਂ ਦਾ ਦੌਰ', 'ਆਪਾ-ਧਾਪੀ', 'ਕਹਿਰ ਦਾ ਸਮਾਂ' ਆਦਿ ਨਾਲ ਸੰਬੋਧਨ ਕਰਦੇ ਲਿਖਦੇ ਹਨ:

*ਆਪੋ ਧਾਪੀ ਮੱਚ ਗਈ, ਝੂਠ ਬਦੀ ਖ਼ੁਦਗਰਜ਼ੀਆਂ*
*ਸਭ ਦੀ ਸਾਂਝੀ ਫ਼ੌਜ ਦਾ ਸ਼ਹਿਰ 'ਤੇ ਹੱਲਾ ਹੋ ਗਿਆ।*

---

[6] *Globalization has become an ideological mask disguising the emerging power of U.S. corporations to exploit and enrich themselves and their chief executive officers to an unprecedented degree.*

*ਮੇਰੇ ਵੇਹਦਿਆਂ ਵੇਹਦਿਆਂ ਭੇਦ ਨਹੀਂ ਕਿਉਂ ਹਰ ਕੋਈ*

*ਵੱਸਦੇ ਰਸਦੇ ਸ਼ਹਿਰ ਵਿੱਚ ਕੱਲਾ-ਕੱਲਾ ਹੋ ਗਿਆ।*

(*ਸੁਰਜ਼ਮੀਨ* 42)

ਅਜੋਕੇ ਪੂੰਜੀਵਾਦੀ ਦੌਰ ਵਿੱਚ ਖਪਤ ਅਤੇ ਉਪਭੋਗਤਾਵਾਦ ਦੇ ਨਾਂਹ ਪੱਖੀ ਰੁਝਾਨ ਸਪਸ਼ਟ ਰੂਪ ਵਿੱਚ ਦੇਖੇ ਜਾ ਸਕਦੇ ਹਨ। ਅਜੋਕੇ ਬਾਜ਼ਾਰ ਅਤੇ ਮੁਕਾਬਲੇ ਦੇ ਦੌਰ ਵਿੱਚ ਹਰ ਕੋਈ ਇੱਕ ਦੂਜੇ ਨੂੰ ਮਿੱਧ-ਮਸਲ ਕੇ ਅੱਗੇ ਵਧਣ ਦੀ ਲੋਚ ਰਿਹਾ ਹੈ। ਲਗਾਤਾਰ ਮਾਨਵੀ ਮੁੱਲਾਂ ਦਾ ਘਾਣ ਹੋ ਰਿਹਾ ਹੈ। ਮਨੁੱਖ ਸੰਵੇਦਨਾ ਵੀਹੁਣਾ, ਪੱਥਰ ਦਿਲ ਅਤੇ ਲਾਲਸਾਵਾਂ ਵਾਲਾ ਰਾਕਸ਼ਸ ਬਣ ਗਿਆ ਹੈ। ਖਪਤ ਦੀ ਹਿੰਸਕ ਵਾਲੇ ਦੌਰ ਵਿੱਚ ਬੰਦੇ ਲਹੂ ਦੇ ਪਿਆਸੇ ਹਥਿਆਰਾਂ ਵਿੱਚ ਵੱਟ ਜਾਂਦੇ ਹਨ। ਅਜਿਹੇ ਆਪਾ ਧਾਪੀ ਅਤੇ ਕਹਿਰ ਦੇ ਦੌਰ ਵਿੱਚ ਕਵੀ ਜਸਵੰਤ ਜ਼ਫ਼ਰ ਆਪਣੀ ਕਵਿਤਾ ਵਿੱਚ ਆਖਦੇ ਹਨ ਕਿ ਅਜਿਹੇ ਦੌਰ ਵਿੱਚ ਖਾਣ ਦਾ ਅਰਥ ਖੋਹਣਾ ਹੋ ਜਾਂਦਾ ਹੈ ਤੇ ਹਾਸਿਲ ਕਰਨ ਦਾ ਅਰਥ ਹਥਿਆਉਣਾ ਹੋ ਜਾਂਦਾ ਹੈ:

*ਇੱਥੇ*

*ਖਾਣ ਦਾ ਅਰਥ ਹੈ ਖੋਹਣਾ*

*ਹਾਸਿਲ ਦਾ ਅਰਥ ਹੈ ਹਥਿਆਉਣਾ*

*ਜਿਉਣ ਦਾ ਅਰਥ ਹੈ ਮਾਰਨਾ*

*ਵੱਸਣ ਦਾ ਅਰਥ ਹੈ ਉਜਾੜਨਾ*

*ਆਪ ਉਤੇ ਜਾਣ ਲਈ*

*ਦੂਜੇ ਨੂੰ ਹੇਠ ਉਤਾਰਨਾ*

*ਆਪਣੇ ਨਿੱਘ ਲਈ ਹੋਰਾਂ ਨੂੰ ਸਾੜਨਾ*

*ਆਪਣੇ ਮੇਚ ਲਈ ਦੂਸਰੇ ਨੂੰ ਪਾੜਨਾ*

(*ਅਸੀਂ ਨਾਨਕ ਦੇ ਕੀ ਲਗਦੇ ਹਾਂ* 91)

ਪੂੰਜੀ ਅਤੇ ਵਿਗਿਆਨ ਇਸ ਦੌਰ ਵਿੱਚ ਅਹਿਮ ਸਥਾਨ ਰੱਖਦੇ ਹਨ। ਸਮਕਾਲੀ ਦੌਰ ਨੂੰ ਪੂੰਜੀ ਪ੍ਰਧਾਨਤਾ ਦਾ ਯੁੱਗ ਵੀ ਆਖਿਆ ਜਾ ਸਕਦਾ ਹੈ। ਸਮਕਾਲੀ ਦੌਰ ਦੀ ਸਭ ਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਸਮਕਾਲੀ ਮਨੁੱਖ ਪੂਰੀ ਤਰ੍ਹਾਂ ਪੂੰਜੀਵਾਦੀ ਸਮਾਜ ਦੇ ਅਧੀਨ ਹੈ। ਉਹ ਚਾਹ ਕੇ ਵੀ ਇਸ ਦੀ ਗ਼ੁਲਾਮੀ ਤੋਂ ਅਜ਼ਾਦ ਨਹੀਂ ਹੋ ਸਕਦਾ। ਅਜੋਕੇ ਮਨੁੱਖ ਦੀ ਹਰ ਲੋੜ ਦਾ ਆਧਾਰ ਪੂੰਜੀ ਹੀ ਹੈ। ਵਿਸ਼ਵੀਕਰਨ, ਬਾਜ਼ਾਰੀਕਰਨ ਅਤੇ ਮੰਡੀ ਅਜੋਕੇ ਯੁੱਗ ਦੇ ਮੁੱਖ ਸਤੰਭ ਬਣੇ ਹੋਏ ਹਨ। ਜਿਨ੍ਹਾਂ ਨੇ ਅਜੋਕੇ ਮਨੁੱਖ ਦੇ ਜੀਵਨ ਦੇ ਹਰ ਇੱਕ ਪਹਿਲੂ ਨੂੰ ਪ੍ਰਭਾਵਿਤ ਕਰ ਮਨੁੱਖ ਦੀ ਹੋਂਦ ਕੇਵਲ ਇੱਕ ਉਪਭੋਗੀ ਤੱਕ ਹੀ ਸੀਮਤ ਕਰ ਦਿੱਤੀ ਹੈ। ਡਾ. ਸੁਖਦੇਵ ਸਿੰਘ ਸਮਕਾਲੀ ਪੂੰਜੀਵਾਦੀ ਪ੍ਰਸਥਿਤੀਆਂ ਬਾਰੇ ਲਿਖਦੇ ਹਨ:

> *ਵਿਸ਼ਵੀਕਰਨ, ਉਦਾਰੀਕਰਨ, ਖੁੱਲ੍ਹੇ ਮੰਡੀ ਸੰਬੰਧ, ਬਹੁ-ਰਾਸ਼ਟਰਵਾਦੀ ਕੰਪਨੀਆਂ ਤੇ ਕਾਰਪੋਰੇਟ ਸੈਕਟਰ ਦਾ ਉਭਾਰ ਅਤੇ ਗਿਆਨ/ਸੂਚਨਾ-ਸੰਸਾਧਨਾਂ ਦਾ ਵਿਸਥਾਰ ਵਿਕਸਿਤ ਪੂੰਜੀਵਾਦੀ ਦੀਆਂ ਇਤਿਹਾਸਕ ਲੋੜਾਂ ਹਨ। ਆਪਣੇ ਸਰਮਾਏ ਅਤੇ ਮੁਨਾਫ਼ੇ ਵਿੱਚ ਵਾਧੇ ਲਈ ਮੰਡੀ ਦਾ ਵਿਸਤਾਰ ਅਤੇ ਗਰੀਬ ਮੁਲਕਾਂ ਦੀ ਖਰੀਦ ਸ਼ਕਤੀ ਵਧਾਉਣੀ ਅਜੋਕੇ ਪੜਾਅ ਦੇ ਪੂੰਜੀਵਾਦ (Late Capitalism) ਦੀ ਮਜ਼ਬੂਰੀ ਹੈ।* (*ਕਾਵਿ ਸਰੋਕਾਰ* 79)

ਵਿਸ਼ਵੀਕਰਨ ਅਤੇ ਸੰਚਾਰ ਮਾਧਿਅਮਾਂ ਨੂੰ ਢਾਲ ਬਣਾ ਸਰਮਾਏਦਾਰ ਦੇਸ਼ ਮੰਡੀ ਅਤੇ ਬਾਜ਼ਾਰੀਕਰਨ ਦੇ ਦੌਰ ਨੂੰ ਪ੍ਰਬੱਲਤਾ ਦੇ ਰਹੇ ਹਨ, ਜਿਸ ਨਾਲ ਪੂੰਜੀ ਦੇ ਅਜਿਹੇ ਵਹਾਅ ਦਾ ਉਤਪੰਨ ਹੋਇਆ ਹੈ, ਜਿਸ ਨੇ ਖਰੀਦ ਸ਼ਕਤੀ ਵਿੱਚ ਵਾਧਾ ਕੀਤਾ ਹੈ। ਇਸ ਵਾਧੇ ਨਾਲ ਪਦਾਰਥਵਾਦੀ ਯੁੱਗ ਦਾ ਆਰੰਭ ਹੋਇਆ ਅਤੇ ਜਿਸ ਨਾਲ ਗਿਆਨ ਤਕਨਾਲੋਜੀ ਦਾ ਵੀ ਪਸਾਰ ਹੋਇਆ ਹੈ, ਜਿਸ ਸਦਕਾ ਮਨੁੱਖ ਨੂੰ ਅਤਿ-ਆਧੁਨਿਕ ਤੇ ਨਵੇਕਲੀਆਂ ਸਹੂਲਤਾਂ ਅਤੇ ਸੁਵਿਧਾਵਾਂ ਪ੍ਰਾਪਤ ਹੋਈਆਂ, ਇਨ੍ਹਾਂ ਸਾਰੇ ਕਾਰਨਾਂ ਕਰਕੇ ਮਨੁੱਖ ਦੀ ਲੋਭ ਅਤੇ ਲਾਲਸਾ ਵਧੀ ਹੈ ਅਤੇ ਵੱਡੇ ਅਨੁਪਾਤ ਵਿੱਚ ਉਪਭੋਗਤਾ ਵਰਗ ਦਾ ਜਨਮ ਹੋਇਆ:

*ਮੰਡੀ ਦੇ ਵਰਤਾਰੇ ਵਿੱਚ ਮਨੁੱਖ ਆਪਣੀ ਮਰਜ਼ੀ ਦਾ ਮਾਲਕ ਸਿਰਜਕ ਨਹੀਂ ਰਹਿੰਦਾ, ਬੇਵਸ ਉਪਭੋਗੀ ਬਣ ਜਾਂਦਾ ਹੈ। ਜ਼ਿੰਦਗੀ ਦੀ ਸ਼ਤਰੰਜ ਵਿੱਚ ਉਹ ਬੇਵੱਸ ਪਿਆਦਾ ਬਣ ਜਾਂਦਾ ਹੈ। ਵਸਤਾਂ ਨੂੰ ਭੋਗਣ ਦੀ ਅੰਨ੍ਹੀ ਲਾਲਸਾ ਵੱਸ ਉਹ ਖ਼ੁਦ ਭੋਗਿਆ ਜਾਣ ਲੱਗਦਾ ਹੈ।* (82)

*ਉਪਭੋਗੀ ਸੱਭਿਆਚਾਰ ਵਿੱਚ ਮੰਡੀ ਤੇ ਮੀਡੀਆ ਸਾਡੀ ਚੋਣ ਨੂੰ ਨਿਰਦੇਸ਼ਤ ਕਰਦੇ ਹਨ। ਪੂੰਜੀ ਅਤੇ ਵਸਤਾਂ ਜਦੋਂ ਸਾਨੂੰ ਹੰਢਾਉਣ ਲੱਗ ਜਾਣ ਤਾਂ ਮਨੁੱਖ ਦੀ ਸਿਰਜਣਾ ਹੀ ਉਸ ਦੇ ਪੈਰਾਂ ਦੀ ਬੇੜੀ ਬਣ ਜਾਂਦੀ ਹੈ। ਧਰਮ ਨੈਤਿਕਤਾ, ਗਿਆਨ-ਵਿਗਿਆਨ ਸੂਚਨਾ ਤਕਨਾਲੋਜੀ ਅਤੇ ਕਲਾ ਆਦਿ ਸਭ ਤਿਜਾਰਤੀ ਵਸਤੂਆਂ ਬਣ ਜਾਂਦੀਆਂ ਹਨ। ਕਲਾ ਵਰਗੀ ਸੂਖ਼ਮ ਵਸਤੂ ਅਤੇ ਸ਼ਕਤੀਸ਼ਾਲੀ ਮਾਧਿਅਮ ਵੀ ਪੂੰਜੀ ਅੱਗੇ ਨਿਸੱਤੀ ਹੋ ਜਾਂਦੀ ਹੈ।* (83)

ਮੰਡੀ ਦੇ ਮਾਰੂ ਵਰਤਾਰੇ ਅਤੇ ਖ਼ਪਤ-ਸੱਭਿਆਚਾਰ ਵਿੱਚ ਧਰਮ, ਨੈਤਿਕਤਾ, ਗਿਆਨ-ਵਿਗਿਆਨ, ਸੂਚਨਾ ਤਕਨਾਲੋਜੀ ਆਦਿ ਆਪਣੇ ਅਸਲ ਰਾਹ ਨੂੰ ਛੱਡ ਕੇ ਅਨੈਤਿਕਤਾ ਦੇ ਰਾਹੇ ਪੈ ਗਏ ਹਨ। ਅਜਿਹੇ ਉਪਭੋਗੀ ਦੌਰ ਵਿੱਚ ਸਿੱਖਿਆ ਵਰਗੇ ਖੇਤਰ ਵੀ ਮੰਡੀ ਦੇ ਇਸ ਮਾਰੂ ਵਰਤਾਰੇ ਤੋਂ ਅਛੂਤੇ ਨਹੀਂ ਰਹੇ। ਵਿਦਿਅਕ ਅਦਾਰਿਆਂ ਨੇ ਵੀ ਆਪਣੇ ਅਸਲ ਮਨੋਰਥ ਤੋਂ ਭਟਕ ਕੇ ਪੂੰਜੀ ਇਕੱਤਰ ਕਰਨ ਦਾ ਸਾਧਨ ਬਣਾ ਲਿਆ ਹੈ। ਇਸੇ ਕਾਰਨ ਅਜੋਕੀ ਸਿੱਖਿਆ ਪ੍ਰਣਾਲੀ ਆਪਣੀਆਂ ਪ੍ਰੰਪਰਾਗਤ ਬੁਨਿਆਦਾਂ ਤੋਂ ਟੁੱਟ ਗਈ ਹੈ, ਜਿਸ ਬਾਰੇ ਸਮਕਾਲੀ ਕਵੀਆਂ ਦੀ ਸੁਚੇਤਨਾ ਦਾ ਪ੍ਰਮਾਣ ਇਹ ਸਤਰਾਂ ਹਨ:

*ਅਸੀਂ ਨਾਨਕ ਵਾਂਗ ਵਿਦਿਆਲੇ ਨੂੰ ਨਕਾਰ ਨਹੀਂ ਸਕਦੇ*

*ਨਾਨਕ ਨਾਮ ਦੇ ਵਿਦਿਆਲੇ ਉਸਾਰ ਸਕਦੇ ਹਾਂ-*

*ਗੁਰੂ ਨਾਨਕ ਵਿਦਿਆਲਾ*

*ਗੁਰੂ ਨਾਨਕ ਮਹਾਂਵਿਦਿਆਲਾ*

*ਗੁਰੂ ਨਾਨਕ ਵਿਸ਼ਵਵਿਦਿਆਲਾ*

*ਵਿਦਿਆਲੇ ਦੇ ਸੋਧੇ ਪ੍ਰਬੋਧ ਅਸੀਂ*

*ਗਿਆਨੀ*

*ਵਿਦਿਆ ਦਾਨੀ*

*ਘਰਾਂ ਦੇ ਕੈਦੀ*

*ਪੱਤਵੰਤੇ ਸੱਜਣ*

*ਨਾਨਕ ਦੇ ਕੀ ਲੱਗਦੇ ਹਾਂ*

(ਜਸਵੰਤ ਜ਼ਫ਼ਰ, *ਅਸੀਂ ਨਾਨਕ ਦੇ ਕੀ ਲੱਗਦੇ ਹਾਂ* 24)

ਜਸਦੇਵ ਸਿੰਘ ਲਲਤੋਂ ਸਿੱਖਿਆ ਦੇ ਨਿਘਾਰ ਸੰਬੰਧੀ ਲਿਖਦੇ ਹਨ ਕਿ:

> *ਸੰਸਾਰੀਕਰਨ ਅਤੇ ਉਦਾਰੀਕਰਨ ਦੀਆਂ ਨੀਤੀਆਂ ਅਧੀਨ ਸੰਨ ੧੯੯੧ (1991) ਤੋਂ ਬਾਅਦ ਘੱਟ ਵਿਕਸਿਤ ਅਤੇ ਪੱਛੜੇ ਹੋਏ ਏਸ਼ੀਆਈ ਅਫਰੀਕੀ ਲਾਤੀਨੀ ਅਮਰੀਕੀ ਮੁਲਕਾਂ ਵਿੱਚ ਬਿਲੀਅਨ ਟ੍ਰਿਲੀਅਨ ਡਾਲਰਾਂ ਦੇ ਮਹਾਂ ਬੱਜਟਾਂ ਵਾਲੀਆਂ ਬਹੁ ਕੌਮੀ ਕਾਰਪੋਰੇਸ਼ਨਾਂ ਤੇਜ਼ੀ ਨਾਲ ਆਪਣੇ ਪੈਰ ਪਸਾਰ ਰਹੀਆਂ ਹਨ। ਸਿਆਸੀ ਤੇ ਆਰਥਿਕਤਾ ਦੀ ਥੋੜ੍ਹੀ ਜਿਹੀ ਆਮ ਸੂਝ ਰੱਖਣ ਵਾਲਾ ਹਰ ਬੁੱਧੀਜੀਵੀ ਇਸ ਵਰਤਾਰੇ ਤੋਂ ਭਲੀ-ਭਾਂਤ ਜਾਣੂੰ ਹੋ ਚੁੱਕਾ ਹੈ। ਵਿਦੇਸ਼ੀ ਵਿੱਤੀ ਸਮਰਾਏ ਦਾ ਇਹ ਹੜ੍ਹ ਪੁਰਾਣੀਆਂ ਨਵੀਆਂ ਮੰਡੀਆਂ ਅੰਦਰ ਲਗਾਤਾਰ ਤਿੱਖਾ ਵੇਗ ਫੜਦਾ ਜਾ ਰਿਹਾ ਹੈ*

(*ਜਸਦੇਵ ਸਿੰਘ ਲਲਤੋਂ* 49)

ਅਜੋਕੀ ਅਰਥ-ਵਿਵਸਥਾ 'ਤੇ ਮੁੱਖ ਪ੍ਰਭਾਵ ਵਿਦੇਸ਼ੀ ਵਪਾਰ ਅਤੇ ਅੰਤਰ-ਦੇਸ਼ੀ ਮੰਡੀਆਂ ਦਾ ਹੈ। ਮੀਡੀਆ ਅਤੇ ਸੰਚਾਰ ਮਾਧਿਅਮਾਂ ਨੇ ਵਿਦੇਸ਼ੀ ਬਰਾਂਡਾਂ ਦੀਆਂ ਲੁਭਾਵਣੀਆਂ ਮਸ਼ਹੂਰੀਆਂ, ਵਿਗਿਆਪਨਾਂ ਨਾਲ ਅਜੋਕੀ ਪੀੜ੍ਹੀ ਦੀ ਚੇਤਨਾ ਨੂੰ ਪ੍ਰਭਾਵਿਤ ਕਰਕੇ ਇੱਕ ਤਰ੍ਹਾਂ ਦੀ ਪਰਮ ਚੇਤਨਾ ਨੂੰ ਵਿਕਸਿਤ ਕੀਤਾ ਹੈ। ਲੁਭਾਵਣੇ ਇਸ਼ਤਿਹਾਰਾਂ ਨੂੰ ਵਾਰ-ਵਾਰ ਦਿਖਾ ਕੇ ਮਾਨਸਿਕਤਾ ਵਿੱਚ ਭਟਕਣ ਪੈਦਾ ਕੀਤੀ ਜਾਂਦੀ ਹੈ। ਕਵੀ

ਜਸਵੰਤ ਜ਼ਫ਼ਰ ਅਜਿਹੇ ਮਨੁੱਖ ਦੀ ਭਟਕਣ ਨੂੰ ਆਪਣੀਆਂ ਕਾਵਿ ਸਤਰਾਂ ਵਿੱਚ ਸਰੋਕ੍ਰਿਤ ਕਰਦੇ ਹਨ ਅਤੇ ਇਸ ਭਟਕਣ ਤੋਂ ਬਚਣ ਲਈ ਕਾਰਗਰ ਨੁਕਤਾ ਵੀ ਦਿੰਦੇ ਹਨ:

*ਉਹ ਦੀਵਾਰ ਤੇ ਲਿਖ ਗਏ*

*ਤੇ ਦੀਵਾਰ ਨੇ ਕਿਹਾ-*

*ਦਿੱਲੀ ਚੱਲੋ*

*ਉਹ ਇਸ਼ਤਿਹਾਰ ਚਿਪਕਾ ਗਏ*

*ਤੇ ਇਸ਼ਤਿਹਾਰ ਨੇ ਕਿਹਾ-*

*ਮਥੁਰਾ ਚੱਲੋ*

*ਕਵਿਤਾ ਸ਼ਾਇਰਾਂ ਕੋਲ ਆਈ*

*ਤੇ ਸ਼ਾਇਰਾਂ ਨੇ ਕਿਹਾ-*

*ਆਪਣੇ ਆਪ ਕੋਲ ਆਓ*

*ਆਪਣੇ ਆਪ ਨੂੰ ਮਿਲੋ*

(*ਅਸੀ ਨਾਨਕ ਦੇ ਕੀ ਲਗਦੇ ਹਾਂ* 23)

ਸਮਕਾਲੀ ਪ੍ਰਸਥਿਤੀਆਂ ਨੂੰ ਜਦੋਂ ਆਰਥਿਕਤਾ ਜਾਂ ਪੂੰਜੀ ਦੇ ਆਧਾਰ ’ਤੇ ਆਤਮਸਾਤ ਕਰਦੇ ਹਾਂ ਤਾਂ ਦੇਖਦੇ ਹਾਂ ਕਿ ਕਿਸ ਤਰ੍ਹਾਂ ਪੂੰਜੀ ਦੇ ਵਿਸ਼ਵੀਕਰਨ ਨੇ ਸਮਕਾਲੀ ਜੀਵਨ ਦੇ ਨਿੱਕੇ ਤੋਂ ਨਿੱਕੇ ਵਰਤਾਰੇ ਨੂੰ ਆਪਣੀ ਵਲਗਣ ਵਿੱਚ ਲੈ ਰੱਖਿਆ ਹੈ ਅਤੇ ਕਿਵੇਂ ਪੂੰਜੀਵਾਦੀ ਸੱਤਾ ਸਮਾਜਿਕ ਤੇ ਸੱਭਿਆਚਾਰਕ ਵਰਤਾਰਿਆਂ ਨੂੰ ਨਿਯੰਤਰਿਤ ਕਰ ਰਹੀ ਹੈ। ਸਮਕਾਲੀ ਕਵਿਤਾ ਵੀ ਅਜੋਕੀ ਪੂੰਜੀਵਾਦੀ ਸੱਤਾ ਦੀਆਂ ਚਾਲਾਂ ਅਤੇ ਦੰਭਾਂ ਨੂੰ ਆਪਣਾ ਕੇਂਦਰੀ ਸੁਰ ਬਣਾ ਰਹੀ ਹੈ। ਵਿਸ਼ਵੀ ਆਰਥਿਕਤਾ ਦੇ ਨਤੀਜੇ ਵੱਜੋਂ ਸਮਾਜੀ, ਰਾਜਸੀ ਅਤੇ ਸੱਭਿਆਚਾਰ ਸੰਰਚਨਾਵਾਂ ਵਿੱਚ ਵੱਡੇ ਪੱਧਰ ’ਤੇ ਪਰਿਵਰਤਨ ਵਾਪਰ ਰਹੇ ਹਨ। ਸਮਕਾਲੀ ਸੰਦਰਭ ਵਿੱਚ ਲੋਕ ਪਰੰਪਰਾਗਤ ਤਰੀਕਿਆਂ ਦਾ ਤਿਆਗ ਕਰ ਰਹੇ ਹਨ। ਅਜੋਕੇ ਦੌਰ ਵਿੱਚ ਸਿੱਖਿਆ, ਖੇਡ,

ਮਨੋਰੰਜਨ ਆਦਿ ਸਭ ਪ੍ਰਚਲਿਤ ਪੂੰਜੀ-ਪ੍ਰਧਾਨ ਪ੍ਰਬੰਧ ਹੇਠ ਆ ਚੁੱਕੇ ਹਨ ਅਤੇ ਆਪਣੇ ਨਿੱਜੀ ਮੁਨਾਫੇ ਨੂੰ ਤਰਜੀਹ ਦੇ ਰਹੇ ਹਨ। ਸਮਕਾਲੀ ਦੌਰ ਵਿੱਚ ਪ੍ਰਚੱਲਿਤ ਵਿਸ਼ਵੀਕਰਨ, ਮੰਡੀਕਰਨ, ਉਪਭੋਗਤਾਵਾਦੀ ਰੁਚੀ ਸੰਸਕ੍ਰਿਤੀ ਨੂੰ ਨਿਘਾਰ ਵੱਲ ਲੈ ਕੇ ਜਾ ਰਹੀ ਹੈ। ਇਸ ਨਿਘਾਰ ਬਾਰੇ ਜਸਵਿੰਦਰ ਸਿੰਘ ਪ੍ਰਤੀਕਿਰਿਆ ਕਰਦੇ ਹਨ:

> *ਇਸ ਵਿਸ਼ਵੀਕਰਨ ਨੇ ਖੁੱਲ੍ਹੀ ਤੇ ਫਰੀ ਸੰਸਾਰ ਮੰਡੀ, ਸੂਚਨਾ, ਤਕਨਾਲੋਜੀ, ਪ੍ਰਵਾਸ, ਸੱਭਿਆਚਾਰਕ ਅਦਾਨ-ਪ੍ਰਦਾਨ ਅਤੇ ਪੱਛਮੀਕਰਨ ਦੇ ਅਮਲ ਨੂੰ ਬੇਪਨਾਹ ਉਭਾਰਿਆ, ਜਿਸ ਨੇ ਸਾਡੀ ਅਜੋਕੀ ਜੀਵਨ-ਦ੍ਰਿਸ਼ਟੀ, ਜੀਵਨ-ਜਾਂਚ ਵਿੱਚ ਵਿਆਪਕ ਅਧਾਰੀ ਫ਼ੈਸਲਾਕੁਨ ਪਰਿਵਰਤਨ ਲਿਆਂਦੇ।* (*ਨਵੀਂ ਪੰਜਾਬੀ ਕਵਿਤਾ: ਪਛਾਣ ਚਿੰਨ੍ਹ* 135)

ਸਮਕਾਲੀ ਦੌਰ ਵਿੱਚ ਮੰਡੀ ਸੱਭਿਅਤਾ ਦੇ ਵੱਸ ਪੈ ਮਨੁੱਖ ਦੀਆਂ ਲੋੜਾਂ ਅਸੀਮ ਹੋ ਗਈਆਂ ਹਨ। ਉਹ ਆਪਣੀਆਂ ਥੁੜਾਂ ਦੀ ਪੂਰਤੀ ਲਈ ਆਪਣੇ ਅਸੂਲਾਂ ਅਤੇ ਨੈਤਿਕਤਾ ਤੋਂ ਡਿਗ ਬੇਈਮਾਨੀ, ਲਾਲਚ, ਧੋਖਾ-ਧੜੀ, ਭ੍ਰਿਸ਼ਟਤਾ ਆਦਿ ਦੇ ਰਾਹ ਪੈ ਗਿਆ ਹੈ, ਜਿਸ ਸਦਕਾ ਉਹ ਆਪਣੇ ਆਹੁਦਿਆਂ ਦਾ ਨਜਾਇਜ਼ ਫਾਇਦਾ ਉਠਾਕੇ ਕਈ ਵੱਡੇ ਘਪਲੇ ਕਰਨੋਂ ਵੀ ਨਹੀਂ ਕਤਰਾਉਂਦਾ। ਆਪਣੀ ਲੋੜ ਤੋਂ ਕਿਤੇ ਵੱਧ ਪ੍ਰਾਪਤੀ ਦੀ ਲਾਲਸਾ ਉਸ ਨੂੰ ਧਨ-ਦੌਲਤ ਨਾਲ ਕੋਠਾ ਭਰਨ ਦਾ ਲੁਬਾਣਾ ਸੁਪਨਾ ਦਿੰਦੀ ਹੈ, ਜੋ ਇੱਕ ਸਧਾਰਨ ਮਨੁੱਖ ਦੀ ਸੋਚ ਤੋਂ ਵੀ ਪਰ੍ਹੇ ਦੀ ਗੱਲ ਹੈ। ਸਮਕਾਲੀ ਪੰਜਾਬੀ ਕਵੀ ਜਸਵੰਤ ਜ਼ਫ਼ਰ ਨੇ ਅਜੋਕੇ ਮਨੁੱਖ ਦੀ ਅਜਿਹੀ ਲੋਭ-ਲਾਲਚ ਦੀ ਲਾਲਸਾ ਨੂੰ ਕਾਵਿ ਸਰੋਕਾਰ ਦੇ ਸਾਂਚੇ ਵਿੱਚ ਢਾਲਦੇ ਹੋਏ 'ਰਵੀ ਸਿੱਧੂ' ਦੇ ਪ੍ਰਤੀਕ ਰਾਹੀਂ ਭ੍ਰਿਸ਼ਟ ਅਫ਼ਸਰਸ਼ਾਹੀ ਨੂੰ ਪੇਸ਼ ਕੀਤਾ ਹੈ:

*ਮੈਂ ਜੋ*

*ਕੁਝ ਪੈਸੇ ਖੁਣੋਂ*

*ਕੁਝ ਚੀਜਾਂ ਖੁਣੋਂ*

*ਹਮੇਸ਼ਾਂ ਥੁੜਦਾ ਹਾਂ*

*ਕਿਸੇ ਨਾਂ ਕਿਸੇ ਰਵੀ ਸਿੱਧੂ ਬਾਰੇ*

*ਸੋਚਦਾ ਝੂਰਦਾ ਤੇ ਕੁੜਦਾ ਹਾਂ*

*ਕਦੇ ਸੋਚਦਾ*

*ਕਿ ਏਨੇ ਪੈਸੇ ਉਸ ਨੇ ਕੀ ਕਰਨੇ ਸਨ*

*ਦਸ ਵੀਹ ਲੱਖ ਤਾਂ ਮੰਨਿਆ*

*ਕਾਹਦੇ ਲਈ ਕੋਠੇ ਭਰਨੇ ਸਨ*

(*ਇਹ ਬੰਦਾ ਕੀ ਹੁੰਦਾ ਹੈ* 27)

*ਤਨਾਂ ਮਨਾਂ ਦਾ ਭੁੱਖ ਨਾਲ*

*ਰਿਸ਼ਤਾ ਆਦਿ ਅਟੁੱਟ।*

*ਭੁੱਖ ਨੂੰ ਇੱਕ ਸਰਾਪ ਕਿ*

*ਰਹਿਣਾ ਇਸ ਅਮੁੱਕ।।*

*ਭੁੱਖ ਨੂੰ ਪੂਰਨ ਖਾਤਰ ਆਪਣੀ*

*ਮਿੱਟੀ ਪੁੱਟਦੇ*

*ਖਾਕ ਛਾਣਦੇ*

*ਖੇਹ ਉਡਾਉਂਦੇ ਲਗਾਤਾਰ*

*ਦੂਣੀ ਸਵਾਈ ਹੁੰਦੀ ਭੁੱਖ* (*ਅਸੀਂ ਨਾਨਕ ਦੇ ਕੀ ਲਗਦੇ ਹਾਂ* 47)

ਪੂੰਜੀਵਾਦੀ ਅਰਥ-ਵਿਵਸਥਾ ਅਤੇ ਬਾਜ਼ਾਰੀਕਰਨ ਦੇ ਇਸ ਦੌਰ ਨੇ ਮਾਨਵੀ ਮੁੱਲਾਂ ਨੂੰ ਖੋਰਾ ਲਾਉਣ ਦੇ ਨਾਲ ਨਾਲ ਵਾਤਾਵਰਨ ਅਤੇ ਪ੍ਰਕਿਰਤਿਕ ਸਰੋਤਾਂ ਨੂੰ ਵੀ ਤਬਾਹ ਕੀਤਾ ਹੈ। ਪੰਜਾਬ ਦੀ ਉਪਜਾਊ ਭੂਮੀ ਖੇਤੀ ਅਰਥਚਾਰੇ 'ਤੇ ਨਿਰਭਰ ਹੋਣ ਕਾਰਨ ਅਜੋਕੀ ਕਿਸਾਨੀ ਆਪਣੇ ਵੱਧ ਮੁਨਾਫ਼ੇ ਲਈ ਧਰਤੀ ਹੇਠਲੇ ਪਾਣੀ ਦੀ ਦੁਰਵਰਤੋਂ ਕਰ ਰਹੀ ਹੈ ਅਤੇ ਫ਼ਸਲਾਂ ਦੇ ਵੱਧ ਝਾੜ ਅਤੇ ਵੱਧ ਮੁਨਾਫ਼ਾ ਲੈਣ ਲਈ ਅੰਧਾ-ਧੁੰਦ

ਕੀਟਨਾਸ਼ਕ ਅਤੇ ਰਸਾਇਇਕ ਦਵਾਈਆਂ ਦੀ ਵਰਤੋਂ ਕਰ ਰਹੀ ਹੈ, ਜਿਸ ਨਾਲ ਵਾਤਾਵਰਨ ਅਤੇ ਆਬੋ-ਹਵਾ ਤਾਂ ਦੂਸ਼ਿਤ ਹੋਈ ਹੀ ਨਾਲ ਹੀ ਕੀਟਨਾਸ਼ਕ ਦਵਾਈਆਂ ਅਤੇ ਰਸਾਇਣਾਂ ਦੀ ਵਰਤੋਂ ਨੇ ਮਨੁੱਖੀ ਸਰੀਰ ਨੂੰ ਬਿਮਾਰੀ ਗ੍ਰਸਤ ਕਰ ਦਿੱਤਾ ਹੈ। ਮਨੁੱਖ ਦੇ ਅਜਿਹੇ ਲਾਲਚ ਅਤੇ ਲੋਭ ਨੇ ਵਾਤਾਵਰਣ ਨੂੰ ਦੂਸ਼ਿਤ ਕਰਕੇ ਵਾਤਾਵਰਨ ਦੇ ਸੰਤੁਲਨ ਨੂੰ ਵਿਗਾੜਿਆ ਹੈ, ਜਿਸ ਨੇ ਮਨੁੱਖੀ ਜੀਵਨ ਦੇ ਨਾਲ-ਨਾਲ ਪਸ਼ੂ, ਪੰਛੀਆਂ ਸਮੇਤ ਹਰ ਪ੍ਰਾਣੀ ਲਈ ਔਕੜ ਖੜੀ ਕਰ ਪੰਜਾਬ ਦੇ ਹਲਾਤਾਂ ਨੂੰ ਲਗਾਤਾਰ ਖ਼ਾਤਮੇ ਵੱਲ ਤੋਰਿਆ ਹੈ। ਸੁਖਵਿੰਦਰ ਅੰਮ੍ਰਿਤ ਮੁੜ ਪੁਰਾਣੇ ਪੰਜਾਬ ਦੀ ਤਸਵੀਰ ਨੂੰ ਇਹਨਾਂ ਕਾਵਿ ਸਤਰਾਂ ਵਿੱਚ ਉਲੀਕਦੀ ਹੈ:

*ਮਾਂ ਰੋਟੀ ਤੋਂ ਮੁਨਕਰ ਹੋਈ*

*ਰੁੱਖ ਛਾਵਾਂ ਤੋਂ ਨਾਬਰ ਹੋ ਗਏ*

*ਛੱਡ ਆਲ੍ਹਣੇ ਉੱਡ ਗਏ ਪੰਛੀ*

*ਛਿੰਦੇ ਪੁੱਤ ਮੁਸਾਫ਼ਰ ਹੋ ਗਏ*

*ਕਿਸ ਨੇ ਬੀਜੀ ਕਿਸ ਨੇ ਵੱਢੀ*

*ਕਿਹੜਾ ਕਰੇ ਹਿਸਾਬ*

*ਮੇਰਾ ਕਿੱਥੇ ਗਿਆ ਪੰਜਾਬ...* (*ਨੀਲਿਆ ਮੋਰਾ ਵੇ...* 60)

ਸਮਕਾਲੀ ਪੰਜਾਬੀ ਕਵਿਤਾ ਨੇ ਅਜੋਕੀ ਪੂੰਜੀਵਾਦੀ ਅਰਥ-ਵਿਵਸਥਾ ਨੂੰ ਆਪਣੀ ਗਹਿਨ ਚੇਤਨਾ ਨਾਲ ਪਰਖਦਿਆਂ ਹੋਇਆ ਸਮਕਾਲੀ ਮਨੁੱਖ 'ਤੇ ਪੈ ਰਹੇ, ਇਸ ਦੇ ਸੂਖ਼ਮ ਪ੍ਰਭਾਵਾਂ ਨੂੰ ਪੇਸ਼ ਕੀਤਾ ਹੈ ਕਿ ਕਿਸ ਤਰ੍ਹਾਂ ਅਜਿਹੇ ਤੇਜ਼-ਤਰਾਰ ਪੂੰਜੀਵਾਦੀ ਯੁੱਗ ਨੇ ਮਨੁੱਖ ਨੂੰ ਇੱਕ ਉਪਭੋਗ ਦੀ ਵਸਤੂ ਸਮਾਨ ਬਣਾ ਦਿੱਤਾ ਹੈ। ਅਜਿਹੇ ਦੌਰ ਵਿੱਚ ਮਨੁੱਖ ਆਪਣੇ ਨਿੱਜੀ ਸਵਾਰਥ ਨੂੰ ਮੁੱਖ ਰੱਖ ਕੇ ਪਦਾਰਥਾਂ ਨੂੰ ਇਕੱਤਰ ਕਰਨ ਦੀ ਹੋੜ ਵਿੱਚ ਲੱਗਿਆ ਹੋਇਆ ਹੈ। ਜਿਸ ਨਾਲ ਉਹ ਕੋਈ ਅਨੈਤਿਕ ਤੇ ਅਮਾਨਵੀ ਘਟਨਾ ਨੂੰ ਅੰਜਾਮ ਦੇਣ ਤੋਂ ਵੀ ਕੰਨੀ ਨਹੀਂ ਕਤਰਾਉਂਦਾ। ਮਨੁੱਖ ਨੂੰ ਅਜਿਹੀਆਂ ਅਲਾਮਤਾਂ ਤੋਂ ਬਚਾਉਣ ਲਈ ਚੇਤੰਨ ਅਤੇ ਸੂਝਵਾਨ

ਸਮਕਾਲੀ ਪੰਜਾਬੀ ਕਵੀ ਜਸਵੰਤ ਜ਼ਫ਼ਰ ਇੱਕ ਅਜਿਹਾ ਨੁਕਤਾ ਦੱਸਦੇ ਹਨ ਜੋ ਸਭ ਨੂੰ ਆਪਣੇ ਜੀਵਨ ਵਿੱਚ ਸ਼ਾਮਿਲ ਕਰਨਾ ਚਾਹੀਦਾ ਹੈ:

*ਇੱਛਾਵਾਂ ਵਧਾਉਂਦੇ ਜਾਓਗੇ*

*ਤਾਂ ਘਟਦਾ ਜਾਏਗਾ ਆਨੰਦ*

*ਮਨਫ਼ੀ ਹੋ ਜਾਣਗੀਆਂ ਖ਼ੁਸ਼ੀਆਂ*

*ਖ਼ਾਹਿਸ਼ਾਂ ਅਸੀਮ ਕਰ ਲਵੋਗੇ*

*ਜ਼ੀਰੋ ਹੋ ਜਾਣਗੀਆਂ ਖ਼ੁਸ਼ੀਆਂ*

*ਦੁੱਖਾਂ ਤੇ ਕੇਵਲ ਦੁੱਖ ਬਚੇਗਾ*

(*ਅਸੀਂ ਨਾਨਕ ਦੇ ਕੀ ਲਗਦੇ ਹਾਂ* 83)

ਕਵੀ ਜਸਵੰਤ ਜ਼ਫ਼ਰ ਆਪਣੀ ਕਵਿਤਾ ਰਾਹੀਂ ਸਮਕਾਲੀ ਮਨੁੱਖ ਨੂੰ ਇਹ ਸੁਨੇਹਾ ਦਿੰਦੀ ਹਨ, ਕਿ ਜੇਕਰ ਉਹ ਅਜਿਹੀ ਭਟਕਣ ਦੀ ਅਮਾਲਤ ਤੋਂ ਬਚਣਾ ਚਾਹੁੰਦਾ ਹੈ, ਤਾਂ ਉਸ ਨੂੰ ਆਪਣੀਆਂ ਇੱਛਾਵਾਂ ਨੂੰ ਸੀਮਤ ਕਰ ਲੈਣਾ ਚਾਹੀਦਾ ਹੈ। ਇੱਛਾਵਾਂ ਦੇ ਸੀਮਤ ਹੋ ਜਾਣ ਨਾਲ ਉਸ ਦੇ ਜੀਵਨ ਦੀ ਭਟਕਣ ਸਮਾਪਤ ਹੋ ਜਾਵੇਗੀ।

ਸੋ ਸਪਸ਼ਟ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ, ਅਜੋਕੇ ਪੂੰਜੀਵਾਦੀ ਯੁੱਗ ਵਿੱਚ ਵਿਸ਼ਵੀਕਰਨ, ਨਿੱਜੀਕਰਨ, ਉਦਯੋਗੀਕਰਨ, ਮੰਡੀਕਰਨ ਆਦਿ ਵਰਤਾਰੇ ਭਾਰੂ ਹਨ। ਸੂਚਨਾਵਾਂ ਅਤੇ ਸੰਚਾਰ ਦੇ ਵਿਸ਼ਵ ਵਿਆਪੀ ਨੈੱਟਵਰਕ ਕਾਰਨ ਪੂੰਜੀ ਦੇ ਬਿਨਾਂ ਰੋਕ ਟੋਕ ਫੈਲਾਅ ਲਈ ਸਰਹੱਦਾਂ ਅਤੇ ਰਾਸ਼ਟਰੀ ਹੱਦਾਂ ਤੋਂ ਮੁਕਤ ਸਾਂਝੀ ਕਰੰਸੀ ਨੇ ਮੁਕਾਬਲੇ ਵਾਲੇ ਬਾਜ਼ਾਰ ਨੂੰ ਜਨਮ ਦਿੱਤਾ ਹੈ। ਜਿਸ ਨਾਲ ਆਈ ਉਦਯੋਗਿਕ ਕ੍ਰਾਂਤੀ ਦੇ ਨਾਲ-ਨਾਲ ਵਿਦੇਸ਼ੀ ਲੁੱਟ ਵਿੱਚ ਵੀ ਵਾਧਾ ਹੋਇਆ ਹੈ। ਇਸ ਵਰਤਾਰੇ ਨੇ ਭਾਰਤ ਦੀ ਪ੍ਰਾਚੀਨ ਜਗੀਰਦਾਰੀ ਸਾਮੰਤਵਾਦ ਪ੍ਰਬੰਧ ਨੂੰ ਪਛਾੜ ਕੇ ਪੂੰਜੀਵਾਦੀ ਸਿਸਟਮ ਨੂੰ ਥੋਪਿਆ ਹੈ, ਜਿਸ ਨਾਲ ਅਜੋਕੇ ਸਮੇਂ ਵਿੱਚ ਨਿੱਜਤਾ ਅਤੇ ਸਵਾਰਥ ਵਰਤਮਾਨ ਬਾਜ਼ਾਰ ਉੱਪਰ ਭਾਰੂ ਹੋ ਗਏ ਹਨ। ਜਿਸ ਦਾ ਅਸਰ ਮਨੁੱਖੀ

ਜੀਵਨ ਦੇ ਹਰ ਇੱਕ ਪਹਿਲੂ ’ਤੇ ਪਿਆ ਹੈ। ਵਰਤਮਾਨ ਆਰਥਿਕ ਢਾਂਚਾ ਅਜਿਹੇ ਦੋ ਵਰਗਾਂ ਵਿੱਚ ਵੰਡ ਚੁੱਕਾ ਹੈ ਜਿਨ੍ਹਾਂ ਵਿਚੋਂ ਇੱਕ ਸਾਧਨ ਸੰਪੰਨ ਅਤੇ ਦੂਜਾ ਉਹ ਜੋ ਮੁੱਢਲੀਆਂ ਲੋੜਾਂ ਪ੍ਰਾਪਤ ਕਰਨ ਦੇ ਵੀ ਅਸਮਰੱਥ ਹੈ। ਪੂੰਜੀਵਾਦ ਦੇ ਅਜਿਹੇ ਪ੍ਰਚੱਲਣ ਨੇ ਭਾਰਤੀ ਅਰਥ-ਵਿਵਸਥਾ ਨੂੰ ਕਈ ਮੁਸੀਬਤਾਂ ਦਾਨ ਵਜੋਂ ਦਿੱਤੀਆਂ ਹਨ, ਜਿਨ੍ਹਾਂ ਵਿੱਚ ਗਰੀਬੀ, ਬੇਰੁਜ਼ਗਾਰੀ, ਨਿੱਜੀਕਰਨ, ਵਰਗ-ਸੰਘਰਸ਼, ਅਸਮਾਨਤਾ, ਭ੍ਰਿਸ਼ਟਾਚਾਰ, ਧੋਖਾ, ਲੁੱਟ, ਰਿਸ਼ਵਤਖੋਰੀ, ਬੇਈਮਾਨੀ, ਜਮ੍ਹਾਂਖੋਰੀ ਆਦਿ ਅਜਿਹੀਆਂ ਆਰਥਿਕ ਗਤੀਵਿਧੀਆਂ ਹਨ, ਜੋ ਮਨੁੱਖ ਨੂੰ ਸਵਾਰਥੀ ਜੀਵ ਸਾਬਿਤ ਕਰਦੀਆਂ ਹਨ। ਇਸ ਸਵਾਰਥ ਨੇ ਉਸ ਦੀਆਂ ਅੱਖਾਂ ’ਤੇ ਪਰਦਾ ਪਾ ਦਿੱਤਾ ਹੈ ਜਿਸ ਕਾਰਨ ਉਹ ਆਪਣੇ ਅਨਮੋਲ ਪ੍ਰਕਿਰਤੀ ਵਾਤਾਵਰਣ ਅਤੇ ਆਬੋ-ਹਵਾ ਨੂੰ ਜ਼ਹਿਰੀਲੇ ਰਸਾਇਣਾਂ ਤੇ ਕੀਟਨਾਸ਼ਕਾਂ ਨਾਲ ਦੂਸ਼ਿਤ ਕਰ ਰਿਹਾ ਹੈ। ਸਮਕਾਲੀ ਪੰਜਾਬੀ ਕਵਿਤਾ ਨੇ ਸੂਖ਼ਮ ਰੂਪ ਵਿੱਚ ਸਮਕਾਲੀ ਆਰਥਿਕ ਯਥਾਰਥ ਨੂੰ ਚਿਤਰਦੇ ਹੋਏ ਪੰਜਾਬ ਨੂੰ ਅਜਿਹੀਆਂ ਅਲਾਮਤਾਂ ਤੋਂ ਮੁਕਤ ਕਰਨ ਦਾ ਸੁਪਨਾ ਵੀ ਸਿਰਜਿਆ ਹੈ।

## 3.2 ਰਾਜਨੀਤਿਕ ਸਰੋਕਾਰ

‘ਰਾਜਨੀਤੀ’ ਦਾ ਸੰਬੰਧ ਮਨੁੱਖ ਨਾਲ ਸ਼ਾਇਦ ਉਦੋਂ ਤੋਂ ਹੀ ਹੈ, ਜਦੋਂ ਤੋਂ ਮਨੁੱਖ ਨੇ ਸਮਾਜਿਕ ਰੂਪ ਵਿੱਚ ਰਹਿਣਾ ਸ਼ੁਰੂ ਕੀਤਾ । ਮਾਨਵੀ ਜੀਵਨ ਵਿੱਚ ਰਾਜਨੀਤੀ ਦੀ ਸਰਬ-ਵਿਆਪਕਤਾ ਬਾਰੇ ਕਿੰਤੂ-ਪ੍ਰੰਤੂ ਦੀ ਕੋਈ ਗੁੰਜਾਇਸ਼ ਨਹੀਂ ਕੀਤੀ ਜਾ ਸਕਦੀ ਕਿਉਂਕਿ ਸਮੁੱਚੇ ਜੀਵਨ ਨੂੰ ਰਾਜਨੀਤਿਕ ਕਿਰਿਆਵਾਂ ਸਿੱਧੇ ਜਾਂ ਅਸਿੱਧੇ ਤੌਰ ’ਤੇ ਪੂਰਨ ਰੂਪ ਵਿੱਚ ਪ੍ਰਭਾਵਿਤ ਕਰਦੀਆਂ ਹਨ। ਰਾਜਨੀਤੀ ਮਨੁੱਖੀ ਰਿਸ਼ਤੇ, ਸਮਾਜਿਕ-ਵਿਹਾਰ, ਵਿਚਾਰ ਤੇ ਆਦਰਸ਼ ਆਦਿ ਜੀਵਨ ਦੇ ਹਰੇਕ ਪਹਿਲੂ ਨੂੰ ਆਪਣੀ ਸ਼ਕਤੀ ਦੁਆਰਾ ਪ੍ਰਭਾਵਿਤ ਜ਼ਰੂਰ ਕਰਦੀ ਹੈ। ਭਾਵੇਂ ਮਨੁੱਖ ਰਾਜਨੀਤੀ ਵਿੱਚ ਹਿੱਸਾ ਲਏ ਜਾਂ ਨਾ। ਇਸੇ ਲਈ ਸਮਾਜ ਵਿੱਚ ਵਿਚਰਦਿਆਂ ਮਨੁੱਖ ਨੂੰ ਆਪਣੇ ਸਰਵਪੱਖੀ ਵਿਕਾਸ ਲਈ, ਆਪਣੇ ਸਮੇਂ ਦੀ ਰਾਜਨੀਤੀ ਦਾ ਗਿਆਨ ਹੋਣਾ ਬੇਹੱਦ ਲਾਜ਼ਮੀ ਹੈ। ਅਜੋਕੇ ਤੰਤਰ ਵਿੱਚ ਜੇਕਰ ਅਗਿਆਨਤਾ ਵੱਸ ਕੋਈ ਮਨੁੱਖ ਅਜਿਹਾ ਨਹੀਂ ਕਰਦਾ ਤਾਂ ਉਹ ਆਪਣੇ

ਜੀਵਨ ਵਿੱਚ ਬੇਹੱਦ ਪੱਛੜਿਆਂ ਤੇ ਅਣਗੌਲਿਆ ਰਹਿ ਜਾਂਦਾ ਹੈ। ਰਾਜਨੀਤੀ ਦਾ ਗਿਆਨ ਕਿਉਂ ਜਰੂਰੀ ਹੈ, ਇਸ ਬਾਰੇ 'ਪੰਜਾਬੀ ਪੀਡੀਆ' 'ਤੇ ਹਰਭਜਨ ਸਿੰਘ ਦਿਓਲ ਦਾ ਕਥਨ ਹੈ ਕਿ:

> *ਆਪਣੇ ਚੁਗਿਰਦੇ ਦੇ ਗਿਆਨ ਲਈ, ਆਪਣੇ ਜੀਵਨ ਨੂੰ ਸਫ਼ਲਤਾ ਦੀ ਮੰਜ਼ਲ ਤੱਕ ਪਹੁੰਚਾਉਣ ਲਈ, ਆਪਣੀਆਂ ਬਹੁਪੱਖੀ ਪ੍ਰਕਿਰਿਆਵਾਂ ਨੂੰ ਵਿਹਾਰਕ ਰੂਪ ਦੇਣ ਲਈ, ਰਾਜਨੀਤੀ ਦਾ ਅਧਿਐਨ ਕਰਨਾ, ਇਸ ਨੂੰ ਜਾਣਨਾ, ਇਸ ਦਾ ਵਿਹਾਰ ਸਮਝਣਾ ਬੇਹੱਦ ਜ਼ਰੂਰੀ ਹੋ ਗਿਆ। ਰਾਜਨੀਤੀ ਸਾਡੇ ਮਨੋਭਾਵ, ਸਾਡਾ ਵਾਤਾਵਰਨ, ਸਾਡਾ ਭਵਿੱਖ, ਸਾਡਾ ਸਮਾਜ, ਸਾਡੇ ਰਿਸ਼ਤੇ, ਸਾਡੀ ਪ੍ਰਤਿਭਾ ਅਤੇ ਹੋਂਦ ਲਈ ਆਵਸ਼ਕ ਹੈ।*[7]

ਪ੍ਰਾਚੀਨ ਕਾਲ ਤੋਂ ਅਜੋਕੇ ਸਮਕਾਲੀ ਯੁੱਗ ਤੱਕ ਆਉਂਦਿਆਂ ਜਿਉਂ-ਜਿਉਂ ਸਦੀਆਂ ਬੀਤਦੀਆਂ ਗਈਆਂ ਰਾਜਨੀਤੀ ਦਾ ਰੂਪ ਵੀ ਬਦਲਦਾ ਗਿਆ। ਲਗਾਤਾਰ ਅਤੇ ਗੰਭੀਰ ਰਾਜਨੀਤਿਕ ਪਰਿਵਰਤਨਾਂ ਕਾਰਨ ਰਾਜਨੀਤੀ ਨੇ ਨਵੇਂ-ਨਵੇਂ ਪ੍ਰਸੰਗਾਂ ਅਤੇ ਸਰੋਕਾਰਾਂ ਨੂੰ ਜਨਮ ਦਿੱਤਾ ਹੈ। ਮਾਰ-ਧਾੜ, ਲੁੱਟ-ਖਸੁੱਟ, ਅੱਤਿਆਚਾਰ, ਅਤੇ ਗੁਲਾਮੀ ਇੱਥੇ ਦੇ ਲੋਕਾਂ ਦੇ ਅਵਚੇਤ ਵਿੱਚ ਸਥਿਰ ਹੈ। ਅਜੋਕੇ ਸੰਦਰਭ ਵਿੱਚ ਵੀ ਸਿਆਸਤਦਾਨਾਂ ਦਾ ਅਜਿਹਾ ਹੀ ਵਰਤਾਓ ਦੇਖਿਆ ਜਾ ਸਕਦਾ ਹੈ ਪ੍ਰੰਤੂ ਫ਼ਰਕ ਸਿਰਫ਼ ਇੰਨਾ ਹੈ ਕਿ ਇਹ ਵਰਤਾਓ ਅਸਿੱਧੇ ਜਾਂ ਲੁਕਵੇਂ ਰੂਪ ਵਿੱਚ ਹੈ। ਭ੍ਰਿਸ਼ਟਾਚਾਰ, ਧੋਖਾ-ਧੜੀ, ਪਦਵੀ, ਭਾਈ-ਭਤੀਜਾਵਾਦ, ਪੀੜ੍ਹੀ ਦੀ ਰਾਜਨੀਤੀ, ਨਿੱਜੀ ਮੁਨਾਫ਼ੇ ਲਈ ਨੀਤੀ ਨਿਰਮਾਣ ਕਰਨਾ, ਬਸਤੀਵਾਦ ਵਿਦਰੋਹ ਜਾਂ ਟਕਰਾਓ, ਉਧਾਰਵਾਦੀ ਆਦਿ ਅਨੇਕਾਂ ਮਸਲੇ ਹਨ, ਜੋ ਸਮਕਾਲੀ ਰਾਜਨੀਤੀ ਪ੍ਰਬੰਧ ਦੀ ਜੜ੍ਹਾਂ ਵਿੱਚ ਸਿਉਂਕ ਦੀ ਭੂਮਿਕਾ ਨਿਭਾ ਰਹੇ ਹਨ। ਸਮਕਾਲੀ ਰਾਜਨੀਤੀ ਪ੍ਰਬੰਧ ਦੀ ਗੱਲ ਕਰੀਏ ਤਾਂ ਇਸ ਦਾ ਹਾਲ ਪੂਰਨ ਸਿੰਘ ਦੇ ਇਸ ਕਥਨ ਤੋਂ ਸਪਸ਼ਟ ਹੋ ਜਾਂਦਾ ਹੈ ਕਿ "*ਆਧੁਨਿਕ ਯੁੱਗ ਵਿੱਚ ਲੱਗਭੱਗ ਸਾਰੀ ਮਨੁੱਖਤਾ ਸਿਆਸੀ-*

---

[7] http://punjabipedia.org/topic.aspx?txt=%E0%A8%B8%E0%A8%BE%E0%A8%B9%E0%A8%BF%E0%A8%A4%20%E0%A8%85%E0%A8%A4%E0%A9%87%20%20%E0%A8%B0%E0%A8%BE%E0%A8%9C%E0%A8%A8%E0%A9%80%E0%A8%A4%E0%A9%80 (01.08.2018, 05:57 P.M.)

*ਕੁਪੁਰਸ਼ਾਂ ਦੇ ਕਾਬੂ ਵਿੱਚ ਹੈ।* " (*ਸਭਿਅਤਾ ਅਤੇ ਸਭਿਆਚਾਰ* 94) ਇਸੇ ਸੰਦਰਭ ਵਿੱਚ ਕਵਿਤਰੀ ਸੁਖਵਿੰਦਰ ਅੰਮ੍ਰਿਤ ਕਾਵਿਕ ਅਤੇ ਸੁਰਮਈ ਅੰਦਾਜ਼ ਵਿੱਚ ਪੰਜਾਬ ਦੀ ਸਮਕਾਲੀ ਸਥਿਤੀ ਬਾਰੇ ਲਿਖਦੀ ਹੈ, ਜਿਸ ਨਾਲ ਸਮਕਾਲੀ ਰਾਜਨੀਤਿਕ ਕਿੰਨਾ ਸਚਾਰੂ ਹੈ ਉਸ ਦਾ ਵੀ ਗਿਆਨ ਹੋ ਜਾਂਦਾ ਹੈ:

*ਦੋ ਪੱਤੀਆਂ ਗੁਲਾਬ ਦੀਆਂ*
*ਅੱਖਰਾਂ 'ਚੋਂ ਅੱਗ ਸਿੰਮਦੀ*
*ਆਈਆਂ ਖ਼ਬਰਾਂ ਪੰਜਾਬ ਦੀਆਂ* (*ਨੀਲਿਆ ਮੋਰਾ ਵੇ...* 82)

ਹਥਲੇ ਖੋਜ ਕਾਰਜ ਦਾ ਸੰਬੰਧ 2000 ਈ. ਤੋਂ ਬਾਅਦ ਦੀ ਸਮਕਾਲੀ ਪੰਜਾਬੀ ਕਵਿਤਾ ਦੇ ਸੰਦਰਭ ਵਿੱਚ ਹੈ। ਸਾਹਿਤਕ ਪੱਖੋਂ ਸਮਕਾਲੀ ਦੌਰ ਦਾ ਇਹ ਸਮਾਂ ਬਹੁ-ਪਰਤੀ ਅਤੇ ਬਹੁ-ਨਾਦੀ ਭਾਵ ਵਾਲਾ ਹੈ। ਵਰਤਮਾਨ ਦੌਰ ਨੂੰ ਵਿਸ਼ਵੀਕਰਨ, ਮੰਡੀਕਰਨ, ਉਦਾਰੀਕਰਨ ਜਿਹੇ ਹੋਰ ਕਈ ਲੁਭਾਵਣੇ ਵਿਸ਼ਲੇਸ਼ਣਾਂ ਨਾਲ ਵੀ ਸੰਬੋਧਿਤ ਕੀਤਾ ਜਾਂਦਾ ਹੈ। ਜੇਕਰ ਇੱਕੀਵੀਂ ਸਦੀ ਦੇ ਪਹਿਲੇ ਦਹਾਕਿਆਂ ਦੀ ਗੱਲ ਕਰੀਏ ਤਾਂ ਇਤਿਹਾਸਕ ਪੱਖ ਤੋਂ ਇਹ ਸਮਾਂ ਤੀਖਣ ਅਤੇ ਹੈਰਾਨੀਜਨਕ ਤਬਦੀਲੀਆਂ ਦਾ ਸਮਾਂ ਹੈ "*ਪ੍ਰਸਿੱਧ ਹਿੰਦੀ ਚਿੰਤਕ ਡਾ. ਮੈਨੇਜਰ ਪਾਂਡੇ ਵਿਅੰਗ ਭਾਵ ਨਾਲ ਇਸ ਸਮੇਂ ਨੂੰ 'ਅਕਾਲ ਬੇਲਾ' ਕਹਿੰਦੇ ਹਨ।* "(*ਇਸ ਅਕਾਲ ਬੇਲਾ ਮੈਂ* 21) ਸਾਹਿਤ ਅਤੇ ਰਾਜਨੀਤੀ ਦੇ ਆਪਸੀ ਸੰਬੰਧਾਂ ਬਾਰੇ ਸਾਹਿਤਕ ਵਿਦਵਾਨਾਂ ਵਿੱਚ ਆਪਸ 'ਚ ਤਿੱਖੇ ਸੰਵਾਦ ਦੀ ਸਥਿਤੀ ਹੈ। ਰੂਪਵਾਦੀ ਸਾਹਿਤ ਚਿੰਤਨ ਦੇ ਆਲੋਚਕ ਸਾਹਿਤ ਦੀ ਖ਼ੁਦ-ਮੁਖ਼ਤਿਆਰੀ ਉੱਪਰ ਜ਼ੋਰ ਦਿੰਦੇ ਹਨ ਜਦਕਿ ਦੂਜੇ ਪਾਸੇ ਸਮਾਜਵਾਦੀ ਜਾਂ ਮਾਕਸਵਾਦੀ ਚਿੰਤਕ ਸਾਹਿਤ ਅਤੇ ਸਮਾਜ ਦੇ ਪਰਸਪਰ ਸੰਬੰਧਾਂ ਦੇ ਵਿਚਾਰ ਦੀ ਪ੍ਰੋੜਤਾ ਕਰਦੇ ਹੋਏ ਇਸ ਨੂੰ ਪਰਸਪਰ ਸੰਵਾਦ ਦਾ ਨਤੀਜਾ ਮੰਨਦੇ ਹਨ। ਡਾ. ਸੁਖਦੇਵ ਸਿੰਘ ਇਸ ਸੰਬੰਧੀ ਲਿਖਦੇ ਹਨ:

> *ਸਾਹਿਤ ਕਲਾ, ਇਤਿਹਾਸ, ਸਮਾਜ, ਰਾਜਨੀਤੀ ਅਤੇ ਵਿਚਾਰਧਾਰਾ ਆਦਿ ਤੋਂ ਸੁਤੰਤਰ ਜਾਂ ਉਦਾਸੀਨ ਨਹੀਂ ਰਹਿ ਸਕਦਾ। ਮਾਰਕਸਵਾਦੀ ਚਿੰਤਨ ਸਾਹਿਤ ਸਿਰਜਣਾ ਦੇ ਅਮਲ ਨੂੰ ਮਨੁੱਖ ਦੀ ਇਤਿਹਾਸਿਕ ਸਮਾਜਿਕ ਲੋੜ ਦੀ ਉਪਜ ਮੰਨਦੇ ਹਨ।*

(*ਆਧੁਨਿਕ ਪੰਜਾਬੀ ਕਵਿਤਾ ਦਾ ਕਾਵਿ ਸ਼ਾਸਤਰ* ੫)

ਇਹ ਕਥਨ ਬਿਲਕੁਲ ਸਹੀ ਹੈ ਕਿ, ਸਾਹਿਤ ਦਾ ਸਮਾਜ ਉੱਪਰ ਪ੍ਰਭਾਵ ਬਹੁ-ਪੱਖੀ ਹੁੰਦਾ ਹੈ। ਸਾਹਿਤ ਸਮਾਜ ਅਤੇ ਲੋਕਧਾਰਾ ਵਿਚੋਂ ਮੁੱਢਲੇ ਅਤੇ ਖਿੰਡੇ ਵਿਚਾਰਾਂ ਨੂੰ ਸੰਗਠਿਤ ਕਰਕੇ ਸਮਾਜ ਲਈ ਇਸ ਢੰਗ ਨਾਲ ਪੇਸ਼ ਕਰਦਾ ਹੈ ਕਿ ਇਹ ਸਮਾਜ ਲਈ ਨਵੀਨ ਅਤੇ ਸਕਾਰਾਤਮਕ ਵਿਚਾਰਾਂ ਦੀ ਪੇਸ਼ਕਾਰੀ ਸਿੱਧ ਹੁੰਦੀ ਹੈ। ਸਮਾਜ ਸਦਾ ਸਥਿਰ ਰਹਿਣ ਦੀ ਥਾਂ, ਹਰ ਸਮੇਂ ਗਤੀਸ਼ੀਲ ਰਹਿੰਦਾ ਹੈ ਅਤੇ ਸਾਹਿਤ ਇਸ ਪਰਿਵਰਤਨ ਦੀ ਗਤੀ ਨੂੰ ਤੇਜ਼ ਕਰਦਾ ਹੈ ਜਿਵੇਂ ਪੰਜਾਬ ਵਿੱਚ ਗੁਰੂ ਨਾਨਕ ਦੇਵ ਦੀ ਬਾਣੀ ਨੇ ਕੇਵਲ ਨਾ ਇੱਕ ਨਵੇਂ ਧਰਮ ਦੀ ਨੀਂਹ ਰੱਖੀ ਸਗੋਂ ਸਮੁੱਚੇ ਪੰਜਾਬੀ ਸਮਾਜ ਦੀ ਜੀਵਨ ਜਾਂਚ ਬਦਲ ਦਿੱਤੀ। ਇਹ ਪਰੰਪਰਾ ਪਹਿਲੇ ਅਤੇ ਦੂਜੇ ਗੁਰੂ ਸਾਹਿਬਾਨ ਦੀ ਬਾਣੀ ਨਾਲ ਸਾਹਿਤਕ ਪਰੰਪਰਾ ਦੇ ਰੂਪ ਵਿੱਚ ਸ਼ੁਰੂ ਹੋਈ ਅਤੇ ਇੱਕ ਵੱਡੀ ਸਮਾਜਿਕ ਲਹਿਰ ਦਾ ਰੂਪ ਧਾਰਦੀ ਹੋਈ, ਅੱਗੇ ਵੱਧ ਕੇ ਰਾਜਨੀਤਿਕ ਰੂਪ ਅਖ਼ਤਿਆਰ ਕਰਕੇ ਵਿਦੇਸ਼ੀ ਜ਼ਬਰ ਮੁਗਲ ਸਾਮਰਾਜ ਨੂੰ ਵੰਗਾਰਨਾ ਸ਼ੁਰੂ ਕਰ ਦਿੰਦੀ ਹੈ। ਇਸ ਪ੍ਰਕਾਰ ਸਾਹਿਤ ਅਤੇ ਸਮਾਜ ਦਾ ਆਪਸੀ ਪਰਸਪਰ ਬਹੁਤ ਗੂੜ੍ਹਾ ਸੰਬੰਧ ਹੈ। ਸਾਹਿਤ ਸਮਾਜ ਵਿੱਚੋਂ ਪੈਦਾ ਹੋ ਕੇ ਸਮਾਜ ਨੂੰ ਪ੍ਰਭਾਵਿਤ ਕਰਨ ਦਾ ਕੰਮ ਕਰਦਾ ਹੈ। ਕਵਿਤਾ ਸਾਹਿਤ ਦੀ ਅਜਿਹੀ ਪ੍ਰਮੁੱਖ ਵਿਧਾ ਹੈ, ਜੋ ਹੋਰ ਸਾਹਿਤ ਰੂਪਾਂ ਦੇ ਮੁਕਾਬਲੇ ਮਨੁੱਖੀ ਭਾਵਾਂ ਦੇ ਜ਼ਜ਼ਬਿਆਂ ਦੀ ਤਰਜ਼ਮਾਨੀ ਕਵਿਤਾ ਵਧੇਰੇ ਸਸ਼ਕਤ ਢੰਗ ਨਾਲ ਤੇ ਫੌਰੀ ਰੂਪ ਵਿੱਚ ਕਰਦੀ ਹੈ। ਡਾ. ਜਸਵਿੰਦਰ ਸਿੰਘ ਦੇ ਮੁਤਾਬਕ:

> *ਕਵਿਤਾ... ਨਵੀਨ ਯੁੱਗ ਵੰਗਾਰਾਂ ਨੂੰ ਮੁਖ਼ਾਤਬ ਹੋਣ ਵਾਲਾ ਸਭ ਤੋਂ ਫੌਰੀ, ਆਪਮੁਹਾਰਾ, ਭਾਵੁਕ ਛੋਹਾਂ ਵਾਲਾ ਸਾਹਿਤ ਸੰਚਾਰ ਹੋਣ ਕਾਰਨ ਹਰੇਕ ਵੇਗਵਾਨ ਸਥਿਤੀ ਨੂੰ ਮੁਖ਼ਾਤਬ ਹੋਣ ਦੇ ਸਮਰੱਥ ਹੁੰਦਾ ਹੈ।* (*ਨਵੀਂ ਪੰਜਾਬੀ ਕਵਿਤਾ :ਪਛਾਣ ਚਿੰਨ੍ਹ* 6)

ਇਸ ਤਰ੍ਹਾਂ ਕਵਿਤਾ ਸਾਹਿਤਕ ਕਲਾ ਦਾ ਉਹ ਰੂਪ ਹੈ ਜੋ ਸਮਕਾਲੀ ਦੌਰ ਵਿੱਚ ਕਿਸੇ ਵੀ ਖੇਤਰ ਵਿੱਚ ਹੋਏ ਪਰਿਵਰਤਨ ਨੂੰ ਫੌਰੀ ਅਤੇ ਭਾਵਨਾਤਮਕ ਰੂਪ ਵਿੱਚ ਸਮਾਜ ਵਿੱਚੋਂ ਗ੍ਰਹਿਣ ਕਰਦੇ ਹੋਏ, ਉਹਨਾਂ ਅਨੁਭਵਾਂ ਨੂੰ ਕਲਾਤਮਿਕ ਅਤੇ ਭਾਵਨਾਤਮਕ ਰੂਪ ਨਾਲ ਪੇਸ਼ ਕਰਕੇ ਸਮਾਜ ਨੂੰ ਇੱਕ ਚੰਗੀ ਸੇਧ ਦਿੰਦਾ

ਹੋਇਆ ਚੰਗੇਰੇ ਭਵਿੱਖ ਦੀ ਸਿਰਜਣਾ ਕਰਦਾ ਹੈ। ਸਾਹਿਤ ਆਪਣੇ ਸਮੇਂ ਦੀ ਰਾਜਨੀਤੀ ਵਿਚਾਰਧਾਰਾ ਤੋਂ ਪ੍ਰਭਾਵਿਤ ਵੀ ਹੁੰਦਾ ਹੈ ਕਿਉਂਕਿ ਸਾਹਿਤਕਾਰ ਸਮਾਜ ਵਿੱਚੋਂ ਅਨੁਭਵ ਗ੍ਰਹਿਣ ਕਰਦਾ ਹੈ ਅਤੇ ਉਸੇ ਦੀ ਅਭਿਵਿਕਤੀ ਕਰਦਾ ਹੈ। ਸਾਹਿਤ ਅਤੇ ਰਾਜਨੀਤੀ ਦੇ ਆਪਸੀ ਸੰਬੰਧਾਂ ਦੀ ਧਾਰਨਾ ਬਾਰੇ ਹਾਵਰਡ ਫਾਸਟ ਲਿਖਦੇ ਹਨ:

*ਕਲਾ ਦਾ ਰਾਜਨੀਤੀ ਤੋਂ ਨਿਖੇੜਾ ਉਹਨਾ ਹੀ ਘਟੀਆ ਹੈ, ਜਿਨ੍ਹਾਂ ਕਲਾ ਦਾ ਸ਼ਬਦ ਤੋਂ, ਕਿਉਂਕਿ ਰਾਜਨੀਤੀ ਸਮਾਜਿਕ ਯਥਾਰਥ ਦਾ ਸਭ ਤੋਂ ਮਹੱਤਵਪੂਰਨ ਅੰਗ ਹੈ।*

(ਡਾ. ਸੁਖਦੇਵ ਸਿੰਘ, *ਆਧੁਨਿਕ ਪੰਜਾਬੀ ਕਵਿਤਾ ਦਾ ਕਾਵਿ ਸ਼ਾਸਤਰ* ੫)

ਜੇਕਰ ਰਾਜਨੀਤੀ ਦੀ ਗੱਲ ਕਰਦੇ ਹਾਂ ਤਾਂ ਇਸ ਦਾ ਮੁੱਖ ਉਦੇਸ਼ ਸ਼ਾਤੀ ਅਤੇ ਵਿਵਸਥਾ ਨੂੰ ਸਥਾਪਿਤ ਕਰਨਾ ਹੈ। ਸ਼ਾਂਤੀ ਆਪਣੇ ਆਪ ਵਿੱਚ ਇੱਕ ਬਹੁਤ ਵੱਡੀ ਬਖ਼ਸ਼ਿਸ਼ ਹੈ, ਸ਼ਾਂਤ ਅਤੇ ਸੁਰੱਖਿਆ ਮਾਹੌਲ ਹੀ ਮਨੁੱਖ ਨੂੰ ਪਰਿਵਾਰਕ ਜੀਵਨ ਦਾ ਸੁੱਖ ਮਾਨਣ ਦਾ ਅਵਸਰ ਪ੍ਰਦਾਨ ਕਰਦਾ ਹੈ। ਸ਼ਾਂਤ ਚੌਗਿਰਦਾ ਹੀ ਮਨੁੱਖ ਨੂੰ ਕਾਰੋਬਾਰੀ ਰੁਚੀ ਅਤੇ ਖੁਸ਼ਹਾਲੀ ਦਾ ਅਵਸਰ ਪ੍ਰਦਾਨ ਕਰਦਾ ਹੈ। ਸ਼ਿਲਪ-ਕਲਾ, ਕਾਰਾਗਰੀ, ਉਦਯੋਗ, ਵਪਾਰ, ਕਿਸਾਨੀ ਸਭ ਅਸ਼ਾਂਤ ਚੌਗਿਰਦੇ ਵਿੱਚ ਪਸਰ ਨਹੀਂ ਸਕਦੇ। ਪੰਜਾਬ ਆਪਣੀ ਭੂਗੋਲਿਕ ਸਥਿਤੀ ਕਾਰਨ ਯੁੱਧ ਭੂਮੀ ਰਿਹਾ ਹੈ। ਰਾਜਨੀਤਿਕ ਪੱਖ ਤੋਂ ਜਿੰਨੇ ਉਤਰਾਅ-ਚੜ੍ਹਾਅ ਪੰਜਾਬ ਦੀ ਭੂਮੀ ਨੇ ਹੰਡਾਏ ਉਸਦੀ ਤੁਲਨਾ ਸ਼ਾਇਦ ਕਿਸੇ ਹੋਰ ਭੂਮੀ ਨਾਲ ਨਹੀਂ ਕੀਤੀ ਜਾ ਸਕਦੀ। ਸਮਕਾਲੀ ਪੰਜਾਬੀ ਸ਼ਾਇਰਾਂ ਨੇ ਅਜਿਹੇ ਸਮਕਾਲੀ ਦੌਰ ਦੇ ਪ੍ਰਸੰਗ ਨੂੰ ਨਿਰ-ਸੰਕੋਚ ਆਪਣੀਆਂ ਕਵਿਤਾਵਾਂ ਵਿੱਚ ਪੇਸ਼ ਕੀਤਾ ਹੈ। ਕਵੀ ਗੁਰਤੇਜ ਕੋਹਾਰਵਾਲਾ ਆਪਣੀਆਂ ਕਾਵਿ-ਸਤਰਾਂ ਵਿੱਚ ਇਹ ਸਪੱਸ਼ਟ ਕਰਦੇ ਹਨ, ਕਿ ਅਜੋਕੇ ਸੰਦਰਭ ਦੀ ਰਾਜਨੀਤੀ ਭ੍ਰਿਸ਼ਟਤਾ ਅਤੇ ਧੋਖਾਧੜੀ ਦੀ ਰਾਜਨੀਤੀ ਹੈ। ਸੱਤਾ ਦੀ ਪ੍ਰਾਪਤੀ ਲਈ ਰਾਜ-ਨੇਤਾ ਆਪਣੇ ਇਮਾਨ ਤੋਂ ਡਿੱਗ ਅਣ-ਮਾਨਵੀ ਅਤੇ ਅਨੈਤਿਕ ਤੌਰ ਤਰੀਕਿਆਂ ਦਾ ਇਸਤੇਮਾਲ ਕਰਦੇ ਹਨ। ਕੁਰਸੀ ਦੇ ਲਾਲਚ ਲਈ ਨਸ਼ਾਖੋਰੀ, ਧੋਖਾਧੜੀ, ਵਿਰੋਧੀ ਤੇ ਕਿੱਚੜ ਉਛਾਲਣ ਤੋਂ ਇਲਾਵਾ ਕਤਲ ਵਰਗੀਆਂ ਵਾਰਦਾਤਾਂ ਨੂੰ ਵੀ ਅੰਜਾਮ ਦੇਣ ਤੋਂ ਸੰਕੋਚ ਨਹੀਂ ਕਰਦੇ ਹਨ।

**ਨਵੀਆਂ ਰਾਜਨੀਤਿਕ ਪਾਰਟੀਆਂ ਦਾ ਜਨਮ ਅਤੇ ਧੜ੍ਹੇ ਬੰਦੀ:**

ਹਰੀ ਕ੍ਰਾਂਤੀ ਉਪਰੰਤ ਪੰਜਾਬ ਦੀ ਧਨੀ ਕਿਸਾਨੀ ਦਾ ਇੱਕ ਹਿੱਸਾ ਜੋ ਕਿ ਰਾਜਨੀਤੀ ਸੱਤਾ ਵਿੱਚ ਆਪਣਾ ਦਬਦਬਾ ਕਾਇਮ ਕਰਨ ਲਈ ਯਤਨਸ਼ੀਲ ਹੋਇਆ। ਜਿਸ ਨਾਲ ਸਥਾਨਕ ਸਿਆਸੀ ਪਾਰਟੀਆਂ ਤੇ ਸੰਗਠਨਾਂ ਦੇ ਮੰਚ ਸਰਗਰਮ ਹੋਏ ਹਨ। ਨਵੇਂ-ਨਵੇਂ ਖੁਸ਼ਹਾਲ ਹੋਏ ਇਸ ਵਰਗ ਨੇ ਸੱਤਾ 'ਚ ਬਣਦਾ ਹਿੱਸਾ ਲੈਣ ਲਈ ਨਵੀਂ ਰਣਨੀਤੀ ਘੜੀ, ਭਾਰਤ ਦੀ ਕੇਂਦਰੀ ਸਰਕਾਰ ਉੱਪਰ ਆਰਥਿਕਤਾ ਉਦਯੋਗਿਕ ਵਿਕਾਸ ਪੱਖੋਂ ਪੰਜਾਬ ਨਾਲ ਵਿਤਕਰੇ ਦੇ ਪ੍ਰਸ਼ਨ ਨੂੰ ਉਭਾਰੇ। ਜਿਸ ਦੇ ਨਤੀਜੇ ਵਜੋਂ ਕੇਂਦਰ ਤੇ ਸਥਾਨਕਤਾ ਦੇ ਵਿਰੋਧ ਉੱਭਰੇ। ਪ੍ਰਮਾਣ ਸਰੂਪ ਪੰਜਾਬ ਵਿੱਚ ਅਕਾਲੀ ਦਲ ਵੱਲੋਂ ਅਨੰਦਪੁਰ ਦਾ ਮਤਾ, ਸੂਬਿਆਂ ਦੀ ਖ਼ੁਦ-ਮੁਖ਼ਤਿਆਰੀ ਅਤੇ ਕੇਂਦਰ ਦੇ ਸਥਾਨਕ ਸਰਕਾਰਾਂ ਦੇ ਸੰਬੰਧਾਂ ਦੇ ਮਾਮਲੇ ਉੱਭਰੇ। ਪਾਣੀਆਂ ਦੀ ਵੰਡ ਅਤੇ ਪੰਜਾਬੀ ਬੋਲਦੇ ਇਲਾਕਿਆਂ ਦਾ ਝਗੜਾ ਆਦਿ ਮੁੱਦੇ ਵੀ ਇਸ ਨਾਲ ਜੁੜੇ ਹਨ। ਸਮਕਾਲੀ ਪੰਜਾਬੀ ਕਵਿਤਾ ਵਿੱਚ ਇਸ ਸੰਬੰਧੀ ਅਨੇਕਾਂ ਪ੍ਰਮਾਣ ਮਿਲਦੇ ਹਨ, ਜਿਵੇਂ ਉਹ ਕਹਿੰਦਾ ਹੈ:

*ਫ਼ਸਲਾਂ ਉਦਾਸ ਹੋਈਆਂ, ਬੂਟੇ ਉਦਾਸ ਹੋਏ,*

*ਤਕ ਚਿਰ ਦੇ ਪਿਆਸਿਆਂ ਨੂੰ ਪਾਣੀ ਬਹੁਤ ਹੀ ਹੋਏ*

(ਸੁਰਜੀਤ ਪਾਤਰ, *ਲਫ਼ਜ਼ਾਂ ਦੀ ਦਰਗਾਹ* 41)

*ਜੋ ਕਦੇ ਸਨ ਤੇਜ਼ ਦਰਿਆਵਾਂ ਦੇ ਵਾਂਗੂ ਸੂਕਦੇ।*

*ਕੁਰਸੀਆਂ ਦੇ ਥਲ 'ਚ ਪਹੁੰਚਣ ਸਾਰ ਗੂੰਗੇ ਹੋ ਗਏ।*

*ਸਰਦਲਾਂ ਤੱਕ ਆ ਗਿਆ ਬਾਰਿਸ਼ ਦਾ ਪਾਣੀ ਪਰ ਅਸੀਂ,*

*ਕੱਪੜੇ ਭਿੱਜਣ ਤੋਂ ਡਰਦੇ ਅੰਦਰੀਂ ਬੈਠੇ ਰਹੇ।*

(ਗੁਰਤੇਜ਼ ਕੋਹਾਰਵਾਲਾ, *ਪਾਣੀ ਦਾ ਹਾਸ਼ੀਆ* 29)

ਸੱਤਾ ਪ੍ਰਾਪਤੀ ਦੀ ਲਾਲਸਾ ਦੇ ਉਪਦੇਸ਼ ਹਿੱਤ ਪੰਜਾਬ ਵਿੱਚ ਸਥਾਨਕ ਪਾਰਟੀਆਂ ਨੇ ਪਾਣੀਆਂ ਦੀ ਵੰਡ ਅਤੇ ਪੰਜਾਬੀ ਬੋਲਦੇ ਇਲਾਕਿਆਂ ਦਾ ਝਗੜਾ ਆਦਿ ਮੁੱਦਿਆਂ ਨੂੰ ਹਵਾ ਦਿੱਤੀ ਆਮ ਜਨਤਾ ਦੀ ਵਾਹ-

ਵਾਈ ਖੱਟਣ ਖ਼ਾਤਰ ਪੰਜਾਬ ਦੇ ਸ਼ਾਂਤਮਈ ਮਾਹੌਲ ਨੂੰ ਗਰਮਾਇਆ, ਜਿਸ ਨਾਲ ਪੰਜਾਬ ਦੀ ਏਕਤਾ ਤੇ ਭਾਈਚਾਰੇ 'ਤੇ ਕਾਫ਼ੀ ਬੁਰਾ ਪ੍ਰਭਾਵ ਪਿਆ। ਇਸੇ ਸੰਦਰਭ ਵਿੱਚ ਪੰਜਾਬੀ ਸ਼ਾਇਰਾ ਸੁਖਵਿੰਦਰ ਅੰਮ੍ਰਿਤ ਦੀਆਂ ਸਤਰਾਂ ਦੇਖੀਆਂ ਜਾ ਸਕਦੀਆਂ ਹਨ:

*ਪੰਜ ਆਬ ਹੋਏ ਜ਼ਹਿਰੀਲੇ*

*ਸਾਵੇ ਸੁਪਨੇ ਪੈ ਗਏ ਪੀਲੇ*

*ਪੌਣਾਂ ਦੇ ਸਾਹ ਟੁੱਟਣ ਲੱਗੇ*

*ਧਰਤੀ ਦੇ ਅੰਦਰ ਹੋਵੇ ਨੀਲੇ*

*ਹੌਲ਼ੀ ਹੌਲ਼ੀ ਮੱਠੀ ਪੈ ਗਈ*

*ਪੰਜਾਂ ਦੀ ਹੀ ਆਬ*

*ਮੇਰਾ ਕਿੱਥੇ ਗਿਆ ਪੰਜਾਬ* (*ਨੀਲਿਆ ਮੋਰਾ ਵੇ...* 60)

ਇਸਦੇ ਨਾਲ ਹੀ ਕਵੀ ਸੁਰਜੀਤ ਪਾਤਰ ਪੰਜਾਬ ਦੇ ਮੌਜੂਦਾ ਹਾਲਾਤਾਂ ਨੂੰ ਆਪਣੀ ਹੇਠਲੀਆਂ ਸਤਰਾਂ ਵਿਚ ਬਾਖ਼ੂਬੀ ਪੇਸ਼ ਕਰਦੇ ਹਨ:

*ਮਾਤਮ*

*ਹਿੰਸਾ*

*ਖ਼ੌਫ਼*

*ਬੇਬਸੀ ਤੇ ਅਨਿਆਂ*

*ਇਹ ਨੇ ਅੱਜ ਕੱਲ੍ਹ*

*ਮੇਰੇ ਪੰਜਾਂ ਦਰਿਆਵਾਂ ਦੇ ਨਾਂ*

*ਜੋ ਹੁੰਦੇ ਸਨ*

*ਸਤਲੁਜ*

*ਬਿਆਸ*

*ਰਾਵੀ*

*ਜਿਹਲਮ ਤੇ ਝਨਾਂ*

(*ਚੰਨ ਸੂਰਜ ਦੀ ਵਹਿੰਗੀ* 17)

1965 ਵਿੱਚ ਭਾਰਤ-ਪਾਕਿਸਤਾਨ ਜੰਗ ਤੋਂ ਬਾਅਦ, ਭਾਰਤ ਸਰਕਾਰ ਨੇ ਪੰਜਾਬ ਨੂੰ ਵੰਡਕੇ ਸਿੱਖ ਮਿਜੌਰਟੀ ਪੰਜਾਬ ਸੂਬਾ ਕਾਇਮ ਕੀਤਾ ਅਤੇ ਬਾਕੀ ਖੇਤਰ ਹਿਮਾਚਲ ਪ੍ਰਦੇਸ਼ ਅਤੇ ਹਰਿਆਣਾ ਵਿੱਚ ਵੰਡ ਦਿੱਤੇ। ਇਸ ਵੰਡ ਦੇ ਬਾਅਦ ਸਿਆਸਤਦਾਨਾਂ ਨੇ ਸੂਬਿਆਂ ਲਈ ਜ਼ਿਆਦਾ ਖ਼ੁਦ-ਇਖ਼ਤਿਆਰੀ ਮੰਗ ਕਰਨੀ ਸ਼ੁਰੂ ਕਰ ਦਿੱਤੀ। ਇਸੇ ਦੌਰਾਨ '*ਅਕਾਲੀ ਦਲ ਨੇ ਇੱਕ ਅਜ਼ਾਦ ਸਿੱਖ ਮੁਲਕ ਦੀ ਮੰਗ ਦਾ ਜ਼ਾਹਰੀ ਮੁਖ਼ਾਲਫ਼ ਸਨ ਪਰ ਇਹਨਾਂ ਵੱਲੋਂ ਚੁੱਕੇ ਮਸਲਿਆਂ ਨੂੰ ਖ਼ਾਲਿਸਤਾਨ ਦੇ ਹਮਾਇਤੀਆਂ ਵਲੋਂ ਇੱਕ ਵੱਖਰੇ ਦੇਸ਼ ਦੀ ਕਾਇਮੀ ਲਈ ਪਹਿਲ ਸਮਝਿਆ ਗਿਆ ਸੀ।*'[8] ਵੱਖਵਾਦੀ ਲਹਿਰਾਂ ਤੋਂ ਪੈਦਾ ਹੋਈ ਭਾਰਤ ਸਰਕਾਰ ਨੇ ਸਿੱਖ ਨੌਜਵਾਨਾਂ ਪ੍ਰਤੀ ਅਵਿਸ਼ਵਾਸ ਕਾਰਨ ਉਹਨਾਂ ਲਈ ਫੌਜ ਦਾ ਕੋਟਾ ਵੀ ਸਿਮਟ ਗਿਆ, ਜਿਸ ਉਪਰੰਤ ਨੌਜਵਾਨਾਂ ਨੇ ਪਰਵਾਸ ਦਾ ਰਾਸਤਾ ਅਪਣਾਇਆ। ਜ਼ਿਆਦਾ ਗੈਰ ਕਾਨੂੰਨੀ ਪ੍ਰਵਾਸ ਕਾਰਨ ਪੱਛਮ ਵਿੱਚ ਵੀਜ਼ੇ ਦੀਆਂ ਸ਼ਰਤਾਂ ਸਖ਼ਤ ਹੋ ਗਈਆਂ। ਇਸ ਦੇ ਬਾਵਜੂਦ ਪੰਜਾਬੀ ਨੌਜਵਾਨਾਂ ਦਾ ਹਜੂਮ ਹਰ ਥਾਂ ਤੇ ਹੱਥ ਕੰਡੇ ਵਰਤ ਕੇ ਪੱਛਮ ਦੀ ਖਾੜੀ ਮੁਲਕਾਂ ਵਿੱਚ ਜਾਣ ਲਈ ਮਜ਼ਬੂਰ ਹੋਇਆ। ਅਸਾਮੀ ਆਰਥਿਕਤਾ ਤੇ ਪੂੰਜੀ ਆਧਾਰਿਤ ਵਿਕਾਸ ਨੇ ਮਨੁੱਖ ਦੇ ਸੁਪਨਿਆਂ ਨੂੰ ਕਿਸ ਕਦਰ ਰੌਂਦ ਦਿੱਤਾ, ਇਸ ਦਾ ਪ੍ਰਮਾਣ ਸੁਰਜ਼ਮੀਨ ਸੰਗ੍ਰਹਿ ਦੇ ਇਨ੍ਹਾਂ ਸ਼ਿਅਰਾਂ 'ਚੋਂ ਮਿਲ ਜਾਂਦਾ ਹੈ:

*ਮੈਂ ਬਣਾਵਾਂਗਾਂ ਹਜ਼ਾਰਾਂ ਵੰਝਲੀਆਂ ਮੈਂ ਸੋਚਿਆ ਸੀ*

*ਦੇਖਿਆ ਤਾਂ ਦੂਰ ਤੱਕ ਬਾਂਸ ਦਾ ਜੰਗਲ ਜਲ ਰਿਹਾ ਸੀ*

---

8 https://pa.wikipedia.org/wiki/%E0%A8%96%E0%A8%BE%E0%A8%B2%E0%A8%BF%E0%A8%B8%E0%A8%A4%E0%A8%BE%E0%A8%A8_%E0%A8%B2%E0%A8%B9%E0%A8%BF%E0%A8%B0

(*ਸੁਰਜੀਤ ਪਾਤਰ,* 21)

ਅਜੋਕੇ ਪੰਜਾਬ ਦੀ ਮਾੜੀ ਰਾਜਨੀਤਿਕ ਹਾਲਤ ਕਾਰਨ ਵਿਦੇਸ਼ਾਂ ’ਚ ਰੁਲਦੇ ਪੰਜਾਬੀ ਨੌਜਵਾਨਾਂ ਦੇ ਦੁਖਾਂਤ ਦਾ ਸੰਕੇਤ ਭਰਪੂਰ ਮਾਤਰਾ ਵਿੱਚ ਵੇਖਿਆ ਜਾ ਸਕਦਾ ਹੈ ਕਿ ਕਿਵੇਂ ਗੈਰਕਾਨੂੰਨੀ ਪਰਵਾਸ ਨੇ ਪੰਜਾਬੀ ਮਾਪਿਆਂ ਦੇ ਨੌਜਵਾਨ ਪੁੱਤਰਾਂ ਨੂੰ ਮਾਲਟਾ ਕਾਂਡ ਵਰਗੇ ਹਾਦਸਿਆਂ ਵਿੱਚ ਰੂੰ ਦਾ ਸੰਤਾਪ ਭੋਗਣ ਲਈ ਮਜ਼ਬੂਰ ਕਰ ਦਿੱਤਾ ਹੈ। ਪੰਜਾਬੀ ਮਾਨਸਿਕਤਾ ਦੇ ਗਹਿਰੇ ਜ਼ਖ਼ਮਾਂ ਦਾ ਖੁਲਾਸਾ ਸਮਕਾਲੀ ਪੰਜਾਬੀ ਕਵਿਤਾ ਦੇ ਇਨ੍ਹਾਂ ਸ਼ਿਅਰਾਂ ਤੋਂ ਹੋ ਜਾਂਦਾ ਹੈ:

*ਪਲਕਾਂ ਵੀ ਖ਼ੂਬ ਲੰਮੀਆਂ, ਕੱਜਲਾ ਵੀ ਖ਼ੂਬ ਪਰ,*

*ਉਹ ਤੇਰੇ ਸੋਹਣੇ ਨੈਣ ਦਾ ਸੁਪਨਾ ਕਿਧਰ ਗਿਆ*

(ਸੁਰਜੀਤ ਪਾਤਰ, *ਸੁਰਜ਼ਮੀਨ* 24)

*ਹਥਿਆਰ ਬੋਲਦੇ ਸੀ ਤੇ ਸ਼ਾਇਰ ਖ਼ਾਮੋਸ਼ ਸਨ*

*ਰਹਿਬਰ ਭਟਕ ਗਏ ਤੇ ਮਸੀਹਾ ਬਿਮਾਰ ਸੀ*

*ਕਬਰਾਂ ’ਚ ਚਹਿਲ ਪਹਿਲ ਸੀ, ਗਲੀਆਂ ਸੀ ਸੁੰਨੀਆਂ*

*ਸਿਵਿਆਂ ’ਚ ਲੋ ਸੀ ਹੋਰ ਹਰ ਥਾਂ ਅੰਧਕਾਰ ਸੀ*

(*ਲਫ਼ਜ਼ਾਂ ਦੀ ਦਰਗਾਹ,* 58)

**ਰਾਜਨੀਤਿਕ ਭ੍ਰਿਸ਼ਟਾਚਾਰ:**

ਭ੍ਰਿਸ਼ਟਾਚਾਰ ਸ਼ਬਦ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ ‘ਭ੍ਰਿਸ਼ਟ’ ਅਤੇ ‘ਆਚਾਰ’ ਜਿਸ ਤੋਂ ਭਾਵ ਹੈ ‘ਅਨੈਤਿਕ, ਡਿਗਿਆ ਹੋਇਆ’ ਅਤੇ ਆਚਾਰ ਤੋਂ ਭਾਵ ਹੈ ‘ਵਿਵਹਾਰ’ ਇਸ ਤਰ੍ਹਾਂ ਭ੍ਰਿਸ਼ਟਾਚਾਰ ਦਾ ਅਰਥ ਹੈ ਅਨੈਤਿਕ ਜਾਂ ਡਿੱਗਾ ਹੋਇਆ ਵਿਹਾਰ। ਵਿਕੀਪੀਡੀਆ-ਵਿਸ਼ਵਗਿਆਨਕੋਸ਼ ਅਨੁਸਾਰ: ‘ *ਦਾਰਸ਼ਨਿਕ ਮਤ ਅਨੁਸਾਰ ਆਤਮਕ ਜਾਂ ਨੈਤਿਕ ਅਸ਼ੁੱਧਤਾ ਜਾਂ ਆਦਰਸ਼ ਤੋਂ ਵਿੱਚਲਨ ਨੂੰ ਭ੍ਰਿਸ਼ਟਾਚਾਰ ਆਖਿਆ ਜਾਂਦਾ*

*ਹੈ।*[9] ਰਾਜਨੀਤਿਕ ਭ੍ਰਿਸ਼ਟਾਚਾਰ ਤੋਂ ਭਾਵ ਕਿਸੇ ਵੀ ਸਰਕਾਰੀ ਜਾਂ ਗੈਰ-ਸਰਕਾਰੀ ਅਧਿਕਾਰੀ ਦੁਆਰਾ ਅਨੈਤਿਕ ਤੌਰ ’ਤੇ ਮੁਨਾਫਾ ਖੱਟਣ ਦੀਆਂ ਲੋਭੀ-ਬਿਰਤੀਆਂ ਵਿਚੋਂ ਉਪਜਦੀ ਅਪ੍ਰਾਧਿਕ ਕਿਰਿਆ ਹੈ। ਜਿਸ ਨੂੰ ਹੋਰ ਸਪਸ਼ਟ ਕਰਨ ਲਈ ਹੇਠਲੇ ਕਥਨ ’ਤੇ ਗ਼ੌਰ ਕੀਤੀ ਜਾ ਸਕਦੀ ਹੈ:

> *ਰਾਜਨੀਤੀ ਭ੍ਰਿਸ਼ਟਾਚਾਰ ਸਰਕਾਰੀ ਅਧਿਕਾਰੀਆਂ ਜਾਂ ਉਨ੍ਹਾਂ ਦੇ ਨੈੱਟਵਰਕ ਸੰਪਰਕ ਦੁਆਰਾ ਨਿੱਜੀ ਲਾਭ ਲਈ ਸ਼ਕਤੀਆਂ ਦੀ ਨਾਜਾਇਜ਼ ਵਰਤੋਂ ਕਰਨਾ ਹੈ।*[10]

ਭ੍ਰਿਸ਼ਟਾਚਾਰ ਤਤਕਾਲੀਨ ਦੌਰ ਵਿੱਚ ਰਾਜਨੀਤੀ, ਵਿਹਾਰ, ਵਿਵਹਾਰ, ਸੱਭਿਆਚਾਰ ਅਤੇ ਜੀਵਨ-ਸ਼ੈਲੀ ਦੇ ਹਰੇਕ ਵਰਤਾਰੇ ਵਿੱਚ ਫੈਲਿਆ ਹੋਇਆ ਹੈ। ਕੋਈ ਅਫ਼ਸਰ ਜਾਂ ਹੋਰ ਸਰਕਾਰੀ ਕਰਮਚਾਰੀ ਜਦੋਂ ਆਪਣੇ ਨਿੱਜੀ ਤੇ ਵਿਅਕਤੀਗਤ ਲਾਭ ਲਈ ਆਪਣੇ ਅਧਿਕਾਰਾਂ ਦੀ ਦੁਰ-ਵਰਤੋਂ ਕਰਦਾ ਹੈ, ਉਹ ਸਰਕਾਰੀ ਜਾਂ ਰਾਜਨੀਤਿਕ ਭ੍ਰਿਸ਼ਟਾਚਾਰ ਹੁੰਦਾ ਹੈ। ਆਮ ਅਰਥਾਂ ਵਿੱਚ ਆਮ ਜਨ ਜੀਵਨ ਵਿੱਚ ਪ੍ਰਵਾਨਿਤ ਮੁੱਲਾਂ ਦੇ ਉਲੰਘਣ ਨੂੰ ਭ੍ਰਿਸ਼ਟਾਚਾਰ ਸਮਝਿਆ ਜਾਂਦਾ ਹੈ। ਭ੍ਰਿਸ਼ਟਾਚਾਰ ਨੂੰ ਮੁੱਖ ਰੂਪ ਵਿੱਚ ਪੂੰਜੀਗਤ ਅਪਰਾਧ ਨਾਲ ਜੋੜ ਕੇ ਹੀ ਦੇਖਿਆ ਜਾਂਦਾ ਹੈ। ਅਜੋਕੇ ਦੌਰ ਦੀ ਤ੍ਰਾਸਦਿਕ ਹੋਣੀ ਇਹ ਹੈ ਕਿ ਪੂੰਜੀ ਹੀ ਸਮਕਾਲੀ ਸਮਾਜ ਦਾ ਮੁੱਖ ਆਧਾਰ ਬਣ ਚੁੱਕਾ ਹੈ। ਇਸ ਲਈ ਅਜੋਕੇ ਪੂੰਜੀਵਾਦੀ ਸਮਾਜ ਵਿੱਚ ਭ੍ਰਿਸ਼ਟਤਾ ਦਾ ਸਿਖ਼ਰ ’ਤੇ ਹੋਣਾ ਕੋਈ ਅਚੰਭੇ ਵਾਲੀ ਗੱਲ ਨਹੀਂ ਹੈ। ਸਮਕਾਲੀ ਰਾਜਨੀਤੀ ਇਸ ਭ੍ਰਿਸ਼ਟਾਚਾਰ ਰੂਪੀ ਕੋਹੜ ਨਾਲ ਤਹਿ ਅੰਦਰ ਤੱਕ ਗ੍ਰਹਿਸਤ ਹੈ। ਸਮਕਾਲੀ ਕਵਿਤਰੀ ਸੁਖਵਿੰਦਰ ਅੰਮ੍ਰਿਤ ਅਤੇ ਕਵੀ ਜਸਵੰਤ ਜ਼ਫ਼ਰ ਅਨੁਸਾਰ ਜਿਸ ਦਾ ਮੁੱਖ ਕਾਰਨ ਲਾਲਚ ਅਤੇ ਮਨੁੱਖੀ ਮਨਾਂ ਵਿੱਚ ਅਜਿਹੀ ਅਸ਼ਾਂਤ ਭੁੱਖ ਦਾ ਹੋਣਾ ਹੈ, ਜਿਸ ਨੂੰ ਕਦੇ ਵੀ ਨਾ ਪੂਰਨ ਹੋਣ ਦਾ ਸਰਾਪ ਮਿਲਿਆ ਹੋਇਆ ਹੈ। ਇਸੇ ਕਾਰਨ ਅਫ਼ਸਰਸ਼ਾਹੀ ਦਾ ਹਰ ਨਿੱਕੇ ਤੋਂ ਨਿੱਕੇ ਵਿਭਾਗ

---

9 https://pa.m.wikipedia.org/wiki/%E0%A8%AD%E0%A9%8D%E0%A8%B0%E0%A8%BF%E0%A8%B8%E0%A8%BC%E0%A8%9F%E0%A8%BE%E0%A8%9A%E0%A8%BE%E0%A8%B0

10 ***Political corruption*** *is the use of powers by government officials or their network contacts for illegitimate private gain.*
https://en.wikipedia.org/wiki/Political_corruption#cite_note-1 (27/2/2019)

ਦਾ ਛੋਟੇ ਤੋਂ ਛੋਟੇ ਅਫ਼ਸਰ ਤੋਂ ਲੈ ਕੇ ਵੱਡੇ ਅਫ਼ਸਰ ਤੱਕ ਆਪਣੇ ਨਿੱਜੀ ਮੁਨਾਫ਼ੇ ਲਈ ਆਪਣੇ ਇਮਾਨ ਤੋਂ ਹਾਰ ਕੇ ਇਹ ਆਰਥਿਕ ਘਟਨਾ ਨੂੰ ਅੰਜ਼ਾਮ ਦੇ ਬੈਠਦੇ ਹਨ:

*ਉਨ੍ਹਾਂ ਨੂੰ ਕੀ ਨਜ਼ਰ ਆਉਣੇ ਬਿਖਰਦੇ ਆਲ੍ਹਣੇ ਸਾਡੇ*

*ਜੋ ਇੱਕ ਕੁਰਸੀ ਲਈ ਜੰਗਲ ਹੀ ਸਾਰਾ ਦਾਅ 'ਤੇ ਲਾ ਦਿੰਦੇ*

(ਸੁਖਵਿੰਦਰ ਅੰਮ੍ਰਿਤ, *ਹਜ਼ਾਰ ਰੰਗਾਂ ਦੀ ਲਾਟ* 29)

*ਤਨਾਂ ਮਨਾਂ ਦਾ ਭੁੱਖ ਨਾਲ*

*ਰਿਸ਼ਤਾ ਆਦਿ ਅਟੁੱਟ।*

*ਭੁੱਖ ਨੂੰ ਇੱਕ ਸਰਾਪ ਹੈ ਕਿ*

*ਰਹਿਣਾ ਇਸ ਅਮੁੱਕ।।*

*ਭੁੱਖ ਨੂੰ ਪੂਰਨ ਖਾਤਰ ਆਪਣੀ*

*ਮਿੱਟੀ ਪੁੱਟਦੇ*

*ਖਾਕ ਛਾਣਦੇ*

*ਖੇਹ ਉਡਾਉਂਦੇ ਲਗਾਤਾਰ*

*ਦੂਣ ਸਵਾਈ ਹੁੰਦੀ ਭੁੱਖ* (*ਅਸੀਂ ਨਾਨਕ ਦੇ ਕੀ ਲਗਦੇ ਹਾਂ* 47)

ਭ੍ਰਿਸ਼ਟਚਾਰ ਦੇ ਆਲਮ ਨੂੰ ਇੱਕ ਆਮ ਨਾਗਰਿਕ ਦੇ ਨਜ਼ਰੀਏ ਤੋਂ ਸਮਕਾਲੀ ਪੰਜਾਬੀ ਕਵਿਤਾ ਨੇ ਬਾਖ਼ੂਬੀ ਆਵਾਜ਼ ਪ੍ਰਦਾਨ ਕੀਤੀ ਹੈ। ਸਰਕਾਰਾਂ ਦੇ ਕੁਝ ਵੱਡੇ ਕਰਮਚਾਰੀ ਏਨੀ ਵੱਡੀ ਰਾਸ਼ੀ ਦੀ ਨਜਾਇਜ਼ ਰੂਪ ਵਿੱਚ ਜਮ੍ਹਾਂਖੋਰੀ ਕਰਦੇ ਹਨ, ਜੋ ਆਮ ਲੋਕਾਂ ਦੇ ਲਈ ਅਚੰਭੇ ਵਾਲੀ ਗੱਲ ਹੈ। ਹੇਠਲੀਆਂ ਸਤਰਾਂ ਵਿੱਚ 2002 ਈ. ਵਿੱਚ ਕਾਲੇ ਧਨ ਸਹਿਤ ਪਕੜੇ ਗਏ ਪੰਜਾਬ ਸਰਵਿਸ ਕਮਿਸ਼ਨ ਦੇ ਮੁਖੀ ਰਵੀ ਸਿੱਧੂ ਦੇ ਸੰਦਰਭ ਵਿੱਚ ਜਸਵੰਤ ਜ਼ਫ਼ਰ ਸਮਕਾਲੀ ਦੌਰ ਵਿੱਚ ਪਸਰੀ ਭ੍ਰਿਸ਼ਟਤਾ ਨੂੰ ਸਰੋਕ੍ਰਿਤ ਕਰਦੇ ਹੋਏ ਲਿਖਦੇ ਹਨ:

*ਮੈਂ ਜੋ*

*ਕੁਝ ਪੈਸੇ ਖੁਣੋਂ*

*ਕੁੱਝ ਚੀਜ਼ਾਂ ਖੁਣੋਂ*

*ਕੁਝ ਨਾ ਖੁਣੋਂ*

*ਹਮੇਸ਼ਾ ਝੁਰਦਾ ਹਾਂ*

*ਕਿਸੇ ਨਾ ਕਿਸੇ ਰਵੀ ਸਿੱਧੂ ਬਾਰੇ*

*ਸੋਚਦਾ*

*ਝੂਰਦਾ ਤੇ ਕੁੜਦਾ ਹਾਂ*

*ਕਦੇ ਸੋਚਦਾ*

*ਕਿ ਇੰਨੇ ਪੈਸੇ ਉਸ ਨੇ ਕੀ ਕਰਨੇ ਸਨ*

*ਦਸ ਵੀਹ ਲੱਖ ਤਾਂ ਮੰਨਿਆ*

*ਕਾਹਦੇ ਲਈ ਕੋਠੇ ਭਰਨੇ ਸਨ* (*ਇਹ ਬੰਦਾ ਕੀ ਹੁੰਦਾ* 27)

ਦੇਸ਼ ਦੀ ਅਜਾਦੀ ਤੋਂ ਬਾਅਦ ਰਲੀ-ਮਿਲੀ ਆਰਥਿਕਤਾ, ਆਤਮ-ਨਿਰਭਰ ਅਤੇ ਵਿਕਾਸ ਦੀ ਗੱਲ ਕਰਨ ਵਾਲੇ ਭਾਰਤੀ ਦੇਸ਼ ਦੇ ਹਾਕਮਾਂ ਨੇ 20ਵੀਂ ਸਦੀ ਦੇ ਆਖ਼ਰੀ ਦਹਾਕੇ ਭਾਵ 1991 ਤੋਂ ਬਾਅਦ ਉਦਾਰੀਕਰਨ, ਸੰਸਾਰੀਕਰਨ ਤੇ ਨਿੱਜੀਕਰਨ ਦੀਆਂ ਸਾਮਰਾਜਵਾਦ-ਪ੍ਰਸਤ ਨੀਤੀਆਂ ਲਾਗੂ ਕੀਤੀਆਂ ਜਿਸ ਨਾਲ ਦੇਸ਼ੀ-ਵਿਦੇਸ਼ੀ ਲੁਟੇਰਿਆਂ ਨੂੰ ਦੇਸ਼ ਦੀ ਕਿਰਤ, ਸ਼ਕਤੀ, ਕੁਦਰਤੀ-ਸਾਧਨਾਂ ਅਤੇ ਸਰੋਤਾਂ ਦੀ ਖੁੱਲ੍ਹੀ ਲੁੱਟ ਮਚਾਉਣ ਦੇ ਮੌਕਾ ਪ੍ਰਦਾਨ ਕੀਤਾ। ਕੇਂਦਰੀ ਭਾਰਤ ਅਤੇ ਹੋਰਨਾਂ ਖੇਤਰਾਂ ਦੀਆਂ ਕੁਦਰਤੀ ਸਰੋਤਾਂ ਨਾਲ ਭਰਪੂਰ ਤਿਜੋਰੀਆਂ ਦੇਸ਼ੀ-ਵਿਦੇਸ਼ੀ ਕਾਰਪੋਰੇਟ ਕੰਪਨੀਆਂ ਲਈ ਖੁੱਲ ਗਈਆਂ। ਲੁੱਟ ਦਾ ਸ਼ਿਕਾਰ ਹੋਏ ਖੇਤਰਾਂ ਦੇ ਮੂਲ ਨਿਵਾਸੀਆਂ ਦਾ ਉਜਾੜਾ ਕਰਨ ਲਈ ਸਰਕਾਰੀ ਨੀਤੀ ਦੇਸ਼ ਦੇ ਮਿਹਨਤਕਸ਼ ਲੋਕਾਂ ਦੇ ਖੂਨ-ਪਸੀਨੇ ਨਾਲ ਉਸਾਰੇ ਜਨਤਕ ਖੇਤਰ ਦੇ ਅਦਾਰਿਆਂ ਸਮੇਤ ਜਨਤਕ ਜਾਇਦਾਦਾਂ ਤੇ ਸਾਂਝੀਆਂ

ਜ਼ਮੀਨਾਂ ਨੂੰ ਵੀ ਕਾਰਪੋਰੇਟ ਘਰਾਣਿਆਂ/ ਕੰਪਨੀਆਂ ਦੇ ਖਾਤੇ ਪਾਈ ਜਾ ਰਹੀ ਹੈ। ਸਰਵਜਨਕ ਹਿੱਤਾਂ ਦੇ ਸਿੱਖਿਆ, ਟ੍ਰਾਂਸਪੋਰਟ, ਸਿਹਤ, ਬਿਜਲੀ, ਪਾਣੀ ਅਤੇ ਸੰਚਾਰ ਸਾਧਨਾਂ ਦਾ 'ਜਨਤਕ-ਨਿੱਜੀ-ਭਾਈਵਾਲੀ' ਦੇ ਨਾਂ 'ਤੇ ਨਿੱਜੀਕਰਨ ਕਰਕੇ ਲੋਕਾਂ ਨੂੰ ਲੋਟੂਆਂ ਦੇ ਵੱਸ ਪਾਕੇ ਸਰਕਾਰ ਆਪਣੀ ਜ਼ਿੰਮੇਵਾਰੀ ਤੋਂ ਪੱਲਾ ਝਾੜੀ ਜਾ ਰਹੀ ਹੈ। ਉਦਾਹਰਨ ਵਜੋਂ:

*ਕਿਤੋਂ ਕਾਲ਼ਖ, ਕਿਤੋਂ ਸਾਡੇ ਲਹੂ ਵਿੱਚ ਰੰਗਿਆ ਹੋਇਆ।*

*ਅਸੀਂ ਇਸ ਸ਼ਹਿਰ ਦਾ ਸੂਰਜ ਹੈ ਕੋਲੋਂ ਵੇਖਿਆ ਹੋਇਆ।*

*ਅਸੀਂ ਉੱਘੇ, ਤੇ ਜਦ ਫੁੱਲਾਂ 'ਤੇ ਆਏ ਤਦ ਪਤਾ ਲੱਗਾ,*

*ਕੀ ਸਾਡੇ ਬਾਗ਼ ਦਾ ਮੌਸਮ ਹੈ ਗਿਰਵੀ ਰੱਖਿਆ ਹੋਇਆ।*

(ਗੁਰਤੇਜ਼ ਕੋਹਾਰਵਾਲਾ, *ਪਾਣੀ ਦਾ ਹਾਸ਼ੀਆ* 37)

*ਅੱਗ ਨਾਲ ਪੱਕਦੀ ਰੋਟੀ ਬੋਟੀ*

*ਅੱਗ ਬਲ਼ਦੀ ਹੈ ਸਾਰੇ ਪਾਸੇ*

*ਧਰਤੀ ਟੱਪੇ ਚੁਫੇਰਾ ਤਪਦਾ*

*ਰੋਟੀ ਬੋਟੀ ਸੇਕਦਿਆਂ*

*ਖੋਹਾ ਖਿੱਚੀ ਹੁੰਦੀ*

*ਖਿਲਰਦੇ ਚੰਗਿਆੜੇ*

*ਪੈਂਦਾ ਚੀਆ ਵੱਟ*

(ਜਸਵੰਤ ਜ਼ਫ਼ਰ, *ਅਸੀਂ ਨਾਨਕ ਦੇ ਕੀ ਲਗਦੇ ਹਾਂ* 47)

ਭ੍ਰਿਸ਼ਟਾਚਾਰ ਦਾ ਇੱਕ ਅਹਿਮ ਕਾਰਨ ਜੀਵਨ-ਸ਼ੈਲੀ ਵਿੱਚ ਤੇਜ਼ੀ ਹੈ। ਅਜੋਕੇ ਦੌਰ ਵਿੱਚ ਕਿਸੇ ਕੋਲ ਵੀ ਆਪਣੇ ਨਿੱਕੇ ਤੋਂ ਨਿੱਕੇ ਕੰਮ ਨੂੰ ਕਰਵਾਉਣ ਲਈ ਸਮਾਂ ਨਹੀਂ ਹੈ, ਹਰ ਕੋਈ ਅਜਿਹੇ ਮਾਹੌਲ ਵਿੱਚ ਸ਼ਾਰਟ ਕੱਟ ਦੀ ਭਾਲ ਕਰਦਾ ਹੈ, ਇਹੀ ਸ਼ਾਰਟਕਟ ਮੁੱਖ-ਰੂਪ ਵਿੱਚ ਭ੍ਰਿਸ਼ਟਤਾ ਦਾ ਰਸਤਾ ਸਾਬਤ ਹੁੰਦੇ

ਹਨ। ਗੁਰਤੇਜ ਕੋਹਾਰਵਾਲਾ ਆਪਣੀ ਕਵਿਤਾ ਵਿੱਚ ਰਾਜਨੀਤੀ ਦੇ ਅਜਿਹੇ ਭ੍ਰਿਸ਼ਟ ਅਤੇ ਅਨਿਆਂ ਪੂਰਵਕ ਤੌਰ ਤਰੀਕਿਆਂ ਨੂੰ ਆਪਣੀ ਸਤਰਾਂ ਵਿੱਚ ਉਜਾਗਰ ਕਰਦਾ ਹੋਇਆ ਸਮਕਾਲੀ ਸੰਦਰਭ ਵਿੱਚ ਅਜਿਹੀ ਰਾਜਨੀਤੀ ਪ੍ਰਤੀ ਸੁਚੇਤ ਕਰਦਾ ਹੈ:

*ਅਜੇ ਤਾਂ ਸੁਲਗਦੇ ਨੇ ਲੋਕ ਛੁਪ-ਛੁਪ ਕੇ ਘਰਾਂ ਅੰਦਰ।*
*ਮਘੀ ਜਦ ਅੱਗ, ਪਹੁੰਚੇਗੀ ਖ਼ਬਰ ਚੌਰਸਤਿਆਂ ਅੰਦਰ।*
*ਕਿਸੇ ਰੁੱਖ ਜਾਂ ਬਨੇਰੇ 'ਤੇ ਕਦੇ ਬੈਠੇ ਤਾਂ ਦੇਖਾਂਗੇ,*
*ਕਿ ਕਿੰਨੇ ਜ਼ਖਮ ਟੰਗੇ ਨੇ ਹਨੇਰੀ ਨੇ ਪਰਾਂ ਅੰਦਰ।*
*ਉਨ੍ਹਾਂ ਰੁੱਖਾਂ ਨੇ ਕੀ ਤਪਦੇ ਸਿਰਾਂ ਨੂੰ ਓਟ ਕਰਨੀ ਹੈ,*
*ਜੁ ਖ਼ੁਦ ਹੋਰਾਂ ਦੀ ਛਾਵੇਂ ਪਲ਼ ਰਹੇ ਨੇ ਗਮਲਿਆਂ ਅੰਦਰ।*

(*ਪਾਣੀ ਦਾ ਹਾਸ਼ੀਆ* 36)

**ਸੱਤਾ ਪੂੰਜੀਪਤੀਆਂ ਦੇ ਹੱਥ:**

ਹਰੇਕ ਸਮਾਜ ਦੀ ਇਹ ਇੱਕ ਅਟਲ ਤ੍ਰਾਸਦੀ ਹੈ ਕਿ ਆਰਥਿਕਤਾ ਭਾਰੂ ਜਮਾਤ ਹੀ ਸਮਾਜਿਕ ਸੰਸਥਾਵਾਂ ਅਤੇ ਸੱਭਿਆਚਾਰਕ ਪ੍ਰਬੰਧ ਉੱਪਰ ਕਾਬਜ਼ ਹੁੰਦੀ ਹੈ ਅਤੇ ਇਹੀ ਸਾਰੇ ਸਮਾਜ ਦਾ ਦਿਸ਼ਾ ਨਿਰਦੇਸ਼ ਕਰਦੀ ਹੈ। ਇਹੀ ਧਿਰ ਰਾਜਨੀਤੀ ਸੱਤਾ 'ਤੇ ਵੀ ਕਾਬਜ਼ ਹੁੰਦੀ ਹੈ। ਸਮਕਾਲੀ ਪੰਜਾਬੀ ਕਵੀ ਇਸ ਗੱਲ ਨੂੰ ਬਾਖ਼ੂਬੀ ਜਾਣਦਾ ਹੈ ਕਿ ਸੱਤਾ ਅਤੇ ਸਿਆਸਤਦਾਨ ਆਪਣੇ ਮੁਨਾਫੇ ਅਤੇ ਵੋਟਾਂ ਖ਼ਾਤਰ ਆਮ-ਲੋਕ ਮਨਾਂ ਅੰਦਰ ਕੇਵਲ ਆਪਣੇ ਹਿੱਤ ਦੀ ਵਿਚਾਰਧਾਰਾ ਪੈਦਾ ਕਰਨੀ ਚਾਹੁੰਦੇ ਹਨ। ਇਸ ਕੰਮ ਲਈ ਸਿਆਸਤਦਾਨ ਆਪਣੇ ਹਿੱਤ ਅਤੇ ਵਿਚਾਰ ਨੂੰ ਇੰਨੇ ਲੁਕਵੇਂ ਅਤੇ ਭਰਮਾਊ ਤਰੀਕੇ ਨਾਲ ਸਮੁੱਚੇ ਸਮਾਜ ਵਿਧਾਨ ਉੱਪਰ ਲਾਗੂ ਕਰਦੇ ਹਨ ਕਿ ਆਮ ਲੋਕ ਉਸ ਨੂੰ ਸਮਝਣ ਵਿੱਚ ਅਸਮਰੱਥ ਰਹਿੰਦੇ ਹਨ ਪ੍ਰਤੂੰ ਸੰਵੇਦਨਸ਼ੀਲ ਚਿੰਤਕ ਇਸ ਵਰਤਾਰੇ ਨੂੰ ਅੱਖੋਂ ਪਰੋਖੇ ਨਹੀਂ ਹੋਣ ਦਿੰਦਾ। ਰਾਜਨੇਤਾ ਕਿਸ ਤਰ੍ਹਾਂ ਕੁਰਸੀ ਦੀ

ਪ੍ਰਾਪਤੀ ਲਈ ਆਮ ਜਨਤਾ ਨੂੰ ਦਾਅ 'ਤੇ ਲਾਉਂਦੇ ਹਨ, ਇਸੇ ਸੰਦਰਭ ਵਿੱਚ ਕਵਿਤਰੀ ਸੁਖਵਿੰਦਰ ਅੰਮ੍ਰਿਤ ਦੀਆਂ ਨਿਮਨਲਿਖਿਤ ਸਤਰਾਂ ਪੜ੍ਹੀਆਂ ਜਾ ਸਕਦੀਆਂ ਹਨ:

*ਮੈਂ ਕੁਰਸੀਆਂ ਦੀ ਜੰਗ ਵਿੱਚ*

*ਮੋਹਰਾ ਬਣਿਆ ਰੁੱਖ ਹਾਂ*

*ਉਹ ਮੇਰੇ ਸਾਰੇ ਖ਼ਾਸ ਲੋਕ*

*ਮੈਂ ਸਧਾਰਨ ਮਨੁੱਖ ਹਾਂ।* (*ਚਿੜੀਆ* 57)

ਸਾਧਨ ਸੰਪੰਨ ਵਰਗ ਦੁਬੇਲ ਵਰਗ 'ਤੇ ਆਪਣੀ ਬੌਧਿਕ ਅਤੇ ਸੱਭਿਆਚਾਰਕ ਸੱਤਾ ਇਸ ਕਦਰ ਕਾਇਮ ਕਰ ਲੈਂਦਾ ਹੈ ਕਿ ਦੁਬੇਲ ਧੜਾ ਉਸ ਨੂੰ ਅਪਣਾ ਲੈਣ ਵਿੱਚ ਹੀ ਆਪਣੀ ਗਤੀ ਸਮਝਦਾ ਹੈ। ਸਮਕਾਲੀ ਪੰਜਾਬੀ ਕਵਿਤਾ ਨੇ ਭਾਰਤੀ ਅਰਥਚਾਰੇ ਅਤੇ ਸੱਤਾ ਸਿਆਸਤ ਦੁਆਰਾ ਭਰਮਾਏ ਹੋਏ ਆਮ ਲੋਕਾਂ ਦੀ ਗੁਲਾਮੀ ਅਤੇ ਗੁਲਾਮ ਮਾਨਸਿਕਤਾ ਨੂੰ ਕਟਾਕਸ਼ ਦਾ ਵਿਸ਼ਾ ਬਣਾਇਆ ਹੈ। ਆਮ ਲੋਕਾ ਆਪਣੀ ਅਗਿਆਨਤਾ ਕਾਰਨ ਆਪਣੀ ਤ੍ਰਾਸਦੀ ਸਥਿਤੀ ਲਈ ਜ਼ਿੰਮੇਵਾਰ ਧਿਰ ਨੂੰ ਹੀ ਆਪਣਾ ਮੁਕਤੀਦਾਤਾ ਸਮਝ ਬੈਠਦੇ ਹਨ। ਆਮ ਜਨ ਸਮੂਹ ਸਮਾਜ ਵਿੱਚਲੀ ਉਸ ਧਿਰ ਦੇ ਖਿਲਾਫ਼ ਹੀ ਕਾਰਜ ਕਰ ਜਾਂਦਾ ਹੈ ਜੋ ਜਨ ਸਮੂਹ ਦੀ ਮੁਕਤੀ ਦੇ ਹਿੱਤਾਂ ਲਈ ਸੰਘਰਸ਼ਗਤ ਹੁੰਦੀਆਂ ਹਨ। ਪ੍ਰਮਾਣ ਵਜੋਂ ਭਾਰਤੀ ਰਾਜਨੀਤੀ ਵਿੱਚ ਜਨਤਕ ਸੰਗਠਨ ਅਤੇ ਖੱਬੇ ਪੱਖੀ ਸਿਆਸੀ ਪਾਰਟੀਆਂ ਦਾ ਹਾਲ ਦੇਖਿਆ ਜਾ ਸਕਦਾ ਹੈ। ਮੁੱਠੀ ਭਰ ਚੇਤੰਨ ਲੋਕਾਂ ਨੂੰ ਛੱਡ ਬਹੁਗਿਣਤੀ ਅਬੋਧ ਲੁਕਾਈ ਬੁਰਜ਼ੂਆ ਸਿਆਸਤ ਦੀ ਹੀ ਪਿਛਲੱਗ ਬਣੀ ਰਹਿੰਦੀ ਹੈ। ਜਿਸ ਨਾਲ ਪੈਦਾ ਹੋਏ ਸਮਾਜਿਕ ਅਸੰਤੁਲਨ ਨੂੰ ਕਵਿਤਰੀ ਸੁਖਵਿੰਦਰ ਅੰਮ੍ਰਿਤ ਕਲਾਤਮਿਕ ਅਤੇ ਪ੍ਰਭਾਵਸ਼ਾਲੀ ਰੂਪ ਨਾਲ ਇਸ ਤਰ੍ਹਾਂ ਉਘਾੜਦੇ ਹੋਏ ਲਿਖਦੇ ਹਨ:

*ਮੁਮਕਿਨ ਹੈ*

*ਅੱਧੀ ਰਾਤ ਫੁੱਟ-ਪਾਥ 'ਤੇ ਸੁੱਤੇ ਪਏ ਨੂੰ*

*ਨਸ਼ੇ ਵਿੱਚ ਝੂਮਦੀ ਹੋਈ*

*ਕੋਈ ਖ਼ਸ ਗੱਡੀ ਕੁਚਲ ਕੇ ਲੰਘ ਜਾਵੇ*

*ਤੇ ਫਿਰ ਵਰ੍ਹਿਆਂ ਤੱਕ ਮੇਰੀ ਲਾਸ਼ ਦੀ*

*ਕਿਸੇ ਨੂੰ ਪਛਾਣ ਨਾ ਆਵੇ*

*ਇਹ ਵੀ ਮੁਮਕਿਨ ਹੈ*

*ਕਿ ਮੇਰੀ ਸੜਕ 'ਤੇ ਰੁਲਦੀ ਲਾਸ਼ ਦਾ* (47)

ਉਪਰੋਕਤ ਸੰਦਰਭ ਵਿੱਚ ਸੁਰਜੀਤ ਪਾਤਰ ਵਿਅੰਗ ਦੀ ਦ੍ਰਿਸ਼ਟੀ ਨਾਲ ਮੱਧ-ਵਰਗੀ ਜਮਾਤ 'ਤੇ ਟਿੱਪਣੀ ਕਰਦੇ ਹੋਏ ਇਨ੍ਹਾਂ ਨੂੰ "ਸਮਝਦਾਰ ਮਸਖ਼ਰੇ" ਆਖਦੇ ਹਨ ਕਿਉਂਕਿ ਇਹ ਚੇਤੰਨ ਵਰਗ ਹੋਣ ਕਾਰਨ ਅਤੇ ਸਭ ਸਮਾਜਿਕ ਸੱਚਾਈ ਤੋਂ ਜਾਣੂੰ ਹੋਣ ਦੇ ਬਾਵਜੂਦ ਸਾਧਨ ਸੰਪੰਨ ਧਿਰ ਦੀ ਵਿਚਾਰਧਾਰਾ ਨੂੰ ਕਾਇਮ ਰੱਖਣ ਵਿੱਚ ਅਪਰਾਧਿਕ ਭੂਮਿਕਾ ਦਾ ਨਿਰਮਾਣ ਕਰਦੇ ਹਨ। ਮੱਧਵਰਗੀ ਧਿਰ ਆਪਣਾ ਰੋਜ਼ਗਾਰ, ਗਿਆਨ, ਜੀਵਨ-ਸ਼ੈਲੀ, ਇੱਥੋਂ ਤੱਕ ਕਿ ਆਪਣੀ ਕਲਾ ਨੂੰ ਵੀ ਸਾਧਨ ਸੰਪੰਨ ਧਿਰ ਦੀ ਵਿਚਾਰਧਾਰਾ ਦੇ ਅਨੁਕੂਲ ਕਰ ਲੈਂਦੀ ਹੈ। ਸੁਰਜੀਤ ਪਾਤਰ ਅਨੁਸਾਰ:

*ਨਾ ਤਾਂ ਕੁਰਸੀਆਂ ਨੂੰ ਤਖ਼ਤਾ ਨੂੰ*

*ਨ ਸਲੀਬ ਸਖ਼ਤ ਕੁਰਖ਼ਤ ਨੂੰ*

*ਇਹ ਮਜ਼ਾਕ ਕਰਨ ਦਰੱਖਤਾਂ ਨੂੰ*

*ਬੜੇ ਸਮਝਦਾਰ ਨੇ ਮਸਖ਼ਰੇ।* (*ਸੁਰਜ਼ਮੀਨ* 19)

ਵਰਤਮਾਨ ਪੂੰਜੀ-ਪ੍ਰਧਾਨ ਰਾਜਨੀਤਿਕ ਤੰਤਰ ਵਿਕਾਸ-ਮੁਖੀ ਨਾ ਹੋ ਕੇ ਪਤਨ-ਮੁਖੀ ਵਰਤਾਰਾ ਹੈ। ਇਹ ਮਨੁੱਖ ਦੀਆਂ ਵਿਕਾਸ-ਮੁਖੀ ਮਾਨਵੀ ਸੰਭਾਵਨਾਵਾਂ ਨੂੰ ਰੱਦ ਕਰਕੇ ਉਸਨੂੰ ਨਿਰਜਿੰਦ ਵਸਤੂ ਬਣਾ ਦਿੰਦਾ ਹੈ। ਅਜੋਕੀ ਰਾਜਸੀ ਵਿਵਸਥਾ ਮਨੁੱਖ ਦਾ ਵਿਕਾਸ, ਆਜ਼ਾਦੀ ਅਤੇ ਨਿਆਂ ਦੇ ਸੁਪਨੇ ਨੂੰ ਪੂਰਾ ਨਹੀਂ ਹੋਣ ਦਿੰਦੀ ਸਗੋਂ ਆਪਣੀ ਸੱਤਾ ਦੀ ਟੇਕ ਵਿੱਚ ਇਸ ਸੁਪਨੇ ਨੂੰ ਬਰਬਾਦ ਕਰਦੀ ਹੈ। ਸਮਕਾਲੀ ਪੰਜਾਬੀ ਕਵਿਤਾ ਲੋਕਾਈ ਨੂੰ ਚੇਤੰਨ ਕਰਕੇ, ਇਸ ਦਾ ਬਦਲਾ ਖ਼ੁਦ ਆਪ ਲੈਣ ਲਈ ਪ੍ਰੇਰਿਤ ਕਰਦੀ ਹੈ ਜਦਕਿ ਪੂਰਬਲੀ

ਪੰਜਾਬੀ ਕਵਿਤਾ ਇਸ ਵਿਵਸਥਾ ਨੂੰ ਬਦਲਣ ਦਾ ਢੰਗ ਦੱਸਣ ਦੀ ਬਜਾਏ ਖ਼ੁਦ ਪਾਠਕ ਨੂੰ ਇਸ ਦਾ ਬਦਲ ਤਲਾਸ਼ਣ ਦਾ ਸੁਨੇਹਾ ਦਿੰਦੀ ਸੀ। ਇਸ ਦੇ ਉਲਟ ਸੁਰਜੀਤ ਪਾਤਰ ਅਤੇ ਗੁਰਤੇਜ਼ ਕੋਹਾਰਵਾਲਾ ਹਦਾਇਤ ਦੀ ਬਜਾਏ ਜ਼ੋਰਦਾਰ ਧੁਨ ਵਿੱਚ ਵਿਦਰੋਹ ਨੂੰ ਪੇਸ਼ ਕਰਦੇ ਹਨ, ਪ੍ਰਮਾਣ ਵਜੋਂ :

*ਲੱਗਾ ਹੋਣ ਦੇਖੋ ਸੂਰਜ ਅਸਤ ਲੋਕੋ*

*ਕਰ ਲਓ ਰੌਸ਼ਨੀ ਦਾ ਬੰਦੋਬਸਤ ਲੋਕੋ* (59)

*ਕਈ ਸਦੀਆਂ ਤੋਂ ਵੇਲ਼ਾ, ਕਾਲ਼ੀਆਂ ਰਾਤਾਂ ਦਾ ਰਾਹੀ ਹੈ।*

*ਅਸਾਡੀ ਸਲਤਨਤ ਵਿੱਚ 'ਨ੍ਹੇਰਿਆਂ ਦੀ ਬਾਦਸ਼ਾਹੀ ਹੈ।*

*ਤੇਰੀ ਤਲਵਾਰ ਦੇ ਫ਼ਲ਼ ਤੇ ਲਹੂ ਲੱਗਾ ਹੈ ਸਾਡਾ ਵੀ*

*ਤੇਰੀ ਆਤਮ-ਕਥਾ ਚ ਮੇਰਿਆਂ ਦੀ ਵੀ ਗਵਾਹੀ ਹੈ।*

(*ਪਾਣੀ ਦਾ ਹਾਸ਼ੀਆ* 63)

ਸਮਕਾਲੀ ਪੰਜਾਬੀ ਸ਼ਾਇਰਾ ਸੁਖਵਿੰਦਰ ਅੰਮ੍ਰਿਤ ਇਸ ਉਪਰੋਕਤ ਵਿਵਸਥਾ ਤੋਂ ਨਿਜ਼ਾਤ ਪਾਉਣ ਲਈ ਆਮ ਜਨਤਾ ਦੀ ਆਵਾਜ਼ ਨੂੰ ਜੋਸ਼ੀਲੇ ਸ਼ਬਦਾਂ ਵਿੱਚ ਪੇਸ਼ ਕਰਦੀ ਹੈ ਅਤੇ ਨਾਲ ਹੀ ਬੁਰਜ਼ੂਆ ਸੱਤਾ ਧਾਰੀ ਜਮਾਤ ਨੂੰ ਜ਼ੋਰਦਾਰ ਸ਼ਬਦਾਂ ਵਿੱਚ ਸੰਦੇਸ਼ ਦਿੰਦੀ ਹੈ ਕਿ:

*ਹਨ੍ਹੇਰਿਆਂ ਨੂੰ ਕਹੋ*

*ਐਵੇਂ ਫੂਕਾਂ ਮਾਰ ਮਾਰ*

*ਆਪਣੇ ਜੋਸ਼ੀਲੇ ਸਾਹਾਂ ਨੂੰ*

*ਜ਼ਾਇਆ ਨਾ ਕਰਨ*

*ਤੇ ਬੰਦੂਕਾਂ ਨੂੰ ਕਹੋ*

*ਐਵੇਂ ਆਪਣੇ ਨਿਸ਼ਾਨੇ*

*ਰੌਸ਼ਨੀ 'ਤੇ ਅਜ਼ਮਾਇਆ ਨਾ ਕਰਨ*

*ਇਹ ਸੂਰਜ ਦੀ ਕਿਰਨ ਹੈ।* (*ਕਣੀਆਂ* 38)

ਸਮਕਾਲੀ ਰਾਜ-ਪ੍ਰਬੰਧ ਵਿੱਚ 'ਰਾਜ ਨਹੀਂ ਸੇਵਾ' ਦੀ ਧਾਰਨਾ ਤੋਂ ਉਲਟ ਧਾਰਨਾ ਰਾਜਨੀਤੀ ਦਾ ਮੁੱਖ ਧੁਰਾ ਬਣਿਆ ਹੋਇਆ ਹੈ। ਜਿਸ ਕਾਰਨ ਸਮਾਜ ਵਿੱਚ ਅਸੁਰੱਖਿਆ ਦੀ ਭਾਵਨਾ ਫੈਲੀ ਹੋਈ ਹੈ। ਜਿਸ ਦਾ ਮੁੱਖ ਕਾਰਨ ਸੁਚੱਜੇ ਰਾਜਨੀਤੀ ਪ੍ਰਬੰਧ ਦੀ ਅਣਹੋਂਦ ਹੈ। ਗਰੀਬ ਬੇਸਹਾਰਾ ਅਤੇ ਅਸੁਰੱਖਿਅਤ ਹੈ ਅਤੇ ਹਰ ਪਾਸੇ ਅਸ਼ਾਂਤੀ, ਖੋਹ-ਖਿੱਚ ਦਾ ਵਾਤਾਵਰਨ ਪਸਰਿਆ ਹੋਇਆ ਹੈ। ਸਮਕਾਲ ਦੇ ਅਜਿਹੇ ਵਾਤਾਵਰਨ ਨੇ ਅਜਿਹੀਆਂ ਪ੍ਰਸਥਿਤੀਆਂ ਨੂੰ ਜਨਮ ਦਿੱਤਾ ਹੈ, ਜਿਨ੍ਹਾਂ ਵਿੱਚ ਦਿਨ-ਪ੍ਰਤੀ-ਦਿਨ ਅਣਗਿਣਤ ਅਣਮਨੁੱਖੀ ਘਟਨਾਵਾਂ ਵਾਪਰ ਰਹੀਆਂ ਹਨ ਜੋ ਨਿੱਤ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣਦੀਆਂ ਹਨ। ਅਜਿਹੇ ਮਾਹੌਲ ਨੂੰ ਪ੍ਰਸਿੱਧ ਕਵਿਤਰੀ ਸੁਖਵਿੰਦਰ ਅੰਮ੍ਰਿਤ ਦੀਆਂ ਇਨ੍ਹਾਂ ਸਤਰਾਂ ਵਿੱਚੋਂ ਵੇਖਿਆ ਜਾ ਸਕਦਾ ਹੈ:

*ਕੁਝ ਦਿਨਾਂ ਤੋਂ ਸ਼ਹਿਰ*

*ਸੁੱਖ ਦੀ ਨੀਂਦ ਨਹੀਂ ਸੌਂਦਾ*

*ਸ਼ਹਿਰ ਵਿੱਚ ਰੋਜ਼ ਵਾਪਰਦੇ ਨੇ*

*ਧੀਆਂ ਧਿਆਣੀਆਂ ਨਾਲ ਖ਼ੂਨੀ ਹਾਦਸੇ*

*ਰੋਜ਼ ਡੁੱਲ੍ਹਦਾ ਹੈ*

*ਖਿੜਦੀਆਂ ਕਲੀਆਂ 'ਤੇ ਅੱਗ ਵਰਗਾ ਤੇਜ਼ਾਬ*

*ਰੋਜ਼ ਕੰਜਕਾਂ ਦੇ ਲਹੂ ਨਾਲ*

*ਲੱਥ ਪੱਥ ਹੁੰਦੀਆਂ ਨੇ ਅਖ਼ਬਾਰਾਂ ਦੀਆਂ ਸੁਰਖ਼ੀਆਂ*

(*ਚਿੜੀਆ* 11)

**ਫ਼ਿਰਕਾਪ੍ਰਸਤੀ**

ਰਾਜਨੀਤੀ ਸੱਤਾ ਪ੍ਰਾਪਤੀ ਦੀ ਆੜ ਵਿੱਚ ਅਮੀਰ ਭਾਰਤੀ ਵਿਰਾਸਤ, ਸੰਸਕ੍ਰਿਤੀ, ਸੱਭਿਆਚਾਰ ਅਤੇ ਭਾਈਚਾਰਕ ਸਾਂਝ ਨੂੰ ਦਾਅ 'ਤੇ ਲਾ ਰਹੀ ਹੈ। ਦੇਸ਼ ਦੀ ਅਮੀਰ ਸੰਸਕ੍ਰਿਤੀ ਤੇ ਭਾਈਚਾਰਕ ਸਾਂਝ ਵਿੱਚ

ਡੂੰਘੀਆਂ ਖਾਈਆਂ ਪਾਈਆਂ ਜਾਂਦੀਆਂ ਹਨ। ਰਾਜਨੀਤੀ ਦੀਆਂ ਕੋਝੀਆਂ ਚਾਲਾਂ ਲੋਕਾਂ ਦੀਆਂ ਸੰਪ੍ਰਦਾਇਕ ਅਤੇ ਜਾਤੀਗਤ ਭਾਵਨਾਵਾਂ ਨਾਲ ਖ਼ਿਲਵਾੜ ਕਰਕੇ ਅਸ਼ਾਂਤੀ, ਹਿੰਸਾ, ਖ਼ੌਫ਼ ਆਦਿ ਪੈਦਾ ਕਰਦੇ ਹਨ ਤਾਂ ਜੋ ਦੇਸ਼ ਵਿੱਚ ਫੈਲੇ ਆਰਥਿਕ ਸੰਕਟ ਜਾਂ ਵਿਵਸਥਾ ਦੀਆਂ ਕਮੀਆਂ ਵੱਲ ਆਮ ਜਨਤਾ ਦਾ ਧਿਆਨ ਹਟਾਉਣ ਲਈ ਸਿਆਸਤ ਦਾਨਾਂ ਦੀ ਇੱਕ ਸੋਚੀ ਸਮਝੀ ਚਾਲ ਹੁੰਦੀ ਹੈ ਤਾਂ ਜੋ ਇਨ੍ਹਾਂ ਸਿਆਸੀ ਕੁਰੀਤੀਆਂ ਅਤੇ ਕਮਜ਼ੋਰੀਆਂ ਨੂੰ ਅਣ-ਛਪਿਆ ਤੇ ਅਦ੍ਰਿਸ਼ਟ ਕੀਤਾ ਜਾ ਸਕੇ। ਸਮਕਾਲੀ ਪੰਜਾਬੀ ਸ਼ਾਇਰਾ ਸੁਖਵਿੰਦਰ ਅੰਮ੍ਰਿਤ ਰਾਜਨੀਤੀ ਦੇ ਅਜਿਹੇ ਦ੍ਰਿਸ਼ ਨੂੰ ਆਪਣੀਆਂ ਸਤਰਾਂ ਵਿੱਚ ਪੇਸ਼ ਕਰਨ ਦੇ ਨਾਲ ਸਿਆਸਤਦਾਨਾਂ ਦਾ ਆਪਣੇ ਅਸਲ ਮਨੋਰਥ ਤੋਂ ਭਟਕੇ ਹੋਣ ਕਾਰਨ ਪੰਜਾਬ ਵਿੱਚ ਸ਼ਾਂਤ ਅਤੇ ਸੁਰਮਈ ਮਾਹੌਲ ਨਾ ਹੋਣ ਦਾ ਅਫ਼ਸੋਸ ਵੀ ਪ੍ਰਗਟਾਉਂਦੀ ਹੈ:

*ਖ਼ੌਫ, ਹਿੰਸਾ, ਕਜ਼ਾ ਦਾ ਮੌਸਮ ਸੀ*

*ਅੱਗ ਆਦਲ ਤੇ ਸਾਜ਼ ਮੁਜ਼ਰਮ ਸੀ*

*ਉਹ ਵੀ ਵੈਣਾਂ 'ਚ ਗੁੰਮ ਗਿਆ ਕਿਧਰੇ*

*ਜੀਹਨੇ ਪੌਣਾਂ 'ਚ ਸੁਰ ਪਰੋਣਾ ਸੀ* (*ਪੁੰਨਿਆਂ* 31)

ਸਮਕਾਲੀ ਪੰਜਾਬੀ ਕਵੀ ਸੁਰਜੀਤ ਪਾਤਰ ਇਸੇ ਮਸਲੇ 'ਤੇ ਆਪਣੇ ਭਾਵਾਂ ਨੂੰ ਕਾਵਿ ਸਤਰਾਂ ਵਿੱਚ ਪੇਸ਼ ਕਰਦੇ ਹੋਏ, ਭਾਰਤੀ ਸਿਆਸਤਦਾਨਾਂ ਵੱਲੋਂ ਸੱਤਾ ਹਥਿਆਉਣ ਲਈ ਧਰਮ ਦੀ ਦੁਰਵਰਤੋਂ ਅਤੇ ਅਬੋਧ ਲੋਕਾਈ ਦੁਆਰਾ ਉਨ੍ਹਾਂ ਦੇ ਪਿੱਛੇ ਲੱਗਣ ਦੇ ਅਮਾਨਵੀ ਅਤੇ ਫ਼ਿਰਕੂ ਆਦਿ ਦੋਹਾਂ ਰੁਝਾਨਾਂ ਦੀ ਆਲੋਚਨਾ ਕਰਦੇ ਲਿਖਦੇ ਹਨ:

*ਸਿੱਖਾਂ, ਮੁਸਲਮਾਨਾਂ ਅਤੇ ਹਿੰਦੂਆਂ ਦੀ ਭੀੜ ਵਿੱਚ*

*ਰੱਬ ਢੂੰਡਦਾ ਫਿਰਦਾ ਮੇਰਾ ਬੰਦਾ ਕਿਧਰ ਗਿਆ*

(*ਸੁਰਜ਼ਮੀਨ* 24)

*ਕਿਸੇ ਨੂੰ ਮਾਰਨ ਦਾ ਢੰਗ ਇਹ ਵੀ*

*ਕਿ ਸ਼ੀਸ਼ਿਆਂ 'ਚ ਵਿਕਾਰ ਪਾਓ*

*ਤੇ ਸ਼ਖ਼ਸੋਂ ਪਹਿਲਾਂ ਹੀ ਅਕਸ ਮਾਰੋ*

*ਸੋ ਖ਼ੁਦ 'ਚ ਪੂਰਾ ਯਕੀਨ ਰੱਖੀਂ* (16)

ਸਮਕਾਲੀ ਪੰਜਾਬੀ ਕਵਿਤਾ, ਅਜੋਕੀ ਭਾਰਤੀ ਰਾਜਨੀਤੀ ਪ੍ਰਣਾਲੀ ਦੀਆਂ ਦਮਨਕਾਰੀ ਨੀਤੀਆਂ ਕਾਰਨ ਲੋਕ ਮਨਾਂ ਵਿੱਚ ਪੈਦਾ ਹੋਈ ਵਿਰੋਧਤਾ ਨੂੰ ਤਿੱਖੇ ਸੁਰ ਵਿੱਚ ਪੇਸ਼ ਕਰਦੀ ਹੈ। ਅਜੋਕੇ ਰਾਜਨੀਤਿਕ ਕੁਸ਼ਾਸ਼ਨ ਦੇ ਕਾਰਨ ਭਾਰਤ ਵਿੱਚ ਫੈਲੇ ਵੱਖਵਾਦ, ਹਿੰਸਕ ਗਤੀਵਿਧੀਆਂ, ਫਿਰਕਾਪ੍ਰਸਤੀ ਆਦਿ ਦੇ ਮਾਰੂ ਰੁਝਾਨ ਤੋਂ ਤੰਗ ਆ ਕੇ ਸਮਕਾਲੀ ਪੰਜਾਬੀ ਸ਼ਾਇਰਾਂ ਨੇ ਆਮ ਭਾਰਤੀ ਨਾਗਰਿਕਾਂ ਨੂੰ ਵੱਖ ਵੱਖ ਖਿੱਤਿਆਂ ਵਿੱਚ ਸਮਾਜਿਕ ਬਰਾਬਰੀ, ਆਜ਼ਾਦੀ ਅਤੇ ਨਿਆਂ ਮੰਗਣ ਦੇ ਸੰਘਰਸ਼ ਵੱਲ ਪ੍ਰੇਰਿਤ ਕੀਤਾ ਹੈ ਅਤੇ ਨਾਲ ਹੀ ਲੋਕ ਮਾਨਸਿਕਤਾ ਨੂੰ ਸੇਧ ਅਤੇ ਆਵਾਜ਼ ਵੀ ਪ੍ਰਦਾਨ ਕੀਤੀ ਹੈ। ਸਮਕਾਲੀ ਪੰਜਾਬੀ ਸ਼ਾਇਰਾ ਸੁਖਵਿੰਦਰ ਅੰਮ੍ਰਿਤ ਆਮ ਲੋਕਾਂ ਨੂੰ ਉਹਨਾਂ ਵਿੱਚ ਲੁਕੀ ਹੋਈ ਹਿੰਮਤ ਨੂੰ ਯਾਦ ਕਰਵਾਉਂਦੀ ਲਿਖਦੀ ਹੈ ਕਿ:

*ਕਿਸੇ ਪਲ ਖ਼ੂਨ ਖ਼ੌਲ ਜਾਵੇ*

*ਤੇ ਮੇਰੇ ਸਰ੍ਹਾਣੇ ਸੁੱਤੀ ਪਈ*

*ਮੇਰੀ ਨਸਲ ਨੂੰ ਜਾਗ ਆ ਜਾਵੇ*

*ਸੋ ਭੱਦਰਪੁਰਸ਼ੋ!*

*ਅੰਤ ਵਿੱਚ ਮੈਂ ਇੰਨਾ ਹੀ ਕਹਿਣਾ ਹੈ*

*ਕਿ ਜਦ ਆਮ ਆਦਮੀ ਜਾਗ ਜਾਂਦਾ ਹੈ*

*ਖਾਸ ਲੋਕਾਂ ਦੀ ਨੀਂਦ ਹਰਾਮ ਹੋ ਜਾਂਦੀ ਹੈ*

*ਮੈਂ ਇੱਕ ਆਮ ਆਦਮੀ ਹਾਂ......।* (*ਚਿੜੀਆ* 47)

ਵਿਕਸਿਤ ਅਰਥ-ਵਿਵਸਥਾ ਅਤੇ ਪੂੰਜੀਵਾਦੀ ਦੇਸ਼ਾਂ ਦੀਆਂ ਪ੍ਰਸ਼ਾਸਨਿਕ ਪ੍ਰਣਾਲੀਆਂ ਦੀ ਪਾਰਦਰਸ਼ਤਾ, ਕਾਰਜਸ਼ੀਲਤਾ, ਸਮਾਜ ਉਸਾਰੂ ਨੀਤੀਆਂ, ਸਮਾਜ ਵਿੱਚ ਸਭ ਲਈ ਜੀਵਨ ਅਨੁਕੂਲ

ਵਾਤਾਵਰਣ ਸਿਰਜਦੀਆਂ ਹਨ ਅਤੇ ਵਿਕਾਸ ਦੇ ਮੌਕੇ ਪ੍ਰਦਾਨ ਕਰਦੀਆਂ ਹਨ। ਇਸ ਲਈ ਇੱਥੇ ਮਨੁੱਖੀ ਜੀਵਨ ਵਧੇਰੇ ਸੁਰੱਖਿਅਤ ਹੈ। ਭਾਵੇਂ ਇਨ੍ਹਾਂ ਵਿਕਸਤ ਪੂੰਜੀਵਾਦੀ ਨਿਜ਼ਾਮ ਦੀਆਂ ਆਪਣੀਆਂ ਹੀ ਖਾਮੀਆਂ ਕਿਉਂ ਨਾ ਹੋਣ ਪਰ ਇਹ ਏਸ਼ੀਆਈ ਧੀਮੀ ਸਮਾਜਿਕ ਗਤੀ ਵਾਲੇ ਲੋਕਾਂ ਨਾਲੋਂ ਬਿਹਤਰ ਸਥਿਤੀ ਵਿੱਚ ਹਨ। ਪੱਛਮੀ ਦੇਸ਼ ਸਾਖ਼ਰਤਾ, ਲੋਕਤੰਤਰ ਚੇਤਨਾ, ਮਾਨਵੀ ਕਰਤੱਵ ਅਤੇ ਅਧਿਕਾਰਾਂ ਆਦਿ ਬਾਰੇ ਵਧੇਰੇ ਸੁਚੇਤ ਹਨ। ਏਸ਼ੀਆਈ ਦੇਸ਼ਾਂ ਵਿੱਚ ਯੋਗ ਪ੍ਰਤੀਨਿਧਤਾ, ਸਦਭਾਵਨਾ, ਸਹਿਯੋਗ ਕਰਨ ਵਾਲੇ ਯੋਗ ਪ੍ਰਤੀਨਿਧੀਆਂ ਦੀ ਲੋੜ ਹੈ ਤਾਂ ਜੋ ਦੇਸ਼ ਨੂੰ ਵਿਸ਼ਵ ਸਤਰ ਵਿੱਚ ਬਰਾਬਰੀ ਵਿੱਚ ਖੜ੍ਹਾ ਕੀਤਾ ਜਾ ਸਕੇ ਪ੍ਰੰਤੂ ਬਦਕਿਸਮਤੀ ਨਾਲ ਭਾਰਤੀ ਰਾਜਨੀਤੀ ਪ੍ਰਣਾਲੀ ਨੂੰ ਦੇਖਦੇ ਅਜਿਹੀ ਆਸ ਇੱਕ ਸੁਪਨਾ ਬਣਕੇ ਰਹਿ ਜਾਂਦਾ ਹੈ। ਸਮਾਕਲੀ ਸੰਦਰਭ ਵਿੱਚ ਸੁਰਜੀਤ ਪਾਤਰ ਲਿਖਦੇ ਹਨ ਕਿ ਅਜੋਕੇ ਸ਼ਾਸ਼ਨ ਪ੍ਰਬੰਧ ਵਿੱਚ ਨਾ ਹੀ ਨੈਤਿਕਤਾ ਹੈ, ਨਾ ਵਫ਼ਾ ਹੈ, ਨਾ ਹੀ ਨਿਆਂ ਵਿਵਸਥਾ ਸੁਚਾਰੂ ਢੰਗ ਨਾਲ ਆਪਣਾ ਕੰਮ ਕਰ ਰਹੀ ਹੈ:

*ਕਿੱਥੇ ਹੁਣ ਮੈਂ ਅਤੇ ਖ਼ੁਦਾ ਕਿੱਥੇ*

*ਸਾਡਾ ਦੋਹਾਂ ਦਾ ਕੁਝ ਪਤਾ ਕਿੱਥੇ*

*ਮੇਰੇ ਸੀਨੇ 'ਚ ਹੁਣ ਵਫ਼ਾ ਕਿੱਥੇ*

*ਖ਼ੌਫ਼ ਏਨਾ ਕਿ ਹੌਸਲਾ ਕਿੱਥੇ*

*ਕੀ ਵਕਾਲਤ ਹੈ ਕਿ ਅਦਾਲਤ ਹੈ*

*ਸੱਚ ਕਿੱਥੇ ਤੇ ਫ਼ੈਸਲਾ ਕਿੱਥੇ*

(*ਪੱਤਝੜ ਦੀ ਪਾਜ਼ੇਬ* 58)

**ਦੋਗਲੀ, ਸ਼ਾਤਿਰ ਅਤੇ ਅਨੈਤਿਕ ਰਾਜਨੀਤੀ:**

ਸਮਕਾਲੀ ਪ੍ਰਸਥਿਤੀਆਂ ਬਾਰੇ ਵਿਚਾਰ ਕਰਦਿਆਂ ਸਪਸ਼ਟ ਰੂਪ ਵਿੱਚ ਵੇਖਿਆ ਜਾ ਸਕਦਾ ਹੈ ਕਿ ਇਹ ਸਮਾਂ ਰਾਸ਼ਟਰੀ, ਅੰਤਰ-ਰਾਸ਼ਟਰੀ ਪੱਧਰ 'ਤੇ ਪੂੰਜੀਵਾਦੀ ਵਿਚਾਰਧਾਰਾ ਦੀ ਪ੍ਰਧਾਨਤਾ ਦਾ ਸਮਾਂ ਹੈ। ਪੂੰਜੀ ਅਤੇ ਤਕਨੀਕ ਨੇ ਮਨੁੱਖ ਨੂੰ ਮੰਡੀ ਦੀ ਵਸਤੂ ਵਿੱਚ ਤਬਦੀਲ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ।

ਸਮਕਾਲੀ ਭਾਰਤੀ ਸਮਾਜ ਵਿੱਚ ਵਿਸ਼ਵੀਕਰਨ ਦੀਆਂ ਇਹਨਾਂ ਪ੍ਰਸਥਿਤੀਆਂ ਵਿਰੁੱਧ ਕੋਈ ਵੀ ਸੰਗਠਨ ਪਹਿਲ ਨਹੀਂ ਦਿਖਾ ਰਿਹਾ। ਅਜੋਕੀ ਰਾਜਨੀਤੀ ਕੁਰਸੀ ਪ੍ਰਾਪਤ ਕਰਨ ਦੀ ਦੌੜ ਤੱਕ ਹੀ ਸੀਮਤ ਹੈ। ਕੁਰਸੀ ਪ੍ਰਾਪਤੀ ਲਈ ਸੱਚ-ਝੂਠ, ਦੋਸਤ-ਮਿੱਤਰ, ਰਿਸ਼ਤੇ, ਪਰਿਵਾਰ ਆਦਿ ਦੀ ਬਲੀ ਤੱਕ ਚਾੜ੍ਹਨਾ ਲੋਭੀਆਂ ਲਈ ਵੱਡੀ ਗੱਲ ਨਹੀਂ ਹੈ। ਕੁਰਸੀ ਦੇ ਲਾਲਚ ਨੇ ਮਨੁੱਖ ਨੂੰ ਦੋਗਲਾ, ਸ਼ਾਤਿਰ ਅਤੇ ਅਨੈਤਿਕ ਬਣਾ ਦਿੱਤਾ ਹੈ ਸਮਕਾਲੀ ਪੰਜਾਬੀ ਸ਼ਾਇਰੀ ਦੇ ਸਿਰਮੌਰ ਕਵੀ ਸੁਰਜੀਤ ਪਾਤਰ ਲਿਖਦੇ ਹਨ:

*ਸੱਚੇ ਨੂੰ ਸੱਚਾ ਝੂਠੇ ਨੂੰ ਝੂਠਾ ਉਹ ਕਹਿ ਸਕਣ*

*ਹਾਏ ਉਹ ਜਿਗਰ ਯਾਰਾਂ ਦਾ ਜਿਗਰ ਕਿਧਰ ਗਿਆ*

*ਬਣਿਆ ਖ਼ਬਰ ਅਖ਼ਬਾਰ ਦੀ ਰੱਦੀ 'ਚ ਵਿਕ ਗਿਆ*

*ਟੁਕੜਾ ਜਿਗਰ ਦਾ, ਨੈਣਾਂ ਦਾ ਤਾਰਾ ਕਿਧਰ ਗਿਆ*

*ਹਰ ਵਾਰ ਛੱਬੀ ਜਨਵਰੀ ਮਾਯੂਸ ਪਰਤਦੀ*

*ਲੱਭਦੀ ਹੈ ਰੁੱਖ ਜੋ ਰੱਤ ਦਾ ਸੀ ਸਿੰਜਿਆ ਕਿਧਰ ਗਿਆ*

(*ਸੁਰਜ਼ਮੀਨ* 25)

*ਇਸ਼ਤਿਹਾਰਾਂ, ਨਾਹਰਿਆਂ ਦਾ ਰੰਗ ਕੱਚਾ ਸੀ ਬਹੁਤ,*

*ਪਹਿਲੀ ਬਾਰਿਸ਼ ਨਾਲ ਹੀ ਕੰਧਾਂ ਤੋਂ ਸਾਰਾ ਲਹਿ ਗਿਆ।*

(ਗੁਰਤੇਜ ਕੋਹਾਰਵਾਲਾ, *ਪਾਣੀ ਦਾ ਹਾਸ਼ੀਆ* 61)

ਸਮਕਾਲੀ ਪੰਜਾਬੀ ਕਵਿਤਾ ਨੇ ਯਥਾਰਥਵਾਦੀ ਦ੍ਰਿਸ਼ਟੀਕੋਣ ਤੋਂ ਵਰਤਮਾਨ ਸੱਤਾ ਅਤੇ ਸਿਆਸਤੀ ਪ੍ਰਸਥਿਤੀਆਂ ਨੂੰ ਪੇਸ਼ ਕੀਤਾ ਹੈ ਅਤੇ ਮੌਜੂਦਾ ਰਾਜਨੀਤੀ ਦੇ ਅੰਦਰਲੇ ਦਵੰਦ ਅਤੇ ਦਮਿਤ ਕਾਰਨ ਅਜੋਕੀ ਰਾਜਨੀਤੀ ਨੂੰ ਉਦਾਸ ਅਤੇ ਉਪਰਾਮ ਕਰਨ ਵਾਲੀ ਆਖਿਆ ਹੈ ਕਿਉਂਕਿ ਸੱਤਾਧਾਰੀ ਲੋਕ ਸੱਤਾ ਹਾਸਲ ਕਰਨ ਲਈ ਆਮ ਭੋਲ਼ੀ-ਭਾਲ਼ੀ ਜਨਤਾ ਨਾਲ ਕਈ ਤਰ੍ਹਾਂ ਦੇ ਵਾਅਦੇ ਕਰਦੇ ਹਨ ਅਤੇ ਸੱਤਾ ਵਿੱਚ ਆਉਣ ਦੇ ਨਾਲ ਹੀ ਉਨ੍ਹਾਂ ਦੇ ਵਾਅਦਿਆਂ ਦੇ ਰੰਗ ਫਿੱਕੇ ਪੈ ਜਾਂਦੇ ਹਨ, ਜਿਸ ਨਾਲ ਹਾਸ਼ੀਆਗਤ ਲੋਕਾਂ ਦਾ ਪ੍ਰਤੀਰੋਧ

ਅਤੇ ਉਸ ਤੋਂ ਉਤਪੰਨ ਪ੍ਰਸਥਿਤੀਆਂ ਮੌਜੂਦਾ ਸਮਾਜਿਕ ਵਿਵਸਥਾ ਨੂੰ ਗੰਭੀਰ ਚੁਣੌਤੀਆਂ ਦੇ ਰਹੀਆਂ ਹਨ। ਸਮਕਾਲੀ ਪੰਜਾਬੀ ਚੇਤੰਨ ਕਵੀ ਅਜਿਹੇ ਸਮੇਂ ਨੂੰ ਆਸ ਤੇ ਧਰਵਾਸ ਦੇ ਟੁੱਟਣ ਦਾ ਸਮਾਂ ਨਹੀਂ ਸਗੋਂ ਨਵੀਆਂ ਸੰਭਾਵਨਾਵਾਂ ਤੇ ਤਬਦੀਲੀਆਂ ਦੇ ਇੱਕਰਾਰ ਦਾ ਸਮਾਂ ਆਖ ਉਦਾਸੀ, ਉਪਰਾਮਤਾ ਜਾਂ ਵਿਸ਼ਾਦ ਦੇ ਨੂੰ ਪ੍ਰੇਰਨਾ ਸਰੋਤ ਵਿੱਚ ਤਬਦੀਲ ਕਰਨ ਦੀ ਕੋਸ਼ਿਸ ਕਰਦਾ ਹੈ:

*ਜੋ ਕਦੇ ਸਨ ਤੇਜ਼ ਦਰਿਆਵਾਂ ਦੇ ਵਾਂਗੂੰ ਸ਼ੂਕਦੇ।*

*ਕੁਰਸੀਆਂ ਦੇ ਥਲ 'ਚ ਪੁਹੰਚਣ ਸਾਰ ਗੂੰਗੇ ਹੋ ਗਏ।*

*ਜ਼ੁਲਮ ਦੀ ਗੱਲ ਇਹ ਨਹੀਂ ਕਿ ਕਤਲ ਹੋ ਜਾਂਦੇ ਹਾਂ ਰੋਜ਼*

*ਜ਼ੁਲਮ ਦੀ ਆਖ਼ਰ ਕਿ ਕਾਤਲ ਹੱਥ ਵੀ ਨੇ ਆਪਣੇ।*

(ਗੁਰਤੇਜ ਕੋਹਾਰਵਾਲਾ, *ਪਾਣੀ ਦਾ ਹਾਸ਼ੀਆ* 29)

**ਜੱਥੇਬੰਦੀਆਂ ਵਿੱਚ ਆਪਸੀ ਟਕਰਾਓ:**

ਸਮਕਾਲੀ ਪੰਜਾਬੀ ਕਵਿਤਾ, ਪੰਜਾਬ ਦੇ ਵਰਤਮਾਨ ਸੰਤਾਪ ਦੇ ਰੁਦਨ ਨੂੰ ਬੇਬਾਕੀ ਨਾਲ ਵਿੱਚ ਪੇਸ਼ ਕਰਕੇ ਅਜੋਕੀ ਪੀੜ੍ਹੀ ਨੂੰ ਵਰਤਮਾਨ ਸਿਆਸਤਦਾਨਾਂ ਦੀਆਂ ਕੁਨੀਤੀਆਂ ਪ੍ਰਤੀ ਚੇਤੰਨ ਕਰਕੇ, ਉਹਨਾਂ ਪ੍ਰਤੀ ਵਿਦਰੋਹ ਲਈ ਪ੍ਰੇਰਿਤ ਕਰ ਰਹੀ ਹੈ। ਸੁਰਜੀਤ ਪਾਤਰ, ਜਸਵੰਤ ਜਫ਼ਰ, ਸੁਖਵਿੰਦਰ ਅੰਮ੍ਰਿਤ, ਗੁਰਪ੍ਰੀਤ ਮਾਨਸਾ ਅਤੇ ਗੁਰਤੇਜ ਕੋਹਾਰਵਾਲਾ ਸਮਕਾਲੀ ਦੌਰ ਦੇ ਅਜਿਹੇ ਪ੍ਰਮੁੱਖ ਕਵੀ ਹਨ ਜੋ ਵਰਤਮਾਨ ਪ੍ਰਸਥਿਤੀਆਂ ਨੂੰ ਪਹਿਚਾਣ ਕੇ, ਵਰਤਮਾਨ ਦੇ ਪ੍ਰਸੰਗ ਵਿੱਚ ਇਤਿਹਾਸ ਅਤੇ ਭਵਿੱਖ ਦੀ ਚੇਤਨਾ ਦੀਆਂ ਤਹਿਆਂ ਨੂੰ ਫਰੋਲਕੇ ਸਮਕਾਲ ਲਈ ਸੱਚੀਆਂ-ਸੁੱਚੀਆਂ ਰਚਨਾਵਾਂ ਦੀ ਰਚਨਾ ਕਰ ਰਹੇ ਹਨ। ਭਾਰਤੀ ਸੰਵਿਧਾਨ ਅਨੁਸਾਰ ਭਾਰਤ ਇੱਕ ਧਰਮ ਨਿਰਪੱਖ (Secular) ਦੇਸ਼ ਹੈ, ਜਿਸ ਦਾ ਭਾਵ ਹਰ ਕੋਈ ਆਪਣੀ ਇੱਛਾ ਅਨੁਸਾਰ ਕਿਸੇ ਵੀ ਧਰਮ ਨੂੰ ਅਪਣਾ ਜਾਂ ਮੰਨ ਸਕਦਾ ਹੈ। ਧਰਮ ਦੇ ਅਧਾਰ 'ਤੇ ਦੇਸ਼ ਦੇ ਨਾਗਰਿਕ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾ ਸਕਦਾ। 'ਸੈਕੁਲਰ' ਸ਼ਬਦ ਦਾ ਅਰਥ ਇਹ ਵੀ ਹੈ ਕਿ ਸਭ ਧਰਮਾਂ ਨੂੰ ਸਮਾਨ ਸਮਝਿਆ ਜਾਵੇਗਾ, ਸਭ ਧਰਮਾਂ ਦਾ ਆਦਰ ਕੀਤਾ ਜਾਵੇਗਾ ਪ੍ਰੰਤੂ ਸੰਪਰਦਾਇਕਤਾ ਅਜੋਕੇ ਯੁੱਗ

ਦਾ ਇੱਕ ਵੱਡਾ ਮਸਲਾ ਹੈ ਕਿਉਂਕਿ ਸਭ ਆਪਣੇ ਸਵਾਰਥ ਲਈ ਆਪਣੇ ਧਰਮ, ਜਾਤ, ਸੰਪਰਦਾ ਨੂੰ ਦੂਜੇ ਨਾਲੋਂ ਉੱਚਾ ਸਮਝਦਾ ਹੋਇਆ ਉੱਚ ਸਾਬਿਤ ਕਰਨ 'ਤੇ ਤੁਲਿਆ ਹੈ। ਰਾਜਨੇਤਾ ਵੀ ਵੋਟਾਂ ਦੀ ਖ਼ਾਤਰ ਅਜਿਹੀਆਂ ਸੰਪਰਦਾਇਕ ਘਟਨਾਵਾਂ ਨੂੰ ਆਪਣੀਆਂ ਵੋਟਾਂ ਦੀ ਖ਼ਾਤਰ ਹਵਾ ਦਿੰਦੇ ਹਨ। ਜਸਵੰਤ ਜ਼ਫ਼ਰ ਆਪਣੀ ਕਵਿਤਾ ਵਿੱਚ ਭਾਰਤੀ ਸੰਵਿਧਾਨ ਦੇ ਇਸ ਸੈਕੁਲਰ ਨਿਯਮ ਬਾਰੇ ਟਿੱਪਣੀ ਕਰਦੇ ਹੋਏ ਭਾਰਤ ਦੀ ਧਰਮ ਨਿਰਪੱਖਤਾ ਬਾਰੇ ਵਿਅੰਗ ਕਰਦੇ ਹਨ:

*ਕੌਣ ਬਚਿਆ ਹੈ ਸੈਕੂਲਰ ਅੱਜ-ਕੱਲ*

*ਯਾਰ ?*

*ਅਖ਼ਬਾਰ ?*

*ਸਰਕਾਰ ?*

*ਪਰਚਾਰ ?*

*ਕਿ ਹਥਿਆਰ ?*

*ਸੈਕੁਲਰ ਤਾਂ ਲੱਗਦੇ ਨੇ ਸਿਰਫ਼*

*ਰੁੱਖ*

*ਦੁੱਖ*

*ਸੁੱਖ*

*ਭੁੱਖ*

*ਤੇ ਜਾਂ ਕੁੱਖ* (*ਦੋ ਸਾਹਾਂ ਵਿੱਚਕਾਰ* 14)

ਪੰਜਾਬ ਸੰਕਟ ਤੋਂ ਬਾਅਦ ਵਰਤਮਾਨ ਪੰਜਾਬੀ ਸਮਾਜ ਅਤੇ ਸੱਭਿਆਚਾਰ ਵਿੱਚ ਜ਼ੋਰਦਾਰ ਤਬਦੀਲੀਆਂ ਆਈਆਂ ਹਨ। ਵਿਸ਼ਵੀਕਰਨ, ਉਦਯੋਗੀਕਰਨ, ਬਜ਼ਾਰੀਕਰਨ ਨੇ ਵਰਤਮਾਨ ਸਮੇਂ ਨੂੰ ਆਪਣੀ ਬੁੱਕਲ ਵਿੱਚ ਸਮਾਇਆ ਹੈ। ਅਜਿਹੇ ਮਾਹੌਲ ਵਿੱਚ ਹਰ ਕੋਈ ਸੱਤਾ ਦੀ ਪ੍ਰਾਪਤੀ ਵਿੱਚ ਲੱਗਿਆ ਹੈ।

ਸੱਤਾ ਅਪਣਾਉਣ ਲਈ ਕਈ ਕੋਝੀਆਂ ਚਾਲਾਂ ਚੱਲਦਾ ਹੈ ਅਤੇ ਕਈ ਜਥੇਬੰਦੀਆਂ ਅਤੇ ਸੰਗਠਨਾਂ ਦਾ ਨਿਰਮਾਣ ਕਰਦਾ ਹੈ। ਇਹ ਸੰਗਠਨ ਸਮਾਜ ਵਿੱਚ ਹਰ ਵਕਤ ਸਰਗਰਮ ਰਹਿੰਦੇ ਹਨ ਅਤੇ ਵਿਰੋਧੀ ਧਿਰ ਤੇ ਆਪਣੀ ਨਜ਼ਰ ਜਮਾਈ ਰੱਖਦੇ ਹਨ ਤਾਂ ਜੋ ਵਿਰੋਧੀ ਧਿਰ ਦੇ ਕਿਸੇ ਵੀ ਕਾਰਜ ਨੂੰ ਨਿੰਦਿਆ ਜਾ ਸਕੇ ਭਾਵੇਂ ਉਹ ਚੰਗਾ ਹੋਵੇ ਜਾਂ ਮਾੜਾ। ਵਰਤਮਾਨ ਸਮੇਂ ਦੀ ਰਾਜਨੀਤੀ ਬਾਰੇ ਇਹ ਆਖਿਆ ਜਾ ਸਕਦਾ ਹੈ ਕਿ ਇਸ ਸਮੇਂ ਰਾਜਨੀਤੀ ਹਰ ਖੇਤਰ ਵਿੱਚ ਭਾਰੂ ਹੈ, ਇਹ ਯੁੱਗ ਰਾਜਨੀਤੀ ਦੀ ਸਰਵ-ਵਿਆਪਕਤਾ ਦਾ ਯੁੱਗ ਹੈ। ਧਰਮ, ਸੱਭਿਆਚਾਰ ਭਾਵੇਂ ਆਰਥਿਕ ਖੇਤਰ ਹੀ ਕਿਉਂ ਨਾ ਹੋਵੇ, ਰਾਜਨੀਤੀ ਦੇ ਪ੍ਰਭਾਵ ਤੋਂ ਦੂਰ ਨਹੀਂ ਹੈ। ਹਰ ਨਿੱਕੀ-ਨਿੱਕੀ ਗੱਲ ’ਤੇ ਨਾਅਰੇਬਾਜ਼ੀ, ਬੰਦ, ਹੜਤਾਲਾਂ, ਧਰਨੇ ਅਤੇ ਬਾਈਕਾਟ ਵਰਗੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਾਂਦਾ ਹੈ। ਹਰ ਖੇਤਰ ਦੇ ਮਸਲਿਆ ’ਤੇ ਰਾਜਨੀਤੀ ਦੀਆਂ ਰੋਟੀਆਂ ਸੇਕੀਆਂ ਜਾਂਦੀਆਂ ਹਨ। ਪ੍ਰਮਾਣ ਵਜੋਂ:

*ਸ਼ਹੀਦ-ਏ-ਆਜ਼ਮ ਦੇ ਸ਼ਹੀਦੀ ਦਿਨ ਦੀ*

*ਛੁੱਟੀ ਨਾ ਹੋਵੇ*

*ਇਹ ਗੱਲ ਨਹੀਂ ਜਰਾਂਗੇ*

*ਰੋਸ ਹੜਤਾਲਾਂ ਕਰਾਂਗੇ*

*ਕਲਾਸਾਂ ਦਾ ਬਾਈਕਾਟ ਕਰਕੇ*

*ਨਾ ਪੜ੍ਹਨ-ਪੜ੍ਹਾਉਣ ਦਿਆਂਗੇ*

*ਤੇ ਨਾ ਪੜ੍ਹਾਂਗੇ*

*ਉਸ ਸ਼ਹੀਦ ਦੇ ਸ਼ਹੀਦੀ ਦਿਨ ’ਤੇ*

*ਜੋ ਆਖ਼ਰੀ ਸਮੇਂ ਤੱਕ*

*ਪੜ੍ਹਦਾ ਰਿਹਾ ਸੀ*

(ਜਸਵੰਤ ਜ਼ਫ਼ਰ, *ਇਹ ਬੰਦਾ ਕੀ ਹੁੰਦਾ ਹੈ* 24)

**ਨੌਜਵਾਨ ਵਰਗ ਅੰਦਰ ਅਜਿਹੇ ਰਾਜਨੀਤਿਕ ਮਾਹੌਲ ਪ੍ਰਤੀ ਨਿਰਾਸ਼ਾ:**

ਸਮਕਾਲੀ ਸੰਦਰਭ ਦੀ ਕਵਿਤਾ ਅਜੋਕੀ ਰਾਜਨੀਤੀ ਦੇ ਅਨੇਕਾਂ ਮਸਲਿਆਂ ਨਾਲ ਜੂਝ ਰਹੀ ਹੈ। ਸਮਕਾਲੀ ਮਨੁੱਖ ਰਾਜ-ਨੇਤਾਵਾਂ ਦੀ ਕਠਪੁਤਲੀਆਂ ਦੀ ਭੂਮਿਕਾ ਤੋਂ ਜ਼ਿਆਦਾ ਕੁਝ ਨਹੀਂ ਹੈ। ਰਾਜਨੀਤਿਕ ਸੱਤਾ ਕੁੱਝ ਕੁ ਮੁੱਠੀ ਭਰ ਅਮੀਰ ਲੋਕਾਂ ਦੇ ਹੱਥ ਵਿੱਚ ਹੈ, ਜਿਸ ਸਦਕਾ ਆਮ ਲੋਕਾਂ ਜਾਂ ਨੌਜਵਾਨਾਂ ਨੂੰ ਆਪਣੇ ਜੀਵਨ ਵਿੱਚ ਵਿਕਾਸ ਦੇ ਸਹੀ ਮੌਕੇ ਨਹੀਂ ਪ੍ਰਾਪਤ ਹੋ ਰਹੇ। ਨੌਜਵਾਨ ਵਰਗ ਅੰਦਰ ਅਜਿਹੇ ਮਾਹੌਲ ਪ੍ਰਤੀ ਨਿਰਾਸ਼ਾ ਦਾ ਭਾਵ ਆਪਣੇ ਆਪ ਪੈਦਾ ਹੁੰਦਾ ਜਾ ਰਿਹਾ ਹੈ। ਸਿੱਖਿਆ ਦੇ ਖੇਤਰ ਵਿੱਚ ਅੱਗੇ ਆਉਣ ਵਾਲੇ ਵਧੇਰੇ ਨੌਜਵਾਨਾਂ ਕੋਲ ਆਪਣੀ ਯੋਗਤਾ ਦੇ ਅਨੁਸਾਰ, ਯੋਗਤਾ ਅਤੇ ਹੁਨਰ ਨੂੰ ਇਸਤੇਮਾਲ ਕਰਨ ਦੇ ਅਵਸਰ ਨਹੀਂ ਪ੍ਰਾਪਤ ਹੋ ਰਹੇ। ਇਸੇ ਕਾਰਨ ਨੌਜਵਾਨ ਵਰਗ ਵਿੱਚ ਜੋ ਉਤਸ਼ਾਹ ਹੋਣਾ ਚਾਹੀਦਾ ਹੈ, ਉਸ ਦਾ ਅਭਾਵ ਹੈ। ਇਹ ਸਭ ਕੁਝ ਰਾਜਨੀਤੀ ਦੀਆਂ ਗ਼ਲਤ ਨੀਤੀਆਂ ਦਾ ਹੀ ਸਿੱਟਾ ਹੈ। ਪ੍ਰਸਿੱਧ ਕਵੀ ਗੁਰਤੇਜ ਕੋਹਾਰਵਾਲਾ ਸਮਕਾਲੀ ਸੰਦਰਭ ਵਿੱਚ ਅਜਿਹੇ ਮਾਹੌਲ 'ਚ ਵਿਚਰਦੇ ਹੋਏ ਆਪਣੇ ਅਨੁਭਵਾਂ ਨੂੰ ਇਹਨਾਂ ਨਿਮਨਲਿਖਿਤ ਸਤਰਾਂ ਰਾਹੀਂ ਅਭਿਵਿਅਕਤ ਕਰਦੇ ਹੋਏ ਇੱਕ ਸਕਾਰਾਤਮਕ ਸੁਨੇਹਾ ਦਿੰਦੇ ਹਨ:

*ਕਿਤੋਂ ਕਾਲ਼ਖ, ਕਿਤੋਂ ਸਾਡੇ ਲਹੂ ਵਿੱਚ ਰੰਗਿਆ ਹੋਇਆ।*

*ਅਸੀਂ ਇਸ ਸ਼ਹਿਰ ਦਾ ਸੂਰਜ ਹੈ ਕੋਲੋਂ ਵੇਖਿਆ ਹੋਇਆ।*

*ਅਸੀਂ ਉੱਗੇ, ਤੇ ਜਦ ਫੁੱਲਾਂ 'ਤੇ ਆਏ ਤਦ ਪਤਾ ਲੱਗਾ,*

*ਕਿ ਸਾਡੇ ਬਾਗ਼ ਦਾ ਮੌਸਮ ਹੈ ਗਿਰਵੀ ਰੱਖਿਆ ਹੋਇਆ*

*ਕਈ ਫ਼ਸਲਾਂ ਨੂੰ ਕੁਝ ਐਸਾ ਕੁਰੁੱਤਾ ਬੂਰ ਪੈਂਦਾ ਹੈ,*

*ਕਿ ਪੁਰਖੇ ਵੱਢਦੇ ਨੇ ਵਾਰਿਸਾਂ ਦਾ ਬੀਜਿਆ ਹੋਇਆ।*

*ਉਨ੍ਹਾਂ ਲੋਕਾਂ ਦੀਆਂ ਰਾਤਾਂ 'ਚੋਂ ਹੀ ਸੂਰਜ ਉਦੈ ਹੋਣਾ,*

*ਜਿਨ੍ਹਾਂ ਨੇ ਦੀਵਿਆਂ ਦੀ ਥਾਂ ਹੈ ਖ਼ੁਦ ਨੂੰ ਬਾਲਿਆ ਹੋਇਆ।*

(*ਪਾਣੀ ਦਾ ਹਾਸ਼ੀਆ* 37)

ਸਮਕਾਲੀ ਪੰਜਾਬੀ ਕਵਿਤਾ ਦੇ ਰਾਜਨੀਤਿਕ ਸਰੋਕਾਰਾਂ ਦਾ ਜ਼ਿਕਰ ਕਰਦਿਆਂ ਰਾਜਨੀਤੀ ਦੇ ਅਜਿਹੇ ਪੱਖ ਨੂੰ ਵੀ ਪੇਸ਼ ਕਰਦੀ ਹੈ, ਜਿੱਥੇ ਰਾਜਨੀਤੀ ਨੇ ਧਰਮ ਦੀ ਅਸਲ ਵਿਚਾਰਧਾਰਾ ਨੂੰ ਬਦਲ ਕੇ ਇਸ ਨੂੰ ਆਪਣੇ ਪ੍ਰਚਾਰ ਹਿੱਤ ਕਰ ਲਿਆ ਹੈ। ਜਦੋਂ ਧਰਮ ਤੇ ਸੱਭਿਆਚਾਰ ਅੰਦਰ ਅੰਤਰ ਵਧ ਜਾਂਦਾ ਹੈ, ਤਾਂ ਧਰਮ ਤੇ ਮਨੁੱਖ ਦੇ ਦਵੰਦ ਵਿੱਚੋਂ ਰਾਜਨੀਤੀ ਪੈਦਾ ਹੁੰਦੀ ਹੈ। ਇਹ ਰਾਜਨੀਤੀ ਆਪਣੇ ਫਾਇਦਿਆਂ ਲਈ ਸੱਤਾ 'ਤੇ ਕਾਬਜ਼ ਹੋਣਾ ਚਾਹੁੰਦੀ ਹੈ। ਰਾਜਨੀਤੀ ਸਮਾਜ ਦੀ ਵਿਚਾਰਧਾਰਾ ਨੂੰ ਤਬਦੀਲ ਕਰਨ ਵੱਲ ਰੁਚਿਤ ਹੁੰਦੀ ਹੈ। ਇਸ ਦਾ ਸੰਬੰਧ ਸਿਰਫ਼ ਸੱਤਾ ਦੀ ਪ੍ਰਾਪਤੀ ਕਰਨ ਦੀ ਪ੍ਰਕਿਰਿਆ ਨਾਲ ਹੈ। ਸੱਤਾ ਦੀ ਪ੍ਰਾਪਤੀ ਲਈ ਰਾਜਨੀਤੀਵਾਨ, ਅਧਿਆਤਮ ਦੀ ਆੜ ਲੈਂਦੇ ਹਨ। ਇਸੇ ਤਰ੍ਹਾਂ ਕਵੀ ਜਸਵੰਤ ਜ਼ਫਰ ਨੇ ਆਪਣੇ ਕਾਵਿ ਵਿੱਚ ਅਧਿਆਤਮਕਤਾ 'ਤੇ ਭਾਰੂ ਹੋ ਰਹੀ ਰਾਜਨੀਤੀ ਵਿਚਾਰਧਾਰਾ ਉੱਪਰ ਵਿਅੰਗ ਕਰਦਿਆਂ ਅਜੋਕੀ ਰਾਜਨੀਤੀ ਨੇ ਕਿਸ ਤਰ੍ਹਾਂ ਧਰਮਾਂ 'ਤੇ ਪਰਦਾ ਪਾ ਕੇ ਆਪਣੀ ਸਿਆਸਤ ਨੂੰ ਧਰਮ ਦੇ ਨਾਂ ਤੇ ਖੜ੍ਹਾ ਕਰ ਲਿਆ, ਇਸ ਨੂੰ ਬਿਆਨ ਕੀਤਾ ਹੈ:

*ਸ਼ਬਦ ਗੁਰੂ ਸੁਸ਼ੋਭਿਤ*

*ਪੰਥਕ ਭਾਸ਼ਣ ਗੱਜਿਆ*

*ਚੋਣਾਂ ਨੇੜੇ ਆ ਰਹੀਆਂ ਨੇ*

*ਐਤਕੀ ਕੁਰਸੀ ਤੇ ਬਵਾਂਗੇ*

*ਗਿਣ-ਗਿਣ ਬਦਲੇ ਲਵਾਂਗੇ*

*ਬੋਲੇ ਸੋ ਨਿਹਾਲ*

*ਚਾਪਲੂਸ ਮੂੰਹ ਚੋਂ ਜੈਕਾਰਾ ਆਇਆ*

*ਭਾਸ਼ਣ ਢਿੱਡ ਚ ਮੁਸਕਾਇਆ*

*ਮੰਚ ਪਿੱਛੇ*

*ਪਾਤਸ਼ਾਹ ਦੀ ਤਸਵੀਰ ਮੁਸਕਰਾ ਰਹੀ*

*ਤੇ ਮੀਆਂ ਮੀਰ ਕੁਰਲਾ ਰਿਹਾ* (*ਇਹ ਬੰਦਾ ਕੀ ਹੁੰਦਾ* 47)

ਇਸ ਪ੍ਰਕਾਰ ਸਮਕਾਲੀ ਦੌਰ ਦੀ ਅਨੈਤਿਕ ਰਾਜਨੀਤਿਕ ਪ੍ਰਣਾਲੀ ਵਿੱਚ ਮਨੁੱਖਤਾ ਤੋਂ ਹੇਠਾਂ ਡਿੱਗ ਕੁਰਸੀ ਦੀ ਪ੍ਰਾਪਤੀ ਲਈ ਹਰ ਦਾਅ ਪੇਚ ਲੜਾਇਆ ਜਾਂਦਾ ਹੈ। ਫਿਰ ਭਾਵੇਂ ਇਸ ਲਈ ਧਰਮ ਨੂੰ ਹੀ ਦਾਅ 'ਤੇ ਕਿਉਂ ਨਾ ਲਗਾਉਣਾ ਪਵੇ। ਰਾਜਨੀਤੀ ਦੀਆਂ ਅਜਿਹੀਆਂ ਕੋਝੀਆਂ ਚਾਲਾਂ ਨੂੰ ਸੁਰਜੀਤ ਪਾਤਰ, ਸੁਖਵਿੰਦਰ ਅੰਮ੍ਰਿਤ, ਜ਼ਸਵੰਤ ਜ਼ਫ਼ਰ, ਗੁਰਪ੍ਰੀਤ ਮਾਨਸਾ ਅਤੇ ਗੁਰਤੇਜ਼ ਕੋਹਾਰਵਾਲਾ ਕਵੀਆਂ ਨੇ ਵਰਤਮਾਨ ਯੁੱਗ ਦੇ ਰਾਜਨੀਤਿਕ ਹਾਲਾਤਾਂ ਦੇ ਬਿੰਬ ਨੂੰ ਸ਼ੀਸ਼ੇ ਦੀ ਤਰ੍ਹਾਂ ਸਾਫ਼ ਰੂਪ ਵਿੱਚ ਪੇਸ਼ ਕੀਤਾ ਹੈ। ਇਸੇ ਸੰਦਰਭ ਵਿੱਚ ਕਵਿਤਰੀ ਸੁਖਵਿੰਦਰ ਅੰਮ੍ਰਿਤ ਕਵਿਤਾ ਅਤੇ ਅਜੋਕੇ ਰਾਜਨੀਤਿਕ ਹਾਲਾਤਾਂ ਦੇ ਸੰਬੰਧ ਬਾਰੇ ਆਪਣੀਆਂ ਵੱਖ-ਵੱਖ ਟਿੱਪਣੀਆਂ ਦੌਰਾਨ ਆਖਦੀ ਹੈ ਕਿ:

*ਕਵਿਤਾ: ਮੈਲੀ ਪਰੰਪਰਾ ਨੂੰ ਨਕਾਰਦੀ ਹੋਈ ਆਤਮਾ ਹੈ* (*ਧੁੱਪ ਦੀ ਚੁੰਨੀ* 9)

*ਕਵਿਤਾ: ਦਮਨ ਅਤੇ ਅਨਿਆਂ ਵਿਰੁੱਧ ਉੱਠੀ ਹੋਈ ਤੇਗ ਹੈ* (ਉਹੀ)

20ਵੀਂ ਸਦੀ ਦੇ ਦੂਜੇ ਅੱਧ ਦੌਰਾਨ ਪੰਜਾਬ ਵਿੱਚ ਹਰੀ ਕ੍ਰਾਂਤੀ ਅਤੇ ਨਕਸਲਵਾੜੀ ਲਹਿਰ ਦਾ ਉਭਾਰ ਦਾ ਸਮਾਂ ਸੀ, ਜੋ ਪੰਜਾਬ ਦੀ ਆਰਥਿਕ, ਸਮਾਜਿਕ ਅਤੇ ਰਾਜਨੀਤੀ ਦਸ਼ਾਂ ਵਿੱਚ ਤਿੱਖੇ ਪਰਿਵਰਤਨਾਂ ਦਾ ਦੌਰ ਸੀ। ਹਰੀ ਕ੍ਰਾਂਤੀ ਦੇ ਸਿੱਟੇ ਨਾਲ ਨਵੇਂ-ਨਵੇਂ ਖੁਸ਼ਹਾਲ ਹੋਏ ਕਿਸਾਨ ਵਰਗ ਨੇ ਰਾਜਨੀਤੀ ਵਿੱਚ ਆਪਣੀ ਸੱਤਾ ਜਮਾਉਣ ਲਈ ਸਥਾਨਕ ਪਾਰਟੀਆਂ ਦਾ ਗਠਨ ਕੀਤਾ, ਇਸ ਉਪਰੰਤ ਸਥਾਨਕ ਜਨਤਾ ਦੀਆਂ ਨਿਗਾਹਾਂ ਵਿੱਚ ਵਾਹ-ਵਾਹੀ ਖੱਟਣ ਲਈ ਸਥਾਨਕ ਸਮਾਜਿਕ ਅਤੇ ਧਾਰਮਿਕ ਜਾਂ ਭੂਗੋਲਿਕ ਮਸਲਿਆਂ ਨੂੰ ਉਘਾੜਿਆ ਹੈ, ਜਿਵੇਂ ਪੰਜਾਬ ਦੇ ਪਾਣੀਆਂ ਦੀ ਵੰਡ, ਪੰਜਾਬੀ ਬੋਲਦੇ ਇਲਾਕਿਆਂ ਦੀ ਵੰਡ, ਨਕਸਲਬਾੜੀ ਲਹਿਰ ਜਾਂ ਵੱਖਵਾਦ ਦਾ ਮਸਲਾ ਆਦਿ। ਇਹਨਾਂ ਕਾਰਨਾਂ ਕਰਕੇ ਪੰਜਾਬ ਦੀ ਸ਼ਾਂਤੀ ਨੂੰ ਢਾਹ ਲੱਗਣੀ ਲਾਜ਼ਮੀ ਸੀ। ਦੇਸ਼ ਦੀ ਨੌਜਵਾਨ ਪੀੜ੍ਹੀ ਆਪਣੀ ਖੁਸ਼ਹਾਲੀ ਲਈ ਵਿਦੇਸ਼ਾਂ ਦਾ ਆਸਰਾ ਤੱਕਣ ਲੱਗੀ ਕਿਉਂਕਿ ਦੇਸ਼ ਦੀ ਭ੍ਰਿਸ਼ਟ ਤੱਤਕਾਲੀਨ ਰਾਜਨੀਤੀ ਨੇ ਪੰਜਾਬ ਵਿੱਚ ਨੌਜਵਾਨ ਪੀੜ੍ਹੀ ਲਈ ਵਿਕਾਸ ਦੀਆਂ ਸੰਭਾਵਨਾਂਵਾਂ ਨੂੰ ਨਾਮਾਤਰ ਕਰ ਦਿੱਤਾ।

ਸੋ ਉਪਰੋਕਤ ਅਧਿਐਨ ਤੋਂ ਸਪਸ਼ਟ ਹੁੰਦਾ ਹੈ ਕਿ ਸਮਕਾਲੀ ਪੰਜਾਬੀ ਕਵੀਆਂ ਨੇ ਆਪਣੀਆਂ ਕਾਵਿ-ਰਚਨਾਵਾਂ ਵਿੱਚ ਕਮਜ਼ੋਰ ਹੁੰਦੀ ਜਾ ਰਹੀ ਆਰਥਿਕ ਵਿਵਸਥਾ ਅਤੇ ਭ੍ਰਿਸ਼ਟ ਰਾਜਨੀਤਿਕ ਸੰਗਠਨਾਂ ਦੀ ਤਸਵੀਰ ਨੂੰ ਯਥਾਰਥਕ ਰੂਪ ਵਿਚ ਬਾਖ਼ੂਬੀ ਦ੍ਰਿਸ਼ਟੀਗੋਚਰ ਕੀਤਾ ਹੈ। ਜਿਸ ਨਾਲ ਇਹ ਵੀ ਸਪਸ਼ਟ ਹੋਇਆ ਹੈ ਕਿ ਭਾਰਤੀ ਸਰਕਾਰ ਦੀ ਸੱਤਾ ਪ੍ਰਾਪਤੀ ਦਾ ਇੱਕ ਉਦੇਸ਼ ਪੂੰਜੀ ਜਾਂ ਆਰਥਿਕ ਪੱਖੋਂ ਆਪਣੀਆਂ ਜੜ੍ਹਾਂ ਨੂੰ ਮਜ਼ਬੂਤ ਕਰਨਾ ਹੈ ਅਤੇ ਕੁਰਸੀ ਪ੍ਰਾਪਤੀ ਦੀ ਲਾਲਸਾ ਲਈ ਅਨੇਕਾਂ ਪ੍ਰਕਾਰ ਦੀਆਂ ਚਾਲਾਂ ਨੂੰ ਅਪਣਾਉਣਾ ਹੈ ਅਤੇ ਅਜਿਹੀਆਂ ਚਾਲਾਂ ਰਾਹੀਂ ਭੋਲੀ-ਭਾਲੀ ਜਨਤਾ ਨੂੰ ਗੁੰਮਰਾਹ ਕਰਕੇ ਮਗਰ ਲਾਇਆ ਜਾਂਦਾ ਹੈ ਅਤੇ ਮਾਨਸਿਕ ਤੌਰ 'ਤੇ ਗ਼ੁਲਾਮ ਬਣਾਇਆ ਜਾਂਦਾ ਹੈ। ਜਿਸ ਸਦਕਾ ਵਰਤਮਾਨ ਮੱਧ-ਵਰਗ ਜ਼ਿਆਦਾ ਸਵਾਰਥੀ ਹੋ ਚੁੱਕਿਆ ਹੈ, ਉਹ ਆਪਣੇ ਨਿੱਜੀ ਮੁਨਾਫੇ ਦੇ ਲਈ ਪੂੰਜੀਵਾਦੀ ਸਿਸਟਮ ਨੂੰ ਅਪਣਾ ਰਿਹਾ ਹੈ। 'ਰਾਜ ਨਹੀਂ ਸੇਵਾ' ਤੋਂ ਉਲਟ ਧਾਰਾ ਵਿੱਚ ਪ੍ਰਭਾਵਿਤ ਹੋ ਰਿਹਾ ਹੈ, ਜਿਸ ਨਾਲ ਫਿਰਕਾਪ੍ਰਸਤੀ, ਭ੍ਰਿਸ਼ਟਾਚਾਰ, ਦਲ-ਬਦਲੂ, ਜਥੇਬੰਦੀਆਂ, ਆਪਸੀ-ਟਕਰਾਓ, ਵਿਦਰੋਹ ਜਾਂ ਟਕਰਾਓ ਵੱਖਵਾਦ ਆਦਿ ਮਸਲਿਆਂ ਦੇ ਨਾਲ-ਨਾਲ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾ ਕੇ ਆਪਣਾ ਮਤਲਬ ਸਿੱਧ ਕੀਤਾ ਜਾਂਦਾ ਹੈ। ਅਜਿਹੀਆਂ ਭ੍ਰਿਸ਼ਟ ਨੀਤੀਆਂ ਅਤੇ ਨਕਾਰਾਤਮਕ ਸੋਚ ਨੂੰ ਸਮਕਾਲੀ ਪੰਜਾਬੀ ਕਵੀਆਂ ਨੇ ਆਪਣੀਆਂ ਕਾਵਿ-ਰਚਨਾਵਾਂ ਰਾਹੀਂ ਅਭਿਵਿਅਕਤ ਕੀਤਾ ਹੈ, ਤਾਂ ਜੋ ਵਰਤਮਾਨ ਮਨੁੱਖ ਨੂੰ ਅਜੋਕੇ ਪੂੰਜੀਵਾਦੀ, ਬਜ਼ਾਰੀਕਰਨ ਅਤੇ ਵਿਸ਼ਵੀਕਰਨ ਦੇ ਦੌਰ ਦੀਆਂ ਆਰਥਿਕ ਅਤੇ ਰਾਜਨੀਤਿਕ ਕੋਝੀਆਂ ਚਾਲਾਂ ਪ੍ਰਤੀ ਸੋਝੀ ਪ੍ਰਾਪਤ ਹੋ ਸਕੇ।

# ਅਧਿਆਇ ਚੌਥਾ

## ਸਮਕਾਲੀ ਕਵਿਤਾ ਦਾ ਸੰਚਾਰ ਵਿਧਾਨ

4.4 ਸਮਕਾਲੀ ਪੰਜਾਬੀ ਕਵਿਤਾ ਦੀ ਸੰਚਾਰ ਪ੍ਰਕਿਰਿਆ ਵਿੱਚ ਕਾਵਿ-ਰੂਪਾਂ ਦੀ ਭੂਮਿਕਾ

4.5 ਭਾਰਤੀ ਦਰਸ਼ਨ ਦੇ ਸੰਦਰਭ ਵਿੱਚ ਸਮਕਾਲੀ ਪੰਜਾਬੀ ਕਾਵਿ ਦੇ ਭਾਸ਼ਾਈ ਸੰਚਾਰ ਦਾ ਅਧਿਐਨ

4.6 ਪੱਛਮੀ ਦਰਸ਼ਨ ਦੇ ਸੰਦਰਭ ਵਿੱਚ ਸਮਕਾਲੀ ਪੰਜਾਬੀ ਕਵਿਤਾ ਦੇ ਕਾਵਿ-ਤੱਤਾਂ ਦਾ ਅਧਿਐਨ

## ਅਧਿਆਇ ਚੌਥਾ

## ਸਮਕਾਲੀ ਪੰਜਾਬੀ ਕਵਿਤਾ ਦਾ ਸੰਚਾਰ ਵਿਧਾਨ

ਪੰਜਾਬੀ ਕਾਵਿ-ਆਲੋਚਨਾ ਸਮਕਾਲੀ ਪੰਜਾਬੀ ਕਵਿਤਾ ਦੇ 'ਸਰੋਕਾਰ' ਅਤੇ 'ਸੰਚਾਰ' ਨੂੰ ਸਮਝਣ ਅਤੇ ਸਮਝਾਉਣ ਲਈ ਨਿਰੰਤਰ ਕਾਰਜਸ਼ੀਲ ਹੈ। ਸਮਕਾਲੀ ਪੰਜਾਬੀ ਕਵਿਤਾ ਨੇ ਆਪਣੇ ਆਪ ਨੂੰ ਇੱਕ ਵੱਖਰੇ ਕਾਲਖੰਡ ਦੀ ਕਵਿਤਾ ਵੱਜੋਂ ਸਥਾਪਿਤ ਕੀਤਾ ਹੈ ਕਿਉਂਕਿ ਵਰਤਮਾਨ ਸਮੇਂ ਦੀ ਸਮਕਾਲੀ ਪੰਜਾਬੀ ਕਵਿਤਾ ਕਿਸੇ ਖ਼ਾਸ ਇੱਕਹਿਰੀ ਵਿਚਾਰਧਾਰਾ, ਦਿਸ਼ਾ-ਨਿਰਦੇਸ਼ ਜਾਂ ਕਿਸੇ ਵੀ ਕਿਸਮ ਦੀ ਅਧੀਨਗੀ ਤੋਂ ਮੁਕਤ ਵੰਨ-ਸੁਵੰਨਤਾ ਭਰਪੂਰ ਕਵਿਤਾ ਦਾ ਦੌਰ ਹੈ। ਅਜੋਕਾ ਮਨੁੱਖ ਇੱਕੀਵੀਂ ਸਦੀ ਦੇ ਉੱਤਰ-ਆਧੁਨਿਕ, ਉੱਤਰ-ਬਸਤੀਵਾਦ, ਵਿਸ਼ਵੀਕਰਨ, ਬਾਜ਼ਾਰੀਕਰਨ ਦੇ ਸਮਕਾਲੀ ਦੌਰ ਵਿੱਚ ਵਿਚਰ ਰਿਹਾ ਹੈ। ਸਮਕਾਲੀ ਦੌਰ ਵਿੱਚ ਕਲਾਤਮਿਕਤਾ ਅਤੇ ਸੁਹਜਾਤਮਿਕਤਾ ਜੀਵਨ ਦੇ ਹਰ ਪਹਿਲੂ ਵਿੱਚ ਦੇਖਿਆ ਜਾ ਸਕਦਾ ਹੈ। ਸਮਕਾਲੀ ਦੌਰ ਵਿੱਚ ਜੀਵਨ ਦੇ ਹਰ ਪੱਖ, ਸੱਚ, ਯਥਾਰਥ ਆਦਿ ਨੂੰ ਸੁਹਜਾਤਮਿਕ ਦ੍ਰਿਸ਼ਟੀ ਨਾਲ ਹੀ ਪਛਾਣਿਆ ਜਾਂਦਾ ਹੈ। ਕਲਾ ਦਾ ਸੂਖ਼ਮ ਤੋਂ ਸੂਖ਼ਮ ਰੂਪ ਆਪਣੀ ਸੁਹਜਾਤਮਿਕਤਾ ਨਾਲ ਹੀ ਹੋਂਦ ਵਿੱਚ ਆ ਰਿਹਾ ਹੈ ਜੋ ਅਜੋਕੇ ਸਮੇਂ ਦਾ ਕੇਂਦਰੀ ਧੁਰਾ ਸਾਬਿਤ ਹੋ ਰਿਹਾ ਹੈ। ਤੱਤਕਾਲੀਨ ਦੌਰ ਵਿੱਚ ਕਲਾ ਅਤੇ ਸਹੁਜਾਤਮਿਕਤਾ ਵਧੇਰੇ ਪ੍ਰਵਾਨਿਤ ਹੋ ਰਹੀ ਹੈ ਭਾਵੇਂ ਉਹ ਸੰਗੀਤ ਦਾ ਖੇਤਰ ਹੋਵੇ, ਨ੍ਰਿਤ ਦਾ ਖੇਤਰ ਹੋਵੇ ਜਾਂ ਮਨੁੱਖੀ ਰੂਪ ਜਾਂ ਚਿਤਰਨ ਹੋਵੇ। ਇਸੇ ਤਰ੍ਹਾਂ ਸਾਹਿਤ ਵੀ ਸਮਕਾਲੀ ਦੌਰ ਵਿੱਚ ਸੁਹਜਾਤਮਿਕਤਾ ਅਤੇ ਕਲਾਤਮਿਕਤਾ ਨਾਲ ਵਧੇਰੇ ਗ੍ਰਹਿਣਯੋਗ ਅਤੇ ਸੰਚਾਰਸ਼ੀਲ ਹੁੰਦਾ ਹੈ। ਜਿੱਥੇ ਕਵੀ ਸੰਚਾਰ ਜੁਗਤਾਂ ਦੀ ਭਾਵਪੂਰਤ ਵਰਤੋਂ ਕਰਦਿਆਂ ਹੋਇਆ ਰਚਨਾ ਵਿੱਚ ਸਾਹਿਤਕਤਾ ਦਾ ਗੁਣ ਲੈ ਕੇ ਆਉਂਦਾ ਹੈ ਉੱਥੇ ਇਨ੍ਹਾਂ ਜੁਗਤਾਂ ਰਾਹੀਂ ਪਾਠਕ ਨੂੰ ਸੌਂਦਰਯ ਅਤੇ ਕਲਾਤਮਿਕ ਅਨੁਭੂਤੀ ਵੀ ਪ੍ਰਦਾਨ ਕਰਦਾ ਹੈ। ਇਸੇ ਗੁਣ ਨਾਲ ਕਵੀ ਆਪਣੀ ਕਵਿਤਾ ਨੂੰ ਵਧੇਰੇ ਗ੍ਰਹਿਣ-ਸ਼ੀਲ ਅਤੇ ਪ੍ਰਭਾਵਸ਼ਾਲੀ ਬਣਾਉਂਦਾ ਹੈ। ਕਵੀ ਸਮਕਾਲੀ ਦੌਰ ਵਿੱਚ ਆਪਣੀ ਕਵਿਤਾ ਦੇ ਸੌਂਦਰਯ ਤੇ ਸੁਹਜਾਤਮਿਕਤਾ ਲਈ ਸੰਚਾਰ ਮੂਲਕ ਜੁਗਤਾਂ ਦੀ ਵਰਤੋਂ ਦੁਆਰਾ ਪਾਠਕਾਂ ਨਾਲ ਅਹਿਸਾਸਾਂ ਦੇ ਸਧਾਰੀਕਰਨ ਕਰਨ ਵਿੱਚ ਸਫ਼ਲਤਾ ਪ੍ਰਾਪਤ ਕਰਦਾ ਹੈ। ਵਰਤਮਾਨ ਸਮੇਂ ਵਿੱਚ

ਸਮਕਾਲੀ ਪੰਜਾਬੀ ਕਵੀ ਨੂੰ ਆਪਣੀ ਗੱਲ ਨੂੰ ਸਮਕਾਲੀ ਸੰਦਰਭ ਅਨੁਸਾਰ ਕਹਿਣਾ ਆ ਗਿਆ ਹੈ ਜੋ ਕਵੀ ਨੂੰ ਸਮਕਾਲ ਵਿੱਚ ਸਥਾਪਿਤ ਕਰਦਾ ਹੈ। ਕਵੀ ਕਾਵਿ-ਭਾਸ਼ਾ ਦੀ ਸਹਾਇਤਾ ਦੁਆਰਾ ਸ਼ਬਦਾਂ ਅਤੇ ਅਰਥਾਂ ਦਾ ਅਜਿਹਾ ਕਲਾਤਮਿਕ ਜਾਲ ਬੁਣਦਾ ਹੈ, ਜਿਸ ਨਾਲ ਪਾਠਕ ਨੂੰ ਸੁਹਜਮਈ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਇਸ ਸੰਦਰਭ ਵਿੱਚ ਹਰਭਜਨ ਸਿੰਘ ਲਿਖਦੇ ਹਨ:

> *ਕਲਾ ਮੂਰਤ ਤੋਂ ਕਲਾ-ਕਿਰਤ ਤੱਕ ਦੀ ਇਸ ਯਾਤਰਾ ਨੂੰ ਅਰਸਤੂ ਨੇ ਦੋ ਪੜਾਵਾਂ ਵਿੱਚ ਵੰਡਿਆ ਸੀ। ਪਹਿਲਾ ਕਲਾਕਾਰ ਮਨ ਵਸਦੀ ਕਲਾ 'ਮੂਰਤ' ਤੋਂ ਉਸ ਵਸਤੂ ਤੱਕ ਪਹੁੰਚਦਾ ਹੈ, ਜੋ ਰਚੀ ਜਾ ਸਕਦੀ ਹੈ। ਇਹ ਕੰਮ ਉਹ ਚਿੰਤਨ ਰਾਹੀਂ ਕਰਦਾ ਹੈ। ਦੂਜਾ ਰਚੀ ਜਾ ਸਕਣ ਵਾਲੀ ਵਸਤੂ ਤੋਂ ਰਚੀ ਗਈ ਵਸਤੂ ਤੱਕ। ਇਹ ਕੰਮ ਉਹ ਕਲਾ-ਸਾਧਨਾਂ ਜਾਂ ਕਲਾ-ਜੁਗਤ ਦੀ ਸਹਾਇਤਾ ਨਾਲ ਕਰਦਾ ਹੈ।* (*ਅਧਿਐਨ ਤੇ ਅਧਿਆਪਨ* 114)

ਸਮਕਾਲੀ ਦੌਰ ਦੀ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਬਹੁਤਾਤ ਗਿਣਤੀ 'ਚ ਪੰਜਾਬੀ ਕਵੀ ਕਾਰਜਸ਼ੀਲ ਹਨ ਪ੍ਰੰਤੂ ਅਜਿਹੇ ਦੌਰ ਵਿੱਚ ਪ੍ਰਸਿੱਧੀ, ਸਥਾਪਤੀ ਅਤੇ ਨਾਮਣਾ ਉਹੀ ਕਵੀ ਖੱਟਦੇ ਹਨ ਜਿਨ੍ਹਾਂ ਦਾ ਕਾਵਿਕ ਉਚਾਰ (Poetic Statement) ਅਤੇ ਸੰਚਾਰ ਸਮਕਾਲੀਨਤਾ ਦੇ ਅਨੁਕੂਲ ਹੁੰਦਾ ਹੈ। ਇਸੇ ਕਾਰਨ ਸਮਕਾਲੀ ਪੰਜਾਬੀ ਕਵੀ ਆਪਣੇ ਕਾਵਿਕ ਉਚਾਰ ਅਤੇ ਸੰਚਾਰ ਦੀ ਸਮਕਾਲੀਨਤਾ ਨਾਲ ਅਨੁਕੂਲਤਾ ਸਥਾਪਿਤ ਕਰਨ ਹਿੱਤ, ਨਿੱਤ ਨਿਵੇਕਲੇ ਪ੍ਰਯੋਗ ਅਤੇ ਕਲਾਤਮਿਕ ਢੰਗਾਂ ਨੂੰ ਇਜ਼ਾਤ ਅਤੇ ਇਸਤੇਮਾਲ ਕਰਦੇ ਹਨ। ਜਿਸ ਨਾਲ ਸਮਕਾਲੀ ਕਵਿਤਾ ਵਿੱਚ ਵੱਡੀ ਸਮੱਸਿਆ ਕਵਿਤਾ ਦੇ ਅਧਿਐਨ, ਵਿਆਖਿਆ ਅਤੇ ਵਿਸ਼ਲੇਸ਼ਣ ਨਾਲ ਜੁੜੇ ਮੁੱਦਿਆਂ ਵਿੱਚ ਪੈਦਾ ਹੋਈ। ਇਸ ਕਾਰਜ ਵਿੱਚ ਵੱਖ-ਵੱਖ ਸਾਹਿਤ ਚਿੰਤਕ ਆਧੁਨਿਕ ਪੰਜਾਬੀ 'ਕਾਵਿ-ਸਰੋਕਾਰ' ਅਤੇ 'ਪਰੰਪਰਾ' ਦੇ ਖੇਤਰ ਵਿੱਚ ਨਿਰੰਤਰ ਵਿਸ਼ਲੇਸ਼ਣ ਅਤੇ ਅਧਿਐਨ ਹਿੱਤ ਸੰਘਰਸ਼ਸ਼ੀਲ ਹਨ ਤਾਂ ਜੋ ਅਧੁਨਿਕ ਪੰਜਾਬੀ ਕਵਿਤਾ ਦੇ ਦਿੱਖ, ਮੁਹਾਂਦਰੇ ਅਤੇ ਰੂਪ ਦਾ ਅਧਿਐਨ ਕੀਤਾ ਜਾ ਸਕੇ।

ਇਸੇ ਕੜੀ ਤਹਿਤ ਬਹੁਰੰਗੀ ਜਾਂ ਬਹੁਭਾਂਤੀ ਸਮਕਾਲੀ ਪੰਜਾਬੀ ਕਵਿਤਾ ਦੇ ਸੰਦਰਭ ਵਿੱਚ ਕਵਿਤਾ ਦੇ ਸਰੋਕਾਰ ਤੋਂ ਬਾਅਦ ਮਹੱਤਵਪੂਰਨ ਮੁੱਦਾ ਸਮਕਾਲੀ ਪੰਜਾਬੀ ਕਵਿਤਾ ਦੇ ਸੰਚਾਰ-ਵਿਧਾਨ ਦਾ ਉਤਪੰਨ ਹੁੰਦਾ ਹੈ। ਸਮਕਾਲੀ ਪੰਜਾਬੀ ਕਵੀ ਜਦੋਂ ਆਪਣੀ ਕਵਿਤਾ ਦਾ ਯੁੱਗ ਚਿਤਰਨ ਕਰਦਾ ਹੈ ਤਾਂ ਉਹ ਕਵਿਤਾ ਦਾ ਉਚਾਰ ਅਤੇ ਸੰਚਾਰ ਆਪਣੀ ਕਾਲ-ਚੇਤਨਾ (Time Consiousness) ਅਨੁਸਾਰ ਸੰਚਾਰ-ਜੁਗਤਾਂ ਦੀ ਸਹਾਇਤਾ ਨਾਲ ਕਰਦਾ ਹੈ। ਜਿਨ੍ਹਾਂ ਦੀ ਸਹਾਇਤਾ ਨਾਲ ਕਵੀ ਆਪਣੇ ਸਮਕਾਲ ਦੀ ਵਿਚਾਰਧਾਰਾ ਦਾ ਪ੍ਰਗਟਾਅ/ਅਭਿਵਿਅਕਤੀ ਕਲਾਤਮਿਕ ਅਤੇ ਸੁਹਜਾਤਮਿਕ ਤਰੀਕੇ ਨਾਲ ਕਰਦਾ ਹੈ। ਇਸੇ ਸੰਦਰਭ ਵਿੱਚ ਡਾ. ਕਰਮਜੀਤ ਸਿੰਘ ਲਿਖਦੇ ਹਨ ਕਿ:

> *ਵਿਚਾਰਧਾਰਾ ਯੁੱਗ-ਦ੍ਰਿਸ਼ਟੀ ਦੀ ਪਰਿਆਇਵਾਚਕ ਹੋਣ ਕਰ ਕੇ ਕਵਿਤਾ ਅਤੇ ਕਲਾ ਨੂੰ ਦਿਸ਼ਾ ਪ੍ਰਦਾਨ ਕਰਦੀ ਹੈ।* (*ਆਧੁਨਿਕ ਪੰਜਾਬੀ ਕਾਵਿ-ਧਾਰਾਵਾਂ ਦੇ ਵਿਚਾਰਧਾਰਾਈ ਆਧਾਰ* 26)

ਉਪਰੋਕਤ ਵਿਚਾਰ ਤੋਂ ਭਾਵ ਹੈ ਕਿ ਸਮਕਾਲੀ ਯੁੱਗ ਦੀ ਵਿਚਾਰਧਾਰਾ, ਚੇਤਨਾ ਅਤੇ ਯਥਾਰਥ ਦੇ ਕਲਾਤਮਿਕ ਪ੍ਰਗਟਾਵੇ ਲਈ ਸਮਕਾਲੀ ਕਵੀ 'ਕਾਵਿ-ਜੁਗਤਾਂ' ਦੀ ਸੰਰਚਨਾ ਨੂੰ ਅਹਿਮ ਸਥਾਨ ਪ੍ਰਦਾਨ ਕਰਦੇ ਹਨ। ਕਾਵਿ-ਜੁਗਤਾਂ ਹੀ ਕਵੀ ਦੀ ਵਿਚਾਰਧਾਰਾ ਨੂੰ ਸੰਚਾਰ ਕਰਨ ਦੇ ਯੋਗ ਬਣਾਉਂਦੀਆਂ ਹਨ। ਇਸੇ ਉਦੇਸ਼ ਦੀ ਪੂਰਤੀ ਲਈ ਕਵੀ ਚੁਣੇ ਹੋਏ ਕਾਵਿ-ਰੂਪ ਵਿੱਚ ਬਿੰਬ, ਪ੍ਰਤੀਕ, ਅਲੰਕਾਰ, ਰਸ, ਧੁਨੀ ਅਤੇ ਵਰਤਮਾਨ ਸਮੇਂ ਵਿੱਚ ਪ੍ਰਚੱਲਤ ਵੱਖ-ਵੱਖ ਦ੍ਰਿਸ਼ਟੀਕੋਣਾਂ ਅਤੇ ਸੰਕਲਪਾਂ ਦਾ ਸੰਚਾਰ ਦੀਆਂ ਜੁਗਤਾਂ ਦੇ ਸੰਦਰਭ ਵਿੱਚ ਕਰਦਾ ਹੋਇਆ ਕਵਿਤਾ ਦਾ ਇੱਕ ਵਿਲੱਖਣ ਸੰਚਾਰ ਵਿਧਾਨ ਸਿਰਜਦਾ ਹੈ।

ਸਾਹਿਤ ਰਚਨਾ ਮਨੁੱਖ ਦੀ ਅਹਿਮ ਅਤੇ ਗੌਰਵਮਈ ਸਿਰਜਣਾ ਹੈ, ਜਿਸ ਰਾਹੀਂ ਉਹ ਆਪਣੇ ਉਹਨਾਂ ਮਨੋਭਾਵਾਂ, ਵੇਗਾਂ ਅਤੇ ਜਜ਼ਬਿਆਂ ਦਾ ਸੰਚਾਰ ਕਰਦਾ ਹੈ ਜਿਨ੍ਹਾਂ ਨੂੰ ਉਹ ਆਪਣੇ ਸਮਕਾਲੀ ਸਮਾਜ ਵਿਚੋਂ ਗ੍ਰਹਿਣ ਕਰਦਾ ਹੈ। ਸਾਹਿਤਕਾਰ ਸਮਾਜ ਦਾ ਚੇਤੰਨ ਪ੍ਰਾਣੀ ਹੈ ਜੋ ਆਪਣੇ ਵਿਸ਼ੇਸ ਦ੍ਰਿਸ਼ਟੀਕੋਣ ਅਤੇ ਵਿਚਾਰਧਾਰਾ ਅਨੁਸਾਰ ਆਪਣੇ ਸਮਕਾਲੀ ਸਮਾਜ ਨੂੰ ਦੇਖਦਾ, ਪਰਖਦਾ ਹੈ ਅਤੇ ਉਸ ਤੋਂ ਅਨੁਭਵ ਗ੍ਰਹਿਣ ਕਰਦਾ ਹੈ। ਜਿਸ ਦੀ ਪੇਸ਼ਕਾਰੀ ਉਹ ਆਪਣੀ ਚੁਣੀ ਹੋਈ ਸਾਹਿਤਕ ਵਿਧਾ ਵਿੱਚ ਕਰਦਾ ਹੋਇਆ ਸਮਕਾਲੀ

ਸਮਾਜ ਦੀ ਤਸਵੀਰ ਨੂੰ ਸਿਰਜਦਾ ਹੋਇਆ ਸਮਾਜ ਨੂੰ ਯੋਗ ਸੇਧ ਵੀ ਪ੍ਰਦਾਨ ਕਰਦਾ ਹੈ। ਸਮਾਜ ਵਿੱਚ ਪ੍ਰਚੱਲਤ ਕੀਮਤਾਂ ਵਿੱਚ ਲਗਾਤਾਰ ਤਬਦੀਲੀ ਆਉਂਦੀ ਰਹਿੰਦੀ ਹੈ। ਨਿੱਤ ਬਦਲਦੀਆਂ ਸਮਾਜਿਕ ਪ੍ਰਸਥਿਤੀਆਂ ਦੇ ਬਿਹਤਰੀਨ ਕਲਾਤਮਿਕ ਅਤੇ ਸੂਖ਼ਮ ਸੰਚਾਰ ਲਈ ਸਾਹਿਤਕਾਰ ਨੂੰ ਆਪਣੇ ਆਪ ਨੂੰ ਚੇਤਨਾ ਪੱਧਰ ਤੋਂ ਅਤੇ ਸੰਚਾਰ ਦ੍ਰਿਸ਼ਟੀ ਤੋਂ ਨਵਿਆਉਣਾ ਪੈਂਦਾ ਹੈ। ਜਿਸ ਸਦਕਾ ਸਾਹਿਤ ਵਿੱਚ ਦੋਵੇਂ ਵਿਸ਼ਾਗਤ ਅਤੇ ਰੂਪਗਤ ਪੱਖ ਤੋਂ ਤਬਦੀਲੀ ਆਉਂਦੀ ਹੈ। ਇਹ ਨਿਯਮ ਹਰ ਸਮਾਜ, ਹਰ ਭਾਸ਼ਾ, ਹਰ ਸਾਹਿਤਕ ਵਿਧਾ ’ਤੇ ਲਾਗੂ ਹੁੰਦਾ ਹੈ। ਜੇਕਰ ਵਿਸ਼ਵ ਸਾਹਿਤ ਦੇ ਇਤਿਹਾਸਕ ਵਿਕਾਸ-ਪੜਾਅ ਉੱਪਰ ਨਜ਼ਰ ਮਾਰੀਏ ਤਾਂ ਇਹ ਤੱਥ ਭਲੀਭਾਂਤ ਸਪਸ਼ਟ ਰੂਪ ਵਿੱਚ ਸਾਹਮਣੇ ਆ ਜਾਂਦਾ ਹੈ ਕਿ ਸਾਹਿਤ ਵਿੱਚ ‘ਵਿਸ਼ੇ-ਪੱਖ’ ਅਤੇ ‘ਰੂਪਕ’ ਤੋਂ ਸਮੇਂ-ਸਮੇਂ ’ਤੇ ਅਨੇਕਾਂ ਬਦਲਾਅ ਆਉਂਦੇ ਰਹੇ ਹਨ ਤਾਂ ਜੋ ਸਾਹਿਤ ਕਿਰਤ ਸੁਚੱਜੇ ਢੰਗ ਨਾਲ ਕਾਵਿ-ਮਨੋਰਥ ਦਾ ਸੰਚਾਰ ਕਰਨ ਯੋਗ ਹੋਵੇ। ਇਸੇ ਕਾਰਨ ਅਜੋਕੇ ਸੰਦਰਭ ਵਿੱਚ ਸਮਕਾਲੀ ਕਾਵਿ ਦਾ ‘ਸੰਚਾਰ ਵਿਧਾਨ’ ਪੱਖੋਂ ਅਧਿਐਨ ਅਤੇ ਵਿਸ਼ਲੈਸ਼ਣ ਦਾ ਕਾਰਜ ਵਰਤਮਾਨ ਕਾਲ ਵਿੱਚ ਅਹਿਮ ਮਹੱਤਵ ਰੱਖਦਾ ਹੈ।

ਖੋਜ ਕਾਰਜ ਦੇ ਅਧਿਆਇ ਚਾਰ ਦੇ ਅੰਤਰਗਤ ਸਮਕਾਲੀ ਪੰਜਾਬੀ ਕਵਿਤਾ ਦੇ ‘ਸੰਚਾਰ ਵਿਧਾਨ’ ਦਾ ਅਧਿਐਨ ਕੀਤਾ ਗਿਆ ਹੈ। ਸਮੁੱਚੇ ਸਾਹਿਤ ਵੰਨਗੀਆਂ ਵਿੱਚ ਕਵਿਤਾ ਸਾਹਿਤ ਦੀ ਇੱਕ ਅਜਿਹੀ ਵਿਧਾ ਹੈ ਜੋ ਸਮਕਾਲੀ ਸਮਾਜਿਕ ਪ੍ਰਸਥਿਤੀਆਂ ਦੀ ਤਬਦੀਲੀ ਦੇ ਪ੍ਰਭਾਵ ਨੂੰ ਬਾਕੀ ਸਾਹਿਤਕ ਵਿਧਾਵਾਂ ਨਾਲੋਂ ਫੌਰੀ ਰੂਪ ਵਿੱਚ ਗ੍ਰਹਿਣ ਕਰਦੀ ਹੈ। ਵਿਸ਼ਵੀਕਰਨ ਦੇ ਇਸ ਦੌਰ ਵਿੱਚ ਜਿੱਥੇ ਮਨੁੱਖੀ ਜੀਵਨ ਵਿਧੀ ਅਤੇ ਦ੍ਰਿਸ਼ਟੀਕੋਣਾਂ ’ਚ ਬੁਨਿਆਦੀ ਤੌਰ ’ਤੇ ਕਈ ਪਰਿਵਰਤਨ ਆਏ ਹਨ ਉੱਥੇ ਸਾਹਿਤ ਦੇ ਖੇਤਰ ਵਿੱਚ ਕਲਾਤਮਿਕ ਸੰਚਾਰ ਦੇ ਨਵੇਂ ਸਰੋਕਾਰ ਅਤੇ ਪਾਸਾਰ ਵੀ ਉੱਭਰ ਕੇ ਸਾਹਮਣੇ ਆਏ ਹਨ। ਇਸੇ ਪਰਿਪੇਖ ਵਿੱਚ ਜਸਵਿੰਦਰ ਸਿੰਘ ਨਵੀਂ ਪੰਜਾਬੀ ਕਵਿਤਾ ਵਿੱਚ ਆਏ ਕਾਵਿਕ ਸੰਚਾਰ ਦੇ ਮੁਹਾਵਰੇ ਅਤੇ ਮੁਹਾਂਦਰੇ ਵਿੱਚ ਪਰਿਵਰਤਨ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਲਿਖਦੇ ਹਨ:

*ਵਾਸਤਵ ਵਿੱਚ ਅਜੋਕੀ ਪੰਜਾਬੀ ਕਵਿਤਾ ਪਰੰਪਰਾਗਤ ਨਿਰੰਤਰਤਾ ਅਤੇ ਰੂਪਾਂਤਰੀ ਅਮਲ ਦੇ ਦੋਹਰੇ ਪ੍ਰਕਰਣ ਵਿੱਚ ਨਵੇਂ ਥੀਮਕ ਪਹਿਲੂਆਂ, ਵਿਚਾਰਧਾਰਾਵਾਂ ਕਰਵਟਾਂ, ਸੰਚਾਰ ਮੂਲਕ ਵਿਧੀਆਂ ਅਤੇ ਸੁਹਜਮੂਲਕ ਰੁਚੀਆਂ ਪੱਖੋਂ ਵੱਖਰਾ ਸਰੂਪ ਧਾਰਨ ਕਰਦੀ ਹੈ। ਇਹ ਅਮਲ ਇੱਕ ਸਮੁੱਚੀ ਸਿਰਜਣਾਧਾਰਾ ਦੇ ਇੱਕਸੁਰ ਤੇ ਇਕਾਗਰ ਪਰ ਬਦਲਵੇਂ ਅਤੇ ਉਲਝੇਵੇਂ ਸਰੂਪਾਂ ਵਿੱਚ ਉਜਾਗਰ ਹੁੰਦਾ ਰਹਿੰਦਾ ਹੈ। ਕਾਵਿਕ ਪ੍ਰਤੱਖਣ ਦੇ ਮੂਲ ਸੁਭਾਅ ਵਿੱਚਲੇ ਪਰਿਵਰਤਨ ਕਾਵਿਕ ਸੰਚਾਰ ਦੇ ਮੁਹਾਵਰੇ ਅਤੇ ਮੁਹਾਂਦਰੇ ਨੂੰ ਲਕਸ਼ਿਤ ਕਰਦੇ ਰਹਿੰਦੇ ਹਨ ਜਿਸ ਦੇ ਨਤੀਜੇ ਵਜੋਂ ਨਵੇਂ ਅਤੇ ਬਦਲਵੇਂ ਜੀਵਨ ਬੋਧ ਨੂੰ ਸੰਚਾਰਨ ਲਈ ਸੁਚੇਤ-ਅਚੇਤ ਨਵੀਆਂ ਕਾਵਿ ਸ਼ੈਲੀਆਂ, ਵੱਖਰੇ ਕਾਵਿਕ ਮੁਹਾਵਰੇ, ਬਦਲਵੀਂ ਸ਼ਬਦਾਵਲੀ, ਵੱਖਰੇ ਸੁਰ ਅਤੇ ਸੰਬੋਧਨ-ਉਚਾਰ ਉੱਭਰਦੇ ਰਹਿੰਦੇ ਹਨ।*

(*ਨਵੀਂ ਪੰਜਾਬੀ ਕਵਿਤਾ ਪਛਾਣ ਚਿੰਨ੍ਹ* 154)

ਹਰੇਕ ਭਾਸ਼ਾ ਵਿੱਚ ਸਾਹਿਤ ਦੇ ਬਾਕੀ ਰੂਪਾਂ ਦੇ ਮੁਕਾਬਲੇ 'ਕਵਿਤਾ' ਵਿੱਚ ਵਿਸ਼ੇ ਅਤੇ ਕਲਾ ਪੱਖੋਂ ਤੇਜ਼ੀ ਨਾਲ ਤਬਦੀਲੀ ਆਉਂਦੀ ਹੈ। ਕਵਿਤਾ ਦੇ ਮੁੱਢ 'ਨਾਥਾਂ ਜੋਗੀਆਂ' ਤੋਂ ਲੈ ਕੇ ਅੱਜ ਤੱਕ ਕਵਿਤਾ ਵਿੱਚ ਅਨੇਕਾਂ ਪਰਿਵਰਤਨ ਆਏ ਹਨ। ਅੱਜ ਦੀ ਕਵਿਤਾ ਅਨੇਕਾਂ ਪੜਾਵਾਂ ਨੂੰ ਤੈਅ ਕਰਦੀ ਹੋਈ ਤਬਦੀਲੀਆਂ ਗ੍ਰਹਿਣ ਕਰਦੀ ਅਤੇ ਵਿਕਾਸ ਕਰਦੀ ਹੋਈ ਆਪਣੇ ਸਮਕਾਲੀ ਦੌਰ ਵਿੱਚ ਪੁੱਜੀ ਹੈ, ਜਿਵੇਂ ਕਿ ਮੱਧਕਾਲ ਵਿੱਚ ਸਿੱਧ ਗੋਸ਼ਟ, ਸਲੋਕ, ਸ਼ਬਦ, ਕਾਫ਼ੀਆਂ, ਮਹਾਂਕਾਵਿ, ਵਾਰਾਂ, ਜੰਗਨਾਵਾਂ, ਸਤਵਾਰੇ, ਬਾਰਮਾਹ, ਦੋਹਰੇ ਆਦਿ ਅਤੇ ਸਮਕਾਲ ਵਿੱਚ ਗੀਤ, ਗ਼ਜ਼ਲ, ਪ੍ਰਗੀਤ, ਰੁਬਾਈ ਆਦਿ ਕਾਵਿ ਰੂਪਾਂ ਨੇ ਆਪਣੇ-ਆਪ ਨੂੰ ਸਥਪਿਤ ਕੀਤਾ ਹੈ। ਸਮਕਾਲੀ ਕਵਿਤਾ ਦੇ ਖੇਤਰ ਵਿੱਚ ਅਨੇਕਾਂ ਤਰ੍ਹਾਂ ਦੇ ਪ੍ਰਯੋਗ ਹੋ ਰਹੇ ਹਨ। ਅਜੋਕੇ ਵਿਸ਼ਵੀਕਰਨ ਦੌਰ ਵਿੱਚ ਕਦਮ ਦਰ ਕਦਮ ਤਬਦੀਲੀਆਂ ਨੂੰ ਗ੍ਰਹਿਣ ਕਰਨ ਵਾਲੇ ਤੇਜ਼ ਤਰਾਰ ਦੌਰ ਦੇ ਯਥਾਰਥਕ ਚਿਤਰਨ ਲਈ ਜਿੱਥੇ ਸਮਕਾਲੀ ਪੰਜਾਬੀ ਕਵਿਤਾ ਵਿਸ਼ੇ ਪੱਖੋਂ ਨਵੀਆਂ ਪੁਲਾਂਘਾਂ ਪੁੱਟ ਰਹੀ ਹੈ ਉੱਥੇ ਸੰਚਾਰ ਤਕਨੀਕੀ ਅਤੇ ਰੂਪਕ ਪੱਖੋਂ ਵੀ ਨਵੇਂ ਨਰੋਏ ਮਾਪਦੰਡਾਂ ਨੂੰ ਤੈਅ ਕਰ ਰਹੀ ਹੈ। ਇਸੇ ਪਰਿਪੇਖ ਵਿੱਚ ਡਾ. ਧਰਮਪਾਲ ਸਿੰਗਲ ਮਹੱਤਵਪੂਰਨ ਟਿੱਪਣੀ ਕਰਦੇ ਹਨ "*ਨਵੇਂ ਦਲੀਲ ਭਰੇ ਵਿਚਾਰ ਪੁਰਾਣੇ ਚੌਖਟਿਆਂ ਵਿੱਚ*

*ਨਹੀਂ ਸਮਾਂ ਸਕਦੇ, ਇਸ ਲਈ ਨਵੇਂ ਰੂਪਾਂ, ਬਿੰਬਾਂ ਤੇ ਪ੍ਰਤੀਕਾਂ, ਸਾਰਥਕ ਸ਼ਬਦਾਂ ਦੀ ਤਲਾਸ਼ ਕੀਤੀ ਜਾਂਦੀ ਹੈ।"*(*ਆਧੁਨਿਕ ਪੰਜਾਬੀ ਕਵਿਤਾ: ਵਿਚਾਰ ਤੇ ਵਿਸ਼ਲੇਸ਼ਣ* 13) ਤਤਕਾਲੀਨ ਦੌਰ ਵਿੱਚ ਸਮਕਾਲੀ ਪੰਜਾਬੀ ਕਵਿਤਾ ਦੇ ਸਰੋਕਾਰ ਪੱਖ ਅਤੇ ਸੰਚਾਰ ਪੱਖ ਤੋਂ ਨਵੇਂ ਦਿਸਹੱਦਿਆਂ ਨੂੰ ਛੂਹਿਆ ਹੈ। ਪਿਛਲੇ ਦੋ ਅਧਿਆਇਆਂ ਵਿੱਚ ਅਸੀਂ ਸਮਕਾਲੀ ਪੰਜਾਬੀ ਕਵਿਤਾ ਦੇ ਸਰੋਕਾਰ ਪੱਖ ਦਾ ਅਧਿਐਨ ਕਰ ਚੁੱਕੇ ਹਾਂ। ਖੋਜ-ਵਿਸ਼ੇ ਦੇ ਉਪਰੋਕਤ ਜਾਣਕਾਰੀ ਦੀ ਰੌਸ਼ਨੀ ਹੇਠ ਇਸ ਅਧਿਆਇ ਵਿੱਚ ਸਮਕਾਲੀ ਪੰਜਾਬੀ ਕਵਿਤਾ ਦੇ 'ਸੰਚਾਰ ਵਿਧਾਨ' ਦਾ ਅਧਿਐਨ ਕੀਤਾ ਹੈ।

ਆਮ ਤੌਰ ਤੇ ਸੰਚਾਰ ਤੋਂ ਭਾਵ ਹੈ ਕਮਿਊਨੀਕੇਸ਼ਨ (Communication), ਜਿਸ ਦਾ ਅਰਥ ਹੈ ਸ਼ਬਦਾਂ, ਸੰਕੇਤਾਂ, ਚਿੰਨ੍ਹਾਂ ਰਾਹੀਂ ਸੂਚਨਾ, ਗਿਆਨ, ਭਾਵਨਾਵਾਂ ਦਾ ਅਦਾਨ-ਪ੍ਰਦਾਨ। ਸਾਹਿਤ ਵਿੱਚ ਸੰਚਾਰ ਦੇ ਇਸ ਵਰਤਾਰੇ ਨੂੰ ਸਾਹਿਤਕਾਰ ਆਪਣੀ ਚੁਣੀ ਹੋਈ ਵਿਧਾ ਨੂੰ ਵਿਸ਼ੇਸ਼ ਜੁਗਤਾਂ, ਕਾਵਿ-ਭਾਸ਼ਾ, ਸ਼ੈਲੀ, ਅਲੰਕਾਰ ਯੋਜਨਾ, ਬਿੰਬ-ਵਿਧਾਨ, ਚਿਹਨ ਸਿਸਟਮ/ਪ੍ਰਬੰਧ, ਕਲਪਨਾ ਉਡਾਰੀ, ਇਤਿਹਾਸਕ ਹਵਾਲੇ, ਪੁਰਾਤਨ ਮਿੱਥਾਂ, ਵਿਸ਼ਵੀ-ਵਰਤਾਰੇ, ਮਨ ਦੇ ਵਲਵਲੇ ਆਦਿ ਦੁਆਰਾ ਕਾਵਿ-ਰੂਪਕ ਪੱਧਰ 'ਤੇ ਸਥਾਪਿਤ ਕਰਦਾ ਹੈ। ਇਸੇ ਪਰਿਪੇਖ ਵਿੱਚ ਹਰਪਾਲ ਸਿੰਘ ਭੱਟੀ ਦਾ ਕਥਨ ਹੈ ਕਿ:

> *ਸਾਹਿਤਕਾਰ ਦੁਆਰਾ ਚੁਣੀ ਗਈ ਵਿਧਾ ਨੂੰ ਵੱਖੋ ਵੱਖਰੀਆਂ ਕਲਾਤਮਿਕ ਜੁਗਤਾਂ ਸਾਧਨਾਂ ਦੀ ਮਦਦ ਨਾਲ ਨਿਭਾਇਆ ਜਾਂਦਾ ਹੈ ਤਾਂ ਕਿ ਉਸ ਦੇ ਅਨੁਭਵ ਨੂੰ ਸ਼ਕਤੀਸ਼ਾਲੀ ਅਭਿਵਿਅਕਤੀ ਹਾਸਿਲ ਹੋ ਸਕੇ। ਇਨ੍ਹਾਂ ਜੁਗਤਾਂ ਵਿੱਚ ਉਨ੍ਹਾਂ ਦੁਆਰਾ ਵਰਤੀ ਗਈ ਭਾਸ਼ਾ, ਸ਼ੈਲੀ, ਅਲੰਕਾਰ ਯੋਜਨਾ, ਬਿੰਬ-ਵਿਧਾਨ, ਚਿੰਨ੍ਹ ਸਿਰਜਣਾ, ਕਲਪਨਾ ਉਡਾਰੀ, ਇਤਿਹਾਸ, ਮਿਥਿਹਾਸਕ ਹਵਾਲੇ, ਰਮਜ਼ਾਂ ਆਦਿ ਸ਼ਾਮਲ ਹਨ।*
>
> (*1980 ਤੋਂ ਬਾਅਦ ਦੀ ਪੰਜਾਬੀ ਗਜ਼ਲ ਦੇ ਸਰੋਕਾਰ ਅਤੇ ਸੰਚਾਰ ਜੁਗਤਾਂ* 254)

ਕਿਸੇ ਵੀ ਕਵੀ ਜਾਂ ਸਾਹਿਤਕਾਰ ਦੁਆਰਾ ਵਰਤੀਆਂ ਗਈਆਂ ਸੰਚਾਰ ਦੀਆਂ ਵੱਖ-ਵੱਖ ਜੁਗਤਾਂ ਦੇ ਸਮੂਹ ਨੂੰ ਹੀ 'ਸੰਚਾਰ ਵਿਧਾਨ' ਕਿਹਾ ਜਾਂਦਾ ਹੈ। ਨਵੇਂ ਦੌਰ ਅਤੇ ਨਵੇਂ ਮਸਲਿਆਂ ਦੀ ਪ੍ਰਤੀਨਿਧਤਾ ਕਰਦੀ

ਸਮਕਾਲੀ ਪੰਜਾਬੀ ਕਵਿਤਾ ਨੇ ਪੁਰਾਤਨ ਲੀਹਾਂ ਤੋਂ ਹੱਟ ਦੇ ਹੋਏ ਨਵੇਂ ਸਰੋਕਾਰਾਂ ਨੂੰ ਅਪਣਾਇਆ ਹੈ।ਸਰੋਕਾਰਾਂ ਦੇ ਬਦਲਾਵ, ਤਕਨੀਕੀ ਵਿਕਾਸ, ਵਿਸ਼ਵਵਿਆਪੀ ਪਹੁੰਚ ਅਤੇ ਹੋਰ ਅਨੇਕਾਂ ਕਾਰਨਾਂ ਦੇ ਸਦਕੇ ਸਾਹਿਤਕਾਰਾਂ ਦੁਆਰਾ ਸੰਚਾਰਦੀਆਂ ਨਵੀਆਂ ਜੁਗਤਾਂ ਦਾ ਪ੍ਰਯੋਗ ਕੀਤਾ ਜਾਣਾ ਲਾਜ਼ਮੀ ਹੈ। ਸਾਹਿਤਕਾਰ ਆਪਣੀ ਰਚਨਾ ਵਿੱਚ ਮਨੋਭਾਵਾਂ ਅਤੇ ਅਨੁਭਵਾਂ ਦਾ ਕੁਸ਼ਲਤਾ ਪੂਰਵਕ ਅਤੇ ਪ੍ਰਭਾਵਸ਼ਾਲੀ ਸੰਚਾਰ ਕਰਨ ਲਈ ਕਈ ਕਿਸਮਾਂ ਦੀਆਂ ਤਕਨੀਕਾਂ, ਮਾਧਿਅਮ ਆਦਿ ਦੀ ਵਰਤੋਂ ਕਰਦਾ ਹੈ, ਜੋ ਸੰਚਾਰ ਜੁਗਤਾਂ ਅਖਵਾਉਂਦੀਆਂ ਹਨ।ਜਿਵੇਂ- ਭਾਸ਼ਾ, ਸ਼ੈਲੀ, ਅਲੰਕਾਰ, ਬਿੰਬ-ਵਿਧਾਨ, ਪ੍ਰਤੀਕ ਆਦਿ। ਇਹਨਾਂ ਸੰਚਾਰ ਜੁਗਤਾਂ ਨਾਲ ਕਾਵਿ-ਸੁਹਜ ਵਿੱਚ ਵਾਧਾ ਹੁੰਦਾ ਹੈ ਅਤੇ ਨਾਲ ਹੀ ਸਾਹਿਤਕ ਕਿਰਤ ਵਿੱਚ ਸਾਹਿਤਕਤਾ ਅਤੇ ਕਲਾਤਮਿਕਤਾ ਵੀ ਉਪਜਦੀ ਹੈ। ਸਤਿੰਦਰ ਸਿੰਘ ਬੋਲਟਨ ਦੇ ਹਵਾਲੇ ਨਾਲ ਲਿਖਦੇ ਹਨ:

> *ਕਵਿਤਾ ਦਾ ਸੁਹਜ ਤਾਂ ਵਸਤੂ ਅਤੇ ਰੂਪ ਦੀ ਇੱਕਮਿਕਤਾ ਅਤੇ ਉਸ ਦੀ ਸਮਗ੍ਰਤਾ ਵਿੱਚ ਹੈ। ਇਸਦੀ ਇਕਾਈ ਵਿੱਚੋਂ ਅੰਗਾਂ/ਤੱਤਾਂ ਨੂੰ ਅੱਡ ਨਹੀਂ ਕੀਤਾ ਜਾ ਸਕਦਾ।*
>
> (*ਵਿਵਾਰਕ ਸਮੀਖਿਆ: ਕਵਿਤਾ ਅਤੇ ਵਾਰਤਕ* 93)

ਸੰਚਾਰ ਦਾ ਮਾਧਿਅਮ ਭਾਸ਼ਾ ਹੁੰਦੀ ਹੈ ਅਤੇ ਭਾਸ਼ਾ ਦਾ ਵਿਵਹਾਰਿਕ ਅਤੇ ਆਮ ਭਾਸ਼ਾ ਤੋਂ ਵਿਸ਼ੇਸ਼ ਹੋਣਾ ਹੀ ਭਾਸ਼ਾ ਨੂੰ ਸਾਹਿਤਕ ਭਾਸ਼ਾ ਦਾ ਦਰਜਾ ਪ੍ਰਦਾਨ ਕਰਦੀ ਹੈ। ਕਲਾਤਮਿਕ ਸੁਹਜ ਪ੍ਰਦਾਨ ਕਰਨ ਲਈ ਭਾਸ਼ਾ ਦਾ ਸਾਹਿਤਕ ਹੋਣਾ ਵੀ ਜ਼ਰੂਰੀ ਹੈ। ਸਾਹਿਤਕ ਭਾਸ਼ਾ ਵਿਸ਼ੇਸ਼ ਹੋਣ ਦੇ ਮਕਸਦ ਨਾਲ ਹੀ ਸ਼ਬਦ 'ਸੁਹਜ' ਸਿਰਜਣਾ ਵਿੱਚ ਸਹਾਈ ਹੁੰਦੀ ਹੈ। ਜਿਸ ਕਾਰਨ ਕਾਵਿ-ਸੁਹਜ ਦਾ ਮਹੱਤਵ ਵਧਦਾ ਹੈ। ਕਾਵਿ-ਕਲਾ ਅਤੇ ਸੰਚਾਰ ਲਈ ਪ੍ਰਤਿਭਾਮਾਨ ਕਵੀ ਕਿਸੇ ਵੀ ਰਚਨਾ ਨੂੰ ਖਾਸ ਕਰਕੇ ਕਾਵਿ-ਰਚਨਾ ਨੂੰ ਬਹੁਅਰਥੀ ਬਣਾਉਣ ਲਈ ਸੰਚਾਰ ਜੁਗਤਾਂ ਦਾ ਮਹੱਤਵਪੂਰਨ ਤਰੀਕੇ ਨਾਲ ਨਿਭਾਅ ਕਰਦਾ ਹੈ। ਕਾਵਿ ਵਿੱਚ ਅਲੰਕਾਰ, ਬਿੰਬ, ਪ੍ਰਤੀਕ, ਰਸ, ਧੁਨੀ ਦਾ ਸਹੀ ਉਪਯੋਗ ਪਾਠਕ ਵਰਗ ਵਿੱਚ ਸੁਹਜਾਤਮਿਕ ਦਿਲਚਸਪੀ ਅਤੇ ਰੌਚਿਕਤਾ ਜਗਾਉਂਦਾ ਹੈ। ਕਾਵਿ-ਕਲਾ ਹੀ ਕਾਵਿ ਸੁਹਜ ਹੈ, ਜੋ ਕਵਿਤਾ ਅਤੇ ਪਾਠਕ ਦਰਮਿਆਨ

ਸੰਚਾਰ ਸੰਬੰਧ ਸਥਾਪਤ ਕਰਨ ਲਈ ਅਹਿਮ ਹੈ। ਕਿਸੇ ਵੀ ਵਿਧਾ ਦੇ ਸੰਚਾਰ ਵਿਧਾਨ ਦਾ ਸੰਪੂਰਨ ਅਧਿਐਨ ਕਰਨ ਲਈ ਉਸ ਰਚਨਾ ਦੀ ਸੰਚਾਰ ਪ੍ਰਕਿਰਿਆ ਵਿੱਚ 'ਕਾਵਿ-ਰੂਪ' ਦੀ ਭੂਮਿਕਾ, ਰਚਨਾ ਦੇ 'ਭਾਸ਼ਾਈ ਸੰਚਾਰ ਦਾ ਅਧਿਐਨ' ਅਤੇ ਪੱਛਮੀ ਦਰਸ਼ਨ ਦੇ ਸੰਦਰਭ ਵਿੱਚ ਸਮਕਾਲੀ ਪੰਜਾਬੀ ਕਵਿਤਾ ਦੇ ਕਾਵਿ-ਤੱਤਾਂ ਦਾ ਅਧਿਐਨ ਕਰਨਾ ਬੇਹੱਦ ਲਾਜ਼ਮੀ ਹੈ ਤਾਂ ਹੀ ਕਿਸੇ ਵਿਧਾ ਜਾਂ ਰਚਨਾ ਦਾ ਸੰਚਾਰ ਵਿਧਾਨ ਸੰਪੂਰਨ ਰੂਪ ਦ੍ਰਿਸ਼ਟੀਗੋਚਰ ਹੋਵੇਗਾ। ਸੋ ਉਪਰੋਕਤ ਤੱਤਾਂ ਨੂੰ ਆਧਾਰ ਬਣਾ ਕੇ 'ਸਮਕਾਲੀ ਪੰਜਾਬੀ ਕਵਿਤਾ ਦਾ ਸੰਚਾਰ ਵਿਧਾਨ' ਵਿੱਚ ਅਸੀਂ ਸਮੁੱਚੇ ਅਧਿਐਨ ਨੂੰ ਤਿੰਨ ਵਰਗਾਂ ਵਿੱਚ ਵੰਡ ਕੇ ਸਮਝਣ ਦਾ ਉਪਰਾਲਾ ਕਰਾਂਗੇ।

### 4.1. ਸਮਕਾਲੀ ਪੰਜਾਬੀ ਕਵਿਤਾ ਦੀ ਸੰਚਾਰ ਪ੍ਰਕਿਰਿਆ ਵਿੱਚ ਕਾਵਿ-ਰੂਪਾਂ ਦੀ ਭੂਮਿਕਾ:

ਸੰਚਾਰ ਦੇ ਪੱਖ ਤੋਂ 'ਕਾਵਿ-ਰੂਪ' ਕਿਸੇ ਵੀ ਰਚਨਾ ਦਾ ਸਭ ਤੋਂ ਮਹੱਤਵਪੂਰਨ ਅਤੇ ਬਾਹਰੀ ਅੰਗ ਹੈ। ਕੋਈ ਵੀ ਰਚਨਾ 'ਰੂਪ' ਤੋਂ ਬਿਨਾਂ ਆਪਣੇ ਮਨੋਰਥ ਤੱਕ ਨਹੀਂ ਪਹੁੰਚ ਸਕਦੀ ਅਤੇ ਨਾ ਹੀ ਸਾਹਿਤਕਾਰ ਆਪਣੇ ਅਨੁਭਵ ਨੂੰ ਅਭਿਵਿਅਕਤ ਕਰ ਸਕਦਾ ਹੈ। ਕਿਸੇ ਵੀ ਸਾਹਿਤਕ ਕਿਰਤ ਵਿੱਚ 'ਰੂਪ' ਓਨਾ ਹੀ ਮਹੱਤਵ ਰੱਖਦਾ ਹੈ ਜਿੰਨਾ 'ਵਸਤੂ' ਜਾਂ 'ਵਿਸ਼ਾ'। ਰੂਪ ਦੀ ਮਹੱਤਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ, ਕਿ ਪ੍ਰਭਾਵਸ਼ਾਲੀ ਰੂਪ ਜਾਂ ਕਲਾਤਮਿਕ ਪੱਖ ਤੋਂ ਊਣੀ ਕਵਿਤਾ ਜਾਂ ਰਚਨਾ ਸ਼ਕਤੀਸ਼ਾਲੀ ਵਿਸ਼ੇ ਦੀ ਹੋਂਦ ਨੂੰ ਉਸ ਹੱਦ ਤੱਕ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਨਹੀਂ ਕਰ ਸਕਦੀ ਜਿਸ ਦੀ ਆਸ ਰੱਖ ਕੇ ਇੱਕ ਸਾਹਿਤਕਾਰ ਜਾਂ ਰਚਨਹਾਰ ਰਚਨਾ ਨੂੰ ਰਚਿਤ ਕਰਦਾ ਹੈ। ਹਰ ਕਵੀ ਜਾਂ ਸਾਹਿਤਕਾਰ ਆਪਣੇ ਅਨੁਭਵ ਨੂੰ ਸਫ਼ਲ ਅਭਿਵਿਅਕਤੀ ਦੇਣ ਲਈ ਕਿਸੇ ਸਾਹਿਤਕ ਰੂਪਾਕਾਰ ਦੀ ਭਾਲ ਕਰਦਾ ਹੈ। ਕਿਸੇ ਵੀ ਰਚਨਾ ਦੀ ਉਤਪਤੀ ਦੇ ਵਿਚਾਰ ਸਮੇਂ ਸਾਹਿਤਕਾਰ ਮਨ ਵਿੱਚ ਪਹਿਲਾਂ ਢੁਕਵੇਂ ਰੂਪਾਕਾਰ ਦੀ ਚੋਣ ਕਰਦਾ ਹੈ ਅਤੇ ਫਿਰ ਆਪਣੇ ਮਨੋਭਾਵਾਂ ਅਤੇ ਵਿਚਾਰਾਂ ਨੂੰ ਅਭਿਵਿਅਕਤ ਕਰਦਾ ਹੋਇਆ ਆਪਣੇ ਚੋਣਵੇਂ ਕਾਵਿ-ਰੂਪ ਨੂੰ ਅਜਿਹੇ ਸਥੂਲ ਰੂਪ ਵਿੱਚ ਪੇਸ਼ ਕਰਦਾ ਹੈ ਜੋ ਸੰਬੰਧਿਤ ਰੂਪਾਕਾਰ ਦੀ ਸ਼੍ਰੇਣੀ ਵਿੱਚ ਵਰਗਗਤ ਪੱਧਰ 'ਤੇ ਸਮਾਨਤਾਵਾਂ ਰੱਖਦਾ ਹੈ। ਜਿੰਨੀ ਕਿਸੇ ਰਚਨਾ ਵਿੱਚ ਵਿਸ਼ੇ ਵਸਤੂ ਅਤੇ ਅਭਿਵਿਅਕਤੀ ਅਨੁਸਾਰ ਰੂਪ ਦੀ

ਸੁਚੱਜੀ ਚੋਣ ਕੀਤੀ ਹੋਵੇਗੀ, ਓਨੀ ਹੀ ਉਹ ਰਚਨਾ ਉਤਕ੍ਰਿਸ਼ਟ ਹੋਵੇਗੀ ਪ੍ਰੰਤੂ ਜੇਕਰ 'ਕਾਵਿ-ਰੂਪ' ਦੀ ਚੋਣ ਕਾਵਿ ਦੇ ਵਿਸ਼ੇ-ਵਸਤੂ ਅਤੇ ਅਭਿਵਿਅਕਤੀ ਦੇ ਅਨੁਕੂਲ ਨਾ ਹੋਵੇ ਤਾਂ ਸੰਪੂਰਨ ਕਾਵਿ ਕਿਰਤ ਪ੍ਰਭਾਵਹੀਣ ਅਤੇ ਸੰਚਾਰਹੀਣ ਹੋ ਜਾਵੇਗੀ। ਵਿਸ਼ੇ-ਵਸਤੂ ਅਤੇ ਕਾਵਿ-ਰੂਪ ਦੇ ਢੁਕਵੇਂ ਸੁਮੇਲ ਦੇ ਸੰਬੰਧ ਵਿੱਚ ਡਾ. ਸਤਿੰਦਰ ਸਿੰਘ ਵਿਦਵਾਨ ਫਰੈਡਰਿਕ ਜੈਮਸਨ ਦੀ ਟਿੱਪਣੀ ਨੂੰ ਢੁਕਵੇਂ ਰੂਪ ਵਿਚ ਪ੍ਰਸਤੁਤ ਕਰਦੇ ਹੋਏ ਲਿਖਦੇ ਹਨ ਕਿ ਬਿਨਾ ਵਸਤੂ ਸੰਚਾਰ ਦੇ ਅਸਮਰੱਥ ਹੈ:

> *ਜੇਕਰ ਵਸਤੂ ਮਹਾਨ ਹੋਵੇਗਾ ਤਾਂ ਰੂਪ ਵੀ ਮਹਾਨ ਹੋਵੇਗਾ। ਕਿਸੇ ਕਲਾਕਿਰਤ ਦੀ ਅਸਮਰੱਥਾ ਉਸ ਦੇ ਵਿਅਕਤੀਗਤ ਭੇਦ ਕਾਰਨ ਨਹੀਂ ਹੁੰਦੀ ਸਗੋਂ ਜੇਕਰ ਰੂਪ ਅਸਫ਼ਲ ਹੈ ਤਾਂ ਇਸਦਾ ਭਾਵ ਹੈ ਕਿ ਵਸਤੂ ਵੀ ਅਸਮਰੱਥ ਹੋਵੇਗੀ।* (19)

ਕਾਵਿ ਰੂਪ ਜਾਂ ਰੂਪਾਕਾਰ ਦੇ ਸੰਬੰਧ ਵਿੱਚ ਇਸ ਦੇ ਅਰਥਾਂ ਨੂੰ ਹੋਰ ਸਪੱਸ਼ਟ ਕਰਨ ਹਿੱਤ ਪ੍ਰਸਿੱਧ ਵਿਦਵਾਨ ਸਤਿੰਦਰ ਸਿੰਘ ਲਿਖਦੇ ਹਨ:

> *ਕਵਿਤਾ ਦੀ ਕੋਈ ਨਾ ਕੋਈ ਕਿਸਮ ਜਾਂ ਪ੍ਰਕਾਰ ਹੁੰਦੀ ਹੈ, ਜਿਸਨੂੰ ਕਾਵਿ-ਰੂਪ (ਰੂਪਾਕਾਰ) ਕਿਹਾ ਜਾਂਦਾ ਹੈ। ਇਥੇ 'ਰੂਪ' ਦਾ ਅਰਥ ਹੈ ਕਾਵਿ ਪ੍ਰਕਾਰ/ਕਾਵਿ-ਰੂਪਾਕਾਰ (Genre of Poetry) ਇਸ ਪ੍ਰਸੰਗ ਵਿੱਚ ਰੂਪ ਦਾ ਭਾਵ ਹੈ, ਕਾਵਿ-ਰਚਨਾ ਦੀ ਇੱਕ ਵਿਸ਼ੇਸ ਪ੍ਰਣਾਲੀ ਜਾਂ ਵਿਧੀ, ਇੱਕ ਨਿਸ਼ਚਿਤ ਯੋਜਨਾ, ਇੱਕ ਅਜਿਹੀ ਰੂਪਾਕਾਰ ਵਿਸ਼ੇਸ਼ਤਾ, ਜੋ ਬਹੁਤੀਆਂ ਕਿਰਤਾਂ ਵਿੱਚ ਸਾਮਾਨ ਹੋਂਦ ਰੱਖਦੀ ਹੋਵੇ।* (17)

ਉਪਰੋਕਤ ਟਿੱਪਣੀਆਂ ਦੇ ਅਧਾਰ 'ਤੇ ਸਾਹਿਤਕਾਰ ਦੀ ਕਾਵਿ-ਸੰਚਾਰ ਦੀ ਕੁਸ਼ਲਤਾ, ਉਸ ਦੇ ਵਿਸ਼ੇ ਵਸਤੂ ਅਤੇ ਅਭਿਵਿਅਕਤੀ ਦੇ ਅਨੁਕੂਲ ਰੂਪਾਕਾਰ ਦੀ ਚੋਣ ਵਿੱਚ ਹੈ। ਮੁੱਖ ਰੂਪ ਵਿੱਚ ਵਿਸ਼ੇ-ਵਸਤੂ ਅਤੇ ਰੂਪ ਵਿੱਚ ਸੁਮੇਲਤਾ ਕਾਵਿ ਦੀ ਕਲਾ ਦੀ ਇੱਕ ਵਿਲੱਖਣ ਖ਼ੂਬੀ ਸਾਬਿਤ ਹੁੰਦੀ ਹੈ ਜੋ ਸੰਚਾਰ ਪੱਖੋ ਅਹਿਮ ਭੂਮਿਕਾ ਨਿਭਾਉਂਦੀ ਹੈ। ਕਵਿਤਾ ਆਪਣੇ ਆਰੰਭ ਤੋਂ ਅਨੇਕਾਂ ਰੂਪਾਕਾਰਾਂ ਵਿੱਚ ਹੁੰਦੀ ਹੋਈ ਸਮਕਾਲੀ ਵਿਸ਼ਵੀਕਰਨ ਅਤੇ ਉੱਤਰ-ਆਧੁਨਿਕਤਾ ਦੇ ਦੌਰ ਵਿੱਚ ਪਹੁੰਚਦੀ ਹੈ। ਜਿਥੇ ਇਹ ਅਨੇਕ ਰੂਪਾਕਾਰ ਕਵੀ ਦੇ

ਪ੍ਰਗਟ ਵਿਸ਼ਿਆਂ ਵਿੱਚ ਵੰਨ-ਸੁਵੰਨਤਾ ਪ੍ਰਦਾਨ ਕਰਦੇ ਹਨ, ਉਥੇ ਕਵੀ ਦੇ ਵਿਚਾਰਾਂ ਨੂੰ ਅਭਿਵਿਅਕਤ ਕਰਨ ਲਈ ਵਿਸ਼ੇ-ਵਸਤੂ ਦੇ ਅਨੁਰੂਪ ਹੀ ਵੱਖ-ਵੱਖ ਕਾਵਿ-ਰੂਪਾਂ ਦੀ ਕੁਸ਼ਲਤਾ ਸਾਹਿਤ ਵਰਤੋਂ ਕਰਨ ਦੀ ਖੁੱਲ੍ਹ ਵੀ ਪ੍ਰਦਾਨ ਕਰਦੇ ਹਨ ਤਾਂ ਜੋ ਕਵੀ ਆਪਣੇ ਉਦੇਸ਼ਿਤ ਸੰਚਾਰ ਦੇ ਮਨੋਰਥ ਨੂੰ ਸਫ਼ਲਤਾ ਪੂਰਵਕ ਹਾਂਸਲ ਕਰ ਸਕੇ।

ਹਰ ਭਾਸ਼ਾ ਦੇ ਸਾਹਿਤ ਨੂੰ ਵਿਦਵਾਨਾਂ ਨੇ ਦੋ ਮੁੱਖ ਰੂਪਾਂ 'ਕਵਿਤਾ' ਅਤੇ 'ਵਾਰਤਕ' ਵਿੱਚ ਵੰਡਿਆ ਹੈ ਕਵਿਤਾ ਨੂੰ ਜੇਕਰ ਇਤਿਹਾਸਕ ਪੱਖ ਤੋਂ ਦੇਖਿਆ ਜਾਵੇ ਤਾਂ 'ਕਵਿਤਾ' ਦਾ ਆਰੰਭ ਮੱਧਕਾਲ ਦੇ ਰੂਪਾਕਾਰ 'ਗੋਸਟ' ਨਾਲ ਹੋਇਆ। ਜਿਸ ਉਪਰੰਤ ਸ਼ਬਦ, ਸਲੋਕ, ਵਾਰਾਂ, ਬਾਰਾਂਮਾਹੇ, ਸਤਾਵਾਰੇ, ਕਾਫ਼ੀਆਂ, ਪਦਾਂ, ਵਾਰਾਂ, ਛੰਦਾਂ, ਪਟੀ, ਪਹਿਰੇ, ਗਾਥਾ, ਅਲਾਹੁਣੀਆਂ ਹੋਂਦ ਵਿੱਚ ਆਏ ਜੋ ਪੁਰਨ ਰੂਪ ਵਿਚ ਛੰਦਾ ਬੰਦੀ ਵਿਚ ਲਿਖੇ ਜਾਂਦੇ ਸਨ। ਵਿਸ਼ਵੀਕਰਨ ਦੇ ਵਰਤਾਰੇ ਕਾਰਨ ਕਵਿਤਾ ਦੇ ਆਧੁਨਿਕ ਦੌਰ ਵਿੱਚ ਕਦਮ ਰੱਖਣ ਨਾਲ ਕਵਿਤਾ ਦਾ ਨਵਾਂ ਦੌਰ ਪ੍ਰਚੱਲਤ ਹੋਇਆ ਜਿਸ ਵਿੱਚ ਵਾਰ-ਵੰਨਗੀ, ਸਟੇਜੀ ਕਵਿਤਾ, ਛੰਦਬੱਧ ਕਵਿਤਾ, ਖੁੱਲ੍ਹੀ-ਕਵਿਤਾ, ਕਿੱਸਾ, ਗੀਤ, ਪ੍ਰਗੀਤ, ਗ਼ਜ਼ਲ, ਨਜ਼ਮ, ਰੁਬਾਈ, ਆਦਿ ਕਾਵਿ ਰੂਪ ਦ੍ਰਿਸ਼ਟੀਗੋਚਰ ਹੋਏ। ਸਮਕਾਲੀ ਪੰਜਾਬੀ ਕਵਿਤਾ ਨੇ ਇਨ੍ਹਾਂ ਕਾਵਿ-ਰੂਪਾਂ ਨੂੰ ਮੂਲ ਰੂਪ ਵਿਚ ਜਾਰੀ ਰੱਖਣ ਦੇ ਨਾਲ-ਨਾਲ ਇਸ ਵਿੱਚ ਗੁਣਾਤਮਕ ਅਤੇ ਗਿਣਾਤਮਕ ਦੋਨਾਂ ਪੱਖੋਂ ਯੋਗਦਾਨ ਪਾਇਆ। ਪ੍ਰੰਤੂ ਪੰਜਾਬੀ ਕਵਿਤਾ ਦੇ ਸਮਕਾਲੀ ਦੌਰ ਵਿਚ ਖੁੱਲ੍ਹੀ ਕਵਿਤਾ ਦਾ ਵਧੇਰੇ ਪ੍ਰਚੱਲਨ ਹੈ। ਸੋ ਸਮਕਾਲੀ ਪੰਜਾਬੀ ਕਵਿਤਾ ਦੇ ਵਰਤਮਾਨ ਕਾਵਿ ਰੂਪਾਂ ਦੇ ਅਧਿਐਨ ਤੋਂ ਪਹਿਲਾਂ ਸਾਨੂੰ ਛੰਦ, ਛੰਦ ਦੀਆਂ ਕੁਝ ਪ੍ਰਮੁੱਖ ਕਿਸਮਾਂ ਬਾਰੇ ਮੁੱਢਲੀ ਜਾਣਕਾਰੀ ਪ੍ਰਾਪਤ ਕਰਨਾ ਜਰੂਰੀ ਹੈ ਤਾਂ ਹੀ ਅਸੀਂ ਸਮਕਾਲ ਵਿਚ ਸਭ ਤੋਂ ਵੱਧ ਲਿਖੇ ਜਾਣ ਵਾਲੇ ਖੁੱਲ੍ਹੀ ਕਵਿਤਾ ਕਾਵਿ-ਰੂਪ ਜਾਂ ਹੋਰ ਸਮਕਾਲੀ ਕਾਵਿ ਰੂਪਾਂ ਬਾਰੇ ਵਧੇਰੇ ਸਪਸ਼ਟਤਾ ਨਾਲ ਜਾਣ ਸਕਾਂਗੇ।

ਛੰਦ ਇੱਕ ਅਜਿਹਾ ਮੀਟਰ ਜਾਂ ਗ਼ਜ਼ ਹੈ ਜਿਸ ਨਾਲ ਕਵਿਤਾ ਦੀ ਲੰਬਾਈ ਨਿਸ਼ਚਿਤ ਕੀਤੀ ਜਾਂਦੀ ਹੈ ਜਾਂ ਮਾਪੀ ਜਾਂਦੀ ਹੈ ਇਸ ਮੰਤਵ ਲਈ ਮਾਤਰਾ ਅਤੇ ਅੱਖਰ ਖਾਸ ਤਰਤੀਬ ਵਿੱਚ ਜੁੜ ਕੇ ਆਉਂਦੇ ਹਨ ਅਤੇ ਤੁਕਾਂਤ, ਲੈਅ ਪੈਦਾ ਕਰਦੇ ਹਨ, ਅਜਿਹੀ ਤਰਤੀਬ ਦਾ ਦੂਸਰਾ ਨਾਂ ਛੰਦ ਹੈ ਅੰਗਰੇਜ਼ੀ ਵਿੱਚ ਛੰਦ ਨੂੰ

ਮੀਟਰ (metre) ਅਤੇ ਉਰਦੂ ਵਿਚ 'ਬਹਿਰ' ਕਿਹਾ ਜਾਂਦਾ ਹੈ। ਛੰਦ ਨੂੰ ਪ੍ਰਭਾਸ਼ਿਤ ਕਰਦੇ ਡਾ. ਜਸਵੰਤ ਬੇਗੋਵਾਲ ਲਿਖਦੇ ਹਨ ਕਿ *ਛੰਦ ਉਹ ਕਾਵਿ ਹੈ ਜਿਸ ਵਿੱਚ ਮਾਤਰਾ, ਅੱਖਰ, ਗਣ ਦੇ ਨਿਯਮਾਂ ਦਾ ਪਾਲਣ ਕੀਤਾ ਗਿਆ ਹੋਵੇ* (*ਪੰਜਾਬੀ ਪਿੰਗਲ* 28) ਮਹਾਨ ਕੋਸ਼ ਵਿਚ ਭਾਈ ਕਾਨ੍ਹ ਸਿੰਘ ਨਾਭਾ ਨੇ ਛੰਦ ਨੂੰ ਪ੍ਰਭਾਸ਼ਿਤ ਕਰਦੇ ਹੋਏ ਲਿਖਿਆ ਹੈ ਕਿ: *ਉਹ ਕਾਵਯ, ਜਿਸ ਵਿੱਚ ਮਾਤ੍ਰਾ, ਅੱਖਰ, ਗਣ ਦੇ ਨਿਯਮਾਂ ਦੀ ਪਾਬੰਦੀ ਹੋਵੇ।* (1134)। ਜਿਸ ਦਾ ਭਾਵ ਹੈ ਕਿ ਕਵਿਤਾ ਦੇ ਸਬੰਧ ਵਿੱਚ ਛੰਦ ਮਾਤਰਾ, ਵਰਨਾ, ਅੱਖਰਾਂ, ਤੁਕਾਤ ਤੇ ਵਿਸ਼ਰਾਮ ਬਾਰੇ ਜਾਣਕਾਰੀ ਹੈ।

ਜੇਕਰ ਅਸੀਂ ਕਾਵਿ ਵਿਚ ਛੰਦ ਦੇ ਪ੍ਰਭਾਵ ਜਾਂ ਮਹੱਤਵ ਦੀ ਗੱਲ ਕਰਦੇ ਹਾਂ ਤਾਂ ਇਹ ਆਖਿਆ ਜਾ ਸਕਦਾ ਹੈ, ਕਿ ਕਵਿਤਾ ਮਨੁੱਖੀ ਜਜ਼ਬੇ, ਵਲਵਲੇ, ਹਾਵਾਂ-ਭਾਵਾਂ ਦਾ ਸੰਚਾਰ ਵਧੇਰੇ ਕਾਰਗਰ ਤਰੀਕੇ ਨਾਲ ਕਰਦੀ ਹੈ। ਜਿਸ ਦਾ ਮੁੱਖ ਕਾਰਨ ਕਵਿਤਾ ਵਿੱਚਲੀ ਸੰਗੀਤਾਤਮਿਕਤਾ ਦੀ ਪ੍ਰਮੁੱਖਤਾ ਹੈ। 'ਛੰਦ ਵਿਧਾਨ' ਦਾ ਕੰਮ ਕਵਿਤਾ ਵਿੱਚ ਲੈਅ, ਸੁਰ, ਤਾਲ ਅਤੇ ਸੰਗੀਤਾਤਮਿਕਤਾ ਦਾ ਜਾਦੂਈ ਸੁਮੇਲ ਕਰਨਾ ਹੁੰਦਾ ਹੈ। ਸੋ ਛੰਦਾ ਬੰਦੀ ਦੇ ਨਿਯਮਾਂ ਵਿੱਚ ਲਿਖੇ ਸ਼ਿਅਰ ਜਾਂ ਕਵਿਤਾ ਸੰਗੀਤ ਨਾਲ ਵਧੇਰੇ ਗੜੁੱਚ ਅਤੇ ਪਰੁੰਨੇ ਹੋਏ ਮਿਲਣਗੇ ਜੋ ਆਸਾਨੀ ਨਾਲ ਸਰੋਤੇ ਜਾਂ ਪਾਠਕ ਦੇ ਮਨਾਂ ਵਿੱਚ ਉੱਤਰ ਜਾਂਦੇ ਹਨ। 'ਛੰਦ' ਕਵਿਤਾ ਦੀ ਚਾਲ ਨੂੰ ਵਧੇਰੇ ਤਾਲਮਈ ਅਤੇ ਚਿਰਾਂ ਤੱਕ ਪਾਠਕ ਮਨਾਂ ਵਿਚ ਸਥਾਈਮਾਨ ਵੀ ਰਹਿੰਦੇ ਹਨ। ਛੰਦ ਦੀ ਵਰਤੋਂ ਨਾਲ ਕਵੀ ਦੇ ਹਾਵ-ਭਾਵ ਸਹਿਜੇ ਰੂਪ ਵਿੱਚ ਸਰੋਤੇ ਤੱਕ ਸੰਚਾਰਿਤ ਹੋ ਜਾਂਦੇ ਹਨ। ਸਮਕਾਲੀ ਕਵੀ ਆਪਣੀਆਂ ਕੁਝ ਚੋਣਵੀਆਂ ਰਚਨਾਵਾਂ ਨੂੰ ਛੰਦ ਸ਼ਾਸਤਰ ਦੇ ਨਿਯਮਾਂ ਵਿੱਚ ਢਾਲਦੇ ਹੋਏ ਲਿਖਦੇ ਹਨ। ਛੰਦਾ ਬੰਦੀ ਵਿੱਚ ਲਿਖੀ ਗਈ ਕਵਿਤਾ ਜਾਦੂਈ ਸੁਰ, ਲੈਅ, ਤਾਲ ਆਦਿ ਨਾਲ ਲਬਰੇਜ਼ ਹੁੰਦੀ ਹੈ। ਜਿਸ ਦਾ ਮੁੱਖ ਕਾਰਨ ਛੰਦ ਸ਼ਾਸਤਰ ਅਨੁਸਾਰ ਕਵਿਤਾ ਲਿਖਣ ਦੇ ਨਿਯਮਾਂ ਦੀ ਪਾਲਣਾ ਹੈ। ਅਜਿਹੀ ਰਚਨਾ ਸਰੋਤੇ ਨੂੰ ਅਦਭੁੱਤ ਅਨੰਦ ਅਤੇ ਸੁਹਜ ਪ੍ਰਦਾਨ ਕਰਦੀ ਹੈ। ਸਮਕਾਲੀ ਦੌਰ ਦੇ ਗੁੰਝਲਦਾਰ ਮਨੁੱਖ ਦੀ ਉਲਝੀ ਹੋਈ ਮਾਨਸਿਕਤਾ ਨੂੰ ਪੇਸ਼ ਕਰਨ ਲਈ ਵਧੇਰੇ ਕਰਕੇ ਖੁੱਲ੍ਹੀ ਕਵਿਤਾ ਦਾ ਹੀ ਪ੍ਰਯੋਗ ਹੋ ਰਿਹਾ ਹੈ। ਜਿਸ ਵਿੱਚ ਕਵੀ ਆਪਣੇ ਅਨੁਭਵਾਂ, ਭਾਵਾਂ ਅਤੇ ਵਲਵਲਿਆਂ ਨੂੰ ਬਿਨਾਂ ਕਿਸੇ ਬੰਧਨ ਦੇ ਅਭਿਵਿਅਕਤ ਕਰਦਾ ਹੈ।

ਨਿਮਨਲਿਖਿਤ ਅਸੀਂ ਪਿੰਗਲ ਸਾਸ਼ਤਰ ਦੇ ਅਨੁਸਾਰ ਕੁਝ ਛੰਦਾਂ ਦੇ ਵਿਧਾਨ ਨੂੰ ਸਾਰਨੀ ਦੇ ਰੂਪ ਵਿਚ ਪੇਸ਼ ਕੀਤਾ ਹੈ:

| (ੳ) ਮਾਤ੍ਰਿਕ ਛੰਦ: | | | | | |
|---|---|---|---|---|---|
| ਨਾਮ | ਤੁਕਾਂ | ਮਾਤਰਾ | ਵਿਸਰਾਮ | ਤੁਕਾਂਤ | ਅੰਤ ਵਿਚ ਗਣ |
| ਦੋਹਿਰਾ | ਦੋ (2) | 24 | 13 + 11 | ਤੁਕਾਂਤ ਮਿਲਦਾ ਹੈ | ਗੁਰੂ ਲਘੂ (S I) |
| ਸੋਰਠਾ | ਦੋ (2) | 24 | 11 + 13 | ਅਰਧ ਵਿਸ਼ਰਾਮ 'ਤੇ ਤੁਕਾਂਤ ਮਿਲਦਾ ਹੈ। ਅੰਤ ਵਿਚ ਨਹੀਂ | ਅਰਧ ਵਿਸ਼ਰਾਮ 'ਤੇ ਗੁਰੂ ਲਘੂ (S I), ਅਤੇ ਅੰਤ ਵਿੱਚ ਗੁਰੂ (S) |
| ਰੋਲਾ | ਚਾਰ (4) | 24 | 11 + 13 | ਪਹਿਲੀ ਤੁਕ ਦਾ ਦੂਜੀ ਅਤੇ ਤੀਜੀ ਤੁਕ ਦਾ ਚੌਥੀ ਤੁਕ ਨਾਲ ਤੁਕਾਂਤ ਮਿਲਦਾ ਹੈ। | (ਅਰਧ ਵਿਸ਼ਰਾਮ 'ਤੇ ਲਘੂ), ਅੰਤ ਵਿਚ ਗੁਰੂ ਗੁਰੂ (S S) |
| ਬੈਂਤ | ਚਾਰ (4) ਜਾਂ ਵੱਧ | 40 (ਦੋ ਜਾਂ ਤਿੰਨ ਘੱਟ | 20 + 20 | ਤੁਕਾਂਤ ਕਾਫ਼ੀਆ ਰਦੀਫ਼ ਕਾਰਨ ਦੋ-ਦੋ ਤੁਕਾਂ ਦਾ ਜਾਂ | ਗੁਰੂ ਗੁਰੂ (S S) |

| | | | | | |
|---|---|---|---|---|---|
| | | ਵੱਧ ਦੋਸ਼ ਨਹੀਂ ਹੈ) | | ਸਾਰੀਆਂ ਦਾ ਮਿਲਦਾ ਹੈ | |
| ਦਵੱਈਆ (ਦਵੱਯਾ) ਜਾਂ ਬੈਂਤ ਖ਼ੁਰਦ | ਚਾਰ (4) | 28 | 16 + 12 | ਦੋ-ਦੋ ਤੁਕਾਂ ਦਾ ਤੁਕਾਂਤ ਮਿਲਦਾ ਹੈ। | ਗੁਰੂ ਗੁਰੂ (S S) |
| ਚੌਪਈ | ਚਾਰ (4) | 15 ਜਾਂ 16 | 8 + 7 ਜਾਂ 8 + 8 | ਤੁਕਾਂਤ ਮਿਲਦਾ ਹੈ (ਦੋ-ਦੋ ਜਾਂ ਚਾਰਾਂ ਤੁਕਾਂ ਦਾ) | ਮਾਤਰਾ 15 ਤਾਂ ਲਘੂ (I) 16 ਤਾਂ ਗੁਰੁ (S) |
| ਸਿਰਖੰਡੀ | ਚਾਰ (4) ਜਾਂ ਵੱਧ | 21 ਜਾਂ, 23 ਜਾਂ 20 ਜਾਂ ਮਾਤਰਾਵਾਂ | (21): 12 + 9, (23): 14 + 9, (21): 11 +10, ਜਾਂ (20): 11 + 9 | ਅਰਧ ਵਿਸ਼ਰਾਮ ’ਤੇ ਤੁਕਾਂਤ ਮਿਲਦਾ ਹੈ। ਅੰਤ ਵਿਚ ਨਹੀਂ ਮਿਲਦਾ। | ਅਰਧ ਵਿਸ਼ਰਾਮ ਅਤੇ ਅੰਤ ਵਿਚ ਗੁਰੂ (S) |
| ਨਿਸ਼ਾਨੀ (ਉਪਮਾ ਨ) | ਚਾਰ (4) ਜਾਂ ਵੱਧ | 23 ਜਾਂ 24 | 13 + 10, 14 + 9 ਜਾਂ 14 + 10 | ਤੁਕਾਂਤ ਮਿਲਦਾ ਹੈ। | ਗੁਰੂ ਗੁਰੂ (S S) |
| ਸਵੱਈਆ ਜਾਂ | ਚਾਰ (4) | 31 | 16 + 15 | ਤੁਕਾਂਤ ਮਿਲਦਾ ਹੈ। | ਗੁਰੂ ਲਘੂ (S I) |

| | | | | | |
|---|---|---|---|---|---|
| ਸਵੱਯਾ | | | | | |
| ਕੁੰਡਲੀਆ | ਛੇ (6) [ਦੋਹਿਰਾ (2) + ਰੋਲਾ (4)] | 24 | ਪਹਿਲੀਆਂ ਦੋ ਤੁਕਾਂ 13 + 11 ਆਖਰੀ ਚਾਰ ਤੁਕਾਂ 11 + 13 | ਦੋ-ਦੋ ਤੁਕਾਂ ਦਾ ਤੁਕਾਂਤ ਮਿਲਦਾ ਹੈ। (ਦੋਹਿਰੇ ਦਾ ਅੰਤਿਮ ਤੁਕਾਂਗ 'ਰੋਲਾ' ਦੇ ਆਰੰਭ ਵਿਚ ਅਤੇ ਦੋਹਿਰੇ ਦਾ ਆਰਭਿਕ ਸ਼ਬਦ ਰੋਲਾ ਏ ਅੰਤ ਵਿਚ ਆਉਂਦਾ ਹੈ) | ਪਹਿਲਾ ਵਿਸ਼ਰਾਮ ਲਘੂ (I), ਦੂਜਾ ਵਿਸ਼ਰਾਮ ਗੁਰੂ ਗੁਰੂ (S S) |
| ਰਸਾਵਲ | ਚਾਰ (4) | 24 | 11 + 13 | ਤੁਕਾਂਤ ਮਿਲਦਾ ਹੈ | ਇਕ ਗੁਰੂ ਤੇ ਦੋ ਲਘੂ (SII) |
| ਡਿਓਢ | ਚਾਰ (4) | 36 | 16 + 12 + 8 | ਤੁਕਾਂਤ ਮਿਲਦਾ ਹੈ। | ਹਰੇਕ ਵਿਸ਼ਰਾਮ ਦੇ ਅੰਤ ਵਿਚ ਇੱਕ ਗੁਰੂ (S) |
| ਅੜਿੱਲ | ਚਾਰ (4) | 21 | 11 + 10 | ਪਹਿਲੀ ਤੁਕ ਦਾ ਦੂਜੀ ਅਤੇ ਤੀਜੀ ਤੁਕ ਦਾ ਚੌਥੀ ਤੁਕ ਨਾਲ ਤੁਕਾਂਤ ਮਿਲਦਾ ਹੈ। | ਰਗਣ: ਗੁਰੂ ਲਘੂ ਗੁਰੂ (SIS) |
| ਮੀਆ ਮਾਲਤੀ | ਚਾਰ (4) | 28 | 16 + 12 | (ਦੋ-ਦੋ ਤੁਕਾਂ ਦਾ ਤੁਕਾਂਤ ਮਿਲਦਾ ਹੈ।) ਪਹਿਲੀ ਤੁਕ | ਰਗਣ: ਗੁਰੂ ਲਘੂ ਗੁਰੂ |

| | | | | | |
|---|---|---|---|---|---|
| ਜਾਂ ਗੀਤ ਮਾਲਤੀ | | | | ਦਾ ਦੂਜੀ ਅਤੇ ਤੀਜੀ ਤੁਕ ਦਾ ਚੌਥੀ ਤੁਕ ਨਾਲ | (SIS) |

**(ਅ) ਵਰਣਿਕ ਛੰਦ**

| ਨਾਮ | ਤੁਕਾਂ | ਵਰਣ | ਵਿਸ਼ਰਾਮ | ਤੁਕਾਂਤ | ਅੰਤ ਵਿਚ |
|---|---|---|---|---|---|
| ਕਬਿੱਤ | ਚਾਰ (4) | 31 ਜਾਂ 32 | 8 + 8 + 8 + 7 ਜਾਂ 8 + 8 + 8 + 8 | ਤੁਕਾਂਤ ਮਿਲਦਾ ਹੈ। | ਗੁਰੂ (S) |
| ਕੋਰੜਾ | ਚਾਰ (4) ਜਾਂ ਵੱਧ | 13 ਜਾਂ 14 | 6 + 7 ਜਾਂ 7 + 7 | ਦੋ-ਦੋ ਤੁਕਾਂ ਦਾ ਤੁਕਾਂਤ ਮਿਲਦਾ ਹੈ | ਲਘੂ ਗੁਰੂ (I S) ਜਾਂ (SIS) |
| ਸਵੱਈਆ (ਵਰਣਿਕ) | ਚਾਰ (4) | 23 ਜਾਂ 24 | 12 +11 ਜਾਂ 12 +1 2 | ਤੁਕਾਂਤ (ਕਾਫ਼ੀਆ ਰਦੀਫ਼) ਮਿਲਦਾ ਹੈ | ਤੁਕ ਦਾ ਅਰੰਭਿਕ ਸ਼ਬਦ (ਲਫ਼ਜ਼) |

ਉਪਰੋਕਤ ਸਾਰਨੀ ਲਈ *ਗੁਰਸ਼ਬਦ ਰਤਨਕਾਰ ਮਹਾਨ ਕੋਸ਼* ਭਾਈ ਕਾਨ੍ਹ ਸਿੰਘ ਨਾਭਾ, ਪੁਸਤਕ *ਪੰਜਾਬੀ ਪਿੰਗਲ* ਡਾ. ਜਸਵੰਤ ਸਿੰਘ ਬੇਗੋਵਾਲ ਅਤੇ *ਪੰਜਾਬੀ ਕਾਵਿ ਸ਼ਾਸਤਰ* ਚਾਨਣ ਸਿੰਘ ਨਿਰਮਲ ਨੂੰ ਆਧਾਰ ਬਣਾਇਆ ਹੈ। ਜਿਸ ਦੇ ਆਧਾਰ ’ਤੇ ਸਮਕਾਲੀ ਪੰਜਾਬੀ ਕਵਿਤਾ ਸੰਚਾਰ ਵਿਧਾਨ ਵਿੱਚ ਛੰਦ ਵਿਧਾਨ ਦੀ ਭੂਮਿਕਾ ਪੱਖੋਂ ਅਧਿਐਨ ਤੋਂ ਇਹ ਦ੍ਰਿਸ਼ਟੀਗੋਚਰ ਹੋਇਆ ਹੈ ਕਿ ਸਮਕਾਲੀ ਪੰਜਾਬੀ ਕਵਿਤਾ ਆਪਣੇ ਵਿਲੱਖਣ ਸੰਚਾਰ ਵਿਧਾਨ ਵਿੱਚ ਛੰਦ ਦੇ ਨਿਯਮਾਂ ਦੀ ਪਾਲਣਾ ਨਹੀਂ ਕਰਦੀ, ਪ੍ਰੰਤੂ ਸਮਕਾਲੀ

ਪੰਜਾਬੀ ਕਵੀ ਆਪਣੀ ਕਾਵਿ ਪ੍ਰਤਿਭਾ ਅਤੇ ਅਨੁਭਵ ਦੁਆਰਾ ਛੰਦ ਦੀ ਕਮੀ ਨੂੰ ਪੂਰਾ ਕਰਦੇ ਹਨ। ਅਜੋਕਾ ਕਵੀ ਮਾਤਰਾਵਾਂ, ਵਰਣਾਂ, ਨਿਯਮਾਂ ਜਾਂ ਗਿਣਤੀ-ਮਿਣਤੀ ਵਿੱਚ ਨਹੀਂ ਉਲਝਦਾ ਉਹ ਆਪਣੀ ਗੱਲ ਨੂੰ ਆਪਣੀ ਕਾਵਿ ਕੁਸ਼ਲਤਾ, ਮੌਲਿਕ ਜੁਗਤਾਂ, ਦੁਆਰਾ ਹੀ ਸਰੋਤੇ ਅੱਗੇ ਪ੍ਰਸਤੁਤ ਕਰਦਾ ਹੈ।

ਉਦਾਹਰਨ ਦੇ ਤੌਰ ’ਤੇ ਖੋਜ ਕਾਰਜ ਵਿੱਚ ਚੁਣੇ ਹੋਏ ਸਮਕਾਲੀ ਕਵੀਆਂ ਦੀਆਂ ਕੁਝ ਰਚਨਾਵਾਂ ਪੇਸ਼ ਕੀਤੀਆਂ ਗਈਆਂ ਹਨ ਜਿਨ੍ਹਾਂ ਤੋਂ ਇਹ ਦ੍ਰਿਸ਼ਟੀ ਗੋਚਰ ਹੋ ਜਾਂਦਾ ਹੈ ਕਿ ਸਮਕਾਲੀ ਪੰਜਾਬੀ ਕਵਿਤਾ ਛੰਦਾਬੰਦੀ ਦੇ ਨਿਯਮਾਂ ਨੂੰ ਛੱਡ ਮੌਲਿਕ ਪੈਟਰਨਾਂ ਅਤੇ ਮੌਲਿਕ ਸੰਚਾਰ ਜੁਗਤਾਂ ਨੂੰ ਹੀ ਸੰਚਾਰ ਦਾ ਸਾਧਨ ਬਣਾਉਣ ਨੂੰ ਤਰਜੀਹ ਦਿੰਦੀ ਹੈ। ਜਿਵੇਂ ਹੇਠਾਂ ਸੁਰਜੀਤ ਪਾਤਰ ਦੀਆਂ ਸਤਰਾਂ ਦੇਖੀਆਂ ਜਾ ਸਕਦੀਆਂ ਹਨ:

*ਉਹ ਜੋ ਰੁੜ੍ਹ ਗਿਆ, ਉਹਨੂੰ ਜਾਣ ਦੇ* (19 ਮਾਤਰਾਵਾਂ)
*ਇਹਨੂੰ ਸਾਂਭ ਲੈ, ਇਹ ਜੋ ਬਚ ਗਿਆ* (18 ਮਾਤਰਾਵਾਂ)
*ਉਠ ਜਾਗ ਸੂਰਜ ਨੂੰ ਸਿਰ ਝੁਕਾ* (16 ਮਾਤਰਾਵਾਂ)
*ਉਠ ਜਾਗ ਧਰਤੀ ਦਾ ਦੁੱਖ ਵੰਡਾ* (18 ਮਾਤਰਾਵਾਂ)

*ਰੱਤ ਧੋਵਣੇ ਨੂੰ ਹੀ ਭੇਜੀਆਂ*
*ਇਸ ਵਾਰ ਅੱਲਾ ਨੇ ਬਾਰਿਸ਼ਾਂ*
*ਰਲ ਰੋਵਣੇ ਨੂੰ ਹੀ ਭੇਜੀਆਂ*
*ਇਸ ਵਾਰ ਅੱਲਾਂ ਨੇ ਬਾਰਿਸ਼ਾਂ*

*ਤੂੰ ਵੀ ਹੰਝੂਆਂ ਵਿੱਚ ਰੋੜ੍ਹ ਦੇ*
*ਟੁੱਟੇ ਹੋਏ ਖ਼ਾਬਾਂ ਦਾ ਸਿਲਸਿਲਾ*
*ਉਠ ਜਾਗ ਸੂਰਜ ਨੂੰ ਸਿਰ ਝੁਕਾ*
*ਉਠ ਜਾਗ ਧਰਤੀ ਦਾ ਦੁਖ ਵੰਡਾ*

(*ਚੰਨ ਸੂਰਜ ਦੀ ਵਹਿੰਗੀ* 14)

ਉਪਰੋਕਤ ਸਤਰ੍ਹਾਂ ਵਿੱਚ ਮਾਤਰਾਵਾਂ ਅਤੇ ਵਰਣਾਂ ਗਿਣਤੀ ਕਿਸੇ ਖਾਸ ਛੰਦ ਦੇ ਵਿਦਾਨ ਦੇ ਅਨੁਸਾਰ ਨਹੀਂ ਹੈ, ਸਗੋਂ ਅਸਮਾਨ ਹੈ ਜਿਸ ਕਰਕੇ ਉਪਰੋਕਤ ਕਵਿਤਾ ਕਿਸੇ ਵੀ ਮਾਤ੍ਰਿਕ ਛੰਦ ਜਾਂ ਫਿਰ ਵਰਣਿਕ ਛੰਦ ਦੇ ਨਿਯਮਾਂ ’ਤੇ ਨਹੀਂ ਢੁੱਕਦੀ ਅਤੇ ਨਾ ਹੀ ਕਵੀ ਨੇ ਕਿਸੇ ਖਾਸ ਛੰਦ ਦੇ ਵਿਧਾਨ ਅਨੁਸਾਰ ਕਾਵਿ ਤੁੱਕਾਂ ਦੇ ਅੰਤ ਵਿੱਚ ਗਣਾਂ ਦਾ ਪ੍ਰਯੋਗ ਕੀਤਾ ਹੈ। ਇਸੇ ਪ੍ਰਕਾਰ ਅਸੀਂ ਜਸਵੰਤ ਜ਼ਫਰ ਦੀ ਕਵਿਤਾ ਦੀ ਵੀ ਉਦਾਹਰਨ ਵਜੋਂ ਦੇਖ ਸਕਦੇ ਹਾਂ।

*ਉਦੋਂ ਜਦ ਸਾਂ* (3 ਵਰਣ)

*ਘਰ ਪਰਤਦਾ ਸ਼ਾਮ ਨੂੰ* (4 ਵਰਣ)

*ਤਰਲੇ ਦੇ ਨਾਲ ਮਾਂ ਕਹਿੰਦੀ ਸੀ-* (6 ਵਰਣ)

*ਪੁੱਤ ਘਰ ਵੇਲੇ ਸਿਰ ਆਇਆ ਕਰ* (6 ਵਰਣ)

*ਬਾਹਰ ਹਾਲਾਤ ਠੀਕ ਨਹੀਂ।* (4 ਵਰਣ)

*ਹੁਣ ਜਦ ਮੈਂ ਪਰਦੇਸੀ ਹੋਇਆਂ*

*ਹਰ ਹਫਤੇ ਮਾਂ ਦਾ ਖ਼ਤ ਪੜ੍ਹਦਾਂ*

*ਤਰਲੇ ਦੇ ਨਾਲ ਮਾਂ ਲਿਖਦੀ ਹੈ-*

*ਪੁੱਤ ਹਾਲੇ ਘਰ ਆਵੀਂ ਨਾ*

*ਏਥੇ ਹਾਲਾਤ ਠੀਕ ਨਹੀਂ।*

(*ਦੋ ਸਾਹਾਂ ਵਿਚਕਾਰ*, 19)

ਇਸ ਤਰ੍ਹਾਂ ਜਸਵੰਤ ਜਫ਼ਰ ਦੀ ਉਪਰੋਕਤ ਕਵਿਤਾ ‘ਮਾਵਾਂ’ ਵਿੱਚ ਖੁੱਲ੍ਹੀ ਕਵਿਤਾ ਦਾ ਹੀ ਰੂਪ ਹੈ। ਉਪਰ ਦਰਸਾਈ ਕਾਵਿ ਰਚਨਾਂ ਵਿਚ ਵਰਣਾਂ ਦੀ ਗਿਣਤੀ ਕ੍ਰਮਵਾਰ ਸਤਰਾਂ ਵਿਚ 3,4,6,6,4 ਅਨੁਸਾਰ ਅਸਮਾਨ ਹੈ। ਇਸ ਪ੍ਰਕਾਰ ਇਹ ਕਾਵਿ ਰੂਪ ਕਿਸੇ ਵੀ ਕਿਸਮ ਦੇ ਛੰਦ ਨਿਯਮ ਦੇ ਅਨੁਕੂਲ ਨਹੀਂ ਹੈ ਸੋ ਉਪਰੋਕਤ ਕਾਵਿ ਰਚਨਾ ਛੰਦ ਬੱਧ ਨਹੀਂ ਹੈ। ਸਮਕਾਲੀ ਪੰਜਾਬੀ ਕਵਿਤਾ ਵਿਚ ਅਜਿਹੀਆਂ ਅਸਮਾਨ

ਵਰਣਾਂ ਦੀਆਂ ਉਦਾਹਰਨਾਂ ਆਮ ਦੇਖੀਆਂ ਜਾ ਸਕਦੀਆਂ ਹਨ। ਪੁਸਤਕ 'ਦੋ ਸਾਹਾਂ ਵਿਚਕਾਰ' ਵਿੱਚ 16 ਕਵਿਤਾਵਾਂ ਹਨ ਜੋ ਕਿ ਛੰਦ ਰਹਿਤ ਖੁੱਲ੍ਹੀ ਕਵਿਤਾ ਵਿੱਚ ਲਿਖੀਆਂ ਗਈਆਂ ਹਨ। ਕਵੀ ਨੇ ਇਨ੍ਹਾਂ ਕਵਿਤਾਵਾਂ ਵਿਚ ਛੰਦਾਬੰਦੀ ਦੇ ਨਿਯਮਾਂ ਵਿੱਚ ਵੱਜੇ ਬਗ਼ੈਰ ਹੀ ਆਪਣੇ ਭਾਵਾਂ ਨੂੰ ਕਾਵਿ-ਮਈ ਸੰਚਾਰ ਪ੍ਰਦਾਨ ਕੀਤਾ ਹੈ। ਕਵੀ ਖੁੱਲ੍ਹੀ ਕਵਿਤਾ ਦੇ ਸਿਧਾਂਤ ਅਨੁਸਾਰ ਮਾਤਰਾਵਾਂ ਦੀ ਲੰਬਾਈ ਨੂੰ ਵਧਾ ਕੇ ਜਾਂ ਘਟਾ ਕੇ ਸੁਰ, ਤਾਲ, ਲੈਅ ਬੱਧਤਾ ਆਦਿ ਨੂੰ ਪ੍ਰਾਪਤ ਕਰਦਾ ਹੈ।

ਇਸੇ ਤਰ੍ਹਾਂ ਸਮਕਾਲੀ ਪੰਜਾਬੀ ਕਵੀ ਗੁਰਪ੍ਰੀਤ ਦੀ ਕਵਿਤਾ ਨੂੰ ਦੇਖਦੇ ਹਾਂ ਤਾਂ ਹੁਣ ਤੱਕ ਗੁਰਪ੍ਰੀਤ ਦੀਆਂ ਚਾਰ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਜਿਨ੍ਹਾਂ ਵਿੱਚ ਗੁਰਪ੍ਰੀਤ ਨੇ ਖੁੱਲ੍ਹੀ ਕਵਿਤਾ ਰੂਪ ਨੂੰ ਹੀ ਅਪਣਾਇਆ ਹੈ। ਉਦਾਹਰਨ ਦੇ ਤੌਰ 'ਤੇ ਗੁਰਪ੍ਰੀਤ ਦੀ ਕਵਿਤਾ ਦਾ ਕਾਵਿ-ਨਮੂਨਾ ਦੇਖਿਆ ਜਾ ਸਕਦਾ ਹੈ ਜਿਸ ਵਿਚ ਕਵੀ ਗੁਰਪ੍ਰੀਤ ਨੇ ਮਾਤਰਾਵਾਂ, ਵਰਣਾਂ, ਤੁਕਾਂ, ਵਿਸ਼ਰਾਮ ਜਾਂ ਅਰਥ-ਵਿਸ਼ਰਾਮ, ਤੁਕਾਂਤ ਮੇਲ, ਅੰਤ ਵਿਚ ਗੁਰੂ-ਲਘੂ ਦਾ ਦੇ ਕਿਸੇ ਪ੍ਰਕਾਰ ਦੇ ਨਿਯਮ ਦਾ ਪਾਲਣ ਨਹੀਂ ਕੀਤਾ। ਕਵੀ ਨੇ ਆਪਣੇ ਅਨੁਭਵ ਅਤੇ ਕਾਵਿ-ਕੌਸ਼ਲ ਨਾਲ ਹੀ ਆਪਣੇ ਮਨੋਭਾਵਾਂ ਦਾ ਸਫਲ ਸੰਚਾਰ ਇਸ ਪ੍ਰਕਾਰ ਕੀਤਾ ਹੈ :

*ਜਦੋਂ ਫੁੱਟਦੇ ਨੇ* (10 ਮਾਤਰਾਵਾਂ)
*ਛੋਟੇ ਛੋਟੇ ਕੋਮਲ ਪੱਤੇ* (16 ਮਾਤਰਾਵਾਂ)
*ਤੇ ਖਿੜਦੇ ਨੇ* (8 ਮਾਤਰਾਵਾਂ)
*ਰੰਗ ਬਿਰੰਗੇ ਫੁੱਲ* (11 ਮਾਤਰਾਵਾਂ)

*ਮੈਂ ਯਾਦ ਕਰਦਾ ਹਾਂ*
*ਜੜ੍ਹਾਂ ਆਪਣੀਆਂ*
*ਬਹੁਤ ਗਹਿਰੀਆਂ*

*ਜਦੋਂ ਝੜਦੇ ਨੇ ਪੱਤੇ ਪੀਲੇ*
*ਤੇ ਫੁੱਲ ਬੀਜ਼ ਬਣ*

*ਮਿੱਟੀ 'ਚ ਦਬ ਜਾਂਦੇ ਨੇ*

*ਮੈਂ ਯਾਦ ਕਰਦਾ ਹਾਂ*

*ਜੜ੍ਹਾਂ ਆਪਣੀਆਂ*

*ਬਹੁਤ ਗਹਿਰੀਆਂ॥* (*ਸਿਆਹੀ ਘੁਲੀ ਹੈ* 80)

ਉਪਰੋਕਤ ਕਾਵਿ ਨਮੂਨੇ ਵਿੱਚ ਕਵੀ ਨੇ ਆਪਣੇ ਮਨੋ ਭਾਵਾਂ ਦਾ ਪ੍ਰਗਟਾ ਆਪਣੇ ਮੌਲਿਕ ਪੈਟਰਨਾਂ ਅਤੇ ਮੌਲਿਕ ਸੰਚਾਰ ਜੁਗਤਾਂ ਤਹਿਤ ਕੀਤਾ ਹੈ ਜੋ ਵਰਤਮਾਨ ਦੌਰ ਦੀ ਸਮਕਾਲੀ ਪੰਜਾਬੀ ਕਵਿਤਾ ਦੀ ਪ੍ਰਮੁੱਖ ਵਿਸ਼ੇਸ਼ਤਾ ਹੈ। ਇਹੀ ਵਿਸ਼ੇਸ਼ਤਾ ਸਮਕਾਲੀ ਪੰਜਾਬੀ ਕਵਿਤਾ ਨੂੰ ਮੱਧਕਾਲੀ ਕਵਿਤਾ ਜਾਂ ਆਧੁਨਿਕ ਪੰਜਾਬੀ ਕਵਿਤਾ ਨਾਲੋਂ ਵੱਖਰਾ ਜਾਂ ਭਿੰਨ ਕਰਦੀ ਹੈ। ਇਸੇ ਪ੍ਰਕਾਰ ਅਸੀਂ ਉਦਾਹਰਨ ਵਜੋਂ ਗੁਰਪ੍ਰੀਤ ਦੀ ਪੁਸਤਕ 'ਓਕ' ਵਿੱਚੋਂ ਵੀ ਅਨੇਕਾਂ ਕਾਵਿ ਨਮੂਨੇ ਵੇਖ ਸਕਦੇ ਹਾਂ ਜਿਵੇਂ:

*ਅਜੇ ਕੱਲ੍ਹ ਤਾਂ ਖੇਡਦੀ ਸੀ*

*ਗੁੱਡੀਆਂ ਪਟੋਲੇ*

*ਅੱਜ ਹੋ ਗਈ ਮੁਟਿਆਰ*

*ਪਿਤਾ ਨੂੰ ਦਾੜ੍ਹੀ ਡਾਈ ਕਰਨ ਦੀ*

*ਤਾਕੀਦ ਕਰਦੀ*

*ਉਨਾਭੀ ਕਮੀਜ਼ ਨਾਲ਼*

*ਉਨਾਭੀ ਪੱਗ ਦੀ ਪੂਣੀ ਕਰਾਉਂਦੀ*

*ਆਪਣੀ ਮਾਂ ਵੰਨੀ ਝਾਕ ਦੀ*

*ਪਾਲਿਸ਼ ਕੀਤੇ ਚਮਕਦੇ*

*ਬੂਟ ਪਾਉਣ ਨੂੰ ਆਖਦੀ*

*ਨਵੀਂ ਦੁਨੀਆਂ ਦੇ*

*ਨਵੇਂ ਵਿਚਾਰਾਂ ਨਾਲ ਸਿਆਣ ਕਰਾਉਂਦੀ*

*ਮੈਂ ਪਿਤਾ*

*ਧੀ ਕਰਕੇ ਬੁੱਢਾ ਹੋ ਰਿਹਾ ਸਾਂ*

*ਧੀ ਕਰਕੇ ਜਵਾਨ ਹੋ ਰਿਹਾ ਹਾਂ।।* (*ਓਕ* 37)

ਇਸੇ ਪ੍ਰਕਾਰ ਕਵਿੱਤਰੀ ਸੁਖਵਿੰਦਰ ਅੰਮ੍ਰਿਤ ਆਪਣੀਆਂ ਕਾਵਿ-ਪੁਸਤਕਾਂ 'ਕਣੀਆਂ', 'ਧੁੱਪ ਦੀ ਚੁੰਨੀ', 'ਚਿੜੀਆਂ' ਆਦਿ ਕਾਵਿ-ਸੰਗ੍ਰਹਿਆਂ ਵਿੱਚ ਵਧੇਰੇ ਖੁੱਲ੍ਹੀ ਕਵਿਤਾ ਰੂਪ ਨੂੰ ਹੀ ਅਪਣਾਉਂਦੀ ਹੋਈ ਆਪਣੇ ਭਾਵਾਂ ਦਾ ਸਫ਼ਲ ਸੰਚਾਰ ਕਰਦੀ ਹੈ ਜਿਸ ਦੀ ਉਦਾਹਰਨ ਲਈ 'ਕਣੀਆਂ' ਪੁਸਤਕ ਵਿਚ ਦਰਜ ਕਵਿਤਾ "ਮੈਂ" ਇਸ ਪ੍ਰਕਾਰ ਹੈ :

*ਪਹਿਲਾਂ ਅੱਖ ਦਾ ਬੋਲ ਪਛਾਣਾਂਗੀ*

*ਫਿਰ ਦਿਲ ਦੇ ਵਿਹੜੇ ਉਤਾਰਾਂਗੀ*

*ਰੂਹ ਦਾ ਭੇਤ ਜਾਣੇਗੀ*

*ਐਵੇਂ ਤਾਂ ਨਹੀਂ ਡੁੱਲ੍ਹ ਪਾਵਾਂਗੀ ਮੈਂ*

*ਸਭ ਹੱਦਾਂ ਬੰਨ੍ਹੇ ਗਾਵਾਂਗੀ*

*ਤੇਹ ਦੀ ਸ਼ਿੱਦਤ ਨਾਪਾਂਗੀ*

*ਤਪਸ਼ ਦੀ ਥਾਹ ਪਾਵਾਂਗੀ*

*ਐਵੇਂ ਤਾਂ ਨਹੀਂ ਬਰਸ ਜਾਵਾਂਗੀ ਮੈਂ* (*ਕਣੀਆਂ* 43)

ਇਸ ਪ੍ਰਕਾਰ ਇਹੀ ਸਪਸ਼ਟ ਹੁੰਦਾ ਹੈ ਕਿ ਵਧੇਰੇ ਕਰਕੇ ਸਮਕਾਲ ਵਿਚ ਛੰਦ ਰਹਿਤ ਕਵਿਤਾ ਲਿਖੀ ਜਾਂਦੀ ਹੈ। ਸਮਕਾਲੀ ਪੰਜਾਬੀ ਕਵੀ ਛੰਦ ਵਿਧਾਨ ਨਾਲ ਕਵਿਤਾ ਦੇ ਸੁਹਜ ਅਤੇ ਸੰਚਾਰ 'ਤੇ ਪੈਣ

ਵਾਲੇ ਪ੍ਰਭਾਵ ਤੋਂ ਪੂਰਨ ਸੁਚੇਤ ਹੈ। ਇਸੇ ਲਈ ਸਮਕਾਲੀ ਪੰਜਾਬੀ ਕਵੀ ਕਵਿਤਾ ਵਿੱਚ ਲੈਅ-ਬੱਧਤਾ, ਸੁਰ, ਸੰਗੀਤ ਆਤਮਿਕਤਾ, ਤੁਕਾਂਤ, ਵਜ਼ਨ, ਲੈਅ ਜਾਂ ਫਿਰ ਧੀਮਕ ਜਾਂ ਰੂਪਕ ਏਕਤਾ ਜਿਹੇ ਜਰੂਰੀ ਤੱਤਾਂ ਪ੍ਰਤੀ ਚੇਤੰਨ ਹੈ। ਕਵੀ ਕਵਿਤਾ ਵਿਚ ਇਹਨਾਂ ਤੱਤਾਂ ਦੀ ਪ੍ਰਾਪਤੀ ਲਈ ਕੋਈ ਨਿਸ਼ਚਿਤ ਨਿਯਮਾਂ ਦੀ ਪਾਲਣਾ ਜਾਂ ਅਧੀਨਗੀ ਨਹੀਂ ਕਰਦਾ ਸਗੋਂ ਆਪਣੇ ਮੌਲਿਕ ਪ੍ਰਵਚਨ ਅਤੇ ਰੂਪਗਤ ਤੇ ਸ਼ੈਲੀਗਤ ਪੈਟਰਨਾਂ ਦਾ ਪ੍ਰਯੋਗ ਕਰਦਾ ਹੋਇਆ ਕਵਿਤਾ ਦਾ ਸੰਚਾਰ ਵਿਧਾਨ ਅਖ਼ਤਿਆਰ ਕਰਦਾ ਹੋਇਆ ਸਮਕਾਲੀ ਪੰਜਾਬੀ ਕਵਿਤਾ ਨੂੰ ਵਿਲੱਖਣ ਕਾਲਖੰਡ ਦੇ ਰੂਪ ਵਜੋਂ ਸਥਾਪਿਤ ਵੀ ਕਰਦਾ ਹੈ।

ਵਰਤਮਾਨ ਦੌਰ ਵਿਚ ਸਮਕਾਲੀ ਪੰਜਾਬੀ ਕਵੀਆਂ ਨੇ ਅਜਿਹੇ ਦੌਰ ਦੇ ਗੁੰਝਲਦਾਰ ਮਨੁੱਖ ਦੀ ਉਲਝੀ ਹੋਈ ਮਾਨਸਿਕ ਤਾਣੀ ਬਾਣੀ ਨੂੰ ਪੇਸ਼ ਕਰਨ ਲਈ ਕਵਿਤਾ ਵਿਚ ਛੰਦ ਮੁਕਤ ਕਾਵਿ ਰੂਪਾਂ ਨੂੰ ਵਿਕਸਿਤ ਕੀਤਾ ਜਿਸ ਵਿੱਚ ਉਹ ਆਪਣੇ ਅਨੁਭਵ ਨੂੰ ਬਿਨਾਂ ਕਿਸੇ ਬੰਧਨ ਦੇ ਅਭਿਵਿਅਕਤ ਕਰ ਸਕਦੇ ਹਨ। ਖੋਜ ਕਾਰਜ ਵਿਚ ਚੋਣਵੇਂ ਪ੍ਰਮੁੱਖ ਸਮਕਾਲੀ ਪੰਜਾਬੀ ਕਵੀ ਸੁਰਜੀਤ ਪਾਤਰ, ਸੁਖਵਿੰਦਰ ਅੰਮ੍ਰਿਤ, ਜਸਵੰਤ ਜ਼ਫ਼ਰ, ਗੁਰਪ੍ਰੀਤ ਮਾਨਸਾ ਅਤੇ ਗੁਰਤੇਜ ਕੋਹਾਰਵਾਲਾ ਦੁਆਰਾ ਆਪਣੀ ਚੇਤਨਾ, ਅਨੁਭਵ, ਵੇਗ, ਜ਼ਜ਼ਬਿਆਂ ਦੀ ਅਭਿਵਿਅਕਤੀ ਅਤੇ ਸੰਚਾਰ ਜਿਨ੍ਹਾਂ ਕਾਵਿ-ਰੂਪਾਂ ਵਿੱਚ ਕੀਤਾ ਹੈ, ਉਨ੍ਹਾਂ ਦਾ ਅਧਿਐਨ ਹੇਠ ਲਿਖੇ ਅਨੁਸਾਰ ਕੀਤਾ ਗਿਆ ਹੈ। ਵਰਤਮਾਨ ਵਿਚ ਸਾਡੇ ਕੋਲ ਸਭ ਤੋਂ ਪਹਿਲਾ ਤੇ ਵਧੇਰੇ ਲਿਖਿਆ ਜਾਣ ਵਾਲਾ ਕਾਵਿ ਰੂਪ ਖੁੱਲੀ-ਕਵਿਤਾ ਹੈ:

**ਖੁੱਲ੍ਹੀ ਕਵਿਤਾ**:

ਖੁੱਲ੍ਹੀ ਕਵਿਤਾ ਸਮਕਾਲੀ ਦੌਰ ਦਾ ਸਭ ਤੋਂ ਵੱਧ ਪ੍ਰਚੱਲਿਤ ਅਤੇ ਮਹੱਤਵਪੂਰਨ ਕਾਵਿ-ਰੂਪ ਹੈ। ਇਸ ਕਾਵਿ ਰੂਪ ਦਾ ਆਰੰਭ ਫਰਾਂਸੀਸੀ ਸਾਹਿਤ ਤੋਂ ਹੋਇਆ। ਅਜਿਹੀ ਕਵਿਤਾ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਨੇ ਪ੍ਰਚੱਲਤ ਛੰਦ-ਯੁਕਤ ਕਾਵਿ ਦੀ ਪ੍ਰੰਪਰਾ ਨੂੰ ਤਿਆਗ ਕੇ ਛੰਦ-ਮੁਕਤ ਕਾਵਿ ਦੀ ਪ੍ਰੰਪਰਾ ਨੂੰ ਲਾਗੂ ਕੀਤਾ। ਫ੍ਰਾਂਸੀਸੀ ਸਾਹਿਤ ਵਿੱਚ ਇਸ ਦਾ ਆਰੰਭ ਗਸਟੇਵ ਕਾਨ ਦੀ ਛੰਦ-ਮੁਕਤ ਕਵਿਤਾ ਨਾਲ ਹੰਦਾ ਹੈ। ਇਸੇ ਸੰਦਰਭ ਵਿੱਚ *ਗੁਰੂਮੇਲ ਸਿੱਧੂ ਟਿੱਪਣੀ ਕਰਦੇ ਹਨ "ਖੁੱਲ੍ਹੀ ਕਵਿਤਾ ਦਾ ਆਰੰਭ ਫ੍ਰਾਂਸ ਵਿੱਚ 1986 ਦੇ*

*ਲਾਗੇ ਛਾਗੇ ਹੋਇਆ। ਗਸਟੇਵ ਕਾਨ (Gustave kahn, 1887) ਨੂੰ ਇਸ ਦਾ ਜਨਮਦਾਤਾ ਮੰਨਿਆ ਜਾਂਦਾ ਹੈ।"* (*ਖੁੱਲ੍ਹੀ ਕਵਿਤਾ ਦੇ ਮਾਪਦੰਡ* 74) ਪੰਜਾਬੀ ਸਾਹਿਤ ਵਿੱਚ ਇਸ ਦਾ ਆਰੰਭ ਆਧੁਨਿਕ ਯੁੱਗ ਕਾਰਨ ਆਈ ਮਨੁੱਖੀ ਚੇਤਨਾ ਅਤੇ ਦ੍ਰਿਸ਼ਟੀਕੋਣ ਵਿੱਚ ਬਦਲਾਅ ਦੇ ਸਿੱਟੇ ਵਜੋਂ ਹੋਇਆ। ਅੰਗਰੇਜ਼ੀ ਹਕੂਮਤ ਦੇ ਕਾਬਜ਼ ਹੋਣ (1849) ਉਪਰੰਤ ਪੰਜਾਬ ਵਿੱਚ ਵਿਗਿਆਨਕ ਦ੍ਰਿਸ਼ਟੀ, ਉਦਯੋਗਿਕ ਵਿਕਾਸ, ਪਦਾਰਥਵਾਦੀ ਚੇਤਨਾ, ਵਪਾਰੀਕਰਨ, ਮੰਡੀਕਰਨ, ਬਾਜ਼ਾਰੀਕਰਨ, ਸ਼ਹਿਰੀਕਰਨ, ਅਤੇ ਬਸਤੀਵਾਦ ਦਾ ਪਸਾਰ ਹੋਇਆ ਹੈ। ਜਿਸ ਨਾਲ ਭਾਰਤੀ ਮੱਧਕਾਲੀ ਧਰਮ ਚੇਤਨਾ ਅਤੇ ਆਦਰਸ਼ਵਾਦੀ ਚੇਤਨਾ ਵਿੱਚ ਵੱਡੇ ਪੱਧਰ 'ਤੇ ਬਦਲਾਅ ਆਇਆ। ਜਿਸ ਕਾਰਨ ਭੌਤਿਕਵਾਦੀ, ਮਾਨਵਵਾਦੀ, ਬਰਾਬਰਤਾ, ਤਰਕਵਾਦ ਆਦਿ ਅਧੀਨ ਨਵੇਂ ਸੰਕਲਪਾਂ ਦਾ ਜਨਮ ਹੋਇਆ ਅਤੇ ਮਨੁੱਖੀ ਮਨ ਅਲੌਕਿਕ ਅਤੇ ਪਰਮਾਰਥ ਨੂੰ ਛੱਡ ਗਿਆਨ-ਵਿਗਿਆਨ, ਮਨੋਵਿਸ਼ਲੇਸ਼ਣ, ਤਰਕ-ਦਲੀਲ, ਕਾਰਨ-ਪਰਿਣਾਮ ਦੇ ਸੰਕਲਪਾਂ ਵੱਲ ਵਧੇਰੇ ਚੇਤੰਨ ਹੋ ਗਿਆ। ਜਿਸ ਸਦਕਾ ਮਨੁੱਖੀ ਦ੍ਰਿਸ਼ਟੀਕੋਣ ਵਿੱਚ ਗੁੰਝਲਤਾ ਦਾ ਆਰੰਭ ਹੋਇਆ। ਇਸੇ ਉਲਝਣ ਨੇ ਪੰਜਾਬੀ ਕਵਿਤਾ ਨੂੰ ਅਨੇਕਾਂ ਸਰੋਕਾਰ ਪ੍ਰਦਾਨ ਕੀਤੇ। ਇਹਨਾਂ ਨਵੀਨ ਸੰਕਲਪਾਂ ਅਤੇ ਅਨੁਭਵਾਂ ਨੂੰ ਅਭਿਵਿਅਕਤ ਕਰਨ ਲਈ ਛੰਦਾਬੰਦੀ ਦੀਆਂ ਜ਼ੰਜੀਰਾਂ ਵਿੱਚ ਬੱਝੀ ਕਵਿਤਾ ਦੇ ਚੌਖਟੇ ਵਿੱਚੋਂ ਸੰਪੂਰਨ ਰੂਪ ਵਿੱਚ ਉਭਾਰਨਾ ਕਵੀ ਲਈ ਇੱਕ ਤਰ੍ਹਾਂ ਦੀ ਚੁਣੌਤੀ ਸੀ। ਇਸ ਲਈ ਅਜਿਹੇ ਦੌਰ ਦੇ ਗੁੰਝਲਦਾਰ ਮਨੁੱਖ ਦੀ ਉਲਝੀ ਹੋਈ ਮਾਨਸਿਕਤਾ ਨੂੰ ਪੇਸ਼ ਕਰਨ ਲਈ ਸਾਹਿਤਕਾਰਾਂ ਨੇ ਕਵਿਤਾ ਦਾ ਇੱਕ ਅਜਿਹਾ ਰੂਪ ਵਿਕਸਿਤ ਕੀਤਾ ਜਿਸ ਵਿੱਚ ਉਹ ਆਪਣੇ ਅਨੁਭਵ ਨੂੰ ਬਿਨਾਂ ਕਿਸੇ ਬੰਧਨ ਦੇ ਅਭਿਵਿਅਕਤ ਕਰ ਸਕਦੇ ਸਨ। ਇਸੇ ਪਰਿਪੇਖ ਵਿੱਚ ਉਸ ਸਮੇਂ ਦੀ ਪ੍ਰਚਲਿਤ ਛੰਦਬੱਧ ਕਵਿਤਾ ਨੂੰ ਨਕਾਰਦੇ ਹੋਏ ਪ੍ਰੋਫੈਸਰ ਪੂਰਨ ਸਿੰਘ ਨੇ ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿੱਚ ਖੁੱਲ੍ਹੀ ਕਵਿਤਾ ਵਿੱਚ ਆਪਣੇ ਤਿੰਨ ਕਾਵਿ ਸੰਗ੍ਰਹਿ (ਖੁੱਲ੍ਹੇ-ਮੈਦਾਨ, ਖੁੱਲ੍ਹੇ-ਘੁੰਡ, ਖੁੱਲ੍ਹੇ ਅਸਮਾਨੀ ਰੰਗ) ਪ੍ਰਕਾਸ਼ਿਤ ਕੀਤੇ ਜੋ 1920-1930 ਈ. ਦੌਰਾਨ ਪ੍ਰਕਾਸ਼ਿਤ ਹੋਏ। ਜਿਸ ਨਾਲ ਛੰਦ ਬੱਧ ਕਵਿਤਾ ਦਾ ਪ੍ਰਭਾਵ ਘੱਟ ਗਿਆ ਅਤੇ ਖੁੱਲ੍ਹੀ ਕਵਿਤਾ ਦਾ ਦੌਰ ਆਰੰਭ ਹੋਇਆ।

ਪੰਜਾਬੀ ਸਾਹਿਤ ਵਿੱਚ ਖੁੱਲ੍ਹੀ ਕਵਿਤਾ ਦੇ ਨਿਕਾਸ ਬਾਰੇ ਗੁਰਮੇਲ ਸਿੱਧੂ ਟਿੱਪਣੀ ਕਰਦੇ ਹਨ:

*ਪੰਜਾਬੀ ਸਾਹਿਤ ਵਿੱਚ ਛੰਦ ਮੁਕਤ ਜਾਂ ਖੁੱਲ੍ਹੀ ਕਵਿਤਾ ਦਾ ਆਰੰਭ ਪ੍ਰੋ. ਪੂਰਨ ਸਿੰਘ (1881-1931) ਦੀ ਕਵਿਤਾ ਨਾਲ ਹੋਇਆ। ਉਹ ਨਿਰਸੰਦੇਹ ਪੰਜਾਬੀ ਦੀ ਖੁੱਲ੍ਹੀ ਕਵਿਤਾ ਦਾ ਨਿਰਮਾਤਾ ਹੈ। ਕੁਝ ਕੁ ਨਜ਼ਮਾਂ ਨੂੰ ਛੱਡ ਕੇ ਉਸ ਦੀ ਸਾਰੀ ਕਵਿਤਾ ਛੰਦ-ਮੁਕਤ ਹੈ ਜਿਸ ਨੂੰ ਉਹ 'ਸੈਲਾਨੀ ਛੰਦ' ਆਖਦਾ ਹੈ।* (9)

ਇਸ ਵਿੱਚ ਹਰ ਕਿਸਮ ਦੇ ਕਾਵਿਕ ਪ੍ਰਗਟਵੇ ਦਾ ਪ੍ਰਭਾਵ ਮਿਲਦਾ ਹੈ। ਖੁੱਲ੍ਹੀ ਕਵਿਤਾ ਤੋਂ ਭਾਵ 'ਛੰਦ ਮੁਕਤ' ਕਵਿਤਾ ਤੋਂ ਹੈ ਜਿਸ ਵਿੱਚ ਤੁਕਾਂਤ, ਮਾਪ-ਤੋਲ ਦੀ ਮਿਣਤੀ-ਗਿਣਤੀ ਦੀ ਅਣਹੋਂਦ ਹੁੰਦੀ ਹੈ ਇਸ ਦੇ ਬਾਵਜੂਦ ਖੁੱਲ੍ਹੀ ਕਵਿਤਾ ਨੂੰ ਖਿਆਲ ਜਾਂ ਵਿਸ਼ਾ-ਵਸਤੂ ਤੋਂ ਏਕਤਾ ਪ੍ਰਾਪਤ ਹੁੰਦੀ ਹੈ ਜਿਸ ਨਾਲ ਕਵੀ ਸਫ਼ਲਤਾ ਪੂਰਵਕ ਆਪਣੇ ਸੰਚਾਰ ਦੇ ਮਨੋਰਥ ਨੂੰ ਸੰਪੂਰਨ ਕਰਦਾ ਹੈ। ਖੁੱਲ੍ਹੀ ਕਵਿਤਾ ਨੂੰ ਪਰਿਭਾਸ਼ਿਤ ਕਰਦੇ ਡਾ. ਮੋਹਨ ਤਿਆਗੀ ਲਿਖਦੇ ਹਨ:

*ਖੁੱਲ੍ਹੀ ਕਵਿਤਾ ਤੋਂ ਭਾਵ ਅਜਿਹੀ ਕਵਿਤਾ ਤੋਂ ਹੈ ਜੋ ਛੰਦਾਬੰਦੀ ਤੋਂ ਮੁਕਤ ਹੋਵੇ ਭਾਵ ਉਸ ਵਿੱਚ ਖ਼ਿਆਲ ਦੀ ਏਕਤਾ ਰਾਹੀਂ ਪ੍ਰਭਾਵ ਪੈਦਾ ਕੀਤਾ ਜਾਵੇ। ਇਸ ਪ੍ਰਕਾਰ ਦੀ ਕਵਿਤਾ ਵਿੱਚ ਚਰਣਾਂ ਜਾਂ ਤੁਕਾਂਤ ਮੇਲ ਜਾਂ ਗਿਣਤੀ ਮਿਣਤੀ ਦੀ ਅਣਹੋਂਦ, ਭਾਵਨਾ ਅਨੁਸਾਰ ਪ੍ਰਗਟਾਵਾ, ਛੰਦ ਦੀ ਵਰਤੋਂ ਤੋਂ ਬਿਨਾਂ ਹੀ ਇੱਕ ਖਾਸ ਕਿਸਮ ਦੀ ਲੈਅ ਤੇ ਭਾਵਾਂ ਦਾ ਬੇਰੋਕ ਬਹਾਅ ਦੇਖਣ ਨੂੰ ਮਿਲਦਾ ਹੈ।* [11]

ਸਮਕਾਲੀ ਪੰਜਾਬੀ ਕਾਵਿ ਵਿੱਚ 'ਖੁੱਲ੍ਹੀ ਕਵਿਤਾ' ਕਾਵਿ-ਰੂਪ ਦੀ ਵਰਤੋਂ ਭਰਪੂਰ ਮਾਤਰਾ ਵਿੱਚ ਹੋ ਰਹੀ ਹੈ ਕਿਉਂਕਿ ਇਸ ਕਾਵਿ-ਰੂਪ ਨੇ ਸਮਕਾਲੀ ਪੰਜਾਬੀ ਕਵੀਆਂ ਨੂੰ ਆਪਣੇ ਮਨੋਵੇਗਾਂ, ਮਨੋਭਾਵਾਂ ਅਤੇ

---

[11](http://webstarpatiala.com/gurmat_online_course_latest/ba_sem1/punjabiliterature_najam_geet_gazal.html)

ਅਨੁਭਵਾਂ ਨੂੰ ਅਭਿਵਿਅਕਤ ਕਰਨ ਦੀ ਖੁੱਲ੍ਹ ਪ੍ਰਦਾਨ ਕੀਤੀ ਹੈ। ਸਮਕਾਲੀ ਦੌਰ ਵਿੱਚ ਸਮਕਾਲੀ ਕਵੀਆਂ ਨੇ ਇਸ ਕਾਵਿ-ਰੂਪ ਨੂੰ ਅਪਣਾ ਕੇ ਇਸ ਦੀ ਗੁਣਵੱਤਾ ਅਤੇ ਰੂਪ ਨੂੰ ਹੋਰ ਨਿਖ਼ਾਰਦੇ ਹੋਏ ਇਸ ਦੀਆਂ ਅਨੇਕਾਂ ਕਾਵਿ-ਰੂਪ ਵਿਸ਼ੇਸ਼ਤਾਵਾਂ ਪੈਦਾ ਕੀਤੀਆਂ ਹਨ, ਜਿਨ੍ਹਾਂ ਨੂੰ ਉਹਨਾਂ ਨੇ ਆਪਣੀ ਕਵਿਤਾ ਵਿੱਚ ਉਭਾਰਿਆ ਹੈ।

**ਪਰੰਪਰਾਗਤ ਟਕਸਾਲੀ ਛੰਦਾਂ ਦੀ ਰਟ ਨੂੰ ਤੋੜਨਾ:**

ਮਨੁੱਖ ਦੀ 'ਬੋਲੀ ਜਾਂ ਭਾਸ਼ਾ' ਉਸਦੇ ਨਿਰੰਤਰ ਵਿਕਾਸ ਦੀ ਹੋਂਦ ਦਾ ਸਿੱਟਾ ਹੈ। ਇਸੇ ਨਿਰੰਤਰ ਵਿਕਾਸ ਕਾਰਨ 'ਤੋਲ' ਅਤੇ 'ਤੁਕਾਂਤ' ਜਦੋਂ ਭਾਸ਼ਾ ਦੀ ਪਕੜ ਵਿੱਚ ਆਉਣ ਲੱਗੇ ਤਾਂ 'ਕਵਿਤਾ' ਦਾ ਜਨਮ ਹੋਇਆ। ਕਵਿਤਾ ਦਾ ਮੁੱਖ ਪ੍ਰਯੋਜਨ ਮਨੁੱਖੀ ਹਾਵ-ਭਾਵ, ਜਜ਼ਬੇ ਤੇ ਵਲਵਲਿਆਂ ਦਾ ਸੰਚਾਰ ਕਰਨਾ ਹੈ। ਜਿਨ੍ਹਾਂ ਚਿਰ ਮਨੁੱਖੀ ਹਾਵ-ਭਾਵ, ਜਜ਼ਬੇ ਅਤੇ ਅਨੁਭਵ ਸਰਲ ਅਤੇ ਸੂਖ਼ਮ ਰਹੇ, ਮਨੁੱਖੀ ਜੀਵਨ ਸ਼ਾਂਤ-ਸਹਿਜ ਅਤੇ ਸਥਿਰ ਰਿਹਾ। ਕਵਿਤਾ ਵਿੱਚ ਤੋਲ, ਤੁਕਾਂਤ ਅਤੇ ਛੰਦਾਂ ਦੇ ਰੂਪ ਵੀ ਸਥਿਰ ਰਹੇ। ਜਿਵੇਂ ਸ਼ਾਂਤ ਤੇ ਸਹਿਜ ਅਵਸਥਾ ਨੂੰ ਬਾਹਰੀ ਪ੍ਰਭਾਵਾਂ (ਬ੍ਰਿਟਿਸ਼ ਪ੍ਰਸ਼ਾਸ਼ਨ) ਅਤੇ ਆਧੁਨਿਕ ਦੌਰ ਦੀ ਹਵਾ ਲੱਗੀ, ਸ਼ਾਂਤੀ ਅਤੇ ਸਹਿਜ ਮਾਹੌਲ ਵਿੱਚ ਅਸਥਿਰਤਾ, ਬੇਚੈਨੀ ਅਤੇ ਕਾਹਲ ਦਾ ਪਾਸਾਰ ਆਰੰਭ ਹੋਈਆ। ਜਿਸ ਸਦਕਾ ਮਨੁੱਖੀ ਜੀਵਨ ਤੇਜ਼ ਅਤੇ ਗੁੰਝਲਦਾਰ ਹੁੰਦਾ ਗਿਆ। ਜੀਵਨ ਸ਼ੈਲੀ ਵਿੱਚ ਆਏ ਅਜਿਹੇ ਗੁੰਝਲਦਾਰ ਪਰਿਵਰਤਨਾਂ ਨੇ ਸਮਕਾਲੀ ਸਾਹਿਤ ਨੂੰ ਵਿਕੇਂਦਰਿਤ ਕਰਨ ਦੇ ਨਾਲ-ਨਾਲ ਇਸ ਦੀ ਰੂਪਗਤ ਸ਼ੈਲੀ ਨੂੰ ਵੀ ਪਰਿਵਰਤਿਤ ਕਰ ਦਿੱਤਾ। ਬਦਲਦੀਆਂ ਪ੍ਰਸਥਿਤੀਆਂ ਵਿੱਚ ਪਰੰਪਰਾਗਤ ਕਵਿਤਾ ਦੀ ਸ਼ੈਲੀ ਵਿੱਚੋਂ ਤੋਲ, ਤੁਕਾਂਤ ਅਤੇ ਛੰਦ ਵਾਂਝੇ ਹੋ ਗਏ ਅਤੇ ਇੱਕ ਨਵੀਨ ਕਾਵਿ ਰੂਪ ਦਾ ਆਰੰਭ ਹੋਇਆ ਜਿਸ ਨੇ ਪਰੰਪਰਾਗਤ ਛੰਦਾ-ਬੰਦੀ ਦੀ ਰੂੜ ਹੋ ਚੁਕੀ ਪ੍ਰਿਤ ਨੂੰ ਖ਼ਾਰਜ ਕਰ ਦਿੱਤਾ। ਸੁਖਵਿੰਦਰ ਅੰਮ੍ਰਿਤ, ਜਸਵੰਤ ਜ਼ਫ਼ਰ, ਗੁਰਪ੍ਰੀਤ ਮਾਨਸਾ ਵਰਗੇ ਸਮਕਾਲੀ ਕਵੀ ਅਜਿਹੇ ਛੰਦ ਮੁਕਤ ਕਾਵਿ ਰੂਪ ਦੀ ਭਰਪੂਰ ਵਰਤੋਂ ਕਰ ਰਹੇ ਹਨ। ਜਿਸ ਦੇ ਨਮੂਨੇ ਵੱਜੋਂ ਕਵੀ ਜਸਵੰਤ ਜ਼ਫ਼ਰ ਅਤੇ ਕਵਿਤਰੀ ਸੁਖਵਿੰਦਰ ਅੰਮ੍ਰਿਤ ਦੀਆਂ ਕਾਵਿ-ਸਤਰਾਂ ਦੇਖ ਸਕਦੇ ਹਾਂ:

*ਬਾਬੇ ਸੋਚਿਆ*

*ਰਾਰਾ ਰੁੱਖ*

*ਬੱਬਾ ਬਿਰਖ*

*ਤੇ ਬਾਬੇ ਜੋੜਿਆ*

*ਰਾਰਾ ਬੱਬਾ ਰੱਬ*

*ਬਾਬਾ ਬੋਲਿਆ*

*ਜਾ ਕੇ ਰੁੱਖ ਬਿਰਖ ਆਰਾਓ*

*ਬਾਬੇ ਦੇਖਿਆ*

*ਬਾਬਾ ਫਿਰ ਬੋਲਿਆ*

*ਅਖਰ ਬਿਰਖ ਬਾਗ ਭੁਇ ਚੋਖੀ ਸਿੰਚਿਤ ਭਾਉ ਕਰੇਹੀ*

(ਜਸਵੰਤ ਜ਼ਫ਼ਰ, *ਇਹ ਬੰਦਾ ਕੀ ਹੁੰਦਾ* 35)

*ਮੇਰੀ ਨੰਨ੍ਹੀ ਬੱਚੀ!*

*ਤੇਰੀ ਮਲੂਕ ਗੱਲ੍ਹ 'ਤੇ ਉਭਰੀ ਹੋਈ*

*ਆਪਣੇ ਕਠੋਰ ਹੱਥ ਦੀ ਲਾਸ਼ ਦੇਖ ਕੇ*

*ਮੈਂ ਬਹੁਤ ਸ਼ਰਮਸਾਰ ਹਾਂ*

*ਮੈਨੂੰ ਮਾਫ਼ ਕਰ*

*ਮੈਂ ਤੇਰੀ ਗੁਨਾਹਗਾਰ ਹਾਂ*

*ਪਤਾ ਨਹੀਂ ਕਿਉਂ*

*ਮੈਂ ਤੇਰੀ ਉਮਰ ਅਤੇ ਸਮਰੱਥਾ ਦੇ ਉਲਟ*

*ਚਾਹੁੰਦੀ ਹਾਂ*

*ਕਿ ਤੂੰ*

*ਛੇਤੀ ਛੇਤੀ ਸਿੱਖ ਜਾਵੇਂ*

*ਊੜਾ, ਆੜਾ*

*ਕਾਇਦਾ, ਕਿਤਾਬ ਤੇ ਕਵਿਤਾ*

*ਤੇ ਜਾਣ ਜਾਵੇਂ:*

*ਮਰਦ ਮਾਇਨੇ ਹਕੂਮਤ*

*ਔਰਤ ਮਾਇਨੇ ਬੇਬਸੀ*

*ਝਾਂਜਰ ਮਾਇਨੇ ਬੇੜੀ*

*ਚੂੜੀ ਮਾਇਨੇ ਹੱਥਕੜੀ*

*ਤੈਨੂੰ ਇਹ ਵੀ ਪਤਾ ਲੱਗੇ*

*ਕਿ ਇਨ੍ਹਾਂ ਸ਼ਬਦਾਂ ਦੇ ਉਲਟ ਅਰਥ*

*ਕਿਸ ਨੇ ਅਤੇ ਕਿਉਂ ਬਣਾਏ ਨੇ*

(ਸੁਖਵਿੰਦਰ ਅੰਮ੍ਰਿਤ, *ਕਣੀਆਂ* 35)

ਕਵੀ ਜਸਵੰਤ ਜ਼ਫ਼ਰ ਅਤੇ ਕਵਿਤਰੀ ਸੁਖਵਿੰਦਰ ਅੰਮ੍ਰਿਤ ਦੀਆਂ ਕਾਵਿ-ਰਚਨਾਵਾਂ ਦੇ ਉਪਰੋਕਤ ਨਮੂਨਿਆਂ ਤੋਂ ਸਮਕਾਲੀ ਦੌਰ ਦੇ 'ਖੁੱਲ੍ਹੀ ਕਵਿਤਾ' ਕਾਵਿ-ਰੂਪ ਦਾ ਸਪੱਸ਼ਟ ਪ੍ਰਤੱਖ ਹੋ ਜਾਂਦਾ ਹੈ ਕਿ ਸਮਕਾਲੀ ਸੰਦਰਭ ਵਿੱਚ ਇਸ ਕਾਵਿ-ਰੂਪ ਨੇ ਸੰਚਾਰ ਦੇ ਨਵੀਨ ਦ੍ਰਿਸ਼ਟੀਕੋਣ ਨੂੰ ਅਪਣਾਉਂਦੇ ਹੋਏ ਅਤੇ ਪਰੰਪਰਾਗਤ ਪ੍ਰਚੱਲਤ ਛੰਦ-ਬੱਧ ਕਵਿਤਾ ਦੇ ਪ੍ਰਭਾਵ ਨੂੰ ਦਬਾਉਂਦੇ ਹੋਏ, ਸਮਕਾਲੀ ਸੰਦਰਭ ਦੇ ਅਨੁਕੂਲ ਬੇਬਾਕ ਕਾਵਿ-ਰੂਪ ਵਿਕਸਿਤ ਕੀਤਾ। ਜਿਵੇਂ-ਜਿਵੇਂ ਮਨੁੱਖੀ ਸੱਭਿਅਤਾ ਤਰੱਕੀ ਕਰਦੀ ਗਈ ਉਵੇਂ-ਉਵੇਂ ਵਿਗਿਆਨਕ ਦ੍ਰਿਸ਼ਟੀ, ਉਦਯੋਗਿਕ ਵਿਕਾਸ, ਪਦਾਰਥਕ ਚੇਤਨਾ, ਵਪਾਰੀਕਰਨ, ਮੰਡੀਕਰਨ, ਬਾਜ਼ਾਰੀਕਰਨ, ਸ਼ਹਿਰੀਕਰਨ ਅਤੇ ਬਸਤੀਵਾਦ ਦੇ ਪ੍ਰਸਾਰ ਹੋਣ ਨਾਲ ਮਨੁੱਖ ਦੀ ਜੀਵਨ ਸ਼ੈਲੀ ਅਸਰਲ ਤੇ ਤੇਜ਼ ਹੁੰਦੀ ਗਈ। ਜਿਸ ਕਾਰਨ ਮਨੁੱਖੀ ਅਨੁਭਵ ਅਤੇ ਚੇਤਨਾ ਦੀਆਂ ਪਰਤਾਂ ਵਧੇਰੇ ਗੁੰਝਲਦਾਰ, ਅਸਥਿਰ,

ਤਰਲ ਅਤੇ ਚੰਚਲ ਹੋ ਗਈਆਂ। ਅਜਿਹੇ ਮਨੁੱਖ ਦੀਆਂ ਗੁੰਝਲਦਾਰ ਹੋਈਆਂ ਮਨੋ-ਪਰਤਾਂ ਦੀ 'ਕਾਵਿ' ਵਿੱਚ ਸਫ਼ਲ ਪਕੜ, ਸਫ਼ਲ ਅਭਿਵਿਅਕਤੀ ਅਤੇ ਸਫ਼ਲ ਸੰਚਾਰ ਲਈ ਨਵੇਂ ਤੋਲ-ਤੁਕਾਂਤ ਦੀ ਲੋੜ ਪਈ ਜਿਨ੍ਹਾਂ ਦਾ ਟਕਸਾਲੀ ਅਤੇ ਪਰੰਪਰਾਗਤ ਤੋਲ ਤੁਕਾਂਤ ਤੋਂ ਵੱਖਰੇ ਹੋਣਾ ਸੁਭਾਵਿਕ ਅਤੇ ਲਾਜ਼ਮੀ ਸੀ। ਫਲਸਰੂਪ ਖੁੱਲ੍ਹੀ-ਕਵਿਤਾ ਤੋਲ-ਤੁਕਾਂਤ ਅਤੇ ਛੰਦ-ਮੁਕਤ ਰੂਪ ਵਿਧਾਨ ਵੱਜੋਂ ਉਪਜੀ, ਵਿਕਸੀ ਅਤੇ ਪ੍ਰਫੁੱਲਿਤ ਹੋਈ। ਸਮਕਾਲੀ ਦੌਰ ਵਿੱਚ ਖੁੱਲ੍ਹੀ-ਕਵਿਤਾ ਕਵੀ ਨੂੰ ਆਪਣੇ ਮਨੋਭਾਵਾਂ, ਮਨੋਵੇਗਾਂ ਨੂੰ ਅਜ਼ਾਦੀ ਨਾਲ ਅਭਿਵਿਅਕਤ ਅਤੇ ਸੰਚਾਰਿਤ ਕਰਨ ਦੀ ਖੁੱਲ੍ਹ ਪ੍ਰਦਾਨ ਕਰਦੀ ਹੈ ਇਸੇ ਕਾਰਨ ਇਹ ਸਮਕਾਲੀ ਪੰਜਾਬੀ ਸਾਹਿਤ ਵਿੱਚ ਸਭ ਤੋਂ ਵਧੇਰੇ ਰਚਿਆ ਜਾਣ ਵਾਲਾ ਕਾਵਿ-ਰੂਪ ਹੈ। ਉਪਰੋਕਤ ਕਾਵਿ ਉਦਾਹਰਨਾਂ ਵਾਂਗ ਖੁੱਲ੍ਹੀ-ਕਵਿਤਾ ਆਪਣੇ ਮੁੱਢਲੇ ਰੂਪ ਤੋਂ ਹੀ ਛੰਦ ਮੁਕਤ ਨਹੀਂ ਸੀ। ਇਸੇ ਸੰਦਰਭ ਵਿੱਚ ਗੁਰੂਮੇਲ ਸਿੱਧੂ ਆਖਦੇ ਹਨ ਕਿ "*ਮੁੱਢਲੀ ਖੁੱਲ੍ਹੀ ਕਵਿਤਾ (1886-1914) ਪੂਰਨ ਤੌਰ 'ਤੇ ਛੰਦ ਮੁਕਤ ਨਹੀਂ ਸੀ।*" (*ਖੁੱਲ੍ਹੀ ਕਵਿਤਾ ਦੇ ਮਾਪਦੰਡ* 69)ਵਾਸਤਵ ਵਿੱਚ ਸਮਕਾਲੀ ਪੰਜਾਬੀ 'ਖੁੱਲ੍ਹੀ-ਕਵਿਤਾ' ਕਾਵਿ-ਰੂਪ ਨੇ ਸਮਕਾਲੀ ਪੰਜਾਬੀ ਕਵੀ ਨੂੰ ਛੰਦਾਂ ਦੀ ਕੈਦ ਤੋਂ ਮੁਕਤ ਹੋ ਕੇ ਆਜ਼ਾਦੀ ਨਾਲ ਆਪਣੇ ਅਨੁਭਵ ਮਨੋਵੇਗ ਅਤੇ ਜ਼ਜ਼ਬਿਆਂ ਨੂੰ ਸੰਚਾਰਿਤ ਕਰਨ ਦੀ ਖੁੱਲ੍ਹ ਪ੍ਰਦਾਨ ਕੀਤੀ ਹੈ। ਖੁੱਲ੍ਹੀ-ਕਵਿਤਾ ਦੇ ਅਜਿਹੇ ਗੁਣ ਦੇ ਕਾਰਨ ਇਹ ਸਮਕਾਲੀ ਦੌਰ ਵਿੱਚ ਧੜਾ-ਧੜ ਲਿਖਿਆ ਜਾਣ ਵਾਲਾ ਕਾਵਿ-ਰੂਪ ਹੈ। ਸਮਕਾਲੀ ਪੰਜਾਬੀ ਕਵੀ ਆਪਣੇ ਵਿਚਾਰਾਂ, ਅਨੁਭਵਾਂ, ਮਨੋਵੇਗਾਂ ਨੂੰ ਅਭਿਵਿਅਕਤ ਅਤੇ ਸੰਚਾਰਿਤ ਕਰਕੇ ਪੁਰਾਤਨ ਪਰੰਪਰਾਗਤ ਛੰਦਾ-ਬੰਦੀ ਦਾ ਗੁਲਾਮ ਨਾ ਹੋ ਕੇ, ਆਪਣੀ ਆਜ਼ਾਦੀ ਨਾਲ ਆਪਣੇ ਕਾਵਿ-ਰੂਪ ਨੂੰ ਪ੍ਰਸਤੁਤ ਕਰਦਾ ਹੈ। ਸਮਕਾਲੀ ਪੰਜਾਬੀ ਕਵੀ ਗੁਰਪ੍ਰੀਤ ਮਾਨਸਾ ਦੀਆਂ ਕਾਵਿ-ਰਚਨਾਵਾਂ ਵਿੱਚ ਵੀ ਸਮਕਾਲੀ ਖੁੱਲ੍ਹੀ-ਕਵਿਤਾ ਦਾ ਇਹ ਗੁਣ ਦੇਖਿਆ ਜਾ ਸਕਦਾ ਹੈ ਜੋ ਪਰੰਪਰਾਗਤ ਛੰਦਾ-ਬੰਦੀ ਦੀ ਰੱਟ ਨੂੰ ਮੁੱਢ ਤੋਂ ਨਕਾਰ ਕੇ 'ਖੁੱਲ੍ਹੀ-ਕਵਿਤਾ' ਦੇ ਰੂਪ ਵਿੱਚ ਇੱਕ ਨਵਾਂ ਕਾਵਿ-ਰੂਪ ਸੰਚਾਰ ਮਾਧਿਅਮ ਸਿਰਜਿਆ ਹੈ:

*ਸੌ ਸੂਲੀ ਚੜ੍ਹ*

*ਦਿਨ ਲੰਘਦਾ ਹੈ*

*ਰਾਤ ਮੁਕਦੀ ਹੈ*

*ਕੋਈ ਸਤਰ ਹਨੇਰੇ 'ਚ ਚਾਨਣ ਵਾਂਗ ਚਮਕਦੀ ਹੈ*

*ਮੈਨੂੰ ਖੂਹ 'ਚ ਡਿੱਗੇ ਨੂੰ*

*ਬਾਹਰ ਕੱਢ ਲੈਂਦੀ ਹੈ*

*ਪਲ਼ ਪਲ਼ ਘੜਦੀ ਹੈ*

*ਵੰਨ ਸਵੰਨੇ ਰੰਗ ਰੂਪਾਂ ਵਿੱਚ।।*

(*ਸਿਆਹੀ ਘੁਲ਼ੀ ਹੈ* 16)

ਸਮਕਾਲੀ ਦੌਰ ਦੀ ਸਭ ਤੋਂ ਵੱਡੀ ਹੋਣੀ ਇਹ ਹੈ ਕਿ ਇਸ ਦੌਰ ਵਿੱਚ ਮਨੁੱਖੀ ਜੀਵਨ ਸ਼ੈਲੀ ਬੇਹੱਦ ਗੁੰਝਲਦਾਰ ਅਤੇ ਅਸਥਿਰ ਹੋ ਚੁੱਕੀ ਹੈ। ਕਵੀਆਂ ਅਤੇ ਸਾਹਿਤ ਰਚਨਹਾਰਿਆਂ ਦੇ ਸੰਵੇਦਨਸ਼ੀਲ ਮਨ ਅਜਿਹੇ ਮਾਹੌਲ ਵਿਚੋਂ ਨਿੱਤ ਨਵੀਨ ਅਤੇ ਅਨੇਕਾਂ ਅਨੁਭਵਾਂ ਨੂੰ ਗ੍ਰਹਿਣ ਕਰਦੇ ਹਨ। ਅਜਿਹੀ ਅਵਸਥਾ ਵਿੱਚ ਖੁੱਲ੍ਹੀ-ਕਵਿਤਾ ਸਮਕਾਲੀ ਕਵੀ ਨੂੰ ਆਪਣੇ ਮਨ ਅੰਦਰ ਜ਼ਜ਼ਬ ਕੀਤੇ ਅਨੇਕਾਂ ਸੂਖ਼ਮ ਅਤੇ ਗੁੰਝਲਦਾਰ ਅਨੁਭਵਾਂ ਨੂੰ ਅਭਿਵਿਅਕਤ ਕਰਨ ਦਾ ਇੱਕ ਬੇਹੱਦ ਗੌਰਵਮਈ ਅਤੇ ਸਰਲ ਮੌਕਾ ਪ੍ਰਦਾਨ ਕਰਦੀ ਹੈ। ਅਜੋਕੀ ਛੰਦ-ਮੁਕਤ ਕਵਿਤਾ ਪਰੰਪਰਾਗਤ ਕਵਿਤਾ ਦੀ ਪਹਿਲੀ ਮੰਗ ਅਨੁਸਾਰ ਤੋਲ-ਤੁਕਾਂਤ ਦੀ ਇਕਾਈਆਂ ਵਿੱਚ ਨਹੀਂ ਬੱਝਦੀ ਸਗੋਂ ਪਰੰਪਰਾਗਤ ਅਤੇ ਟਕਸਾਲੀ ਛੰਦ-ਬੰਦੀ ਨੂੰ ਰੱਦ ਕਰਦੀ ਹੋਈ ਨਵੀਂਆਂ ਸੰਭਾਵਨਾਂ ਤਹਿਤ ਕਾਵਿ-ਸੰਚਾਰ ਕਰਦੀ ਹੈ। ਅਜੋਕੀ ਖੁੱਲ੍ਹੀ ਕਵਿਤਾ ਟਕਸਾਲੀ ਛੰਦਾ-ਬੰਦੀ ਦੀ ਬਜਾਏ ਭਾਵ ਜਾਂ ਵਸਤੂ ਦੁਆਰਾ ਹੀ ਕਾਵਿ ਨੂੰ ਇੱਕ ਜਿੰਦ-ਜਾਨ ਜਾਂ ਸੰਜੀਦਾ ਇਕਾਈ ਵਿੱਚ ਬੱਝਦੀ ਹੋਈ ਕਵੀ ਦੇ ਮਨੋਭਾਵਾਂ ਨੂੰ ਸੰਚਾਰਦੀ ਹੈ।

**ਤੋਲ ਅਤੇ ਤੁਕਾਂਤ ਦੀ ਰੂਪ ਰੇਖਾ ਵਿੱਚ ਤਬਦੀਲੀ:**

ਖੁੱਲ੍ਹੀ ਕਵਿਤਾ ਜਾਂ ਛੰਦ ਮੁਕਤ ਕਵਿਤਾ ਨੇ ਟਕਸਾਲੀ ਛੰਦਾਂ ਦੀ ਪਰੰਪਰਾ ਨੂੰ ਤਿਆਗਣ ਦੇ ਨਾਲ ਤੋਲ ਅਤੇ ਤੁਕਾਂਤ ਦੀ ਰੂਪ ਰੇਖਾ ਵੀ ਪਰਿਵਰਤਿਤ ਕਰ ਦਿੱਤੀ। ਤੋਲ ਅਤੇ ਤੁਕਾਂਤ ਦੇ ਪਰੰਪਰਾਗਤ ਬੱਝਵੇਂ

ਰੂਪ ਨੂੰ ਤਿਆਗਦੇ ਹੋਏ, ਨਵੀਨ ਕਾਵਿ-ਰੂਪ ਵਿੱਚ ਕਾਵਿ ਸਤਰਾਂ ਦੀ ਲੰਬਾਈ ਨੂੰ ਵਧਾ ਜਾਂ ਘਟਾ ਕੇ ਅਤੇ ਉਚਾਰ ਖੰਡਾਂ ਨੂੰ ਬਦਲਵੇਂ ਢੰਗ ਨਾਲ ਲਾਗੂ ਕਰ ਕੇ ਹੀ ਤੋਲ ਅਤੇ ਤੁਕਾਂਤ ਦੀ ਕਮੀ ਨੂੰ ਪੂਰਾ ਕਰ ਲਿਆ ਜਾਂਦਾ ਹੈ। ਖੁੱਲ੍ਹੇ-ਕਾਵਿ ਰੂਪ ਦੇ ਅਜਿਹੇ ਗੁਣ ਨਾਲ ਇਸ ਕਵਿਤਾ ਵਿੱਚ ਸਤਰਾਂ ਦੀ ਲੰਬਾਈ ਵੱਧ-ਘੱਟ ਕਰ ਕੇ ਹੀ ਤੁਕਾਂਤ ਅਤੇ ਲੈਅ-ਬੱਧਤਾ ਦੇ ਸਮਰੂਪ ਕਾਰਜ ਲਿਆ ਜਾਂਦਾ ਹੈ ਅਤੇ ਉਚਾਰ ਲਹਿਜੇ ਨੂੰ ਦਬਾ ਕੇ ਜਾਂ ਲਹਿਜੇ ਵਿੱਚ ਲਹਿਰ ਪੈਦਾ ਕਰ ਕੇ ਲੈਅ-ਬੱਧਤਾ ਪ੍ਰਾਪਤ ਕੀਤੀ ਜਾਂਦੀ ਹੈ। ਕਵਿਤਾ ਦੇ ਇਸ ਰੂਪ ਵਿੱਚ ਕੇਵਲ 'ਭਾਵ' ਹੀ ਕਵਿਤਾ ਦੀ ਏਕਤਾ ਨੂੰ ਬਰਕਰਾਰ ਰੱਖਦਾ ਹੈ। ਨਮੂਨੇ ਦੇ ਤੌਰ 'ਤੇ ਸਮਕਾਲੀ ਪੰਜਾਬੀ ਕਵੀ ਗੁਰਪ੍ਰੀਤ ਮਾਨਸਾ ਦੀਆਂ ਕਾਵਿ ਸਤਰਾਂ ਦੇਖੀਆਂ ਜਾ ਸਕਦੀਆਂ ਹਨ:

*ਮੈਂ*

*ਮਾਂ ਨੂੰ ਪਿਆਰ ਕਰਦਾ ਹਾਂ*

*ਏਸ ਕਰਕੇ ਨਹੀਂ*

*ਕਿ ਉਸਨੇ ਜਨਮ ਦਿੱਤਾ ਹੈ ਮੈਨੂੰ*

*ਏਸ ਕਰਕੇ ਵੀ ਨਹੀਂ*

*ਕਿ ਉਸ ਨੇ ਪਾਲ਼ਿਆ ਪੋਸਿਆ ਹੈ ਮੈਨੂੰ*

*ਮੈਂ*

*ਮਾਂ ਨੂੰ ਪਿਆਰ ਕਰਦਾ ਹਾਂ*

*ਏਸ ਕਰਕੇ*

*ਕਿ ਉਹਨੂੰ*

*ਆਪਣੇ ਦਿਲ ਦੀ ਕਹਿਣ ਲਈ*

*ਸ਼ਬਦਾਂ ਦੀ ਲੋੜ ਨਹੀਂ ਪੈਂਦੀ ਮੈਨੂੰ।।*

(*ਸਮੇਂ ਦਾ ਦਰਿਆ* 111)

ਛੰਦ-ਰਹਿਤ ਕਾਵਿ ਰੂਪ ਵਿੱਚ ਛੰਦ, ਤੋਲ, ਤੁਕਾਂਤ ਆਦਿ ਦੀ ਗੈਰ-ਮੌਜੂਦਗੀ ਵਿੱਚ ਸਤਰਾਂ ਦੀ ਲੰਬਾਈ ਨੂੰ ਹੀ ਵਧਾ ਕੇ ਜਾਂ ਘਟਾ ਕੇ ਲੈਅ-ਬੱਧਤਾ ਨੂੰ ਪ੍ਰਾਪਤ ਕੀਤਾ ਜਾਂਦਾ ਹੈ। ਕਵਿਤਰੀ ਸੁਖਵਿੰਦਰ ਅੰਮ੍ਰਿਤ ਦੀਆਂ ਹੇਠਾਂ ਦਿੱਤਿਆਂ ਪੰਜ ਸਤਰਾਂ ਦੇ ਕਾਵਿ-ਟੋਟੇ ਵਿੱਚ ਹਰ ਸਤਰ ਦੀ ਲੰਬਾਈ ਵੱਧ-ਘੱਟ ਹੈ ਪ੍ਰੰਤੂ ਭਾਵ ਜਾਂ ਵਿਚਾਰ ਦੀ ਏਕਤਾ ਇਸ ਕਾਵਿ-ਟੋਟੇ ਨੂੰ ਇੱਕ ਇਕਾਈ ਵਿੱਚ ਬੱਝਦੀ ਹੈ:

*ਜਦ ਕਾਗਜ਼ੀ ਫੁੱਲ* (10)
*ਤਿੱਤਲੀਆਂ ਦਾ ਮੁੱਲ ਪਾਉਣ ਲੱਗ ਪੈਣ* *(23)*
*ਜਦ ਤਿੱਤਲੀਆਂ* *(9)*
*ਕਾਗਜ਼ੀ ਫੁੱਲਾਂ ਨੂੰ ਸੱਚੇ ਸੁਦਾਗਰ ਸਮਝ ਲੈਣ* *(27)*
*ਤਾਂ ਬਹਾਰਾਂ ਰੁੱਸ ਜਾਂਦੀਆਂ ਨੇ* *(18)*

(*ਧੁੱਪ ਦੀ ਚੁੰਨੀ* 51)

ਉਪਰੋਕਤ ਕਾਵਿ ਟੋਟੇ ਵਿੱਚ ਕ੍ਰਮਵਾਰ ਪੰਜ ਸਤਰਾਂ ਵਿੱਚ 10, 23, 9, 27, 18 ਅਨੁਸਾਰ ਵੱਧ-ਘੱਟ ਮਾਤਰਾਵਾਂ ਹਨ ਇਨ੍ਹਾਂ ਸਤਰਾਂ ਵਿੱਚ ਕੋਈ ਤੋਲ, ਤੁਕਾਂਤ ਆਦਿ ਸ਼ਕਤੀ ਕਾਰਜ ਨਹੀਂ ਕਰਦੀ ਪ੍ਰੰਤੂ ਇਨ੍ਹਾਂ ਉਪਰੋਕਤ ਸਤਰਾਂ ਵਿੱਚ ਉਚਾਰ ਖੰਡ ਅਤੇ ਭਾਵ ਦੀ ਏਕਤਾ ਨਾਲ ਲੈਅਬੱਧਤਾ ਪ੍ਰਾਪਤ ਕੀਤੀ ਜਾ ਸਕਦੀ ਹੈ। ਵਸਤੂ ਜਾਂ ਭਾਵ ਵੀ ਇਸ ਕਾਵਿ-ਟੋਟੇ ਨੂੰ ਇੱਕ ਇਕਾਈ ਵਿੱਚ ਬੱਝਦੇ ਹਨ।

ਖੁੱਲ੍ਹੀ ਕਵਿਤਾ ਵਿੱਚ ਤੋਲ-ਤੁਕਾਂਤ, ਕਾਫ਼ੀਆ ਅਤੇ ਰਦੀਫ਼ ਦੀ ਅਣਹੋਂਦ ਹੋਣ ਕਾਰਨ ਕਵਿਤਾ ਵਿਚਲੀ ਤੁਕਾਂਤ ਅਤੇ ਸੁਰ ਦੀ ਨਿਸ਼ਚਿਤਤਾ ਵੀ ਮਾਰੀ ਗਈ ਜੋ ਪਰੰਪਰਾਗਤ ਕਵਿਤਾ ਦਾ ਇੱਕ ਮੀਰੀ ਗੁਣ ਸੀ। ਖੁੱਲ੍ਹੀ ਕਵਿਤਾ ਵਿੱਚ ਕਵੀ ਤੁਕਾਂਤ ਦੀ ਅਣਹੋਂਦ ਵਿੱਚ ਲੈਅ-ਬੱਧਤਾ ਪ੍ਰਾਪਤ ਕਰਨ ਲਈ ਕਵਿਤਾ ਦੀਆਂ ਸਤਰਾਂ ਦੀ ਬੁਣਤੀ ਖਾਸ ਤਰਤੀਬ ਤਹਿਤ ਕਰਦਾ ਹੈ। ਜਿਸ ਤਹਿਤ ਉਹ ਸਤਰਾਂ ਦੀ ਲੰਬਾਈ ਨੂੰ ਵਧਾ-ਘਟਾ ਕੇ ਖ਼ਾਸ ਉਸ ਹੱਦ ਤੱਕ ਲੈ ਆਉਂਦਾ ਹੈ, ਜਿੱਥੇ ਹਰ ਸਤਰ ਲੈਅ-ਬੱਧਤਾ ਵਿੱਚ ਸਹਾਈ ਹੋਵੇ। ਖੁੱਲ੍ਹੀ-ਕਵਿਤਾ ਵਿੱਚ ਕਵੀ ਆਪਣੇ ਵਿਸ਼ੇ ਦੀ ਪਕੜ ਜਾਂ ਲੈਅ ਬੱਧਤਾ ਨੂੰ ਕਾਇਮ ਰੱਖਣ ਲਈ ਆਪਣੀਆਂ ਸਤਰਾਂ

ਦੀ ਲੰਬਾਈ ਨੂੰ ਵਧਾ ਘਟਾ ਸਕਦਾ ਹੈ। ਇਸ ਦਾ ਕੋਈ ਨਿਸ਼ਚਿਤ ਪੈਟਰਨ ਨਹੀਂ ਹੈ। ਇਸੇ ਅਨਿਸ਼ਚਿਤ ਪੈਟਰਨ ਕਾਰਨ ਤੁਕਾਂਤ ਵੀ ਅਨਿਸ਼ਚਿਤ ਹੋਣਾ ਸੁਭਾਵਿਕ ਹੈ। ਨਤੀਜੇ ਵੱਜੋਂ ਕਵਿਤਾ ਵਿੱਚਲਾ ਕਾਵਿਕ-ਅੰਸ਼ ਮਾਰਿਆ ਜਾਂਦਾ ਹੈ ਪ੍ਰੰਤੂ ਸਤਰਾਂ ਦੀ ਤਰਤੀਬ ਅਜਿਹੀ ਹੋਣ ਕਾਰਨ ਕਵਿਤਾ ਦੇ ਭਾਵ ਅਤੇ ਤਾਲ ਵਿੱਚ ਕਵੀ ਦੀ ਕੁਸ਼ਲਤਾ ਕਾਰਨ ਕੋਈ ਫ਼ਰਕ ਨਹੀਂ ਪੈਂਦਾ। ਇੱਥੇ ਖੁੱਲ੍ਹੀ ਕਵਿਤਾ ਦੀ ਇੱਕ ਹੋਰ ਵਿਸ਼ੇਸ਼ਤਾ ਜ਼ਿਕਰਯੋਗ ਬਣਦੀ ਹੈ ਕਿ ਹਰੇਕ ਕਵਿਤਾ ਵਿੱਚਲਾ ਮੌਲਿਕ ਵੱਖਰੇਵਾਂ ਹਰ ਕਵਿਤਾ ਨੂੰ ਰੌਚਕ ਤੇ ਪੜ੍ਹਨਯੋਗ ਬਣਾਉਂਦਾ ਹੈ। ਛੰਦ-ਮੁਕਤ ਕਾਵਿ-ਰੂਪ ਦੀ ਇਸੇ ਵਿਸ਼ੇਸ਼ਤਾ ਨਾਲ ਆਤਮਸਾਰ ਹੁੰਦੇ ਹੋਏ ਕਵੀ ਗੁਰਪ੍ਰੀਤ ਮਾਨਸਾ ਨਿਵੇਕਲੇ ਅਤੇ ਰੌਚਿਕ ਢੰਗ ਨਾਲ ਆਪਣੇ ਅਨੁਭਵਾਂ ਅਤੇ ਮਨੋਭਾਵਾਂ ਨੂੰ ਖੁੱਲ੍ਹੀ-ਕਵਿਤਾ ਦੇ ਰੂਪ ਵਿੱਚ ਹੇਠ ਦਿੱਤੇ ਅਨੁਸਾਰ ਸਫ਼ਲਤਾ ਪੂਰਵਕ ਸੰਚਾਰਿਤ ਕਰਦਾ ਹੈ:

*ਅੰਬਰ 'ਤੇ*

*ਉੱਡ ਰਹੇ ਨੇ ਪੰਛੀ*

*ਹਰ ਸੀਮਾ ਤੋਂ ਪਾਰ*

*ਬਾਰੀ ਰਾਹੀਂ*

*ਭਰ ਗਿਆ ਮੇਰਾ ਕਮਰਾ*

*ਤਰ੍ਹਾਂ ਤਰ੍ਹਾਂ ਦੇ*

*ਆਕਾਰ ਬਦਲ਼ਦੇ ਬੱਦਲਾਂ ਨਾਲ਼*

*ਹੁਣੇ ਹੁਣੇ*

*ਬਾਰਿਸ਼ ਹੋਵੇਗੀ*

*ਇੱਕ ਕਾਗਜ਼ ਦੀ ਕਿਸ਼ਤੀ*

*ਮੇਰੀ ਵੀ ਹੋਵੇਗੀ ।।* (*ਸਮੇਂ ਦਾ ਦਰਿਆ* 52)

ਸਮਕਾਲੀ ਪੰਜਾਬੀ ਕਵਿਤਰੀ ਸੁਖਵਿੰਦਰ ਅੰਮ੍ਰਿਤ ਦੀਆਂ ਕਵਿਤਾਵਾਂ ਵਿੱਚ ਵੀ ਉਪਰੋਕਤ ਤੱਥ ਸਪਸ਼ਟ ਰੂਪ ਵਿੱਚ ਦ੍ਰਿਸ਼ਟੀਗੋਚਰ ਹੁੰਦੇ ਹਨ। ਕਵਿਤਰੀ ਖੁੱਲ੍ਹੀ-ਕਵਿਤਾ ਦੀ ਇਸ ਵਿਸ਼ੇਸ਼ਤਾ ਨੂੰ ਆਪਣੇ ਸੂਖ਼ਮ ਅਨੁਭਵਾਂ ਨੂੰ ਸੰਚਾਰਿਤ ਕਰਨ ਦੇ ਇੱਕ ਸਫ਼ਲ ਮਾਧਿਅਮ ਵਜੋਂ ਵਰਤਦੀ ਹੈ। ਉਸ ਦੀ ਕਵਿਤਾ ਵਿੱਚਲਾ ਵਿਸ਼ਾ-ਵਸਤੂ ਉਸ ਦੀ ਕਵਿਤਾ ਦੀ ਲੈਅ-ਬੱਧਤਾ ਨੂੰ ਬਰਕਰਾਰ ਰੱਖਦਾ ਹੈ। ਜਿਸ ਕਾਰਨ ਤੋਲ, ਤੁਕਾਂਤ ਅਤੇ ਤਾਲ ਦੀ ਅਣਹੋਂਦ ਦੇ ਬਾਵਜੂਦ ਕਵਿਤਰੀ ਆਪਣੇ ਮਨੋਭਾਵਾਂ ਅਤੇ ਵੇਗਾਂ ਦਾ ਸੰਚਾਰ ਸਫ਼ਲਤਾਪੂਰਵਕ ਅਤੇ ਰੌਚਕ ਤਰੀਕੇ ਨਾਲ ਖੁੱਲ੍ਹੀ-ਕਵਿਤਾ ਦੇ ਰੂਪ ਵਿੱਚ ਕਰਦੀ ਹੈ। ਪੇਸ਼ ਹਨ ਕਵਿਤਰੀ ਸੁਖਵਿੰਦਰ ਅੰਮ੍ਰਿਤ ਦੀਆਂ ਕਾਵਿ ਸਤਰਾਂ:

*ਰਿਸ਼ਤਿਆਂ ਨੇ ਮੈਨੂੰ*

*ਆਪਣੇ ਮੈਲੇ ਤਨ ਤੋਂ*

*ਮੁੜ੍ਹਕੇ ਦੀ ਬੂੰਦ ਵਾਂਗ*

*ਪੂੰਝ ਕੇ ਸੁੱਟ ਦਿੱਤਾ*

*ਇਸ ਤੋਂ ਪਹਿਲਾਂ*

*ਕਿ ਮੇਰੇ ਪਾਣੀਆਂ ਵਿੱਚ*

*ਹੀਣਤਾ ਘੁਲਦੀ*

*ਮੈਂ ਅੱਗ ਹੋ ਗਈ*

*ਤੇ ਜਦ ਕੋਈ ਔਰਤ*

*ਅੱਗ ਹੋ ਜਾਂਦੀ ਹੈ*

*ਜੰਗਲਾਂ ਤੋਂ ਰਾਹ ਨਹੀਂ ਪੁੱਛਦੀ।* (*ਧੁੱਪ ਦੀ ਚੁੰਨੀ* 43)

**ਕਾਵਿ ਵਿੱਚ ਤੁਕਾਂਤ ਦੇ ਸਥਾਨ ਦੀ ਅਨਿਸ਼ਚਿਤਤਾ:**

ਛੰਦ-ਯੁਕਤ ਕਵਿਤਾ ਵਿੱਚ ਤੋਲ-ਤੁਕਾਂਤ ਨੂੰ ਸਮ-ਮਾਤਰੀ ਸਤਰਾਂ ਦੀ ਇੱਕਸਾਰਤਾ ਦੁਆਰਾ ਪੈਦਾ ਕੀਤਾ ਜਾਂਦਾ ਹੈ ਅਤੇ ਛੰਦ-ਮੁਕਤ ਕਵਿਤਾ ਵਿੱਚ **"ਤੋਲ"**, ਭਾਵਾਂ ਦੀ ਏਕਤਾ ਅਤੇ ਕਵੀ ਦੀ ਕੁਸ਼ਲਤਾ ਕਾਰਨ ਪੈਦਾ ਹੋਈ 'ਲੈਅ-ਬੱਧਤਾ' ਦੇ ਸੰਜੋਗ ਉੱਤੇ ਹੀ ਨਿਰਭਰ ਕਰਦਾ ਹੈ। ਖੁੱਲ੍ਹੀ-ਕਵਿਤਾ ਵਿੱਚ ਸਤਰਾਂ ਸਮ-ਮਾਤਰੀ ਜਾਂ ਇੱਕਸਾਰ ਨਹੀਂ ਹੁੰਦੀਆਂ ਇਸ ਲਈ ਖੁੱਲ੍ਹੀ-ਕਵਿਤਾ ਵਿੱਚ ਤੁਕਾਂਤ ਨਿਸ਼ਚਿਤ ਨਾ ਹੋ ਕੇ ਅਨਿਸ਼ਚਿਤ ਥਾਵਾਂ 'ਤੇ ਆਉਂਦਾ ਹੈ। ਕਿਉਂਕਿ ਕਵੀ ਆਪਣੇ ਮਨੋਭਾਵਾਂ ਦੇ ਸੰਚਾਰ ਲਈ ਸਮ-ਮਾਤਰਾ ਅਤੇ ਛੰਦਾ-ਬੰਦੀ ਤੋਂ ਮੁਕਤ ਹੈ, ਇਸ ਲਈ ਉਹ ਬਿਨਾਂ ਕਿਸੇ ਪੈਟਰਨ ਵਿੱਚ ਬੱਝੇ ਆਪਣੇ ਮਨੋਭਾਵਾਂ ਨੂੰ ਮਨ ਚਾਹੇ ਸ਼ਬਦਾਂ ਅਤੇ ਮਨ ਚਾਹੇ ਤਰੀਕੇ ਨਾਲ, ਬਿਨਾ ਕਿਸੇ ਨਿਸ਼ਚਿਤ ਪੈਟਰਨ ਦੇ ਆਪਣੀ ਕਾਵਿ-ਰਚਨਾ ਵਿੱਚ ਪਰੋਂਦਾ ਹੈ ਜਿਸ ਦੇ ਫ਼ਲਸਰੂਪ ਕਵਿਤਾ ਦਾ ਤੁਕਾਂਤ ਵੀ ਅਨਿਸ਼ਚਤ ਹੋ ਜਾਂਦਾ ਹੈ ਤੇ ਕਾਵਿ-ਰਚਨਾ, ਖੁੱਲ੍ਹੀ-ਕਵਿਤਾ ਵਜੋਂ ਵੱਖਰੀ ਪਹਿਚਾਣ ਨਿਰਧਾਰਿਤ ਕਰਦੀ ਹੈ। ਤੁਕਾਂਤ ਦੀ ਅਨਿਸ਼ਚਿਤਤਾ ਨੂੰ ਕਵਿਤਰੀ ਸੁਖਵਿੰਦਰ ਅੰਮ੍ਰਿਤ ਦੀ ਕਵਿਤਾ ਵਿੱਚੋਂ ਵੀ ਵੇਖਿਆ ਜਾ ਸਕਦਾ ਹੈ:

*ਸੋਚਣਾ ਜਿੱਥੋਂ ਮਰਜ਼ੀ ਸ਼ੁਰੂ ਕਰਾਂ*

*ਹਰ ਸੋਚ ਵਿੱਚ ਤੇਰੀ ਨੁਹਾਰ ਲਿਸ਼ਕ ਪੈਂਦੀ ਹੈ*

*ਤੁਰਨਾ ਜਿੱਥੋਂ ਮਰਜ਼ੀ ਸ਼ੁਰੂ ਕਰਾਂ*

*ਹਰ ਰਾਹ ਤੇਰੇ ਵੱਲ ਮੁੜ ਪੈਂਦਾ ਹੈ*

*ਲਿਖਣਾ ਜਿੱਥੋਂ ਮਰਜ਼ੀ ਸ਼ੁਰੂ ਕਰਾਂ*

*ਹਰ ਕਵਿਤਾ ਵਿੱਚ ਤੂੰ ਹੋ ਜਾਂਦਾ ਹੈ ਸ਼ਾਮਿਲ*

*ਮੇਰੀ ਜ਼ਿੰਦਗੀ ਵਿੱਚ ਕੁਝ ਵੀ ਨਹੀਂ ਵਾਪਰਦਾ*

*ਤੇਰੇ ਬਿਨਾਂ*

*ਮੇਰੀ ਹਰ ਉਡਾਰੀ ਦਾ*

*ਤੂੰ ਹੀ ਆਸਮਾਨ ਹੈਂ*

*ਮੇਰੀ ਹਰ ਯਾਤਰਾ ਦਾ*

*ਤੂੰ ਹੀ ਮੁਕਾਮ ਹੈਂ*

*ਤੂੰ ਮੇਰੀ ਹੋਂਦ ਦਾ*

*ਕੇਂਦਰ-ਬਿੰਦੂ ਹੈਂ....।* (*ਚਿੜੀਆਂ* 33)

ਤੁਕਾਂਤ ਦੀ ਅਨਿਸ਼ਚਿਤਤਾ ਕਾਰਨ ਖੁੱਲ੍ਹੀ ਕਵਿਤਾ ਆਪਣੀ ਉਹ ਲੈਅ-ਬੱਧਤਾ ਅਤੇ ਇੱਕ-ਸਾਰਤਾ ਗੁਆ ਲੈਂਦੀ ਹੈ, ਜੋ ਛੰਦ-ਯੁਕਤ ਕਵਿਤਾ ਨੂੰ ਸਮ-ਮਾਤਰੀ ਸਤਰਾਂ ਤੋਂ ਇੱਕ ਨਿਸ਼ਚਿਤ ਪੈਟਰਨ ਦੇ ਰੂਪ ਵਿੱਚ ਪ੍ਰਾਪਤ ਹੁੰਦੀ ਹੈ। ਸੁਰ-ਤਾਲ ਅਤੇ ਲੈਅ ਬੱਧਤਾ ਕਿਸੇ ਵੀ ਕਵਿਤਾ ਦਾ ਮੁੱਢਲਾ ਤੱਤ ਹੈ ਜਿਸ ਨੂੰ ਬਰਕਰਾਰ ਰੱਖਣ ਲਈ ਖੁੱਲ੍ਹੀ ਕਵਿਤਾ ਵਿੱਚ ਕਵੀ ਆਪਣੀ ਕਾਵਿ-ਕਲਾ ਅਨੁਸਾਰ ਬਿਨਾਂ ਕਿਸੇ ਪੈਟਰਨ ਦੇ ਸ਼ਬਦਾਂ ਦੇ ਹੇਰ-ਫੇਰ ਨਾਲ 'ਭਾਵ' ਅਤੇ 'ਤਾਲ' ਦੀ ਇੱਕ ਸੰਯੁਕਤ ਇਕਾਈ ਕਾਇਮ ਕਰ ਲੈਂਦਾ ਹੈ, ਜੋ ਕਿ ਉਸ ਕਾਵਿ-ਰਚਨਾ ਦੀ ਮੌਲਿਕ ਇਕਾਈ ਵੀ ਹੁੰਦੀ ਹੈ ਪ੍ਰੰਤੂ ਸ਼ਬਦਾਂ ਅਤੇ ਸਤਰਾਂ ਦੀ ਅਸਮਾਨ ਮਾਤਰਾ ਕਾਰਨ 'ਤੁਕਾਂਤ' ਅਤੇ 'ਤਾਲ' ਦਾ ਸਥਾਨ ਵੀ ਕਵਿਤਾ ਵਿੱਚ ਅਨਿਯਮਤ ਹੋਣਾ ਲਾਜ਼ਮੀ ਹੈ ਜਿਵੇਂ:

*ਭੁੱਖ*

*ਸੰਘਰਸ਼*

*ਲਗਨ*

*ਤੇ ਮਿਹਨਤ ਦਾ ਨਾਂ ਹੈ*

*ਮੋ ਯਾਨ*

*ਜਿਸ ਦਾ ਅਰਥ ਹੈ*

*ਨਾ ਬੋਲੋ*

*'ਨਾ ਬੋਲੋ' ਦੀ ਬੋਲੀ*

*ਲੋਕ ਬੋਲੀ ਹੁੰਦੀ ਹੈ*

*ਜੋ ਬਾਤਾਂ ਦੇ ਸਫ਼ਰ ਰਾਹੀਂ*

*ਫੈਲ ਜਾਂਦੀ ਹੈ ਅਨੰਤ ਯੁੱਗਾਂ ’ਚ*

*ਕਿਉਂਕਿ ਭੁੱਖ ਜਦੋਂ ਬੋਲਦੀ ਹੈ*

*ਤਾਂ*

*ਇਹਦੀਆਂ ਪਰਤਾਂ*

*ਹਜ਼ਾਰਾਂ ਲੱਖਾਂ ਅਰਬਾਂ ਖਰਬਾਂ*

*ਪੰਨਿਆਂ ’ਤੇ ਪਸਰ ਜਾਂਦੀਆਂ ਨੇ* (ਗੁਰਪ੍ਰੀਤ ਮਾਨਸਾ, *ਓਕ* 91)

ਪ੍ਰਤੇਕ ਛੰਦ-ਮੁਕਤ ਕਵਿਤਾ ਆਪਣੇ ਆਪ ਵਿੱਚ ਇੱਕ ਮੌਲਿਕ ਉਚਾਰ ਖੰਡ ਅਤੇ ਵਿਲੱਖਣ ਰੋਚਕ ਤੱਤ ਨੂੰ ਧਾਰਨ ਕਰਦੀ ਹੈ। ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਛੰਦ-ਮੁਕਤ ਕਵਿਤਾ ’ਤੇ ਕੋਈ ਵੀ ਨਿਸ਼ਚਿਤ ਛੰਦ, ਤਾਲ, ਸੁਰ, ਕਾਫ਼ੀਆ, ਰਦੀਫ਼ ਵਰਗਾ ਪੈਟਰਨ ਜਾਂ ਨਿਯਮ ਲਾਗੂ ਨਹੀਂ ਹੁੰਦਾ। ਇਸ ਲਈ ਕਵੀ ਕਵਿਤਾ ਵਿੱਚ ‘ਤੋਲ’ ਨੂੰ ਸਤਰਾਂ ਵਿੱਚਲੇ ਮਨੋਵੇਗੀ ਉਚਾਰ ਖੰਡਾਂ ਜਾਂ ਸ਼ਬਦਾਂ ਅਤੇ ਵਾਕੰਸ਼ਾਂ ਦੀ ਪਾਠਗਤ ਸਜਾਵਟ ਦੇ ਆਧਾਰ ’ਤੇ ਆਪਣੇ ਅਨੁਭਵ ਜਾਂ ਆਪਣੀ ਕੁਸ਼ਲਤਾ ਦੇ ਆਧਾਰ ’ਤੇ ਹੀ ਪੈਦਾ ਕਰਦਾ ਹੈ। ਤਜਰਬੇਕਾਰ ਕਾਵਿ ਸਤਰਾਂ ਦੀ ਲੰਬਾਈ ਦੀ ਵਿਭਿੰਨਤਾ ਨੂੰ ਇੱਕ ਖਾਸ ਲਹਿਜੇ ਅਤੇ ਵਕਫ਼ੇ (ਫਾਂਸਲੇ) ਅਨੁਸਾਰ ਢਾਲ ਕੇ ਅਤਿਰਿਕਤ ‘ਤੁਕਾਂਤ’ ਅਤੇ ‘ਤੋਲ’ ਪੈਦਾ ਕਰ ਲੈਂਦਾ ਹੈ। ਅਜਿਹਾ ਕਰਨ ਲਈ ਉਹ ਖਿਆਲ ਨੂੰ ਇੱਕ ਤੋਂ ਵਧੇਰੇ ਸਤਰਾਂ ਵਿੱਚ ਵੀ ਪਸਾਰ ਸਕਦਾ ਹੈ ਕਿਉਂਕਿ ਉਸ ਉੱਪਰ ਖਿਆਲ ਦੀ ਪੂਰਤੀ ਕਿਸੇ ਇੱਕ ਨਿਸ਼ਚਿਤ ਸਤਰ ਵਿੱਚ ਕਰਨ ਦਾ ਦਬਾਅ ਨਹੀਂ ਹੈ। ਇਸ ਲਈ ਉਹ ਖਿਆਲ ਦੀ ਪੂਰਤੀ ਇੱਕ ਤੋਂ ਵਧੇਰੇ ਕਈ ਸਤਰਾਂ ਤੱਕ ਆਪਣੀ ਇੱਛਾ ਅਨੁਸਾਰ ਘਟਾ ਕੇ ਜਾਂ ਵਧਾ ਕੇ ਕਰਦਾ ਹੋਇਆ ਇੱਕ ਮਨੋਵੇਗੀ ਉਚਾਰ ਖੰਡ ਪੈਦਾ ਕਰਦਾ ਹੈ ਜਿਸ ਲਈ ਕਵੀ ਸਤਰਾਂ ਵਿੱਚਲੇ ਵਕਫ਼ੇ ਨੂੰ ਇੱਕ ਚੱਕਰੀ-ਤੋਲ (Circular Rhythm) ਦੇ ਰੂਪ ਵਿੱਚ ਇਸਤੇਮਾਲ ਕਰਕੇ ਇੱਕ ਖਾਸ ਬੀਟ (Beat) ਪੈਦਾ ਕਰ ਲੈਂਦਾ ਹੈ।

ਇਸੇ ਕਾਰਨ ਉਸ ਕਵਿਤਾ ਦਾ ਇਹ ਚੱਕਰੀ-ਤੋਲ ਉਸ ਖਾਸ ਕਾਵਿ-ਰਚਨਾ ਨੂੰ ਵਿਸ਼ੇਸ਼ ਵਿਲੱਖਣਤਾ ਅਤੇ ਮੌਲਿਕਤਾ ਪ੍ਰਦਾਨ ਕਰਦਾ ਹੈ। ਖੁੱਲ੍ਹੀ ਕਵਿਤਾ ਵਿੱਚ ਜਿਥੇ ਕਵੀ 'ਭਾਵ' ਅਤੇ 'ਤਾਲ' ਨੂੰ ਇੱਕ ਇਕਾਈ ਅਤੇ ਸੰਯੁਕਤਤਾ 'ਚ ਲਿਆ ਕੇ ਖੁੱਲ੍ਹੀ ਕਵਿਤਾ ਵਿੱਚ ਕਾਵਿਕ ਅੰਸ਼ ਪੈਦਾ ਕਰਦਾ, ਉੱਥੇ ਸਤਰ ਦੇ ਉਚਾਰ ਖੰਡਾਂ ਨੂੰ ਅਜਿਹੇ ਤਰੀਕੇ ਨਾਲ ਆਪਣੇ ਅਨੁਭਵ ਨਾਲ ਇਸਤੇਮਾਲ ਕਰਦਾ ਹੈ ਕਿ ਉਹ ਆਪਣੇ 'ਮਨੋਭਾਵਾਂ' ਦਾ ਸਫ਼ਲਤਾ ਪੂਰਵਕ ਸੰਚਾਰ ਕਰਦਾ ਹੈ। ਸਮਕਾਲੀ ਪੰਜਾਬੀ ਕਵੀ ਜਸਵੰਤ ਜ਼ਫ਼ਰ ਦੀਆਂ ਕਾਵਿ ਸਤਰਾਂ ਨਮੂਨਾ ਵਜੋਂ ਦੇਖੀਆਂ ਜਾ ਸਕਦੀਆਂ ਹਨ ਜਿਸ ਵਿੱਚ ਕਵੀ ਨੇ ਸ਼ਬਦਾਂ ਦੇ ਉਚਾਰ ਖੰਡ ਨੂੰ ਇੱਕ ਖਾਸ ਤਰਤੀਬ ਵਿੱਚ ਪਰੋ ਕੇ ਇੱਕ ਨਿਵੇਕਲਾ ਅਤੇ ਮੌਲਿਕ ਉਚਾਰ-ਖੰਡ ਪ੍ਰਸਤੁਤ ਕਰਦੇ ਹੋਏ ਆਪਣੇ ਮਨੋਂਭਾਵਾਂ ਨੂੰ ਅਭਿਵਿਅਕਤ ਕੀਤਾ ਹੈ:

*ਤਨਾਂ ਮਨਾਂ ਦਾ ਭੁੱਖ ਨਾਲ*

*ਰਿਸ਼ਤਾ ਆਦਿ ਅਟੁੱਟ।*

*ਭੁੱਖ ਨੂੰ ਇੱਕ ਸਰਾਪ ਕਿ*

*ਰਹਿਣਾ ਏਸ ਅਮੁੱਕ*

*ਭੁੱਖ ਨੂੰ ਪੂਰਨ ਖਾਤਰ ਆਪਣੀ*

*ਮਿੱਟੀ ਪੁੱਟਦੇ*

*ਖਾਕ ਛਾਣਦੇ*

*ਖੇਹ ਉਡਾਉਂਦੇ ਲਗਾਤਾਰ*

*ਦੂਣ ਸਵਾਈ ਹੁੰਦੀ ਭੁੱਖ*

*ਅੱਗ ਨਾਲ ਪੱਖ ਦੀ ਰੋਟੀ ਬੋਟੀ*

*ਅੱਗ ਬਲ਼ਦੀ ਹੈ ਸਾਰੇ ਪਾਸੇ*

*ਧਰਤੀ ਤਪੇ ਚੁਫੇਰਾ ਤਪਦਾ*

*ਰੋਟੀ ਬੋਟੀ ਸੇਕਦਿਆਂ*

*ਖੋਹਾ ਖਿੱਚੀ ਹੁੰਦੀ*

*ਖਿਲਰਦੇ ਚੰਗਿਆੜੇ*

*ਪੈਂਦਾ ਚਿਆ ਵੱਟ* (*ਅਸੀਂ ਨਾਨਕ ਦੇ ਕੀ ਲੱਗਦੇ ਹਾਂ* 47)

ਸਮਕਾਲੀ ਪੰਜਾਬੀ ਕਵੀ ਗੁਰਪ੍ਰੀਤ ਮਾਨਸਾ ਨੇ ਵੀ ਉਪਰੋਕਤ ਵਿਧੀ ਦੇ ਆਧਾਰ 'ਤੇ ਆਪਣੀ ਕਾਵਿ-ਰਚਨਾ ਵਿੱਚ ਉਚਾਰ-ਖੰਡਾਂ, ਸ਼ਬਦਾਂ ਅਤੇ ਵਾਕੰਸ਼ਾਂ ਨੂੰ ਪਾਠਗਤ ਸਜਾਵਟ ਦੇ ਆਧਾਰ 'ਤੇ ਸਥਾਪਿਤ ਕਰਦੇ ਹੋਏ ਅਤੇ 'ਭਾਵਾਂ' ਨੂੰ ਏਕਤਾ ਦੀ ਲੜੀ ਵਿੱਚ ਪਰੋਂਦੇ ਹੋਏ ਆਪਣੀ ਕਾਵਿ-ਕਲਾ ਨੂੰ ਪ੍ਰਸਤੁਤ ਕੀਤਾ ਹੈ। ਨਿਮਨਲਿਖਤ ਕਾਵਿ-ਰਚਨਾ ਆਪਣੇ ਆਪ ਵਿੱਚ ਇੱਕ ਵਿਲੱਖਣ ਹੋਂਦ ਨੂੰ ਅਖ਼ਤਿਆਰ ਕਰਦੀ ਕਵੀ ਦੇ ਮਨੋਵੇਗਾਂ ਅਤੇ ਭਾਵਾਂ ਦਾ ਸੰਚਾਰ ਕਰਦੀ ਹੈ:

*ਨਦੀ*

*ਵਹਿ*

*ਰਹੀ*

*ਹੈ*

*ਸ਼ਬਦਾਂ ਦੇ ਕਿਨਾਰਿਆਂ ਵਿੱਚਕਾਰ*

*ਅਰਥਾਂ*

*ਦੇ*

*ਸਿੱਪੀਆਂ*

*ਮੋਤੀ*

*ਧੁਰ ਹੇਠਾਂ ਗਹਿਰੇ ਪਾਣੀ ਸਾਂਭਦੀ*

*ਇੱਕ ਦਿਨ*

*ਸਮੁੰਦਰ ਹੋਵੇਗੀ*

*ਮੇਰੀ ਤੇਰੀ*

*ਇਹ ਪਗਲੀ ਨਦੀ ।* (*ਸਮੇਂ ਦਾ ਦਰਿਆ* 22)

**ਖ਼ਿਆਲ ਦਾ ਇੱਕ ਸਤਰ ਦੀ ਬਜਾਏ ਕਈ ਸਤਰਾਂ ਵਿੱਚ ਪਸਰਨਾ:**

ਖੁੱਲ੍ਹੀ ਕਵਿਤਾ ਵਿੱਚ ਉਚਾਰ-ਖੰਡਾਂ, ਸ਼ਬਦਾਂ ਅਤੇ ਵਾਕੰਸ਼ਾਂ ਦੇ ਕਲਤਮਕ ਸੰਯੋਗ ਨਾਲ ਹੋਂਦ ਵਿੱਚ ਆਈ ਵਿਚਾਰ 'ਸਤਰ' (Line) ਦਾ ਖੁੱਲ੍ਹੀ-ਕਵਿਤਾ ਵਿੱਚ ਅਹਿਮ ਮਹੱਤਵ ਹੈ ਕਿਉਂਕਿ ਕਵੀ ਉਚਾਰ-ਖੰਡ ਦੇ ਆਧਾਰ 'ਤੇ ਸਤਰਾਂ ਦੀ ਲੰਬਾਈ ਨੂੰ ਵਧਾ ਜਾਂ ਘਟਾ ਕੇ ਹੀ ਕਵਿਤਾ ਵਿੱਚ ਕਾਵਿਕ ਅੰਸ਼ਾਂ ਨੂੰ ਸ਼ਾਮਿਲ ਕਰਦਾ ਹੈ। ਇਸ ਲਈ ਖੁੱਲ੍ਹੀ-ਕਵਿਤਾ ਵਿੱਚ ਸਤਰਾਂ ਕਾਵਿ-ਸੰਚਾਰ ਨੂੰ ਨਿਰਧਾਰਿਤ ਕਰਦੀਆਂ ਹਨ। ਆਖਿਆ ਜਾ ਸਕਦਾ ਹੈ ਕਿ ਖੁੱਲ੍ਹੀ-ਕਵਿਤਾ ਸਤਰਾਂ ਦੀ ਭਾਸ਼ਾ ਹੈ। ਇਸੇ ਸੰਦਰਭ ਵਿੱਚ ਗੁਰੂਮੇਲ ਸਿੰਘ ਲਿਖਦੇ ਹਨ ਕਿ:

*ਦਰਸ਼ਨੀ ਪੱਧਰ 'ਤੇ ਸਤਰ ਹੀ ਕਵਿਤਾ ਅਤੇ ਵਾਰਤਕ ਦੇ ਭੇਦ ਨੂੰ ਦਰਸਾਉਂਦੀ ਹੈ। ਜੇ ਸਤਰਾਂ ਦੀ ਲੰਬਾਈ ਸਫ਼ੇ ਦੇ ਸੱਜੇ ਕਿਨਾਰੇ ਤੱਕ ਚੱਲੀ ਜਾਵੇ ਤਾਂ ਵਾਰਤਕ ਹੈ ਅਤੇ ਜੇ ਘੱਟ ਹੋਵੇ ਤਾਂ ਕਵਿਤਾ।*

(*ਖੁੱਲ੍ਹੀ ਕਵਿਤਾ ਦੇ ਮਾਪਦੰਡ* 160)

ਛੰਦ-ਯੁਕਤ ਕਵਿਤਾ ਵਿੱਚ ਸਤਰਾਂ ਦੀ ਲੰਬਾਈ 'ਮਾਤਰਾ' ਅਤੇ 'ਵਰਣਾਂ' ਦੀ ਗਿਣਤੀ-ਮਿਣਤੀ ਅਨੁਸਾਰ ਹੁੰਦੀ ਹੈ ਜਦਕਿ ਖੁੱਲ੍ਹੀ-ਕਵਿਤਾ ਵਿੱਚ ਮਾਤਰਾ ਜਾਂ ਵਰਨਾਂ ਦੀ ਗਿਣਤੀ-ਮਿਣਤੀ ਦਾ ਕੋਈ ਨਿਯਮ ਕਾਰਜ ਨਹੀਂ ਕਰਦਾ। ਸਗੋਂ ਖੁੱਲ੍ਹੀ-ਕਵਿਤਾ ਵਿੱਚ ਕਵੀ ਦੇ ਬੇਬਾਕ ਖ਼ਿਆਲ ਹੀ ਕਵੀ ਦੀ ਕਾਵਿ-ਕਲਾ ਅਤੇ ਅਨੁਭਵ ਦੇ ਆਧਾਰ 'ਤੇ ਕਾਵਿ-ਸਤਰਾਂ ਦਾ ਨਿਰਮਾਣ ਕਰਦੇ ਹਨ। ਅਰਥਾਤ ਕਵੀ ਦੇ ਖਿਆਲ ਦੀ ਲੰਬਾਈ ਹੀ ਸਤਰ ਦਾ ਆਕਾਰ ਨਿਸ਼ਚਿਤ ਕਰਦੀ ਹੈ। ਜੇਕਰ ਕਵੀ ਆਪਣੇ ਖਿਆਲ ਦਾ ਸੰਚਾਰ ਕਵਿਤਾ ਵਿੱਚ 'ਇੱਕ ਸ਼ਬਦ' ਨਾਲ ਕਰ ਲੈਂਦਾ ਹੈ ਤਾਂ ਸਤਰ ਇੱਕ ਸ਼ਬਦੀ ਹੀ ਹੋਵੇਗੀ, ਜੇਕਰ ਕਵੀ ਖਿਆਲ ਦਾ ਸੰਚਾਰ 'ਇੱਕ ਸਤਰ' ਵਿੱਚ ਕਰ ਲੈਂਦਾ ਹੈ ਤਾਂ ਖਿਆਲ ਪੂਰੀ ਸਤਰ ਦਾ ਧਾਰਨੀ ਹੁੰਦਾ ਹੈ ਪ੍ਰੰਤੂ ਜੇਕਰ ਖ਼ਿਆਲ ਇੱਕ

ਸਤਰ ਵਿੱਚ ਵੀ ਨਾ ਬੰਨ੍ਹਿਆ ਜਾ ਸਕੇ ਤਾਂ ਖੁੱਲ੍ਹੀ-ਕਵਿਤਾ ਵਿੱਚ ਖ਼ਿਆਲ ਇੱਕ ਤੋਂ ਵੱਧ ਸਤਰਾਂ ਜਾਂ ਪੂਰੇ ਪਹਿਰੇ ਵਿੱਚ ਜਾਂ ਪੂਰੀ ਕਵਿਤਾ ਵਿੱਚ ਵੀ ਫੈਲਿਆ ਹੋ ਸਕਦਾ ਹੈ। ਉਦਾਹਰਨ ਦੇ ਤੌਰ ’ਤੇ ਸਮਕਾਲੀ ਪੰਜਾਬੀ ਕਵਿਤਰੀ ਸੁਖਵਿੰਦਰ ਅੰਮ੍ਰਿਤ ਦੀ ਨਿਮਨਲਿਖਤ ਕਵਿਤਾ ਵੇਖੀ ਜਾ ਸਕਦੀ ਹੈ ਜਿਸ ਵਿੱਚ ਕਵਿਤਰੀ ਨੇ ਆਪਣੇ ਖ਼ਿਆਲ ਦਾ ਸੰਚਾਰ ਇੱਕ ਸ਼ਬਦ, ਇੱਕ ਸਤਰ ਜਾਂ ਇੱਕ ਪਹਿਰੇ ਵਿੱਚ ਨਹੀਂ ਬਲਕਿ ਆਪਣੀ ਸੰਪੂਰਨ ਕਵਿਤਾ ਵਿੱਚ ਕੀਤਾ ਹੈ:

*ਜੇ ਰਾਹਾਂ ਵਿੱਚ*

*ਬੰਦਿਆਂ ਦੇ ਮੂੰਹਾਂ ਵਾਲੇ*

*ਸ਼ੇਰ ਬਘੇਲੇ ਨਾ ਹੁੰਦੇ*

*ਤਾਂ*

*ਕੁੜੀਆਂ ਵੀ ਜਾ ਸਕਦੀਆਂ ਸੀ*

*ਬਾਬੇ ਨਾਨਕ ਵਾਂਗ ਉਦਾਸੀਆਂ ’ਤੇ*

*ਕੁੜੀਆਂ ਵੀ ਕਰ ਸਕਦੀਆਂ ਸੀ*

*ਗੌਤਮ ਬੁੱਧ ਵਾਂਗ ਨਿਰਵਾਣ ਦੀ ਪ੍ਰਾਪਤੀ*

*ਫੇਰ*

*ਸੱਤਾਂ ਰਿਸ਼ੀਆਂ ਵਿੱਚ*

*ਕੋਈ ਰਿਸ਼ਿਕਾ ਵੀ ਹੁੰਦੀ*

*ਜ਼ਰੂਰ ਸ਼ਾਮਿਲ ...।* (*ਚਿੜੀਆਂ* 24)

ਖੁੱਲ੍ਹੀ ਕਵਿਤਾ ਵਿੱਚ ਖ਼ਿਆਲ ਮਾਤਰਾ ਜਾਂ ਵਰਣਾਂ ਦੀ ਗਿਣਤੀ-ਮਿਣਤੀ ਅਨੁਸਾਰ ਨਿਰੰਤਰ ਤੌਰ ’ਤੇ ਇੱਕ ਸਤਰ ਵਿੱਚ ਜਾਂ ਖਾਸ ਪ੍ਰਬੰਧ ਵਿੱਚ ਨਹੀਂ ਉਪਜਿਆ ਹੁੰਦਾ। ਸਗੋਂ ਖ਼ਿਆਲ ਇੱਕ ਸਤਰ ਦੀ ਬਜਾਏ ਕਈ ਸਤਰਾਂ ਵਿੱਚ ਅਨਿਯਮਤ ਰੂਪ ਵਿੱਚ ਪਸਰ ਸਕਦਾ ਹੈ, ਇਸ ਦਾ ਅਰਥ ਇਹ ਨਹੀਂ ਕਿ ਖੁੱਲ੍ਹੀ ਕਵਿਤਾ

ਅਗੜ-ਦੁੱਗੜ ਸ਼ਬਦਾਂ ਦਾ ਜੋੜ ਹੈ। ਸਗੋਂ ਖੁੱਲ੍ਹੀ ਕਵਿਤਾ ਕਵੀ ਦੀ ਕੁਸ਼ਲਤਾ ਅਨੁਸਾਰ ਚੁਣੇ ਹੋਏ ਸ਼ਬਦ ਅਤੇ ਸ਼ਬਦਾਂ ਤੋਂ ਉਸਰੀ ਭਾਵਨਾਤਮਕ ਇਕਾਈ ਦਾ ਬੇਬਾਕ ਪ੍ਰਬੰਧ ਹੈ। ਕਵਿਤਾ ਦਾ ਮਿਆਰੀ ਗੁਣ ਜਾਂ ਲੱਛਣ ਮਨ ਦੀਆਂ ਤਾਰਾਂ ਨੂੰ ਛੇੜਨਾ, ਮਨੁੱਖੀ ਮਨ ਵਿੱਚ ਭਾਵ, ਵੇਗ ਅਤੇ ਤਰੰਗਾਂ ਦਾ ਸੰਚਾਰ ਕਰਨਾ ਹੈ। ਇਸ ਕਾਰਜ ਲਈ ਖੁੱਲ੍ਹੀ ਕਵਿਤਾ ਮੁੱਖ ਰੂਪ ਵਿੱਚ 'ਸ਼ਬਦ ਧੁਨੀ' ਅਤੇ 'ਸ਼ਬਦ ਭਾਵ' ਦੀ ਏਕਤਾ ਰਾਹੀਂ ਅਜਿਹਾ ਕਾਵਿਕ ਧਰਾਤਲ ਉਸਾਰਦੀ ਹੈ ਜਿਸ ਨਾਲ ਕਵਿਤਾ ਦਾ ਇੱਕ ਨਿਵੇਕਲਾ ਰੂਪ ਉੱਭਰ ਕੇ ਸਾਹਮਣੇ ਆਉਂਦਾ ਹੈ। ਕਵੀ ਗੁਰਪ੍ਰੀਤ ਮਾਨਸਾ ਦੀ ਕਵਿਤਾ ਦਾ ਇੱਕ ਕਾਵਿ-ਟੋਟਾ ਉਪਰੋਕਤ ਵਿਚਾਰਾਂ ਦੀ ਪੁਸ਼ਟੀ ਕਰਦਾ ਹੈ:

*ਮੈਂ*

*ਖਾਲੀ ਖੂਹ 'ਚ*

*ਆਵਾਜ਼ ਦਿੰਦਾ ਹਾਂ*

*ਪਰਤ ਕੇ*

*ਮੁੜ*

*ਮੇਰੇ ਤੱਕ ਆ ਜਾਂਦੀ ਹੈ*

*ਇਹ ਕੰਬਦੀ ਆਵਾਜ਼*

*ਖਾਲੀ ਖੂਹ ਦੀ ਹੈ*

*ਜਾਂ*

*ਮੇਰੇ ਅੰਦਰ ਦੀ ।।* (*ਸਿਆਹੀ ਘੁਲ਼ੀ ਹੈ* 86)

ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਸਮਕਾਲੀ ਦੌਰ ਵਿਚ ਖੁੱਲ੍ਹੀ-ਕਵਿਤਾ ਛੰਦਾਬੰਦੀ ਦੇ ਬੰਧਨਾਂ ਤੋਂ ਨਿਰਲੇਪ ਰਹਿ ਕੇ ਕਵਿਤਾ ਦੀ ਸਿਰਜਣਾ ਪ੍ਰਕਿਰਿਆ 'ਚ ਸਮਕਾਲੀ ਦੌਰ ਵਿੱਚ ਸਭ ਤੋਂ ਵੱਧ ਯੋਗਦਾਨ ਪਾ ਰਹੀ ਹੈ। ਇਹ ਕਾਵਿ-ਰੂਪ ਕਵੀ ਨੂੰ ਸਮਕਾਲੀ ਦੌਰ ਦੇ ਗੁੰਝਲਦਾਰ ਵਰਤਾਰਿਆਂ ਨੂੰ ਕਵਿਤਾ ਵਿੱਚ ਪ੍ਰਗਟਾਉਣ ਦੀ ਖੁੱਲ੍ਹ ਪ੍ਰਦਾਨ ਕਰਦਾ ਹੈ। ਛੰਦ-ਮੁਕਤ ਹੋਣਾ, ਉਚਾਰ-ਖੰਡਾਂ ਦੀ ਮੌਲਿਕਤਾ, ਟਕਸਾਲੀ

ਬੰਧਨਾਂ ਤੋਂ ਮੁਕਤੀ, ਭਾਵ ਅਤੇ ਤਾਲ ਵਿੱਚ ਏਕਤਾ ਆਦਿ ਉਪਰੋਕਤ ਵਿਖਿਆਤ ਤੱਤਾਂ ਕਾਰਨ ਹੀ ਖੁੱਲ੍ਹੀ ਕਵਿਤਾ ਸਮਕਾਲੀ ਦੌਰ ਦਾ ਮਨਪਸੰਦੀਦਾ ਅਤੇ ਵੱਧ ਲਿਖਿਆ ਜਾਣ ਵਾਲਾ ਕਾਵਿ-ਰੂਪ ਹੈ।

**ਗ਼ਜ਼ਲ:**

'ਗ਼ਜ਼ਲ' ਕਾਵਿ-ਰੂਪ ਸਮਕਾਲੀ ਪੰਜਾਬੀ ਕਵਿਤਾ ਦਾ ਅਜਿਹਾ ਪ੍ਰਮੁੱਖ ਅੰਗ ਹੈ, ਜਿਸ ਦਾ ਜਨਮ ਪੰਜਾਬੀ ਭਾਸ਼ਾ ਸਾਹਿਤ ਵਿੱਚ ਇਰਾਨੀ ਉਰਦੂ ਭਾਸ਼ਾ ਤੋਂ ਹੋਇਆ। ਗ਼ਜ਼ਲ ਵਿੱਚ ਪਿਆਰ, ਦਰਦ, ਸੋਗ, ਉਤਸ਼ਾਹ ਦੇ ਭਾਵਾਂ ਨੂੰ ਪ੍ਰਮੁੱਖਤਾ ਸਹਿਤ ਨਿਭਾਇਆ ਜਾਂਦਾ ਹੈ। ਇਸ ਵਿੱਚ ਗ਼ਜ਼ਲਗੋ ਦੇ ਨਿੱਜੀ ਭਾਵ ਵੀ ਸ਼ਾਮਲ ਹੁੰਦੇ ਹਨ ਅਤੇ ਸਮੂਹ ਦੇ ਭਾਵਾਂ ਦੀ ਪੇਸ਼ਕਾਰੀ ਵੀ ਹੁੰਦੀ ਹੈ। ਗ਼ਜ਼ਲ ਸਿਨਫ਼ ਹਰੇਕ ਭਾਵ ਨੂੰ ਬੜੀ ਸ਼ਿੱਦਤ ਨਾਲ ਨਿਭਾਉਂਦੀ ਹੈ। 'ਗ਼ਜ਼ਲ' ਸ਼ਬਦ ਅਰਬੀ ਭਾਸ਼ਾ ਦਾ ਸ਼ਬਦ ਹੈ। ਜਿਸ ਦਾ ਭਾਵ 'ਔਰਤ ਨਾਲ ਗੱਲਾਂ ਕਰਨਾ' ਤੋਂ ਲਿਆ ਜਾਂਦਾ ਹੈ। ਮੁੱਢਲੇ ਦੌਰ ਦੀ ਗ਼ਜ਼ਲ ਦੇ ਪ੍ਰਮੁੱਖ ਸਰੋਕਾਰ ਔਰਤ ਦੀ ਸੁੰਦਰਤਾ, ਬੇਵਫ਼ਾਈ ਅਤੇ ਇਸ਼ਕ ਆਦਿ ਨਾਲ ਹੀ ਸੰਬੰਧਿਤ ਰਹੇ ਹਨ ਹਨ। 'ਗ਼ਜ਼ਲ' ਦੇ ਸ਼ਾਬਦਿਕ ਅਰਥ ਸੰਬੰਧੀ ਡਾ. ਨਰੇਸ਼ ਦਾ ਨਿਮਨਲਿਖਤ ਕਥਨ ਹੈ ਕਿ:

> *'ਗ਼ਜ਼ਲ' ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸਦਾ ਅਰਥ ਔਰਤ ਨਾਲ ਗੱਲਾਂ ਕਰਨਾ, ਉਸ ਦੇ ਰੂਪ, ਹੁਸਨ, ਜੋਬਨ ਦੀ ਚਰਚਾ ਕਰਨੀ, ਉਹਨਾਂ ਸੰਬੰਧੀ ਆਪਣੇ ਦੁੱਖਾਂ ਦਾ ਬਿਆਨ ਕਰਨਾ ਆਦਿ ਹੈ।*
>
> (*ਗ਼ਜ਼ਲ ਦੀ ਪਰਖ* 1)

ਦੀਪਕ ਜੈਤੋਈ ਗ਼ਜ਼ਲ ਦੀ ਪਰਿਭਾਸ਼ਾ ਕਰਦਾ ਹੋਇਆ ਲਿਖਦਾ ਹੈ:

> *ਗ਼ਜ਼ਲ ਸ਼ਬਦ ਅਰਬੀ ਜ਼ੁਬਾਨ ਦਾ ਹੈ ਜਿਸ ਦੇ ਅਰਥ ਹਨ ਔਰਤ ਨਾਲ ਗੱਲਾਂ ਕਰਨੀਆਂ ਜਾਂ ਇੰਝ ਕਹਿ ਲਓ ਕਿ ਮਹਿਬੂਬ ਨਾਲ ਮੁਹੱਬਤ ਭਰੀ ਵਾਰਤਾਲਾਪ ਕਰਨੀ।* (*ਗ਼ਜ਼ਲ ਕੀ ਹੈ* 11)

'ਗ਼ਜ਼ਲ' ਕਾਵਿ-ਰੂਪ, ਕਵਿਤਾ ਦੀ ਇੱਕ ਖ਼ਾਸ ਵੰਨਗੀ ਜਾਂ ਰੂਪਾਕਾਰ ਹੈ, ਜਿਸ ਵਿੱਚ ਇੱਕੋ ਬਹਿਰ-ਵਜ਼ਨ/ਤੋਲ, ਇਕੋ ਕਾਫ਼ੀਆ-ਰਦੀਫ਼ ਅਤੇ ਤੁਕਾਂਤ ਆਦਿ ਵਿੱਚ ਪਹਿਲੇ ਸ਼ਿਅਰ ਤੋਂ ਲੈ ਕੇ ਅੰਤਿਮ ਸ਼ਿਅਰ ਤੱਕ ਇਕਸਾਰਤਾ ਨਾਲ ਕਾਵਿ-ਰਚਨਾ ਸੰਪੂਰਨ ਹੁੰਦੀ ਹੈ। ਗ਼ਜ਼ਲ ਵਿੱਚ ਵਿਚਾਰਾਂ ਨੂੰ ਸੀਮਤਤਾ ਅਤੇ ਰਮਜ਼

ਨਾਲ ਪ੍ਰਗਟ ਕਰਨਾ ਜ਼ਰੂਰੀ ਹੁੰਦਾ ਹੈ, ਨਹੀਂ ਤਾਂ ਗ਼ਜ਼ਲ ਵਿੱਚ ਨਜ਼ਮ ਦੀ ਛਵੀ ਨਜ਼ਰ ਆਉਣੀ ਆਰੰਭ ਹੋ ਜਾਂਦੀ ਹੈ। ਸਿੱਧਾ ਅਤੇ ਸਪਸ਼ਟ ਬਿਆਨ ਗ਼ਜ਼ਲ ਦਾ ਸਿਧਾਂਤ ਨਹੀਂ ਹੈ। ਗ਼ਜ਼ਲ ਕਾਵਿ-ਰੂਪ ਵਿੱਚ ਤੋਲ, ਕਾਫ਼ੀਏ ਅਤੇ ਰਦੀਫ਼ ਦਾ ਸੁਮੇਲ ਮੁੱਢਲੇ ਆਧਾਰ ਵਜੋਂ ਕੰਮ ਕਰਦਾ ਹੈ। ਰੂਪ ਵਿਧਾ ਦੇ ਪੱਖ ਤੋਂ ਗ਼ਜ਼ਲ ਨੂੰ ਬਹਿਰ, ਵਜ਼ਨ, ਕਾਫ਼ੀਏ ਅਤੇ ਰਦੀਫ਼ ਵਿੱਚ ਬੱਝੀ ਧਾਰਨਾ ਦੇ ਰੂਪ ਵਿਚ ਪ੍ਰਸਤੁਤ ਕੀਤਾ ਜਾਂਦਾ ਹੈ, ਇਸ ਸੰਦਰਭ ਵਿੱਚ ਮਹਿੰਦਰ ਮਾਨਵ ਦੇ ਵਿਚਾਰ ਹਨ:

> *ਗ਼ਜ਼ਲ ਬਹਿਰ ਅਤੇ ਵਜ਼ਨ ਵਿੱਚ ਬੱਝੇ, ਕਾਫ਼ੀਏ ਰਦੀਫ਼ ਦੀ ਬੰਦਿਸ਼ ਨਿਭਾਉਂਦੇ ਹੋਏ, ਕੁਝ ਅਜਿਹੇ ਸ਼ਿਅਰਾ ਦਾ ਸਮੂਹ ਹੈ ਜੋ ਇੱਕ ਵਿਸ਼ੇਸ਼ ਸ਼ੈਲੀ ਅਤੇ ਸ਼ਬਦਾਵਲੀ ਰਾਹੀਂ ਬਿਆਨ ਕੀਤੇ ਗਏ ਹੋਣ।*
>
> (*ਗ਼ਜ਼ਲ ਸ਼ਾਸਤਰ ਦੇ ਦ੍ਰਿਗ-ਦਰਸ਼ਨ* 17)

ਗ਼ਜ਼ਲ ਵਿੱਚ ਸ਼ਿਅਰ ਦੋ ਤੁਕਾਂ 'ਤੇ ਆਧਾਰਿਤ ਇੱਕ ਕਾਵਿ-ਟੁਕੜੀ ਹੁੰਦੀ ਹੈ, ਜੋ ਆਪਣੇ ਆਪ ਵਿੱਚ 'ਅਰਥ' ਅਤੇ ਕਾਵਿਕ-ਇਕਾਈ ਦੇ ਪੱਖ ਤੋਂ ਇੱਕ ਮੁਕੰਮਲ ਕਵਿਤਾ ਹੁੰਦੀ ਹੈ। 'ਗ਼ਜ਼ਲ' ਸਮਕਾਲੀ ਦੌਰ ਦੀ ਕਵਿਤਾ ਦਾ ਇੱਕ ਅਹਿਮ ਅੰਗ ਸਾਬਿਤ ਹੋਇਆ ਹੈ। ਸਮਕਾਲੀ ਦੌਰ ਵਿੱਚ ਇਸ ਸਮੇਂ ਗੁਣਾਤਮਕ ਅਤੇ ਗਿਣਾਤਮਕ ਪੱਖੋਂ ਬਹੁਤਾਤ ਵਿੱਚ ਗ਼ਜ਼ਲ ਲਿਖੀ ਜਾ ਰਹੀ ਹੈ। ਸਮਕਾਲੀ ਗ਼ਜ਼ਲਗੋ ਇਸ ਕਾਵਿ-ਰੂਪ ਨੂੰ ਆਪਣੇ ਅਨੁਭਵ ਅਤੇ ਆਪਣੀ ਮੌਲਿਕਤਾ ਨਾਲ ਹੋਰ ਵੀ ਲੋਕਪ੍ਰਿਯ ਬਣਾ ਰਹੇ ਹਨ। ਸਮਕਾਲੀ ਦੌਰ ਵਿੱਚ 'ਗ਼ਜ਼ਲ' ਕਾਵਿ-ਰੂਪ ਦੀਆਂ ਪ੍ਰਮੁੱਖ ਦੋ ਵੰਨਗੀਆਂ ਹਨ ਪਹਿਲੀ **ਮੁਸੱਲਸਲ ਗ਼ਜ਼ਲ** ਅਤੇ ਦੂਜੀ **ਗੈਰ ਮੁਸੱਲਸਲ ਗ਼ਜ਼ਲ।** 'ਮੁਸੱਲਸਲ ਗ਼ਜ਼ਲ' ਗ਼ਜ਼ਲ ਦੀ ਅਜਿਹੀ ਵੰਨਗੀ ਹੈ। ਜਿਸ ਵਿੱਚ ਵਿਸ਼ੇ ਦੀ ਏਕਤਾ ਕਾਇਮ ਰਹਿੰਦੀ ਹੈ ਪ੍ਰੰਤੂ ਇਸ ਤੋਂ ਉਲਟ 'ਗੈਰ-ਮਸਲਸਲ ਗ਼ਜ਼ਲ' ਵਿੱਚ ਵਿਚਾਰਧਾਰਕ ਏਕਤਾ ਦੀ ਥਾਂ ਵਿਚਾਰਧਾਰਕ ਭਿੰਨਤਾ ਹੁੰਦੀ ਹੈ।

ਮੁਸੱਲਸਲ ਗ਼ਜ਼ਲ, ਕਾਵਿ-ਰੂਪ ਦੀ ਅਜਿਹੀ ਵੰਨਗੀ ਹੈ ਜਿਸ ਵਿੱਚ ਭਾਵ ਜਾਂ ਵਿਸ਼ਾ ਵਸਤੂ ਦੀ ਏਕਤਾ ਪਹਿਲੇ ਸ਼ਿਅਰ ਤੋਂ ਆਖ਼ਰੀ ਸ਼ਿਅਰ ਤੱਕ ਬਰਕਰਾਰ ਰਹਿੰਦੀ ਹੈ। ਗ਼ਜ਼ਲ ਦੀ ਇਸ ਵੰਨਗੀ ਤਹਿਤ ਗ਼ਜ਼ਲਗੋ ਆਪਣੀਆਂ ਮਨੋ-ਸਿਮਰਤੀਆਂ ਅਤੇ ਅਨੁਭਵ ਦੁਆਰਾ ਗ਼ਜ਼ਲ ਰੂਪਾਕਾਰ ਲਈ ਢੁੱਕਵਾਂ ਵਿਸ਼ਾ

ਚੁਣਦਾ ਹੈ ਅਤੇ ਉਸ ਵਿਸ਼ੇ ਦਾ ਗ਼ਜ਼ਲ ਦੇ ਪਹਿਲੇ ਸ਼ਿਅਰ ਤੋਂ ਲੈ ਕੇ ਆਖ਼ਰੀ ਸ਼ਿਅਰ ਤੱਕ ਪੂਰੇ ਵਜ਼ਨ, ਤੋਲ, ਤੁਕਾਂਤ, ਕਾਫ਼ੀਆ ਅਤੇ ਰਦੀਫ਼ ਦੀ ਏਕਤਾ ਨਾਲ ਨਿਭਾਅ ਕਰਦਾ ਹੋਇਆ, ਗ਼ਜ਼ਲ ਨੂੰ ਭਾਵਨਾਤਮਕ ਅਤੇ ਲੈਆਤਮਕ ਦੋਹਾਂ ਪੱਧਰਾਂ 'ਤੇ ਏਕਤਾ ਵਿੱਚ ਬੰਨ੍ਹਦਾ ਹੈ। ਗੈਰ ਮੁਸੱਲਸਲ ਗ਼ਜ਼ਲ ਦੀ ਇਹ ਵੰਨਗੀ, ਮੁਸੱਲਸਲ ਗ਼ਜ਼ਲ ਦੇ ਉਲਟ ਅਜਿਹਾ ਕਾਵਿ-ਰੂਪ ਹੈ ਜਿਸ ਵਿੱਚ ਵਿਸ਼ੇ ਵਸਤੂ ਦੀ ਏਕਤਾ ਦੀ ਥਾਂ 'ਤੇ ਵਿਭਿੰਨਤਾ ਹੁੰਦੀ ਹੈ। ਗੈਰ ਮੁਸੱਲਸਲ ਗ਼ਜ਼ਲ ਵਿੱਚ ਗ਼ਜ਼ਲਗੋ ਦੁਆਰਾ ਮਤਲੇ ਤੋਂ ਸ਼ਿਅਰ ਅਤੇ ਫਿਰ ਮਕਤੇ ਤੱਕ ਵੱਖ-ਵੱਖ ਵਿਚਾਰਾਂ/ਸਰੋਕਾਰਾਂ ਨੂੰ ਪ੍ਰਗਟਾਇਆ ਜਾਂਦਾ ਹੈ। ਗ਼ਜ਼ਲ ਦੀ ਇਸ ਵੰਨਗੀ ਦੀ ਖ਼ਾਸ ਵਿਸ਼ੇਸ਼ਤਾ ਇਹ ਹੈ ਕਿ, ਇਸ ਵਿੱਚ ਹਰੇਕ ਸ਼ਿਅਰ ਆਪਣੇ ਆਪ ਵਿੱਚ ਇੱਕ ਸੰਪੂਰਨ ਅਤੇ ਵਿਭਿੰਨ ਭਾਵ ਪੇਸ਼ ਕਰਦਾ ਹੈ ਅਰਾਥਾਤ ਗੈਰ ਮੁਸੱਲਸਲ ਗ਼ਜ਼ਲ ਦਾ ਹਰੇਕ ਸ਼ਿਅਰ ਵੱਖਰੇ ਭਾਵ, ਵੱਖਰੇ ਮੂਡ, ਵੱਖਰੇ ਸੰਕਲਪ ਅਤੇ ਵੱਖਰੇ ਪ੍ਰਸੰਗ ਦਾ ਧਾਰਨੀ ਹੁੰਦਾ ਹੈ। ਗ਼ਜ਼ਲ ਕਾਵਿ-ਰੂਪ ਸੰਰਚਨਾਤਮਕ ਪੱਖੋਂ ਕੁਝ ਬਾਹਰੀ ਤੱਤਾਂ ਦੁਆਰਾ ਹੋਂਦ ਵਿੱਚ ਆਉਂਦਾ ਹੈ ਜੋ ਗ਼ਜ਼ਲ ਕਾਵਿ-ਰੂਪ ਦੀ ਪਹਿਚਾਣ ਕਰਵਾਉਂਦੇ ਹੋਏ ਇਸ ਨੂੰ ਦੂਸਰੇ ਰੂਪਾਕਾਰਾਂ ਨਾਲੋਂ ਵੀ ਨਿਖੇੜਦੇ ਵੀ ਹਨ। ਮਿਸਰਾ, ਸ਼ਿਅਰ, ਮਤਲਾ, ਕਾਫ਼ੀਆ, ਰਦੀਫ਼ ਅਤੇ ਮਕਤਾ ਗ਼ਜ਼ਲ ਕਾਵਿ-ਰੂਪ ਦਾ ਮੁਹਾਂਦਰਾ ਘੜਨ ਵਾਲੇ ਸੰਰਚਨਾਤਮਕ ਤੱਤ ਹਨ, ਜਿਨ੍ਹਾਂ ਦਾ ਪ੍ਰਯੋਗ ਸਮਕਾਲੀ ਗਜ਼ਲਗੋਅ ਆਪਣੇ ਭਾਵਾਂ ਦੇ ਪ੍ਰਭਾਵਸ਼ਾਲੀ ਅਤੇ ਸੰਗੀਤਾਤਮਕ ਸੰਚਾਰ ਲਈ ਕਰ ਰਹੇ ਹਨ।

ਗ਼ਜ਼ਲ ਵੱਖ-ਵੱਖ ਸ਼ਿਅਰਾਂ ਦੇ ਸਮੂਹ ਨਾਲ ਆਪਣਾ ਰੂਪ ਧਾਰਦੀ ਹੈ ਜਿਸ ਦਾ ਹਰ ਸ਼ਿਅਰ ਦੋ ਤੁਕਾਂ ਜਾਂ ਸਤਰਾਂ ਦਾ ਬਣਿਆ ਹੁੰਦਾ ਹੈ ਜਿਨ੍ਹਾਂ ਨੂੰ **ਮਿਸਰਾ** ਆਖਿਆ ਜਾਂਦਾ ਹੈ। ਸਧਾਰਨ ਸ਼ਬਦਾਂ ਵਿੱਚ 'ਮਿਸਰੇ' ਤੋਂ ਭਾਵ 'ਤੁਕ' ਜਾਂ 'ਪੰਕਤੀ' ਤੋਂ ਲਿਆ ਜਾਂਦਾ ਹੈ। ਇਸੇ ਕਾਰਨ ਗ਼ਜ਼ਲ ਦੇ ਹਰ ਸ਼ਿਅਰ ਦੀ ਹਰ ਤੁਕ/ਸਤਰ ਨੂੰ '**ਮਿਸਰਾ**' ਆਖਿਆ ਜਾਂਦਾ ਹੈ। ਸ਼ਿਅਰ ਦੀਆਂ ਦੋਹਾਂ ਮਿਸਰਿਆਂ ਨੂੰ ਅਲੱਗ-ਅਲੱਗ ਨਾਮ ਦਿੱਤੇ ਗਏ ਹਨ, ਸ਼ਿਅਰ ਦੀ ਪਹਿਲੀ ਤੁਕ ਨੂੰ 'ਮਿਸਰਾ-ਇ-ਉਲਾ' ਆਖਿਆ ਜਾਂਦਾ ਹੈ ਅਤੇ ਦੂਜੀ ਤੁਕ 'ਮਿਸਰਾ-ਇ-ਸਾਨੀ' ਅਖਵਾਉਂਦੀ ਹੈ। ਜਿਸ ਸੰਦਰਭ ਵਿਚ ਡਾ. ਵਿਨਯ ਵਾਈਕਰ ਪੁਸਤਕ 'ਆਇਨਾ-ਇ-ਗ਼ਜ਼ਲ' ਦੀ ਭੂਮਿਕਾ ਵਿੱਚ ਲਿਖਦੇ ਹਨ ਕਿ "*ਸ਼ਿਅਰ ਦੇ ਪਹਿਲੇ ਮਿਸਰੇ ਨੂੰ 'ਮਿਸਰਾ ਇ ਉਲਾ' ਅਤੇ ਦੂਸਰੇ*

*ਮਿਸਰੇ ਨੂੰ 'ਮਿਸਰਾ ਇ ਸਾਨੀ' ਕਿਹਾ ਜਾਂਦਾ ਹੈ।"* ਮਿਸਰਾ ਗ਼ਜ਼ਲ ਦਾ ਮੁੱਢਲਾ ਅਤੇ ਮਿਆਰੀ ਤੱਤ ਹੈ, ਜੋ ਗ਼ਜ਼ਲ ਦੇ ਹਰ ਸ਼ਿਅਰ ਵਿੱਚ ਦ੍ਰਿਸ਼ਟੀਗੋਚਰ ਹੁੰਦਾ ਹੈ। ਨਿਮਨਲੀਖਿਤ ਉਦਾਹਰਨ ਵਿੱਚ ਹਰੇਕ ਸ਼ਿਅਰ ਦੀ ਪਹਿਲੀ ਸਤਰ ਮਿਸਰਾ-ਇ-ਉਲਾ ਹੈ ਅਤੇ ਦੂਸਰੀ ਸੱਤਰ ਮਿਸਰਾ-ਇ-ਸਾਨੀ ਹੈ:

*ਜਿਵੇਂ ਨਵੀਆਂ ਕਿਤਾਬਾਂ ਪੜ੍ਹ ਰਹੇ ਨੇ*

*ਉਹ ਆਪਣੇ ਆਪ ਤੋਂ ਵਿਛੜ ਰਹੇ ਨੇ*

(ਗੁਰਤੇਜ ਕੋਹਾਰਵਾਲਾ, *ਪਾਣੀ ਦਾ ਹਾਸ਼ੀਆ* 21)

*ਨਹੀਂ ਰੋਕਾਂਗਾ ਮੈਂ ਰਸਤੇ 'ਚ ਉਹਨੂੰ*

*ਮੈਂ ਦੁੱਖ ਨੂੰ ਗੀਤ ਤੱਕ ਪਹੁੰਚਣ ਦੇਵਾਂਗਾ*

(ਸੁਰਜੀਤ ਪਾਤਰ, *ਪੱਤਝੜ ਦੀ ਪਾਜ਼ੇਬ* 80)

*ਪੱਤਾ-ਪੱਤਾ ਭੁੰਜੇ ਡਿੱਗਾ ਯਾਰੀ ਵਾਲੇ ਬੂਟੇ ਦਾ*

*ਸੁੰਨੀਆਂ ਡਾਲਾਂ ਕੰਬਣ ਲੱਗੀਆਂ ਲੂਆਂ ਦਾ ਫੁੰਕਾਰਾ ਸੀ।*

(ਜਸਵੰਤ ਜ਼ਫ਼ਰ, *ਦੋ ਸਾਹਾਂ ਵਿਚਕਾਰ* 49)

ਇਸੇ ਤਰ੍ਹਾਂ ਉਪਰੋਕ ਚਰਚਾ ਤੋਂ ਇਹ ਸਪਸ਼ਟ ਹੋਇਆ ਹੈ ਕਿ ਮਿਸਰਾ-ਇ-ਉਲਾ ਅਤੇ ਮਿਸਰਾ-ਇ-ਸਾਨੀ ਦੇ ਮਿਲਾਪ ਨਾਲ **ਸ਼ਿਅਰ** ਹੋਂਦ ਵਿੱਚ ਆਉਂਦਾ ਹੈ। ਜੋ ਗ਼ਜ਼ਲ ਦਾ ਇੱਕ ਅਹਿਮ ਅੰਗ ਹੈ ਕਿਉਂਕਿ ਗ਼ਜ਼ਲ ਵੱਖ-ਵੱਖ ਸ਼ਿਅਰਾਂ ਤੋਂ ਮਿਲਕੇ ਹੀ ਹੋਂਦ ਵਿੱਚ ਆਉਂਦੀ ਹੈ। ਸ਼ਿਅਰ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਸਦਾ ਆਪਣੇ ਆਪ ਵਿੱਚ ਸੰਪੂਰਨ ਹੋਣਾ ਹੈ। ਗ਼ਜ਼ਲ ਦਾ ਹਰੇਕ ਸ਼ਿਅਰ ਦੋ ਸਤਰਾਂ ਦੀ ਰਚਨਾ ਹੁੰਦਾ ਹੈ। ਜਿਸਦਾ ਆਪ ਮੁਹਾਰੇ ਇੱਕ ਸੁਤੰਤਰ ਅਰਥ ਸਪੱਸ਼ਟ ਹੁੰਦਾ ਹੈ। ਸਮਕਾਲੀ ਦੌਰ ਦਾ ਗ਼ਜ਼ਲ ਰੂਪ ਸ਼ਿਅਰ ਦੇ ਇਸ ਮਹੱਤਵ ਨੂੰ ਇੰਨ-ਭਿੰਨ ਬਰਕਰਾ ਰੱਖਦਾ ਹੈ। ਸਿੱਟੇ ਵਜੋਂ ਸੁਰਜੀਤ ਪਾਤਰ ਦੀ ਗ਼ਜ਼ਲ ਦੇ ਸ਼ਿਅਰਾਂ ਦੇ ਨਮੂਨੇ ਵੇਖੇ ਜਾ ਸਕਦੇ ਹਨ। ਜਿਨ੍ਹਾਂ ਵਿੱਚੋਂ ਸੁਰਜੀਤ ਪਾਤਰ ਦੀ ਗ਼ਜ਼ਲ ਦਾ ਪਹਿਲਾਂ ਸ਼ਿਅਰ ਦੁਨੀਆਂ ਦੇ ਭਾਰਾਂ ਤੋਂ ਛੁਟਕਾਰੇ ਲਈ ਖੁੱਲ-ਦਿਲੀ ਨਾਲ ਜੀਵਨ ਬਤੀਤ ਕਰਨ ਲਈ ਪ੍ਰੇਰਦਾ ਹੈ ਅਤੇ ਨਾਲ ਹੀ ਦੂਜਾ

ਸ਼ਿਅਰ ਸੁਤੰਤਰ ਰੂਪ ਵਿੱਚ ਦੇਸ਼/ਕੌਮ ਦਾ ਨਾਮ ਉੱਚਾ ਕਰਨ ਲਈ ਉੱਚੇ ਕਿਰਦਾਰ ਦੇ ਮਹੱਤਤਾ ਨੂੰ ਸੁਤੰਤਰ ਰੂਪ ਵਿੱਚ ਦਰਸਾਉਂਦਾਹੈ:

*ਬੈਠਦਾ ਨਾ ਤੇਰਾ ਦਿਲ ਦੁਨੀਆਂ ਦਿਆਂ ਭਾਰਾਂ ਦੇ ਨਾਲ*

*ਬੈਠਿਆ ਕਰਦਾ ਘੜੀ ਜੇ ਆ ਕੇ ਦਿਲਦਾਰਾਂ ਦੇ ਨਾਲ*

*ਨਾ ਮਹੱਲਾਂ ਉਚਿਆਂ ਨਾ ਉੱਚੇ ਮੀਨਾਰਾਂ ਦੇ ਨਾਲ*

*ਕੌਮ ਉੱਚੀ ਉੱਠਦੀ ਹੈ ਉੱਚੇ ਕਿਰਦਾਰਾਂ ਦੇ ਨਾਲ* (*ਸੁਰਜ਼ਮੀਨ* 49)

ਇਸੇ ਤਰ੍ਹਾਂ ਗੁਰਤੇਜ ਕੋਹਾਰਵਾਲਾ ਦੀ ਗ਼ਜ਼ਲ ਦਾ ਨਿਮਨਲਿਖ਼ਿਤ ਸ਼ਿਅਰ ਵਿੱਚ ਵੀ ਆਪਣੇ ਆਪ ਵਿੱਚ ਸੁਤੰਤਰ ਭਾਵ ਦਾ ਪ੍ਰਗਟਾਵਾ ਕਰਦਾ ਹੈ:

*ਕਿਤਾਬਾਂ ਵਰਗਿਆਂ ਲੋਕਾਂ ਨੂੰ ਖ਼ੁਦ ਵਿੱਚ ਜੋੜ ਲੈਂਦਾ ਹਾਂ।*

*ਮਿਲੇ ਗਹਿਰਾਂ ਕਿਤੇ ਲਿਖਿਆ ਤਾਂ ਵਰਕਾ ਮੋੜ ਲੈਂਦਾ ਹਾਂ।*

(*ਪਾਣੀ ਦਾ ਹਾਸ਼ੀਆ* 15)

ਗ਼ਜ਼ਲ ਦੇ ਪਹਿਲੇ ਸ਼ਿਅਰ ਨੂੰ **ਮਤਲਾ** ਕਿਹਾ ਜਾਂਦਾ ਹੈ ਇਸ ਨਾਲ ਹੀ ਗ਼ਜ਼ਲ ਦਾ ਆਗਾਜ਼ ਹੁੰਦਾ ਹੈ। ਮਤਲੇ ਦੀ ਮੁੱਖ ਵਿਸ਼ੇਸ਼ਤਾ ਇਹ ਹੈ, ਕਿ ਇਸਦੇ ਦੋਵੇਂ ਮਿਸਰਿਆਂ ਦਾ ਕਾਫ਼ੀਏ ਅਤੇ ਰਦੀਫ਼ ਆਪਸ ਵਿੱਚ ਮਿਲਦਾ ਹੁੰਦਾ ਹੈ। ਅਰਬੀ ਭਾਸ਼ਾ ਵਿੱਚ ਮਤਲੇ ਦਾ ਸ਼ਾਬਦਿਕ ਅਰਥ 'ਉਦੈ' ਹੋਣਾ ਹੈ ਅਰਥਾਤ ਸੂਰਜ ਦੇ ਨਿਕਲਣ ਦੀ ਜਗ੍ਹਾ ਹੈ। ਉਹ ਜਗ੍ਹਾ ਜਿੱਥੋਂ ਗ਼ਜ਼ਲ ਰੂਪੀ ਸੂਰਜ ਚੜ੍ਹਣਾ ਸ਼ੁਰੂ ਕਰਦਾ ਹੈ। ਗੁਰਦਰਸ਼ਨ ਬਾਦਲ ਗ਼ਜ਼ਲ ਦੇ 'ਮਤਲੇ' ਦੇ ਸੰਦਰਭ ਵਿੱਚ ਆਖਦੇ ਹਨ ਕਿ:

*ਇਸਦਾ ਅਰਥ 'ਸ਼ੁਰੂਆਤ' ਹੈ ਭਾਵੇਂ ਇਸ ਦੇ ਅਰਥ ਉਦੈ ਹੋਣਾ ਜਾਂ ਨਿਕਲਣਾ ਵੀ ਹੋ ਸਕਦੇ ਹਨ ਜਿਵੇਂ ਸੂਰਜ ਨਿਕਲਦਾ ਹੈ ਤਾਂ ਹਨੇਰਾ ਛਟ ਜਾਂਦਾ ਹੈ ਬਿਲਕੁਲ ਏਸੇ ਤਰ੍ਹਾਂ ਮਤਲਾ ਕਹਿਣ ਤੋਂ ਬਾਅਦ ਅਗਲਾ ਸਭ ਕੁਝ ਸਾਫ਼ ਅਤੇ ਸਪਸ਼ਟ ਹੋ ਜਾਂਦਾ ਹੈ।*

(*ਸੁਖ਼ੈਨ ਗ਼ਜ਼ਲ, ਗ਼ਜ਼ਲ ਦੇ ਰੂਪ-ਵਿਧਾਨ ਦੀ ਸਰਲ ਜਾਣਕਾਰੀ* 28)

ਕਿਉਂਕਿ ਗ਼ਜ਼ਲ ਮਤਲੇ ਨਾਲ ਸ਼ੁਰੂ ਹੁੰਦੀ ਹੈ ਇਸੇ ਕਰਕੇ ਗ਼ਜ਼ਲ ਦੇ ਪਹਿਲੇ ਸ਼ਿਅਰ ਨੂੰ ਮਤਲਾ ਕਿਹਾ ਜਾਂਦਾ ਹੈ। ਇਹ ਗ਼ਜ਼ਲ ਦੇ ਆਰੰਭ ਹੋਣ ਦਾ ਸੰਕੇਤ ਹੈ। ਜਿੰਨਾ ਖ਼ੂਬਸੂਰਤ ਗ਼ਜ਼ਲ ਦਾ ਮਤਲਾ ਹੋਵੇਗਾ ਗ਼ਜ਼ਲ ਵੀ ਓਨੀ ਹੀ ਦਿਲਕਸ਼ ਅਤੇ ਖ਼ੂਬਸੂਰਤ ਹੋਵੇਗੀ। ਇਸੇ ਲਈ ਇਹ ਵੀ ਜ਼ਰੂਰੀ ਹੈ ਕਿ ਮਤਲਾ ਕੇਵਲ ਦੋ ਮਿਸਰਿਆਂ ਦੇ ਕਾਫ਼ੀਏ ਦਾ ਮੇਲ ਨਹੀਂ ਸਗੋਂ ਜਜ਼ਬਿਆਂ ਅਤੇ ਭਾਵਾਂ ਦਾ ਲੈਅਬੱਧ ਪ੍ਰਗਟਾਵਾ ਵੀ ਹੋਣਾ ਚਾਹੀਦਾ ਹੈ ਤਾਂ ਜੋ ਮਤਲਾ ਪੜ੍ਹਦੇ ਸਾਰ ਹੀ ਇਹ ਪਾਠਕ ਦੇ ਦਿਲ-ਦਿਮਾਗ ਵਿੱਚ ਉਤਰ ਜਾਏ ਅਤੇ ਗ਼ਜ਼ਲਗੋ ਦੀ ਅਭਿਵਿਅਕਤੀ ਨੂੰ ਸਫ਼ਲ ਸੰਚਾਰ ਹਾਂਸਿਲ ਹੋ ਸਕੇ। ਇਸੇ ਲਈ ਸਮਕਾਲੀ ਪੰਜਾਬੀ ਗ਼ਜ਼ਲਗੋ ਆਪਣੇ ਅਨੁਭਵ ਦੀ ਅਭਿਵਿਅਕਤੀ ਕਲਪਨਾਮਈ, ਚਮਤਕਾਰੀ ਅਤੇ ਸਿਰਜਣਾਤਮਕ ਪ੍ਰਯੋਗ ਦੁਆਰਾ ਆਪਣੀਆਂ ਗ਼ਜ਼ਲਾਂ ਵਿੱਚ ਪ੍ਰਸਤੁਤ ਕਰਦੇ ਹਨ। ਸਮਕਾਲੀ ਸ਼ਾਇਰ ਮਤਲੇ ਦੀ ਅਹਿਮੀਅਤ ਅਤੇ ਗ਼ਜ਼ਲ ਵਿੱਚ ਉਸ ਦੇ ਢੁੱਕਵੇਂ ਹੋਣ ਦਾ ਮਹੱਤਵ ਭਲੀ-ਭਾਂਤੀ ਜਾਣਦੇ ਹਨ। ਇਸੇ ਲਈ ਸਮਕਾਲੀ ਗ਼ਜ਼ਲਗੋ ਗ਼ਜ਼ਲ ਦਾ ਆਰੰਭ ਕਾਫ਼ੀਆ, ਰਦੀਫ਼ ਅਤੇ ਲੈਅ-ਬੱਧਤਾ ਨਾਲ ਕਰਦੇ ਹਨ ਜਿਵੇਂ:

*ਤੁਰਦਾ ਮੇਰੇ ਨਾਲ ਜੇ ਕਮਲ਼ਾ ਮੇਰੇ ਨਾਲ ਦਾ।*

*ਇੰਜ ਕਾਇਰਾਂ ਦੇ ਵਾਂਗ ਮੈਂ ਰੋਜ਼ ਮੌਤ ਨਾ ਟਾਲਦਾ।*

(ਜਸਵੰਤ ਜ਼ਫ਼ਰ, *ਦੋ ਸਾਹਾਂ ਵਿੱਚਕਾਰ* 46)

*ਕਿਤੋਂ ਕਾਲ਼ਖ਼, ਕਿਤੋਂ ਸਾਡੇ ਲਹੂ ਵਿੱਚ ਰੰਗਿਆ ਹੋਇਆ।*

*ਅਸੀਂ ਇਸ ਸ਼ਹਿਰ ਦਾ ਸੂਰਜ ਹੈ ਕੋਲੋਂ ਵੇਖਿਆ ਹੋਇਆ।*

(ਗੁਰਤੇਜ ਕੋਹਾਰਵਾਲਾ, *ਪਾਣੀ ਦਾ ਹਾਸ਼ੀਆ* 37)

*ਨਾ ਰੰਗ ਲੁੱਕੇ ਮੈਥੋਂ ਨਾ ਰੂਪ ਲੁਕਾਇਆ ਗਿਆ*

*ਇਹ ਗੀਤ ਮੈਂ ਲਿਖਿਆ ਨਾ, ਮੈਥੋਂ ਲਿਖਵਾਇਆ ਗਿਆ*

(ਸੁਖਵਿੰਦਰ ਅੰਮ੍ਰਿਤ, *ਹਜ਼ਾਰ ਰੰਗਾਂ ਦੀ ਲਾਟ* 61)

*ਤੂੰ ਬੇਚੈਨ ਕਿਉਂ ਹੈ ਤੂੰ ਰੰਜੂਨ ਕਿਉਂ ਹੈਂ*

*ਤੂੰ ਸੀਨੇ ਨੂੰ ਲੱਗ ਕੇ ਵੀ ਇਉਂ ਦੂਰ ਕਿਉਂ ਹੈ*

(ਸੁਰਜੀਤ ਪਾਤਰ, *ਸੁਰਜ਼ਮੀਨ* 36)

ਉਪਰੋਕਤ ਸਮਕਾਲੀ ਪੰਜਾਬੀ ਗ਼ਜ਼ਲਗੋ ਦੀਆਂ ਗ਼ਜ਼ਲਾਂ ਦੇ ਮਤਲੇ ਦੀਆਂ ਉਦਾਹਰਨਾਂ ਇਹ ਸਪੱਸ਼ਟ ਕਰਦੀਆਂ ਹਨ ਕਿ ਸਮਕਾਲੀ ਗ਼ਜ਼ਲਗੋ, ਗ਼ਜ਼ਲ ਵਿੱਚ ਮਤਲੇ ਦੀ ਅਹਿਮੀਅਤ ਅਤੇ ਮਹੱਤਤਾ ਨੂੰ ਬਾਖ਼ੂਬੀ ਜਾਣਦੇ ਹੋਏ ਕਲਾਤਮਿਕ ਢੰਗ ਨਾਲ ਗ਼ਜ਼ਲ ਦਾ ਆਰੰਭ ਕਰਦੇ ਹਨ। ਇਸ ਤੋਂ ਇਲਾਵਾ ਕਈ ਵਾਰ ਗ਼ਜ਼ਲਗੋ, ਗ਼ਜ਼ਲ ਵਿੱਚ ਮਤਲੇ ਤੋਂ ਅੱਗੇ ਆਉਣ ਵਾਲੇ ਸ਼ਿਅਰਾਂ ਦੀਆਂ ਦੋਵੇਂ ਤੁੱਕਾਂ ਨੂੰ ਵੀ ਮਤਲੇ ਵਾਲੇ ਕਾਫ਼ੀਏ ਅਤੇ ਰਦੀਫ਼ ਵਾਲੀਆਂ ਹੀ ਪੇਸ਼ ਕਰਦਾ ਹੈ ਜਾਂ ਇੰਝ ਕਹਿ ਲਓ ਕਿ ਗ਼ਜ਼ਲਗੋ ਮਤਲੇ ਤੋਂ ਪਿੱਛੋਂ ਦੇ ਸ਼ਿਅਰ ਵੀ ਮਤਲੇ ਵਰਗੇ ਤੁਕਾਂਤ, ਕਾਫ਼ੀਏ ਅਤੇ ਰਦੀਫ਼ ਨਾਲ ਪੇਸ਼ ਕਰਦਾ ਹੈ। ਉਸ ਸਮੇਂ ਮਤਲੇ ਜਿਹੀ ਕਾਬਲੀਅਤ ਰੱਖਣ ਵਾਲੇ ਇਸ ਸ਼ਿਅਰ ਨੂੰ 'ਮਤਲਾ ਸਾਨੀ' ਜਾਂ 'ਹੁਸਨਿ ਮਤਲਾ' ਵੀ ਆਖਿਆ ਜਾਂਦਾ ਹੈ। ਸਮਕਾਲੀ ਪੰਜਾਬੀ ਗ਼ਜ਼ਲ ਵਿੱਚ ਸੁਖਵਿੰਦਰ ਅੰਮ੍ਰਿਤ, ਸੁਰਜੀਤ ਪਾਤਰ ਆਦਿ ਵਰਗੇ ਗਜ਼ਲਗੋ ਦੀਆਂ ਗ਼ਜ਼ਲਾਂ ਵਿੱਚ ਅਜਿਹਾ ਰੂਪ ਨਿਮਨ ਲਿਖਤ ਅਨੁਸਾਰ ਦੇਖਿਆ ਜਾ ਸਕਦਾ ਹੈ:

*ਜਦ ਵੀ ਮੈਂ ਆਪਣੇ ਇਸ਼ਕ ਦਾ ਕੋਈ ਵਾਕਿਆ ਲਿਖਾਂ*

*ਖ਼ੁਦ ਨੂੰ ਖ਼ੁਦਾਈ ਇਸ਼ਕ ਨੂੰ ਆਪਣਾ ਖ਼ੁਦਾ ਲਿਖਾਂ*

*ਫੁੱਲਾਂ ਤੇ ਤਿੱਤਲੀਆਂ ਦੀ ਇੱਕ ਲੰਮੀ ਕਥਾ ਲਿਖਾਂ*

*ਕੁਦਰਤ ਨੂੰ ਸੱਚੇ ਇਸ਼ਕ ਦਾ ਹੀ ਸਿਲਸਿਲਾ ਲਿਖਾਂ*

(ਸੁਖਵਿੰਦਰ ਅੰਮ੍ਰਿਤ, *ਪੱਤਝੜ ਵਿੱਚ ਪੁੰਗਰਦੇ ਪੱਤੇ* 13)

*ਹੁੰਦਾ ਸੀ ਏਥੇ ਸ਼ਖ਼ਸ ਇੱਕ ਸੱਚਾ ਕਿਧਰ ਗਿਆ*

*ਇਸ ਪੱਥਰਾਂ ਦੇ ਸ਼ਹਿਰ 'ਚ ਸ਼ੀਸ਼ਾ ਕਿਧਰ ਗਿਆ*

*ਜਾਂਦਾ ਸੀ ਮੇਰੇ ਪਿੰਡ ਨੂੰ ਰਸਤਾ ਕਿਧਰ ਗਿਆ*

*ਪੈੜਾਂ ਦੀ ਸ਼ਾਇਰੀ ਦਾ ਉਹ ਵਰਕਾ ਕਿਧਰ ਗਿਆ*

(ਸੁਰਜੀਤ ਪਾਤਰ, *ਸੁਰਜ਼ਮੀਨ* 24)

ਇਸ ਤਰ੍ਹਾਂ ਗ਼ਜ਼ਲ ਵਿੱਚ ਕਾਫ਼ੀਏ ਅਤੇ ਰਦੀਫ਼ ਦਾ ਆਪਣੀ-ਆਪਣੀ ਥਾਂ ਕਾਫੀ ਮਹੱਤਵ ਹੈ। ਮਤਲੇ ਦੇ ਸ਼ਿਅਰਾਂ ਦੇ ਦੋਹਾਂ ਮਿਸਰਿਆਂ ਦੇ ਅੰਤ ਵਿੱਚ ਜੋ ਅੱਖਰ ਜਾਂ ਸ਼ਬਦ ਧੁਨੀਆਤਮਕ ਪੱਖੋਂ ਸਾਂਝ ਪੈਦਾ ਕਰਦੇ ਹਨ, ਉਨ੍ਹਾਂ ਨੂੰ **ਕਾਫ਼ੀਆ** ਕਿਹਾ ਜਾਂਦਾ ਹੈ। ਕਾਫ਼ੀਆ ਗ਼ਜ਼ਲ ਦੇ ਬਾਕੀ ਸ਼ਿਅਰਾਂ ਦੇ ਦੂਜੇ ਮਿਸਰੇ ਵਿੱਚ ਮਤਲੇ ਦੇ ਤੁਕਾਂਤ ਅਨੁਸਾਰ ਬਦਲਦੇ ਰਹਿੰਦੇ ਹਨ। ਕਾਫ਼ੀਆ ਗ਼ਜ਼ਲ ਦੇ ਹਰ ਇੱਕ ਸ਼ਿਅਰ ਵਿੱਚ ਲੈਅ-ਬੱਧਤਾ ਅਤੇ ਤੁਕਾਂਤ ਨੂੰ ਪੈਦਾ ਕਰਦਾ ਹੈ। ਇਸੇ ਕਾਰਨ ਭਾਰਤੀ ਛੰਦ ਸ਼ਾਸਤਰ ਦੇ ਅਨੁਸਾਰ ਕਾਫ਼ੀਏ ਨੂੰ ਤੁਕਾਂਤ ਵੀ ਆਖਿਆ ਜਾਂਦਾ ਹੈ। ਗ਼ਜ਼ਲ ਰੂਪਾਕਾਰ ਅਧੀਨ ਕਾਫ਼ੀਏ ਜਾਂ ਤੁਕਾਂਤ ਸੰਬੰਧੀ ਪਕੇਰੇ ਨਿਯਮ ਸਥਾਪਿਤ ਹਨ ਜਿਨ੍ਹਾਂ ਦਾ ਨਿਭਾਅ ਸਮਕਾਲੀ ਪੰਜਾਬੀ ਗ਼ਜ਼ਲਗੋਅ ਬਾਖ਼ੂਬੀ ਕਰਦੇ ਹਨ। ਜਿਸ ਦੀ ਉਦਾਹਰਨ ਨਿਮਨਲਿਖਤ ਸੁਖਵਿੰਦਰ ਅੰਮ੍ਰਿਤ ਦੀ ਗ਼ਜ਼ਲ ਵਿੱਚੋਂ ਦੇਖੀ ਜਾ ਸਕਦੀ ਹੈ:

*ਕੋਈ ਜਾਣੇ ਨਾ ਥਹੁ-ਪਤਾ ਤੇਰਾ*

*ਫਿਰ ਵੀ ਸਭ ਨੂੰ ਹੈ ਆਸਰਾ ਤੇਰਾ*

*ਥਾਂ ਥਾਂ ਤੇਰੇ ਘਰਾਂ ਦੀ ਦੱਸ ਪੈਂਦੀ*

*ਕੋਈ ਦੱਸਦਾ ਨਹੀਂ ਪਤਾ ਤੇਰਾ*

*ਓਹੀ ਆਪੇ ਤੋਂ ਹੋ ਗਿਆ ਮੁਨਕਰ*

*ਜੋ ਵੀ ਹੋਇਆ ਹੈ ਆ ਸ਼ਨਾ ਤੇਰਾ* (*ਪੁੰਨਿਆ* 74)

ਇਸੇ ਤਰ੍ਹਾਂ ਗ਼ਜ਼ਲ ਵਿੱਚ ਜਿਹੜੇ ਸ਼ਬਦ ਕਾਫ਼ੀਏ ਤੋਂ ਬਾਅਦ ਵਾਰ-ਵਾਰ ਇੱਕੋ ਰੂਪ ਵਿੱਚ ਦੁਹਰਾਏ ਜਾਂਦੇ ਹਨ, ਉਨ੍ਹਾਂ ਨੂੰ **ਰਦੀਫ਼** ਆਖਿਆ ਜਾਂਦਾ ਹੈ। ਗ਼ਜ਼ਲ ਵਿੱਚ ਮਗਰਲੀਆਂ ਤੁਕਾਂ ਜਾਂ ਸ਼ਿਅਰ ਵਿੱਚ ਚੌਥੀ, ਛੇਵੀਂ ਅਤੇ ਅੱਠਵੀਂ ਆਦਿ ਤੁਕਾਂ ਦੇ ਤੁਕਾਂਤ ਤੇ ਮਤਲੇ ਨਾਲ ਮਿਲਦੇ ਹਨ। ਇੱਕੋ ਹੀ ਸ਼ਬਦ ਜਾਂ ਸ਼ਬਦਾਂ ਦਾ ਦੁਹਰਾਓ ਵਾਰ ਵਾਰ ਆਵੇ ਉਨ੍ਹਾਂ ਸ਼ਬਦਾਂ ਨੂੰ ਰਦੀਫ਼ ਕਰਕੇ ਜਾਣਿਆ ਜਾਂਦਾ ਹੈ। ਜਿਵੇਂ ਹੇਠਾਂ ਦਿੱਤਾ ਸ਼ਿਅਰ ਵਿੱਚ 'ਹੈ' ਸ਼ਬਦ ਵਾਰ-ਵਾਦ ਦੁਹਰਾਏ ਜਾਣ ਕਾਰਨ ਰਦੀਫ਼ ਅਖਵਾਉਂਦਾ ਹੈ:

*ਠੱਗੀ ਠੋਰੀ ਕਤਲ ਤੇ ਚੋਰੀ ਹੋਰ ਬਹੁਤ ਕੁਝ ਕਰਦਾ ਹੈ।*

*ਪਰ ਬੀਬਾ ਨਿਰਦੋਸ਼ਾ ਕਹੀਏ ਕਿਉਂਕਿ ਬੰਦਾ ਘਰਦਾ ਹੈ*

*ਤੱਕ ਆਪਣਾ ਪਰਛਾਵਾ ਉਸਨੂੰ ਸ਼ਾਮੀਂ ਲਾਲੀ ਚੜ੍ਹਦੀ ਹੈ*

*ਸਾਨੂੰ ਤੱਕੇ ਨੱਕ ਮੂੰਹ ਵੱਟੇ ਖ਼ੁਦ ਸ਼ੀਸ਼ੇ ਤੋਂ ਡਰਦਾ ਹੈ।*

(ਜਸਵੰਤ ਜਫ਼ਰ, *ਦੋ ਸਾਹਾਂ ਵਿਚਕਾਰ* 58)

ਗ਼ਜ਼ਲ ਦੇ ਉਸ ਆਖ਼ਰੀ ਸ਼ਿਅਰ ਨੂੰ 'ਮਕਤਾ' ਕਿਹਾ ਜਾਂਦਾ ਹੈ ਜਿਸ ਵਿੱਚ ਗ਼ਜ਼ਲਗੋ ਆਪਣਾ ਨਾਮ, ਉਪਨਾਮ ਜਾਂ ਤਖ਼ੱਲਸ ਵਰਤ ਕੇ ਗ਼ਜ਼ਲ ਦੀ ਸਮਾਪਤੀ ਕਰਦਾ ਹੈ। ਮਕਤਾ ਗ਼ਜ਼ਲ ਦਾ ਆਖ਼ਰੀ ਸ਼ਿਅਰ ਹੈ ਇਹ ਗ਼ਜ਼ਲ ਦੇ ਬਾਕੀ ਸ਼ਿਅਰਾਂ ਦੀ ਤਰ੍ਹਾਂ ਮਤਲੇ ਦਾ ਹਮ ਕਾਫ਼ੀਆ ਅਤੇ ਰਦੀਫ਼ ਹੁੰਦਾ ਹੈ। ਡਾ. ਜਸਵੰਤ ਸਿੰਘ ਬੇਗੋਵਾਲ ਡਾ. ਸਾਧੂ ਸਿੰਘ ਹਮਦਰਦ ਦੇ ਹਵਾਲੇ ਰਾਹੀਂ ਮਕਤੇ ਦੇ ਅਰਥਾਂ ਬਾਰੇ ਬਿਆਨ ਕਰਦੇ ਹਨ:

> *'ਮਕਤਾ' ਦਾ ਅਰਥ ਕਤਅ ਹੋਣ ਦੀ ਜਗ੍ਹਾ ਤੋਂ ਲੈਂਦਾ ਹੈ ਦੂਸਰੇ ਸ਼ਬਦਾਂ ਵਿੱਚ ਅਸੀਂ ਇਸ ਨੂੰ ਸਮਾਪਤੀ ਸਥਾਨ ਵੀ ਆਖ ਸਕਦੇ ਹਾਂ।* (*ਪੰਜਾਬੀ ਪਿੰਗਲ* 215)

ਉਪਰੋਕਤ ਕੜੀ ਵਿੱਚ ਨਦੀਮ ਪਰਮਾਰ 'ਮਕਤੇ' ਨੂੰ ਪ੍ਰਭਾਸ਼ਿਤ ਕਰਦੇ ਲਿਖਦੇ ਹਨ ਕਿ:

> *ਮਕਤਾ ਗ਼ਜ਼ਲ ਦੇ ਆਖ਼ਰੀ ਸ਼ੇਅਰ ਨੂੰ ਕਿਹਾ ਜਾਂਦਾ ਹੈ। ਇਸ ਵਿੱਚ ਸ਼ਾਇਰ ਦਾ "ਤਖ਼ੱਲਸ", ਉਪਨਾਮ ਜਾਂ ਖਿਤਾਬ ਆਉਂਣਾ ਜ਼ਰੂਰੀ ਹੈ। ਮਕਤੇ ਦਾ ਦੂਜਾ ਮਿਸਰਾ ਵੀ ਬਾਕੀ ਸ਼ਿਅਰਾਂ ਵਾਂਗ ਮਤਲੇ ਦਾ ਹਮਕਾਫ਼ੀਆ ਅਤੇ ਹਮਰਦੀਫ਼ ਹੁੰਦਾ ਹੈ। ਗ਼ਜ਼ਲ ਬਿਨਾਂ ਮਕਤੇ ਤੋਂ ਵੀ ਹੋ ਸਕਦੀ ਹੈ।*
>
> (*ਗ਼ਜ਼ਲ ਦੀ ਵਿਆਕਰਣ* 9)

ਸਮਕਾਲੀ ਦੌਰ ਵਿੱਚ ਤਕਨੀਕੀ ਵਿਕਾਸ ਕਾਰਨ ਸੰਚਾਰ ਅਤੇ ਪ੍ਰਿੰਟ ਮੀਡੀਆ ਨੇ ਤਕਨੀਕੀ ਪੱਖੋਂ ਬੇਹੱਦ ਵਿਕਾਸ ਕੀਤਾ ਹੈ। ਇਸ ਲਈ ਗ਼ਜ਼ਲਗੋਆਂ ਦੇ ਗ਼ਜ਼ਲ ਸੰਗ੍ਰਹਿ ਆਸਾਨੀ ਨਾਲ ਪ੍ਰਕਾਸ਼ਿਤ ਹੁੰਦੇ ਰਹਿੰਦੇ ਹਨ। ਗ਼ਜ਼ਲ ਸੰਗ੍ਰਹਿ ਦੇ ਪ੍ਰਕਾਸ਼ਿਤ ਹੋਣ ਦੇ ਨਾਲ ਹੀ ਗ਼ਜ਼ਲ ਦੇ ਚੋਰੀ ਹੋਣ ਜਾਂ ਗ਼ਜ਼ਲਗੋ ਦੇ ਗੁੰਮਨਾਮ ਹੋਣ

ਦਾ ਖ਼ਦਸ਼ਾ ਨਾ ਮਾਤਰ ਰਹਿ ਜਾਂਦਾ ਹੈ। ਇਸ ਲਈ ਵਧੇਰੇ ਗ਼ਜ਼ਲਗੋ ਆਪਣੀਆਂ ਗ਼ਜ਼ਲਾਂ ਮਕਤੇ ਤੋਂ ਬਿਨਾਂ ਵਧੇਰੇ ਪ੍ਰਕਾਸ਼ਿਤ ਕਰਦੇ ਹਨ। ਸਮਕਾਲੀ ਪੰਜਾਬੀ ਗ਼ਜ਼ਲਗੋ ਸੁਰਜੀਤ ਪਾਤਰ, ਸੁਖਵਿੰਦਰ ਅੰਮ੍ਰਿਤ, ਜਸਵੰਤ ਜ਼ਫ਼ਰ ਅਤੇ ਗੁਰਤੇਜ ਕੋਹਾਰਵਾਲਾ ਦੀਆਂ ਗ਼ਜ਼ਲ ਸੰਗ੍ਰਿਹਾਂ ਵਿੱਚੋਂ ਗ਼ਜ਼ਲ ਦੇ ਮਕਤੇ ਦੀਆਂ ਕੁਝ ਉਦਾਹਰਨਾਂ ਨਿਮਨਲਿਖਤ ਦਿੱਤੀਆਂ ਗਈਆਂ ਹਨ:

*ਦਗ਼ਾ ਕਰ ਰਿਹਾ ਏਂ ਗ਼ਜ਼ਲ ਨਾਲ ਪਾਤਰ*

*ਇਹ ਕੀ ਲਿਖ ਰਿਹੈਂ ਭਾਵਨਾਵਾਂ ਤੋਂ ਚੋਰੀ*

(ਸੁਰਜੀਤ ਪਾਤਰ, *ਪੱਤਝੜ ਦੀ ਪਾਜ਼ੇਬ* 23)

*ਪਾਤਰ ਨੂੰ ਜਾਣ ਜਾਣ ਕੇ ਪੁੱਛਦੀ ਹੈ ਅੱਜ ਹਵਾ*

*ਰੇਤਾ ਤੇ ਤੇਰਾ ਨਾਮ ਸੀ ਲਿਖਿਆ ਕਿਧਰ ਗਿਆ*

(ਸੁਰਜੀਤ ਪਾਤਰ, *ਸੁਰਜ਼ਮੀਨ* 25)

*ਇਸ਼ਕ ਤੇਰੇ ਵਿੱਚ ਢਾਲ ਤੇਰੀ 'ਅੰਮ੍ਰਿਤ'*

*ਤੇਰੇ ਵਰਗੀ ਹੀ ਹੂਬਹੂ ਹੋਈ*

(ਸੁਖਵਿੰਦਰ ਅੰਮ੍ਰਿਤ, *ਪੱਤਝੜ ਵਿੱਚ ਪੁੰਗਰਦੇ ਪੱਤੇ* 58)

ਉਪਰੋਕਤ ਮਕਤਿਆਂ ਦੇ ਨਮੂਨੇ ਤੋਂ ਸਪਸ਼ਟ ਪ੍ਰਤੱਖਣ ਹੁੰਦਾ ਹੈ ਕਿ ਪ੍ਰਮੁੱਖ ਸ਼ਾਇਰ ਸੁਰਜੀਤ ਪਾਤਰ ਅਤੇ ਸੁਖਵਿੰਦਰ ਅੰਮ੍ਰਿਤ ਵਰਗੇ ਸ਼ਾਇਰ ਜਿੱਥੇ ਮਕਤੇ ਦੀ ਵਰਤੋਂ ਬਹੁਤ ਸੂਝ-ਬੂਝ ਅਤੇ ਅਰਥ ਭਰਪੂਰ ਤਰੀਕੇ ਨਾਲ ਕਰਦੇ ਹਨ, ਉਥੇ ਨਾਲ ਹੀ ਮਕਤੇ ਰਹਿਤ ਗ਼ਜ਼ਲ ਵੀ ਲਿਖਦੇ ਹਨ। ਸੰਚਾਰ ਅਤੇ ਤਕਨੀਕੀ ਮੀਡੀਆ ਸਦਕਾ ਸਮਕਾਲੀ ਗ਼ਜ਼ਲਗੋ ਆਪਣੀਆਂ ਗ਼ਜ਼ਲਾਂ ਦੀ ਸਮਾਪਤੀ 'ਮਕਤੇ-ਰਹਿਤ' ਵਧੇਰੇ ਕਰਦੇ ਹਨ ਕਿਉਂਕਿ ਅੱਜ-ਕੱਲ੍ਹ ਗ਼ਜ਼ਲਗੋ ਆਪਣੀਆਂ ਰਚਨਾਵਾਂ ਨੂੰ ਇਕੱਤਰ ਕਰਕੇ ਆਪਣਾ ਨਿੱਜੀ 'ਗ਼ਜ਼ਲ-ਸੰਗ੍ਰਹਿ' ਆਸਾਨੀ ਨਾਲ ਪ੍ਰਕਾਸ਼ਿਤ ਕਰ ਸਕਦਾ ਹੈ ਜਾਂ ਵੱਖ-ਵੱਖ ਸੰਚਾਰ ਮੀਡੀਆ ਦਾ ਸਹਾਰਾ ਲੈ ਕੇ ਆਪਣੀ ਗ਼ਜ਼ਲ ਨੂੰ ਸਰੋਤਿਆਂ ਅੱਗੇ ਪਰੋਸ ਸਕਦਾ ਹੈ। ਇਸ ਲਈ ਗ਼ਜ਼ਲਗੋ ਦੇ ਗੁੰਮਨਾਮ ਹੋਣ ਦਾ

ਖਦਸ਼ਾ ਨਹੀਂ ਰਹਿੰਦਾ। ਜਸਵੰਤ ਜ਼ਫ਼ਰ, ਗੁਰਤੇਜ ਕੁਹਾਰ ਵਾਲਾ ਦੀ ਤਰ੍ਹਾਂ ਸੁਰਜੀਤ ਪਾਤਰ ਅਤੇ ਸੁਖਵਿੰਦਰ ਅੰਮ੍ਰਿਤ ਦੀਆਂ ਵਧੇਰੇ ਗ਼ਜਲਾਂ 'ਮਕਤੇ-ਰਹਿਤ' ਹੁੰਦੀਆਂ ਹਨ। ਪ੍ਰਮਾਣ ਵਜੋਂ ਗ਼ਜ਼ਲਾਂ ਦੇ ਅੰਤਿਮ ਸ਼ਿਅਰਾਂ ਦੀਆਂ ਉਦਾਹਰਨਾਂ ਦੇਖੀਆਂ ਜਾ ਸਕਦੀਆਂ ਹਨ:

*ਪੁੰਨ ਕੀ ਹੈ ਤੇ ਪਾਪ ਕੀ ਝੂਠ ਕੀ ਹੈ ਤੇ ਸੱਚ ਕੀ ਹੈ*

*ਵਿੱਚ ਵਿਚਾਲੇ ਹਿੱਲਦੀ ਫੈਸਲਿਆਂ ਦੀ ਤਾਰ ਸੀ।*

(ਜਸਵੰਤ ਜ਼ਫ਼ਰ, *ਦੋ ਸਾਹਾਂ ਵਿੱਚਕਾਰ* 57)

*ਉਨ੍ਹਾਂ ਲੋਕਾਂ ਦੀਆਂ ਰਾਤਾਂ 'ਚੋਂ ਹੀ ਸੂਰਜ ਉਦੈ ਹੋਣਾ,*

*ਜਿਨ੍ਹਾਂ ਨੇ ਦੀਵਿਆਂ ਦੀ ਥਾਂ ਹੈ ਖੁਦ ਨੂੰ ਬਾਲਿਆ ਹੋਇਆ।*

(ਗੁਰਤੇਜ ਕੋਹਾਰਵਾਲਾ, *ਪਾਣੀ ਦਾ ਹਾਸ਼ੀਆ*, 37)

*ਅਰਸ਼ 'ਤੇ ਤਾਰੇ ਧਰਤ ਤੇ ਅੱਖਰ ਚਮਕ ਰਹੇ ਸਨ ਰਾਤ ਬਰਾਤੇ*

*ਸਨ ਕੁਝ ਲੋਕ ਜੋ ਕਾਇਨਾਤ ਨੂੰ ਪਿਆਰ ਦੇ ਰੰਗ ਚ ਰੰਗ ਰਹੇ ਸਨ*

(ਸੁਰਜੀਤ ਪਾਤਰ, *ਸੁਰਜ਼ਮੀਨ* 77)

*ਤੀਰ ਨਾ ਖੰਜਰ ਕੋਈ ਉਹ ਹੌਸਲਾ ਮੇਰਾ ਸੀ, ਜੋ*

*ਮੌਤ ਦੇ ਸੰਨਾਟਿਆਂ ਦਾ ਸਾਹਮਣਾ ਕਰਦਾ ਰਿਹਾ*

(ਸੁਖਵਿੰਦਰ ਅੰਮ੍ਰਿਤ, *ਹਜ਼ਾਰ ਰੰਗਾਂ ਦੀ ਲਾਟ* 26)

**ਗੀਤ ਕਾਵਿ-ਰੂਪ:**

ਗੀਤ ਕਾਵਿ-ਰੂਪ ਸੁਰ, ਤਾਲ ਅਤੇ ਲੈਅ ਵਿੱਚ ਬੱਝਿਆ ਇੱਕ ਕਲਾਤਮਿਕ ਅਤੇ ਸੰਗੀਤਮਈ ਪ੍ਰਗਟਾਵਾ ਹੈ। ਗੀਤ ਕਾਵਿ-ਰੂਪ ਗੀਤਕਾਰ ਦੇ ਮਨ ਦੇ ਭਾਵਾਂ, ਵਲਵਲਿਆਂ ਅਤੇ ਜਜ਼ਬਿਆਂ ਨੂੰ ਕਲਾਤਮਿਕ ਅਤੇ ਸੰਗੀਤਮਈ ਲਹਿਜੇ ਨਾਲ ਸੰਚਾਰਿਤ ਕਰਦਾ ਹੈ। ਗੀਤ ਕਾਵਿ-ਰੂਪ ਸੁਹਜਾਤਮਿਕ, ਰਮਜ਼ਮਈ, ਸੰਗੀਤਮਈ, ਸੂਖ਼ਮਤਾ, ਸੁਰਬੱਧਤਾ, ਲੈਅ, ਤੋਲ, ਵਜ਼ਨ, ਤੁਕਾਂਤ, ਸੰਵੇਦਨਾ ਨਾਲ ਲਬਰੇਜ਼ ਅਤੇ ਭਾਵ

ਭਰਪੂਰ ਕਾਵਿ-ਰੂਪ ਹੈ। ਸਮਕਾਲੀ ਪੰਜਾਬੀ ਕਵਿਤਾ ਦਾ ਇਹ ਗੀਤ ਰੂਪਾਕਾਰ ਸਮਕਾਲੀ ਦੌਰ ਵਿੱਚ ਵਧੇਰੇ ਪ੍ਰਚੱਲਿਤ ਹੈ। ਇਨਸਾਈਕਲੋਪੀਡੀਆ ਅਮਰੀਕਾ ਵਿੱਚ ਗੀਤ ਨੂੰ 'ਸ਼ਬਦ' ਅਤੇ 'ਸੰਗੀਤ' ਨੂੰ ਬਰਾਬਰ ਮਹੱਤਤਾ ਦੇਣ ਵਾਲਾ ਅਤੇ ਸਾਜਾਂ ਨਾਲ ਗਾਇਆ ਜਾ ਸਕਣ ਵਾਲਾ ਕਾਵਿ-ਰੂਪ ਮੰਨਿਆ ਗਿਆ ਹੈ:

> *Song, a short musical work set to a poetic text, with equal importance given to the words. It may be written for one or several voices and is generally performed with instrumental accompaniment.* (*Encyclopedia America* 220)

ਸੁਖਵਿੰਦਰ ਅੰਮ੍ਰਿਤ 'ਨੀਲਿਆ ਮੋਰਾ ਵੇ...' ਗੀਤ ਸੰਗ੍ਰਹਿ ਵਿੱਚ 'ਗੀਤ' ਦੀ ਪਰਿਭਾਸ਼ਾ ਦਿੰਦੇ ਹੋਏ ਲਿਖਦੇ ਹਨ ਕਿ:

> *ਲੈਅ ਵਿੱਚ ਪਰੋਏ ਉਨ੍ਹਾਂ ਸ਼ਬਦਾਂ ਨੂੰ ਗੀਤ ਆਖਿਆ ਜਾਂਦਾ ਹੈ ਜਿਨ੍ਹਾਂ ਰਾਹੀਂ ਮਨੁੱਖ ਆਪਣੇ ਮਨ ਦੇ ਕੋਮਲ ਅਤੇ ਗਹਿਰੇ ਅਹਿਸਾਸਾਂ ਦਾ ਪ੍ਰਗਟਾਅ ਕਰਦਾ ਹੈ।* (9)

ਮੋਹਨ ਤਿਆਗੀ ਗੀਤ-ਕਾਵਿ ਰੂਪ ਨੂੰ ਪਰਿਭਾਸ਼ਤ ਕਰਦੇ ਲਿਖਦੇ ਹਨ:

> *ਮਨੁੱਖੀ ਮਨ ਨੂੰ ਆਨੰਦ ਦੇਣ ਵਾਲੇ ਸੁਰ ਸਮੂਹ ਨੂੰ ਸੰਗੀਤ ਸ਼ਾਸਤਰ ਵਿੱਚ 'ਗੀਤ' ਕਿਹਾ ਜਾਂਦਾ ਹੈ। ਗੀਤ ਵਿੱਚ ਕਵੀ ਦੀ ਵਿਅਕਤੀਗਤ ਅੰਦਰਲੀ ਭਾਵਨਾ ਅਤੇ ਬਾਹਰੀ ਹਾਲਤਾਂ ਦੇ ਪ੍ਰਭਾਵ ਉੱਭਰ ਕੇ ਸਾਹਮਣੇ ਆਉਂਦੇ ਹਨ। ਗੀਤ ਛੋਟੇ ਅਕਾਰ ਦੀ ਵੇਗਮਈ ਰਚਨਾ ਹੈ। ਇਸ ਦੀ ਬਣਤਰ ਲੰਮੀ ਅਤੇ ਗੁੰਝਲਦਾਰ ਨਾ ਹੋ ਕੇ ਸਰਲ ਹੁੰਦੀ ਹੈ। ਭਾਵਨਾ, ਕਲਪਨਾ, ਅਤੇ ਸੰਗੀਤ ਗੀਤ ਦੇ ਵਿਸ਼ੇਸ਼ ਅੰਗ ਹਨ।*[12]

ਗੀਤ ਸਮਕਾਲੀ ਦੌਰ ਵਿੱਚ ਬਹੁਤ ਪ੍ਰਚੱਲਿਤ ਕਾਵਿ-ਰੂਪ ਵੰਨਗੀ ਹੈ। ਇਹ ਸੰਗੀਤਾਤਮਕ, ਤੀਬਰ ਭਾਵੀ, ਸੁਹਜਮਈ, ਸਰਲਤਾ ਦੇ ਗੁਣਾ ਨਾਲ ਲਬਰੇਜ਼ ਕਾਵਿ-ਰੂਪ ਹੈ। ਜਿਸ ਨੂੰ ਸੁਰ, ਲੈਅ, ਤਾਲ, ਨਾਲ

[12](http://webstarpatiala.com/gurmat_online_course_latest/ba_sem1/punjabiliterature_najam_geet_gazal.html)

ਸੰਗੀਤ ਮਈ ਧੁਨਾਂ 'ਤੇ ਗਾਇਆ ਜਾ ਸਕਦਾ ਹੈ। ਭਾਵ ਅਤੇ ਸੰਗੀਤ ਗੀਤ ਦੇ ਪ੍ਰਮੁੱਖ ਤੱਤ ਹਨ। ਗੀਤ ਰੂਪਕ ਪੱਖੋਂ ਕਵਿਤਾ ਨਾਲੋਂ ਵੱਖਰੀ ਨੁਹਾਰ ਰੱਖਦਾ ਹੈ। ਗੀਤ ਦੇ ਆਰੰਭ ਵਿੱਚ ਆਮ ਤੌਰ ਤੇ ਕਿਸੇ ਪ੍ਰਚੱਲਿਤ ਲੈਅ ਵਿੱਚ, ਜ਼ਿਆਦਾ ਕਰਕੇ ਦੋ ਤੁਕਾਂ ਵਿੱਚ ਇੱਕ ਸ਼ਿਅਰ ਲਿਖਿਆ ਜਾਂਦਾ ਹੈ, ਜੋ ਗੀਤ ਦਾ **ਮੁੱਖੜਾ** ਬਣਦਾ ਹੈ। ਮੁੱਖੜੇ ਦੇ ਮਗਰੋਂ ਕੁਝ ਹੋਰ ਬੰਦ ਲਿਖੇ ਜਾਂਦੇ ਹਨ, ਜਿਨ੍ਹਾਂ ਨੂੰ **ਅੰਤਰਾ** ਆਖਦੇ ਹਨ। ਸੁਰਜੀਤ ਪਾਤਰ, ਸੁਖਵਿੰਦਰ ਅੰਮ੍ਰਿਤ, ਜਸਵੰਤ ਜ਼ਫ਼ਰ ਆਦਿ ਸਮਕਾਲੀ ਪੰਜਾਬੀ ਕਵੀਆਂ ਨੇ ਗੀਤ ਕਾਵਿ-ਰੂਪ ਵਿੱਚ ਸੰਗੀਤਾਤਮਕਤਾ ਰਾਹੀਂ ਆਪਣੇ ਭਾਵਾਂ ਦਾ ਪ੍ਰਗਟਾਅ ਨਿਮਨਲਿਖਤ ਵਾਂਗ ਟੁੰਬਵੇਂ ਅਹਿਸਾਸ ਅਤੇ ਮੱਘਦੇ ਭਾਵਾਂ, ਤੂਫਾਨੀ ਜ਼ਜ਼ਬਿਆਂ ਦੇ ਵੇਗ ਨਾਲ ਮਧੁਰ ਸ਼ੈਲੀ ਸੁਹਜ਼ਮਈ ਸ਼ੈਲੀ ਵਿੱਚ ਕੀਤਾ ਹੈ:

*ਕਾਲੇ ਨ੍ਹੇਰਿਆਂ 'ਚ ਜਗੇ ਤੇਰੀ ਪੈੜ ਪੂਰਨਾ*

*ਲੈ ਜਾ ਸੁੰਦਰਾਂ ਦੇ ਬੂਹੇ ਉੱਤੋਂ ਖ਼ੈਰ ਪੂਰਨਾ*

*ਵਾਟਾਂ ਔਖੀਆਂ ਟਿਕਾਣੇ ਤੇਰੇ ਦੂਰ ਵੇ*

*ਤੇਰੇ ਰਾਹਾਂ ਵਿੱਚ ਤੁਹਮਤਾਂ ਦੀ ਧੂੜ ਵੇ*

*ਚੜ੍ਹੀ ਅੰਬਰਾਂ 'ਤੇ ਬਦੀਆਂ ਦੀ ਗਹਿਰ ਪੂਰਨਾ*

*ਲੈ ਜਾ ਸੁੰਦਰਾਂ ਦੇ ਬੂਹੇ ਉੱਤੋਂ ਖ਼ੈਰ ਪੂਰਨਾ*

*ਤੇਰੇ ਚਾਨਣਾਂ 'ਤੇ ਲੱਖਾਂ ਇਲਜ਼ਾਮ ਵੇ*

*ਤੈਨੂੰ ਟੋਲਦਾ ਏ ਨ੍ਹੇਰ ਦਾ ਨਿਜ਼ਾਮ ਵੇ*

*ਤੇਰਾ ਮੁਖ਼ਬਰ ਹੋਇਆ ਸਾਰ ਸ਼ਹਿਰ ਪੂਰਨਾ*

*ਲੈ ਜਾ ਸੁੰਦਰਾਂ ਦੇ ਬੂਹੇ ਉੱਤੋਂ ਖ਼ੈਰ ਪੂਰਨਾ*

(ਸੁਖਵਿੰਦਰ ਅੰਮ੍ਰਿਤ, *ਨੀਲਿਆ ਮੋਰਾ ਵੇ...* 32)

*ਤੈਨੂੰ ਜ਼ਿੰਦਗੀ ਦੀ ਅਰਘ ਚੜ੍ਹਾਵਾਂ*

*ਵੇ ਚੜ੍ਹ-ਚੜ੍ਹ ਚੰਨਾ ਸੋਹਣਿਆਂ*

*ਨੈਣ ਖੋਹਲਾਂ ਤੂੰ ਨਾ ਦਿੱਸੇਂ ਨੈਣ ਲਵਾਂ ਮੁੰਦ ਵੇ।*

*ਨੈਣਾਂ ਵਿੱਚ ਅੱਜ-ਕੱਲ੍ਹ ਛਾਈ ਰਹਿੰਦੀ ਧੁੰਦ ਵੀ।*

*ਕਦੋਂ ਚਾਨਣੀ ਦਾ ਕਜਲਾ ਮੈਂ ਪਾਵਾਂ-*

*ਵੇ ਚੜ੍ਹ-ਚੜ੍ਹ ਚੰਨਾ ਸੋਹਣਿਆਂ*

*ਚਾਂਦੀ ਦੇ ਲਿਬਾਸ ਤੇ ਸਵਾਰੀ ਤੇਰੀ ਪੌਣ ਤੇ*

*ਸਾਡੀ ਜਿੰਦ ਧਰੀ ਜਾਪੇ ਕੀੜਿਆਂ ਦੇ ਭੌਣ ਤੇ।*

*ਪੀਰਾਂ ਮਾਰੀ ਦੀਆਂ ਮੰਨ ਲੈ ਦੁਆਵਾਂ-*

*ਚੜ੍ਹ-ਚੜ੍ਹ ਚੰਨਾ ਸੋਹਣਿਆਂ*

(ਜਸਵੰਤ ਜ਼ਫ਼ਰ, *ਦੋ ਸਾਹਾਂ ਵਿੱਚਕਾਰ* 62)

ਗੀਤ ਦੇ ਮੁੱਖੜੇ ਵਿੱਚ ਇਸਦੇ ਮੁੱਖ ਵਿਚਾਰ ਵਿਅਕਤ ਕੀਤੇ ਜਾਂਦੇ ਹਨ। ਜਿਨ੍ਹਾਂ ਨੂੰ ਗੀਤਕਾਰ ਆਪਣੇ ਪੂਰੇ ਗੀਤ ਵਿੱਚ ਵਿਸਤ੍ਰਿਤ ਕਰਦਾ ਹੈ। ਗੀਤ ਦੇ ਮੁੱਖੜੇ ਨੂੰ ਸਥਾਈ ਵੀ ਆਖਿਆ ਜਾਂਦਾ ਹੈ। ਮੁੱਖੜੇ ਦੇ ਮਗਰੋਂ ਗੀਤ-ਕਾਵਿ ਰੂਪ ਵਿੱਚ ਕੁਝ ਹੋਰ ਬੰਦ ਲਿਖੇ ਜਾਂਦੇ ਹਨ, ਜਿਨ੍ਹਾਂ ਨੂੰ **ਅੰਤਰਾ** ਆਖਿਆ ਜਾਂਦਾ ਹੈ। ਗੀਤ ਵਿਚ ਹਰੇਕ ਅੰਤਰੇ ਦਾ ਅੰਤ ਮੁੱਖੜੇ ਨਾਲ ਹੀ ਕੀਤਾ ਜਾਂਦਾ ਹੈ। ਇਹ ਬੰਦ/ਅੰਤਰਾ ਦੋ-ਦੋ, ਤਿੰਨ-ਤਿੰਨ, ਚਾਰ-ਚਾਰ, ਜਾਂ ਇਸ ਤੋਂ ਵੱਧ ਤੁਕਾਂ ਦੇ ਵੀ ਹੋ ਸਕਦੇ ਹਨ। ਗੀਤ ਦੀ ਮੁੱਖ ਵਿਸ਼ੇਸ਼ਤਾ ਇਸ ਨੂੰ ਗਾਇਆ ਜਾਣਾ ਹੈ। ਇਸ ਲਈ ਸਥਾਈ ਅਤੇ ਅੰਤਰੇ ਦੀਆਂ ਤੁਕਾਂਦੀ ਲੰਬਾਈ (ਵਜ਼ਨ) ਆਪਸ ਵਿੱਚ ਮਿਲਦੀ ਹੋਵੇ ਜਾਂ ਨਾ, ਪਰ ਸੰਗੀਤ ਪੱਖੋਂ ਇਹਨਾਂ ਦਾ ਤਾਲ ਜ਼ਰੂਰ ਇੱਕ ਹੀ ਹੋਣਾ ਚਾਹੀਦਾ ਹੈ ਤਾਂ ਕਿ ਗਾਉਣ ਵਾਲੇ ਗਾਇੱਕ ਨੂੰ ਮੁਸ਼ਕਿਲ ਨਾ ਪੇਸ਼ ਆਵੇ ਸਮਕਾਲੀ ਕਵੀ ਵਰਤਮਾਨ ਸਮੇਂ ਵਿੱਚ ਗੀਤ ਕਾਵਿ-ਰੂਪ ਦੀ ਸੰਗੀਤਾਤਮਕਤਾ ਨੂੰ ਬਰਕਰਾ ਰੱਖਦੇ ਹੋਏ ਗੀਤ ਕਾਵਿ ਰੂਪ ਦੀ ਸਿਰਜਣਾ ਕਰਦੇ ਹਨ। ਮਿਸਾਲ ਵਜੋਂ ਜਸਵੰਤ ਜ਼ਫ਼ਰ ਦੇ ਹੇਠਾਂ ਦਿੱਤੇ ਗੀਤ ਵਿਚ ਸਥਾਈ ਅਤੇ ਅੰਤਰੇ ਦੇ ਗੀਤ ਵਿਚ ਸਥਾਨ ਅਤੇ ਪ੍ਰਕਾਰਜ ਨੂੰ ਸਮਝਿਆ ਜਾ ਸਕਦਾ ਹੈ:

ਸਥਾਈ: *ਸੱਜਣ ਜੀ ਸਾਨੂੰ ਤੈਂ ਜੇਈ ਨਾਂ ਦਾਤ*

*ਆਪ ਤੁਸਾਂ ਨੇ ਚਿਣ ਗਮਘਾਈ ਆਪੇ ਬਣੇ ਬਰਸਾਤ*

ਅੰਤਰਾ: *ਜਿਹੜੇ ਦਿਨ ਸੱਜਣ ਜੀ ਤਨ-ਮਨ ਛੋਹ ਤੁਸਾਂ ਦੀ ਪਾਈ*

*ਰੋਮ-ਰੋਮ ਦੇ ਅੰਦਰ ਜਾਪੇ ਛਿੜੀ ਕੋਈ ਸ਼ਹਿਨਾਈ*

*ਬੁਝੇ ਹੋਏ ਨੈਣਾਂ ਦੇ ਅੰਦਰ ਲਿਸ਼ਕੀ ਰਿਸ਼ਮ ਖ਼ੁਦਾਈ*

*ਚੰਨ ਜੀ ਚਾਨਣ ਚਾਨਣ ਹੋਈ ਮਨ ਦੀ ਕਾਲੀ ਰਾਤ*

*ਸੱਜਣ ਜੀ ਸਾਨੂੰ ਤੈਂ ਜੇਈ ਨਾਂ ਦਾਤ।*

*ਕੱਲ-ਮ-ਕੱਲੇ ਅਤੇ ਪਿਆਸੇ ਮਾਰੂਥਲ ਸਾਂ ਗਾਹੁੰਦੇ*

*ਆਪਣਾ ਸੀ ਪਰਛਾਵਾਂ ਫੜਦੇ, ਮੰਜ਼ਿਲ ਥਹੁ ਨਾ ਪਾਉਂਦੇ*

*ਉਡਦੇ- ਉਡਦੇ ਬੱਦਲ ਵਾਂਗੂ ਸੱਜਣ ਜੀ ਜਾਪੇ ਆਉਂਦੇ*

*ਪਹਿਲਾਂ ਸਿਰ ਸੰਘਣੀ ਛਾਂ ਕੀਤੀ, ਫੇਰ ਬਣੇ ਬਰਸਾਤ*

*ਸੱਜਣ ਜੀ ਸਾਨੂੰ ਤੈਂ ਜਿਹੀ ਨਾ ਦਾਤ।*

(*ਦੋ ਸਾਹਾਂ ਵਿਚਕਾਰ* 60)

ਗੀਤ ਪੰਜਾਬੀ ਸਾਹਿਤ ਦਾ ਮੌਲਿਕ ਕਾਵਿ ਰੂਪ ਹੈ ਪਰ ਇਸ ਰੂਪਾਕਾਰ ਨੂੰ ਆਧੁਨਿਕ ਕਵੀਆਂ ਵਿੱਚੋਂ ਸ਼ਿਵ ਕੁਮਾਰ ਬਟਾਲਵੀ ਤੋਂ ਬਗੈਰ ਬਾਕੀ ਸਾਹਿਤਕਾਰਾਂ ਨੇ ਬਹੁਤ ਘੱਟ ਅਪਣਾਇਆ ਹੈ। ਇਤਿਹਾਸਕ ਪੱਖੋਂ ਗੀਤ ਪਹਿਲਾਂ ਸਿਰਫ਼ ਮੌਖਿਕ ਰੂਪ ਵਿੱਚ ਹੀ ਵਧੇਰੇ ਪ੍ਰਚੱਲਿਤ ਹੁੰਦੇ ਸਨ। ਇੱਕ ਗੀਤ ਦੀ ਸਿਰਜਣਾ ਪਿੱਛੇ ਬਹੁ-ਗਿਣਤੀ ਲੋਕਾਂ ਦੀ ਭਾਗੀਦਾਰੀ ਹੁੰਦੀ ਸੀ, ਜਿਸ ਕਾਰਨ ਉਸ 'ਗੀਤ-ਰੂਪ' ਨੂੰ 'ਲੋਕ-ਗੀਤ' ਕਿਹਾ ਜਾਂਦਾ ਸੀ ਪ੍ਰੰਤੂ ਸਮਕਾਲੀ ਦੌਰ ਵਿੱਚ ਹਰ ਗੀਤਕਾਰ, ਸੰਗੀਤਕਾਰ ਜਾਂ ਰਚਨਹਾਰੇ ਦਾ ਨਾਮ ਉਸ ਗੀਤ ਨਾਲ ਜੁੜਿਆ ਹੁੰਦਾ ਹੈ। ਅਜੋਕੇ ਸਮਕਾਲੀ ਸੰਦਰਭ ਵਿੱਚ 'ਗੀਤ' ਕਾਵਿ-ਰੂਪ ਸੰਚਾਰ ਸਾਧਨ, ਰੇਡੀਓ,

ਸਿਨੇਮਾ, ਲਾਊਡ-ਸਪੀਕਰ, ਫਿਲਮਾਂ ਜਾਂ ਟੇਪ ਰਿਕਾਰਡਰਾਂ ਕਾਰਨ ਵਧੇਰੇ ਮੰਡੀ ਅਨੁਸਾਰ ਢਲ ਗਿਆ ਹੈ। ਇਸ ਵਿੱਚ ਸੂਖ਼ਮ ਭਾਵ ਦੀ ਥਾਂ ਬਾਜ਼ਾਰੂ ਲੋੜ ਅਤੇ ਲੱਚਰਤਾ ਭਾਰੂ ਹੋ ਗਈ ਹੈ। ਪਿਛਲੇ ਦੌਰ ਵਿੱਚ ਬਹੁਤ ਸਾਰੇ ਸਟੇਜੀ ਕਵੀ, ਢਾਡੀ ਜਾਂ ਪ੍ਰਸੰਗ ਲੇਖਕ ਪ੍ਰਸਿੱਧ ਸਨ ਪ੍ਰੰਤੂ ਅੱਜ ਉਨ੍ਹਾਂ ਦੀ ਥਾਂ ਗਾਇਕਾਂ ਅਤੇ ਸੰਗੀਤਕਾਰਾਂ ਨੇ ਲੈ ਲਈ ਹੈ। ਸੁਰਜੀਤ ਪਾਤਰ, ਸੁਖਵਿੰਦਰ ਅੰਮ੍ਰਿਤ, ਜ਼ਸਵੰਤ ਜ਼ਫ਼ਰ ਆਦਿ ਸਮਕਾਲੀ ਪੰਜਾਬੀ ਕਵੀਆਂ ਨੇ ਇਸ ਕਾਵਿ-ਰੂਪ ਨੂੰ ਕਾਫ਼ੀ ਪ੍ਰਸਿੱਧੀ ਦਿਵਾਈ। ਸੁਰਜੀਤ ਪਾਤਰ ਦੇ ਗੀਤਾਂ ਨੂੰ ਪੰਜਾਬ ਦੇ ਕਈ ਪ੍ਰਸਿੱਧ ਹੰਸ ਰਾਜ ਹੰਸ ਅਤੇ ਮਨਮੋਹਨ ਵਾਰਿਸ ਆਦਿ ਵਰਗੇ ਗਾਇਕਾਂ ਨੇ ਰਿਕਾਰਡ ਵੀ ਕੀਤਾ ਹੈ। ਪੇਸ਼ ਹੈ ਸੁਰਜੀਤ ਪਾਤਰ ਦੇ ਗੀਤ ਦੀਆਂ ਕੁਝ ਸਤਰਾਂ ਇਸ ਪ੍ਰਕਾਰ ਹਨ:

*ਅੱਜ ਮੇਰੇ ਕੋਲੋਂ ਕੱਚ ਦਾ ਗਿਲਾਸ ਟੁੱਟਿਆ*

*ਤੇ ਮੈਨੂੰ ਅੰਮੜੀ ਨੇ*

*ਮੈਨੂੰ ਅੰਮੜੀ ਨੇ ਦਿੱਤੀਆਂ ਨੇ ਲੱਖ ਝਿੜਕਾਂ*

*ਤੇ ਮੇਰੇ ਨੈਣਾਂ ਵਿੱਚੋਂ*

*ਮੇਰੇ ਨੈਣਾਂ ਵਿੱਚ ਵਿੱਚੋਂ ਛਮ ਛਮ ਨੀਰ ਫੁੱਟਿਆ*

*ਮੇਰੇ ਨੈਣਾਂ ਵਿੱਚੋਂ*

*ਮੇਰੀ ਅੰਮੜੀਏ ਨੀ ਮੈਨੂੰ ਇੱਕ ਗੱਲ ਦੱਸ ਦੇ*

*ਲੋਕੀਂ ਦਿਲ ਤੋੜ ਦਿੰਦੇ ਨੇ ਤੇ ਕਿੱਦਾਂ ਹੱਸਦੇ*

*ਏਹੋ ਜਿਹੇ ਗਲਾਸ ਨੀ ਮਾਏ, ਵਿਕਦੇ ਲੱਖ ਬਾਜ਼ਾਰੀਂ*

*ਦਿਲ ਨਾ ਮਿਲਦੇ ਬਲਖ ਬੁਖ਼ਾਰੇ ਲੱਖੀਂ ਅਤੇ ਹਜ਼ਾਰੀਂ*

*ਕਿਰ ਜਾਂਦੇ ਨੈਣਾਂ ਦੇ ਮੋਤੀ ਮਾਏ ਝਿੜਕ ਨਾ ਮਾਰੀਂ*

*ਅੱਜ ਮੇਰੇ ਕੋਲੋਂ* (*ਲਫ਼ਜ਼ਾਂ ਦੀ ਦਰਗਾਹ* 85)

ਆਧੁਨਿਕ ਦੌਰ ਵਿੱਚ ਸੁਰਜੀਤ ਪਾਤਰ, ਸੁਖਵਿੰਦਰ ਅੰਮ੍ਰਿਤ, ਜਸਵੰਤ ਜ਼ਫ਼ਰ ਆਦਿ ਵਰਗੇ ਸਮਕਾਲੀ ਪੰਜਾਬੀ ਕਵੀਆਂ ਨੇ 'ਗੀਤ' ਰੂਪ ਵਿਧਾ ਨੂੰ ਅਪਣਾ ਕੇ ਸਮਕਾਲੀ ਵਿਕਾਊ ਅਤੇ ਮੰਡੀ ਦੀਆਂ ਲੋੜਾਂ 'ਤੇ ਲਿਖੇ ਜਾਂਦੇ ਗੀਤਾਂ ਦੇ ਦੌਰ ਵਿੱਚ 'ਗੀਤ ਕਾਵਿ-ਰੂਪ' ਨੂੰ ਉਸ ਦਾ ਬਣਦਾ ਮਾਣ ਅਤੇ ਪ੍ਰਸਿੱਧੀ ਦਿਵਾਉਂਦੇ ਹੋਏ 'ਗੀਤ' ਦੇ ਮੌਲਿਕ ਤੱਤਾਂ ਜਿਵੇਂ: ਸੁਰ, ਲੈਅ, ਤਾਲ, ਸੰਗੀਤ-ਆਤਮਿਕਤਾ, ਵਜ਼ਨ, ਤੋਲ, ਤੁਕਾਂਤ ਨੂੰ ਵੀ ਆਪਣੇ ਗੀਤਾਂ ਵਿੱਚ ਬਰਕਰਾਰ ਰੱਖਿਆ ਹੈ।

ਇਸ ਤਰ੍ਹਾਂ ਉਪਰੋਕਤ ਅਧਿਐਨ ਤੋਂ ਸਪਸ਼ਟ ਹੁੰਦਾ ਹੈ ਕਿ ਹਰੇਕ ਭਾਸ਼ਾ ਵਿੱਚ ਸਾਹਿਤ ਦੇ ਬਾਕੀ ਰੂਪਾਂ ਦੇ ਮੁਕਾਬਲੇ ਕਵਿਤਾ ਵਿੱਚ ਆਪਣੇ ਸਮਕਾਲੀ ਸੰਦਰਭ ਅਨੁਸਾਰ ਢਲਣ ਦੀ ਕਾਬਲੀਅਤ ਵਧੇਰੇ ਹੈ, ਜਿਸ ਕਾਰਨ ਕਵਿਤਾ ਵਿੱਚ ਰੂਪਕ ਅਤੇ ਵਿਸ਼ੇ ਪੱਖੋਂ ਵਧੇਰੇ ਤੇਜ਼ੀ ਨਾਲ ਤਬਦੀਲੀ ਆਉਂਦੀ ਹੈ। ਕਵਿਤਾ ਦਾ ਆਪਣੇ ਸਮਕਾਲੀ ਜਾਂ ਤੱਤਕਾਲੀ ਸੰਦਰਭ ਦੇ ਸਮਾਨਾਂਤਰ ਹੋਣ ਦਾ ਗੁਣ ਕਵਿਤਾ ਵਿੱਚ ਤਬਦੀਲੀਆਂ ਨੂੰ ਜਲਦੀ ਸਵੀਕਾਰਦਾ ਹੈ। ਸਮਕਾਲੀ ਦੌਰ ਵਿੱਚ ਕਵੀ ਆਪਣੀ ਕਾਵਿ-ਰਚਨਾ ਵਿੱਚ ਸਮਕਾਲੀ ਸੰਦਰਭ ਦੇ ਨਵੇਂ ਸਰੋਕਾਰਾਂ ਨੂੰ ਰੂਪਮਾਨ ਕਰਨ ਲਈ ਨਵੀਆਂ ਸੰਚਾਰ ਵਿਧੀਆਂ ਦਾ ਪ੍ਰਯੋਗ ਕਰਦੇ ਹਨ ਜਿਸ ਲਈ ਅਜੋਕਾ ਕਵੀ ਆਪਣੇ ਕਾਵਿ-ਅਨੁਭਵ ਨਾਲ ਆਪਣੇ ਕਾਵਿਕ-ਬਿਆਨ (poetic statement) ਪ੍ਰਤੀ ਪੂਰਨ ਸੁਚੇਤ ਹੁੰਦੇ ਹੋਏ ਕਵਿਤਾ ਵਿੱਚ ਰੂਪਕ ਪੱਖੋਂ ਕਈ ਨਵੇਂ ਪ੍ਰਯੋਗ ਕਰਦਾ ਹੈ ਤਾਂ ਜੋ ਉਹ ਆਪਣੇ ਸਮਕਾਲ ਦੇ ਸੰਦਰਭ ਵਿੱਚ ਆਪਣਾ ਕਾਵਿਕ-ਉਚਾਰ ਅਤੇ ਸੰਚਾਰ ਕਰ ਸਕੇ। ਇਸੇ ਕਾਰਨ ਸਮਕਾਲੀ ਪੰਜਾਬੀ ਕਵਿਤਾ ਦੇ ਰੂਪਕ ਜਾਂ ਸੰਰਚਨਾ ਪੱਖੋਂ ਇੱਕ ਨਿਵੇਕਲੀ ਹੋਂਦ ਨੂੰ ਅਖ਼ਤਿਆਰ ਕੀਤਾ ਹੈ।

**4.2. ਭਾਰਤੀ ਦਰਸ਼ਨ ਦੇ ਸੰਦਰਭ ਵਿੱਚ ਸਮਕਾਲੀ ਪੰਜਾਬੀ ਕਾਵਿ ਦੇ ਭਾਸ਼ਾਈ ਸੰਚਾਰ ਦਾ ਅਧਿਐਨ:**

ਸਮਕਾਲੀ ਪੰਜਾਬੀ ਕਵਿਤਾ ਦੇ 'ਸੰਚਾਰ ਵਿਧਾਨ' ਲਈ ਕਾਵਿ-ਰੂਪ ਤੋਂ ਬਾਅਦ ਦੂਜਾ ਸਭ ਤੋਂ ਮਹੱਤਵਪੂਰਨ ਅੰਗ ਕਾਵਿ-ਭਾਸ਼ਾਈ ਸੰਚਾਰ ਹੈ। 'ਭਾਸ਼ਾ' ਰਚਨਾ ਦਾ ਸਭ ਤੋਂ ਅਹਿਮ ਅਤੇ ਮਹੱਤਵਪੂਰਨ ਅੰਗ ਹੁੰਦੀ ਹੈ। ਦੂਜੇ ਸ਼ਬਦਾਂ ਵਿੱਚ ਇਹ ਵੀ ਆਖਿਆ ਜਾ ਸਕਦਾ ਹੈ ਕਿ ਕਿਸੇ ਵੀ ਕਾਵਿ-ਅਭਿਵਿਅਕਤੀ ਲਈ ਭਾਸ਼ਾ ਦਾ ਹੋਣਾ ਲਾਜ਼ਮੀ ਹੈ। ਭਾਸ਼ਾ ਤੋਂ ਬਿਨਾਂ ਕਿਸੇ ਵੀ ਸਾਹਿਤਕ ਕਿਰਤ ਦੀ ਕਲਪਨਾ ਵੀ ਨਹੀਂ

ਕੀਤੀ ਜਾ ਸਕਦੀ। ਭਾਸ਼ਾ ਬਿਨਾਂ ਸਾਹਿਤਕ ਕਿਰਤ ਦੀ ਹੋਂਦ ਅਸੰਭਵ ਹੈ। ਭਾਸ਼ਾ ਸੰਚਾਰ ਦਾ ਇੱਕ ਮਾਧਿਅਮ ਹੈ ਜਿਸ ਦੁਆਰਾ ਮਨੁੱਖ ਆਪਣੇ ਵਿਚਾਰਾਂ ਅਤੇ ਭਾਵਾਂ ਦੀ ਅਭਿਵਿਅਕਤੀ ਅਤੇ ਸੰਚਾਰ ਕਰਦਾ ਹੈ ਪ੍ਰੰਤੂ ਆਮ ਬੋਲਚਾਲ ਦੀ ਭਾਸ਼ਾ ਅਤੇ ਸਾਹਿਤ ਦੀ ਸਿਰਜਣਾ ਲਈ 'ਕਾਵਿ-ਭਾਸ਼ਾ' ਤੋਂ ਭਿੰਨ ਹੁੰਦੀ ਹੈ। ਮੁੱਖ ਰੂਪ ਵਿੱਚ ਭਾਸ਼ਾ ਦਾ ਮਨੋਰਥ ਮਨੁੱਖੀ ਹਾਵ-ਭਾਵਾਂ ਅਤੇ ਵਿਚਾਰਾਂ ਦਾ ਸੰਚਾਰ ਕਰਨਾ ਹੈ ਜਦਕਿ ਕਾਵਿ-ਭਾਸ਼ਾ ਦਾ ਮਨੋਰਥ ਕੇਵਲ ਮਨੁੱਖੀ ਹਾਵ-ਭਾਵਾਂ ਅਤੇ ਵਿਚਾਰਾਂ ਦਾ ਸੰਚਾਰ ਕਰਨਾ ਹੀ ਨਹੀਂ ਸਗੋਂ ਸਰੋਤੇ ਜਾਂ ਪਾਠਕ ਦੇ ਮਨ ਵਿੱਚ ਇੱਕ ਤਰ੍ਹਾਂ ਦਾ ਕਲਾਤਮਿਕ ਸੁਹਜ ਅਤੇ ਸੌਂਦਰਿਆ ਉਜਾਗਰ ਕਰਨਾ ਵੀ ਹੈ, ਜਿਸ ਤੋਂ ਸਰੋਤੇ ਨੂੰ ਆਨੰਦ ਦੀ ਅਨੁਭੂਤੀ ਹੋਵੇ। ਡਾ. ਸਤਿੰਦਰ ਸਿੰਘ ਐਲਿਜ਼ਾਬੇਥ ਡ੍ਰਿਊ (Elizabeth Drew) ਦੇ ਹਵਾਲੇ ਨਾਲ ਕਾਵਿ ਭਾਸ਼ਾ ਬਾਰੇ ਵਿਚਾਰ ਪੇਸ਼ ਕਰਦਿਆਂ ਲਿਖਦੇ ਹਨ:

> *ਕਵਿਤਾ ਨਿਸ਼ਚਿਤ ਪ੍ਰਣਾਲੀ ਵਿੱਚ ਵਰਤੀ ਭਾਸ਼ਾ ਦੇ ਮਾਧਿਅਮ ਦੁਆਰਾ ਅਨੁਭਵ ਦਾ ਸੰਚਾਰ ਹੈ।*
>
> (*ਵਿਹਾਰਕ ਸਮੀਖਿਆ ਕਵਿਤਾ ਅਤੇ ਵਾਰਤਕ* 75)

ਇਸੇ ਸੰਦਰਭ ਵਿੱਚ ਮੇਜਰ ਸਿੰਘ ਦਿਲਸ਼ਾਦ ਦਾ ਕਥਨ ਹੈ:

> *ਕਾਵਿ-ਭਾਸ਼ਾ ਆਮ ਭਾਸ਼ਾ ਤੋਂ ਹਟ ਕੇ ਹੁੰਦੀ ਹੈ। ਇਹ ਉੱਚਤਮ, ਕਲਾਤਮਿਕ ਅਥਵਾ ਸਿਰਜਣਾ ਦੀ ਭਾਸ਼ਾ ਹੁੰਦੀ ਹੈ। ਇਸੇ ਕਰਕੇ ਇਸ ਵਿੱਚ ਸੁਹਜ ਦ੍ਰਿਸ਼ਟੀ ਵਿਸ਼ੇਸ਼ ਤੌਰ ਤੇ ਉਭਰ ਕੇ ਸਾਹਮਣੇ ਆਉਂਦੀ ਹੈ* (*ਜਸਵੰਤ ਦੀਦ ਦਾ ਕਾਵਿ ਸੰਚਾਰ* 127)

Owen Barfield ਕਾਵਿ-ਭਾਸ਼ਾ ਨੂੰ ਪਰਿਭਾਸ਼ਿਤ ਕਰਦੇ ਲਿਖਦੇ ਹਨ:

> *ਜਦੋਂ ਸ਼ਬਦਾਂ ਨੂੰ ਇਸ ਤਰ੍ਹਾਂ ਚੁਣਿਆ ਤੇ ਨਿਯੋਜਿਤ ਕੀਤਾ ਜਾਵੇ ਕਿ ਉਨ੍ਹਾਂ ਦਾ ਅਰਥ-ਸੌਂਦਰਿਆ, ਤਾਂਤਵਿਕ ਕਲਪਨਾ ਨੂੰ ਜਾਗਰਤ ਕਰੇ ਜਾਂ ਜਾਗ੍ਰਿਤ ਕਰਨ ਦੀ ਕੋਸ਼ਿਸ਼ ਕਰੇ ਤਾਂ ਇਸ ਚੋਣ ਅਤੇ ਨਿਯੋਜਨ ਦੇ ਪ੍ਰਮਾਣ ਨੂੰ ਕਾਵਿ ਸ਼ੈਲੀ (Diction) ਕਿਹਾ ਜਾਂਦਾ ਹੈ।*
>
> (*Poetic Diction: A study in Meaning* 41)

ਉਪਰੋਕਤ ਵਿਚਾਰਾਂ ਅਨੁਸਾਰ ਕਾਵਿ-ਭਾਸ਼ਾ ਦੀ ਆਮ ਭਾਸ਼ਾ ਨਾਲੋਂ ਵਿਲੱਖਣਤਾ ਅਤੇ ਵਿਸ਼ੇਸ਼ਤਾ ਬਾਰੇ ਇਹ ਕਹਿਣਾ ਬਿਲਕੁਲ ਉਚਿਤ ਹੈ ਕਿ ਕਾਵਿ-ਭਾਸ਼ਾ ਤੋਂ ਬਿਨਾਂ ਸਾਹਿਤ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਇਸ ਦੇ ਬਿਨਾਂ ਕਵੀ ਦੇ ਮਨੋ-ਭਾਵਾਂ ਦਾ ਸੰਚਾਰ ਪਾਠਕ ਤੱਕ ਹੋਣਾ ਅਸੰਭਵ ਹੈ। ਕਾਵਿ-ਭਾਸ਼ਾ ਇੱਕ ਨਿਸ਼ਚਿਤ ਅਤੇ ਵਿਸ਼ੇਸ਼ ਪ੍ਰਬੰਧ ਵਿੱਚ ਬੱਝ ਕੇ ਸੰਚਾਰ ਕਰਦੀ ਹੈ। ਜਿਸ ਨਾਲ ਕਾਵਿ-ਕਿਰਤ ਦੀ ਸੁੰਦਰਤਾ, ਵਿਲੱਖਣਤਾ ਅਤੇ ਸੁਹਜ ਵਿਸ਼ੇਸ਼ ਤੌਰ ’ਤੇ ਉੱਭਰ ਕੇ ਸਾਹਮਣੇ ਆਉਂਦਾ ਹੈ। ਕਾਵਿ-ਭਾਸ਼ਾ ਕਿਸੇ ਵੀ ਕਿਰਤ ਵਿੱਚ ਸੌਂਦਰੀਆ, ਕਲਪਨਾ ਅਤੇ ਕਲਾਤਮਿਕ ਦੇ ਤੱਤਾਂ ਰਾਹੀਂ ਅਨੋਖੀ ਅਤੇ ਅਦਬੁਤ ਅਭਿਵਿਅਤੀ ਹਾਸਿਲ ਹੁੰਦੀ ਹੈ। ਇਸ ਤਰ੍ਹਾਂ ਕਾਵਿ-ਭਾਸ਼ਾ ਕਿਸੇ ਵੀ ਸਾਹਿਤ ਰਚਨਾ ਦਾ ਇੱਕ ਅਜਿਹਾ ਅਨਿੱਖੜਵਾਂ ਅੰਗ ਬਣ ਜਾਂਦੀ ਹੈ ਜੋ ਕਿ ਕਿਸੇ ਵੀ ਕਾਵਿ-ਕਿਰਤ ਦੇ ਸਰੂਪ ਨੂੰ ਨਿਰਧਾਰਿਤ, ਨਿਰੰਤਰ ਅਤੇ ਵਿਕਾਸ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ ਅਤੇ ਸਾਹਿਤਕਰ ਦੀ ਅਨੁਭੂਤੀ ਨੂੰ ਸਫ਼ਲਤਾ ਨਾਲ ਸੰਚਾਰਿਤ ਕਰਦੀ ਹੈ। ਜਿਸ ਨਾਲ ਪਾਠਕ ਦੇ ਮਨ ਅੰਦਰ ਇੱਕ ਵਿਲੱਖਣ ਆਨੰਦ ਦੀ ਅਨੁਭੂਤੀ ਹੁੰਦੀ ਹੈ ਅਤੇ ਕਾਵਿ ਸਿਰਜਣਾ ਦਾ ਮਨੋਰਥ ਸੰਪੂਰਨ ਹੁੰਦਾ ਹੈ।

ਕਵੀ ਆਪਣੀ ਸਮਰੱਥਾ ਅਨੁਸਾਰ ‘ਭਾਸ਼ਾ’ ਨਾਲ ਕਲਾਤਮਿਕ ਇੱਕਸਾਰਤਾ ਸਥਾਪਿਤ ਕਰਦੇ ਹੋਏ ਭਾਸ਼ਾ ਨੂੰ ਆਪਣੀ ਕਾਵਿ-ਕਿਰਤ, ਆਪਣੇ ਪ੍ਰਯੋਜਨ ਅਤੇ ਆਪਣੇ ਅਨੁਭਵ ਅਨੁਸਾਰ ਆਪਣੀ ਰਚਨਾ ਲਈ ਢਾਲਦਾ ਹੈ। ਉਹ ਭਾਸ਼ਾ ਦੀਆਂ ਸੀਮਾਵਾਂ ਦੀ ਚਾਰ-ਦੀਵਾਰੀ ਤੋਂ ਉੱਪਰ ਉੱਠ ਪੂਰੀ ਤਰ੍ਹਾਂ ਸੁਤੰਤਰ ਹੋ ਕੇ ਭਾਸ਼ਾ ਦੇ ਮਿਆਰੀ ਪੱਧਰ ਤੋਂ ਉੱਪਰ ਉੱਠ ਕਾਵਿ-ਭਾਸ਼ਾ ਦੀ ਸਿਰਜਣਾ ਲਈ ਅਲੰਕਾਰ, ਬਿੰਬ, ਪ੍ਰਤੀਕ, ਰਸ, ਧੁਨੀ ਆਦਿ ਕਈ ਤਰ੍ਹਾਂ ਦੀਆਂ ਕਲਾਤਮਿਕ ਅਤੇ ਸਾਹਿਤਕ ਜੁਗਤਾਂ ਦੀ ਵਰਤੋਂ ਕਰਦਾ ਹੈ, ਜਿਨ੍ਹਾਂ ਦੀ ਸ਼ਮੂਲੀਅਤ ਨਾਲ ਭਾਸ਼ਾ ਆਪਣੇ ਮਿਆਰੀ ਪੱਧਰ ਤੋਂ ਉੱਠ ਕੇ ਕਾਵਿ-ਭਾਸ਼ਾ ਵਿੱਚ ਢਲਦੀ ਹੈ। ਜਿਸ ਨਾਲ ਇੱਕ ਉਤਕ੍ਰਿਸ਼ਟ ਸਾਹਿਤ ਰਚਨਾ ਦੀ ਸਿਰਜਣਾ ਹੁੰਦੀ ਹੈ ਅਤੇ ਸਰੋਤੇ ਜਾਂ ਪਾਠਕ ਨੂੰ ਇੱਕ ਅਦਭੁੱਤ ਆਨੰਦ ਅਤੇ ਸੌਂਦਰਿਆ ਦੀ ਅਨੁਭੂਤੀ ਹੁੰਦੀ ਹੈ। ਅਲੰਕਾਰ, ਬਿੰਬ, ਪ੍ਰਤੀਕ, ਰਸ ਅਤੇ ਧੁਨੀ ਭਾਸ਼ਾ ਦੀਆਂ ਸਾਹਿਤਕ ਜੁਗਤਾਂ ਦੀ ਵਰਤੋਂ ਕਵੀ ਆਪਣੀ ਸਮਰੱਥਾ, ਆਪਣੇ ਅਨੁਭਵ ਅਤੇ ਆਪਣੇ ਕਾਵਿ-ਮਨੋਰਥ ਅਨੁਸਾਰ ਕਰਦਾ

ਹੋਇਆ ਆਪਣੇ 'ਅਨੁਭਵ' ਨੂੰ ਕਾਵਿ-ਰਚਨਾ ਦੁਆਰਾ ਇੱਕ ਸ਼ਕਤੀਸ਼ਾਲੀ ਅਤੇ ਕਾਰਗਰ ਸੰਚਾਰ ਸਮਰੱਥਾ ਪ੍ਰਦਾਨ ਕਰਦਾ ਹੈ। ਸਮਕਾਲੀ ਦੌਰ ਵਿੱਚ ਕਾਵਿ ਭਾਸ਼ਾ ਦੇ ਸੰਬੰਧ ਵਿੱਚ ਇੱਕ ਧਾਰਨਾ ਪ੍ਰਚੱਲਿਤ ਹੈ ਕਿ ਨਵੀਂ ਪੰਜਾਬੀ ਕਵਿਤਾ ਬੋਝਲ, ਅਢੁਕਵੇਂ ਅਤੇ ਅਕਾਵੇਂ ਸ਼ਬਦਾ ਦਾ ਪ੍ਰਯੋਗ ਕਰਨ ਕਾਰਨ ਪਾਠਕ ਨਾਲ ਇੱਕ-ਸੁਰਤਾ ਸਥਾਪਿਤ ਕਰਨ ਦੇ ਅਸਮਰੱਥ ਹੈ। ਡਾ. ਜਸਵੰਤ ਬੇਗੋਵਾਲ ਇਸੇ ਕਾਥਨ ਦੇ ਸੰਦਰਭ ਵਿੱਚ ਆਖਦੇ ਹਨ:

> *ਅੱਜ ਦੀ ਨਵੀਂ ਕਵਿਤਾ 'ਤੇ ਇੱਕ ਦੋਸ਼ ਇਹ ਵੀ ਲਗਦਾ ਹੈ ਕਿ ਇਹ ਅਰਥ ਸੰਚਾਰਿਤ ਕਰਨ ਦੇ ਅਸਮਰੱਥ ਹੈ ਕਵੀ ਬੋਝਲ, ਅਢੁਕਵੇਂ ਅਤੇ ਅਕਾਵਿਕ ਸ਼ਬਦਾਂ ਦਾ ਪ੍ਰਯੋਗ ਕਰਕੇ ਅਰਥ ਸੰਚਾਰਨ ਦੀ ਸਮੱਸਿਆ ਖ਼ੁਦ ਪੈਦਾ ਕਰ ਰਿਹਾ ਹੈ।* (*ਪੰਜਾਬੀ ਪਿੰਗਲ* 26)

ਇਸ ਦਾ ਇੱਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਬਹੁਤੇ ਪਾਠਕ ਜਾਂ ਕਵੀ ਕਾਵਿ-ਭਾਸ਼ਾ ਜਾਂ ਆਮ-ਭਾਸ਼ਾ ਵਿੱਚ ਫਰਕ ਨੂੰ ਨਾ ਸਮਝਦੇ ਹੋਣ। ਆਮ-ਭਾਸ਼ਾ ਮਨੁੱਖੀ ਬੁੱਧੀ, ਤਰਕ ਅਤੇ ਅਨੁਭਵਾਂ ਨਾਲ ਵਧੇਰੇ ਜੁੜੀ ਹੁੰਦੀ ਹੈ। ਕਾਵਿ ਭਾਸ਼ਾ ਵਿੱਚ ਇਹਨਾਂ ਤੋਂ ਇਲਾਵਾ ਕਲਪਨਾ, ਜਜ਼ਬਾਤ ਅਤੇ ਭਾਵੁਕਤਾ ਭਰਪੂਰ ਮਾਤਰਾ ਵਿੱਚ ਸਥਾਈਮਾਨ ਹੁੰਦੀ ਹੈ। ਇਸ ਤਰ੍ਹਾਂ ਕਿਸੇ ਵੀ ਕਾਵਿ-ਕਿਰਤ ਦੇ ਸੰਪੂਰਨ ਸੰਚਾਰ ਵਿਧਾਨ ਵਿੱਚ 'ਭਾਸ਼ਾਈ ਸੰਚਾਰ' ਕਾਵਿ ਦੇ ਸੰਚਾਰ ਵਿਧਾਨ ਦੀ ਪ੍ਰਮੁੱਖ ਕੜੀ ਹੈ। ਸਮਕਾਲੀ ਪੰਜਾਬੀ ਕਵਿਤਾ ਦੇ ਸੰਚਾਰ ਵਿਧਾਨ ਦੇ ਮਨੋਰਥ ਲਈ ਅਸੀਂ ਪ੍ਰਮੁੱਖ ਸਮਕਾਲੀ ਕਵੀ ਸੁਰਜੀਤ ਪਾਤਰ, ਸੁਖਵਿੰਦਰ ਅੰਮ੍ਰਿਤ, ਜਸਵੰਤ ਜ਼ਫ਼ਰ, ਗੁਰਪ੍ਰੀਤ ਮਾਨਸਾ ਅਤੇ ਗੁਰਤੇਜ ਕੋਹਾਰਵਾਲਾ ਦੀਆਂ ਕਵਿਤਾਵਾਂ ਦੇ ਸੰਦਰਭ ਭਾਸ਼ਾ ਦੀਆਂ ਅਲੰਕਾਰ, ਬਿੰਬ, ਪ੍ਰਤੀਕ, ਰਸ, ਧੁਨੀ ਆਦਿ ਸਾਹਿਤਕ ਜੁਗਤਾਂ ਦੇ ਅਧਿਐਨ ਦੇ ਨਾਲ ਸਮਕਾਲੀ ਪੰਜਾਬੀ ਕਵਿਤਾ ਨੂੰ ਪ੍ਰਮੱਖ ਛੰਦਾਂ ਨਿਯਮਾਂ ਦੀ ਕਸੋਟੀ 'ਤੇ ਵੀ ਪ੍ਰਖਣ ਪ੍ਰਯਤਨ ਕੀਤਾ ਹੈ।

ਭਾਰਤੀ ਕਾਵਿ-ਸ਼ਾਸਤਰ ਪ੍ਰਣਾਲੀ ਵਿੱਚ **ਅਲੰਕਾਰ** ਸਿਧਾਂਤ ਸਭ ਤੋਂ ਪੁਰਾਣਾ ਸਿਧਾਂਤ ਹੈ। ਅਲੰਕਾਰ ਦਾ ਸਿੱਧਾ ਸੰਬੰਧ ਭਾਸ਼ਾ ਨਾਲ ਹੈ। ਅਲੰਕਾਰ ਦੀ ਵਰਤੋਂ ਨਾਲ ਹੀ 'ਆਮ ਭਾਸ਼ਾ', 'ਕਾਵਿ ਭਾਸ਼ਾ' ਤੱਕ ਦਾ ਸਫ਼ਰ ਤੈਅ ਕਰਦੀ ਹੈ। ਆਮ ਭਾਸ਼ਾ ਵਿੱਚ ਅਲੰਕਾਰ ਦਾ ਅਰਥ ਗਹਿਣੇ ਤੋਂ ਲਿਆ ਜਾਂਦਾ ਹੈ। ਜਿਸ ਦਾ

ਪ੍ਰਯੋਗ ਕਾਵਿ ਦੀ ਬਾਹਰੀ ਭਾਵ 'ਰੂਪਗਤ' ਅਤੇ ਅੰਦਰੂਨੀ ਭਾਵ 'ਅਰਥਗਤ' ਸੁੰਦਰਤਾ ਲਈ ਕੀਤਾ ਜਾਂਦਾ ਹੈ। 'ਅਲੰਕਾਰ' ਸ਼ਬਦ ਦਾ ਅਰਥ 'ਗਹਿਣਾ' ਜਾਂ 'ਆਭੂਸ਼ਣ' ਤੋਂ ਲਿਆ ਜਾਂਦਾ ਹੈ ਜਿਸ ਸੰਦਰਭ ਵਿੱਚ ਡਾ. ਪ੍ਰੇਮ ਪ੍ਰਕਾਸ਼ ਸਿੰਘ ਦਾ ਕਥਨ ਹੈ:

> *ਅਲੰਕਾਰ ਸ਼ਬਦ ਵਿੱਚ 'ਅਲੰ' ਤੇ 'ਕਾਰ' ਦੋ ਅੰਸ਼ ਹਨ। 'ਅਲੰ' ਦਾ ਮਤਲਬ ਹੈ ਗਹਿਣਾ, ਭੂਸ਼ਣ, ਸਜਾਵਟ, ਸੁਹਜ ਸਾਜ, ਸੱਜਾ। ਜਿਹੜਾ ਸਜਾਵੇ ਜਾਂ ਜਿਸ ਰਾਹੀਂ ਸਜਾਇਆ ਜਾਵੇ, ਉਹ ਅਲੰਕਾਰ ਹੈ।* (ਡਾ. ਜਸਵੰਤ ਬੇਗੋਵਾਲ, *ਪੰਜਾਬੀ ਪਿੰਗਲ* 94)

ਜਿਸ ਤਰ੍ਹਾਂ ਗਹਿਣੇ ਸੁੰਦਰਤਾ ਨੂੰ ਚਾਰ-ਚੰਨ ਲਾ ਦਿੰਦੇ ਹਨ, ਉਸੇ ਤਰ੍ਹਾਂ ਅਲੰਕਾਰ ਕਵਿਤਾ ਦੇ ਗਹਿਣੇ ਹਨ ਜੋ ਕਵਿਤਾ ਦੇ ਸ਼ਿੰਗਾਰ ਦੇ ਕੰਮ ਆਉਂਦੇ ਹਨ। ਡਾ. ਪ੍ਰੇਮ ਪ੍ਰਕਾਸ਼ ਸਿੰਘ ਦਾ ਮੰਨਣਾ ਹੈ ਕਿ '*ਜਦ ਕਵੀ ਆਪਣੀ ਸ਼ੈਲੀ ਨੂੰ ਆਪਣੇ ਤਿੱਖੇ ਤੇ ਅਨੋਖੇ ਅਨੁਭਵਾਂ ਦੇ ਕਾਰਨ ਕਿਸੇ ਅਲੋਕਾਰ ਤੇ ਨਵੀਨ ਢੰਗ ਨਾਲ ਖਿੜਾਉਂਦਾ ਹੈ, ਜਦੋਂ ਉਹ ਸ਼ਬਦ-ਯੋਜਨਾ, ਜੜਤ, ਅੱਖਰਾਂ ਦੀ ਚਿਣਤੀ, ਟਾਕਰੇ, ਕੰਟ੍ਰਾਸਟ ਅਤੇ ਤੁਲਨਾਵਾਂ ਦੀ ਤਾਜ਼ਗੀ ਨੂੰ ਕਲਾ ਅੰਦਰ ਲਿਸ਼ਕਾਉਂਦਾ ਹੈ ਤਾਂ ਸੁਹਿਰਦ ਤੇ ਸੁਚੇਤ ਪਾਠਕ ਨੂੰ ਕੋਈ ਅਨੰਦਮਈ ਚਟਖਾਰਾ ਸੁਝਣਾ ਮਾਲੂਮ ਹੁੰਦਾ ਹੈ।*' (94) ਭਾਰਤੀ ਕਾਵਿ-ਚਿੰਤਨ ਅਨੁਸਾਰ ਅਲੰਕਾਰ ਕਾਵਿ ਦੀ ਆਤਮਾ ਮੰਨੇ ਗਏ ਹਨ। '*ਅਲੰਕਾਰ, ਸ਼ਬਦ ਅਤੇ ਅਰਥ ਦੇ ਵਰਣਨ ਕਰਨ ਦੀ ਉਹ ਰੀਤੀ ਹੈ ਜੋ ਕਾਵਯ ਦੀ ਸ਼ੋਭਾ ਵਧਾਉਂਦੀ ਹੈ*'। (94) ਅਲੰਕਾਰ ਦੀ ਵਰਤੋਂ ਜਿੱਥੇ ਕਾਵਿ ਦੀ ਸੁੰਦਰਤਾ ਨੂੰ ਹੋਰ ਚਾਰ ਚੰਨ ਲਾ ਦਿੰਦੀ ਹੈ ਉੱਥੇ ਇਸ ਦੀ ਲੋੜ ਤੋਂ ਵਧੇਰੇ ਵਰਤੋਂ ਕਾਵਿ ਨੂੰ ਬੋਝਲ ਵੀ ਬਣਾ ਦਿੰਦੀ ਹੈ। ਮੁੱਖ ਰੂਪ ਵਿੱਚ ਅਲੰਕਾਰ ਦੋ ਕਿਸਮਾਂ ਦੇ ਹੁੰਦੇ ਹਨ 'ਸ਼ਬਦ ਅਲੰਕਾਰ' ਅਤੇ 'ਅਰਥ ਅਲੰਕਾਰ' ਪ੍ਰੰਤੂ ਕੁਝ ਵਿਦਵਾਨ 'ਸ਼ਬਦਾਰਥ ਅਲੰਕਾਰਾਂ' ਨੂੰ ਅਲੰਕਾਰ ਦੀ ਤੀਸਰੀ ਕਿਸਮ ਮੰਨਦੇ ਹਨ। 'ਅਲੰਕਾਰ' ਦੀਆਂ ਅੱਗੇ ਕਈ ਸ਼ਾਖਾਵਾਂ ਹਨ। ਜਿਨ੍ਹਾਂ ਦਾ ਅਧਿਐਨ ਪ੍ਰਮੁੱਖ ਸਮਕਾਲੀ ਪੰਜਾਬੀ ਕਵੀਆਂ ਦੀ ਕਾਵਿ-ਰਚਨਾਵਾਂ ਦੇ ਅੰਤਰਗਤ ਕੀਤਾ ਗਿਆ ਹੈ:

**ਸ਼ਬਦ ਅਲੰਕਾਰ** ਵਿੱਚ ਕਵੀ ਸ਼ਬਦਾਂ ਦੀ ਸਹਾਇਤਾ ਨਾਲ ਕਵਿਤਾ ਨੂੰ ਸੁਹਜ, ਸੌਂਦਰਿਆ ਅਤੇ ਕਲਾਤਮਿਕਤਾ ਪ੍ਰਦਾਨ ਕਰਦਾ ਹੈ। ਅਨੁਭਵੀ ਅਤੇ ਨਿਪੁੰਨ ਕਵੀ ਆਪਣੀ ਕਵਿਤਾ ਵਿੱਚ ਨਿੱਕੀ ਜਿਹੀ ਗੱਲ ਨੂੰ ਅਲੰਕਾਰ ਦੀ ਸਹਾਇਤਾ ਨਾਲ ਸੁਹਜਮਈ ਅਤੇ ਪ੍ਰਭਾਵਸ਼ਾਲੀ ਬਣਾ ਦਿੰਦਾ ਹੈ। ਅਨੁਪ੍ਰਾਸ, ਯਮਕ, ਸਲੇਸ਼, ਚਿੱਤਰ ਅਤੇ ਵੀਪਸਾ ਸ਼ਬਦ ਅਲੰਕਾਰ ਦੀਆਂ ਮੁੱਖ ਕਿਸਮਾਂ ਹਨ। ਪੰਜਾਬੀ ਕਵਿਤਾ ਵਿੱਚ ਸ਼ਬਦ ਅਲੰਕਾਰ ਦੀਆਂ ਬੇਸ਼ੁਮਾਰ ਉਦਾਹਰਨਾਂ ਦੇਖੀਆਂ ਜਾ ਸਕਦੀਆਂ ਹਨ। ਅਨੁਪ੍ਰਾਸ ਅਲੰਕਾਰ ਦੀ ਵਰਤੋਂ ਨਾਲ ਕਵੀ ਕਵਿਤਾ ਵਿੱਚ ਇੱਕੋ ਜਿਹੇ ਸਮਾਨ ਵਰਣਾਂ, ਅੱਖਰਾਂ ਜਾਂ ਸ਼ਬਦਾਂ ਦਾ ਵਾਰ-ਵਾਰ ਪ੍ਰਯੋਗ ਕਰ ਕੇ ਇਸ ਤਰ੍ਹਾਂ ਦੁਹਰਾਉਂਦਾ ਹੈ ਕਿ ਉਸ ਵਿੱਚ ਸੰਗੀਤ ਲੈਅ, ਵਜ਼ਨ ਤੇ ਤੋਲ ਪੈਦਾ ਹੋ ਜਾਂਦਾ ਹੈ। ਸ਼ਬਦ ਅਲੰਕਾਰ ਦੀ ਕਿਸਮ ਅਨੁਪ੍ਰਾਸ ਅਲੰਕਾਰ ਨੂੰ ਪ੍ਰਭਾਸ਼ਿਤ ਕਰਦੇ ਡਾ. ਸਤਿੰਦਰ ਸਿੰਘ ਲਿਖਦੇ ਹਨ

> *ਅੱਖਰ/ਵਿਅੰਜਨ ਨੂੰ ਵਾਰ ਵਾਰ ਦੁਹਰਾਇਆ ਜਾਂਦਾ ਹੈ। ਇਹ ਦੁਹਰਾਉ ਇੱਕੋ ਪੰਕਤੀ ਵਿੱਚ, ਪੰਕਤੀ ਦੇ ਸ਼ੁਰੂ, ਮੱਧ ਜਾਂ ਅਖ਼ੀਰ ਵਿੱਚ ਕਿਤੇ ਵੀ ਹੋ ਸਕਦਾ ਹੈ।*
>
> (*ਵਿਹਾਰਕ ਸਮੀਖਿਆ ਕਵਿਤਾ ਅਤੇ ਵਾਰਤਕ* 53)

ਸਮਕਾਲੀ ਪੰਜਾਬੀ ਕਵਿਤਾ ਵਿੱਚ ਸ਼ਬਦ ਅਲੰਕਾਰ ਦੀ ਵਰਤੋਂ ਦੀਆਂ ਅਨੇਕਾਂ ਉਦਾਹਰਨਾਂ ਮਿਲਦੀਆਂ ਹਨ ਜਿਨ੍ਹਾਂ ਵਿੱਚੋਂ ਕੁਝ ਨਿਮਨਲਿਖਤ ਇਸ ਤਰ੍ਹਾਂ ਹਨ:

(1.) *ਹੇ ਗੁਰੂ, ਹੇ ਗ੍ਰੰਥ ਸਾਹਿਬ, ਹੇ ਪਰਮ ਪਾਵਨ ਕਲਾਮ*
*ਤੂੰ ਹੈਂ ਕਾਦਰ ਦਾ ਸੁਨੇਹਾਂ ਤੂੰ ਹੈਂ ਚਾਨਣ ਦਾ ਪੈਗ਼ਾਮ*

(ਸੁਖਵਿੰਦਰ ਅੰਮ੍ਰਿਤ, *ਨੀਲਿਆ ਮੋਰਾ ਵੇ...* 14)

ਨਿਮਨਲਿਖਤ ਗੁਰਤੇਜ ਕੁਹਾਰਵਾਲਾ ਦੀ ਕਾਵਿ-ਰਚਨਾ ਵਿੱਚ **ਸ਼ਬਦ ਅਲੰਕਾਰ ਦੀ ਕਿਸਮ** 'ਅੰਤ ਅਨੁਪ੍ਰਾਸ' ਦੀ ਉਦਾਹਰਨ:

(2.) *ਨੀਂਦ ਵਿੱਚ ਕੋਲੋਂ ਬਹਾਰ ਹੀ ਲੰਘਾ ਦਿੰਦੇ ਨੇ ਲੋਕ*
*ਪਰ ਕਦੇ ਇੱਕ ਫੁੱਲ ਖਾਤਰ ਸਿਰ ਲੁਹਾ ਦਿੰਦੇ ਨੇ ਲੋਕ*

*ਕਿੰਨੀ ਸ਼ਿੱਦਤ ਨਾਲ ਕਰਦੇ ਨੇ ਜੋ ਕਰਦੇ ਨੇ ਉਡੀਕ,*

*ਸਰਦਲਾਂ ਤੇ ਬੈਠਿਆਂ ਉਮਰਾਂ ਬਿਤਾ ਦਿੰਦੇ ਨੇ ਲੋਕ।*

(*ਪਾਣੀ ਦਾ ਹਾਸ਼ੀਆ* 36)

ਸਮਕਾਲੀ ਪੰਜਾਬੀ ਕਵਿਤਾ ਦੀਆਂ ਉਪਰੋਕਤ ਕਾਵਿ ਪੰਗਤੀਆਂ 'ਅਨੁਪ੍ਰਾਸ' ਅਲੰਕਾਰ ਦੀਆਂ ਵੱਖ-ਵੱਖ ਉਦਾਹਰਨਾਂ ਹਨ। ਪੈਰ੍ਹਾ ਨੰਬਰ ਇੱਕ ਵਿੱਚ ਸੁਖਵਿੰਦਰ ਅੰਮ੍ਰਿਤ ਨੇ ਸ਼ਬਦ 'ਹੋ' ਨੂੰ ਇੱਕੋ ਪੰਕਤੀ ਵਿੱਚ ਤਿੰਨ ਵਾਰ ਵਰਤ ਕੇ ਅਤੇ ਪੈਰ੍ਹਾ ਨੰਬਰ ਦੋ ਵਿੱਚ ਗੁਰਤੇਜ ਕੋਹਾਰਵਾਲਾ ਨੇ ਕਾਵਿ ਪੰਕਤੀਆਂ ਦੇ ਅੰਤ ਵਿੱਚ ਲੋਕ, ਲੋਕ ਅਤੇ ਉਡੀਕ ਵਿੱਚ */ਕ/* ਧੁਨੀ ਦਾ ਪ੍ਰਯੋਗ ਕਰਦੇ ਹੋਏ, ਸਮਾਨ ਤੁਕਾਂਤ ਮਿਲਾ ਕੇ 'ਅੰਤ ਅਨੁਪ੍ਰਾਸ' ਆਲੰਕਾਰ ਦਾ ਪ੍ਰਯੋਗ ਕੀਤਾ ਜੋ ਕਵਿਤਾ ਨੂੰ ਸੁਹਜ ਅਤੇ ਸੌਂਦਰਿਆ ਪ੍ਰਦਾਨ ਕਰਦਾ ਹੈ, ਜਿਸ ਨਾਲ ਉੱਪਰੋਂਕਤ ਪੰਗਤੀਆਂ ਵਿੱਚ ਇੱਕ ਵਿਲੱਖਣ ਲੈਅ ਅਤੇ ਤੁਕਾਂਤ ਪੈਦਾ ਹੋਇਆ ਹੈ।

ਇਸੇ ਤਰ੍ਹਾਂ ਇਕੋ ਸਮਾਨ ਸ਼ਬਦਾਂ ਨੂੰ ਵੱਖ-ਵੱਖ ਅਰਥਾਂ ਜਾਂ ਸੰਦਰਭਾਂ ਵਿਚ ਵਰਤਦੇ ਹੋਏ ਜਸਵੰਤ ਜ਼ਫ਼ਰ ਨੇ 'ਯਮਕ ਅਲੰਕਾਰ' ਦਾ ਪ੍ਰਯੋਗ ਕੀਤਾ ਹੈ। ਜਿਸ ਦਾ ਅਰਥ ਹੈ, ਸ਼ਬਦ ਦਾ ਅਜਿਹਾ ਦੁਹਰਾਅ ਜਿਸ ਵਿੱਚ ਸ਼ਬਦ ਇੱਕ ਸਮਾਨ ਰੱਖਦੇ ਹੋਏ ਪੰਤੂ ਭਾਵ ਵੱਖਰਾ-ਵੱਖਰਾ ਸੂਚਿਤ ਕਰਵਾਉਂਦੇ ਹੋਏ।

*ਗੁਰੂ ਨਾਨਕ ਫਲੋਰ ਮਿੱਲ ਵਾਲਾ ਸ. ਗੁਰਮੁੱਖ ਸਿੰਘ*

*ਗੁਰੂ ਨਾਨਕ ਦਾ ਬੜਾ ਸ਼ਰਧਾਵਾਨ ਹੈ*

*ਜਿਹੜੀ ਵੱਡੀ ਕੋਠੀ 'ਤੇ ਲਿਖਿਆ ਹੋਇਆ-*

*ਗੁਰੂ ਨਾਨਕ ਬਖ਼ਸ਼ਿਸ਼*

(ਜਸਵੰਤ ਜ਼ਫ਼ਰ, *ਅਸੀਂ ਨਾਨਕ ਦੇ ਕੀ ਲੱਗਦੇ ਹਾਂ* 28)

ਉਪਰੋਕਤ ਕਾਵਿ ਸਤਰਾਂ ਵਿੱਚ ਸ਼ਬਦ ਦਾ ਅਜਿਹਾ ਦੁਹਰਾਅ ਜਿਸ ਵਿੱਚ ਸ਼ਬਦ ਇੱਕ ਸਮਾਨ ਰੱਖਦੇ ਹੋਏ ਪੰਤੂ ਭਾਵ ਵੱਖਰਾ-ਵੱਖਰਾ ਸੂਚਿਤ ਕਰਵਾਉਂਦੇ ਹੋਏ। ਜਿਵੇਂ ਉਪਰੋਕਤ ਕਾਵਿ ਨਮੂਨੇ ਵਿੱਚ ਕਵੀ

ਨੇ ਗੁਰੂ ਨਾਨਕ ਸ਼ਬਦ ਨੂੰ ਵੱਖ ਵੱਖ ਅਰਥਾਂ ਵਿੱਚ ਵਰਤਿਆ ਹੈ ਪਹਿਲੀ ਸਤਰ ਵਿੱਚ ਉਸ ਨੇ ਇੱਕ ਮਿੱਲ ਦਾ ਨਾਮ ਦੂਸਰੀ ਸਤਰ ਦੇ ਵਿੱਚ 'ਸ੍ਰੀ ਗੁਰੂ ਨਾਨਕ ਦੇਵ ਜੀ' ਦੇ ਨਾਮ ਦੇ ਸੰਦਰਭ ਵਿੱਚ ਵਰਤਿਆ ਹੈ।

*(1.) ਕਾਹਲੀ ਕਾਹਲੀ ਨਿਬੇੜਦਾ ਨਿੱਤਨੇਮ*

*ਨਹਾਉਂਦਾ ਕਾਹਲੀ ਕਾਹਲੀ*

*ਤੁਰਦਾ ਕਾਹਲੀ ਕਾਹਲੀ*

*ਬੋਲਦਾ ਕਾਹਲੀ ਕਾਹਲੀ* (ਗੁਰਪ੍ਰੀਤ ਮਾਨਸਾ, *ਓਕ* 55)

*(2.) ਏਥੇ ਇੱਕ-ਇੱਕ ਸੀਨੇ ਅੰਦਰ ਸੌ-ਸੌ ਖੰਡਰ*

*ਏਨੇ ਉੱਜੜੇ ਸ਼ਹਿਰ ਕਿਵੇਂ ਆਬਾਦ ਕਰਾਂਗੇ!*

(ਗੁਰਤੇਜ ਕੋਹਾਰਵਾਲਾ, *ਪਾਣੀ ਦਾ ਹਾਸ਼ੀਆ* 52)

ਕਾਵਿ-ਰਚਨਾ ਦੇ ਸਫ਼ਲ ਸੰਚਾਰ ਵਿੱਚ 'ਭਾਵ' ਇੱਕ ਅਹਿਮ ਤੱਤ ਵਜੋਂ ਕੰਮ ਕਰਦਾ ਹੈ। ਕਵਿਤਾ ਵਿੱਚ ਇਸ ਤੱਤ ਨੂੰ ਹੋਰ ਪ੍ਰਬਲ ਕਰਨ ਲਈ 'ਵੀਪਸਾ ਅਲੰਕਾਰ' ਦਾ ਪ੍ਰਯੋਗ ਕੀਤਾ ਜਾਂਦਾ ਹੈ। ਉਪਰੋਕਤ ਕ੍ਰਮਵਾਰ ਇੱਕ ਅਤੇ ਦੋ ਨੰਬਰ ਕਾਵਿ ਨਮੂਨਿਆਂ ਵਿੱਚ ਗੁਰਪ੍ਰੀਤ ਮਾਨਸਾ ਨੇ **ਕਾਹਲੀ** ਸ਼ਬਦ ਨੂੰ ਅਤੇ ਗੁਰਤੇਜ ਕੋਹਾਰਵਾਲਾ ਨੇ **ਇੱਕ-ਇੱਕ** ਅਤੇ **ਸੌ-ਸੌ** ਸ਼ਬਦ ਨੂੰ ਆਪਣੀ ਰਚਨਾ ਵਿੱਚ ਵਾਰ-ਵਾਰ ਪ੍ਰਯੋਗ ਕਰਕੇ ਆਪਣੇ ਮਨੋਭਾਵ ਨੂੰ ਪ੍ਰਬਲ ਅਭਿਵਿਅਕਤੀ ਪ੍ਰਦਾਨ ਕੀਤੀ ਹੈ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਆਪਣੇ ਭਾਵਾਂ ਨੂੰ ਸਫ਼ਲ ਰੂਪ ਵਿੱਚ ਸੰਚਾਰਿਤ ਕੀਤਾ ਹੈ।

ਸਮਕਾਲੀ ਦੌਰ ਵਿੱਚ ਪੰਜਾਬੀ ਕਵੀਆਂ ਨੇ ਆਪਣੀ ਕਵਿਤਾ ਦੀ ਇੱਕ ਵਿਲੱਖਣ ਤਸਵੀਰ ਪੇਸ਼ ਕੀਤੀ ਹੈ। ਉਪਰੋਕਤ ਕਾਵਿ-ਸਤਰਾਂ ਵਿੱਚ ਕਵੀ ਨੇ '**ਚਿੱਤਰ ਅਲੰਕਾਰ**' ਦਾ ਪ੍ਰਯੋਗ ਕਰਕੇ ਕਵਿਤਾ ਵਿੱਚ ਸ਼ਬਦਾਂ ਨਾਲ ਵੱਖ-ਵੱਖ ਕਲਾਕ੍ਰਿਤੀਆਂ ਨਿਰਮਾਣ ਕਰਦੇ ਹੋਏ ਕਾਵਿ ਵਿਲੱਖਣ ਦਾ ਪੇਸ਼ ਕੀਤੀ ਹੈ। ਅਜੋਕੀ ਪੰਜਾਬੀ ਕਵਿਤਾ ਮੰਡੀ ਸੱਭਿਆਚਾਰ ਦੀ ਗ੍ਰਿਫ਼ਤ ਵਿੱਚ ਆਪਣੇ ਆਪ ਨਾਲ ਸਵੈ ਸੰਵਾਦ ਰਚਾਉਂਦੀ ਹੈ। ਵਿਸ਼ਵੀਕਰਨ ਦੇ ਇਸ ਦੌਰ ਵਿੱਚ ਕਵਿਤਾ ਵੱਡੇ ਪੱਧਰ 'ਤੇ ਲਿਖੀ ਜਾ ਰਹੀ ਹੈ ਇਸ ਵਿੱਚ ਕੋਈ ਇੱਕ

ਵਿਚਾਰਧਾਰਾ ਜਾਂ ਵਿਸ਼ਾ ਨਹੀਂ ਰਿਹਾ ਸਗੋਂ ਇਹ ਕਵਿਤਾ ਸਮਕਾਲ ਦੇ ਸਮਾਨਅੰਤਰ ਵਿਚਾਰਾਂ, ਸਮਾਨਅੰਤਰ ਵਿਧੀਆਂ, ਸਮਾਨਅੰਤਰ ਵਿਸ਼ਿਆਂ ਸਹਿਤ ਪੇਸ਼ ਹੋ ਰਹੀ ਹੈ। ਅਜੋਕੇ ਪੂੰਜੀਵਾਦੀ ਦੌਰ ਦੀ ਕਵਿਤਾ ਪਰੰਪਰਾਗਤ ਵਿਚਾਰਧਾਰਾ ਨੂੰ ਖੰਡਿਤ ਕਰ ਨਵੀਆਂ ਕਾਵਿ-ਸੰਚਾਰ ਜੁਗਤਾਂ ਸਿਰਜ ਕੇ ਇੱਕ 'ਨਵਾਂ ਸੰਚਾਰ ਵਿਧਾਨ' ਅੱਖਤਿਆਰ ਕਰ ਰਹੀ ਹੈ। ਜਿਵੇਂ:

(1.) ਨਾਨਕ
ਗੁਰੂ ਨਾਨਕ
ਗੁਰੂ ਨਾਨਕ ਦੇਵ
ਗੁਰੂ ਨਾਨਕ ਦੇਵ ਜੀ
ਸ੍ਰੀ ਗੁਰੂ ਨਾਨਕ ਦੇਵ ਜੀ
ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ
ਸ੍ਰੀ ਗੁਰੂ ਨਾਨਕ ਦੇਵ ਸਾਹਿਬ ਮਹਾਰਾਜ ਜੀ
ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਮਹਾਰਾਜ ਜੀਓ

(ਜਸਵੰਤ ਜ਼ਫਰ, *ਅਸੀਂ ਨਾਨਕ ਦੇ ਕੀ ਲਗਦੇ ਹਾਂ* 30)

*(2.) ਮੀਂਹ ਮਾਰ ਮੀਂਹ ਮਲਹਾਰ*
*ਮੀਂਹ ਮਿਹਰ ਮੀਂਹ ਮਨੋਹਰ*
*ਮੀਂਹ ਮੇਘ ਮੀਂਹ ਮੌਸਮ*
*ਮੀਂਹ ਮਸਤੀ ਮੀਂਹ ਮਰਜ਼ੀ*

*ਮੀਂਹ ਮੋਹ ਮੀਂਹ ਮੋਰ* (58)

(3.)




(58)

ਚਿੱਤਰ ਅਲੰਕਾਰ ਵਿੱਚ ਅੱਖਰਕਾਰੀ, ਚਿੱਤਰਕਾਰੀ, ਗਣਿਤ, ਆਦਿ ਨਵੀਆਂ ਕਾਵਿ-ਜੁਗਤਾਂ ਨਵੇਂ ਪਾਸਾਰ ਸਿਰਜਦੀਆਂ ਹਨ। ਗੁਰਪ੍ਰੀਤ ਮਾਨਸਾ ਅਤੇ ਜਸਵੰਤ ਜ਼ਫ਼ਰ ਦੇ ਕਾਵਿ ਨਮੂਨਿਆਂ ਵਿੱਚੋਂ ਨਵੀਨ ਅਲੰਕਿਰਤ ਸ਼ਬਦ ਚਿੱਤਰਾਂ ਦਾ ਬਾਖ਼ੂਬੀ ਪ੍ਰਤੱਖਣ ਹੋ ਰਿਹਾ ਹੈ।

ਸਮਕਾਲੀ ਪੰਜਾਬੀ ਕਵੀਆਂ ਨੇ **ਅਰਥ ਅਲੰਕਾਰ** ਦੀ ਵਰਤੋਂ ਆਪਣੀ ਕਾਵਿ ਅਭਿਵਿਅਕਤੀ ਦੇ ਸੰਚਾਰ ਨੂੰ ਪ੍ਰਭਾਵਸ਼ਾਲੀ ਬਣਾਉਣ, ਸੁਹਜ ਅਤੇ ਸੌਂਦਰਿਆ ਪ੍ਰਦਾਨ ਕਰਨ ਲਈ ਭਰਪੂਰ ਮਾਤਰਾ ਵਿੱਚ ਕੀਤੀ ਹੈ। ਅਰਥ ਅਲੰਕਾਰ ਵਿੱਚ ਕਾਵਿ ਦੇ ਸ਼ਬਦ ਅਜਿਹੇ ਕਲਾਤਮਿਕ ਢੰਗ ਨਾਲ ਚੁਣੇ ਜਾਂ ਵਰਤੇ ਜਾਂਦੇ ਹਨ ਕਿ ਅਰਥਾਂ ਵਿੱਚ ਇੱਕ ਖਾਸ ਖ਼ੂਬੀ ਤਾਂ ਉੱਭਰ ਕੇ ਸਾਹਮਣੇ ਆਉਂਦੀ ਹੀ ਹੈ ਸਗੋਂ ਨਾਲ ਹੀ ਸ਼ਬਦਾਂ ਦੇ ਅਰਥ ਵਧੇਰੇ ਰਸਦਾਇੱਕ ਅਤੇ ਅਸਰਦਾਇੱਕ ਵੀ ਹੋ ਜਾਂਦੇ ਹਨ। ਅਰਥ ਅਲੰਕਾਰ ਦੀਆਂ ਅਣਗਿਣਤ ਕਿਸਮਾਂ ਮਿਲਦੀਆਂ ਹਨ। ਜਿਨ੍ਹਾਂ ਦੀ ਵਰਤੋਂ ਸਮਕਾਲੀ ਪੰਜਾਬੀ ਕਵਿਤਾ ਵਿੱਚ ਸੁਰਜੀਤ ਪਾਤਰ, ਸੁਖਵਿੰਦਰ ਅੰਮ੍ਰਿਤ, ਜਸਵੰਤ ਜ਼ਫ਼ਰ, ਗੁਰਪ੍ਰੀਤ ਮਾਨਸਾ ਅਤੇ ਗੁਰਤੇਜ ਕੋਹਾਰਵਾਲਾ ਸਮਕਾਲੀ ਪੰਜਾਬੀ ਕਵੀਆਂ ਨੇ ਆਪਣੀਆਂ ਕਾਵਿ-ਰਚਨਾਵਾਂ ਵਿੱਚ ਕਰਦੇ ਹੋਏ ਕਵਿਤਾ ਦੇ ਸੌਂਦਰਿਆ, ਸੁਹਜ, ਕਲਤਮਕਤਾ, ਪ੍ਰਭਾਵ ਵਿੱਚ ਅਤਿਅੰਤ ਵ੍ਰਿਧੀ ਕਰ ਸਫ਼ਲ ਸੰਚਾਰ ਪ੍ਰਦਾਨ ਕੀਤਾ ਹੈ। ਅਰਥ ਅਲੰਕਾਰ ਦੀਆਂ ਸਮਕਾਲੀ ਪੰਜਾਬੀ ਕਵਿਤਾ ਵਿਚੋਂ ਕੁਝ ਉਦਾਹਰਨਾਂ ਨਿਮਨਲਿਖਤ ਹਨ:

*ਤੇਰੇ ਕਲਾਮ ਨੂੰ ਜ਼ਜ਼ਬੇ ਬਹੁਤ ਮਹੀਨ ਮਿਲੇ*

*ਦਿਖਾਈ ਦੇਣ, ਜੇ ਹੰਝੂ ਦੀ ਖ਼ੁਰਦਬੀਨ ਮਿਲੇ*

(ਸੁਰਜੀਤ ਪਾਤਰ, *ਸੁਰਜ਼ਮੀਨ* 43)

*ਜਦ ਵੀ ਮੈਂ ਆਪਣੇ ਇਸ਼ਕ ਦਾ ਕੋਈ ਵਾਕਿਆ ਲਿਖਾਂ*

*ਖ਼ੁਦ ਨੂੰ ਖ਼ੁਦਾਈ ਇਸ਼ਕ ਨੂੰ ਆਪਣਾ ਖ਼ੁਦਾ ਲਿਖਾਂ*

(ਸੁਖਵਿੰਦਰ ਅੰਮ੍ਰਿਤ, *ਪੱਤਝੜ ਵਿੱਚ ਪੁੰਗਰਦੇ ਪੱਤੇ* 13)

ਸਮਕਾਲੀ ਪੰਜਾਬੀ ਕਵੀ ਆਪਣੇ ਆਸ-ਪਾਸ ਦੇ ਵਰਤਾਰਿਆਂ ਨਾਲ ਸੰਘਰਸ਼ ਵਿੱਚੋਂ ਪੈਦਾ ਹੋਏ ਅਨੁਭਵ ਨੂੰ ਆਪਣੀ ਕਾਵਿ-ਰਚਨਾ ਵਿੱਚ ਰੂਪਮਾਨ ਕਰਦਾ ਹੈ। ਕਵੀ ਸਪਸ਼ਟ, ਅਸਪਸ਼ਟ, ਅਚੇਤ, ਸੁਚੇਤ ਤੌਰ ’ਤੇ ਕਿਸੇ ਵਸਤੂ, ਵਰਤਾਰੇ ਜਾਂ ਸਮਕਾਲ ਨੂੰ ਸੰਬੋਧਨ ਹੋ ਕੇ ਕਾਵਿ-ਰਚਨਾ ਕਰ ਰਿਹਾ ਹੁੰਦਾ ਹੈ ਅਤੇ ਕਾਵਿ-ਸਿਰਜਣਾ ਦੌਰਾਨ ਕਵੀ ਅਨੇਕਾਂ ਵਰਤਾਰਿਆਂ ਨੂੰ ਆਪਣੇ ਨਾਲ ਜਾਂ ਹੋਰਾਂ ਵਰਤਾਰਿਆਂ ਨੂੰ ਪ੍ਰਸਪਰ ਸੰਬੰਧਿਤ ਪ੍ਰਤੱਖਣ ਕਰਦਾ ਹੈ। ਜਿਨ੍ਹਾਂ ਵਰਤਾਰਿਆਂ ਦੇ ਮੂਲ ਅਮਲਾਂ ਵਿੱਚ ਸਮਾਨਤਾ ਹੁੰਦੀ ਹੈ, ਕਵੀ ਆਪਣੇ ਕਾਵਿ ਦੀ ਸੰਚਾਰ ਕੁਸ਼ਲਤਾ ਨਾਲ ਉਹਨਾਂ ਪ੍ਰਸਪਰ ਸਮਾਨ ਵਰਤਾਰਿਆਂ ਨੂੰ **‘ਰੂਪਕ ਅਲੰਕਾਰ’** ਵਜੋਂ ਵਰਤ ਅਰਥਾਂ ਦੀ ਸਪਸ਼ਟਤਾ ਨੂੰ ਸੁਨਿਸ਼ਚਿਤ ਕਰਦਾ ਹੈ। ਜਿਵੇਂ ਉਪਰੋਕਤ ਕਾਵਿ ਪੈਰ੍ਹਿਆਂ ਵਿੱਚ ਸੁਰਜੀਤ ਪਾਤਰ ਨੇ ‘ਹੰਝੂਆਂ ਦੀ ਖੁਰਦਬੀਨ’ ਅਤੇ ਸੁਖਵਿੰਦਰ ਅੰਮ੍ਰਿਤ ਨੇ ‘ਖੁਦ ਨੂੰ ਖੁਦਾਈ ਅਤੇ ਇਸ਼ਕ ਨੂੰ ਆਪਣੇ ‘ਖ਼ੁਦਾ’ ਦੇ ਰੂਪ ਵਿੱਚ ਵਰਤ ਕੇ ‘ਰੂਪਕ ਅਲੰਕਾਰ’ ਦਾ ਪ੍ਰਯੋਗ ਕੀਤਾ ਹੈ ਅਤੇ ਆਪਣੇ ਅਨੁਭਵਾਂ ਨੂੰ ਸਫ਼ਲ ਸੰਚਾਰ ਪ੍ਰਦਾਨ ਕੀਤਾ ਹੈ। ਇਸੇ ਪ੍ਰਕਾਰ ਰੂਪਕ ਅਲੰਕਾਰ ਵਾਂਗ ਇੱਕ ਸਮਾਨ ਵਰਤਾਰਿਆਂ ਨੂੰ ਆਪਣੀ ਕਾਵਿ-ਅਭਿਵਿਅਕਤੀ ਵਿੱਚ ਇਸਤੇਮਾਲ ਕਰਕੇ ਸਮਕਾਲੀ ਕਵੀ ‘ਉਪਮਾ ਅਲੰਕਾਰ’ ਦਾ ਪ੍ਰਯੋਗ ਕਰਦੇ ਹਨ। ਜਿਵੇਂ:

*ਲਰਜ਼ ਰਿਹਾ ਹਾਂ ਪਾਰੇ ਵਾਂਗੂੰ,*

*ਫਿਰ ਵੀ ਬਹੁਤ ਅਡੋਲ ਹਾਂ ਅੱਜ-ਕੱਲ੍ਹ*

(ਗੁਰਤੇਜ ਕੋਹਾਰਵਾਲਾ, *ਪਾਣੀ ਦਾ ਹਾਸ਼ੀਆ* 51)

*ਸਾਰੀ ਉਮਰ ਇਵੇਂ ਹੀ ਬੀਤੀ ਮੇਰੀ ਚੋਰਾਂ ਵਾਂਗੂੰ*

*ਪੂਰੇ ਖੰਭ ਖਿਲਾਰ ਨ ਪਾਈਆ ਪੈਲਾ ਮੋਰਾਂ ਵਾਂਗੂੰ*

*ਮੇਰੀ ਰੱਤ ਮੇਰੀ ਰੂਹ ਨੇ ਪੀਤੀ ਆਦਮਖ਼ੋਰ ਵਾਂਗੂੰ*

*ਮੈਨੂੰ ਰੋਜ਼ ਕਟਹਿਰੇ ਸੱਦਦੀ, ਮੁਨਸਿਫ਼ ਹੋਰਾਂ ਵਾਂਗੂੰ*

(ਸੁਰਜੀਤ ਪਾਤਰ, *ਲਫ਼ਜ਼ਾਂ ਦੀ ਦਰਗਾਹ* 80)

ਉਪਮਾ ਅਲੰਕਾਰ ਵਿੱਚ ਕਵੀ ਤੁਲਨਾ ਕਰਦੇ ਹੋਏ, ਉਨ੍ਹਾਂ ਵਰਤਾਰਿਆਂ ਨੂੰ ਕਵਿਤਾ ਵਿੱਚ ਸ਼ਾਮਿਲ ਕਰਦਾ ਹੈ। ਜਿਸ ਨਾਲ ਕਵੀ ਆਪਣੀ ਕਾਵਿ ਅਭਿਵਿਅਕਤੀ ਨੂੰ ਸਪਸ਼ਟ ਰੂਪ ਵਿੱਚ ਅਸਾਨ ਅਤੇ ਪ੍ਰਭਾਵਸ਼ਾਲੀ ਸੰਚਾਰ ਪ੍ਰਦਾਨ ਕਰਦਾ ਹੈ ਜਿਵੇਂ ਉਪਰੋਕਤ ਕਾਵਿ ਪੈਰ੍ਹਿਆਂ ਵਿੱਚ ਗੁਰਤੇਜ ਕੋਹਾਰਵਾਲਾ ਨੇ 'ਪਾਰੇ ਦੀ ਅਡੋਲਤਾ' ਅਤੇ ਸੁਰਜੀਤ ਪਾਤਰ ਨੇ ਵੱਖ-ਵੱਖ ਰੂਪਾਂ ਨਾਲ ਇੱਕਸਾਰਤਾ ਸਥਾਪਿਤ ਕਰਕੇ **'ਉਪਮਾ ਅਲੰਕਾਰ'** ਕਾਵਿ-ਸੰਚਾਰ ਲਈ ਵਰਤਿਆ ਹੈ।

*ਆਓ*

*ਡੁੱਬ ਚੱਲੇ ਸੂਰਜ ਨੂੰ*

*ਬਾਹਾਂ ਦੀਆਂ ਥੰਮੀਆਂ ਦੇਈਏ*

(ਜਸਵੰਤ ਜ਼ਫ਼ਰ, *ਦੋ ਸਾਹਾਂ ਵਿੱਚਕਾਰ* 18)

*ਤਪਾਇਆ ਦਿਲ ਅਤੇ ਲਫ਼ਜ਼ਾਂ ਨੂੰ ਲਾਲ ਕਰ ਦਿੱਤਾ।*

*ਅਸੀਂ ਵੀ ਆਪਣਾ ਬਣਦਾ ਕਮਾਲ ਕਰ ਦਿੱਤਾ ।*

(ਗੁਰਤੇਜ ਕੋਹਾਰਵਾਲਾ, *ਪਾਣੀ ਦਾ ਹਾਸ਼ੀਆ* 5)

*ਮੇਰੇ ਅੰਦਰ*

*ਇੱਕ ਧਰਤੀ ਹੈ*

(ਗੁਰਪ੍ਰੀਤ ਮਾਨਸਾ, *ਸਿਆਹੀ ਘੁਲੀ ਹੈ* 15)

ਉਪਰੋਕਤ ਕਾਵਿ ਸਤਰਾਂ ਵਿੱਚ ਜਸਵੰਤ ਜ਼ਫ਼ਰ 'ਡੁੱਬ ਰਹੇ ਸੂਰਜ ਨੂੰ ਬਾਹਾਂ ਦੀਆਂ ਥੰਮੀਆਂ ਦੇਣ' ਜਿਹੇ ਅਸੰਭਵ ਕਾਰਜ ਨਾਲ ਅਤੇ ਗੁਰਤੇਜ ਕੋਹਾਰਵਾਲਾ 'ਦਿਲ ਨੂੰ ਤਪਾਉਣ' ਅਤੇ 'ਲਫ਼ਜ਼ਾਂ ਨੂੰ ਲਾਲ ਕਰਨ' ਜਿਹੇ ਕਥਨ ਨੂੰ ਸਿਰਜਦੇ ਹੋਏ 'ਅਤਿਕਥਨੀ ਅਲੰਕਾਰ' ਦਾ ਪ੍ਰਯੋਗ ਕਰਦੇ ਹਨ। ਇਸੇ ਕੜੀ ਵਿੱਚ ਗੁਰਪ੍ਰੀਤ 'ਆਪਣੇ ਅੰਦਰ ਇੱਕ ਧਰਤੀ ਹੋਣ' ਜਿਹੇ ਸ਼ਬਦਾਂ ਨਾਲ **'ਅਤਿਕਥਨੀ ਅਲੰਕਾਰ'** ਨੂੰ ਸਿਰਜਦੇ ਹਨ। ਸਮਕਾਲੀ ਪੰਜਾਬੀ ਕਵਿਤਾ ਤੱਤਕਾਲੀਨ ਸਮਾਜ ਵਿੱਚ ਪ੍ਰਚੱਲਤ ਇਤਿਹਾਸਕ ਪਿਛੋਕੜ ਤੋਂ ਉਸਰੇ ਹੋਏ ਪੁਰਾਣੇ ਮਾਡਲਾਂ, ਪੈਟਰਨਾਂ ਨੂੰ ਮੂਲੋਂ ਨਕਾਰਦੀ ਨਹੀਂ ਬਲਕਿ ਉਨ੍ਹਾਂ ਦੀ ਸਹਾਇਤਾ ਨਾਲ ਨਵੇਂ ਯਥਾਰਥਕ ਚਿੱਤਰਾਂ ਦੀ ਉਸਾਰੀ ਕਰਦੀ ਹੋਈ ਅਜੋਕੇ ਮਨੁੱਖ ਦੇ ਅੰਦਰ ਇੱਕ ਸਾਕਾਰਾਤਮਕ ਭਾਵਾਂ ਨੂੰ ਸੰਚਾਰਿਤ ਕਰਦੀ ਹੈ। ਜਿਸ ਦੇ ਮਨੋਰਥ ਲਈ ਸਮਕਾਲੀ ਪੰਜਾਬੀ ਕਵੀ ਸੁਰਜੀਤ ਪਾਤਰ ਅਤੇ ਜਸਵੰਤ ਜ਼ਫਰ **'ਦ੍ਰਿਸ਼ਟਾਂਤ ਅਲੰਕਾਰ'** ਦਾ ਪ੍ਰਯੋਗ ਕਰਦੇ ਹਨ। ਉਦਾਹਾਹਣ ਵਜੋਂ:

*ਸ਼ਬਦ ਜ਼ਹਿਰ ਨੂੰ ਅੰਮ੍ਰਿਤ ਵਿੱਚ ਬਦਲ ਦੇਣਗੇ*

*ਜਿਸ ਤਰ੍ਹਾਂ ਦਰਖ਼ਤ ਕਾਰਬਨ ਡਾਇਆਕਸਈਡ ਨੂੰ*

*ਆਕਸੀਜਨ ਵਿੱਚ ਬਦਲ ਦੇਂਦੇ ਹਨ।*

(ਸੁਰਜੀਤ ਪਾਤਰ, *ਲਫ਼ਜ਼ਾਂ ਦੀ ਦਰਗਾਹ* 57)

*ਪਹਿਲਾਂ ਮਟਕਾ ਵਜਾਉਣਾ ਸਿੱਖਿਆ*

*ਫਿਰ ਤਬਲਾ*

*ਸਿਤਾਰ*

*ਵਾਇਲਨ*

*ਫ਼ਿਲਮ ਸੰਗੀਤ ਦਾ ਪ੍ਰਬੰਧ*

*ਅਤੇ ਸੰਗੀਤ ਨਿਰਦੇਸ਼ਨ ਸਿੱਖਿਆ*

*ਉੱਤਮ ਸੰਗੀਤ ਨੂੰ ਸਮਰਪਿਤ ਹੋਣਾ ਸਿੱਖਿਆ*

*ਸਦਾ ਸਿੱਖਦੇ ਰਹਿਣਾ ਸਿੱਖਿਆ*

*ਸਿੱਖ ਜੁ ਹੋਇਆ ਉੱਤਮ ਸਿੰਘ*

(ਜਸਵੰਤ ਜ਼ਫ਼ਰ, *ਇਹ ਬੰਦਾ ਕੀ ਹੁੰਦਾ* 33)

ਉਪਰੋਕਤ ਕਾਵਿ ਪੰਗਤੀਆਂ ਵਿੱਚ ਕਵੀ ਸੁਰਜੀਤ ਪਾਤਰ ਸ਼ਬਦਾਂ ਦੇ ਅੰਮ੍ਰਿਤ ਰੂਪੀ ਮਹੱਤਵ ਨੂੰ ਉਜਾਗਰ ਕਰਦਾ ਹੈ ਅਤੇ ਗੁਰਪ੍ਰੀਤ ਮਾਨਸਾ ਇੱਕ ਮਨੁੱਖ ਨੂੰ ਹਮੇਸ਼ਾ ਸਿੱਖਦੇ ਰਹਿਣ ਲਈ ਪ੍ਰੇਰਿਤ ਕਰਦੇ ਹਨ। ਸਮਕਾਲੀ ਕਵੀ ਆਪਣੀ ਕਾਵਿ ਅਭਿਵਿਅਕਤੀ ਨੂੰ ਸੰਚਾਰ ਪੱਖੋਂ ਵਧੇਰੇ ਸਰਲ ਅਤੇ ਵਧੇਰੇ ਪ੍ਰਭਾਵਸ਼ਾਲੀ ਰੱਖਣ ਲਈ ਅਨੇਕਾਂ ਵਿਧੀਆਂ ਦਾ ਪ੍ਰਯੋਗ ਕਰਦੇ ਹਨ। ਨਿਮਨਲਿਖਿਤ ਕਾਵਿ ਸਤਰਾਂ ਵਿੱਚ ਸੁਰਜੀਤ ਪਾਤਰ ਅਤੇ ਜਸਵੰਤ ਜਫਰ ਨੇ **ਮਾਨਵੀਕਰਨ ਅਲੰਕਾਰ** ਦਾ ਪ੍ਰਯੋਗ ਕੀਤਾ ਹੈ।

*ਹੇ ਕਵਿਤਾ, ਮੈਂ ਮੁੜ ਆਇਆ ਹਾਂ*

*ਤੇਰੇ ਉਚੇ ਦੁਆਰ।*

*ਜਿੱਥੇ ਹਰਦਮ ਸਰਗਮ ਗੂੰਜੇ*

*ਹਰ ਗ਼ਮ ਦਏ ਨਿਵਾਰ।*

(ਸੁਰਜੀਤ ਪਾਤਰ, *ਲਫ਼ਜ਼ਾਂ ਦੀ ਦਰਗਾਹ* 20)

*ਰਾਤੀਂ ਮੇਰੇ ਸੁਪਨੇ 'ਚ*

*ਦਰਿਆ ਸਮੁੰਦਰ ਤੇ ਚੰਦ ਆ ਕੇ ਕਹਿੰਦੇ*

*ਬੰਦਾ ਬਣ*

*ਮੈਥੋਂ ਪਰਤ ਕੇ ਪੁੱਛ ਨਹੀਂ ਹੁੰਦਾ*

*ਇਹ ਬੰਦਾ ਕੀ ਹੁੰਦਾ*

(ਜਸਵੰਤ ਜ਼ਫ਼ਰ, *ਇਹ ਬੰਦਾ ਕੀ ਹੁੰਦਾ* 13)

ਜਿੱਥੇ ਸੁਰਜੀਤ ਪਾਤਰ ਨੇ 'ਕਵਿਤਾ' ਦਾ ਮਾਨਵੀਕਰਨ ਕੀਤਾ ਹੈ, ਉੱਥੇ ਜਸਵੰਤ ਜ਼ਫ਼ਰ ਨੇ ਦਰਿਆ, ਸਮੁੰਦਰ ਅਤੇ ਚੰਨ ਦਾ ਮਾਨਵੀਕਰਨ ਕਰਦੇ ਹੋਏ ਮਨੁੱਖ ਨੂੰ ਆਪਣੀ ਸਵੈ ਹੋਂਦ/ਪਹਿਚਾਣ ਕਰਾਉਣ ਲਈ ਕਲਾਤਮਿਕ ਢੰਗ ਨਾਲ ਪ੍ਰੇਰਿਤ ਕੀਤਾ ਹੈ ਦਾ ਪ੍ਰਯੋਗ ਕੀਤਾ ਹੈ ਅਤੇ ਪ੍ਰਕਿਰਤੀ ਦੇ ਆਮ ਵਰਤਾਰੇ ਸਮੁੰਦਰ, ਦਰਿਆ, ਚੰਨ ਜੋ ਆਪਣੀ ਮੂਲ ਪ੍ਰਵਿਰਤੀ ਤੋਂ ਅਣਜਾਣ ਵੀ ਆਪਣਾ ਕਾਰਜ ਕਰ ਰਹੇ ਹਨ। ਉਹਨਾਂ ਦੇ ਮਾਨਵੀਕਰਨ ਨਾਲ ਮਨੁੱਖ ਨੂੰ ਆਪਣੀ ਮੂਲ ਪ੍ਰਵਿਰਤੀ 'ਮਨੁੱਖਤਾ' ਵੱਲ ਮੁੜਨ ਲਈ ਪ੍ਰੇਰਿਤ ਕੀਤਾ ਹੈ।

*ਮੈਂ ਤਾਂ*

*ਮੁੱਦਤ ਤੋਂ ਗੁਆ ਰਿਹਾ ਸਾਂ*

*ਜ਼ਿੰਦਗੀ*

*ਇਹਦੇ ਅਰਥ ਭਾਲਦਿਆਂ*

*ਕੋਸੀ ਧੁੱਪ 'ਚ*

*ਕੋਲ਼ ਬੈਠੇ ਕੁੱਤੇ ਨੇ*

*ਪੂਛ ਹਿਲਾਈ ਤੇ ਅੱਖਾਂ ਮੁੰਦੀਆਂ* (ਗੁਰਪ੍ਰੀਤ, *ਓਕ* 23)

*ਮੇਰੇ ਅੰਦਰ ਏਨੇ ਬੰਦੇ*

*ਤਾਂ ਸਹੁੰ ਰੱਬ ਦੀ ਏਵੇਂ ਜਾਪੇ*

*1000000000 (ਸੌ ਕਰੋੜ) ਦੀ ਗਿਣਤੀ ਵਿੱਚੋਂ*

*ਜਿਉਂ ਇੱਕ ਸਿਫ਼ਰਾਂ ਸ਼ੇਖੀ ਮਾਰੇ-*

*ਮੈਂ ਇਕੱਲਾ ਸਿਫ਼ਰ ਨਾ*

*ਮੇਰੇ ਮਗਰ ਵੀ ਲੱਗੇ ਹੋਏ*

*ਦੇਖੋ ਕਿੰਨੇ ਸਿਫ਼ਰੇ*

(ਜਸਵੰਤ ਜ਼ਫ਼ਰ, *ਅਸੀਂ ਨਾਨਕ ਦੇ ਕੀ ਲੱਗਦੇ ਹਾਂ* 34)

ਸਮਕਾਲੀ ਕਵਿਤਾ ਆਪਣੇ ਵਿਚਾਰਧਾਰਾਈ ਵਾਹਨ ਲਈ ਨਵੀਆਂ ਕਾਵਿ-ਜੁਗਤਾਂ ਪੈਦਾ ਹੀ ਨਹੀਂ ਕਰਦੀ ਸਗੋਂ ਆਪਣੀ ਵਿਚਾਰਧਾਰਾ ਨੂੰ ਸਪਸ਼ਟਤਾ, ਸੰਖੇਪਤਾ ਅਤੇ ਖ਼ੂਬਸੂਰਤੀ ਨਾਲ ਪਾਠਕ ਦੇ ਮਨ ਅੰਦਰ ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰਿਤ ਕਰਨ ਲਈ ਵੱਖ-ਵੱਖ ਜੁਗਤਾਂ ਦਾ ਪ੍ਰਯੋਗ ਵੀ ਕਰਦੀ ਹੈ। ਸਮਕਾਲੀ ਸਮਾਜਿਕ ਵਰਤਾਰਿਆਂ ਦੀਆਂ ਵਿਸੰਗਤੀਆਂ ਤੋਂ ਪਰਦਾ ਉਠਾਉਣ ਲਈ ਵਿਅੰਗ-ਜੁਗਤ ਨੂੰ ਆਪਣਾ ਹਥਿਆਰ ਬਣਾਉਂਦੇ ਹੋਏ ਜਿੱਥੇ ਗੁਰਪ੍ਰੀਤ ਮਾਨਸਾ ਜ਼ਿੰਦਗੀ ਦੇ ਅਰਥ ਭਾਲਦਿਆਂ ਇੱਕ ਵਰਤਮਾਨ ਮਨੁੱਖ ਦੀ ਭਟਕਣ ਦੀ ਹੋਣੀ ਨੂੰ ਪੇਸ਼ ਕਰਦਾ ਹੈ ਉੱਥੇ ਜਸਵੰਤ ਜਫ਼ਰ ਤਤਕਾਲੀਨ ਮਨੁੱਖ ਦੇ ਬਨਾਉਟੀਪਨ, ਫੋਕੇਪਨ ਅਤੇ ਫੋਕੀ ਬੱਲੇ-ਬੱਲੇ ਨੂੰ **'ਵਿਅੰਗੋਤੀ ਅਲੰਕਾਰ'** ਦੀ ਸਹਾਇਤਾ ਨਾਲ ਉਜਾਗਰ ਕਰਦੇ ਹਨ। ਸਮਕਾਲੀ ਕਵਿਤਾ ਤੱਤਕਾਲੀਨ ਸਮਾਜ ਦੀ ਉਲਟ ਵਿਚਾਰਧਾਰਾ ਉੱਪਰ ਸਿੱਧੇ ਸਪੱਸ਼ਟ ਰੂਪ ਵਿੱਚ ਵਾਰ ਨਾ ਕਰਦੇ ਹੋਏ ਵਿਅੰਗੋਕਤੀ ਅਲੰਕਾਰ ਦੀ ਸਹਾਇਤਾ ਨਾਲ ਕਰਦੀ ਹੈ ਜਿਸ ਨਾਲ ਸਮਕਾਲੀ ਕਵਿਤਾ ਸੁਹਜ ਅਤੇ ਸਾਹਿਤਕਤਾ ਗੁਣਾਂ ਭਰਪੂਰ ਮਾਤਰਾ ਵਿੱਚ ਅਲੰਕਿਰਤ ਰਹਿੰਦੇ ਹਨ।

ਇਸੇ ਤਰ੍ਹਾਂ ਕਵੀ ਭਾਵਾਂ, ਵਿਚਾਰਧਾਰ ਜਾਂ ਆਪਣੇ ਅਨੁਭਵ ਨੂੰ ਪ੍ਰੋੜ ਅਤੇ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਲਈ ਆਪਣੀ ਕਾਵਿ-ਰਚਨਾ ਵਿਚ ਕਾਵਿ-ਲਿੰਗ ਅਲੰਕਾਰ ਦੇ ਪ੍ਰਯੋਗ ਦੁਆਰਾ ਦਲੀਲਾਂ ਅਤੇ ਤੱਥਾਂ ਜਾਂ ਦ੍ਰਿਸ਼ਟਾਤ ਦੀ ਕਲਾਤਮਿਕ ਵਰਤੋਂ ਕਰਦਾ ਹੈ ਜਿਵੇਂ:

*ਤੁਹਾਡੇ ਵਿੱਚ ਵੀ ਜੇ ਹੁੰਦੀ ਜਾਨ*

*ਤੁਹਾਡੇ ਸੀਨੇ ਵਿੱਚ ਵੀ ਹੁੰਦਾ ਜੇ ਦਿਲ*

*ਤੇ ਦਿਲ ਵਿੱਚ ਕੋਈ ਦਰਦ*

*ਤਾਂ ਤੁਸੀਂ ਮੇਰੇ ਦੁੱਖ 'ਤੇ ਇਉਂ ਨਾ ਹੱਸਦੇ*

(ਸੁਖਵਿੰਦਰ ਅੰਮ੍ਰਿਤ, *ਧੁੱਪ ਦੀ ਚੁੰਨੀ* 34)

ਉਪਰੋਕਤ ਕਾਵਿ ਟੋਟੇ ਵਿੱਚ ਕਵਿਤਰੀ ਸੁਖਵਿੰਦਰ ਅੰਮ੍ਰਿਤ ਨੇ '**ਕਾਵਿ-ਲਿੰਗ ਅਲੰਕਾਰ**' ਦੀ ਵਰਤੋਂ ਕਰਦੇ ਆਪਣੇ ਮਨੋਭਾਵਾਂ ਨੂੰ ਸੰਚਾਰਿਤ ਕੀਤਾ ਹੈ ਅਤੇ ਅਜੋਕੇ ਸਮਾਜ ਦੀ ਹੋਣੀ ਨੂੰ ਤਰਕ ਆਧਾਰਿਤ ਦਲੀਲਾਂ ਦੇ ਕੇ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਵਰਤਮਾਨ ਸਮੇਂ ਵਿੱਚ ਰਿਸ਼ਤਿਆਂ ਵਿੱਚ ਏਨਾ ਲੋਭ, ਲਾਲਚ ਅਤੇ ਦੂਰੀਆਂ ਵਧ ਗਈਆਂ ਹਨ ਕਿ ਕਿਸੇ ਨੂੰ ਦੂਸਰੇ ਦੇ ਦੁੱਖ ਨਾਲ ਕੋਈ ਵਾਸਤਾ ਨਹੀਂ ਰਿਹਾ। ਮਨੁੱਖ ਪ੍ਰੇਮ, ਭਾਈਚਾਰਾ ਅਤੇ ਸਹਿਯੋਗ ਦੀ ਭਾਵਨਾ ਤੋਂ ਵਿਹੂਣਾ ਹੋ ਨਿਰਜੀਵ ਵਸਤ ਸਮਾਨ ਹੋ ਕੇ ਰਹਿ ਗਿਆ ਹੈ ਇਸੇ ਸੰਦਰਭ ਵਿੱਚ ਕਵਿਤਰੀ ਸੁਖਵਿੰਦਰ ਅੰਮ੍ਰਿਤ ਆਖਦੀ ਹੈ ਕਿ ਜਿਸ ਵਿੱਚ ਜਾਨ, ਸੀਨੇ ਵਿੱਚ ਦਿਲ ਅਰਥਾਤ ਕੋਮਲ ਹਿਰਦਾ ਹੈ। ਉਹ ਹੀ ਇਸ ਸਮੇਂ ਵਿੱਚ ਦੂਸਰੇ ਦੇ ਦੁੱਖ ਨੂੰ ਸਮਝ ਸਕਦਾ ਹੈ।

**ਬਿੰਬ-ਵਿਧਾਨ**:

ਕਾਵਿ ਵਿੱਚ ਬਿੰਬ ਦਾ ਮੁੱਖ ਕਾਰਜ ਸੰਵੇਦਨਾ ਪ੍ਰਦਾਨ ਕਰਨਾ ਹੈ। ਸਮਕਾਲੀ ਕਵੀ ਬਿੰਬ ਦੀ ਵਰਤੋਂ ਆਪਣੇ ਅਨੁਭਵਾਂ, ਮਨੋਵੇਗਾਂ, ਭਾਵਾਂ ਨੂੰ ਸੰਵੇਦਨਾਯੋਗ ਬਣਾਉਣ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰਿਤ ਕਰਨ ਲਈ ਕਰਦੇ ਹਨ। ਬਿੰਬ ਪੱਛਮੀ ਸਾਹਿਤ ਤੋਂ ਪ੍ਰਭਾਵਿਤ ਹੋ ਕੇ ਸਾਡੀ ਭਾਰਤੀ ਕਾਵਿ ਸਿਰਜਣਾ ਵਿੱਚ ਸ਼ਾਮਿਲ ਹੋਇਆ ਹੈ। ਭਾਰਤੀ ਕਾਵਿ ਵਿੱਚ ਬਿੰਬ ਦੀ ਥਾਂ ਅਲੰਕਾਰ ਹੀ ਵਧੇਰੇ ਪ੍ਰਚੱਲਤ ਸੀ। ਅੰਗਰੇਜ਼ੀ ਵਿੱਚ 'ਬਿੰਬ' ਸ਼ਬਦ ਦਾ ਸਮਾਨਾਰਥੀ ਸ਼ਬਦ 'ਇਮੇਜ' **(Image)** ਹੈ। ਜਿਸ ਦਾ ਅਰਥ ਹੈ 'ਚਿੱਤਰ, ਮੂਰਤੀ, ਬਿੰਬ. ਪ੍ਰਤੀਬਿੰਬ, ਰੂਪਕ, ਮੂਰਤੀਮਾਨ ਕਰਨਾ, ਸੂਰਤ' ਆਦਿ। ਬਿੰਬ ਨੂੰ ਪ੍ਰਭਾਸ਼ਿਤ ਕਰਦਿਆਂ ਰੋਬਿਨ ਸਕਿਲਟਨ ਲਿਖਦਾ ਹੈ ਕਿ ਬਿੰਬ ਇੱਕ ਸ਼ਬਦ ਹੁੰਦਾ ਹੈ ਜੋ ਇੰਦ੍ਰਿਆਵੀ ਅਨੁਭਵ ਦੇ ਭਾਵਾਂ ਨੂੰ ਜਗਾਉਂਦਾ ਹੈ:

*An image is a word which arouses idea of sensory perception.*

(*The Poetic Pattern* 56)

ਡਾ. ਨਗੇਂਦਰ ਅਨੁਸਾਰ:

*ਕਾਵਿ ਬਿੰਬ ਸ਼ਬਦਾਰਥ ਦੇ ਮਾਧਿਅਮ ਨਾਲ ਕਲਪਨਾ ਦੁਆਰਾ ਨਿਰਮਿਤ ਇੱਕ ਅਜੇਹੀ ਮਾਨਸ-ਛਵੀ ਹੈ ਜਿਸ ਦੇ ਮੂਲ ਵਿੱਚ ਭਾਵ ਦੀ ਪ੍ਰੇਰਣਾ ਹੁੰਦੀ ਹੈ*

(ਡਾ. ਸਤਿੰਦਰ ਸਿੰਘ, *ਵਿਹਾਰਕ ਸਮੀਖਿਆ ਕਵਿਤਾ ਅਤੇ ਵਾਰਤਕ* **38)**

ਸਮਕਾਲੀ ਦੌਰ ਦੀ ਨਵੀਂ ਪੰਜਾਬੀ ਕਵਿਤਾ ਜਾਂ ਖੁੱਲ੍ਹੀ ਕਵਿਤਾ ਵਿੱਚ ਬਿੰਬ ਵਿਧਾਨ ਦਾ ਅਹਿਮ ਸਥਾਨ ਹੈ। ਰੋਜਾਨਾ ਜੀਵਨ ਵਿੱਚ ਅਜਿਹੀਆਂ ਅਣਗਿਣਤ ਕਾਲਪਨਿਕ ਮੂਰਤਾਂ 'ਤੇ ਤਸਵੀਰਾਂ ਹਰ ਸਮੇਂ ਮੌਜੂਦ ਰਹਿੰਦੀਆਂ ਹਨ, ਜਿਨ੍ਹਾਂ ਸੰਵੇਦਨਸ਼ੀਲ ਮਨ ਵਾਲਾ ਅਤੇ ਗੰਭੀਰ ਅਤੇ ਸੁਹਜ ਮਾਣਨ ਦਾ ਸ਼ੋਕੀਨ ਕਵੀ ਆਪਣੇ ਅਨੁਭਵ ਦੀ ਪਾਨ ਚੜ੍ਹਾ ਕੇ ਪੇਸ਼ ਕਰਦਾ ਹੈ। ਜਿਨ੍ਹਾਂ ਦਾ ਪ੍ਰਭਾਵ ਪਾਠਕ ਦੇ ਮਨ 'ਤੇ ਡੂਘਾਂ ਉੱਕਰ ਜਾਂਦਾ ਹੈ। ਅਜੋਕੇ ਸੰਦਰਭ ਵਿੱਚ ਬਿੰਬ ਕਵੀ ਨੂੰ ਆਪਣੇ ਅਨੁਭਵ, ਸੂਖ਼ਮ ਭਾਵਨਾਵਾਂ ਅਤੇ ਅਮੂਰਤ ਅਨੁਭੂਤੀਆਂ ਨੂੰ ਸੰਚਾਰਿਤ ਕਰਨ ਦੀ ਖੁੱਲ੍ਹ ਪ੍ਰਦਾਨ ਕਰਦਾ ਹੈ। ਚਿੱਤਰਬੱਧ ਕਰਨਾ, ਨਿਰਾਕਾਰ ਨੂੰ ਸਾਕਾਰ ਕਰਨਾ, ਅਮੂਰਤ ਨੂੰ ਮੂਰਤੀਮਾਨ ਕਰਨਾ ਜਾਂ ਪ੍ਰਤਿਛਾਇਆ ਕਰਨਾ ਬਿੰਬ ਦਾ ਖਾਸ ਲੱਛਣ ਆਖਿਆ ਜਾ ਸਕਦਾ ਹੈ। ਚੰਗੇਰੀ ਕਵਿਤਾ ਦਾ ਸੁਹਜਾਤਮਕ, ਰਮਜ਼ਮਈ ਅਤੇ ਬਹੁ-ਆਰਥਕ ਬਣਨ ਦਾ ਮੁੱਖ ਕਾਰਨ ਬਿੰਬਾਵਲੀ ਭਰਪੂਰ ਭਾਸ਼ਾ ਹੀ ਹੁੰਦੀ ਹੈ। **ਸਮਕਾਲੀ ਪੰਜਾਬੀ ਕਵਿਤਾ** ਸੰਚਾਰ ਵਿੱਚ ਮਨੁੱਖੀ ਅਨੁਭਵ ਨੂੰ ਨਿਮਨਲਿਖਤ ਅਨੁਸਾਰ ਬਿੰਬਾਂ ਦੀ ਭਾਸ਼ਾ ਰਾਹੀਂ ਸੰਚਾਰ ਕਰ ਰਹੀ ਹੈ।

ਸਮਕਾਲੀ ਪੰਜਾਬੀ ਕਵਿਤਾ ਦੇ ਸੰਚਾਰ ਵਿਧਾਨ ਦਾ ਅਧਿਐਨ ਕਰਦਿਆਂ ਇਸ ਗੱਲ ਉੱਪਰ ਧਿਆਨ ਦੇਣ ਦੀ ਲੋੜ ਹੈ ਕਿ ਇਕੱਲੀ ਕੋਈ ਭਾਵਨਾ, ਕੋਈ ਪ੍ਰੇਰਨਾ ਜਾਂ ਕੋਈ ਥੀਮ ਹੀ ਕਾਵਿ-ਰਚਨਾ ਨੂੰ ਸੰਪੂਰਨਤਾ ਪ੍ਰਦਾਨ ਨਹੀਂ ਕਰਦਾ ਬਲਕਿ ਕਵਿਤਾ ਦੀ ਰਚਨਾ ਲਈ ਕਵੀ ਕੋਲ ਆਪਣੇ ਥੀਮਕ ਪ੍ਰਗਟਾਅ ਲਈ ਕੁਝ ਲੋੜੀਂਦੀਆਂ ਕਾਵਿ-ਸੰਚਾਰ ਜੁਗਤਾਂ ਹੋਣੀਆਂ ਲਾਜ਼ਮੀ ਹਨ। ਕਵੀ ਦੁਆਰਾ ਅਸਲ ਸਮਾਜਿਕ ਯਥਾਰਥ ਨੂੰ ਕਵਿਤਾ ਅੰਦਰ ਪਹੁੰਚਾਉਣ ਅਤੇ ਪਾਠਕ ਨੂੰ ਉਸ ਦਾ ਪ੍ਰਤੱਖਣ ਕਰਵਾਉਣ ਲਈ ਖਾਸ ਨੁਕਤਿਆਂ ਅਤੇ ਜੁਗਤਾਂ ਦਾ ਪ੍ਰਯੋਗ ਕਰਨਾ ਪੈਂਦਾ ਹੈ। ਉਹ ਭਾਸ਼ਾ ਦੁਆਰਾ ਸ਼ਬਦਾਂ ਦਾ ਇੱਕ ਚਿੱਤਰ ਜਾਂ ਬਿੰਬ ਉਸਾਰਦਾ ਹੈ। ਜਿਸ ਨਾਲ ਪਾਠਕ ਨੂੰ ਕਵਿਤਾ ਵਿੱਚੋਂ ਸਪੱਸ਼ਟ ਰੂਪ ਵਿੱਚ ਸਮਾਜਿਕ ਯਥਾਰਥ ਦਾ ਪ੍ਰਤੱਖਣ ਤਾਂ ਹੁੰਦਾ ਹੀ ਹੈ ਸਗੋਂ ਸੁਹਜਮਈ ਆਨੰਦ ਦੀ ਪ੍ਰਾਪਤੀ ਵੀ ਹੁੰਦੀ ਹੈ। ਜਿਵੇਂ ਨਿਮਨਲਿਖਤ ਕਾਵਿ ਉਦਾਹਰਨਾਂ ਵਿੱਚ ਸੁਰਜੀਤ ਪਾਤਰ ਨੇ ਜਮਾਤੀ ਵਿਚਾਰਧਾਰਾ ਵਿੱਚੋਂ ਉਪਜੇ ਸੰਘਰਸ਼ ਅਤੇ ਦੂਜਿਆਂ ਦਾ ਹੱਕ

ਖਾਣ ਵਾਲੇ ਲੋਭੀਆਂ ਦਾ ਚਿੱਤਰ **ਰਸ ਬਿੰਬ** ਦੇ ਪ੍ਰਯੋਗ ਨਾਲ ਸਿਰਜਿਆ ਹੈ। ਜਿਨ੍ਹਾਂ ਲਈ ਗਰੀਬ-ਗੁਰਬੇ ਦਾ ਹੱਕ ਮਾਰ ਕੇ ਪ੍ਰਾਪਤ ਲਾਭ ਰੂਪੀ 'ਮਿੱਠਾ ਘੁੱਟ ਵੀ ਕੁਸੈਲਾ' ਹੋ ਜਾਂਦਾ ਹੈ। ਸਮਕਾਲੀ ਪੰਜਾਬੀ ਕਵੀ ਜਸਵੰਤ ਜ਼ਫ਼ਰ ਸਮਕਾਲੀ ਸਮਾਜ ਵਿੱਚ ਫੈਲੀ ਹੋਈ ਅਰਾਜਕਤਾ ਕਾਰਨ ਫਿੱਕੀ ਪੈ ਚੁੱਕੀ 'ਅਮਨ ਸ਼ਾਂਤੀ ਦੀ ਮਿਠਾਸ' ਨੂੰ **ਰਸ ਬਿੰਬ** ਦੇ ਪ੍ਰਯੋਗ ਨਾ ਬਾਖ਼ੂਬੀ ਸਿਰਜਿਆ ਹੈ:

*ਪੀ ਰਿਹਾ ਸਾਂ ਜੋ*

*ਉਹ ਮੇਰਾ ਹੱਕ ਨਹੀਂ ਜਦ ਸੋਚਿਆ*

*ਘੁੱਟ ਤਾਂ ਮਿੱਠਾ ਸੀ*

*ਐਪਰ ਮੂੰਹ ਕੁਸੈਲਾ ਹੋ ਗਿਆ*

(ਸੁਰਜੀਤ ਪਾਤਰ, *ਲਫ਼ਜ਼ਾਂ ਦੀ ਦਰਗਾਹ* 86)

*ਵਿਛੜੇ ਅਮਨ ਨੂੰ ਯਾਦ ਕਰਕੇ*

*ਅਮਨ ਜੋ*

*ਮਾਂ ਦੇ ਦੁੱਧ ਦੀ ਮਿਠਾਸ ਵਰਗਾ*

*ਦਾਦੀ ਦੀ ਲੋਰੀ ਵਰਗਾ*

*ਤੇ ਪੰਘੂੜੇ ਦੇ ਝੂਟੇ-ਮਾਟੇ ਵਰਗਾ ਸੀ*

(ਜਸਵੰਤ ਜ਼ਫ਼ਰ, *ਦੋ ਸਾਹਾਂ ਵਿੱਚਕਾਰ* 24)

ਉਪਰੋਕਤ ਕਾਵਿ ਉਦਾਰਹਨਾਂ ਤੋਂ ਇਲਾਵਾ ਸਮਕਾਲੀ ਪੰਜਾਬੀ ਕਵਿਤਾ ਆਧੁਨਿਕ ਦੌਰ ਦੀ ਚਲੀ ਆ ਰਹੀ ਪ੍ਰੰਪਰਾ ਨਾਲੋਂ ਵੱਖਰਾ ਅਤੇ ਖ਼ੁਦਮੁਖਤਿਆਰ ਵਿਚਾਰਧਾਰਈ ਧੁਰਾ ਉਸਾਰਦੀ ਹੈ। ਜਿੱਥੇ ਆਧੁਨਿਕ ਪੰਜਾਬੀ ਕਵਿਤਾ ਨਵੇਂ ਯੁੱਗ ਦੀਆਂ ਵੰਗਾਰਾਂ, ਦੁਸ਼ਵਾਰੀਆਂ, ਝਮੇਲਿਆ, ਸਿਰਜਣਸ਼ੀਲਤਾ, ਮਨੁੱਖੀ ਗੌਰਵ ਅਤੇ ਸੰਤਾਪ ਦੇ ਜਟਿਲ ਮਸਲਿਆਂ ਦੀ ਵਿਚਾਰਧਾਰਾਈ ਬਾਤ ਪਾਉਂਦੀ ਹੈ, ਉੱਥੇ ਸਮਕਾਲੀ ਪੰਜਾਬੀ ਕਵਿਤਾ

ਦਾ ਮੁੱਖ ਸਰੋਕਾਰ ਆਤਮ ਕੇਂਦਰਿਤ ਬਿਰਤੀ ਹੈ। ਸਮਕਾਲੀ ਪੰਜਾਬੀ ਕਵੀ ਆਪਣੇ ਸਮਕਾਲੀ ਸੰਦਰਭ ਨੂੰ ਮੁੱਖ ਰੱਖ ਕੇ ਕਾਵਿ-ਰਚਨਾਵਾਂ ਨੂੰ ਤਤਕਾਲੀ ਵਿਸ਼ਿਆਂ ਅਤੇ ਉੱਤਮ ਸੰਚਾਰ ਜੁਗਤ ਪ੍ਰਦਾਨ ਕਰਦਾ ਹੈ ਜਿਵੇਂ:

*ਵੰਙਾਂ ਗਜਰੇ ਛਣਕਾਉਂਦੀ*

*ਬਾਂਹਾਂ ਫੈਲਾਉਂਦੀ*

*ਕਲਾਵੇ 'ਚ ਭਰਦੀ*

*ਮੈਨੂੰ ਚਾਨਣੀ*

*ਕੋਲ਼ ਕੋਲ਼ ਹੁੰਦਾ*

*ਮੈਂ ਆਪਣੇ ਆਪ ਦੇ*

(ਗੁਰਪ੍ਰੀਤ ਮਾਨਸਾ, *ਸਮੇਂ ਦਾ ਦਰਿਆ* 38)

*ਕੋਪਲਾਂ ਨੂੰ ਚੁੰਮਦੀ ਹੈ, ਤਿੱਤਲੀਆਂ ਫੜਦੀ ਹੈ ਲਾਟ।*

*ਟੋਲਦੀ ਬਾਲਣ ਹਰੇ ਬਾਗਾਂ 'ਚ ਆ ਵੜਦੀ ਹੈ ਲਾਟ।*

(ਗੁਰਤੇਜ ਕੋਹਾਰਵਾਲਾ, *ਪਾਣੀ ਦਾ ਹਾਸ਼ੀਆ* 27)

ਉਪਰੋਕਤ ਸੰਦਰਭ ਵਿੱਚ ਜਦੋਂ ਸਮਕਾਲੀ ਪੰਜਾਬੀ ਕਵੀ ਗੁਰਪ੍ਰੀਤ ਮਾਨਸਾ ਮਨੁੱਖੀ ਸਕਾਰਾਤਮਕ ਭਾਵ, ਵਜ਼ਦ ਅਤੇ ਖੁਸ਼ੀ ਦੀ ਲਹਿਰ ਵਜੋਂ ਸਿਰਜਦਾ ਹੋਇਆ ਉਪਰੋਕਤ ਕਾਵਿ ਸਤਰਾਂ ਦੀ ਸਿਰਜਣਾ ਕਰਦਾ ਹੈ ਤਾਂ ਇਨ੍ਹਾਂ ਦੀ ਕਲਾਤਮਿਕ ਸੁਹਜ ਇੱਕ ਵਿਲੱਖਣ ਅਨੁਭਵ ਲੈਅ ਦੇ ਨਾਲ-ਨਾਲ **ਸਪਰਸ਼ ਬਿੰਬ** ਦੁਆਰਾ ਵੀ ਅਭਿਵਿਅਕਤ ਕਰਦਾ ਹੈ ਜਦਕਿ ਗੁਰਤੇਜ ਕੋਹਾਰਵਾਲਾ ਨੇ ਆਪਣੀਆਂ ਕਾਵਿ ਸਤਰਾਂ ਵਿੱਚ ਅਜੋਕਾ ਨਕਲੀ ਅਤੇ ਬਣਾਉਟੀ ਸੰਸਾਰ ਦੇ ਦੋਗਲੇਪਨ, ਆਮ ਦਿੱਖ ਲਈ ਬਾਹਰ ਬਾਹਰੋਂ ਕੁਝ ਹੋਰ ਹੈ ਪ੍ਰੰਤੂ ਅੰਦਰੂਨੀ ਅਸਲ ਮਾਰੂ ਸੱਚਾਈ ਜੋ ਕੁਝ ਹੋਰ ਹੁੰਦੀ ਹੈ, ਉਹ ਅਕਸਰ ਛੁਪੀ ਰਹਿੰਦੀ ਹੈ। ਅਜਿਹੇ ਗੁੰਝਲਦਾਰ ਵਰਤਾਰੇ ਜਾਂ ਲੁਭਾਵਣੀਆਂ ਕੋਝੀਆਂ ਚਾਲਾਂ ਦੀ ਤਸਵੀਰ ਨੂੰ ਕਲਾਤਮਿਕ ਅਤੇ ਸੁਹਜਾਤਮਕ ਤਰੀਕੇ ਨਾਲ ਕਵੀ ਨੇ ਬੇਹਦ ਅਸਾਨੀ ਨਾਲ ਸਰੋਤੇ ਦੇ ਮਨ ਅੰਦਰ **ਸਪਰਸ਼ ਬਿੰਬ** ਦੇ ਪ੍ਰਯੋਗ ਨਾਲ

ਅਜਿਹਾ ਸ਼ਬਦਾਂ ਦਾ ਚਿਤਰ ਉਸਾਰਿਆ ਹੈ ਕਿ ਗਾਗਰ ਵਿੱਚ ਸਾਗਰ ਭਰਨ ਵਾਂਗ, ਸਮਕਾਲੀ ਸਮਾਜ ਦੀਆਂ ਕੋਝੀਆਂ ਚਾਲਾਂ ਦਾ ਸੰਪੂਰਨ ਵਰਣਨ ਸੀਮਤ ਸ਼ਬਦਾਂ ਨਾਲ ਹੋ ਜਾਂਦਾ ਹੈ।

*ਮਾਫ਼ ਕਰਨਾ*

*ਸਾਡੇ ਲਈ ਬਹੁਤ ਮੁਸ਼ਕਿਲ ਹੈ*

*ਨਾਨਕ ਦੀ ਅਸਲ ਤਸਵੀਰ ਦਾ ਧਿਆਨ ਧਰਨਾ*

*ਪੈਂਡੇ ਦੀ ਧੂੜ ਨਾਲ ਲੱਥ ਪੱਥ ਪਿੰਜਣੀਆਂ*

*ਤਿੜਕੀਆਂ ਅੱਡੀਆਂ*

*ਨ੍ਹੇਰੀ ਨਾਲ ਉਲਝੀ ਖ਼ੁਸ਼ਕ ਦਾੜ੍ਹੀ*

*ਲੂੰਆਂ ਬਰਫ਼ਾਂ ਦੀ ਝੰਬੀ ਪਕਰੋੜ ਚਮੜੀ*

*ਗੱਲ੍ਹਾਂ ਦਾ ਚਿਪਕਿਆ ਮਾਸ*

*ਤੇ ਚਿਹਰੇ ਦੀਆਂ ਉਭਰੀਆਂ ਹੱਡੀਆਂ ਦੇ ਡੂੰਘ 'ਚ*

*ਦਗਦੀਆਂ ਮੱਘਦੀਆਂ ਤੇਜ਼ ਅੱਖਾਂ*

(ਜਸਵੰਤ ਜ਼ਫ਼ਰ, *ਅਸੀਂ ਨਾਨਕ ਦੇ ਕੀ ਲੱਗਦੇ ਹਾਂ* 25)

1960 ਦੀ ਹਰੀ ਕ੍ਰਾਂਤੀ ਤੋਂ ਬਾਅਦ ਵੱਡੀ ਕਿਸਾਨੀ ਨੇ ਆਪਣੀ ਆਰਥਿਕ ਧੌਂਸ ਨਾਲ ਰਾਜਨੀਤੀ ਵਿੱਚ ਪ੍ਰਵੇਸ਼ ਕੀਤਾ ਅਤੇ ਸੱਤਾ ਦੀ ਪ੍ਰਾਪਤੀ ਲਈ ਕਈ ਕੋਝੀਆਂ ਚਾਲਾਂ ਚੱਲੀਆਂ, ਜਿਨ੍ਹਾਂ ਵਿੱਚ ਮੁੱਖ ਰੂਪ ਵਿੱਚ ਧਰਮ ਨੂੰ ਉਨ੍ਹਾਂ ਨੇ ਹਥਿਆਰ ਵਜੋਂ ਵਰਤਿਆ ਅਤੇ ਧਰਮ ਸੰਕਟ ਦਾ ਨਾਅਰਾ ਲਾ ਕੇ ਲੋਕਾਂ ਦੀ ਮਾਨਸਿਕਤਾ ਨਾਲ ਖਿਲਵਾੜ ਕੀਤਾ ਅਤੇ ਧਰਮ ਦੇ ਅਸਲ ਮਨੋਰਥ ਨੂੰ ਆਪਣੇ ਨਿੱਜੀ ਸਵਾਰਥ ਲਈ ਵਰਤ ਲੋਕਾਈ ਨੂੰ ਡੇਰਾਵਾਦ ਵਰਗੇ ਹੋਰ ਕਈ ਕਰਮਾਂ-ਕਾਂਡਾਂ ਵਿੱਚ ਉਲਝਾਇਆ। ਇਸੇ ਨਤੀਜੇ ਵੱਜੋਂ ਧਰਮ ਦਾ ਜੋ ਅਜੋਕਾ ਪ੍ਰਚੱਲਤ ਪ੍ਰਬੰਧ ਹੈ। ਉਹ ਕੇਵਲ ਬਾਹਰੀ ਤੌਰ ਤੇ ਹੀ ਲੋਕ ਕਲਿਆਣਕਾਰੀ ਪ੍ਰਤੀਤ ਹੁੰਦਾ ਹੈ, ਜਦਕਿ ਅਸਲੀਅਤ ਇਸ ਤੋਂ ਉਲਟ ਅੰਦਰੂਨੀ ਰੂਪ ਲੋਕ ਵਿਰੋਧੀ ਚਾਲਾਂ ਦੀ ਹੀ ਤਰਜਮਾਨੀ ਕਰਦਾ ਹੈ। ਜ਼ਬਰ

ਜ਼ੋਰ ਨਾਲ ਜਾਂ ਝੂਠੀ ਸਹਾਨਭੂਤੀ ਜਤਾ ਕੇ ਲੋਕਾਂ ਨੂੰ ਅਸਲ ਸੱਚ ਨਾਲੋਂ ਤੋੜ ਕੇ ਆਪਣੇ ਨਿੱਜੀ ਸਵਾਰਥ ਲਈ ਵਰਤਿਆ ਜਾ ਰਿਹਾ ਹੈ। ਸਮਕਾਲੀ ਸਮਾਜ ਵਿੱਚ ਪ੍ਰਚੱਲਤ ਅਜਿਹੀ ਉਲਟ ਵਿਚਾਰਧਾਰਾ ਦੇ ਵਿਰੋਧ ਵਿੱਚ ਕਵੀ ਜਸਵੰਤ ਜ਼ਫ਼ਰ ਨੇ ਗੁਰੂ ਨਾਨਕ ਦੇ ਰੂਪ ਨੂੰ ਚਿੱਤਰਮਾਨ ਕਰਦਿਆਂ ਉਪਰੋਕਤ ਕਵਿ ਸਤਰਾਂ ਵਿੱਚ **ਰੂਪ ਬਿੰਬ** ਕਾਵਿ ਜੁਗਤ ਦਾ ਪ੍ਰਯੋਗ ਕੀਤਾ ਹੈ। ਜਿਸ ਦੁਆਰਾ ਜਸਵੰਤ ਜ਼ਫਰ ਅਸਲ ਯਥਾਰਥ ਦੇ ਨੇੜੇ ਗੁਰੂ ਨਾਨਕ ਦੇਵ ਜੀ ਦੇ ਕ੍ਰਾਂਤੀਕਾਰੀ ਸਰੂਪ ਨੂੰ ਲੋਕਾਈ ਸਾਹਮਣੇ ਪੇਸ਼ ਕੀਤਾ ਹੈ। ਕਵੀ ਜਸਵੰਤ ਜ਼ਫ਼ਰ ਸਮਕਾਲੀ ਪੰਜਾਬੀ ਕਵਿਤਾ ਦਾ ਸਥਾਪਿਤ ਅਤੇ ਤਜ਼ਰਬੇਕਾਰ ਕਵੀ ਹੈ ਜੋ ਢੁੱਕਵੇਂ ਸਥਾਨ ਤੇ ਢੁਕਵੀਂ ਵਿਧੀ ਦਾ ਪ੍ਰਯੋਗ ਆਪਣੀ ਕਾਵਿ-ਕੁਸ਼ਲਤਾ ਨੂੰ ਪ੍ਰਮਾਣਿਤ ਕਰਦਾ ਹੈ।

*ਕੀ ਕਵੀਆਂ ਦਾ ਆਉਣਾ ਜਾਣਾ ਕਿ ਮਸਤੀ ਸੰਗ ਟੁਰਨਾ*

*ਠੁਮਕ ਠੁਮਕ ਜੇ ਨਾਲ ਨਾ ਚੱਲਣ ਸੱਜ-ਲਿਖੀਆਂ ਕਵਿਤਾਵਾਂ।*

(ਸੁਰਜੀਤ ਪਾਤਰ, *ਲਫ਼ਜ਼ਾਂ ਦੀ ਦਰਗਾਹ* 23)

ਸਮਕਾਲੀ ਪੰਜਾਬੀ ਕਵਿਤਾ ਸਮਾਨਾਂਤਰ ਦੌਰ ਦੇ ਮਾਨਵੀ ਸੱਭਿਆਚਾਰਕ ਅਤੇ ਸੰਸਕ੍ਰਿਤੀਕ ਦੇ ਵਿਭਿੰਨ ਪਹਿਲੂਆਂ ਪੱਖਾਂ ਅਤੇ ਵਿਭਿੰਨ ਪਸਾਰਾਂ ਨੂੰ ਪੇਸ਼ ਕਰਨ ਦੇ ਨਾਲ-ਨਾਲ ਸੁਹਜਾਤਮਕ ਤ੍ਰਿਪਤੀ ਦੇ ਪ੍ਰਕਾਰਜ ’ਤੇ ਵੀ ਖਰੀ ਉਤਰਦੀ ਹੈ। ਕਵਿਤਾ ਦੇ ਇਸ ਸੁਹਜਾਤਮਕ ਪ੍ਰਯੋਜਨ ਲਈ ਸਾਹਿਤਕਾਰ ਆਪਣੇ ਕਾਵਿ ਅਨੁਭਵ ਨਾਲ ਬਹੁਤ ਹੀ ਸੂਖ਼ਮ ਅਤੇ ਕਲਾਤਮਿਕ ਬਿੰਬਾਂ ਨੂੰ ਚਿੱਤਰਦਾ ਹੈ ਜਿਵੇਂ ਉਪਰੋਕਤ ਕਾਵਿ ਸਤਰਾਂ ਵਿੱਚ ਕਵੀ ਸੁਰਜੀਤ ਪਾਤਰ ਇੱਕ ਨਿਪੁੰਨ ਕਵੀ ਦੇ ਰੂਪ ਵਿੱਚ ਰਚਨਾਵਾਂ ਦੇ ਸਕਾਰਾਤਮਕ ਪਸਾਰਾਂ ਨੂੰ ਸਿਰਜਦੇ ਹੋਏ **ਨਾਦ ਬਿੰਬ** ਦੀ ਸਹਾਇਤਾ ਨਾਲ ਸਰੋਤੇ ਦੇ ਮਨ ਵਿੱਚ ਵਿਲੱਖਣ ਧੁਨੀ ਦਾ ਸੰਚਾਰ ਕਰਦੇ ਹਨ।

*ਮੈਂ ਸੁਣਦਾਂ*

*ਇੱਕ ਲਹਿਰਦੀ ਆ ਵਾ ਜ਼*

*ਆਕਾਸ਼ ਦੀਆਂ ਉਂਗਲਾਂ*

*ਧਰਤੀ ਦੇ ਹਰਮੋਨੀਅਮ 'ਤੇ*

*ਕਿਵੇਂ ਨੱਚ ਰਹੀਆਂ* (ਗੁਰਪ੍ਰੀਤ, *ਓਕ* 10)

ਕਵੀ ਦੀ ਪ੍ਰਤਿਭਾ ਅਤੇ ਅਨੁਭਵ ਦਾ ਅਨੁਮਾਨ ਉਸ ਦੀ ਕਾਵਿ ਕੁਸ਼ਲਤਾ ਅਤੇ ਦੂਰ-ਦ੍ਰਿਸ਼ਟੀ ਤੋਂ ਲਗਾਇਆ ਜਾ ਸਕਦਾ ਹੈ। ਕੁਸ਼ਲ ਕਵੀ ਦੀ ਸੰਚਾਰ ਯੋਜਨਾ ਵੀ ਕੁਸ਼ਲ ਹੋਵੇਗੀ, ਜਿਸ ਨਾਲ ਉਹ ਅਮੂਰਤ ਵਰਤਾਰੇ ਨੂੰ ਵੀ ਸਪਸ਼ਟ ਤੌਰ 'ਤੇ ਬਿੰਬਤ ਕਰਕੇ ਪਾਠਕ ਦੇ ਮਨ ਵਿੱਚ ਸਧਾਰਨੀਕਰਨ ਦੇ ਟੀਚੇ ਨੂੰ ਆਸਾਨੀ ਨਾਲ ਸਰ ਕਰ ਲੈਂਦਾ ਹੈ। ਜਿਵੇਂ ਕਵੀ ਗੁਰਪ੍ਰੀਤ ਮਾਨਸਾ ਨੇ ਕੁਦਰਤੀ ਵਰਤਾਰੇ ਵਿੱਚੋਂ ਲਹਿਰਦੀ ਹੋਈ ਆਵਾਜ਼ ਅਤੇ ਹਾਰਮੋਨੀਅਮ ਦੇ ਸੁਰਾਂ ਨੂੰ **ਨਾਦ ਬਿੰਬ** ਦੇ ਪ੍ਰਯੋਗ ਨਾਲ ਸਿਰਜਿਆ ਹੈ। ਜਿਸ ਨਾਲ ਸਰੋਤੇ ਦੇ ਮਨ ਵਿੱਚ ਇੱਕ ਵਿਲੱਖਣ ਸੁਹਜ ਉਤਪੰਨ ਹੁੰਦਾ ਹੈ।

ਸਮਕਾਲੀ ਪੰਜਾਬੀ ਕਵਿਤਾ ਵਿੱਚ ਆਏ ਬੁਨਿਆਦੀ ਆਰਥਿਕ, ਰਾਜਸੀ ਅਤੇ ਸੱਭਿਆਚਾਰਕ ਪਰਿਵਰਤਨਾਂ ਨੇ ਨਵੀਨ ਚੇਤਨਾ ਅਤੇ ਸੋਝੀ ਦਾ ਨਿਰਮਾਣ ਕੀਤਾ ਹੈ। ਜਿਸ ਨੂੰ ਸਮਕਾਲੀ ਪੰਜਾਬੀ ਕਵੀਆਂ ਨੇ ਆਪਣਾ ਵਿਚਾਰਧਾਰਈ ਆਧਾਰ ਬਣਾਉਂਦੇ ਹੋਏ ਸਾਹਿਤਿਕ ਪ੍ਰਤੀਰੋਧ ਸਿਰਜਿਆ ਹੈ। ਕਵਿਤਰੀ ਸੁਖਵਿੰਦਰ ਅੰਮ੍ਰਿਤ ਅਜਿਹੇ ਅਵਿਸ਼ਵਾਸੀ ਵਾਲੇ ਦੌਰ ਦੇ ਸੰਦਰਭ ਵਿੱਚ ਮਨੁੱਖ ਦੇ ਅੰਤਰਮਨ ਵਿੱਚ ਉਪਜੀ ਅਨੈਤਿਕਤਾ ਅਤੇ ਵਾਅਦਾ ਖ਼ਿਲਾਫੀ ਨੂੰ ਸਰੋਤੇ ਦੇ ਮਨ ਵਿੱਚ ਸੁਹਜਮਈ ਢੰਗ ਨਾਲ ਸੰਚਾਰਿਤ ਕਰਨ ਲਈ ਜਦੋਂ ਹੇਠਲੀਆਂ ਕਾਵਿ ਸਤਰਾਂ ਵਿੱਚ ਪੇਸ਼ ਕਰਦੀ ਹੋਈ ਕੁਆਰੀ **ਮਹਿਕ** ਦੁਆਰਾ ਉਡੀਕ ਕਰਨ ਦਾ ਭਾਵ ਪ੍ਰਗਟ ਕਰਦੀ ਹੈ ਤਾਂ ਇਸ ਜੁਗਤ ਨਾਲ ਪਾਠਕ ਦੇ ਮਨਾਂ ਵਿੱਚ ਇੱਕ ਅਜਬ **ਗੰਧ ਬਿੰਬ** ਦਾ ਸੰਚਾਰ ਹੁੰਦਾ ਹੈ:

*ਬਹਾਰ ਦੀ ਰੁੱਤ*

*ਉਸ ਨੂੰ ਉਡੀਕਦਿਆਂ ਲੰਘ ਗਈ*

*ਕਿੰਨੀ ਰੀਝ ਸੀ ਮੇਰੀ*

*ਉਹ ਸੱਜਰੇ ਫੁੱਲਾਂ ਦੀ ਛਾਂ ਮਾਣੇ*

*ਕੁਆਰੀ ਮਹਿਕ ਦੀ ਸੇਜ ਹੰਢਾਵੇ*

*ਪਰ ਉਹ ਨਾ ਆਇਆ*

(ਸੁਖਵਿੰਦਰ ਅੰਮ੍ਰਿਤ, *ਕਣੀਆਂ* 57)

ਸਮਕਾਲੀ ਪੰਜਾਬੀ ਕਵਿਤਾ ਨੇ ਤਤਕਾਲੀ ਸਮਾਜ ਦੇ ਰਿਸ਼ਤੇ ਨਾਤੇ ਪ੍ਰਬੰਧ ਦੇ ਯਥਾਰਥ ਨੂੰ ਕਲਾਤਮਿਕ ਅਤੇ ਸੁਹਜਾਤਮਿਕਤਾ ਨਾਲ ਅਭਿਵਿਅਕਤ ਕੀਤਾ ਹੈ। ਆਧੁਨਿਕ ਯੁੱਗ ਸੰਵੇਦਨਾ ਨੇ ਮਨੁੱਖੀ ਚੇਤਨਾ ਨੂੰ ਸਵੈ-ਕੇਂਦਰਿਤ ਅਤੇ ਨਿੱਜਵਾਦੀ ਬਣਾ ਦਿੱਤਾ ਹੈ। ਅਜਿਹੀ ਨਿੱਜ ਪਰਖ ਚੇਤਨਾ ਨੇ ਮਨੁੱਖੀ ਰਿਸ਼ਤੇ-ਨਾਤਿਆਂ ਦੀਆਂ ਤੰਦਾਂ ਨੂੰ ਬੇਹੱਦ ਕਮਜ਼ੋਰ ਅਤੇ ਸ਼ੱਕ ਦੇ ਘੇਰੇ ਵਿੱਚ ਲਿਆ ਕੇ ਰੱਖ ਦਿੱਤਾ ਹੈ। ਕਵੀ ਗੁਰਤੇਜ ਕੋਹਾਰਵਾਲਾ ਗੁਆਚੇ ਰਿਸ਼ਤਿਆਂ ਦੇ ਸੰਦਰਭ ਵਿੱਚ ਲਿਖਦੇ ਹਨ ਕਿ ਸਮਕਾਲੀ ਸੰਦਰਭ ਵਿੱਚ ਰਿਸ਼ਤਿਆਂ ਪ੍ਰਤੀ ਬਚਨਵੱਧਤਾ ਦੀਆਂ ਕਸਮਾਂ ਅਤੇ ਵਾਅਦੇ ਸਿਰਫ਼ ਨਿੱਜੀ ਸਵਾਰਥ ਦੇ ਸਨਮੁੱਖ ਸਭ ਬੇ-ਬੁਨਿਆਦ ਹੋ ਜਾਂਦੇ ਹਨ:

*ਗੁਆਚੇ ਇਉਂ ਕਿ ਸਾਨੂੰ ਭੁੱਲ ਗਏ ਰੰਗਾਂ ਦੇ ਨਾਂ ਤੀਕਰ*

*ਕਦੇ ਇਹ ਸੋਚਦੇ ਸਾਂ, ਮਹਿਕ ਦਾ ਵੀ ਨਾਮ ਰੱਖਾਂਗੇ।*

(*ਪਾਣੀ ਦਾ ਹਾਸ਼ੀਆ* 53)

ਸਮਕਾਲੀ ਪੰਜਾਬੀ ਕਵਿਤਾ ਮੁੱਖ ਰੂਪ ਵਿੱਚ ਅਜਿਹੇ ਮਨੁੱਖ ਦੀ ਬਾਤ ਪਾਉਂਦੀ ਹੈ ਜੋ, ਸਵੈ-ਸਿਰਜਿਤ ਸਮਾਜਿਕ, ਆਰਥਿਕ ਅਤੇ ਰਾਜਸੀ ਸ਼ਕਤੀਆਂ ਦੀ ਗ੍ਰਿਫ਼ਤ ਵਿੱਚ ਪੂਰੀ ਤਰ੍ਹਾਂ ਉਲਝ ਕੇ ਆਪਣੀ ਭਾਵ-ਹੀਣਤਾ ਅਤੇ ਮਾਨਵਤਾ ਦੇ ਵਿਨਾਸ਼ ਵੱਲ ਜਾ ਰਿਹਾ ਹੈ। ਇਸ ਮਾਹੌਲ ਦੇ ਪ੍ਰਭਾਵ ਵਜੋਂ ਸਮਕਾਲੀ ਮਨੁੱਖ ਉਪਭੋਗੀ ਅਤੇ ਖ਼ਪਤ-ਸੱਭਿਆਚਾਰ ਦੀ ਨਿਸ਼ਾਨਦੇਹੀ ਕਰ ਰਿਹਾ ਹੈ। ਸਿਟੇ ਵਜੋਂ ਮਨੁੱਖ ਧਰਮ ਦੇ 'ਸਰਬੱਤ ਦੇ ਭਲੇ' ਦੇ ਸੰਕਲਪ ਨੂੰ ਨਿੱਜੀ ਹਿੱਤ ਵਿੱਚ ਪਰਿਵਰਤਿਤ ਕਰਕੇ ਆਪਣੇ ਨਿੱਜੀ ਸਵਾਰਥ ਲਈ ਇਸਤੇਮਾਲ ਕਰ ਰਿਹਾ ਹੈ। ਸਮਕਾਲੀ ਮਨੁੱਖ ਦੀ ਅਜਿਹੀ ਮਾਨਸਿਕਤਾ ਨੂੰ ਕਵੀ ਜਸਵੰਤ ਜ਼ਫ਼ਰ ਨੇ **ਮਨੋਵਿਗਿਆਨਕ-ਬਿੰਬ** ਦੀ ਸਹਾਇਤਾ ਨਾਲ ਸਿਰਜਦੇ ਹੋਏ ਆਪਣੀ ਕਵਿਤਾ ਵਿੱਚ ਅਜੋਕੇ ਮਨੁੱਖ ਦੀ

ਮਾਨਸਿਕਤਾ ਦਾ ਸਪਸ਼ਟ ਚਿੱਤਰ ਬਿੰਬਿਤ ਕੀਤਾ ਹੈ ਕਿ ਕਿਸ ਤਰ੍ਹਾਂ ਲੋਕਾਈ ਗੁਰੂ ਨਾਨਕ ਦੇਵ ਦੀ ਅਸਲ ਵਿਚਾਰਧਾਰਾ ਤੋਂ ਟੁੱਟਕੇ ਉਸ ਨੂੰ ਆਪਣੇ ਨਿੱਜੀ ਸਵਾਰਥ ਲਈ ਵਰਤ ਰਹੀ ਹੈ, ਵਹਿਮਾਂ ਭਰਮਾਂ ਤੇ ਕਰਮ ਕਾਂਡਾਂ ਨੂੰ ਤਿਆਗ ਕੇ ਸਿੱਧੇ ਰਾਹ ਪਾਉਣ ਵਾਲੇ ਨਾਨਕ ਦੇ ਨਾਮ ਉੱਤੇ ਲੁੱਟ ਦੀਆਂ ਦੁਕਾਨਾਂ ਖੋਲ੍ਹੀਆਂ ਜਾ ਰਹੀਆਂ ਹਨ। ਮਨੁੱਖ ਦੀ ਅਜਿਹੀ ਗ੍ਰਸਤ ਮਾਨਸਿਕਤਾ ਨੂੰ ਕਵੀ ਜਸਵੰਤ ਜ਼ਫ਼ਰ ਨਿਮਨਲਿਖਤ ਸਤਰਾਂ ਵਿੱਚ ਸਪਸ਼ਟ ਰੂਪ ਵਿੱਚ ਚਿੱਤਰਦਾ ਹੈ:

*ਅਸੀਂ ਨਾਨਕ ਵਾਂਗ ਵਿਦਿਆਲੇ ਨੂੰ ਨਕਾਰ ਨਹੀਂ ਸਕਦੇ*

*ਨਾਨਕ ਨਾਮ ਤੇ ਵਿਦਿਆਲਾ ਉਸਾਰ ਸਕਦੇ ਹਾਂ*

*ਗੁਰੂ ਨਾਨਕ ਵਿਦਿਆਲਾ*

*ਗੁਰੂ ਨਾਨਕ ਮਹਾਂਵਿਦਿਲਿਆ*

*ਗੁਰੂ ਨਾਨਕ ਵਿਸ਼ਵ ਵਿਦਿਆਲਿਆ*

(*ਅਸੀਂ ਨਾਨਕ ਦੇ ਕੀ ਲੱਗਦੇ ਹਾਂ* 24)

ਸਮਕਾਲੀ ਪੰਜਾਬੀ ਕਵੀ ਆਪਣੀ ਕਾਵਿ-ਕੁਸ਼ਲਤਾ ਨਾਲ ਆਪਣੇ ਪਾਠਕ ਦੇ ਮਨ ਵਿੱਚ ਭਾਵਾਂ ਨੂੰ ਪੈਦਾ ਕਰਦਾ ਹੈ, ਭਾਵਾਂ ਨੂੰ ਸੰਚਾਰਿਤ/ਕਾਰਜਸ਼ੀਲ ਕਰਦਾ ਹੈ ਜਿਸ ਉਪਰੰਤ ਸਧਾਰਨੀਕਰਨ ਦੀ ਸਥਿਤੀ ਤੱਕ ਪਹੁੰਚਦਾ ਹੈ। ਅਜਿਹਾ ਕਰਨ ਲਈ ਸਮਕਾਲੀ ਕਵੀ ਅਜੋਕੇ ਸੰਦਰਭ ਵਿੱਚ ਰਸ ਦੀ ਮਹੱਤਤਾ ਤੋਂ ਭਲੀ-ਭਾਂਤੀ ਜਾਣੂ ਹੈ ਕਿਉਂਕਿ ਰਸ ਸਾਹਿਤ ਸੰਚਾਰ ਦੀ ਇੱਕ ਅਜਿਹੀ ਅਨਿੱਖੜਵੀਂ ਵਿਧੀ ਜਾਂ ਜੁਗਤ ਹੈ, ਜਿਸ ਦੁਆਰਾ ਸਮਕਾਲੀ ਕਵੀ ਆਪਣੇ ਕਾਵਿ ਸੰਚਾਰ ਨੂੰ ਪ੍ਰਭਾਵਸ਼ਾਲੀ ਬਣਾਉਂਦਾ ਹੈ। ਜੇਕਰ ਸਾਹਿਤ ਵਿੱਚ ਰਸ ਦੀ ਗੱਲ ਕਰਦੇ ਹਾਂ ਤਾਂ ਭੱਟ ਨਾਯਕ ਦੇ ਮਤ ਅਨੁਸਾਰ:

*ਰਸ ਪ੍ਰਦਾਨ ਕਰਨਾ ਹੀ ਕਾਵਿ ਦੀ ਜਿੰਦ ਜਾਨ ਹੈ।* (ਡਾ. ਨਗੇਂਦ੍ਰ, *ਰਸ ਸਿੱਧਾਂਤ* 46)

ਭਾਰਤੀ ਵਿਦਵਾਨ 'ਭਰਤ ਮੁਨੀ' ਕਾਵਿ ਵਿੱਚ 'ਰਸ' ਦੀ ਉਤਪੱਤੀ ਲਈ 'ਭਾਵਾਂ' ਨੂੰ ਆਧਾਰ ਮੰਨਦੇ ਹਨ। ਕਵਿਤਾ ਵਿੱਚ ਰਸ ਦੀ ਨਿਸ਼ਪਤੀ ਭਾਵ ਰਸ ਦੇ ਉਜਾਗਰ ਹੋਣ ਦੇ ਸੰਦਰਭ ਵਿੱਚ ਭਾਰਤ ਮੁਨੀ ਦਾ ਕਥਨ ਹੈ:

> *ਵਿਭਾਵਾਨਭਾਵਵਯ ਭਿਚਾਰਿਸੰਯੋਗਾਦ ਰਸ ਨਿਸ਼ਪੱਤਿ:ਇਸ ਦਾ ਭਾਵ ਹੈ ਕਿ ਰਸ ਵਿਭਾਵ* ***(Determination),*** *ਅਨੁਭਵ* ***(Donequents)*** *ਅਤੇ ਵਿਚਾਰੀ ਜਾਂ ਸੰਚਾਰੀ* ***(Secondary or accessary)*** *ਭਾਵਾਂ* ***(Moods)*** *ਦੇ ਸੰਯੋਗ ਦਾ ਸਿੱਟਾ ਹੈ।*

**(ਡਾ. ਜਸਵੰਤ ਬੇਗੋਵਾਲ,** ***ਪੰਜਾਬੀ ਪਿੰਗਲ*** **128)**

ਸਮਕਾਲੀ ਪੰਜਾਬੀ ਕਵਿਤਾ ਦਾ ਉਚਾਰ ਸਵੈ-ਕੇਂਦਰਿਤ ਹੋਣ ਕਾਰਨ ਇਹ ਗੁੰਝਲਦਾਰ ਮਨੁੱਖੀ ਮਨ ਦੇ ਭਾਵਾਂ ਨੂੰ ਪ੍ਰਸਤੁਤ ਕਰਦੀ ਹੈ। ਇਸ ਕਾਰਨ ਸਮਕਾਲੀ ਪੰਜਾਬੀ ਕਵੀ ਅਜਿਹੇ ਗੁੰਝਲਦਾਰ, ਵਲਦਾਰ, ਅਸਾਵੇਂ, ਉਲਟੇ-ਸਿੱਧੇ ਜ਼ਿੰਦਗੀ ਦੇ ਟਕਰਾਵਾਂ ਨੂੰ ਵਧੇਰੇ ਸੁਚੇਤ ਹੋ ਕੇ ਆਪਣੀ ਕਾਵਿ-ਰਚਨਾ ਵਿੱਚ ਰੂਪਮਾਨ ਕਰਦਾ ਹੈ। ਇਸੇ ਵਰਤਾਰੇ ਦੇ ਜਟਿਲ ਯਥਾਰਥ ਵਿੱਚ ਉਲਝਿਆ ਕਵੀ ਕਾਵਿ-ਵਿਵੇਕ ਅਤੇ ਕਾਵਿ-ਖੂਬਸੂਰਤੀ ਥੋੜ੍ਹਾ ਅਚੇਤ ਹੋ ਜਾਂਦਾ ਹੈ ਪ੍ਰੰਤੂ ਕਵੀ ਵੱਖ-ਵੱਖ ਕਾਵਿ ਜੁਗਤਾਂ ਨੂੰ ਕਾਵਿ-ਉਸਾਰ ਦਾ ਸਾਧਨ ਬਣਾ ਕੇ ਕਾਵਿ-ਰਚਨਾ ਦਾ ਸਾਹਿਤਕ ਰਸ ਸਮਾਪਤ ਨਹੀਂ ਹੋਣ ਦਿੰਦਾ ਸਗੋਂ ਕਵਿਤਾ ਦੀ ਕਾਵਿਕਤਾ ਸਮਕਾਲੀ ਕਵੀ ਦੀ ਆਪਣੀ ਵਿਚਾਰਧਾਰਾਈ ਸਪਸ਼ਟਤਾ ਦੀ ਪੈਰਈ ਵਿੱਚੋਂ ਝਲਕਦੀ ਦਿਖਾਈ ਦਿੰਦੀ ਹੈ।

*ਲੰਘਾਂਗੇ ਤੇਰੀ ਗਲੀ ਵੀ ਇੱਕ ਦਿਨ ਛਨਨ ਛਨਨ*

*ਤੇਰੇ ਬਿਨਾਂ ਵੀ ਜੀਅ ਰਹੇ ਹਾਂ ਇਹ ਦਿਖਾਉਣ ਨੂੰ*

(ਸੁਰਜੀਤ ਪਾਤਰ, *ਪੱਤਝੜ ਦੀ ਪਾਜ਼ੇਬ* 36)

ਸਮਕਾਲੀ ਪੰਜਾਬੀ ਕਵਿਤਾ ਦੇ ਸਿਰਮੌਰ ਕਵੀ ਸੁਰਜੀਤ ਪਾਤਰ ਨੇ ਅਜੋਕੇ ਦੌਰ ਦੀ ਇੱਕਲਾਪੀ, ਸੰਤਾਪੀ ਅਤੇ ਪਿਆਰ ਵਿਹੂਣੀ ਔਰਤ ਦੀ ਆਵਾਜ਼ ਨੂੰ ਆਪਣੀ ਕਵਿਤਾ ਵਿੱਚ ਉਚਾਰ ਰੂਪ ਪ੍ਰਦਾਨ ਕੀਤਾ ਹੈ। ਕਵੀ ਨੇ ਔਰਤ ਦੇ ਗ਼ਮ, ਪੀੜਾ, ਬਿਰਹਾ, ਦਰਦ ਅਤੇ ਇਸ ਤੋਂ ਉਤਪੰਨ ਇਕੱਲਤਾ, ਉਦਾਸੀ, ਬੇਕਦਰੀ

ਵਾਲੇ 'ਵਿਭਾਗ' ਦਾ ਕਾਵਿਕ ਉਚਾਰ ਸ਼ਿੰਗਾਰ ਰਸ ਸੰਚਾਰ ਜੁਗਤ ਨਾਲ ਕੀਤਾ ਹੈ। ਨਾਇਕਾ ਵੱਲੋਂ ਵਿਯੋਗ ਤੇ ਇਕਾਂਤ ਦੇ ਪ੍ਰਤੀਕਰਮ ਵੱਜੋਂ ਉਤਪਨ ਹੋਏ ਅਨੁਭਾਵ ਨੂੰ ਨਾਇਕ ਦੀ ਗਲੀ ਵਿੱਚ 'ਛਨਨ- ਛਨਨ' ਚੱਲਣ ਦੇ ਕਰਮ ਨਾਲ ਉਪਜੇ (ਪ੍ਰੀਤਮ ਨਾਲ ਮੋਹ-ਵਿਯੋਗ) ਵਿਭਚਾਰੀ ਭਾਵ ਨੂੰ ਜਾਗ੍ਰਿਤ ਕਰ ਕੀਤਾ ਹੈ ਜਿਸ ਨਾਲ ਵਿਯੋਗ ਦੇ ਸੰਚਾਰੀ ਭਾਵ ਨੂੰ ਪ੍ਰਬਲ ਜੋਇਆ ਹੈ ਅਤੇ ਪਾਠਕ ਨਾਲ ਸਾਧਾਰਨੀਕਰਨ ਦੀ ਸਥਿਤੀ ਉਤਪੰਨ ਹੁੰਦੀ ਹੈ।

ਨਿਮਨਲਿਖਿਤ ਕਾਵਿ-ਸਤਰਾਂ ਸਮਕਾਲੀ ਪੰਜਾਬੀ ਕਵਿਤਾ ਦੇ ਥੀਮਕ ਅਤੇ ਕਾਵਿ-ਸ਼ਾਸਤਰੀ ਦੋਵਾਂ ਪੱਖਾਂ ਦੀ ਕੌਸ਼ਲ ਨਿਪੁੰਨਤਾ ਨੂੰ ਦ੍ਰਿਸ਼ਟੀਮਾਨ ਕਰਦੀ ਹੈ। ਕਵੀ ਜਸਵੰਤ ਜਫ਼ਰ ਅਜੋਕੇ ਯੁੱਗ ਵਿੱਚ ਵਿੱਚਰ ਰਹੇ ਮੱਧ-ਵਰਗ ਦੀ ਦ੍ਰਿਸ਼ਟੀ ਮੂਲਕ ਵਿਚਾਰਧਾਰਕ ਦਾ ਸੰਚਾਰਗਤ ਮੁਹਾਂਦਰਾ ਸਿਰਜਦਾ ਹੈ, ਜਿਸ ਤਹਿਤ ਅੰਤਰ-ਵਿਰੋਧੀ ਮੰਤਵਾਂ, ਬਦਲ ਦੇ ਰੰਗਾਂ, ਸਾਜ਼ਿਸ਼ਾਂ ਅਤੇ ਚਾਲਾਂ ਨੂੰ ਜੀਵਨ ਢੰਗ ਵਿੱਚ ਵਿਅੰਗ ਵਜੋਂ ਹਾਸ-ਰਸ ਦੇ ਮਾਧਿਅਮ ਨਾਲ ਸਿਰਜਦਾ ਹੈ। ਉਦਾਹਰਨ ਵਜੋਂ:

*ਖ਼ਰਗੋਸ਼ ਨਕਲੀ ਸੀ ਪਰ ਚਾਬੀ ਫੁੱਲ ਸੀ*

*ਜੋ ਮਗਰ ਦੌੜੇ ਸਾਡੀ ਭੁੱਲ ਸੀ*

*ਅਸੀਂ ਅਕਲਾਂ ਦੌੜਾ ਦੌੜੇ*

*ਪੁੱਛਾਂ ਤੁੜਾ ਦੌੜੇ*

*ਪੁੱਠ ਦੌੜੇ ਸਿੱਧ ਦੌੜੇ*

*ਇੱਕ ਦੂਜੇ ਨੂੰ ਮਿੱਧ ਦੌੜੇ*

*ਆਖ਼ਿਰ ਹੰਭ ਗਏ ਟੁੱਟ ਗਏ*

*ਨਿੱਸਲ ਹੋ ਸਿਰ ਸੁੱਟ ਗਏ*

*ਚੂਰ ਸਾਂ ਨਾ ਹੋਸ਼ ਸੀ*

*ਉਸ ਚੁੱਕ ਲਿਆ ਖ਼ਰਗੋਸ਼ ਸੀ*

*ਉਸਦੇ ਮੁੱਛੀ ਹਾਸਾ ਸੀ*

*ਅਗਲੇ ਦਿਨ ਹੋਰ ਤਮਾਸ਼ਾ ਸੀ*

(*ਅਸੀਂ ਨਾਨਕ ਦੇ ਕੀ ਲੱਗਦੇ ਹਾਂ 74*)

ਉਪਰੋਕਤ ਪੰਕਤੀਆਂ ਵਿੱਚ ਕਵੀ ਜਸਵੰਤ ਜ਼ਫ਼ਰਵਰਤਮਾਨ ਮਨੁੱਖ ਦੀ ਬਣਾਉਟੀ ਖ਼ੁਸ਼ੀਆਂ ਨੂੰ ਪ੍ਰਾਪਤ ਕਰਨ ਦੀ ਹੋਣੀ 'ਤੇ ਵਿਅੰਗਮਈ ਢੰਗ ਨਾਲ ਚੋਟ ਕਰਦਾ ਹੈ। ਕਵੀ ਨੇ ਸਮਕਾਲੀ ਦੌਰ ਦੀ ਫੋਕੀ ਚਕਾਚੌਂਧ ਨੂੰ ਉਦੀਪਤ ਵਿਭਾਗ ਰਾਹੀਂ ਪ੍ਰਸਤੁਤ ਕਰਦੇ ਹੋਏ ਇਸ ਨੂੰ ਨਕਲੀ ਖਰਗੋਸ਼ ਦੇ ਰੂਪ ਵਿੱਚ ਤੁਲਨਾ ਕਰਕੇ ਲੋਭੀ ਮਨੁੱਖ ਦੁਆਰਾ ਅੰਨ੍ਹੇਵਾਹ ਇਸ ਦੌੜ ਵਿੱਚ ਸ਼ਾਮਿਲ ਹੋਣ ਦੀ ਪ੍ਰਕਿਰਿਆ ਨਾਲ ਅਨੁਭਾਵ ਸਿਰਜਿਆ ਹੈ। ਇਸੇ ਤਰ੍ਹਾਂ ਕਵੀ ਗੁਰਤੇਜ਼ ਕੋਹਾਰਵਾਲਾ ਅਜੋਕੇ ਮਨੁੱਖ ਦੀ ਅਜਿਹੀ ਲੋਭੀ ਕਿਰਿਆ ਨੂੰ 'ਡਾਗ-ਗ੍ਰੇਸ' ਨਾਲ ਤੁਲਨਾ ਕੇ ਇੱਕ ਕਰਾਰਾ ਅਤੇ ਹਾਸੋ-ਹੀਣਾ ਵਿਅੰਗ ਪੇਸ਼ ਕਰਦਾ ਹੈ, ਜੋ ਪਾਠਕ ਦੇ ਮਨ ਵਿੱਚ ਹਾਸ ਰਾਸ ਦੇ ਸਥਾਈ ਭਾਵਾਂ ਨੂੰ ਜਾਗ੍ਰਿਤ ਕਰਦਾ ਹੈ:

ਸਮਕਾਲੀ ਪੰਜਾਬੀ ਕਵਿਤਾ ਪਦਾਰਥਕ ਯੁੱਗ ਵਿੱਚ ਮਨੁੱਖ ਦੁਆਰਾ ਆਪਣੀਆਂ ਲੋੜਾਂ ਅਤੇ ਥੋੜਾਂ ਨੂੰ ਪੂਰਾ ਕਰਨ ਲਈ ਮਨੁੱਖੀ ਅਸੂਲਾਂ ਤੋਂ ਹੱਟ ਕੇ ਅਪਣਾਈ ਗਈ ਭ੍ਰਿਸ਼ਟ ਨੀਤੀ ਨੂੰ ਬਿਆਨ ਕਰਦੀ ਹੋਈ, ਅਜੋਕੇ ਮਨੁੱਖ ਦੀ ਭਟਕਣ ਨੂੰ ਪੇਸ਼ ਕਰਦੀ ਹੈ। ਇਸੇ ਭਟਕਣ ਵਿੱਚੋਂ ਉਹ ਆਪਣੇ ਨੈਤਿਕ ਅਸੂਲਾਂ ਤੋਂ ਹੱਟ ਕੇ ਰਿਸ਼ਵਤਖੋਰੀ, ਬੇਈਮਾਨੀ, ਲਾਲਚ ਆਦਿ ਵਿੱਚ ਆ ਕੇ ਭ੍ਰਿਸ਼ਟਤਾ ਦਾ ਰਾਹ ਫੜ੍ਹ ਲੈਂਦਾ ਹੈ। ਅਜਿਹੀ ਭ੍ਰਿਸ਼ਟਤਾ ਦੀ ਅੰਨ੍ਹੀ ਹਨੇਰੀ ਵਿੱਚ ਨਿੱਤ ਲੱਖਾਂ ਲੋਕਾਂ ਦੀਆਂ ਸੱਧਰਾਂ ਦਾ ਕਤਲ ਹੋ ਰਿਹਾ ਹੈ ਜਿਸ ਨੂੰ ਸਮਕਾਲੀ ਪੰਜਾਬੀ ਕਵੀ ਗੁਰਤੇਜ ਕੋਹਾਰਵਾਲਾ ਨੇ ਅਪਣੀ ਨਿਮਨਲਿਖਿਤ ਕਾਵਿ-ਰਚਨਾ ਵਿੱਚ ਸਮਕਾਲੀ ਮਨੁੱਖ ਦੀ ਅਜਿਹੀ ਤ੍ਰਾਸਦੀ ਨੂੰ ਪੇਸ਼ ਕਰਦਿਆਂ ਹੋਇਆ ਜਿਸ ਜੁਗਤ ਦਾ ਪ੍ਰਯੋਗ ਕੀਤਾ ਹੈ, ਉਹ ਪਾਠਕ ਨੂੰ ਕਰੁਣਾ ਰਸ ਦੀ ਅਨੁਭੂਤੀ ਕਰਵਾਉਂਦੀ ਹੈ:

*ਜ਼ੁਲਮ ਦੀ ਗੱਲ ਇਹ ਨਹੀਂ ਕਿ ਕਤਲ ਹੋ ਜਾਂਦੇ ਹਾਂ ਰੋਜ਼,*

*ਜ਼ੁਲਮ ਦੀ ਆਖ਼ਰ ਕੀ ਕਾਤਲ ਹੱਥ ਵੀ ਨੇ ਆਪਣੇ।*

*ਖ਼ੁਸ਼ਕ ਹੁੰਦੀ ਝੀਲ, ਸੜਦੇ ਫ਼ੁੱਲ, ਮਰਦੀ ਰੌਸ਼ਨੀ,*

*ਮੇਰੀਆਂ ਅੱਖਾਂ 'ਚ ਕਿੰਨੇ ਹਾਦਸੇ ਪਥਰਾ ਗਏ।*

(*ਪਾਣੀ ਦਾ ਹਾਸ਼ੀਆ* 29)

ਸਮਕਾਲੀ ਸਮਾਜਿਕ ਅਤੇ ਸਿਆਸੀ ਪ੍ਰਸਥਿਤੀਆਂ ਉੱਪਰ ਪੂੰਜੀਪਤੀਆਂ ਦੀ ਧੌਂਸ ਨੂੰ ਦੇਖਦੇ ਹੋਏ ਆਮ ਸਾਧਾਰਨ ਮਨੁੱਖ ਕਿਸੇ ਵੀ ਤਰ੍ਹਾਂ ਦੇ ਸਿਆਸੀ ਸੰਘਰਸ਼ ਤੋਂ ਦੂਰ ਹੀ ਰਹਿਣਾ ਬਿਹਤਰ ਮੰਨਦਾ ਹੈ। ਮਨੁੱਖ ਦੀ ਰਾਜਸੀ ਸਿਸਟਮ ਪ੍ਰਤੀ ਅਜਿਹੀ ਨਿਸ਼ਕਿਰਿਆ ਸਿਆਸੀ ਵਿਸੰਗਤੀਆਂ ਨੂੰ ਹੋਰ ਵਧਾਵਾ ਦੇ ਰਹੀ ਹੈ। ਸਮਕਾਲ ਵਿੱਚ ਲੋਕਾਈ ਕੋਲ ਸਮੂਹਿਕ ਸੰਘਰਸ਼ ਜਾਂ ਸਮੂਹਿਕ ਅਮਲ ਦੀ ਅਜਿਹੀ ਕੋਈ ਸੰਭਾਵਨਾ ਨਹੀਂ ਹੈ, ਜੋ ਸਮਕਾਲੀ ਪੰਜਾਬੀ ਸਮਾਜ ਨੂੰ ਇਨ੍ਹਾਂ ਵਿਸੰਗਤੀਆਂ ਤੋਂ ਨਿਜ਼ਾਤ ਦਿਵਾ ਸਕੇ। ਇਸ ਦੇਸ਼ ਦੀਆਂ ਸਮੱਸਿਆਵਾਂ ਦੇ ਨਿਪਟਾਰੇ ਲਈ ਇਹ ਲਾਜ਼ਮੀ ਹੈ ਕਿ ਇਨ੍ਹਾਂ ਸਮੱਸਿਆਵਾਂ ਦੇ ਮੁੱਢ ਨੂੰ ਸਮਝਿਆ ਜਾਵੇ ਅਤੇ ਇਤਿਹਾਸ ਵਿੱਚ ਪਈਆਂ ਗੁੰਝਲਾਂ/ਉਲਝਣਾਂ ਨੂੰ ਸੁਲਝਾਇਆ ਜਾਵੇ ਕਿਉਂਕਿ ਇਤਿਹਾਸ ਦੀ ਠੀਕ ਸਮਝ ਹੀ ਇੱਕ ਚੰਗੇਰਾ ਭਵਿੱਖ ਪ੍ਰਦਾਨ ਕਰ ਸਕਦੀ ਹੈ। ਇਸ ਤਰ੍ਹਾਂ ਕਵੀ ਸਮਾਜ ਦਾ ਇੱਕ ਚੇਤੰਨ ਪ੍ਰਾਣੀ ਹੋਣ ਦੇ ਨਾਤੇ ਆਪਣੀ ਕਾਵਿ-ਸਿਰਜਣਾ ਨਾਲ ਤੱਤਕਾਲੀਨ ਦਸ਼ਾ ਦੇ ਸੰਦਰਭ ਵਿੱਚ ਇਤਿਹਾਸ ਵਿੱਚੋਂ ਅਜਿਹੀਆਂ ਵਿਸੰਗਤੀਆਂ ਦੇ ਨਾਸ਼ ਦੀ ਨਿਸ਼ਾਨਦੇਹੀ ਕਰਦਾ ਹੈ। ਅਜਿਹੀ ਹੀ ਨਿਸ਼ਾਨਦੇਹੀ ਕਵੀ ਜਸਵੰਤ ਜ਼ਫ਼ਰ ਨੇ ਗੁਰੂ ਨਾਨਕ ਦੇਵ ਜੀ ਦੇ ਕ੍ਰਾਂਤੀਕਾਰੀ ਸਵਰੂਪ ਨੂੰ ਰੋਦਰ ਰਸ ਦੇ ਪ੍ਰਯੋਗ ਨਾਲ ਆਪਣੀਆਂ ਹੇਠਲੀਆਂ ਕਾਵਿ-ਸਤਰਾਂ ਸਿਰਜ ਕੇ ਕੀਤੀ ਹੈ:

*ਦਗਦੀਆਂ ਮੱਘਦੀਆਂ ਤੇਜ਼ ਅੱਖਾਂ*

*ਅੱਖਾਂ ਜੋ*

*ਪਰਿਵਾਰ ਨੂੰ*

*ਸਰਕਾਰ ਨੂੰ*

*ਤੇ ਹਰ ਸੰਸਕਾਰ ਨੂੰ*

*ਟਿੱਚ ਜਾਣਦੀਆਂ*

*ਬਹੁਤ ਖ਼ਤਰਨਾਕ ਸਿੱਧ ਹੋ ਸਕਦੈ*

*ਸਾਡੇ ਲਈ ਅਸਲੀ ਨਾਨਕ*

(ਜਸਵੰਤ ਜ਼ਫ਼ਰ, *ਅਸੀਂ ਨਾਨਕ ਦੇ ਕੀ ਲਗਦੇ ਹਾਂ* 27)

ਇਸ ਤਰ੍ਹਾਂ ਉਪਰੋਕਤ ਪੰਗਤੀਆਂ ਵਿੱਚ ਕਵੀ ਨੇ ਅਜਿਹੀਆਂ ਹੀ ਵਿਸੰਗਤੀਆਂ ਭਰੇ ਸਮਾਜ, ਸਰਕਾਰ, ਪਰਿਵਾਰ ਅਤੇ ਸੰਸਕਾਰ ਦੇ ਖੰਡਨ ਦੀ ਨਿਸ਼ਾਨਦੇਹੀ ਗੁਰੂ ਨਾਨਕ ਦੇਵ ਜੀ ਦੇ ਕ੍ਰਾਂਤੀਕਾਰੀ ਰੂਪ ਵਿੱਚ ਕਰਦੇ ਹੋਏ ਸਮਕਾਲੀ ਮਨੁੱਖ ਦੇ ਮਨਾਂ ਵਿੱਚ ਇਤਿਹਾਸਿਕ ਯਥਾਰਥ ਨੂੰ ਜਾਗ੍ਰਿਤ ਕੀਤਾ ਹੈ। ਇਸੇਤਰ੍ਹਾਂਨਿਮਨਲਿਖਿਤਕਾਵਿ-ਸਤਰਾਂਵਿੱਚਗੁਰਤੇਜ ਕੋਹਾਰਵਾਲਾ **ਬੀਰ ਰਸ** ਦੇ ਪ੍ਰਯੋਗ ਨਾਲ ਆਪਣੀ ਹੋਂਦ, ਪਰੰਪਰਾ, ਆਪਣੀ ਧਰਤੀ ਅਤੇ ਸਵੈ ਦੇ ਹੱਕਾਂ ਲਈ ਤਰਲਾਭਾਵੀ ਨਹੀਂ, ਸਗੋਂ ਲੜ ਮਰਨ ਦੇ ਜੋਸ਼ ਨੂੰ ਸਰੋਤੇ ਦੇ ਮਨ ਅੰਦਰ ਸੰਚਾਰਿਤ ਕਰਦਾ ਹੈ। ਜਿਵੇਂ:

*ਮਰੇ ਹਾਂ ਰਾਤ ਦੇ ਹੱਥੋਂ ਅਸੀਂ, ਪੂਰਬ ਲਈ ਲੜਦੇ,*

*ਕਿਸੇ ਸੂਰਜ ਦਾ ਸਾਡੇ ਮਾਣ ਵਿੱਚ ਚੜ੍ਹਨਾ ਵੀ ਬਣਦਾ ਹੈ।*

(ਗੁਰਤੇਜ ਕੋਹਾਰਵਾਲਾ, *ਪਾਣੀ ਦਾ ਹਾਸ਼ੀਆਂ* 67)

ਕਵੀ ਸਮਕਾਲੀ ਸਮਾਜ ਵਿੱਚ ਪੱਛਮੀ ਪ੍ਰਭਾਵ ਅਧੀਨ ਫੈਲੀਆਂ ਕੁਰੀਤੀਆਂ, ਅੰਤਰ ਵਿਰੋਧੀ ਮੰਤਵ, ਬਦਲਦੇ ਰੰਗ, ਅਜੀਬ ਸਾਜ਼ਿਸ਼ਾਂ, ਚਾਲਾਂ ਅਤੇ ਫੈਸ਼ਨਾਂ ਨੂੰ ਭਾਰਤੀ ਪੂਰਬੀ ਪਰੰਪਰਾਗਤ ਕਦਰਾਂ ਕੀਮਤਾਂ ਉੱਪਰ ਆਸਾਨੀ ਨਾਲ ਕਾਬਜ਼ ਹੋਣ ਦੇਣ ਦੇ ਹੱਕ ਵਿੱਚ ਨਹੀਂ ਹੈ। ਸਗੋਂ ਅਜਿਹੀ ਸਥਿਤੀ ਦੇ ਵਿਰੋਧ ਵਿੱਚ ਉਪਰੋਕਤ ਸਤਰਾਂ ਰਾਹੀਂ ਕਵੀ ਪਾਠਕ ਦੇ ਮਨਾਂ ਵਿੱਚ ਜੋਸ਼ ਦੀ ਭਾਵਨਾ ਨੂੰ ਪ੍ਰਜਵਲਿਤ ਕਰਦਾ ਹੈ। ਇਸੇ ਤਰ੍ਹਾਂ ਬੀਭਤਸ ਰਸ ਦਾ ਵੀ ਸਮਕਾਲੀ ਕਵੀਆਂ ਨੇ ਕਲਾਤਮਿਕ ਰੂਪ ਵਿੱਚ ਪ੍ਰਯੋਗ ਕੀਤਾ ਹੈ। ਪ੍ਰਮਾਣ ਵਜੋਂ ਸੁਖਵਿੰਦਰ ਅੰਮ੍ਰਿਤ ਦੀਆਂ ਕਾਵਿ-ਸਤਰਾਂ ਦੇਖੀਆਂ ਜਾ ਸਕਦੀਆਂ ਹਨ:

*ਤੇ ਡੱਬਿਆਂ 'ਚ ਵਿਕਦੀ ਹੈ*

*ਸੁਆਹ ਕਰ ਦੇਣ ਵਾਲੀ ਅੱਗ,*

*ਫੁੜਕ ਫੁੜਕ ਡਿੱਗਦੀ ਹੈ*

*ਸੂਈਆਂ ਨਾਲ ਡੰਗੀ ਮਾਸੂਮ ਜਵਾਨੀ*

*ਤੇ ਸਮੇਂ ਦੇ ਲਲਾਰੀਆਂ ਨੂੰ*

*ਭਾਉਂਦਾ ਨਹੀਂ ਲਹੂ ਤੋਂ ਬਗੈਰ*

*ਕੋਈ ਦੂਜਾ ਰੰਗ* (*ਧੁੱਪ ਦੀ ਚੁੰਨੀ* 14)

ਸਮਕਾਲੀ ਸਮਾਜ ਵਿੱਚ ਪੂੰਜੀਵਾਦੀ ਅਤੇ ਪਦਾਰਥਵਾਦ ਦੇ ਸੰਗਠਿਤ ਵਰਤਾਰੇ ਦੇ ਗੱਠਜੋੜ ਦੁਆਰਾ ਅਜੋਕੇ ਸਮਾਜ ਵਿੱਚ ਅਮਾਨਵੀ ਕਦਰਾਂ-ਕੀਮਤਾਂ ਦੀ ਸਥਾਪਨਾ ਹੋ ਰਹੀ ਹੈ। ਜਿਸ ਤਹਿਤ ਪੂੰਜੀਪਤੀਆਂ ਦੁਆਰਾ ਆਮ ਲੋਕਾਈ ਦੀਆਂ ਭਾਵਨਾਵਾਂ, ਸੱਧਰਾਂ, ਉਮੀਦਾਂ ਆਦਿ ਦਾ ਸ਼ੋਸ਼ਣ ਕਰਕੇ ਅਣ-ਉਚਿਤ ਲਾਭ ਉਠਾਇਆ ਜਾ ਰਿਹਾ ਹੈ। ਅਜਿਹੇ ਸ਼ੋਸ਼ਣ ਤੋਂ ਨਿਜਾਤ ਪਾਉਣ ਲਈ ਸੰਘਰਸ਼ ਅਤੇ ਕ੍ਰਾਂਤੀ ਦਾ ਹੀ ਇੱਕ ਮਾਤਰ ਰਾਸਤਾ ਹੈ, ਜਿਸ ਤੋਂ ਸ਼ੋਸ਼ਿਤ ਵਰਗ ਵੀ ਭਲੀ ਭਾਂਤੀ ਜਾਣੂ ਹੈ। ਇਸੇ ਕਾਰਨ ਉਹ ਆਪਣੇ ਲਈ ਖ਼ਤਰਾ ਪੈਦਾ ਹੋ ਸਕਦੀ ਨੌਜਵਾਨ ਪੀੜ੍ਹੀ ਨੂੰ ਲਾਲਚ, ਨਸ਼ਾ-ਖੋਰੀ, ਦੇਹ-ਵਿਲਾਸ ਆਦਿ ਗਲਤ ਰਸਤਿਆਂ 'ਤੇ ਤੋਰ ਕੇ ਨੌਜਵਾਨ ਵਰਗ ਨੂੰ ਅਯੋਗ ਕਰਨ ਦੀ ਘ੍ਰਿਣਾਯੋਗ ਸਾਜਿਸ਼ ਨੂੰ ਅੰਜਾਮ ਦੇ ਰਹੇ ਹਨ। ਸਮਕਾਲੀ ਸਮਾਜ ਦੇ ਅਜਿਹੇ ਵਰਤਾਰੇ ਵਿੱਚ ਪਲ-ਪਲ ਖੁਰ ਰਹੇ ਪੰਜਾਬ ਦੇ ਨੌਜਵਾਨ ਦੇ ਜੀਵਨ ਦੁਖਾਂਤ ਨੂੰ ਸਮਕਾਲੀ ਪੰਜਾਬੀ ਕਵਿਤਰੀ ਸੁਖਵਿੰਦਰ ਅੰਮ੍ਰਿਤ ਨੇ ਉਪੋਕਤ ਪੰਗਤੀਆਂ ਵਿੱਚ ਬੀਭਤਸ ਰਸ ਦੇ ਪ੍ਰਯੋਗ ਨਾਲ ਸਿਰਜਿਆ ਹੈ। ਜਿਸ ਵਿੱਚ ਕਵਿਤਰੀ ਨੇ ਨਸ਼ੇ ਖੋਰੀ ਦੀਆਂ ਕੋਝੀਆਂ ਚਾਲਾਂ ਅਤੇ ਨਸ਼ਿਆਂ ਦੇ ਪ੍ਰਭਾਵ ਵਿੱਚ ਖ਼ਤਮ ਹੋ ਰਹੀ ਮਾਸੂਮ ਜਵਾਨੀ ਦੇ ਜ਼ਿੰਮੇਵਾਰ ਸਮੇਂ ਦੇ ਆਗੂਆਂ ਦੀ ਘ੍ਰਿਣਾਯੋਗ ਖ਼ੂਨੀ ਖੇਡ ਨੂੰ ਕਾਵਿ ਸਤਰਾਂ ਵਿੱਚ ਰੂਪਮਾਨ ਕੀਤਾ ਹੈ। ਇਸੇਤਰ੍ਹਾਂ ਸਮਕਾਲੀ ਪੰਜਾਬੀ ਕਵੀ ਗੁਰਪ੍ਰੀਤ ਨੇ ਹੇਠਲੀਆਂ ਸਤਰਾਂ ਵਿਚ ਅਦਭੁਤ ਰਸ ਦਾ ਪ੍ਰਯੋਗ ਕਰਦੇ ਹੋਏ ਸਮਾਜ ਨੂੰ ਸੇਧ ਦੇਣ ਦਾ ਉਪਰਾਲਾ ਕੀਤਾ ਹੈ। ਜਿਸਦੀ ਉਦਾਹਰਨ ਹੇਠਲੀਆਂ ਸਤਰਾਂ ਵਿੱਚ ਦੇਖੀ ਜਾ ਸਕਦੀ ਹੈ:

*ਜਿੰਦਾ ਲਾ ਦਿੱਤਾ ਹੈ ਡਾਇਰੀਆਂ*

*ਲਿਖੀਆਂ ਅਣਛਪੀਆਂ ਕਵਿਤਾਵਾਂ ਉਹਦੀਆਂ ਨੂੰ*

*ਭਾਵੇਂ*

*ਉਹ ਨਹੀਂ ਜਾਣਦਾ*

*ਮਾਰ ਕੇ ਉਹ*

*ਕਿੱਥੇ ਕਿੱਥੇ ਜਿਉਂ ਰਿਹਾ ਹੈ* (*ਓਕ* 53)

ਕਵੀ ਸਮਾਜ ਦਾ ਇੱਕ ਸੰਵੇਦਨਸ਼ੀਲ ਪ੍ਰਾਣੀ ਹੋਣ ਕਾਰਨ ਸਮਾਜ ਪ੍ਰਤੀ ਆਪਣੀ ਮੌਲਿਕ ਚੇਤਨਾ ਰੱਖਦਾ ਹੈ, ਜੋ ਸਮਾਜ ਵਿੱਚ ਵਿੱਚਰਦਿਆਂ ਵੱਖ-ਵੱਖ ਅਨੁਭਵਾਂ ਤੋਂ ਉਸਰਦੀ ਹੈ। ਆਦਰਸ਼ ਕਵੀ ਦੀ ਚੇਤਨਾ ਤੰਦਰੁਸਤ, ਅਗਾਂਹ-ਵਧੂ, ਸੰਤੁਲਿਤ, ਵਿਗਿਆਨਕ ਅਤੇ ਮਾਨਵਵਾਦੀ ਹੁੰਦੀ ਹੈ, ਜੋ ਉਸ ਦੇ ਸਮਕਾਲ ਵਿੱਚ ਫੈਲੀਆਂ ਮਨੁੱਖ-ਦੋਖੀ ਸ਼ਕਤੀਆਂ ਨੂੰ ਪਹਿਚਾਨਣ ਦੀ ਸੂਝ-ਸਮਝ ਪ੍ਰਦਾਨ ਕਰਦੀ ਹੈ। ਕਵੀ ਆਪਣੀ ਇਸ ਸੂਝ-ਬੂਝ ਅਤੇ ਸਿਆਣਪ ਨਾਲ ਅਜਿਹੀ ਰਚਨਾ ਦੀ ਸਿਰਜਣਾ ਕਰਦਾ ਹੈ, ਜੋ 'ਸੱਤਿਅਮ, ਸ਼ਿਵਮ, ਸੁੰਦਰਮ' ਸਾਹਿਤ ਮੰਤਵ 'ਤੇ ਖ਼ਰੀ ਉਤਰਦੀ ਹੈ। ਕਵੀ ਦੀ ਬਚਨਵੱਧਤਾ ਸਮਾਜ ਕਲਿਆਣਕਾਰੀ ਹੁੰਦੀ ਹੈ। ਜਿਸ ਕਾਰਨ ਉਹ ਆਪਣੀਆਂ ਰਚਨਾਵਾਂ ਦੇ ਜ਼ਰੀਏ ਆਪਣੀ ਭਾਸ਼ਾ, ਆਪਣੇ ਸਮਾਜ ਅਤੇ ਆਪਣੇ ਚੌਗਿਰਦੇ ਵਿੱਚ ਹਮੇਸ਼ਾ ਰੂਪਮਾਨ ਰਹਿੰਦਾ ਹੈ। ਜਦੋਂ ਇਸੇ ਵਰਤਾਰੇ ਨੂੰ ਅਦਭੁਤ ਰਸ ਦੇ ਪ੍ਰਯੋਗ ਨਾਲ ਸਮਕਾਲੀ ਪੰਜਾਬੀ ਕਵੀ ਗੁਰਪ੍ਰੀਤ ਮਾਨਸਾ ਅਪਾਣੀਆਂ ਉਪਰੋਕਤ ਕਾਵਿ ਸਤਰਾਂ ਵਿੱਚ ਲਿਖਦਾ ਹੈ ਕਿ, 'ਮਾਰ ਕੇ ਉਹ ਵੀ ਉਹ ਕਿੱਥੇ-ਕਿੱਥੇ ਜਿਉਂ ਰਿਹਾ ਹੈ' ਸਰੋਤੇ ਦੇ ਮਨਾਂ ਵਿੱਚ ਇੱਕ ਅਨੋਖਾ ਅਤੇ ਅਲੋਕਿਕ ਭਾਵ ਜਾਗ੍ਰਿਤ ਹੋ ਜਾਂਦਾ ਹੈ। ਇਸੇ ਤਰ੍ਹਾਂ ਨਿਮਨਲਿਖਿਤ ਕਾਵਿ-ਸਤਰਾਂ ਵਿੱਚ ਕਵਿਤਰੀ ਸੁਖਵਿੰਦਰ ਅੰਮ੍ਰਿਤ ਨੇ ਭਿਆਨਕ ਰਸ ਦਾ ਪ੍ਰਯੋਗ ਕਰਦੇ ਹੋਏ, ਪਰੰਪਾਗਤ ਸਮਾਜਿਕ ਅਤੇ ਸਭਿਆਚਾਰਕ ਰਸਮਾਂ, ਰਿਵਾਜ, ਸੰਸਕਾਰਾਂ ਅਤੇ ਬੰਧਨਾਂ ਦੇ ਆਲੰਬਨ ਵਿਭਾਗ ਦੁਆਰਾ ਔਰਤ ਦੇ ਮਨ ਦੀ ਭੈ-ਦਾਇੱਕ ਸਥਿਤੀ ਅਤੇ ਮਨੋਂ ਭਾਵਾਂ ਨੂੰ ਉਜਾਗਰ ਕੀਤਾ ਹੈ। ਉਦਾਹਰਨ ਲਈ:

*ਹਜ਼ਾਰ ਵਾਰ ਦਿਲ ਕੰਬਿਆ*

*ਲੱਖਾਂ ਵਾਰ ਹੱਥ ਤ੍ਰਭਕੇ*

*ਆਖ਼ਰ ਮੈਂ ਵਰਣਮਾਲਾ ਦੇ ਰੁੱਖ ਤੋਂ*

*ਤੇਰੇ ਨਾਂ ਦੇ ਸੱਤ ਅੱਖਰ ਤੋੜ ਲਏ*

*ਜਦੋਂ ਪਹਿਲਾ ਅੱਖਰ ਤੋੜਿਆ*

*ਸੰਸਕਾਰਾਂ ਨੇ ਵਰਜਿਆ ਮੈਨੂੰ*

*ਦੂਜਾ ਤੋੜਨ ਲੱਗੀ*

*ਦੁਨੀਆਂ ਨੇ ਤਾੜਿਆ* (*ਚਿੜੀਆਂ* 31)

ਉਪਰੋਕਤ ਸਤਰਾਂ ਅਜਿਹੇ ਸਮਾਜ ਵਿੱਚ ਵਿਚਰਦੀ ਔਰਤ ਦੀਆਂ ਸੱਧਰਾਂ ਅਤੇ ਚਾਹ ਮੁੱਢ ਤੋਂ ਹੀ ਦੱਬੇ ਰਹਿ ਜਾਂਣ ਦੀ ਤ੍ਰਾਸਦੀ ਨੂੰ ਅਭਿਵਿਅਕਤ ਕਰਦੀਆਂ ਹਨ। ਜਦੋਂ ਕਿਸੇ ਇਸਤਰੀ ਦੇ ਮਨ ਵਿੱਚ ਆਪਣੇ ਮਨਪਸੰਦ ਵਰ ਦੀ ਚੋਣ ਦਾ ਖਿਆਲ ਉੱਠਦਾ ਹੈ, ਤਾਂ ਅਜਿਹੇ ਬੰਧਨਾਂ ਦੇ ਸਾਏ ਵਿੱਚ ਆਪਣੇ ਪਹਿਲੇ ਕਦਮ 'ਤੇ ਹੀ ਉਹ ਸਮਾਜਿਕ ਸੰਸਕਾਰਾਂ, ਰਸਮਾਂ-ਰਿਵਾਜਾਂ ਅਤੇ ਵਰਜਣਾ ਕਾਰਨ ਦਹਿਲ ਜਾਂਦੀ ਹੈ। ਅਜਿਹੇ ਮਾਹੌਲ ਵਿੱਚੋਂ ਉਪਜੇ 'ਅਨੁਭਾਵ' ਨੂੰ ਕਵਿਤਰੀ ਸੁਖਵਿੰਦਰ ਅੰਮ੍ਰਿਤ ਆਪਣੀਆਂ ਕਾਵਿ ਸਤਰਾਂ ਵਿੱਚ 'ਦਿਲ ਦਾ ਕੰਬਣਾ ਅਤੇ ਹੱਥਾਂ ਦਾ ਤ੍ਰਭਕ ਜਾਣਾ' ਜਿਹੇ ਸ਼ਬਦਾਂ ਦੀ ਵਰਤੋਂ ਕਰਦੇ ਹੋਏ ਸਰੋਤੇ ਦੇ ਮਨ ਵਿੱਚ ਭਾਵਾਂ ਨੂੰ ਉਤੇਜਿਤ ਕਰਦੀ ਹੈ। ਵਿਭਾਵ ਅਤੇ ਅਨੁਭਵ ਦੇ ਸੰਯੋਗ ਵਜੋਂ ਸਰੋਤੇ ਦੇ ਮਨ ਵਿੱਚ ਚਿੰਤਾ, ਭੈਅ ਅਤੇ ਸ਼ੋਕ ਜਿਹੇ 'ਵਿਭਚਾਰੀ ਭਾਵ' ਦੀ ਉਤਪੱਤੀ ਹੁੰਦੀ ਹੈ। ਜਿਸ ਨਾਲ ਪਾਠਕ ਨੂੰ ਭਿਆਨਕ ਰਸ ਦੀ ਅਨੁਭੂਤੀ ਹੁੰਦੀ ਹੈ। ਹੇਠਲੀਆਂ ਕਾਵਿ-ਸਤਰਾਂ ਵਿੱਚ ਕਵੀ ਜਸਵੰਤ ਜ਼ਫ਼ਰ ਨੇ ਪ੍ਰਕਿਰਤੀ ਚਿਤਰਨ ਦੁਆਰਾ ਕੁਦਰਤ ਦੀ ਮਹਾਨਤਾ ਅਤੇ ਅਹਿਮੀਅਤ ਨੂੰ ਉਜਾਗਰ ਕਰਦੇ ਹੋਏ ਪਾਠਕ ਦੇ ਮਨਾਂ ਵਿੱਚ **ਸ਼ਾਂਤ ਰਸ** ਨੂੰ ਸੰਚਾਰਿਤ ਕੀਤਾ ਹੈ। ਜਿਸ ਦੀ ਉਦਾਹਰਨ ਵਜੋਂ ਹੇਠੀਆਂ ਕਾਵਿ-ਸਤਰਾਂ ਦੇਖੀਆਂ ਜਾ ਸਕਦੀਆਂ ਹਨ:

*ਸੂਰਜ ਕਾਰਨ ਦਿਨ ਤੇ ਰਾਤ*

*ਸੂਰਜ ਕਾਰਨ ਮੀਂਹ ਬਰਸਾਤ*

*ਸੂਰਜ ਕਾਰਨ ਧੁੱਪ ਦਾ ਮਾਨਣ*

*ਸੂਰਜ ਕਾਰਨ ਚੰਨ ਦਾ ਚਾਨਣ*

*ਸੂਰਜ ਕਾਰਨ ਜੁੱਸੇ ਤੱਗੜ*

*ਸੂਰਜ ਕਾਰਨ ਦਰਿਆ ਵਗਣ*

(*ਅਸੀਂ ਨਾਨਕ ਦੇ ਕੀ ਲੱਗਦੇ ਹਾਂ* 53)

ਕਵੀ ਸਮਕਾਲੀ ਦੌਰ ਦੀ ਲੁੱਟ ਖੋਹ, ਧੋਖਾਧੜੀ ਵਾਲੀ ਤੇਜ਼ ਅਤੇ ਅੰਨ੍ਹੀ-ਆਰਥਿਕਤਾ ਦੀ ਗ੍ਰਿਫ਼ਤ ਵਿੱਚ ਉਲਝੀ ਲੋਕਾਈ ਨੂੰ ਪ੍ਰਕਿਰਤੀ ਦੀ ਮਹਾਨਤਾ ਅਤੇ ਕ੍ਰਿਸ਼ਮਈ ਵਰਤਾਰੇ ਨੂੰ ਰੂਪਮਾਨ ਕਰਦਾ ਹੋਇਆ ਭਟਕੀ ਲੋਕਾਈ ਨੂੰ ਕੁਦਰਤ ਨਾਲ ਜੋੜ ਕੇ ਸਥਿਰਤਾ ਦਾ ਮਾਰਗ ਪ੍ਰਦਾਨ ਕਰਦਾ ਹੈ।

ਸਾਹਿਤਕ ਭਾਸ਼ਾ ਦੀ ਨਿਵੇਕਲੀ ਅਤੇ ਵਿਲੱਖਣ ਨੁਹਾਰ ਨਿਸ਼ਚਿਤ ਕਰਨ ਲਈ ਕਵੀ/ਸਾਹਿਤਕਾਰ ਆਪਣੇ ਕਾਵਿ-ਅਨੁਭਵ ਨਾਲ ਸ਼ਬਦਾਂ ਨੂੰ ਇੱਕ ਅਜਿਹੀ ਕਲਾਤਮਿਕ, ਅਦਭੁਤ ਅਤੇ ਆਨੰਦਮਈ ਸੰਰਚਨਾ ਦੇ ਸਾਂਚੇ ਵਿੱਚ ਢਾਲਦਾ ਹੈ, ਜਿਸ ਨਾਲ ਭਾਸ਼ਾ/ਸ਼ਬਦ ਆਪਣੇ ਸਾਧਾਰਨ ਪੱਧਰ ਤੋਂ ਉੱਪਰ ਉੱਠ ਕੇ ਆਮ ਪ੍ਰਚੱਲਤ ਅਰਥਾਂ ਤੋਂ ਵਧੇਰੇ ਵਿਸ਼ਾਲ ਅਰਥਾਂ ਦੀ ਧਾਰਨੀ ਬਣਦੀ ਹੈ। ਭਾਰਤੀ ਸਮੀਖਿਆ ਪ੍ਰਣਾਲੀ ਦੇ ਸਿਧਾਂਤ **ਧੁਨੀ** ਦਾ ਸੰਬੰਧ ਵੀ ਸ਼ਬਦਾਂ ਦੀ ਅਜਿਹੀ ਅਰਥ ਭਰਪੂਰ ਪ੍ਰਧਾਨਤਾ ਨਾਲ ਹੈ। ਸਮਕਾਲੀ ਪੰਜਾਬੀ ਕਵਿਤਾ ਮਨੁੱਖੀ ਮਨ ਦੀ ਗੁੰਝਲਦਾ ਚੇਤਨਾ, ਗਹਿਰ ਗੰਭੀਰ ਸਰੋਕਾਰਾਂ, ਮਨੋਰਥਾਂ ਅਤੇ ਪ੍ਰੇਰਨਾਵਾਂ ਆਦਿ ਨੂੰ ਸੰਚਾਰਿਤ ਕਰਦੀ ਹੈ। ਜਿਸ ਵਿੱਚ ਕਵੀ ਸੀਮਤ ਸ਼ਬਦਾਂ ਦਾ ਪ੍ਰਯੋਗ ਕਰਦੇ ਹੋਏ, ਬਿਨਾਂ ਆਪਣੀ ਸਾਹਿਤਿਕ ਕਿਰਤ ਨੂੰ ਬੋਝਲ ਕਰੇ 'ਧੁਨੀ ਸ਼ਬਦ ਸ਼ਕਤੀਆਂ' ਨਾਲ ਆਪਣੀ ਅਭਿਵਿਅਕਤੀ ਦਾ ਸੰਚਾਰ ਟੁੰਬਵੇਂ ਅਤੇ ਬਹੁ-ਅਰਥਾਂ ਨਾਲ ਕਰ ਜਾਂਦਾ ਹੈ। ਧੁਨੀ ਕਾਵਿ ਦਾ ਮੁੱਖ ਮਨੋਰਥ ਹੀ ਸ਼ਬਦਾਂ ਅਤੇ ਅਰਥਾਂ ਦੇ ਆਪਣੇ-ਆਪਣੇ ਪੱਧਰ ਤੋਂ ਉੱਪਰ ਉੱਠ ਕੇ ਸ਼ਬਦ ਸ਼ਕਤੀਆਂ ਰਾਹੀਂ ਅਨੋਖੇ ਵਿਅੰਗਮਈ ਅਰਥਾਂ ਨੂੰ ਜ਼ਾਹਿਰ ਕਰਨਾ ਹੈ। ਧੁਨੀ ਕਾਵਿ ਨੂੰ ਪ੍ਰਭਾਸ਼ਿਤ ਕਰਦੇ ਹੋਏ ਡਾ. ਪ੍ਰੇਮ ਸਿੰਘ ਧਾਰੀਵਾਲ ਲਿਖਦੇ ਹਨ:

*ਧੁਨੀ ਇੱਕ ਤਕਨੀਕੀ ਸ਼ਬਦ ਹੈ। ਕਾਵਿ ਦੇ ਪ੍ਰਸੰਗ ਵਿੱਚ ਧੁਨੀ ਉਹ ਕਾਵਿ ਹੈ ਜਿਸ ਵਿੱਚ ਰਮਜ਼ ਜਾਂ ਵਿਅੰਗ ਦੀ ਪ੍ਰਧਾਨਤਾ ਹੁੰਦੀ ਹੈ।* (*ਭਾਰਤੀ ਕਾਵਿ ਸ਼ਾਸਤਰ* 13)

ਧੁਨੀ ਦੀਆਂ ਅਭਿਧਾ, ਲਕਸ਼ਣਾਂ ਅਤੇ ਵਿਅੰਜਨਾ ਤਿੰਨ ਸ਼ਬਦ ਸ਼ਕਤੀਆਂ ਨਾਲ ਸਾਹਿਤ ਕਿਰਤ ਵਿੱਚ ਸ਼ਬਦ ਦੇ ਅਰਥਾਂ, ਅਰਥ ਸੰਬੰਧਾਂ ਅਤੇ ਅਰਥ ਪੱਧਰਾਂ ਦਾ ਪ੍ਰਗਟਾਅ ਹੁੰਦਾ ਹੈ। ਸਮਕਾਲੀ ਪੰਜਾਬੀ ਕਵੀ ਇਨ੍ਹਾਂ ਸ਼ਕਤੀਆਂ ਦੀ ਸਹਾਇਤਾ ਨਾਲ ਹੀ ਆਪਣੇ ਅਨੁਭਵ ਨੂੰ ਸਫ਼ਲਤਾ ਨਾਲ ਸੰਚਾਰਿਤ ਕਰਦਾ ਹੈ। ਸਮਕਾਲੀ ਪੰਜਾਬੀ ਕਵੀ ਆਪਣੇ ਅਨੁਭਵ ਜਾਂ ਵਿਚਾਰਾਂ ਨੂੰ ਉਜਾਗਰ ਕਰਨ ਲਈ ਕਾਵਿ ਵਿੱਚ ਵਰਤੀਆਂ ਜਾ ਸਕਣ ਵਾਲੀਆਂ ਸ਼ਬਦ ਸ਼ਕਤੀਆਂ ਦੇ ਮਹੱਤਵ ਤੋਂ ਭਲੀ-ਭਾਂਤੀ ਸੁਚੇਤ ਹੋ ਕੇ ਆਪਣੀਆਂ ਭਾਵਨਾਵਾਂ ਅਤੇ ਅਨੁਭਵਾਂ ਨੂੰ ਸੰਚਾਰਿਤ ਕਰਦੇ ਹਨ। ਜਿਸ ਦੀਆਂ ਅਨੇਕਾਂ ਉਦਾਹਰਨਾਂ ਸਮਕਾਲੀ ਪੰਜਾਬੀ ਕਵਿਤਾ 'ਚ ਅਸਾਨੀ ਨਾਲ ਪ੍ਰਾਪਤ ਹੋ ਜਾਂਦੀਆਂ ਹਨ। **ਅਭਿਧਾ** ਸ਼ਕਤੀ ਧੁਨੀ ਦੀ ਮੁੱਢਲੀ ਸ਼ਬਦ ਸ਼ਕਤੀ ਹੈ। ਜਿਸ ਦੀ ਪ੍ਰਮੁੱਖ ਵਿਸ਼ੇਸ਼ਤਾ ਇਸ ਗੱਲ ਵਿੱਚ ਹੁੰਦੀ ਹੈ ਕਿ, ਇਹ ਕਵੀ ਦੇ ਵਿਚਾਰ ਪਾਠਕ ਨੂੰ ਸਿੱਧੇ ਅਤੇ ਸਰਲ ਕੋਸ਼ਗਤ ਅਰਥਾਂ ਵਿੱਚ ਸਪੱਸ਼ਟ ਰੂਪ ਵਿੱਚ ਸੰਚਾਰਿਤ ਕਰਦੀ ਹੈ। ਜਿਵੇਂ:

*ਇਹ ਅਰਥ*
*ਜੋ ਜੀਵੰਤ ਹੋ ਉੱਠੇ*
*ਮੇਰੇ ਸਾਹਵੇਂ* (ਗੁਰਪ੍ਰੀਤ, *ਓਕ* 11)

*ਮੈਂ ਕਿਹਾ:*
*ਬੇਰਹਿਮੋ ਤੁਸੀਂ ਕੀ ਜਾਣੋਂ*
*ਦੁੱਖ ਕਿਸ ਨੂੰ ਕਹਿੰਦੇ ਨੇ*
*ਦੁੱਖ ਤਾਂ ਜਿਉਂਦੀਆਂ ਜਾਨਾਂ ਨੂੰ ਹੁੰਦੇ ਨੇ*
(ਸੁਖਵਿੰਦਰ ਅੰਮ੍ਰਿਤ, *ਧੁੱਪ ਦੀ ਚੁੰਨੀ* 34)

ਉਪਰੋਕਤ ਕਾਵਿ-ਸਤਰਾਂ ਵਿੱਚ ਅਭਿਧਾ ਸ਼ਬਦ ਸ਼ਕਤੀ ਦੀਆਂ ਸਪਸ਼ਟ ਉਦਾਹਰਨਾਂ ਦੇਖੀਆਂ ਜਾ ਸਕਦੀਆਂ ਹਨ। ਜਿਨ੍ਹਾਂ ਵਿੱਚ ਸਮਕਾਲੀ ਪੰਜਾਬੀ ਕਵੀ ਗੁਰਪ੍ਰੀਤ ਅਤੇ ਕਵਿਤਰੀ ਸੁਖਵਿੰਦਰ ਅੰਮ੍ਰਿਤ ਨੇ ਸ਼ਬਦਾਂ ਦੇ ਅਰਥਾਂ ਨੂੰ ਸਿੱਧੇ, ਸਰਲ ਅਤੇ ਸਪਸ਼ਟ ਕੋਸ਼ਗਤ ਅਰਥਾਂ ਵਿੱਚ ਸੰਚਾਰਿਤ ਕੀਤਾ ਹੈ। ਉਪਰੋਕਤ ਕਾਵਿ ਸਤਰਾਂ ਵਿੱਚ ਗੁਰਪ੍ਰੀਤ ਨੇ "ਜੀਵੰਤ" ਸ਼ਬਦ ਨੂੰ ਜਿਉਂਦੇ ਹੋਣਾ ਅਤੇ ਸਾਹਵੇਂ ਸ਼ਬਦ ਨੂੰ ਸਾਹਮਣੇ ਹੋਣ ਦੇ ਸਰਲ ਕੋਸ਼ਗਤ ਅਰਥਾਂ ਵਿੱਚ ਪ੍ਰਯੋਗ ਵਿੱਚ ਲਿਆਂਦਾ ਹੈ, ਜਦਕਿ ਸੁਖਵਿੰਦਰ ਅੰਮ੍ਰਿਤ ਨੇ ਸ਼ਬਦ "ਬੇਰਹਿਮ" ਨੂੰ ਬਹੁਵਚਨ ਵਿੱਚ ਵਰਤ ਕੇ, ਅਭਿਧਾ ਸ਼ਬਦ ਸ਼ਕਤੀ ਦਾ ਪ੍ਰਯੋਗ ਕੀਤਾ ਹੈ ਅਤੇ ਆਪਣੇ ਭਾਵਾਂ ਨੂੰ ਸਰੋਤੇ ਦੇ ਮਨਾਂ ਅੰਦਰ ਸੰਚਾਰਿਤ ਕੀਤਾ ਹੈ।

'**ਲਕਸ਼ਣਾ ਸ਼ਕਤੀ**' ਧੁਨੀ ਦੀ ਦੂਜੀ ਅਰਥ ਸ਼ਕਤੀ ਹੈ। ਜਿਸ ਵਿੱਚ ਸਾਧਾਰਨ ਅਰਥਾਂ ਤੋਂ ਬਿਨਾਂ ਸ਼ਬਦਾਂ ਦੇ ਵਾਸਤਵ ਅਰਥ ਭਾਵ ਹੋਰ ਵਧੇਰੇ ਸੂਖ਼ਮ ਰੂਪ ਵਿੱਚ ਪ੍ਰਗਟ ਹੁੰਦੇ ਹਨ। ਹੇਠਲੇ ਕਾਵਿ-ਪੈਰ੍ਹੇ ਵਿੱਚ ਸੁਖਵਿੰਦਰ ਅੰਮ੍ਰਿਤ ਨੇ ਆਪਣੀਆਂ ਕਾਵਿ-ਸਤਰਾਂ ਵਿੱਚ ਲਕਸ਼ਣਾਂ ਸ਼ਬਦ ਸ਼ਕਤੀ ਦਾ ਪ੍ਰਯੋਗ ਕਰਦੇ ਹੋਏ ਸੀਮਿਤ ਸ਼ਬਦਾਂ ਨਾਲ ਡੂੰਘੇ ਅਰਥਾਂ ਨੂੰ ਉਜਾਗਰ ਕੀਤਾ ਹੈ। ਜੋ ਕਿ ਸਮਕਾਲੀ ਪੰਜਾਬੀ ਕਵਿਤਾ ਦੀ ਇੱਕ ਪ੍ਰਮੁੱਖ ਵਿਸ਼ੇਸ਼ਤਾ ਵੀ ਹੈ। ਨਿਮਨ ਲਿਖਤ ਸਤਰਾਂ ਵਿੱਚ 'ਰੋੜਾ' ਸ਼ਬਦ ਕੰਕਰ ਜਾਂ ਪੱਥਰ ਦੇ ਅਰਥਾਂ ਦਾ ਧਾਰਨੀ ਨਹੀਂ, ਸਗੋਂ ਇਹ ਲਕਸ਼ਣਾ ਸ਼ਕਤੀ ਦੁਆਰਾ ਕੋਸ਼ਗਤ ਅਰਥਾਂ ਤੋਂ ਉੱਪਰ ਉੱਠ 'ਰਸਤੇ ਦੀ ਰੁਕਾਵਟ' ਦੇ ਵਿਸ਼ੇਸ਼ ਅਰਥਾਂ ਨੂੰ ਸੰਚਾਰਿਤ ਕਰਦਾ ਹੋਇਆ ਸਰੋਤੇ ਦੇ ਮਨ ਵਿੱਚ ਭਾਸ਼ਾਈ ਅਮੀਰੀ ਅਤੇ ਸਮਝ ਵਿੱਚੋਂ ਰਸਾਤਮਿਕਤਾ ਤਾਂ ਉਜਾਗਰ ਕਰਦਾ ਹੀ ਹੈ, ਨਾਲ ਹੀ ਕਵਿਤਰੀ ਦੀ ਕਾਵਿ-ਸੋਝੀ ਤੇ ਕੌਸ਼ਲਤਾ ਵੀ ਪ੍ਰਗਟ ਹੁੰਦੀ ਹੈ। ਨਮੂਨੇ ਵੱਜੋਂ:

*ਮੈਂ ਰੋੜਾ ਤਾਂ ਨਹੀਂ ਬਣਦੀ*
*ਤੇਰੇ ਰਾਹ ਦਾ* (*ਧੁੱਪ ਦੀ ਚੁੰਨੀ* 13)

ਸਮਕਾਲੀ ਪੰਜਾਬੀ ਕਵੀ ਲਕਸ਼ਣਾ ਸ਼ਕਤੀ ਨਾਲ ਆਪਣੀ ਕਵਿਤਾ ਵਿੱਚ ਬਿਨਾਂ ਸ਼ਬਦਾਂ ਦਾ ਜ਼ਿਆਦਾ ਬੋਝ ਪਾਏ, ਸਰੋਤੇ ਤੱਕ ਆਪਣੇ ਭਾਵਾਂ ਦਾ ਸਫ਼ਲ ਸੰਚਾਰ ਕਰਦੇ ਹਨ।

ਇਸੇ ਤਹਿਤ ਸਮਕਾਲੀ ਪੰਜਾਬੀ ਕਵਿਤਾ ਦੇ ਮਸ਼ਹੂਰ ਸ਼ਾਇਰ ਸੁਰਜੀਤ ਪਾਤਰ ਵੀ ਲਕਸ਼ਣਾ ਸ਼ਕਤੀ ਦੇ ਪ੍ਰਯੋਗ ਨਾਲ ਆਪਣੇ ਕਾਵਿ-ਸੰਚਾਰ ਨੂੰ ਸਰਲ, ਢੁੱਕਵਾਂ ਅਤੇ ਅਰਥ ਭਰਪੂਰ ਬਣਾਉਂਦੇ ਹਨ। ਨਿਮਨਲਿਖਤ ਸਤਰਾਂ ਵਿੱਚ 'ਖ਼ਲਕਤ ਮਾਰਦੀ' ਸ਼ਬਦ ਕੋਸ਼ਕਾਰ ਅਰਥਾਂ ਦਾ ਧਾਰਨੀ ਨਹੀਂ ਸਗੋਂ ਲਕਸ਼ਣਾਂ ਸ਼ਕਤੀ ਦੇ ਤਹਿਤ ਇਹ ਸ਼ਬਦ ਇਸ ਤੋਂ ਅੱਗੇ ਦੇ ਅਰਥ ਅਖ਼ਤਿਆਰ ਕਰਦਾ ਹੈ। ਕਿ ਸਮਕਾਲੀ ਦੌਰ ਦੀਆਂ ਕੁਰੀਤੀਆਂ, ਤੰਗੀਆਂ-ਤੁਰਸ਼ੀਆਂ, ਵੈਰ-ਵਿਰੋਧ ਵਿਚੋਂ ਉਸਰੇ ਵਰਤਮਾਨ ਮਾਹੌਲ ਨਾਲ ਅਜੋਕੇ ਮਨੁੱਖ ਦਾ ਜੀਵਨ ਹੋਰ ਕਠਿਨ ਹੋ ਰਿਹਾ ਹੈ। ਅਜਿਹੇ ਸਮਕਾਲੀ ਮਾਹੌਲ ਤੋਂ ਨਿਜਾਤ ਦਿਵਾਉਣ ਵਾਲੇ ਨਾਇੱਕ ਬਣਨ ਦੇ ਸੰਦਰਭ ਵਿੱਚ 'ਮਸੀਹਾ' ਸ਼ਬਦ ਵਰਤਿਆ ਹੈ ਜਿਸ ਦਾ ਕੋਸ਼ਗਤ ਅਰਥ 'ਪੈਗੰਬਰ ਈਸਾ' ਤੋਂ ਹੈ। ਜਿਸ ਨੂੰ ਉਦਾਹਰਨ ਵਜੋਂ ਸਮਕਾਲੀ ਪੰਜਾਬੀ ਕਵੀ ਸੁਰਜੀਤ ਪਾਤਰ ਦੀਆਂ ਇਹਨਾਂ ਸਤਰਾਂ ਵਿਚੋਂ ਦੇਖਿਆਂ ਜਾ ਸਕਦਾ ਹੈ:

*ਖ਼ਲਕਤ ਮਰਦੀ ਪਈ, ਮਸੀਹਾ*

*ਜੇ ਹੋਣਾ ਏਂ ਅਜਕਲ੍ਹ ਹੋ ਜਾ* (*ਲਫ਼ਜ਼ਾਂ ਦੀ ਦਰਗਾਹ* 61)

ਵਿਅੰਜਨਾ ਸ਼ਕਤੀ ਧੁਨੀ ਕਾਵਿ ਦੀ ਤੀਜੀ ਅਤੇ ਸਭ ਤੋਂ ਸ਼ਕਤੀਸ਼ਾਲੀ ਮੁੱਖ ਸ਼ਬਦ ਸ਼ਕਤੀ ਹੈ। ਜਦੋਂ ਅਭਿਧਾ ਜਾਂ ਲਕਸ਼ਣਾ ਸ਼ਕਤੀਆਂ ਅਰਥ ਦੇਣ ਤੋਂ ਅਸਮਰੱਥ ਹੋ ਜਾਂਦੀਆਂ ਹਨ, ਉਸ ਸਮੇਂ ਵਿਅੰਜਨਾ ਸ਼ਕਤੀ ਕਾਰਜਸ਼ੀਲ ਹੁੰਦੀ ਹੈ। ਇਸ ਤਰ੍ਹਾਂ ਅਰਥ ਪਾਠ-ਰਚਨਾ ਦੇ ਸੰਦਰਭ ਜਾਂ ਪ੍ਰਸੰਗ ਵਿੱਚ ਪ੍ਰਾਪਤ ਕਰਨੇ ਪੈਂਦੇ ਹਨ। ਡਾ. ਸਤਿੰਦਰ ਸਿੰਘ ਆਪਣੀ ਪੁਸਤਕ ਵਿਹਾਰਕ ਸਮੀਖਿਆ ਵਿੱਚ ਵਿਅੰਜਨਾ ਸ਼ਕਤੀ ਦੇ ਸੰਦਰਭ ਵਿੱਚ ਟਿੱਪਣੀ ਕਰਦੇ ਹਨ:

*ਵਿਸ਼ੇਸ਼ ਰੂਪ ਨਾਲ ਪ੍ਰਕਾਸ਼ਨ ਕਰਨ ਵਾਲੀ ਪ੍ਰਕਿਰਤੀ ਧੁਨੀ ਵਿੱਚ ਵਿਅੰਗਰਥ ਦੀ ਪ੍ਰਧਾਨਤਾ ਹੁੰਦੀ ਹੈ ਅਸਲ ਵਿੱਚ ਇਹ ਅਰਥ ਦਾ ਅਰਥ ਹੈ।* (*ਵਿਹਾਰਕ ਸਮੀਖਿਆ* 60)

ਸਮਕਾਲੀ ਪੰਜਾਬੀ ਕਵੀ ਧੁਨੀ ਦੀਆਂ ਸ਼ਬਦ ਸ਼ਕਤੀਆਂ ਨੂੰ ਆਪਣੇ ਕਾਵਿ-ਸੰਚਾਰ ਦੇ ਸਫ਼ਲ ਮਾਧਿਅਮ ਵਜੋਂ ਪ੍ਰਯੋਗ ਵਿੱਚ ਲਿਆ ਰਹੇ ਹਨ। ਸਮਕਾਲੀ ਸੰਦਰਭ ਵਿੱਚ ਛੰਦ ਮੁਕਤ ਕਵਿਤਾ ਵੱਡੇ ਪੱਧਰ

’ਤੇ ਲਿਖੀ ਜਾ ਰਹੀ ਹੈ, ਜਿਸ ਵਿੱਚ ਕਵੀ ਸ਼ਬਦਾਂ ਅਤੇ ਉਨ੍ਹਾਂ ਦੇ ਅਰਥਾਂ ਦੀ ਵਿਉਂਤਬੰਦੀ ਨਾਲ ਹੀ ਸਾਹਿਤਕ ਸੁਹਜ ਦੀ ਪ੍ਰਾਪਤੀ ਕਰਦਾ ਹੈ। ਇਸ ਤਹਿਤ ਧੁਨੀ ਕਵੀ ਦੇ ਅਨੁਕੂਲਨ ਕਾਵਿ ਸੰਚਾਰ ਦੀ ਉੱਤਮ ਜੁਗਤ ਹੈ। ਕਾਵਿ-ਸੰਚਾਰ ਲਈ ਵਿਅੰਜਨਾ ਸ਼ਕਤੀ ਦੇ ਪ੍ਰਯੋਗ ਨਾਲ ਕਵੀ ਸਮਕਾਲੀ ਪੰਜਾਬੀ ਕਵਿਤਾ ਵਿੱਚ ਸਰੋਤੇ ਨੂੰ ਵਿਸ਼ਾਲ ਅਰਥਾਂ ਦੇ ਨਾਲ ਅਵਗਤ ਹੋਣ ਦਾ ਅਵਸਰ ਪ੍ਰਦਾਨ ਕਰਦਾ ਹੈ। ਜਿਸ ਨਾਲ ਪਾਠਕ ਨੂੰ ਇੱਕ ਵਿਲੱਖਣ ਆਨੰਦਮਈ ਅਹਿਸਾਸ ਦੀ ਅਨੁਭੂਤੀ ਹੁੰਦੀ ਹੈ। ਕਵਿਤਰੀ ਸੁਖਵਿੰਦਰ ਅੰਮ੍ਰਿਤ ਦੀਆਂ ਨਮਿਨਲਿਖਤ ਕਾਵਿ ਸਤਰਾਂ ਦੇਖੀਆਂ ਜਾ ਸਕਦੀਆਂ ਹਨ:

*ਜੇ ਰਾਹਾਂ ਵਿੱਚ*

*ਬੰਦਿਆਂ ਦੇ ਮੂੰਹਾਂ ਵਾਲੇ*

*ਸ਼ੇਰ ਬਘੇਲੇ ਨਾ ਹੁੰਦੇ*

*ਤਾਂ*

*ਕੁੜੀਆਂ ਵੀ ਜਾ ਸਕਦੀਆਂ ਸੀ*

*ਬਾਬੇ ਨਾਨਕ ਵਾਂਗ ਉਦਾਸੀਆਂ ’ਤੇ* (*ਚਿੜੀਆਂ* 24)

ਸਮਕਾਲੀ ਪੰਜਾਬੀ ਕਵੀ ਮਨੁੱਖੀ ਜੀਵਨ ਦੀਆਂ ਡੂੰਘੀਆਂ ਰਮਜ਼ਾਂ ਨੂੰ ਪ੍ਰਤੀਕ ਦੇ ਹਵਾਲੇ ਨਾਲ ਸਵੈ-ਪ੍ਰਤੱਖਣ ਕਰਦਾ ਹੈ ਅਤੇ ਆਪਣੀ ਕਾਵਿ-ਕਲਾ ਦੇ ਰੂਪ ਵਿੱਚ ਸਰੋਤੇ ਨੂੰ ਵੀ ਪ੍ਰਤੱਖਣ ਕਰਵਾਉਂਦਾ ਹੈ। ਸਮਕਾਲੀ ਪੰਜਾਬੀ ਕਵੀ ਆਪਣੇ ਕਾਵਿਕ ਬਿਆਨ **(Poetic Statement)** ਪ੍ਰਤੀ ਪੂਰਨ ਰੂਪ ਵਿੱਚ ਸੁਚੇਤ ਅਤੇ ਚੇਤੰਨ ਹੋ ਕੇ ਆਪਣੇ ਕਾਵਿ-ਸੰਚਾਰ ਲਈ ਅਨੇਕਾਂ ਪ੍ਰਕਾਰ ਦੇ ਪ੍ਰਤੀਕਾਂ ਦੀ ਵਰਤੋਂ ਕਰਦਾ ਹੈ। ਜਿਵੇਂ: ਬਿਰਖ, ਰੁੱਖ, ਸੂਰਜ, ਡੁੱਬਦਾ ਸੂਰਜ, ਖੁਸ਼ਕ ਝੀਲ, ਜੰਗਲ, ਪੱਥਰ, ਖ਼ਰਗੋਸ਼, ਸ਼ੇਰ-ਬਘੇਲੇ, ਕੁਰਸੀ, ਮਸੀਹ, ਮਹਿਕ, ਬਹਾਰ, ਦਰਿਆ, ਮਸ਼ੀਨਾਂ ਆਦਿ ਅਜਿਹੇ ਅਨੇਕਾਂ ਪ੍ਰਤੀਕਾਂ ਦੀ ਵਰਤੋਂ ਆਪਣੀ ਕਵਿਤਾ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਕਰਕੇ ਰਚਨਾ ਨੂੰ ਪ੍ਰਭਾਵਸ਼ਾਲੀ ਬਣਾਉਂਦਾ ਹੈ। ਕਵੀ ਅਜਿਹੇ ਪ੍ਰਤੀਕਾਂ ਨਾਲ

ਮੂਰਤ ਯਥਾਰਥ ਅਤੇ ਅਮੂਰਤ ਐਬਸਟ੍ਰੈਕਟ ਦੋਹਾਂ ਸੰਕਲਪਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸਪਸ਼ਟ ਸੰਚਾਰਿਤ ਕਰਦਾ ਹੋਇਆ, ਆਪਣੇ ਕਾਵਿ ਕੌਸ਼ਲ ਦਾ ਪ੍ਰਦਰਸ਼ਨ ਕਰਦਾ ਹੈ। ਜਿਵੇਂ:

*ਚੋਣਾਂ ਨੇੜੇ ਆ ਰਹੀਆਂ ਨੇ*

*ਐਤਕੀਂ ਅਸੀਂ ਕੁਰਸੀ 'ਤੇ ਬਵਾਂਗੇ*

*ਗਿਣ-ਗਿਣ ਬਦਲੇ ਲਵਾਂਗੇ*

(ਜਸਵੰਤ ਜ਼ਫ਼ਰ, *ਇਹ ਬੰਦਾ ਕੀ ਹੁੰਦਾ* 47)

*ਰਾਤੀਂ ਮੇਰੇ ਸੁਪਨੇ 'ਚ*

*ਦਰਿਆ ਸਮੁੰਦਰ ਤੇ ਚੰਦ ਆ ਕੇ ਕਹਿੰਦੇ*

*ਬੰਦਾ ਬਣ*

*ਮੈਥੋਂ ਪਰਤ ਕੇ ਪੁੱਛ ਨਹੀਂ ਹੁੰਦਾ*

*ਇਹ ਬੰਦਾ ਕੀ ਹੁੰਦਾ* (13)

'ਪ੍ਰਤੀਕ' ਸ਼ਬਦ ਦਾ ਅੰਗ੍ਰੇਜ਼ੀ ਭਾਸ਼ਾ ਵਿੱਚ ਸਮਾਨਾਰਥੀ ਸ਼ਬਦ (Symbol) ਹੈ। ਜਿਸ ਦਾ ਭਾਵ ਹੈ ਸੰਕੇਤ, ਨਿਸ਼ਾਨ, ਪ੍ਰਤੀਕ, ਚਿੰਨ੍ਹ, ਸਿਧਾਂਤ, ਕਿਸੇ ਵਸਤੂ ਜਾਂ ਵਿਚਾਰ ਦਾ ਪਰੰਪਰਾਗਤ ਚਿੰਨ੍ਹ, ਆਦਰਸ਼, ਮੂਲ-ਮੰਤਰ। ਪ੍ਰਤੀਕ ਇੱਕ ਅਜਿਹਾ ਮਾਧਿਅਮ ਹੈ, ਜਿਸ ਰਾਹੀਂ ਅਜੋਕੇ ਕਵੀ ਨੂੰ ਇਹ ਸੁਵਿਧਾ ਪ੍ਰਾਪਤ ਹੁੰਦੀ ਹੈ ਕਿ ਉਹ ਆਪਣੇ ਮਨੋਭਾਵਾਂ ਨੂੰ ਸਿੱਧੇ ਜਾਂ ਸਪੱਸ਼ਟ ਰੂਪ ਵਿੱਚ ਅਭਿਵਿਅਕਤ ਕਰਨ ਦੇ ਬਜਾਏ ਚਿੰਨ੍ਹਾਂ ਜਾਂ ਪ੍ਰਤੀਕਾਂ ਦੇ ਸਹਾਰੇ ਅਭਿਵਿਅਕਤ ਕਰ ਸਕੇ। ਡਾ. ਜਸਵੰਤ ਬੇਗੋਵਾਲ, ਦਾ ਖਿਆਲ ਹੈ ਕਿ:

*ਕਵੀ ਸਿੱਧੀ ਗੱਲ ਕਹਿਣ ਦੀ ਬਜਾਏ ਚਿੰਨ੍ਹਾਂ ਜਾਂ ਪ੍ਰਤੀਕਾਂ ਦੇ ਸਹਾਰੇ ਆਪਣੇ ਅਨੁਭਵ ਪਾਠਕਾਂ ਤੱਕ ਪਹੁੰਚਾਉਂਦਾ ਹੈ।* (*ਪੰਜਾਬੀ ਪਿੰਗਲ* 94)

ਚਾਨਣ ਸਿੰਘ ਨਿਰਮਲ ਅਨੁਸਾਰ:

> *ਚਿੰਨ੍ਹ ਨੂੰ ਅੰਗਰੇਜ਼ੀ ਵਿੱਚ **Sign** ਕਹਿੰਦੇ ਹਨ ਅਤੇ ਪ੍ਰਤੀਕ ਨੂੰ **symbol** ਚਿੰਨ੍ਹ ਦਾ ਸਥਾਨ ਸਾਹਿਤ ਵਿੱਚ ਜਾਂ ਸਾਹਿਤਕ ਭਾਸ਼ਾ ਵਿੱਚ ਨਹੀਂ ਹੈ। ਇਸ ਦਾ ਸਥਾਨ ਗਣਿਤ ਤੇ ਵਿਗਿਆਨ ਵਿੱਚ ਹੈ, ਜਿਵੇਂ* $H_2O$ *ਇੱਕ ਚਿੰਨ੍ਹ ਹੈ।* (*ਪੰਜਾਬੀ ਕਾਵਿ ਸ਼ਾਸ਼ਤਰ* 47)

ਪ੍ਰਤੀਕ ਦੀ ਵਰਤੋਂ ਬਾਰੇ ਇਹ ਧਾਰਨਾ ਪ੍ਰਚੱਲਤ ਹੈ ਕਿ ਇਸ ਦੀ ਵਰਤੋਂ ਕਵੀ ਉਸ ਸਮੇਂ ਕਰ ਸਕਦਾ ਹੈ ਜਦੋਂ ਕੋਈ ਬੌਧਿਕਤਾ ਭਰਪੂਰ ਅਰਥਾਂ ਦਾ ਸੰਚਾਰ ਕਰਨਾ ਹੋਵੇ ਜਾਂ ਆਖਿਆ ਜਾ ਸਕਦਾ ਹੈ ਕਿ ਜਦੋਂ ਜਟਿਲ ਅਰਥਾਂ ਦੇ ਸੰਚਾਰ ਵਿੱਚ ਵਿਘਨ ਪੈਦਾ ਹੋਵੇ ਜਾਂ ਅਰਥ-ਸੰਚਾਰ ਦੇ ਜ਼ਿਆਦਾ ਵਿਸਥਾਰ ਦਾ ਡਰ ਹੋਵੇ, ਤਾਂ ਉਸ ਵਕਤ ਅਰਥ-ਸੰਚਾਰ ਲਈ ਪ੍ਰਤੀਕ ਵਿਧੀ ਹੀ ਲੇਖਕ ਜਾਂ ਕਵੀ ਨੂੰ ਠੀਕ ਬੈਠਦੀ ਹੈ। ਕਵਿਤਾ ਵਿੱਚ ਪ੍ਰਤੀਕ ਦੀ ਵਰਤੋਂ ਨਾਲ ਅਰਥਾਂ ਵਿੱਚ ਵਧੇਰੇ ਸਰਲਤਾ, ਸਟੀਕਤਾ ਅਤੇ ਸਪਸ਼ਟਤਾ ਆਉਂਦੀ ਹੈ, ਨਾਲ ਹੀ ਕਾਵਿ-ਸੁਹਜ ਵਿੱਚ ਵੀ ਵਾਧਾ ਹੁੰਦਾ ਹੈ। ਇਸੇ ਮੰਤਵ ਦੇ ਨਾਲ ਸਮਕਾਲੀ ਪੰਜਾਬੀ ਕਵੀ ਆਪਣੇ ਕਾਵਿ-ਅਨੁਭਵ ਅਤੇ ਕਾਵਿ-ਕੋਸ਼ਲ ਨਾਲ ਨਵੇਂ ਪ੍ਰਤੀਕਾਂ ਨੂੰ ਆਪਣੀ ਕਾਵਿ-ਰਚਨਾ ਵਿੱਚ ਸ਼ਾਮਲ ਕਰਦੇ ਹੋਏ ਅਤੇ ਵਰਤਮਾਨ ਸਮਾਜ ਵਿੱਚੋਂ ਵਾਪਰੀਆਂ ਘਟਨਾਵਾਂ ਨੂੰ ਪ੍ਰਤੀਕ ਵਜੋਂ ਵਰਤ ਕੇ, ਕਾਵਿ ਨੂੰ ਸੀਮਤ ਸ਼ਬਦਾਂ ਵਿੱਚ ਅਰਥ ਭਰਪੂਰ ਸੰਚਾਰਿਤ ਕਰਦੇ ਹਨ। ਜਿਵੇਂ ਸਮਕਾਲੀ ਪੰਜਾਬੀ ਕਵੀ ਜਸਵੰਤ ਜ਼ਫ਼ਰ ਦੀਆਂ ਹੇਠਲੀਆਂ ਕਾਵਿ ਸਤਰਾਂ ਦੇਖੀਆਂ ਜਾ ਸਕਦੀਆਂ ਹਨ, ਜਿਨ੍ਹਾਂ ਵਿੱਚ ਕਵੀ 2002 ਈ. ਵਿੱਚ ਕਾਲ਼ੇ ਧਨ ਸਹਿਤ ਪਕੜੇ ਗਏ ਪੰਜਾਬ ਸਰਵਿਸ ਕਮਿਸ਼ਨਰ ਦੇ ਮੁੱਖੀ **ਰਵੀ ਸਿੱਧੂ** ਦੇ ਮੌਲਿਕ ਪ੍ਰਤੀਕ ਨਾਲ ਮਨੁੱਖੀ ਮਨਾਂ ਦੀ ਲਾਲਸਾ ਨੂੰ ਸੀਮਤ ਸ਼ਬਦਾਂ ਰਾਹੀਂ ਹੇਠਾਂ ਲਿਖੇ ਅਨੁਸਾਰ ਪੇਸ਼ ਕੀਤਾ ਹੈ:

*ਸਾਡੇ ਵੀ ਨਾਮ ਕਰੋੜ ਨੇ*

*ਤੇ ਵੱਖੋ ਵੱਖਰੇ ਗੋਤ*

*ਪਰ ਘੱਟ ਘੱਟ ਅੰਦਰ ਰਵ*

*ਰਹੀ ਰਵੀ ਸਿੱਧੂ ਦੀ ਜੋਤ* (*ਇਹ ਬੰਦਾ ਕੀ ਹੁੰਦਾ* 28)

ਇਸੇ ਸੰਦਰਭ ਵਿੱਚ ਸੁਰਜੀਤ ਪਾਤਰ ਕਵੀ ਜਸਵੰਤ ਜ਼ਫ਼ਰ ਨੂੰ 'ਬਹੁਤ ਬਾਰੀਕ ਸੋਚ ਆਧਾਰ 'ਤੇ ਆਪਣੇ ਸ਼ਬਦਾਂ ਨੂੰ ਅਰਥ ਦੇਣ ਦੀ ਮੁਹਾਰਤ ਦਾ ਕਵੀ ਮੰਨਦੇ ਹਨ' ਅਤੇ ਜਸਵੰਤ ਜ਼ਫ਼ਰ ਬਾਰੇ ਲਿਖਦੇ ਹਨ:

*ਜਸਵੰਤ ਜ਼ਫ਼ਰ ਬਹੁਤ ਬਾਰੀਕ ਅਵਲੋਕਨ ਵਾਲਾ ਦਾਨਸ਼ਵਰ ਹੈ ਉਹ ਕਵਿਤਾ ਇਉਂ ਲਿਖਦਾ ਹੈ ਜਿਵੇਂ ਕੋਈ ਕਿਸੇ ਬਹੁਤ ਮਹਿੰਗੀ ਵਸਤੂ ਨੂੰ ਤੋਲ ਰਿਹਾ ਹੋਵੇ।*

(*ਇਹ ਬੰਦਾ ਕੀ ਹੁੰਦਾ* ਸਰਵਰਕ ਉੱਪਰ)

ਅਜਿਹੀਆਂ ਕਈ ਉਦਾਹਰਨਾਂ ਸਮਕਾਲੀ ਪੰਜਾਬੀ ਕਾਵਿ ਵਿਚੋਂ ਦੇਖੀਆਂ ਜਾ ਸਕਦੀਆਂ ਹਨ, ਜਿਸ ਵਿੱਚ ਕਵੀਆਂ ਦੁਆਰਾ ਸਮਕਾਲੀ ਸੰਦਰਭਗਤ (Contemporary Contextual) ਮੌਲਿਕ ਪ੍ਰਤੀਕਾਂ ਦਾ ਪ੍ਰਯੋਗ ਕਲਾਤਮਿਕ ਢੰਗ ਨਾਲ ਕੀਤਾ ਜਾਂਦਾ ਹੈ। ਇਸੇ ਲੜੀ ਤਹਿਤ ਕਵੀ ਗੁਰਪ੍ਰੀਤ ਦੀਆਂ ਕਾਵਿ ਸਤਰਾਂ ਦੇਖੀਆਂ ਜਾ ਸਕਦੀਆਂ ਹਨ। ਜਿਸ ਵਿੱਚ ਉਸ ਨੇ 'ਇੰਟਰਨੈੱਟ ਦੇ ਜ਼ਮਾਨੇ ਦੀ' ਬੇਟੀ ਆਖ਼ ਅਜੋਕੀ ਪੀੜ੍ਹੀ ਦੀ ਬੌਧਿਕ ਸਮਰੱਥਾ ਦਾ ਖ਼ੁਲਾਸਾ ਪਾਠਕ ਦੇ ਮਨਾਂ 'ਚ ਸੀਮਤ ਸ਼ਬਦਾਂ ਵਿੱਚ ਅਸਾਨੀ ਨਾਲ ਕੀਤਾ ਹੈ:

*ਮੇਰੇ ਨਾਲ਼ੋਂ ਵੱਧ ਜਾਣਦੀ ਹੈ*

*ਬੇਟੀ ਮੇਰੀ*

*ਇੰਟਰਨੈੱਟ ਦੇ ਜ਼ਮਾਨੇ ਦੀ*

*ਵਿਦਿਆਰਥਣ ਅੱਠਵੀਂ ਦੀ* (*ਓਕ* 24)

ਸਮਕਾਲੀ ਪੰਜਾਬੀ ਕਵੀ ਪ੍ਰਤੀਕਾਂ ਦੀ ਵਰਤੋਂ ਭਾਵਾਂ ਨੂੰ ਸਪਸ਼ਟ ਕਰਨ ਲਈ ਕਰਦੇ ਹਨ। ਸਮਕਾਲੀ ਸੰਦਰਭ ਵਿੱਚ ਪ੍ਰਤੀਕ ਅਜੋਕੀ ਪੰਜਾਬੀ ਕਵਿਤਾ ਨੂੰ ਅਜਿਹੀ ਖ਼ੂਬੀ ਪ੍ਰਦਾਨ ਕਰਦੇ ਹਨ ਕਿ, ਅਜੋਕੀ ਕਵਿਤਾ ਭਾਵੇਂ ਘੱਟ ਸ਼ਬਦਾਂ ਦੀ ਹੀ ਕਿਉਂ ਨਾ ਹੋਵੇ ਪ੍ਰੰਤੂ ਇਸ ਵਿੱਚ ਬਿਆਨਣ ਯੋਗ ਭਾਵ ਵਧੇਰੇ ਸੰਮਿਲਤ ਹੁੰਦੇ ਹਨ। ਅਜੋਕੀ ਕਵਿਤਾ ਨੂੰ ਅਜਿਹੀ ਖ਼ਾਸੀਅਤ ਪ੍ਰਤੀਕਾਂ ਤੋਂ ਹੀ ਪ੍ਰਾਪਤ ਹੁੰਦੀ ਹੈ। ਵਰਤਮਾਨ

ਸਮੇਂ ਵਿੱਚ ਸਮਕਾਲੀ ਪੰਜਾਬੀ ਕਵਿਤਾ ਦਾ ਥੋੜ੍ਹੇ ਸ਼ਬਦਾਂ ਵਿੱਚ ਬੁਹਤਾ ਬਿਆਨਣ ਦਾ ਇਹ ਵਿਲੱਖਣ ਅਤੇ ਅਨਿੱਖੜਵਾਂ ਗੁਣ ਸਮਕਾਲੀ ਕਵੀਆਂ ਦੁਆਰਾ ਪ੍ਰਤੀਕਾਂ ਦੇ ਢੁਕਵੇਂ ਅਤੇ ਪ੍ਰਭਾਵਸ਼ਾਲੀ ਪ੍ਰਯੋਗ ਸਦਕਾ ਹੀ ਹੈ।

ਮੁੱਖ ਰੂਪ ਵਿੱਚ ਸਾਹਿਤ ਦਾ ਅਧਿਐਨ ਕਾਵਿ ਭਾਸ਼ਾ ਦਾ ਹੀ ਅਧਿਐਨ ਹੈ ਕਿਉਂਕਿ ਕਾਵਿ-ਭਾਸ਼ਾ ਨਾਲ ਹੀ ਕਿਸੇ ਵੀ ਭਾਸ਼ਾ ਦਾ ਸੁਹਜ-ਸੰਚਾਰ ਅਤੇ ਸੌਂਦਰਯ ਉਪਜਦਾ ਹੈ। ਕਵੀ ਕਾਵਿ-ਭਾਸ਼ਾਈ ਸੰਚਾਰ ਜੁਗਤਾਂ ਦੇ ਪ੍ਰਯੋਗ ਨਾਲ ਕਾਵਿ-ਰਚਨਾ ਵਿੱਚ ਹੀ ਕਲਾਤਮਿਕਤਾ, ਸਾਹਿਤਕਤਾ ਅਤੇ ਕਾਵਿ-ਸੁਹਜ ਪੈਦਾ ਕਰਦਾ ਹੈ। ਸਮਕਾਲੀ ਪੰਜਾਬੀ ਕਵਿਤਾ ਦੇ ਸੰਚਾਰ ਲਈ ਕਾਵਿ-ਰੂਪ ਤੋਂ ਬਾਅਦ ਦੂਜਾ ਮਹੱਤਵਪੂਰਨ ਸਥਾਨ **ਕਾਵਿ-ਭਾਸ਼ਾਈ ਸੰਚਾਰ** ਦਾ ਅਧਿਐਨ ਕਰਨਾ ਤੋਂ ਹੈ, ਜਿਸ ਨੂੰ ਸੁਹਜ-ਸ਼ਾਸਤਰੀ ਵਿਧੀ ਦੁਆਰਾ ਕਰਨ ਦਾ ਪ੍ਰਯਤਨ ਕੀਤਾ ਗਿਆ ਹੈ। ਇਸ ਪ੍ਰਕਾਰ ਕਵੀ ਆਪਣੇ ਕਾਵਿ ਸੰਚਾਰ ਲਈ ਅਲੰਕਾਰ, ਬਿੰਬ, ਪ੍ਰਤੀਕ, ਰਸ, ਧੁਨੀ ਆਦਿ ਭਾਰਤੀ ਦਰਸ਼ਨ ਦੀਆਂ ਕਲਾਤਮਿਕ, ਸਾਹਿਤਕ ਅਤੇ ਸੁਹਜਾਤਮਿਕ ਸੰਚਾਰ ਜੁਗਤਾਂ ਦੀ ਵਰਤੋਂ ਕਰਦਾ ਹੋਇਆ ਸਰੋਤੇ ਨਾਲ ਇੱਕਸੁਰਤਾ ਸਥਾਪਿਤ ਕਰਦਾ ਹੈ ਅਤੇ ਕਾਵਿ-ਵਸਤੂ ਦਾ ਸੰਚਾਰ ਕਰਦਾ ਹੈ।

### 4.3. ਪੱਛਮੀ ਦਰਸ਼ਨ ਦੇ ਸੰਦਰਭ ਵਿੱਚ ਸਮਕਾਲੀ ਪੰਜਾਬੀ ਕਵਿਤਾ ਦੇ ਕਾਵਿ-ਤੱਤਾਂ ਦਾ ਅਧਿਐਨ:

ਸਮਕਾਲੀ ਪੰਜਾਬੀ ਕਵਿਤਾ ਦੇ ਸੰਚਾਰ ਵਿਧਾਨ ਲਈ ਅਸੀਂ ਇਸ ਅਧਿਆਏ ਦੇ ਪਹਿਲੇ ਭਾਗ ਵਿੱਚ 'ਸਮਕਾਲੀ ਪੰਜਾਬੀ ਕਵਿਤਾ ਦੀ ਸੰਚਾਰ ਪ੍ਰਕਿਰਿਆ ਵਿੱਚ ਕਾਵਿ-ਰੂਪਾਂ ਦੀ ਭੂਮਿਕਾ' ਦਾ ਅਧਿਐਨ ਅਤੇ ਦੂਸਰੇ ਭਾਗ ਵਿੱਚ 'ਭਾਰਤੀ ਦਰਸ਼ਨ ਦੇ ਸੰਦਰਭ ਵਿੱਚ ਸਮਕਾਲੀ ਪੰਜਾਬੀ ਕਾਵਿ ਦੇ ਭਾਸ਼ਾਈ ਸੰਚਾਰ ਦਾ ਅਧਿਐਨ ਕਰ ਚੁੱਕੇ ਹਾਂ। ਇਸ ਉਪਰੰਤ ਅਸੀਂ ਸਮਕਾਲੀ ਪੰਜਾਬੀ ਕਵਿਤਾ ਦੇ ਸੰਚਾਰ ਵਿਧਾਨ ਨੂੰ ਸੰਪੂਰਨਤਾ ਪ੍ਰਦਾਨ ਕਰਨ ਲਈ ਅਜੋਕੇ ਦੌਰ ਵਿੱਚ ਕਵਿਤਾ ਦੇ ਖੇਤਰ 'ਚ ਵਧੇਰੇ ਪ੍ਰਚੱਲਤ ਪ੍ਰਮੁੱਖ, 'ਪੱਛਮੀ ਦਰਸ਼ਨ ਦੇ ਸੰਦਰਭ ਵਿੱਚ ਸਮਕਾਲੀ ਪੰਜਾਬੀ ਕਵਿਤਾ ਦੇ **ਕਾਵਿ-ਤੱਤਾਂ** ਦਾ ਅਧਿਐਨ' ਕੀਤਾ ਗਿਆ ਹੈ। ਅਜੋਕਾ ਦੌਰ ਤਕਨੀਕੀ ਅਤੇ ਸੰਚਾਰ-ਕ੍ਰਾਂਤੀ ਕਾਰਨ ਵਿਸ਼ਵੀਕਰਨ ਦਾ ਦੌਰ ਹੈ ਜਿਸ ਕਾਰਨ ਸਮਕਾਲੀ ਪੰਜਾਬੀ ਕਵਿਤਾ ਨੇ ਪਿਛਲੇ ਕੁਝ ਦਹਾਕਿਆਂ ਤੋਂ ਇੱਕ ਨਵੀਨ ਵਿਸ਼ਵ-ਪੱਧਰੀ 'ਸੰਚਾਰ-ਵਿਧਾਨ' ਅਤੇ

ਨਵੀਨ ਸਰੋਕਾਰਾਂ ਨੂੰ ਅਖ਼ਤਿਆਰ ਕੀਤਾ ਹੈ। ਪਰੰਪਰਾਗਤ ਆਲੋਚਨਾ ਪ੍ਰਣਾਲੀ ਅਧੀਨ ਮੁੱਖ ਰੂਪ ਵਿੱਚ 'ਸਾਹਿਤ' ਨੂੰ 'ਸਾਹਿਤਕਾਰ' ਦੇ ਆਪੇ ਦਾ ਪ੍ਰਗਟਾਵਾ ਮੰਨਿਆ ਜਾਂਦਾ ਸੀ। ਅਜਿਹੀ ਧਾਰਨਾ 'ਸਾਹਿਤ' ਵਿੱਚ ਵਿਸ਼ੇ ਨੂੰ ਪ੍ਰਧਾਨਤਾ ਪ੍ਰਦਾਨ ਕਰਦੀ ਹੋਈ ਸਾਹਿਤਕਾਰ ਦੇ ਪ੍ਰਗਟਾਵੇ ਨੂੰ ਵਿਸ਼ੇਸ਼ ਕਰਤਾਰੀ ਅਧਿਕਾਰ ਵਜੋਂ ਸਥਾਪਿਤ ਕਰਦੀ ਸੀ। ਅਜਿਹੇ ਵਿੱਚ ਸਾਹਿਤਕਾਰ ਅਤੇ ਸਾਹਿਤ ਕਿਰਤ ਨੂੰ ਇੱਕ-ਮਿੱਕ ਮੰਨ ਕੇ ਸਾਹਿਤਕਾਰ ਨੂੰ ਸਮਝ ਲੈਣਾ ਹੀ ਸਾਹਿਤ ਕਿਰਤ ਨੂੰ ਸਮਝ ਲੈਣਾ ਮੰਨਿਆ ਜਾਂਦਾ ਸੀ। ਇਸੇ ਸੰਦਰਭ ਵਿੱਚ ਪ੍ਰੋ. ਹਰਭਜਨ ਸਿੰਘ ਲਿਖਦੇ ਹਨ:

> *ਸਾਡੀ ਸਮੀਖਿਆ ਦੀ ਜੜ੍ਹ-ਬੁਨਿਆਦ ਵੀ ਇਸੇ ਮਨੌਤ ਵਿੱਚ ਹੈ। ਕਰਤੇ ਨੂੰ ਸਮਝ ਲੈਣ ਬਾਅਦ ਹੀ ਮਿੱਥ ਲਿਆ ਜਾਂਦਾ ਹੈ, ਕਿ ਕਿਰਤ ਸਬੰਧੀ ਜੋ ਕੁਝ ਵੀ ਜਾਨਣਯੋਗ ਸੀ, ਅਸਾਂ ਜਾਣ ਲਿਆ ਹੈ।*
>
> (ਗੁਰਚਰਨ ਸਿੰਘ ਅਰਸ਼ੀ, *ਸਮੀਖਿਆ ਦ੍ਰਿਸ਼ਟੀਆਂ* 11)

ਪੱਛਮੀ ਸਾਹਿਤ ਆਲੋਚਨਾ ਦੇ ਅੰਤਰਗਤ ਸਮੀਖਿਆ ਦੀਆਂ ਅਜਿਹੀਆਂ ਪ੍ਰਣਾਲੀਆਂ ਸ਼ਾਮਿਲ ਹਨ। ਜਿਨ੍ਹਾਂ ਦਾ ਪ੍ਰਕਾਰਜ 'ਸਾਹਿਤ' ਦਾ ਭਾਸ਼ਾਈ ਸੰਦਾਂ/ਸਾਧਨਾਂ ਦੇ ਆਧਾਰ 'ਤੇ ਵਿਗਿਆਨਕ ਵਿਸ਼ਲੇਸ਼ਣ ਕਰਨਾ ਹੈ। ਸਾਹਿਤਕਾਰ ਸਾਹਿਤ-ਰਚਨਾ ਦੀ ਸਿਰਜਣਾ ਦੌਰਾਨ ਰਚਨਾ ਦੇ ਪ੍ਰਸੰਗ ਵਿੱਚ ਇੱਕ ਅਜਿਹੀ ਭਾਸ਼ਿਕ ਸੰਰਚਨਾ ਦਾ ਵਿਧਾਨ ਸਿਰਜਦਾ ਹੈ ਜਿਸ ਨਾਲ ਵਿਸ਼ਾ ਸੁੰਦਰ ਸਾਹਿਤ-ਰੂਪ/ਵਿਧਾ ਵਿੱਚ ਪ੍ਰਗਟ ਹੋ ਜਾਂਦਾ ਹੈ। ਪੱਛਮੀ ਕਾਵਿ-ਦਰਸ਼ਨ ਸਾਹਿਤਕ ਕਰਤਾ ਨੂੰ ਵਿਸ਼ੇਸ਼ ਅਧਿਕਾਰ ਪ੍ਰਦਾਨ ਕਰਦੀਆਂ ਹਨ ਅਤੇ ਨਾ ਹੀ ਕੇਵਲ ਸਾਹਿਤਕ ਕਿਰਤ ਨੂੰ ਸਗੋਂ ਸਾਹਿਤ ਦੀਆਂ ਇਹ ਨਵੀਆਂ ਅੰਤਰ ਦ੍ਰਿਸ਼ਟੀਆਂ ਦੀ ਡੂੰਘੀ ਜਾਣਕਾਰੀ ਦਾ ਵਿਸਥਾਰ ਕਰਦੀਆਂ ਹਨ। ਸਮਕਾਲੀ ਦੌਰ ਵਿੱਚ ਵਿਸ਼ਵੀਕਰਨ, ਨਵ-ਪੂੰਜੀਵਾਦੀ, ਉਪਭੋਗੀਕਰਨ ਅਤੇ ਸੰਚਾਰ ਤਕਨੀਕਾਂ ਦੀ ਕ੍ਰਾਂਤੀ ਨੇ ਮਨੁੱਖ ਦੀ ਜੀਵਨ ਸ਼ੈਲੀ ਨੂੰ ਅਤਿ-ਗੰਭੀਰ ਬਣਾਉਂਦੇ ਹੋਏ ਕਾਵਿ-ਉਚਾਰਾਂ ਵਿੱਚ ਵੰਨ-ਸੁਵੰਨਤਾ, ਨਿੱਜ-ਮੂਲਕਤਾ, ਅੰਤਰ-ਮੁੱਖਤਾ ਆਦਿ ਦੀ ਪ੍ਰਧਾਨਤਾ ਲਿਆਂਦੀ ਹੈ। ਜਿਸ ਨੇ ਸਮਕਾਲੀ ਦੌਰ ਦੀ ਪੰਜਾਬੀ ਕਵਿਤਾ ਦੇ ਉਚਾਰ ਅਤੇ ਸੰਚਾਰ ਦੀਆਂ ਨਿਰੰਤਰ ਚੱਲਦੀਆਂ ਆ ਰਹੀਆਂ ਕਾਵਿ ਪਰੰਪਰਾਵਾਂ, ਵਿਚਾਰਧਾਰਵਾਂ ਅਤੇ ਸੰਚਾਰ ਵਿਧੀਆਂ ਨੂੰ ਬੇਹੱਦ ਪ੍ਰਭਾਵਿਤ ਅਤੇ ਸੂਖ਼ਮਤਾ ਪ੍ਰਦਾਨ

ਕੀਤੀ ਹੈ। ਕਾਵਿ-ਸੰਚਾਰ ਵਧੇਰੇ ਤਰਕਸ਼ੀਲ, ਗੁੰਝਲਦਾਰ ਅਤੇ ਨਿਵੇਕਲਾ ਹੋ ਗਿਆ ਹੈ। ਜਿਸ ਕਾਰਨ ਸਮਕਾਲੀ ਪੰਜਾਬੀ ਕਵਿਤਾ ਨੇ ਕਾਵਿ ਸੰਚਾਰ ਦੀ ਵਿਲੱਖਣਤਾ ਨੂੰ ਸਥਾਪਿਤ ਕੀਤਾ ਹੈ।

ਸਮਕਾਲੀ ਪੰਜਾਬੀ ਕਵੀ ਅਜੋਕੇ ਪਦਾਰਥਵਾਦੀ ਯੁੱਗ ਵਿੱਚ ਨੀਰਸਤਾ ਭਰੀ ਜੀਵਨਸ਼ੈਲੀ ਨਾਲ ਸਮਝੌਤਾ ਨਹੀਂ ਕਰਦਾ ਸਗੋਂ ਇਸ ਪੱਖੋਂ ਸੁਚੇਤ ਹੋ ਕੇ ਆਪਣੀ ਕਾਵਿ-ਰਚਨਾ ਨੂੰ ਇੱਕ ਵਿਲੱਖਣ ਚੌਖਟੇ ਵਿੱਚ ਸਿਰਜਦਾ ਅਤੇ ਸੰਵਾਰਦਾ ਹੋਇਆ ਕਾਵਿ-ਰਚਨਾ ਨੂੰ ਜਿਉਣਯੋਗ ਅਤੇ ਸੁਹਜ-ਸੰਚਾਰ ਯੋਗ ਬਣਾਉਂਦਾ ਹੈ। ਕਵੀ ਸੁਚੇਤ ਹੋ ਕੇ ਅਜਿਹੀ ਕਾਵਿ-ਰਚਨਾ ਦੀ ਸਿਰਜਣਾ ਕਰਦਾ ਹੈ। ਜਿਸ ਨਾਲ ਪਾਠਕ ਦੇ ਇੰਦਰਿਆਵੀ ਬੋਧ ਨੂੰ ਇੱਕ ਵਿਲੱਖਣ, ਤੀਬਰ ਅਤੇ ਅਦਭੁੱਤ ਅਨੰਦ ਦੀ ਅਨੁਭੂਤੀ ਹੁੰਦੀ ਹੈ। ਕਵੀ ਸਮਾਜ ਦਾ ਇੱਕ ਚੇਤੰਨ ਪ੍ਰਾਣੀ ਹੈ ਜੋ ਸਮਾਜ ਵਿੱਚ ਰਹਿ ਕੇ ਹੀ ਗ੍ਰਹਿਣ ਕੀਤੇ ਅਨੁਭਵ ਨੂੰ ਆਪਣੀ ਸਾਹਿਤ ਕਲਾ ਅਤੇ ਆਪਣੇ ਕਾਵਿ-ਕੌਸ਼ਲ ਦੀ ਚਾਸ਼ਨੀ ਵਿੱਚ ਤਿਆਰ ਕਰਕੇ ਸਰੋਤੇ ਅੱਗੇ ਇਸ ਤਰ੍ਹਾਂ ਪਰੋਸਦਾ ਹੈ ਕਿ ਅਜਿਹੀ ਰਚਨਾ ਪਾਠਕ ਨੂੰ ਇੱਕ ਅਦਭੁੱਤ ਆਨੰਦ, ਵਿਲੱਖਣ-ਅਨੁਭੂਤੀ ਅਤੇ ਵਿਲੱਖਣ-ਦ੍ਰਿਸ਼ਟੀ ਪ੍ਰਦਾਨ ਕਰਦੇ ਹੋਏ ਪਾਠਕ ਦੀ ਨੀਰਸਤਾ ਅਤੇ ਵਰਤਾਰਿਆਂ ਨੂੰ ਦੇਖਣ ਦੀ ਸਾਧਾਰਨ ਦ੍ਰਿਸ਼ਟੀ ਨੂੰ ਸਮਾਪਤ ਕਰਦੀ ਹੈ ਅਤੇ ਸਰੋਤੇ ਨੂੰ ਇੱਕ ਵੱਖਰੇ ਅੰਦਾਜ਼ ਅਤੇ ਨੀਝ ਨਾਲ ਵਰਤਾਰਿਆਂ ਨੂੰ ਅਨੁਭਵ ਕਰਨ ਯੋਗ ਬਣਾਉਂਦੀ ਹੈ। ਸਮਕਾਲੀ ਪੰਜਾਬੀ ਕਵੀਆਂ ਦੇ ਕਾਵਿ-ਸੰਚਾਰ ਵਿੱਚ ਅਜਿਹੀ ਜੁਗਤ ਨੂੰ ਸਪੱਸ਼ਟ ਵੇਖਿਆ ਜਾ ਸਕਦਾ ਹੈ। ਜਿਵੇਂ:

*ਤੁਸੀਂ ਕਦੇ*

*ਸੱਤਵੀਂ ਸਤਾਰਵੀਂ ਅਸੰਖਵੀਂ ਮੰਜ਼ਲ 'ਤੇ*

*ਕੰਮ ਕਰਦੇ*

*ਮਿਸਤਰੀ ਨੂੰ ਦੇਖਿਆ ਹੈ*

*ਉਹ ਸੁਨੀਤਾ ਵਿਲੀਅਮਜ਼ ਦੇ*

*ਮੋਢੇ ਨਾਲ ਮੋਢਾ ਜੋੜ*

*ਕਰ ਰਿਹਾ ਅਨੰਤ ਖੋਜਾਂ* (ਗੁਰਪ੍ਰੀਤ, *ਸਿਆਹੀ ਘੁਲ਼ੀ ਹੈ* 52)

ਉਪਰੋਕਤ ਕਾਵਿ-ਸਤਰਾਂ ਵਿੱਚ ਸਮਕਾਲੀ ਪੰਜਾਬੀ ਕਵੀ ਗੁਰਪ੍ਰੀਤ ਸਮਕਾਲੀ ਜੀਵਨ ਦੇ ਸਾਧਾਰਨ ਵਰਤਾਰਿਆਂ ਵਿੱਚੋਂ ਇੱਕ ਆਮ ਮਿਸਤਰੀ ਨੂੰ ਪੁਲਾੜ ਯਾਤਰੀ ਸੁਨੀਤਾ ਵਿਲੀਅਮ ਨਾਲ ਤੁਲਨਾ ਕੇ ਮਨੁੱਖ ਦੀ ਸਮਾਜਿਕ ਯਥਾਰਥ ਨੂੰ ਦੇਖਣ ਦੀ ਰੁਟੀਨ ਨੂੰ ਇੱਕ ਨਵੀਨ ਅਨੁਭਵ ਪ੍ਰਦਾਨ ਕੀਤਾ ਹੈ। ਅਜਿਹੀ ਉਪਰੋਕਤ ਕਾਵਿ-ਜੁਗਤ ਜਿਸ ਦੁਆਰਾ ਕਵੀ ਨੇ ਰੋਜ਼ਾਨਾਂ ਦੀ ਰੂਟੀਨ ਨੂੰ ਭੰਗ ਕਰਕੇ ਇੱਕ ਵੱਖਰੇ ਅਨੁਭਵ ਦਾ ਵਸਰ ਪ੍ਰਦਾਨ ਕੀਤਾ ਹੈ ਅਜਿਹੀ ਵਿਧੀ ਨੂੰ ਰੂਪਵਾਦੀ ਆਲੋਚਨਾ ਪ੍ਰਣਾਲੀ ਵਿੱਚ **'ਅਜਨਬੀਕਰਨ'** (Defamiliarization) ਦਾ ਨਾਮ ਦਿੰਦੀ ਹੈ ਜੋ ਰੂਪਵਾਦੀ ਆਲੋਚਨਾ ਪ੍ਰਣਾਲੀ ਦੀ ਹਰਮਨ ਪਿਆਰੀ ਅਤੇ ਮੁੱਖ ਧਾਰਨਾ ਹੈ। ਰੂਪਵਾਦੀਆਂ ਅਨੁਸਾਰ 'ਅਜਨਬੀਕਰਨ' ਸੰਸਾਰ ਦੇ ਕਾਲ-ਕਾਰਨ ਕਾਰਜ ਵਿੱਚ ਵਾਪਰ ਰਹੇ ਯਥਾਰਥਕ ਵਰਤਾਰੇ ਨੂੰ ਆਪਣੀ ਕਾਵਿ-ਰਚਨਾ ਵਿੱਚ ਲੁਕਾ ਕੇ, ਲਮਕਾ ਕੇ, ਵਧਾ ਕੇ ਜਾਂ ਅਜਿਹੀਆਂ ਹੋਰਨਾਂ ਵਿਧੀਆਂ ਦਾ ਪ੍ਰਯੋਗ ਕਰ ਕੇ ਪੇਸ਼ ਕਰਦੇ ਹਨ। ਇਸੇ ਸੰਦਰਭ ਵਿੱਚ ਡਾ. ਹਰਿਭਜਨ ਸਿੰਘ ਅਜਨਬੀਕਰਨ ਨੂੰ ਪਰਿਭਾਸ਼ਿਤ ਕਰਦੇ ਲਿਖਦੇ ਹਨ:

> *ਅਜਨਬੀਕਰਨ ਤੋਂ ਭਾਵ ਜਾਣੀਆਂ ਪਛਾਣੀਆਂ ਵਸਤੂਆਂ ਨੂੰ ਅਜਨਬੀਕਿਰਤ ਢੰਗ ਰਾਹੀਂ ਪੇਸ਼ ਕਰਨਾ ਹੈ। ਭਾਵ ਅਜਿਹੀਆਂ ਜੁਗਤਾਂ ਦੀ ਵਰਤੋ ਜੋ ਚੀਜ਼ਾਂ ਨੂੰ ਪਛਾਣਨ ਲਈ ਨਹੀਂ ਇਕਾਗਰ ਹੋ ਕੇ ਵੇਖਣ ਲਈ ਪ੍ਰੇਰਦੀਆਂ ਹਨ।* (*ਰਚਨਾ ਸਰੰਚਨਾ* 23)

ਸ਼ਕਲੋਵਸਕੀ ਦਾ ਵਿਚਾਰ ਹੈ:

> *ਕਿ ਕਲਾ ਜ਼ਿੰਦਗੀ ਵਿੱਚਲੀ ਉਤੇਜਨਾ (Sensation) ਨੂੰ ਮਹਿਸੂਸ ਕਰਵਾਉਣ ਲਈ ਹੀ ਹੁੰਦੀ ਹੈ ਤੇ ਇਸ ਲਈ ਹੋਂਦ ਵਿੱਚ ਆਉਂਦੀ ਹੈ ਕਿ ਅਸੀਂ ਚੀਜ਼ਾਂ ਨੂੰ ਉਵੇਂ ਮਹਿਸੂਸ ਕਰ ਸਕੀਏ ਜਿਵੇਂ ਉਹ ਹੁੰਦੀਆਂ ਹਨ ਨਾ ਕਿ ਜਿਵੇਂ ਅਸੀਂ ਉਨ੍ਹਾਂ ਨੂੰ ਜਾਣਦੇ ਹਾਂ। ਕਲਾ ਦੀਆਂ ਜੁਗਤਾਂ ਅਤੇ ਤਕਨੀਕਾਂ ਦਾ ਮਕਸਦ ਵਸਤ ਨੂੰ ਅਜਨਬੀ ਬਣਾ ਕੇ ਪੇਸ਼ ਕਰਨਾ ਹੁੰਦਾ ਹੈ।*
>
> (ਨੀਤੂ ਅਰੋੜਾ, *ਸਮਕਾਲੀ ਪੰਜਾਬੀ ਕਵਿਤਾ: ਪ੍ਰਤੀਰੋਧੀ ਪ੍ਰਵਚਨ* 63)

ਇਸ ਪ੍ਰਕਾਰ ਆਖਿਆ ਜਾ ਸਕਦਾ ਹੈ ਕਿ ਕਾਵਿ-ਭਾਸ਼ਾ ਵਿੱਚ ਵਸਤੂ ਦੀ ਪੇਸ਼ਕਾਰੀ ਹੀ ਨਹੀਂ ਹੁੰਦੀ ਸਗੋਂ ਉਸ ਨੂੰ ਰੋਜ਼ਾਨਾ ਜ਼ਿੰਦਗੀ ਨਾਲੋਂ ਅਜਨਬੀ ਬਣਾ ਕੇ ਕਲਾਤਮਿਕ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ ਸੋ ਸਮਕਾਲੀ ਪੰਜਾਬੀ ਕਵਿਤਾ ਯਥਾਰਥਕ ਵਰਤਾਰੇ ਦੀ ਅਜਿਹੀ ਪੇਸ਼ਕਾਰੀ ਕਰਦੀ ਹੈ ਜੋ ਸਰੋਤੇ ਨੂੰ ਯਥਾਰਥ ਦੇ ਪ੍ਰਤੱਖਣ ਤੋਂ ਵਧੇਰੇ ਸੁਹਜਮਈ ਅਤੇ ਸੰਤੁਸ਼ਟੀਪੂਰਨ ਲੱਗਦੀ ਹੈ ਅਤੇ ਵਰਤਾਰਿਆਂ ਨੂੰ ਪ੍ਰਤੱਖਣ ਇਕਾਗਰਤਾ ਪ੍ਰਦਾਨ ਕਰਦੀ ਹੈ। ਸਮਕਾਲੀ ਪੰਜਾਬੀ ਕਵਿਤਾ ਵਿੱਚ ਅਜਨਬੀਕਰਨ ਜੁਗਤ ਦਾ ਪ੍ਰਯੋਗ ਵਰਤਮਾਨ ਕਵੀਆਂ ਨੇ ਭਰਪੂਰ ਮਾਤਰਾ ਵਿੱਚ ਕੀਤਾ ਹੈ। ਜਿਸ ਦਾ ਇੱਕ ਹੋਰ ਪ੍ਰਮਾਣ ਕਵੀ ਜਸਵੰਤ ਜ਼ਫ਼ਰ ਦੀਆਂ ਨਿਮਨਲਿਖਤ ਕਾਵਿ ਸਤਰਾਂ ਵਿੱਚੋਂ ਦੇਖਿਆ ਜਾ ਸਕਦਾ ਹੈ:

*ਫਿਰ ਮੈਂ ਚੰਦ ਨੂੰ ਪੁੱਛੀਆ*
*ਏਨਾ ਸ਼ਾਤ ਕਿਉਂ ਹੈਂ?*
*ਚੰਦ ਨੇ ਹੈਰਾਨ ਹੋ ਪੁੱਛਿਆ*
*ਇਹ ਸ਼ਾਤੀ ਕੀ ਚੀਜ਼ ਹੋਈ?*
*ਰਾਤੀਂ ਮੇਰੇ ਸੁਪਨੇ 'ਚ*
*ਦਰਿਆ ਸਮੁੰਦਰ ਤੇ ਚੰਦ ਆ ਕੇ ਕਹਿੰਦੇ*
*ਬੰਦਾ ਬਣ*
*ਮੈਥੋਂ ਪਰਤ ਕੇ ਪੁੱਛ ਨਹੀਂ ਹੁੰਦਾ*
*ਇਹ ਬੰਦਾ ਕੀ ਹੁੰਦਾ?* (*ਇਹ ਬੰਦਾ ਕੀ ਹੁੰਦਾ* 13)

ਰੂਸੀ ਰੂਪਵਾਦੀਆਂ ਅਨੁਸਾਰ ਕਾਵਿ ਦਾ ਮੁੱਖ ਉਦੇਸ਼ ਪ੍ਰਤੱਖਣ ਦੀਆਂ ਸਾਧਾਰਨ ਵਿਧੀਆਂ ਜਾਂ ਰੂਟੀਨ ਨੂੰ ਭੰਗ ਕਰਕੇ ਸਰੋਤੇ ਨੂੰ ਇੱਕ ਨਵੀਨ ਦ੍ਰਿਸ਼ਟੀ ਪ੍ਰਦਾਨ ਕਰਨਾ ਅਤੇ ਉਸ ਦੀ ਚੇਤਨਾ ਨੂੰ ਪ੍ਰਭਾਵਿਤ ਕਰਦੇ ਹੋਏ ਇੱਕ ਨਿਵੇਕਲਾ ਦ੍ਰਿਸ਼ਟੀਕੋਣ ਪ੍ਰਦਾਨ ਕਰਨਾ ਹੈ। ਉਪਰੋਕਤ ਕਾਵਿ ਸਤਰਾਂ ਵਿੱਚ ਕਵੀ ਜਸਵੰਤ ਜ਼ਫ਼ਰ ਨੇ ਸਾਹਿਤ ਦੇ ਇਸੇ ਉਦੇਸ਼ ਦੀ ਪ੍ਰਾਪਤੀ ਦੇ ਟੀਚਿਆਂ ਨੂੰ ਮੁੱਖ ਰੱਖਦਿਆਂ ਕੁਦਰਤ ਵਿੱਚੋਂ ਅਜਿਹੇ

ਵਰਤਾਰਿਆਂ ਦੀ ਚੋਣ ਕੀਤੀ ਹੈ ਜੋ ਸਹਿਜ ਰੂਪ ਵਿੱਚ ਆਪਣਾ ਕਾਰਜ ਭਲੀ ਭਾਂਤੀ ਕਰ ਰਹੇ ਹਨ ਪ੍ਰੰਤੂ ਸੰਸਾਰ ਵਿੱਚ ਵਿੱਚਰਦਿਆਂ ਮਨੁੱਖ ਇਹਨਾਂ ਵਰਤਾਰਿਆਂ ਨੂੰ ਆਮ ਦ੍ਰਿਸ਼ਟੀ ਨਾਲ ਵੇਖਣ ਦਾ ਆਦੀ ਹੋ ਚੁੱਕਿਆ ਹੈ। ਕਵੀ ਜਸਵੰਤ ਜ਼ਫ਼ਰ ਨੇ ਆਪਣੇ ਕਾਵਿ-ਕੌਸ਼ਲ ਨਾਲ ਅਜਿਹੇ ਪ੍ਰਕਿਰਤਿਕ ਵਰਤਾਰੇ ਨੂੰ ਇੱਕ ਵੱਖਰੇ ਦ੍ਰਿਸ਼ਟੀਕੋਣ ਤੋਂ ਪੇਸ਼ ਕਰਕੇ ਸਧਾਰਨ ਰੁਚੀ ਨੂੰ ਭੰਗ ਕਰਦੇ ਹੋਏ ਇਹਨਾਂ ਵਰਤਾਰਿਆਂ ਤੋਂ ਸੇਧ ਲੈ ਕੇ ਆਪਣੇ ਜੀਵਨ ਨੂੰ ਇੱਕ ਮਨੁੱਖਤਾ ਦੇ ਨੈਤਿਕ ਅਸੂਲਾਂ ਉੱਪਰ ਚੱਲਣ ਦੀ ਜਾਂਚ ਲੈਣ ਦੀ ਪ੍ਰੇਰਨਾ ਦਿੱਤੀ ਹੈ। ਰੂਸੀ ਰੂਪਵਾਦੀਆਂ ਨੇ ਵੀ ਅਜਨਬੀਕਰਨ ਦੀ ਸਹਾਇਤਾ ਨਾਲ ਕਾਵਿ ਦੇ ਪ੍ਰਤੱਖਣ ਦੀਆਂ ਸਾਧਾਰਨ ਵਿਧੀਆਂ ਜਾਂ ਰੂਟੀਨ ਨੂੰ ਭੰਗ ਕਰਨ ਦੇ ਉਦੇਸ਼ ਦੀ ਪ੍ਰੋੜਤਾ ਕਰਦੇ ਹਨ। ਇਸੇ ਸੰਦਰਭ ਵਿੱਚ ਸ਼ਕਲੋਵਸਕੀ ਦਾ ਵਿਚਾਰ ਹੈ:

> *ਕਾਵਿ ਦਾ ਮੁੱਖ ਉਦੇਸ਼ ਮਨੁੱਖ ਵਿੱਚ ਪ੍ਰਤੱਖਣ ਦੀਆਂ ਸਾਧਾਰਨ ਵਿਧੀਆਂ ਦੁਆਰਾ ਪੈਦਾ ਹੋਈ ਸਾਧਾਰਨ, ਸਹਿਜ ਜਾਂ ਰੂਟੀਨ ਰੁਚੀ ਨੂੰ ਭੰਗ ਕਰਨਾ ਹੁੰਦਾ ਹੈ। ਆਮ ਆਦਮੀ ਸੰਸਾਰ ਵਿੱਚ ਵਿੱਚਰਦਿਆਂ ਇਸ ਨੂੰ ਨੀਝ ਨਾਲ ਵੇਖਣਾ ਬੰਦ ਕਰਦਾ ਹੈ। ਉਹ ਇਸ ਨਾਲ ਇਨ੍ਹਾਂ ਪਰਿਚਿਤ ਹੁੰਦਾ ਹੈ ਕਿ ਇਸ ਨੂੰ ਸੱਜਰੀ ਦ੍ਰਿਸ਼ਟੀ ਨਾਲ ਨਹੀਂ ਵੇਖ ਸਕਦਾ*
>
> (ਡਾ. ਰਤਨ ਸਿੰਘ ਜੱਗੀ, *ਖੋਜ ਪੱਤ੍ਰਿਕਾ ਸਾਹਿੱਤਿਕ ਵਾਦ ਅੰਕ* 113)

ਇਸੇ ਤਰ੍ਹਾਂ ਸਮਕਾਲੀ ਪੰਜਾਬੀ ਕਵੀ ਸਮਕਾਲੀ ਯਥਾਰਥ ਵਿੱਚੋਂ ਉਪਜੇ ਅਨੁਭਵ ਦੀ ਕੇਵਲ ਪੇਸ਼ਕਾਰੀ ਹੀ ਨਹੀਂ ਕਰਦਾ ਸਗੋਂ ਮਨੁੱਖ ਦੀ ਰੋਜ਼ਾਨਾ ਜ਼ਿੰਦਗੀ ਵਿੱਚ ਵਾਪਰ ਰਹੀਆਂ ਯਥਾਰਥਕ ਘਟਨਾਵਾਂ ਨੂੰ ਸਰੋਤੇ ਲਈ ਅਜਨਬੀ ਬਣਾ ਕੇ ਇੰਝ ਪੇਸ਼ ਕਰਦੇ ਹਨ ਕਿ ਸਰੋਤਾ ਆਪਣੇ ਸਮਕਾਲੀ ਯਥਾਰਥ ਪ੍ਰਤੀ ਸੁਚੇਤ ਹੋ ਕੇ ਉਸ ਨੂੰ ਨੀਝ ਨਾਲ ਵੇਖਣਾ ਆਰੰਭ ਕਰਦਾ ਹੈ।

ਸਮਕਾਲੀ ਪੰਜਾਬੀ ਕਵੀ ਕਾਵਿ-ਸੰਚਾਰ ਦੀਆਂ ਅਨੇਕਾਂ ਵਿਧੀਆਂ ਪ੍ਰਤੀ ਸੁਚੇਤ ਹੋ ਕੇ ਆਪਣੀ ਕਾਵਿ-ਰਚਨਾ ਦੀ ਸਿਰਜਣਾ ਕਰਦਾ ਹੈ। ਕਵੀ ਸਰੋਤੇ ਦੇ ਮਨ ਅੰਦਰ ਭਾਵਾਂ ਦੇ ਸੰਚਾਰ ਲਈ ਅਜਨਬੀਕਰਨ ਦੇ ਨਾਲ-ਨਾਲ ਆਪਣੀ ਕਵਿਤਾ ਦੇ ਵਿਸ਼ਾ-ਵਸਤੂ ਨੂੰ ਇਸ ਢੰਗ ਨਾਲ ਪੇਸ਼ ਕਰਦਾ ਹੈ ਕਿ

ਵਸਤੂ ਸਰੋਤੇ ਨੂੰ ਉਸ ਦੀਆਂ ਭਾਵਨਾਵਾਂ ਨਾਲ ਸੰਪੂਰਨ ਰੂਪ ਵਿੱਚ ਆਤਮਸਾਤ ਹੋਇਆ ਪ੍ਰਤੀਤ ਹੁੰਦਾ ਹੈ। ਸਰੋਤਾ ਕਾਵਿ ਦੇ ਵਸਤੂ ਨਾਲ ਆਪਣਾ ਸੰਬੰਧ ਸਥਾਪਤ ਕਰਦੇ ਹੋਏ ਜਦੋਂ ਵਿਸ਼ੇ ਦੇ ਵੇਗ ਨਾਲ ਆਪਣੇ ਆਪ ਨੂੰ ਵਹਿੰਦਾ ਪ੍ਰਤੀਤ ਕਰਦਾ ਹੈ ਉਸ ਸਮੇਂ ਹੀ ਕਵਿਤਾ ਦਾ ਵਿਸ਼ਾ-ਵਸਤੂ **ਥੀਮ** ਅਖਵਾਉਂਦਾ ਹੈ। ਇਸੇ ਸੰਦਰਭ ਵਿੱਚ ਡਾ. ਕੁਲਦੀਪ ਸਿੰਘ ਧੀਰ ਲਿਖਦੇ ਹਨ:

> *ਸਾਡੇ ਵਾਸਤੇ ਥੀਮ ਉਦੋਂ ਹੀ ਮਹੱਤਵਪੂਰਨ ਬਣਦੀ ਹੈ ਜਦੋਂ ਉਹ ਸਾਡੀਆਂ ਭਾਵਨਾਵਾਂ ਨਾਲ ਜੁੜ ਕੇ ਪੇਸ਼ ਹੋਵੇ। ਥੀਮ ਜਿਸ ਰਚਨਾ ਵਿੱਚ ਪੇਸ਼ ਹੋਵੇ, ਉਸ ਦੇ ਪਾਠਕ ਜਾਂ ਸ੍ਰੋਤੇ ਨੂੰ ਆਪਣੇ ਨਾਲ ਤੋਰ ਲਵੇ ਤਾਂ ਹੀ ਉਹ ਕਾਮਯਾਬ ਕਹੀ ਜਾ ਸਕਦੀ ਹੈ।* (115)

ਸਮਕਾਲੀ ਪੰਜਾਬੀ ਕਵੀ ਆਪਣੀ ਕਵਿਤਾ ਦੇ ਉਚਾਰ, ਸੰਚਾਰ ਅਤੇ ਅਰਥਾਂ ਪ੍ਰਤੀ ਸੰਵੇਦਨਸ਼ੀਲ ਹਨ। ਕਵੀ ਆਪਣੀ ਕਾਵਿ-ਰਚਨਾ ਲਈ ਥੀਮ ਦੀ ਚੋਣ ਭੂਤਕਾਲ ਅਤੇ ਵਰਤਮਾਨ ਵਿਚੋਂ ਭਵਿੱਖ ਪ੍ਰਤੀ ਸੁਚੇਤ ਹੋ ਕੇ ਕਰਦਾ ਹੈ। ਆਖਿਆ ਜਾ ਸਕਦਾ ਹੈ ਕਿ ਸਮਕਾਲੀ ਪੰਜਾਬੀ ਕਵੀ ਆਪਣੀ ਰਚਨਾ ਲਈ ਥੀਮ ਦੀ ਚੋਣ ਸਮਕਾਲੀ ਅਤੇ ਸਰਬਕਾਲੀ ਦੇ ਸੁਮੇਲ ਨਾਲ ਕਰਦਾ ਹੈ। ਇਸੇ ਸੰਦਰਭ ਵਿੱਚ ਕਵੀ ਸੁਰਜੀਤ ਪਾਤਰ ਦੀਆਂ ਕਾਵਿ ਸਤਰਾਂ ਵੇਖੀਆਂ ਜਾ ਸਕਦੀਆਂ ਹਨ, ਜਿਨ੍ਹਾਂ ਵਿੱਚ ਕਵੀ ਨੇ ਆਪਣੇ ਕਾਵਿਕ-**ਥੀਮ** ਦੀ ਚੋਣ ਸਮਕਾਲੀ ਯਥਾਰਥਕ ਸਮੱਸਿਆਵਾਂ ਦੇ ਪ੍ਰਸੰਗ ਵਿੱਚ ਕਰਦੇ ਹੋਏ ਅਤੇ ਸਮਕਾਲੀ ਯਥਾਰਥ ਨੂੰ ਏਕਤਾ ਵਿੱਚ ਬੰਨਦੇ ਹੋਏ ਮਨੁੱਖ ਦੇ ਜੀਵਨ ਦੀ ਤ੍ਰਾਸਦੀ ਦੀਆਂ ਸਰਬਕਾਲੀ ਭਾਵਨਾਵਾਂ ਨੂੰ ਸੁਹਜਮਈ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰਿਤ ਕੀਤਾ ਹੈ। ਮਿਸਾਲ ਵੱਜੋਂ:

*ਘੱਟ ਗਿਣਤੀ ਨਾਲ ਨਹੀਂ*
*ਮੈਂ ਦੁਨੀਆਂ ਦੀ*
*ਸਭ ਤੋਂ ਵੱਡੀ ਬਹੁ-ਗਿਣਤੀ ਨਾਲ*
*ਸਬੰਧ ਰੱਖਦਾ ਹਾਂ*
*ਬਹੁ ਗਿਣਤੀ*

*ਜੋ ਉਦਾਸ ਹੈ*

*ਖ਼ਾਮੋਸ਼ ਹੈ*

*ਏਨੇ ਚਸ਼ਮਿਆਂ ਦੇ ਬਾਵਜੂਦ ਪਿਆਸੀ ਹੈ*

*ਏਨੇ ਚਾਨਣਾਂ ਦੇ ਬਾਵਜੂਦ ਹਨ੍ਹੇਰੇ ਵਿੱਚ ਹੈ*

(*ਲਫਜ਼ਾਂ ਦੀ ਦਰਗਾਹ* 32)

ਸਮਕਾਲੀ ਪੰਜਾਬੀ ਕਵੀ ਆਪਣੇ ਕਾਵਿਕ-ਥੀਮ ਦੇ ਸੰਚਾਰ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਅਤੇ ਸਰੋਤੇ ਦੇ ਮਨ ਵਿੱਚ ਸਫ਼ਲਤਾ ਪੂਰਵਕ ਸਥਾਪਿਤ ਕਰਨ ਲਈ ਪ੍ਰਭਾਵਸ਼ਾਲੀ **ਮੋਟਿਫ਼ਾਂ** ਦਾ ਵੀ ਪ੍ਰਯੋਗ ਕਰਦਾ ਹੈ। ਥੀਮ ਦੀ ਲਘੂਤਮ ਥੀਮਕ ਇਕਾਈ ਨੂੰ ਮੋਟਿਫ਼ ਆਖਿਆ ਜਾਂਦਾ ਹੈ। ਕਵੀ ਆਪਣੀ ਕਾਵਿਕ ਅਨੁਭਵ ਅਤੇ ਕੌਸ਼ਲ ਨਾਲ ਵੱਖ-ਵੱਖ ਮੋਟਿਫ਼ਾਂ ਨੂੰ ਆਪਣੀਆਂ ਕਲਾਤਮਿਕ ਜੁਗਤਾਂ ਦੀ ਸਹਾਇਤਾ ਨਾਲ ਇਸ ਤਰੀਕੇ ਨਾਲ ਪੇਸ਼ ਕਰਦਾ ਕਿ ਥੀਮ ਵਿੱਚ ਮੋਟੀਵੇਸ਼ਨ ਪੈਦਾ ਹੁੰਦਾ ਹੈ ਜਿਸ ਨਾਲ ਕਾਵਿ-ਸੰਚਾਰ ਸਫ਼ਲ ਹੋ ਜਾਂਦਾ ਹੈ। ਮੋਟੀਵੇਸ਼ਨ ਸਾਹਿਤਕਾਰ ਦੀਆਂ ਕਲਾਤਮਿਕ ਜੁਗਤਾਂ ਅਤੇ ਮੋਟੀਫਾਂ ਦੇ ਸੁਮੇਲ ਤੋਂ ਉਪਜਦਾ ਹੈ। ਇਸ ਸੰਦਰਭ ਵਿੱਚ ਡਾ. ਕੁਲਦੀਪ ਸਿੰਘ ਧੀਰ ਦਾ ਕਥਨ ਹੈ "*ਜੁਗਤਾਂ ਦੇ ਮੋਟਿਫ਼ਾਂ ਨਾਲ ਨਿਆਇਪੂਰਨ ਰਿਸ਼ਤੇ ਨੂੰ ਰੂਪਵਾਦੀਆਂ ਨੇ ਮੋਟੀਵੇਸ਼ਨ (Motivation) ਕਿਹਾ*" (ਡਾ. ਰਤਨ ਸਿੰਘ ਜੱਗੀ, *ਖੋਜ ਪੱਤ੍ਰਿਕਾ ਸਾਹਿੱਤਿਕ ਵਾਦ ਅੰਕ* 115)

ਹੇਠਾਂ ਦਿੱਤੇ ਕਾਵਿ-ਨਮੂਨੇ ਵਿੱਚ ਕਵਿਤਰੀ ਸੁਖਵਿੰਦਰ ਅੰਮ੍ਰਿਤ ਨੇ ਆਜ਼ਾਦੀ ਲਈ ਲੜਨ ਵਾਲੇ ਨੂੰ ਕੈਦ, ਜਿਊਣ ਲਈ ਜੂਝਣ ਵਾਲੇ ਨੂੰ ਫਾਂਸੀ, ਪ੍ਰੇਮ ਕਰਨ ਵਾਲੇ ਨੂੰ ਨਫ਼ਰਤ ਦੇਣ ਦੇ ਸਮਕਾਲੀ ਉਲਟ ਵਿਧਾਨ ਵਿਚੋਂ ਕਵਿਤਰੀ ਨੇ ਆਪਣੇ ਸਮਕਾਲੀ ਸਮਾਜਿਕ ਯਥਾਰਥ ਚਿੰਤਨ ਵਿੱਚੋਂ ਉਪਜੀ ਸਮੱਸਿਆ ਦੇ ਪ੍ਰਸੰਗ ਵਿੱਚ ਇਨ੍ਹਾਂ **ਮੋਟਿਫ਼ਾਂ** ਦਾ ਪ੍ਰਯੋਗ ਕਰ ਕੇ ਨਿਮਨ ਲਿਖਤ ਕਾਵਿ-ਸਤਰਾਂ ਵਿੱਚ ਉਤਕ੍ਰਿਸ਼ਟ ਪ੍ਰਬੱਲ ਪ੍ਰਭਾਵਸ਼ਾਲੀ **ਮੋਟੀਵੇਸ਼ਨ** ਦਾ ਸੰਚਾਰ ਕੀਤਾ ਹੈ:

*ਜਿਹੜੇ ਆਜ਼ਾਦੀ ਲਈ ਲੜਦੇ ਹਨ*

*ਉਹਨਾਂ ਨੂੰ ਉਮਰ ਕੈਦ ਹੋ ਜਾਂਦੀ ਹੈ*

*ਜਿਹੜੇ ਜਿਊਣ ਲਈ ਜੂਝਦੇ ਹਨ*

*ਉਹਨਾਂ ਨੂੰ ਫਾਂਸੀ ਚਾੜ੍ਹ ਦਿੱਤਾ ਜਾਂਦਾ ਹੈ*

*ਜਿਹੜੇ ਪ੍ਰੇਮ ਕਰਦੇ ਹਨ*

*ਉਹਨਾਂ ਨੂੰ ਨਫ਼ਰਤ ਦੇ ਪੱਥਰ ਮਾਰੇ ਜਾਂਦੇ ਹਨ*

*ਦੁਨੀਆਂ ਦਾ ਕਾਇਦਾ ਕਹਿੰਦਾ ਹੈ:*

*ਆਜ਼ਾਦੀ ਦੀ ਵੀ ਕੋਈ ਹੱਦ ਹੁੰਦੀ ਹੈ...*

*ਜ਼ਿੰਦਗੀ ਦੇ ਵੀ ਅਸੂਲ ਹੁੰਦੇ ਹਨ...*

*ਪਿਆਰ ਕੋਈ ਮੂਰਖਾਂ ਦੀ ਖੇਡ ਨਹੀਂ*

*ਆਜ਼ਾਦੀ ਤੇ ਪਿਆਰ ਦਾ ਸੁਪਨਾ ਦੇਖਣ ਵਾਲੇ ਮੂਰਖਾਂ ਨੂੰ*

*ਜਿਉਂਦੇ ਨਾ ਛੱਡਿਆ ਜਾਵੇ*

*ਇਹ ਤੰਤਰ ਲਈ*

*ਸਭ ਤੋਂ ਵੱਡਾ ਖ਼ਤਰਾ ਨੇ...।* (*ਚਿੜੀਆਂ* 56)

ਉਪਰੋਕਤ ਕਾਵਿ ਸਤਰਾਂ ਵਿੱਚ ਕਵਿਤਰੀ ਸੁਖਵਿੰਦਰ ਅੰਮ੍ਰਿਤ ਨੇ ਮੋਟਿਫਾਂ ਦੇ ਕਲਾਤਮਿਕ ਪ੍ਰਯੋਗ ਨਾਲ ਸਮਕਾਲੀ ਸਮਾਜ ਦੇ ਯਥਾਰਥ ਵਿੱਚ ਪੱਸਰੀ ਹੋਈ ਉਲਟ-ਪ੍ਰਬੰਧਕੀ ਵਿਚਾਰਧਾਰਾ ਨੂੰ ਮੋਟੀਫਾਂ ਦੀ ਕੁਸ਼ਲ ਚੋਣ ਅਤੇ ਢੁਕਵੀਂ ਵਿਉਂਤਬੰਦੀ ਨਾਲ ਮੋਟੀਫਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਮੋਟੀਵੇਸ਼ਨ ਵਿੱਚ ਪਰਿਵਰਤਿਤ ਕੀਤਾ ਹੈ। ਅਜਿਹੀ ਹੀ ਇੱਕ ਉਦਾਹਰਨ ਕਵਿਤਰੀ ਸੁਖਵਿੰਦਰ ਅੰਮ੍ਰਿਤ ਦੀਆਂ ਹੇਠਲੀਆਂ ਕਾਵਿ ਸਤਰਾਂ ਵਿੱਚ ਵੀ ਦੇਖੀ ਜਾ ਸਕਦੀ ਹੈ ਜਿਸ ਵਿੱਚ ਕਵਿਤਰੀ ਨੇ ਇਤਿਹਾਸਕ, ਪਰੰਪਰਾਗਤ ਅਤੇ ਪਿੱਤਰੀ ਸਮਾਜਿਕ ਪ੍ਰਬੰਧ ਵਿੱਚੋਂ ਘਟਨਾਵਾਂ ਦੀ ਮੁੱਢਲੀ ਕੜੀ ਨੂੰ ਫੇਬੁਲਾ ਵਜੋਂ ਪ੍ਰਯੋਗ ਕਰਦੇ ਹੋਏ ਕਵਿਤਾ ਵਿੱਚ ਅਜਿਹਾ ਸਮਾਜਿਕ ਯਥਾਰਥ ਪੇਸ਼ ਕੀਤਾ ਹੈ, ਜੋ ਇਨ੍ਹਾਂ ਘਟਨਾਵਾਂ ਦੀ ਲੜੀ ਨੂੰ ਕਲਾਤਮਿਕ ਜੁਗਤਾਂ

ਵਿੱਚ ਬੱਝਦੇ ਹੋਏ ਇੱਕ ਉੱਤਮ ਸਾਹਿਤ ਰੂਪ ਅਖ਼ਤਿਆਰ ਕਰਦਾ ਹੈ ਅਤੇ ਸਰੋਤੇ ਨੂੰ ਇੱਕ ਵਿਲੱਖਣ ਦ੍ਰਿਸ਼ਟੀ ਪ੍ਰਦਾਨ ਕਰਦਾ ਹੈ। ਕਵਿਤਰੀ ਸੁਖਵਿੰਦਰ ਅੰਮ੍ਰਿਤ ਨੇ ਜਿਸ ਤਰ੍ਹਾਂ ਇਤਿਹਾਸਿਕ ਘਟਨਾਵਾਂ ਦੀ ਲੜੀ ਨੂੰ ਪਰੰਪਰਾਗਤ ਪੰਜਾਬੀ ਪਿਤਰਕੀ ਸਮਾਜ ਦੇ ਸੰਦਰਭ ਵਿੱਚ ਵਰਤਮਾਨ ਪ੍ਰਸੰਗ ਨਾਲ ਜੋੜ ਕੇ ਕਲਾਤਮਿਕ ਜੁਗਤ ਨਾਲ ਪੇਸ਼ ਕੀਤਾ ਹੈ। ਉਸ ਨੂੰ ਰੂਪਵਾਦੀ **ਫੇਬੁਲਾ** ਅਤੇ **ਸੁਚੇਤ** ਦੇ ਸੰਕਲਪ ਦਾ ਨਾਮ ਦਿੰਦੇ ਹਨ ਜਿਹਨ ਦਾ ਪੰਜਾਬੀ ਅਨੁਵਾਦ **ਕਥਾ** ਅਤੇ **ਕਥਾਨਕ** ਹੈ। 'ਫੇਬੁਲਾ' ਤੋਂ ਭਾਵ 'ਕਥਾ' ਤੋਂ ਹੈ ਅਤੇ ਉਸ ਕਥਾ ਨੂੰ ਕਵੀ ਵੱਖ-ਵੱਖ ਸਾਹਿਤਕ ਜੁਗਤਾਂ ਨਾਲ ਅਜਨਬੀਕਰਨ ਕਰਕੇ ਪੇਸ਼ ਕਰਦਾ ਹੈ। ਇਸ ਵਿਧੀ ਨੂੰ 'ਸੁਚੇਤ' ਜਾਂ 'ਕਥਾਨਕ' ਵੀ ਆਖਿਆ ਜਾਂਦਾ ਹੈ। ਸਮਕਾਲੀ ਪੰਜਾਬੀ ਕਵਿਤਾ ਇਸ ਵਿਧੀ ਨੂੰ ਆਪਣੇ ਕਾਵਿ ਸੰਚਾਰ ਲਈ ਪ੍ਰਯੋਗ ਕਰਦੀ ਹੋਈ ਸੰਚਾਰ ਵਿਧਾਨ ਨੂੰ ਪ੍ਰਭਾਵਸ਼ਾਲੀ, ਤੀਖਣ ਅਤੇ ਤੀਬਰ ਕਰਦੀ ਹੈ। ਜਿਵੇਂ:

*ਜੇ ਰਾਹਾਂ ਵਿੱਚ*

*ਬੰਦਿਆਂ ਦੇ ਮੂੰਹਾਂ ਵਾਲੇ*

*ਸ਼ੇਰ ਬਘੇਲੇ ਨਾ ਹੁੰਦੇ*

*ਤਾਂ*

*ਕੁੜੀਆਂ ਵੀ ਜਾ ਸਕਦੀਆਂ ਸੀ*

*ਬਾਬੇ ਨਾਨਕ ਵਾਂਗ ਉਦਾਸੀਆਂ 'ਤੇ*

*ਕੁੜੀਆਂ ਵੀ ਕਰ ਸਕਦੀਆਂ ਸੀ*

*ਗੌਤਮ ਬੁੱਧ ਵਾਂਗ ਨਿਰਵਾਣ ਦੀ ਪ੍ਰਾਪਤੀ*

*ਫੇਰ*

*ਸੱਤਾਂ ਰਿਸ਼ੀਆਂ ਵਿੱਚ*

*ਕੋਈ ਰਿਸ਼ਿਕਾ ਵੀ ਹੁੰਦੀ*

*ਜ਼ਰੂਰ ਸ਼ਾਮਿਲ...।* (*ਚਿੜੀਆਂ* 24)

ਕਵੀ ਮਨੁੱਖੀ ਮਨ ਵਿੱਚ ਅਚੇਤ ਰੂਪ 'ਚ ਪਏ ਵਿਚਾਰਾਂ, ਅਨੁਭਵਾਂ, ਭਾਵਾਂ ਨੂੰ ਜਦੋਂ ਸੁਚੇਤ ਤੌਰ 'ਤੇ ਆਪਣੀ ਕਾਵਿ-ਰਚਨਾ ਵਿੱਚ ਪੇਸ਼ ਕਰਦਾ ਹੈ ਤਾਂ ਉਹ ਆਪਣੀ ਕਲਾਤਮਿਕ ਕੌਸ਼ਲ ਨਾਲ ਵੱਖ-ਵੱਖ ਜੁਗਤਾਂ ਦਾ ਪ੍ਰਯੋਗ ਕਰਕੇ ਆਪਣੇ ਮਨੋ-ਭਾਵਾਂ ਦਾ ਸੰਚਾਰ ਪ੍ਰਭਾਵਸ਼ਾਲੀ ਢੰਗ ਨਾਲ ਕਰਦਾ ਹੈ, ਜੋ ਕਾਵਿ-ਰਚਨਾ ਦੀ 'ਬੁਣਤਰ' ਅਖਵਾਉਂਦੀਆਂ ਹਨ। ਇਹਨਾਂ ਸੰਚਾਰ ਵਿਧੀਆਂ/ਜੁਗਤਾਂ ਦੀ ਵਰਤੋਂ ਕਵੀ ਦੇ ਕਾਵਿ ਕੌਸ਼ਲ ਅਤੇ ਕਾਵਿਕ ਸਮਝ ਉੱਪਰ ਆਧਾਰਿਤ ਹੁੰਦੀਆਂ ਹਨ। ਜਿਨ੍ਹਾਂ ਨੂੰ ਕਵੀ ਚੁਣੇ ਹੋਏ ਕਾਵਿ-ਰੂਪ ਦੀ ਵਿਸ਼ੇਸ਼ ਲੋੜ ਦੇ ਪ੍ਰਸੰਗ ਵਿੱਚ ਇਨ੍ਹਾਂ ਜੁਗਤਾਂ ਦੀ ਵਰਤੋਂ ਵਸਤੂ/ਭਾਵ ਨੂੰ ਕੁਸ਼ਲ ਸੰਚਾਰਿਤ ਕਰਨ ਲਈ ਕਰਦਾ ਹੈ। ਕਵੀ ਆਪਣੀ ਚੁਣੀ ਹੋਈ ਵਿਧਾ ਦੀ ਪੇਸ਼ਕਾਰੀ, ਜਿਨ੍ਹਾਂ ਅਣਗਿਣਤ ਸੰਚਾਰ ਵਿਧੀਆਂ, ਤਕਨੀਕਾਂ ਅਤੇ ਜੁਗਤਾਂ ਦੀ ਵਰਤੋਂ ਨਾਲ ਕਰਦਾ ਉਹਨਾਂ ਨੂੰ ਕਾਵਿ-ਰਚਨਾ ਦੀ **ਬੁਣਤਰ** ਆਖਿਆ ਜਾਂਦਾ ਹੈ। ਕਾਵਿ ਸੰਚਾਰ ਦੀਆਂ ਇਹਨਾਂ ਵੱਖ-ਵੱਖ ਵਿਧੀਆਂ ਜਾਂ ਜੁਗਤਾਂ ਦੁਆਰਾ ਹੀ ਰਚਨਾ ਦੀ ਬਣਤਰ ਜਾਂ ਸੰਰਚਨਾ ਆਪਣੇ ਸੰਪੂਰਨ ਰੂਪ ਵਿੱਚ ਵਿਕਸਿਤ ਹੁੰਦੀ ਹੈ। ਬੁਣਤਰ ਅਤੇ ਕਾਵਿ ਦੀ ਸੰਪੂਰਨ ਬਣਤਰ ਦੇ ਸੰਦਰਭ ਵਿੱਚ ਗੁਰਚਰਨ ਸਿੰਘ ਅਰਸ਼ੀ ਦਾ ਵਿਚਾਰ ਹੈ "*ਬੁਣਤਰ ਇੱਕ ਸੰਰਚਨਾ ਦੇ ਰੂਪ ਵਿੱਚ ਵਿਵਸਥਿਤ ਹੋ ਜਾਂਦੀ ਹੈ। ਸੰਰਚਨਾ ਕਵਿਤਾ ਦਾ ਸਮੁੱਚਾ ਰੂਪ ਹੈ।*" (*ਸਮੀਖਿਆ ਦ੍ਰਿਸ਼ਟੀਆਂ* 69) ਸਮਕਾਲੀ ਪੰਜਾਬੀ ਕਵਿਤਾ **ਬੁਣਤਰ ਅਤੇ ਬਣਤਰ** ਪੱਖੋਂ ਮੌਲਿਕ ਅਤੇ ਵਿਵੇਕਪੂਰਨ ਸੰਰਚਨਾ ਦੀ ਕਵਿਤਾ ਹੈ। ਸਮਕਾਲੀ ਪੰਜਾਬੀ ਕਵੀ ਵਿਅੰਗ, ਕਟਾਕਸ਼, ਨਾਟਕੀ-ਚੋਟਾਂ, ਵਿਰੋਧਾਭਾਸ, ਤਣਾਓ ਆਦਿ ਸੰਚਾਰ ਜੁਗਤਾਂ 'ਤੇ ਧਿਆਨ ਕੇਂਦਰਿਤ ਰੱਖਦਾ ਹੋਇਆ ਕਾਵਿ ਦੀ ਬੁਣਤਰ ਅਤੇ ਬਣਤਰ ਸਿਰਜਦਾ ਹੈ। ਸਮਕਾਲੀ ਵਿਸ਼ਵੀਕਰਨ ਦੇ ਤੀਬਰ ਦੌਰ ਵਿੱਚ ਮਨੁੱਖ ਨੂੰ ਜਿਥੇ ਆਪਣੇ-ਆਪ ਨਾਲ ਹੀ ਜੂਝਣਾ ਪੈ ਰਿਹਾ ਹੈ ਉਥੇ ਜ਼ਿੰਦਗੀ ਦੇ ਅਜਿਹੇ ਤੇਜ਼ ਮਾਹੌਲ ਨੇ ਮਨੁੱਖੀ ਸੋਚ ਅਤੇ ਵਿਚਾਰਾਂ ਵਿੱਚ ਬੜੀ ਤੇਜ਼ੀ ਨਾਲ ਤਬਦੀਲੀ ਲਿਆਂਦੀ ਹੈ ਜਿਸ ਕਾਰਨ ਮਨੁੱਖੀ ਮਾਨਸਿਕਤਾ ਉਲਝਣ ਅਤੇ ਤਣਾਅ ਵਿੱਚ ਲਗਾਤਾਰ ਗ੍ਰਹਿਸਤ ਹੁੰਦੀ ਜਾ ਰਹੀ ਹੈ। ਵਰਤਮਾਨ ਦੌਰ ਦਾ ਚੇਤੰਨ ਪੰਜਾਬੀ ਕਵੀ ਆਪਣੀਆਂ ਸਮਕਾਲੀ ਪ੍ਰਸਥਿਤੀਆਂ ਵਿੱਚੋਂ ਉਲਝੀ ਹੋਈ ਮਨੁੱਖੀ ਮਾਨਸਿਕਤਾ ਨੂੰ ਆਪਣੇ ਕਾਵਿ ਸੰਸਾਰ ਵਿੱਚ ਇੰਨ-ਬਿੰਨ ਪੇਸ਼ ਕਰਦਾ ਹੈ। ਕਵੀ ਸਮਕਾਲੀ ਦੌਰ ਵਿਚੋਂ ਉਪਜੇ **'ਤਣਾਓ'** ਨੂੰ

ਆਪਣੀ ਕਾਵਿ ਸੰਚਾਰ ਦੀ ਕਲਾਤਮਿਕ ਜੁਗਤ ਵਜੋਂ ਪ੍ਰਯੋਗ ਕਰਦੇ ਹੋਏ ਆਪਣੀ ਕਾਵਿ ਬਣਤਰ ਨੂੰ ਬੁਣਦਾ ਹੈ। ਜਿਵੇਂ ਹੇਠਾਂ ਦਿੱਤੀਆਂ ਕਵੀ ਜਸਵੰਤ ਜ਼ਫ਼ਰ ਦੀਆਂ ਕਾਵਿ ਸਤਰਾਂ ਵਿੱਚੋਂ ਸਪਸ਼ਟ ਪ੍ਰਤੱਖਣ ਹੁੰਦਾ ਹੈ:

*ਰਾਤ ਟਿਕੀ ਹੋਈ*

*ਮਨ ਉਖੜਿਆ ਹੋਇਆ*

*ਚੰਦ ਨਹੀਂ ਚੜ੍ਹਿਆ*

*ਬੁਖਾਰ ਨਹੀਂ ਉਤਰਿਆ*

*ਜਿੰਦਾ ਲੱਗਿਆ*

*ਚਿੱਤ ਨਹੀਂ ਲੱਗ ਰਿਹਾ*

*ਦਹੀਂ ਜੰਮ ਰਿਹਾ*

*ਅੰਦਰ ਕੁਝ ਮਾਰ ਰਿਹਾ* (*ਇਹ ਬੰਦਾ ਕੀ ਹੁੰਦਾ* ੪੦)

ਕਵੀ ਜਸਵੰਤ ਜ਼ਫਰ ਨੇ ਉਪਰੋਕਤ ਕਾਵਿ ਸਤਰਾਂ ਵਿੱਚ ਸਮਕਾਲੀ ਮਨੁੱਖ ਦੀ ਚਿੰਤਾਵਾਂ ਭਰਪੂਰ ਮਾਨਸਿਕਤਾ ਨੂੰ ਪੇਸ਼ ਕਰਦਿਆਂ ਕਾਵਿ-ਰਚਨਾ ਨੂੰ ਤਣਾਉ (Tension) ਦੀ ਕੇਂਦਰੀ ਜੁਗਤ ਦੁਆਰਾ ਏਕਤਾ ਵਿੱਚ ਬੰਨ੍ਹਿਆ ਹੈ। ਸਮਕਾਲੀ ਪੰਜਾਬੀ ਕਵੀ ਅਜੋਕੇ ਦੰਭੀ, ਬਣਾਉਟੀ ਅਤੇ ਬੇਹੱਦ ਸਵਾਰਥੀ ਯੁੱਗ ਦੀਆਂ ਅਜਿਹੀਆਂ ਸਮਾਜਿਕ ਪ੍ਰਸਥਿਤੀਆਂ ਦਾ ਸਾਕਸ਼ੀ ਹੋਣ ਕਾਰਨ ਅਜਿਹੀਆਂ ਪ੍ਰਸਥਿਤੀਆਂ ਆਪਣੇ ਕਾਵਿ-ਸੰਸਾਰ ਵਿੱਚ ਵਿਰੋਧਾਭਾਸ (Paradox), ਤ੍ਰਾਸਦੀ (Tragedy), ਵਿਡੰਬਨਾ (Irony) ਆਦਿ ਦੇ ਮਾਧਿਅਮ ਦੁਆਰਾ ਤਨਾਉ ਦੀ ਸਿਰਜਣਾ ਕਰਦਾ ਹੈ। ਇਸੇ ਵਿਧੀ ਦੇ ਦੁਆਰਾ ਹੀ ਕਵੀ ਆਪਣੀ ਕਾਵਿ-ਰਚਨਾ ਦੀ ਬਣਤਰ ਜਾਂ ਸੰਰਚਨਾ ਉਸਾਰਦਾ ਹੈ। ਇਸੇ ਤਕਨੀਕ ਦੀ ਗਵਾਹੀ ਦਿੰਦੀਆਂ ਕੁਝ ਸਤਰਾਂ ਨਿਮਨਲਿਖਤ ਅਨੁਸਾਰ ਹਨ:

*ਦੁੱਖਾਂ ਭਰਿਆ ਦਿਲ ਪੈਮਾਨਾ ਛੱਡ ਪਰੇ*

*ਕੀ ਇਹ ਹਸਤੀ ਦਾ ਮੈਖ਼ਾਨਾ ਛੱਡ ਪਰੇ*

*ਚੱਲ ਮੁੜ ਚੱਲੀਏ ਏਸ ਸਫ਼ਰ ਤੋਂ ਕੀ ਲੈਣਾ*

*ਵੀਰਾਨੇ ਅੱਗੇ ਵੀਰਾਨਾ ਛੱਡ ਭਰੇ*

(ਸੁਰਜੀਤ ਪਾਤਰ, *ਲਫ਼ਜ਼ਾਂ ਦੀ ਦਰਗਾਹ* 69)

ਸਮਕਾਲੀ ਪੰਜਾਬੀ ਕਵੀਆਂ ਦੁਆਰਾ ਵਰਤੀ ਜਾਂਦੀ **ਤਣਾਉ** ਦੀ ਇਸ ਵਿਧੀ ਨੂੰ ਨਵ-ਆਲੋਚਕਾਂ ਦੁਆਰਾ ਕਾਵਿ-ਸਿਧਾਂਤ ਦੇ ਇੱਕ ਮਹੱਤਵਪੂਰਨ ਨੁਕਤੇ ਵਜੋਂ 1938 ਵਿੱਚ ਸ਼ਾਮਿਲ ਕੀਤਾ ਗਿਆ। ਜਿਸ ਸੰਦਰਭ ਵਿੱਚ ਗੁਰਚਰਨ ਸਿੰਘ ਅਰਸ਼ੀ ਪੱਛਮੀ ਵਿਦਵਾਨ ਟੇਟ ਦੇ ਹਵਾਲੇ ਨਾਲ ਲਿਖਦੇ ਹਨ:

*ਐਲਨ ਟੇਟ ਨੇ ਆਪਣੇ ਨਿਬੰਧ 'ਟੈਨਸ਼ਨ ਇਨ ਪੋਲਟਰੀ' (1938) ਵਿੱਚ ਕਾਵਿ ਵਿੱਚ ਸੰਚਾਰ ਦੇ ਸਿੱਧਾਂਤ ਨੂੰ ਰੱਦ ਕਰਦਿਆਂ ਹੋਇਆ ਇਹ ਦਾਅਵਾ ਕੀਤਾ ਕਿ 'ਕਵਿਤਾ ਦਾ ਅਰਥ ਇਸ ਦਾ ਤਣਉ ਹੈ'। ਟੇਟ ਨੇ ਇਹ ਸ਼ਬਦ (tension) ਅੰਗ੍ਰੇਜ਼ੀ ਦੇ ਤਾਰਕਿਕ ਸ਼ਬਦਾਂ 'ਐਕਸਟੈਨਸ਼ਨ' (Extension) ਅਤੇ 'ਇਨਟੈਸ਼ਨ' (intension) ਨਾਲੋਂ ਅਗੇਤਰ ਹਟਾ ਕੇ ਵਰਤਿਆ ਹੈ।......ਤਣਾਉ ਜਾਂ ਟੈਂਨਸ਼ਨ ਦੀ ਸਥਿਤੀ ਉਦੋਂ ਪੈਦਾ ਹੋਵੇਗੀ ਜਦੋਂ ਐਕਸਟੈਂਸ਼ਨ ਅਤੇ ਇਨਟੈਨਸ਼ਨ ਇੱਕ ਦੂਜੇ ਨੂੰ ਸੰਤੁਲਿਤ ਕਰਨ: ਦੂਜੇ ਸ਼ਬਦਾਂ ਵਿੱਚ ਜਦੋਂ ਕਾਵਿ ਭਾਸ਼ਾ ਨੂੰ ਇਸ ਤਰ੍ਹਾਂ ਪ੍ਰਯੋਗ ਵਿੱਚ ਲਾਏਗਾ ਕਿ ਉਸ ਦੇ ਸ਼ਾਬਦਿਕ ਅਰਥਾਂ ਅਤੇ ਅਲੰਕਾਰਕ ਅਰਥਾਂ ਦਾ ਸਾਡੀ ਸੰਵੇਦਨਸ਼ੀਲਤਾ ਉੱਤੇ ਬਰਾਬਰ ਦਾ ਅਧਿਕਾਰ ਹੋਵੇ ਉਦੋਂ ਹੀ ਤਣਾਅ ਦੀ ਸਥਿਤੀ ਪੈਦਾ ਹੋਵੇਗੀ ਇਹ ਭਾਸ਼ਾ ਦੇ ਇਸ ਪ੍ਰਕਾਰ ਦਾ ਹੀ ਪ੍ਰਯੋਗ ਹੈ।*

(ਗੁਰਚਰਨ ਸਿੰਘ ਅਰਸ਼ੀ, *ਸਮੀਖਿਆ ਦ੍ਰਿਸ਼ਟੀਆਂ* 71)

ਉਪਰੋਕਤ ਕੜੀ ਦੇ ਸੰਦਰਭ ਵਿੱਚ ਪੰਜਾਬੀ ਕਵੀ ਸਮਕਾਲੀ ਮਨੁੱਖ ਦੇ ਬਹੁਰੰਗੀ ਤੇ ਵੰਨ-ਸੁਵੰਨੀਆਂ ਵਿਚਾਰਧਾਰਾਵਾਂ, ਅਨੁਭਵਾਂ ਅਤੇ ਮਨੋਸਥਿਤੀਆਂ ਨੂੰ ਆਪਣੀ ਰਚਨਾ ਵਿੱਚ ਸਰੋਕਿਰਤ ਕਰਦਾ ਹੈ ਅਤੇ ਕਾਵਿ-ਭਾਸ਼ਾ ਦੀ ਕੁਸ਼ਲ ਵਰਤੋਂ ਨਾਲ ਤਨਾਉ ਸਿਰਜਦੇ ਹੋਏ, ਆਪਣੇ ਕਾਵਿ-ਸੰਸਾਰ ਨੂੰ ਪ੍ਰਭਾਸ਼ਾਲ਼ੀ, ਤੀਖ਼ਣਤਾ ਅਤੇ ਤੀਬਰਤਾ ਕਾਵਿ-ਸੰਚਾਰ ਪ੍ਰਦਾਨ ਕਰਦਾ ਹੈ। ਇਸੇ ਸੰਦਰਭ ਵਿੱਚ ਹੇਠਲੀਆਂ ਕਾਵਿ-ਸਤਰਾਂ

ਰਾਹੀਂ ਸਮਕਾਲੀ ਕਵੀ ਜਸਵੰਤ ਜ਼ਫ਼ਰ ਵਰਤਮਾਨ ਮਨੁੱਖ ਦੀ ਰੁਜ਼ਗਾਰ ਪ੍ਰਾਪਤੀ ਲਈ ਆਪਣੇ ਉਸ ਪਰੰਪਰਾਗਤ ਕਿੱਤੇ ਅਤੇ ਸਥਾਨ ਨੂੰ ਛੱਡਣਾ ਜਿਸ ਨਾਲ ਉਸ ਦੀ ਸ਼ਨਾਖਤ ਜੁੜੀ ਹੁੰਦੀ ਹੈ ਅਤੇ ਤਕਨੀਕੀ ਸੰਚਾਰ-ਮੀਡੀਆ ਵਿੱਚ ਆਈ ਕ੍ਰਾਂਤੀ ਕਾਰਨ ਪੱਛਮੀ ਸੱਭਿਆਚਾਰ ਦੀ ਨੌਜਵਾਨ ਪੀੜ੍ਹੀ 'ਤੇ ਪਏ ਪ੍ਰਭਾਵ ਕਾਰਨ ਉਪਜੀ ਸ਼ਨਾਖਤ ਦੇ ਗੁੰਮ ਜਾਣ ਦੇ ਤੌਖ਼ਲੇ ਦੀ ਸੂਰਤ 'ਚ ਇੱਕ ਸੰਵੇਦਨਸ਼ੀਲ ਵਿਅਕਤੀ ਉਦਾਸ, ਉਪਰਾਮ ਅਤੇ ਬੇ-ਸਿਆਣਿਆਂ ਮਹਿਸੂਸ ਕਰਦਾ ਹੈ ਅਜਿਹੇ ਮਾਹੌਲ ਵਿਚੋਂ ਉਪਜੀ ਮਨੋਸਥਿਤੀਆਂ ਨੂੰ ਆਪਣੇ ਕਾਵਿ-ਸੰਸਾਰ ਵਿੱਚ ਤਣਾਉ ਵਿਧੀ ਨਾਲ ਪੇਸ਼ ਕੀਤਾ ਹੈ:

*ਕਹੋ ਮੇਰੀਆਂ ਜੜ੍ਹਾਂ ਨੂੰ*

*ਕਿ ਮਿੱਟੀ ਨਾਲੋਂ*

*ਮੋਹ ਦੀ ਪਕੜ ਢਿੱਲੀ ਨਾ ਛੱਡਣ*

*ਵਰਜੋ ਮੇਰੀਆਂ ਟਾਹਣੀਆਂ ਨੂੰ*

*ਕੀ ਰੋਂਦੀ ਹਵਾ 'ਚ ਹਿੱਲਦੀਆਂ*

*ਸੋਗ ਤੇ ਸੰਗੀਤ ਨੂੰ ਹਵਾ ਨਾ ਦੇਣ*

*ਸਮਝਾਓ ਮੇਰੇ ਪੱਤਿਆਂ ਨੂੰ*

*ਕੀ ਮਾਹੌਲ ਦੇ ਝੋਰੇ ਨਾਲ*

*ਐਵੇਂ ਚੁਰੜ ਮੁਰੜ ਨਾ ਹੋਣ* (*ਦੋ ਸਾਹਾਂ ਵਿੱਚਕਾਰ* 37)

ਸਮਕਾਲੀ ਪੰਜਾਬੀ ਕਵੀ ਆਪਣੇ ਸੰਚਾਰ ਦੀ ਪ੍ਰੋੜ੍ਹਤਾ ਲਈ ਐਕਸਟੈਂਨਸ਼ਨ ਅਤੇ ਇਨਟੈਨਸ਼ਨ ਦੇ ਸੰਤੁਲਨ ਨੂੰ ਸਥਾਪਤ ਕਰਦੇ ਹੋਏ, ਵੱਖ-ਵੱਖ ਵਿਧੀਆਂ ਜਿਵੇਂ ਆਤਮ-ਵਿਸ਼ਲੇਸ਼ਣ, ਵਿਅੰਗ, ਕਟਾਕਸ਼ ਆਦਿ ਨਾਲ ਆਪਣੇ ਕਾਵਿ ਸੰਚਾਰ ਵਿੱਚ ਤਣਾਓ ਦੀ ਸਥਿਤੀ ਨੂੰ ਪੈਦਾ ਕਰਦੇ ਹਨ। ਸਮਕਾਲੀ ਪੰਜਾਬੀ ਕਵੀ ਸੁਰਜੀਤ ਪਾਤਰ, ਸੁਖਵਿੰਦਰ ਅੰਮ੍ਰਿਤ, ਜਸਵੰਤ ਜ਼ਫ਼ਰ, ਗੁਰਪ੍ਰੀਤ ਮਾਨਸਾ ਅਤੇ ਗੁਰਤੇਜ ਕੋਹਾਰਵਾਲਾ ਜਿਹੇ ਪ੍ਰਮੁੱਖ ਸਮਕਾਲੀ ਕਵੀ ਆਪਣੀ ਕਾਵਿ-ਕਲਾ ਪ੍ਰਤੀ ਸੁਚੇਤ ਹੋ ਕੇ ਇਨ੍ਹਾਂ ਉਪਰੋਕਤ ਵਿਧੀਆਂ ਦੀ ਵਰਤੋਂ

ਆਪਣੀ ਕਵਿਤਾ ਵਿੱਚ ਕਰ ਰਹੇ ਹਨ। ਜਿਵੇਂ ਜਸਵੰਤ ਜ਼ਫ਼ਰ ਨੇ ਆਪਣੀ ਕਵਿਤਾ ਵਿੱਚ ਸਥਾਪਿਤ ਮਰਿਆਦਾ ਦੇ ਕੁਹਜ ਜਾਂ ਸਮਾਜ ਦੀ ਕਿਸੇ ਪ੍ਰਚੱਲਤ ਬੁਰਾਈ ਨੂੰ ਲੋਕਾਂ ਸਾਹਮਣੇ ਵਿਅੰਗ ਵਿਧੀ ਨਾਲ ਪੇਸ਼ ਕੀਤਾ ਹੈ। ਜਸਵੰਤ ਜ਼ਫਰ ਦੀ ਕਵਿਤਾ ਵਿੱਚ ਵਿਅੰਗ ਜੁਗਤ ਪ੍ਰਧਾਨ ਹੈ ਜਿਸ ਦਾ ਸਪੱਸ਼ਟੀਕਰਨ ਉਸ ਦੀ ਕਾਵਿ-ਪੁਸਤਕ 'ਇਹ ਬੰਦਾ ਕੀ ਹੁੰਦਾ' ਦੇ ਸਰਵਰਕ ਉੱਪਰ ਬਣੇ ਚਿੱਤਰ ਤੋਂ ਹੀ ਸਪਸ਼ਟ ਹੋ ਜਾਂਦਾ ਹੈ। ਜਿੱਥੇ ਬਾਂਦਰ ਤੋਂ ਵਿਕਾਸ ਕਰ ਚੁੱਕੇ ਮਨੁੱਖ ਨੂੰ ਦੇਖ ਕੇ 'ਬਾਂਦਰ' ਵਿਅੰਗਮਈ ਤਰੀਕੇ ਨਾਲ ਹੱਸ ਰਿਹਾ ਵਿਖਾਇਆ ਗਿਆ। ਕਵੀ ਜਸਵੰਤ ਜ਼ਫਰ ਆਪਣੀਆਂ ਕਵਿਤਾਵਾਂ ਵਿੱਚ **ਵਿਅੰਗ ਜੁਗਤ** ਦੀ ਭਾਰੀ ਵਰਤੋਂ ਕਰਦਾ ਹੈ ਇਸੇ ਸੰਦਰਭ ਵਿੱਚ ਨਿਮਨਕਲਿਖਤ ਕਵਿਤਾ '23 ਮਾਰਚ' ਦਾ ਕੇਂਦਰੀ ਧੁਰਾ ਵਿਅੰਗ ਹੈ:

*ਸ਼ਹੀਦ-ਏ-ਆਜ਼ਮ ਦੇ ਸ਼ਹੀਦੀ ਦਿਨ ਦੀ*

*ਛੁੱਟੀ ਨਾ ਹੋਵੇ*

*ਇਹ ਗੱਲ ਨਹੀਂ ਜਰਾਂਗੇ*

*ਰੋਸ ਹੜਤਾਲ ਕਰਾਂਗੇ*

*ਕਲਾਸਾਂ ਦਾ ਬਾਈਕਾਟ ਕਰਕੇ*

*ਨਾ ਪੜ੍ਹਨ ਪੜ੍ਹਾਉਣ ਦਿਆਂਗੇ*

*ਤੇ ਨਾ ਪੜ੍ਹਾਂਗੇ*

*ਉਸ ਸ਼ਹੀਦ ਦੇ ਸ਼ਹੀਦੀ ਦਿਨ 'ਤੇ*

*ਜੋ ਆਖਰੀ ਸਮੇਂ ਤੱਕ*

*ਪੜ੍ਹਦਾ ਰਿਹਾ ਸੀ*

(ਜਸਵੰਤ ਜ਼ਫਰ, *ਇਹ ਬੰਦਾ ਕੀ ਹੁੰਦਾ* 24)

ਉਪਰੋਕਤ ਸਤਰਾਂ ਵਿੱਚ ਕਵੀ ਅਜਿਹੀ ਸਿਆਸਤ ਦੀ ਪੁੱਠੀ ਵਿਚਾਰਧਾਰਾ ਉੱਪਰ ਵਿਅੰਗ ਕਰ ਰਿਹਾ ਹੈ, ਜੋ ਭਗਤ ਸਿੰਘ ਦੀ ਅਸਲ ਵਿਚਾਰਧਾਰਾ ਨੂੰ ਲੁੱਕਾ ਕੇ ਉਸ ਉਪਰ ਸਿਆਸੀ ਰੋਟੀਆਂ ਸੇਕ ਰਹੇ

ਹਨ। ਸਮਕਾਲੀ ਪੰਜਾਬੀ ਕਵਿਤਾ ਨੇ ਪ੍ਰਚੱਲਤ ਅਜਿਹੀ ਉਲਟ ਅਤੇ ਸਵਾਰਥੀ ਵਿਚਾਰਧਾਰਾ ਨੂੰ ਵਿਅੰਗ ਜੁਗਤ ਦੁਆਰਾ ਸੰਚਾਰਿਤ ਕੀਤਾ ਹੈ। ਇਸ ਤੋਂ ਇਲਾਵਾ ਕਵੀ ਗੁਰਪ੍ਰੀਤ ਮਾਨਸਾ ਸਮਾਜਿਕ ਅਤੇ ਸਾਹਿਤ ਦੇ ਇਤਿਹਾਸਕ ਪੱਖੋਂ ਨਾਰੀ ਲਈ ਪੂਰੀ ਤਰ੍ਹਾਂ ਰਹੇ ਅੰਧਕਾਰ ਦੇ ਸਮੇਂ ਨੂੰ ਪਿਤਰਕੀ ਸੱਤਾ ਕੇਂਦ੍ਰਿਤ ਵਿਚਾਰਧਾਰਾ/ਮਾਨਸਿਕਤਾ ਨੂੰ ਵਿਅੰਗ ਜੁਗਤ ਰਾਹੀਂ ਪੇਸ਼ ਕੀਤਾ ਹੈ। ਨਿਮਨਲਿਖਤ ਸਤਰਾਂ ਵਿੱਚ ਕਵੀ ਨੇ ਮਨੁੱਖੀ ਮਾਨਸਿਕਤਾ 'ਤੇ ਵਿਅੰਗ ਕਰਦੇ ਹੋਏ ਮਨੁੱਖ ਦੀ ਦੋਹਰੀ ਸ਼ਖ਼ਸੀਅਤ ਦੇ ਮਖੋਟੇ ਨੂੰ ਬੇਨਕਾਬ ਕੀਤਾ ਹੈ:

*ਉਸ ਆਦਮੀ ਕੋਲ਼ ਔਰਤ ਦਾ ਜ਼ਿਕਰ ਕਰੋ*
*ਉਹ ਮਾਂ ਸ਼ਬਦ ਕਹਿਣ ਵੇਲੇ ਰੋਣ ਲੱਗ ਪਵੇਗਾ*
*ਤੇ ਫਿਰ ਕੱਢਣ ਲੱਗੇਗਾ ਗਾਲ਼ਾਂ ਗੰਦੀਆਂ*
*ਜੋ ਕਿਤੇ ਚੁੱਕੀਆਂ ਧਰੀਆਂ ਨਾ ਜਾਣ*

(*ਸਮੇਂ ਦਾ ਦਰਿਆ* 109)

ਸਮਕਾਲੀ ਚੇਤਨਾ ਦੇ ਸਨਮੁੱਖ ਕਵੀ ਇੱਕ ਸੰਵੇਦਨਸ਼ੀਲ ਅਤੇ ਚੇਤੰਨ ਪ੍ਰਾਣੀ ਹੈ ਜੋ ਸਮਕਾਲੀ ਸਮਾਜ ਵਿੱਚ ਪ੍ਰਚੱਲਤ ਪੈਟਰਨਾਂ, ਵਿਸ਼ਵਾਸਾਂ, ਅੰਧ-ਵਿਸ਼ਵਾਸਾਂ, ਰੀਤੀ-ਰਿਵਾਜਾਂ, ਅਡੰਬਰਾਂ ਆਦਿ ਨੂੰ ਆਪਣੀ ਕਵਿਤਾ ਵਿੱਚ ਪੇਸ਼ ਹੀ ਨਹੀਂ ਕਰਦਾ ਸਗੋਂ **ਕਟਾਕਸ਼** ਕਾਵਿ-ਜੁਗਤ ਦੇ ਪ੍ਰਯੋਗ ਨਾਲ ਅਜਿਹੇ ਮਾਡਲਾਂ ਮੁੱਲਾਂ ਅਤੇ ਪੈਟਰਨਾਂ ਨੂੰ ਨਕਾਰਦਾ ਵੀ ਹੈ। ਨਿਮਨਲਿਖਤ ਕਾਵਿ-ਸਤਰਾਂ ਵਿੱਚ ਕਵਿਤਰੀ ਸੁਖਵਿੰਦਰ ਅੰਮ੍ਰਿਤ ਨੇ ਸਮਕਾਲੀ ਸਮਾਜ ਵਿੱਚ ਫੈਲੀ ਅਰਾਜਕਤਾ, ਮਰਦ ਪ੍ਰਧਾਨ ਅਤੇ ਨਾਰੀ ਦੋਸ਼ੀ ਵਿਚਾਰਧਾਰਾ ਵਿੱਚੋਂ ਉਪਜੇ ਅਣਮਨੁੱਖੀ ਸਮਾਜਿਕ ਵਰਤਾਰੇ ਨੂੰ ਵੀ ਕਟਾਕਸ਼ ਵਿਅੰਗ ਰਾਹੀਂ ਨਕਾਰਦੇ ਹੋਏ ਸਰੋਤੇ ਦੇ ਮਨਾਂ ਵਿੱਚ ਅਜਿਹੇ ਮਾਹੌਲ ਪ੍ਰਤੀ ਵਿਰੋਧ ਦੇ ਭਾਵਾਂ ਨੂੰ ਵੀ ਸੰਚਾਰਿਤ ਕੀਤਾ ਹੈ। ਉਦਾਹਰਨ ਵਜੋਂ:

*ਤੇ ਹੁਣ ਜਦੋਂ*
*ਤਾਰ ਤਾਰ ਹੋ ਗਿਆ ਹੈ*

*ਸਦਾਚਾਰ ਦਾ ਦਾਮਨ*

*ਨਹੀਂ ਰਹੀ*

*ਲਹੂ ਨੂੰ ਲਹੂ ਦੀ ਪਛਾਣ*

*ਨਹੀਂ ਰਿਹਾ ਰਿਸ਼ਤੇ ਨੂੰ ਰਸਤੇ ਦਾ ਲਿਹਾਜ਼*

*ਉਤਰ ਰਿਹਾ ਹੈ ਹਰ ਘੜੀ*

*ਕਿਸੇ ਨਾ ਕਿਸੇ ਦ੍ਰੋਪਦੀ ਦਾ ਚੀਰ*

*ਕਿੰਨੇ ਹੀ ਬ੍ਰਹਮਾ ਕਰ ਰਹੇ ਨੇ*

*ਆਪਣੀਆਂ ਧੀਆਂ ਨਾਲ ਬਲਾਤਕਾਰ*

*ਤੇ ਵਕਤ ਦੀਆਂ ਅੱਖਾਂ*

*ਮਟਕਾ ਰਹੀਆਂ ਨੇ ਬੇਹਿਆਈ ਦਾ ਸੁਰਮਾ*

(*ਧੁੱਪ ਦੀ ਚੰਨੀ* 14)

ਕਟਾਕਸ਼ ਵਿਧੀ ਦੇ ਪ੍ਰਯੋਗ ਨਾਲ ਗੁਰਤੇਜ ਕੋਹਾਰਵਾਲਾ ਨੇ ਗਰੀਬ ਭਾਰਤੀ ਅਰਥ ਵਿਵਸਥਾ ਵਾਲੇ ਦੇਸ਼ ਦੀਆਂ ਨੀਤੀਆਂ-ਕੁਨੀਤੀਆਂ ਨੂੰ ਸਪਸ਼ਟ ਰੂਪ ਨਾਲ ਸੰਚਾਰਿਤ ਕੀਤਾ ਹੈ। ਗੁਰਤੇਜ ਦੀ ਕਾਵਿ-ਭਾਸ਼ਾ ਵਿੱਚ ਕਟਾਕਸ਼ ਜੁਗਤ ਆਰੰਭ ਤੋਂ ਅੰਤ ਤੱਕ ਵਿਦਮਾਨ ਰਹਿੰਦੀ ਹੈ। ਜਿਸ ਦੀ ਸਹਾਇਤਾ ਨਾਲ ਗੁਰਤੇਜ ਨੇ ਆਪਣੀ ਕਾਵਿ-ਰਚਨਾ ਨੂੰ ਭਾਵਾਂ ਦੀ ਏਕਤਾ ਵਿੱਚ ਬੰਨ੍ਹਦੇ ਹੋਏ ਤਨਾਉ ਦੀ ਸਿਰਜਣਾ ਕੀਤੀ ਹੈ। ਕਵੀ ਗੁਰਤੇਜ ਕੋਹਾਰਵਾਲਾ ਦੀ ਭਾਸ਼ਾ ਵਿੱਚ ਲੋਟੂ ਨੇਤਾਵਾਂ ਪ੍ਰਤੀ ਰੋਸ ਦਾ ਪ੍ਰਤੱਖਣ ਇਸ ਪ੍ਰਕਾਰ ਹੁੰਦਾ ਹੈ:

*ਜੋ ਕਦੇ ਸਨ ਤੇਜ਼ ਦਰਿਆਵਾਂ ਦੇ ਵਾਂਗ ਸ਼ੂਕਦੇ।*

*ਕੁਰਸੀਆਂ ਦੇ ਥਲਾਂ 'ਚ ਪਹੁੰਚਣ ਸਾਰ ਗੂੰਗੇ ਹੋ ਗਏ।*

*ਸਰਦਲਾਂ ਤੱਕ ਆ ਗਿਆ ਬਾਰਿਸ਼ ਦਾ ਪਾਣੀ ਪਰ ਅਸੀਂ*

*ਕੱਪੜੇ ਭਿੱਜਣ ਤੋਂ ਡਰਦੇ ਅੰਦਰੀਂ ਬੈਠੇ ਰਹੇ।*

.....

*ਜ਼ੁਲਮ ਦੀ ਗੱਲ ਇਹ ਨਹੀਂ ਕਿ ਕਤਲ ਹੋ ਜਾਂਦੇ ਹਾਂ ਰੋਜ਼,*

*ਜ਼ੁਲਮ ਦੀ ਆਖਰ ਕਿ ਕਾਤਲ ਹੱਥ ਵੀ ਨੇ ਆਪਣੇ*

*ਖ਼ੁਸ਼ਕ ਹੁੰਦੀ ਝੀਲ, ਸੜਦੇ ਫੁੱਲ, ਮਾਰਦੀ ਰੌਸ਼ਨੀ,*

*ਮੇਰੀਆਂ ਅੱਖਾਂ 'ਚ ਕਿੰਨੇ ਹਾਦਸੇ ਪੱਥਰ ਆ ਗਏ।*

(*ਪਾਣੀ ਦਾ ਹਾਸ਼ੀਆ* 29)

ਸਮਕਾਲੀ ਕਵੀ ਕਾਵਿ-ਸੰਚਾਰ ਦੀਆਂ ਵੱਖ-ਵੱਖ ਵਿਧੀਆਂ ਦੀ ਵਰਤੋਂ ਨਾਲ ਕਾਵਿ-ਸੰਚਾਰ ਨੂੰ ਪ੍ਰਭਾਵਸ਼ਾਲੀ ਬਣਾਉਂਦੇ ਹਨ। ਜਿਨ੍ਹਾਂ ਵਿੱਚੋਂ ਕਵੀ ਨਾਟਕੀ ਚੋਟਾਂ ਜਾਂ ਨਾਟਕੀ ਜੁਗਤਾਂ ਦਾ ਪ੍ਰਯੋਗ ਆਪਣੀ ਕਾਵਿ-ਵਸਤੂ ਨੂੰ ਇੱਕ ਸਪੱਸ਼ਟ ਅਤੇ ਸੁਹਜ ਭਰਪੂਰ ਸੰਚਾਰ ਪ੍ਰਦਾਨ ਕਰਨ ਲਈ ਕਰਦੇ ਹਨ। ਕਵੀ ਆਪਣੇ ਕਾਵਿ ਵਿੱਚ ਰੋਜ਼ਾਨਾ ਜੀਵਨ ਵਿੱਚ ਵਾਪਰਨ ਵਾਲੀਆਂ ਸਮਕਾਲੀ ਘਟਨਾਵਾਂ ਅਤੇ ਚੇਤਨਾਵਾਂ (Contemporary Consciousness) ਨੂੰ ਨਾਟਕੀ ਰੂਪਾਂਤਰ ਦੁਆਰਾ ਕਾਵਿਕ ਬਿਆਨ (Poetic Statement) ਪ੍ਰਦਾਨ ਕਰਦੇ ਹਨ। ਅਜਿਹੀਆਂ ਉਦਾਹਰਨਾਂ ਸਮਕਾਲੀ ਪੰਜਾਬੀ ਕਵਿਤਾ ਵਿੱਚ ਭਰਪੂਰ ਮਾਤਰਾ ਵਿੱਚ ਦੇਖੀਆਂ ਜਾ ਸਕਦੀਆਂ ਹਨ ਜਿਨ੍ਹਾਂ ਵਿਚੋਂ ਕਵੀ ਜਸਵੰਤ ਜ਼ਫਰ ਦੀ ਹੇਠਾਂ ਦਿੱਤੀ ਕਵਿਤਾ ਵੇਖੀ ਜਾ ਸਕਦੀ ਹੈ, ਜਿੱਥੇ ਉਸ ਨੇ ਮਨੁੱਖ ਦੀ ਸ੍ਰਿਸ਼ਟੀ ਵਿੱਚੋਂ ਸਭ ਤੋਂ ਬਲਵਾਨ ਹੋਣ ਦੀ ਰੁਚੀ ਨੂੰ ਸੂਖ਼ਮ ਕੀਟ 'ਮੱਛਰ' ਦੀ ਨਾਟਕੀ ਬਲਵਾਨਤਾ ਦੀ ਚੋਟ ਦੁਆਰਾ ਭੰਗ ਕਰਦੇ ਹੋਏ ਨਾਟਕੀ-ਚੋਟ ਵਿਧੀ ਦੀ ਸਫ਼ਲ ਵਰਤੋਂ ਕੀਤੀ ਹੈ:

*ਵੈਸੇ ਤਾਂ ਬੰਦਾ*

*ਬੱਬਰ ਸ਼ੇਰ ਨੂੰ ਵੀ ਤੰਗ ਕਰ ਸਕਦਾ*

*ਓਸ ਨੂੰ ਪਿੰਜਰ 'ਚ ਬੰਦ ਕਰ ਸਕਦਾ*

*ਪਰ ਬੰਦੇ ਤੋਂ ਬਲਵਾਨ*

*ਮੱਛਰ ਸਿੰਘ ਭਲਵਾਨ*

*ਮੱਛਰਦਾਨੀ ਵਿੱਚ ਬੰਦੇ ਨੂੰ ਕੈਦ ਕਰਦਾ*

*ਆਪ ਖੁੱਲ੍ਹੀ ਉਡਾਨ ਭਰਦਾ*

*ਗਾਉਂਦਾ ਬੜ੍ਹਕਾਂ ਮਾਰਦਾ*

*ਮੱਛਰਦਾਨੀ ਵਿੱਚਲੇ ਬੰਦੇ ਨੂੰ ਲਲਕਾਰਦਾ*

*ਕਿ*

*ਬਾਹਰ ਨਿੱਕਲ ਕੇ ਦਿਖਾ ਵੱਡਿਆ ਬਦਮਾਸ਼ਾ*

(*ਇਹ ਬੰਦਾ ਕੀ ਹੁੰਦਾ* 15)

ਸਮਕਾਲੀ ਦੋ ਫਾੜ ਪੂੰਜੀਵਾਦੀ ਵਿਵਸਥਾ ਵਿੱਚ ਪੱਛੜੇ ਵਰਗਾਂ, ਕਿਰਤੀਆਂ, ਛੋਟੇ-ਕਿਸਾਨਾਂ, ਮਜ਼ਦੂਰਾਂ ਦੀ ਜ਼ਿੰਦਗੀ ਵਿੱਚਲੀਆਂ ਤੰਗੀਆਂ ਤੁਰਸ਼ੀਆਂ ਦੁੱਖ, ਮਜ਼ਬੂਰੀਆਂ ਅਤੇ ਨਿਰਾਸ਼ਾਵਾਂ ਨੂੰ ਪੰਜਾਬੀ ਕਵੀਆਂ ਨੇ ਆਪਣੀਆਂ ਕਾਵਿ-ਰਚਨਾਵਾਂ ਵਿੱਚ ਵੱਖ-ਵੱਖ ਵਿਧੀਆਂ ਦੁਆਰਾ ਤਨਾਉ ਦੀ ਸਥਿਤੀ ਨੂੰ ਸਿਰਜਦੇ ਹੋਏ ਕੀਤਾ ਹੈ। ਸਮਕਾਲੀ ਪੰਜਾਬੀ ਕਵਿਤਾ ਅਸਾਵੀਂ ਅਤੇ ਅਸੁਰੱਖਿਅਤ ਆਰਥਿਕ ਪ੍ਰਣਾਲੀ ਵਿੱਚ ਵਿੱਚਰਦੇ ਪੱਛੜੇ ਵਰਗ ਦੀ ਜੀਵਨ ਸੰਬੰਧੀ ਵਿਭਿੰਨ ਅਨੁਭਵਾਂ ਨੂੰ ਰੂਪਮਾਨ ਕਰਦੀ ਹੈ ਕਿ ਗ਼ਰੀਬ ਅਤੇ ਬੇਸਹਾਰਾ ਵਰਗ ਇਨ੍ਹਾਂ ਜ਼ਿਆਦਾ ਟੁੱਟ ਚੁੱਕਾ ਹੈ ਕਿ ਉਸ ਨੂੰ ਆਪਣੇ ਇੱਕ ਵਕਤ ਦੀ ਰੋਟੀ ਤੋਂ ਇਲਾਵਾ ਬਾਕੀ ਸਾਰੇ ਦੁਨਿਆਵੀ ਸਰੋਕਾਰ ਵਿਅਰਥ ਜਾਪਦੇ ਹਨ। ਜਿਸ ਦਾ ਬਿੰਬ ਕਵੀ ਗੁਰਪ੍ਰੀਤ ਨੇ ਇੱਕ ਨਾਟਕੀ ਪ੍ਰਸੰਗ ਵਿੱਚ ਕਰਦੇ ਹੋਏ ਸਮਕਾਲੀ ਸਮਾਜਿਕ ਪ੍ਰਬੰਧ 'ਤੇ ਚੋਟ ਕੀਤੀ ਹੈ। ਜਿਸ ਦਾ ਖ਼ੁਲਾਸਾ ਨਿਮਨਲਿਖਿਤ ਇਹਨਾਂ ਸਤਰਾਂ ਤੋਂ ਹੋ ਜਾਂਦਾ ਹੈ:

*ਮੈਂ ਉਹਨੂੰ ਆਖਦਾ*

*ਲੈ ਸੁਣ*

*ਤੇਰੇ 'ਤੇ ਲਿਖੀ ਹੈ*

*ਸਾਡੇ ਇੱਕ ਕਵੀ ਨੇ ਕਵਿਤਾ*

*ਉਹਨੂੰ ਸੁਣਿਆ*

*ਜਿਵੇਂ ਮੈਂ ਆਖਿਆ ਹੋਵੇ*

*ਲੈ ਇੱਕ ਰੋਟੀ*

*ਪਈ ਸੀ ਛਾਬੇ 'ਚ*

*ਤੇਰੇ ਕਰਮਾਂ ਦੀ*

*ਖਾ ਲੈ*

*ਤੇ ਉਹ ਉਡੀਕਣ ਲੱਗਿਆ*

*ਮੈਂ ਕਦੋਂ ਜਾਵਾਂ ਰਸੋਈ 'ਚ*

*ਤੇ ਦੇਵਾਂ ਉਹਨੂੰ ਰੋਟੀ*

*ਮੈਂ ਕਵਿਤਾ ਮੁਕਾਉਂਦਾ ਹਾਂ*

*ਤੇ ਉਹਦੇ ਖਾਣ ਲਈ ਦੋ ਰੋਟੀਆਂ*

*ਉੱਤੇ ਸਬਜ਼ੀ ਰੱਖਦਾ ਹਾਂ*

*ਆਖ਼ਰੀ ਬੁਰਕੀ ਪਾ ਮੂੰਹ 'ਚ*

*ਪਾਣੀ ਪੀਤਾ ਓਕ ਨਾਲ*

*ਤੇ ਆਖਣ ਲੱਗਿਆਂ-*

*ਮਹਾਰਾਜ! ਹੁਣ ਸੁਣਾਓ*

*ਜਿਹੜੀ ਉਦੋਂ ਕਹਿੰਦੇ ਸੀ*

*ਕਿਸੇ ਕਵੀ ਨੇ ਲਿਖੀ ਹੈ*

*ਮੇਰੇ 'ਤੇ ਕਵਿਤਾ* (ਓਕ 99)

ਸਮਕਾਲ ਦੇ ਇਸ ਜਟਿਲ ਅਤੇ ਦਵੰਦਾਤਮਕ ਵਰਤਾਰੇ ਨੂੰ ਜਿੱਥੇ ਮਨੁੱਖੀ ਮਾਨਸਿਕਤਾ ਤਨਾਉ ਅਤੇ ਉਲਝਣਾਂ ਵਿੱਚ ਬੁਰੀ ਤਰ੍ਹਾਂ ਗ੍ਰਹਿਸਤ ਹੈ, ਉੱਥੇ ਪੰਜਾਬੀ ਕਵੀ ਆਪਣੇ ਕਾਵਿ ਸਰੋਕਾਰਾਂ ਰਾਹੀਂ ਅਜਿਹੇ ਜਟਿਲ ਵਰਤਾਰੇ ਦੇ ਜਟਿਲ ਅਰਥਾਂ ਨੂੰ ਪੂਰਨ ਰੂਪ ਵਿੱਚ ਮਹੱਤਵ ਦਿੰਦਾ ਹੈ ਅਤੇ ਇਹਨਾਂ ਅਰਥਾਂ ਨੂੰ ਕਾਵਿ-ਸੰਚਾਰਿਤ ਕਰਨ ਲਈ ਪੂਰੀ ਤਰ੍ਹਾਂ ਸਮਰੱਥ ਵੀ ਸਿੱਧ ਹੁੰਦਾ ਹੈ। ਸਮਕਾਲੀ ਕਵਿਤਾ ਵਿੱਚ ਅਜੋਕੇ ਸੰਦਰਭਗਤ ਗੁੰਝਲਦਾਰ ਕਸੌਟੀ 'ਤੇ ਖ਼ਰਾ ਉਤਰਨ ਲਈ, ਅਨੇਕਾਂ ਕਾਵਿ-ਸੰਚਾਰ ਜੁਗਤਾਂ ਦਾ ਪ੍ਰਯੋਗ ਹੋ ਰਿਹਾ ਹੈ। ਜਿਨ੍ਹਾਂ ਵਿੱਚ ਕਵਿਤਰੀ ਸੁਖਵਿੰਦਰ ਅੰਮ੍ਰਿਤ ਹੇਠਲੀਆਂ ਸਤਰਾਂ ਵਿੱਚ ਵਿਰੋਧਾਭਾਸ ਵਿਧੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਯੋਗ ਵਿੱਚ ਲਿਆਉਂਦੀ ਹੋਈ ਵਰਤਮਾਨ ਮਨੁੱਖ ਦੀ ਦਵੰਧਾਤਮਕ ਮਾਨਸਿਕਤਾ ਨੂੰ ਪੇਸ਼ ਕਰਦੀ ਹੈ:

*ਕਿਸ ਤਰ੍ਹਾਂ ਦੀ ਰੁੱਤ ਸੀ ਸਭ ਬੇਵਫਾ ਹੁੰਦੇ ਗਏ*

*ਹੌਲੀ ਹੌਲੀ ਬਿਰਖ ਦੇ ਪੱਤੇ ਜੁਦਾ ਹੁੰਦੇ ਗਏ*

*ਕਰ ਗਏ ਜਿਨ੍ਹਾਂ ਸਫ਼ਰ ਨਾਜ਼ੁਕ ਜਿਹੇ ਉਹ ਲੋਕ ਵੀ*

*ਪਾਣੀਓਂ ਪੱਥਰ ਹੋਏ ਪੱਥਰੋਂ ਖ਼ੁਦਾ ਹੁੰਦੇ ਗਏ*

*ਪਹਿਲਾਂ ਸਨ ਜੋ ਹਮਕਲਮ ਫਿਰ ਖ਼ਾਬ ਤੇ ਫ਼ਿਰ ਭਰਮ*

*ਹੌਲੀ ਹੌਲੀ ਜ਼ਿੰਦਗੀ 'ਚੋਂ ਲਾਪਤਾ ਹੁੰਦੇ ਗਏ*

*ਮੇਰਿਆਂ ਸ਼ਿਅਰਾਂ ਚੋਂ ਜਿਉਂ ਜਿਉਂ ਜ਼ਿਕਰ ਵਧਿਆ ਚੰਨ ਦਾ*

*ਤੜਪ ਉੱਠੀਆਂ ਕਾਲਖਾਂ, ਨ੍ਹੇਰੇ ਖ਼ਫ਼ਾ ਹੁੰਦੇ ਗਏ*

(*ਹਜ਼ਾਰ ਰੰਗਾਂ ਦੀ ਲਾਟ* 45)

ਸਮਕਾਲੀ ਪੰਜਾਬੀ ਕਵੀ ਆਪਣੀ ਕਾਵਿ-ਰਚਨਾ ਵਿੱਚ ਬਹੁਤੀ ਥਾਈਂ ਵਿਰੋਧਾਭਾਸ ਜੁਗਤ ਨਾਲ ਤਣਾਓ ਦੀ ਸਿਰਜਣਾ ਕਰਦੇ ਹਨ। ਅਜੋਕੇ ਦੌਰ ਵਿੱਚ ਇਹ ਜੁਗਤ ਸਮਕਾਲੀ ਮਨੁੱਖੀ ਪ੍ਰਤੱਖਣ ਦਾ ਇੱਕ ਪ੍ਰਮੁੱਖ ਵਿਧੀ ਵਜੋਂ ਪਛਾਣਿਆ ਗਿਆ ਹੈ। ਅਜਿਹੀ ਵਿਧੀ ਨਾਲ ਚੇਤੰਨ ਕਵੀ ਜ਼ਿੰਦਗੀ ਦੀਆਂ ਮੂਲ

ਸਮੱਸਿਆਵਾਂ ਨੂੰ ਆਪਣੇ ਕਾਵਿ ਸੰਸਾਰ ਵਿੱਚ ਬਿਆਨ ਕਰਨ ਦੇ ਨਾਲ ਆਪਣੇ ਪਾਰਖੂ ਨਜ਼ਰੀਏ ਤੋਂ ਇਨ੍ਹਾਂ ਸਮੱਸਿਆਵਾਂ ਦੇ ਹੱਲ ਦਾ ਸੁਝਾਅ ਵੀ ਦਿੰਦਾ ਹੈ। ਹੇਠਲੀਆਂ ਸਤਰਾਂ ਵਿੱਚ ਸਮਕਾਲੀ ਗਜ਼ਲਗੋ ਗੁਰਤੇਜ ਕੋਹਾਰਵਾਲਾ ਆਪਣੇ ਮਿਸ਼ਰੇ ਅਤੇ ਸ਼ਇਰਾਂ ਵਿੱਚ ਵਿਰੋਧਾਭਾਸ ਦੇ ਸਹਾਰੇ ਤਣਾਉ ਦੀ ਸਿਰਜਣਾ ਨਿਮਨਲਿਖਤ ਅਨੁਸਾਰ ਕਰਦਾ ਹੈ:

*ਕੁਝ ਦਰਿਆਵਾਂ ਨੂੰ ਸਾਵੇਂ ਹੋ ਵਹਿ ਸਕਣਾ ਨਾ ਆਇਆ।*

*ਉੱਚੀ ਥਾਂ ਤੋਂ ਲੰਘਣ ਵੇਲੇ, ਲਹਿ ਸਕਣਾ ਨਾ ਆਇਆ*

*ਮੈਂ ਉਸ ਨੂੰ ਪਿਘਲਾ ਤਾਂ ਲੈਂਦਾ, ਪਰ ਕਿਸ ਭਾਂਡੇ ਪਾਉਂਦਾ?*

*ਉਸ ਨੂੰ ਵੀ ਤਾਂ ਪੱਥਰ ਹੋ ਕੇ ਰਹਿ ਸਕਣਾ ਨਾ ਆਇਆ*

*ਸੁਪਨੇ ਫੜਦੇ, ਅਕਸਰ ਕੰਧਾਂ ਚ ਵੱਜੇ ਹਾਂ ਜਾ ਕੇ*

*ਦੁਨੀਆਂਦਾਰਾਂ ਦੀ ਦੁਨੀਆਂ ਵਿੱਚ ਰਹਿ ਸਕਣਾ ਨਾ ਆਇਆ*

*ਨਿੱਕੇ-ਨਿੱਕੇ ਦੁੱਖ ਵੀ ਮੇਰੇ ਵਿੱਚੋਂ ਉੱਚੀ ਬੋਲੇ,*

*ਕੰਡੇ ਦਾ ਚੁਭਣਾ ਵੀ ਮੈਨੂੰ ਸਹਿ ਸਕਣਾ ਨਾ ਆਇਆ*

*ਲਿਖਦੇ ਹੋਏ ਕੁੱਝ ਥਾਵਾਂ 'ਤੇ ਮੈਂ ਵੀ ਸੱਚ ਤੋਂ ਡਰਿਆਂ*

*ਕੁਝ ਥਾਵਾਂ ਤੇ ਲਫਜ਼ਾਂ ਨੂੰ ਵੀ ਕਹਿ ਸਕਣਾ ਨਾ ਆਇਆ*

(*ਪਾਣੀ ਦਾ ਹਾਸ਼ੀਆ* 43)

ਵਰਤਮਾਨ ਪੰਜਾਬੀ ਕਵਿਤਾ ਸਮਕਾਲੀ ਦੌਰ ਦੀ ਕਾਲ ਚੇਤਨਾ (Time Cosciousness) ਦੀ ਕਵਿਤਾ ਹੈ। ਜਿਸ ਵਿੱਚ ਸਮਕਾਲ ਦਾ ਹਰ ਮਨੁੱਖੀ ਅਨੁਭਵ, ਵਿਚਾਰਧਾਰਾ ਅਤੇ ਮਨੋਸਥਿਤੀਆਂ (moods) ਦੀ ਸ਼ਾਮੂਲਿਅਤ ਹੈ ਇਸੇ ਦ੍ਰਿਸ਼ਟੀ ਤੋਂ ਸਮਕਾਲੀ ਪੰਜਾਬੀ ਕਵਿਤਾ ਬਹੁਰੰਗੀਆਂ ਅਤੇ ਵੰਨ-ਸੁਵੰਨੀਆਂ ਰਚਨਾਵਾਂ ਦੀ ਕਵਿਤਾ ਹੈ। ਤਕਨੀਕੀ ਵਿਕਾਸ ਅਤੇ ਸੰਚਾਰ ਕ੍ਰਾਂਤੀ ਦੇ ਨਾਲ-ਨਾਲ ਉਦਯੋਗਿਕ ਵਿਕਾਸ ਨੇ ਮਨੁੱਖੀ ਚੇਤਨਾ ਅਤੇ ਚਿੰਤਨ ਨੂੰ ਇੱਕ ਨਵੀਨ ਦਿਸ਼ਾ ਪ੍ਰਦਾਨ ਕੀਤੀ ਹੈ। ਵਿਗਿਆਨਕ ਚੇਤਨਾ

ਅਤੇ ਪੱਛਮੀ-ਦਰਸ਼ਨ (Westrn-Philosophy) ਨੇ ਮਨੁੱਖ ਨੂੰ ਆਲੌਕਿਕ ਤੋਂ ਲੌਕਿਕ ਅਤੇ ਯਥਾਰਥ ਕੇਂਦਰਿਤ ਕਰ ਦਿੱਤਾ। ਮੂਲ ਰੂਪ ਵਿੱਚ ਵਿਗਿਆਨਕ ਬੋਧ ਨੇ ਸਾਹਿਤ ਅਤੇ ਕਲਾ ਦੇ ਖੇਤਰ ਵਿੱਚ ਪਰੰਪਰਾ ਦੀਆਂ ਬੰਦਿਸ਼ਾਂ ਨੂੰ ਤੋੜ ਕੇ ਸਮਕਾਲੀ ਸਮਾਜਿਕ ਵਸਤੂ ਯਥਾਰਥ ਦਾ ਆਪਮੁਹਾਰਾ ਅਤੇ ਨਿੱਜਤਵ ਸੰਚਾਰ ਦਾ ਦੌਰ ਆਰੰਭਿਆ। ਇਸੇ ਕਾਵਿ-ਸੰਚਾਰ ਦੇ ਨਵੀਨ ਦੌਰ ਨੇ ਪਰੰਪਰਾਗਤ 'ਕਾਵਿ-ਵਸਤੂ ਚਿਤਰਨ', 'ਪਰੰਪਰਾਗਤ ਸੰਚਾਰ ਦੀਆਂ ਰਾਗਮਈ', 'ਛੰਦ-ਯੁਕਤ ਸੰਚਾਰ' ਤਕਨੀਕਾਂ ਨੂੰ ਤਿਆਗਦੇ ਹੋਏ ਨਵੀਨ ਸ਼ੈਲੀ ਦੀ ਨਵੀਨ ਕਾਵਿ-ਸੰਰਚਨਾ ਦੇ ਵਿਧਾਨ ਦੀ ਪੇਸ਼ਕਾਰੀ ਕੀਤੀ। ਜਿਸ ਅਧੀਨ ਕਵੀ ਪ੍ਰਾਪਤ ਅਨੁਭਵ ਨੂੰ ਵਿਸ਼ੇਸ਼ ਸ਼ਬਦ-ਚੋਣ, ਵਿਸ਼ੇਸ਼ ਸ਼ਬਦ-ਯੋਜਨਾ ਅਤੇ ਵਿਸ਼ੇਸ਼ ਤਕਨੀਕ ਦਾ ਪ੍ਰਯੋਗ ਕਰ ਕੇ ਕਾਵਿ-ਸੰਰਚਨਾ ਕਰਦਾ ਹੈ ਅਤੇ ਪਾਠਕ ਦਾ ਧਿਆਨ ਆਕਰਸ਼ਿਤ ਕਰਦਾ ਹੈ। ਇਸ ਪ੍ਰਕਾਰ ਕਵੀ ਆਪਣੇ ਅਨੁਭਵ ਨੂੰ ਆਪਣੀ ਕਾਵਿ-ਕੁਸ਼ਲਤਾ ਦੇ ਅਨੁਕੂਲ ਸਮਰੱਥ ਵਿਧੀ ਦੁਆਰਾ ਅਭਿਵਿਅਕਤੀ ਕਰਨ ਲਈ ਜਿਹੜੇ ਤੌਰ-ਤਰੀਕੇ, ਢੰਗ, ਵਿਧੀ ਆਦਿ ਦਾ ਪ੍ਰਯੋਗ ਕਰਦਾ ਹੈ, ਉਹ ਉਸ ਕਵੀ ਦੀ ਸ਼ੈਲੀ ਹੈ। ਇਸੇ ਸੰਦਰਭ ਵਿੱਚ J. Middleton Murry ਸ਼ੈਲੀ ਨੂੰ ਨਿਮਨਲਿਖਤ ਤਰੀਕਿਆਂ ਅਨੁਸਾਰ 'ਵਿਅਕਤੀਗਤ ਮੁਹਾਵਰੇ ਦੇ ਤੌਰ 'ਤੇ, ਪੇਸ਼ਕਾਰੀ ਦੀ ਵਿਧੀ ਦੇ ਤੌਰ 'ਤੇ ਅਤੇ ਸਾਹਿਤ ਦੀ ਉੱਚਤਮ ਪ੍ਰਾਪਤੀ ਦੇ ਤੌਰ 'ਤੇ ਦੇਖਦਾ ਹੈ:

> *Style, as personal idiosyncrasy: Style, as techniques of exposition: Style, As the highest achievement of literature.* (*The Problem of Style* 8)

ਡਾ. ਨਗੇਂਦਰ ਅਨੁਸਾਰ:

> *ਸ਼ੈਲੀ ਵਿਗਿਆਨ ਦੀ ਸਹੀ ਪਰਿਭਾਸ਼ਾ ਉਸਦਾ ਸਹੀ ਅਰਥ ਅਤੇ ਖੇਤਰ ਵਿਸਥਾਰ ਇਹ ਹੀ ਹੈ ਕਿ ਉਹ ਭਾਸ਼ਾ ਵਿਗਿਆਨ ਦੇ ਨਿਯਮਾਂ ਅਤੇ ਵਿਧੀ ਦੇ ਅਨੁਸਾਰ ਸਾਹਿਤ ਦੇ ਭਾਸ਼ਿਕ ਵਿਧਾਨ ਦਾ ਰੂਪਾਤਮਕ ਅਧਿਐਨ ਕਰਦਾ ਹੈ।* (*ਸ਼ੈਲੀ ਵਿਗਿਆਨ* 22)

ਸਮਕਾਲੀ ਪੰਜਾਬੀ ਕਵੀ ਆਪਣੇ ਕਾਵਿ-ਸੰਚਾਰ ਲਈ ਵਿਗਿਆਨਿਕ ਜੁਗਤ ਅਗਰਭੂਮਨ (Foreground) ਦਾ ਪ੍ਰਯੋਗ ਕਰਦਾ ਹੈ। ਅਗਰਭੂਮਨ ਸ਼ੈਲੀ ਵਿਗਿਆਨ ਦੀ ਇੱਕ ਜੁਗਤ ਹੈ, ਜਿਸ ਦੇ

ਪ੍ਰਯੋਗ ਰਾਹੀਂ ਕਵੀ ਆਪਣੀ ਕਵਿਤਾ ਵਿੱਚ ਵਿਸ਼ੇਸ਼ ਤੱਤਾਂ ਉਪਰ ਵਧੇਰੇ ਧਿਆਨ ਕੇਂਦਰਿਤ (Focus) ਕਰਦਾ ਹੋਇਆ, ਆਪਣੇ ਕਾਵਿ ਸੰਚਾਰ ਨੂੰ ਵਧੇਰੇ ਕਲਾਤਮਿਕ, ਸੁਹਜ ਭਰਪੂਰ ਅਤੇ ਪ੍ਰਭਾਵਸ਼ਾਲੀ ਬਣਾਉਂਦਾ ਹੈ। ਸਮਕਾਲੀ ਸਮਾਜਿਕ ਸੰਦਰਭ ਵਿੱਚ ਜ਼ਿੰਦਗੀ ਦੇ ਹਰ ਪੱਖ ਉੱਪਰ ਕਲਾਤਮਿਕ ਅਤੇ ਸੁਹਜਾਤਮਕਤਾ ਹੀ ਭਾਰੂ ਹੈ। ਅਜਿਹੀ ਸਥਿਤੀ ਵਿੱਚ ਸਮਕਾਲੀ ਪੰਜਾਬੀ ਕਵਿਤਾ ਵੀ ਪਾਠਕ ਦਾ ਧਿਆਨ ਖਿੱਚਣ ਲਈ ਆਪਣੀ ਕਾਵਿ-ਵਸਤੂ ਦਾ ਪ੍ਰਭਾਵ ਸਰੋਤੇ ਦੇ ਮਨਾਂ ਵਿੱਚ ਛੱਡਣ ਲਈ ਅਗਰਭੂਮਨ ਜਿਹੀ ਜੁਗਤ ਦਾ ਸਹਾਰਾ ਲੈਂਦਾ ਹੈ ਜਿਸ ਦੇ ਪ੍ਰਯੋਗ ਨਾਲ ਕਵੀ ਪਾਠਕ ਲਈ ਰੌਚਿਕਤਾ ਅਤੇ ਖਿੱਚ ਪੈਦਾ ਕਰਦਾ ਹੈ। ਪ੍ਰਸਿੱਧ ਵਿਦਵਾਨ ਡਾ. ਮੰਗਤ ਸ਼ੀਤਾਂਸ਼ੂ ਦੇ ਹਵਾਲੇ ਨਾਲ 'ਅਗਰਭੂਮਨ' ਦੇ ਚਾਰ ਸੰਕਲਪ ਦੱਸਦੇ ਹਨ '*ਪਰਾਹਨ, ਵਿਪਥਨ, ਸਮਾਨੰਤਰਤਾ ਅਤੇ ਵਿਰਲਤਾ'* (ਡਾ. ਮਹਿਲ ਸਿੰਘ (ਸੰਪਾ.), *ਸੰਵਾਦ, ਰਿਸਰਚ ਜਰਨਲ* 175) ਇਨ੍ਹਾਂ ਚਾਰੋਂ ਪੱਧਰਾਂ ਦੀ ਵਰਤੋਂ ਨਾਲ ਸਮਕਾਲੀ ਕਵੀ ਅਚੇਤ ਅਤੇ ਸੁਚੇਤ ਰੂਪ ਵਿੱਚ ਕਰਦੇ ਹਨ, ਜਿਨ੍ਹਾਂ ਦੀਆਂ ਉਦਾਹਰਨਾਂ ਹੇਠਲੀ ਸਤਰਾਂ ਵਿੱਚੋਂ ਸਪੱਸ਼ਟ ਦੇਖੀਆਂ ਜਾ ਸਕਦੀਆਂ ਹਨ। ਕਵੀ ਆਪਣੀ ਕਾਵਿ-ਰਚਨਾ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਲਈ ਆਮ ਭਾਸ਼ਾ ਨਾਲੋਂ ਵੱਖਰੀ ਤਰ੍ਹਾਂ ਦੀ ਭਾਸ਼ਾ ਦਾ ਪ੍ਰਯੋਗ ਕਰਦਾ ਹੈ। ਅਜਿਹੀ ਭਾਸ਼ਾ ਦਾ ਵਿਆਕਰਨ ਦੇ ਮਿਆਰੀ ਰੂਪ ਤੋਂ ਮੁਕਤ ਹੋਣਾ ਪਰਾਹਨ ਜਾਂ ਵਿੱਚਲਨ ਅਖਵਾਉਂਦਾ ਹੈ। ਸਮਕਾਲੀ ਪੰਜਾਬੀ ਆਪਣੇ ਕਾਵਿ-ਸੰਚਾਰ ਨੂੰ ਵਧੇਰੇ ਟੁੰਬਵਾਂ, ਨਿਵੇਕਲਾ ਅਤੇ ਰੌਚਕ ਬਣਾਉਣ ਲਈ ਕਵੀ ਕਾਵਿ-ਭਾਸ਼ਾ ਵਿੱਚ ਕਈ ਥਾਵਾਂ 'ਤੇ ਵਿਆਕਰਨ ਦੇ ਨਿਯਮਾਂ ਨੂੰ ਭੰਗ ਕਰਕੇ ਨਵੇਂ ਸਰੂਪ ਦਾ ਪ੍ਰਗਟਾਅ ਕਰਦਾ ਹਨ। ਜਿਸ ਨਾਲ ਧੁਨੀ, ਸ਼ਬਦ ਅਤੇ ਵਾਕ ਪੱਧਰ ਦੇ ਨਵੀਨ ਸੰਰਚਨਾ ਦਾ ਵਿੱਚਲਨ ਜਾਂ ਪਰਾਹਨ ਦੇ ਰੂਪ ਵਿੱਚ ਨਿਕਾਸ ਹੁੰਦਾ ਹੈ। ਜਿਵੇਂ ਸਮਕਾਲੀ ਪੰਜਾਬੀ ਕਵਿਤਾ ਵਿੱਚ ਵਿੱਚਲਨ ਜਾਂ ਪਰਾਹਨ ਦੀਆਂ ਕੁਝ ਉਦਾਹਰਨਾਂ ਇਸ ਤਰਾਂ ਹਨ:

*ਰੋਟੀ ਦਾ ਕੇਹਾ ਸਰਬੰਧ ਬੰਦੇ ਨਾਲ*

(ਗੁਰਪ੍ਰੀਤ, *ਓਕ* 19)

*ਟਿਕੇ ਹਾਲਾਤ ਨੂੰ ਇੱਕਵਾਰਗੀ ਝੰਜੋੜ ਸਕਦਾ ਹਾਂ।*

*ਮੈਂ ਆਪਣੀ ਚੁੱਪ ਦਾ ਸ਼ੀਸ਼ਾ ਚੁਰਾਹੇ ਤੋੜ ਸਕਦਾ ਹਾਂ।*

(ਗੁਰਤੇਜ ਕੋਹਾਰਵਾਲਾ, *ਪਾਣੀ ਦਾ ਹਾਸ਼ੀਆ* 28)

ਇਸ ਪ੍ਰਕਾਰ ਉਪਰੋਕਤ ਕਾਵਿ-ਸਤਰਾਂ ਵਿੱਚ ਇੱਕਵਾਰਗੀ ਅਤੇ ਸਰਬੰਧ ਵਿੱਚਰਨ ਜਾਂ ਪਰਾਹਨ ਦੀਆਂ ਸਪੱਸ਼ਟ ਉਦਾਹਰਨਾਂ ਹਨ, ਜਿਨ੍ਹਾਂ ਵਿੱਚ ਕਵੀ ਨੇ ਵਿਆਕਰਨਿਕ ਨਿਯਮਾਂ ਨੂੰ ਅਣਗੌਲਿਆਂ ਕਰਦੇ ਹੋਏ ਨਿਵੇਕਲੇ ਮੌਲਿਕ ਸ਼ਬਦਾਂ ਦਾ ਪ੍ਰਯੋਗ ਕੀਤਾ ਹੈ। ਇਸੇ ਪ੍ਰਕਾਰ ਹੇਠਾਂ ਦਿੱਤੇ ਕਾਵਿ ਨਮੂਨਿਆਂ ਅਨੁਸਾਰ ਵਿੱਚਲਨ ਦੀ ਅਜਿਹੀ ਇੱਕ ਹੋਰ ਉਦਾਹਰਨ ਵੇਖੀ ਜਾ ਸਕਦੀ ਹੈ ਜੋ ਵਾਕ ਪੱਧਰ 'ਤੇ ਵਿਆਕਰਨ ਦੇ ਮਿਆਰੀ ਰੂਪ/ਨਿਯਮਾਂ ਤੋਂ ਮੁਕਤ ਜਾਪਦੀ ਹੈ। ਜਿਸ ਵਿੱਚ ਕਵੀ ਗੁਰਪ੍ਰੀਤ ਵਿਆਕਰਨ ਦੇ ਮੌਲਿਕ ਨਿਯਮਾਂ ਨੂੰ ਤਿਆਗਦਾ ਹੋਇਆ ਸ਼ਾਬਦਿਕ ਪੱਧਰ 'ਤੇ ਖਾਲ੍ਹੀ-ਖਾਲ੍ਹੀ ਅਤੇ ਭਰਿਆ-ਭਰਿਆ ਦੋ ਵਿਰੋਧੀ ਧਾਰਨਾਵਾਂ ਦਾ ਪ੍ਰਯੋਗ ਵਿਆਕਰਨਿਕ ਰੂਪ ਦੀ ਪਰਵਾਹ ਕੀਤੇ ਬਿਨਾਂ ਕਰਦਾ ਹੋਇਆ, ਵਿੱਚਲਨ ਜਾਂ ਪਰਾਹਨ ਦੀ ਸਹਾਇਤਾ ਨਾਲ ਪਾਠਕ ਦਾ ਧਿਆਨ ਆਕਰਸ਼ਿਤ ਕਰਦਾ ਹੈ। ਜਿਵੇਂ:

*ਅੱਜ ਮੈਂ ਮਿਲਿਆ*

*ਦੇਹੀ ਦੇ ਭਾਂਡੇ ਨੂੰ*

*ਖਾਲ੍ਹੀ ਖਾਲ੍ਹੀ*

*ਭਰਿਆ ਭਰਿਆ।।* (ਗੁਰਪ੍ਰੀਤ, *ਓਕ* 94)

ਸਮਕਾਲੀ ਪੰਜਾਬੀ ਕਵੀ ਆਪਣੀਆਂ ਕਵਿਤਾ ਵਿੱਚ ਆਪਣੀ ਕਾਵਿ-ਰਚਨਾ ਦੇ ਮਹੱਤਵਪੂਰਨ ਤੱਤਾਂ ਨੂੰ ਅਗਰਭੂਮਨ ਵਿੱਚ ਰੱਖਣ ਲਈ **ਸਮਾਨੰਤਰਤਾ** ਵਿਧੀ ਦੀ ਵਰਤੋਂ, ਅਹਿਮਸੂਤਰ ਵਜੋਂ ਵਰਤੋਂ ਕਰਦੇ ਹਨ। ਸਮਾਨੰਤਰਤਾ ਦਾ ਸਿਧਾਂਤ ਦੁਹਰਾਓ 'ਤੇ ਕੇਂਦ੍ਰਿਤ ਹੈ। ਅਜਿਹਾ ਕਵਿਤਾ ਵਿੱਚ ਦੁਹਰਾਓ ਜੋ ਕਿ ਸਮਾਨਅਰਥੀ ਅਤੇ ਵਿਰੋਧਅਰਥੀ ਦੋਹਾਂ ਪੱਧਰਾਂ 'ਤੇ ਵਾਪਰ ਸਕਦਾ ਹੈ। ਸਮਕਾਲੀ ਪੰਜਾਬੀ ਕਵੀ ਆਪਣੇ ਕਾਵਿ ਸੰਚਾਰ ਲਈ ਅਜਿਹੀ ਜੁਗਤ ਦੀ ਵਰਤੋਂ ਵਧੇਰੇ ਆਪਣੇ ਮਨੋ-ਭਾਵਾਂ ਦੀ ਪ੍ਰੋੜ੍ਹਤਾ ਲਈ ਕਰਦੇ ਹਨ। ਵਿੱਚਲਨ ਦੀ ਤਰ੍ਹਾਂ ਹੀ ਕਾਵਿ ਵਿੱਚ ਸਮਾਨੰਤਰਤਾ ਰੂਪ, ਵਾਕ, ਪ੍ਰਵਚਨ ਅਤੇ ਅਰਥ ਪੱਧਰ 'ਤੇ ਵੀ ਵਾਪਰ

ਸਕਦੀ ਹੈ। ਜਿਸ ਤਰ੍ਹਾਂ ਕਵੀ ਗੁਰਪ੍ਰੀਤ ਦੀਆਂ ਹੇਠਲੀਆਂ ਕਾਵਿ-ਸਤਰਾਂ ਵਿੱਚ ਸਮਾਂਨਤਰਤਾ ਜੁਗਤ ਨੂੰ ਸ਼ਪਸ਼ਟ ਰੂਪ ਵਿੱਚ ਦੇਖਿਆ ਜਾ ਸਕਦਾ ਹੈ:

*ਬਾਪੂ ਥੱਕਦਾ ਨਹੀਂ ਕਦੇ ਵੀ*

*ਕਦੇ ਵੀ ਥੱਕਦਾ ਨਹੀਂ ਬਾਪੂ* (77)

*ਬਣਕੇ ਮਕਾਨ ਬੰਦੇ ਨੂੰ ਨਵਾਂ ਜਹਾਨ ਦਿੰਦਾ*

*ਬਣਦਾ ਮਕਾਨ ਬੰਦੇ ਨੂੰ ਬੜਾ ਗਿਆਨ ਦਿੰਦਾ*

(ਜਸਵੰਤ ਜ਼ਫ਼ਰ, *ਇਹ ਬੰਦਾ ਕੀ ਹੁੰਦਾ* 53)

ਸਮਕਾਲੀ ਪੰਜਾਬੀ ਕਵੀ ਸਮਾਨੰਤਰਤਾ ਵਿਧੀ ਦਾ ਪ੍ਰਯੋਗ ਆਪਣੀ ਕਾਵਿ-ਵਸਤੂ ਦੇ ਪ੍ਰਭਾਵਸ਼ਾਲੀ ਸੰਚਾਰ ਲਈ ਵਧੇਰੇ ਕਰਦੇ ਹਨ। ਸਮਕਾਲੀ ਕਵਿਤਾ ਵਿੱਚ ਕਵੀ ਦੁਆਰਾ ਵੱਖ-ਵੱਖ ਸੰਦਰਭ ਅਤੇ ਰੂਪਾਂ ਵਿੱਚ ਦੁਹਰਾਓ ਪੈਦਾ ਕਰਕੇ ਕਾਵਿ-ਰਚਨਾ ਵਿੱਚ ਸਮਾਨੰਤਰਤਾ ਦੀ ਸਥਿਤੀ ਪੈਦਾ ਕੀਤੀ ਜਾਂਦੀ ਹੈ। ਅਜੋਕੇ ਦੌਰ ਦੀ ਕਵਿਤਾ ਵਿੱਚ ਜਿੱਥੇ ਕਵਿਕ ਪ੍ਰਵਚਨ ਗੁੰਝਲਦਾਰ ਅਤੇ ਸੂਖ਼ਮ ਹੋ ਗਿਆ ਹੈ ਉੱਥੇ ਕਵੀ ਆਪਣੇ ਕਾਵਿ ਪ੍ਰਸੰਗ ਦੇ ਅਨੁਸਾਰ ਦੁਹਰਾਓ ਨੂੰ ਪੂਰਨ, ਅਲਪ ਜਾਂ ਦੁਹਰਾਓ ਦੇ ਸੰਕੇਤ ਮਾਤਰ ਰੂਪ ਵਿੱਚ ਵਰਤ ਕੇ ਵੀ ਸਮਾਨੰਤਰਤਾ ਜੁਗਤ ਨੂੰ ਪ੍ਰਯੋਗ ਵਿੱਚ ਲਿਆਉਂਦਾ ਹੈ। ਜਿਸ ਤਰ੍ਹਾਂ ਹੇਠਲੀਆਂ ਸਤਰਾਂ ਵਿੱਚ ਸੁਖਵਿੰਦਰ ਅੰਮ੍ਰਿਤ ਨੇ ਸਮਾਨੰਤਰਤਾ ਜੁਗਤ ਦੀ ਵਰਤੋਂ ਢੁੱਕਵੇਂ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕਰਦੇ ਹਏ ਆਪਣੇ ਸਰੋਤੇ ਦੇ ਮਨਾਂ ਵਿੱਚ ਭਾਵਾਂ ਨੂੰ ਸਫ਼ਲਤਾ ਨਾ ਸੰਚਾਰਿਤ ਕੀਤਾ ਹੈ:

*ਆਥਣ ਨੂੰ ਫਿਰ ਪਰਤਣਗੀਆਂ*

*ਜਦੋਂ ਛਿਪ ਜਾਏਗਾ ਸੂਰਜ*

*ਜਦੋਂ ਢੱਲ ਜਾਣਗੇ ਪਰਛਾਵੇਂ*

*ਉਤਰਨਗੀਆਂ ਆਪਣੇ-ਆਪਣੇ ਰੁੱਖਾਂ 'ਤੇ*

*<u>ਆਪਣੇ-ਆਪਣੇ</u> ਆਲ੍ਹਣਿਆਂ ਕੋਲ*

*ਛੋੜਦੀਆਂ ਚੁੰਝ-ਚਰਚਾ*

*ਦਿਨ ਭਰ ਦੇ <u>ਦੁੱਖ-ਸੁੱਖ</u> ਫੋਲਣਗੀਆਂ* (*ਚਿੜੀਆਂ* 9)

ਜਿੱਥੇ ਸਮਕਾਲੀ ਪੰਜਾਬੀ ਕਵੀ ਆਪਣੇ ਕਾਵਿ-ਸੰਚਾਰ ਲਈ ਸਮਾਨੰਤਰਤਾ ਵਿਧੀ ਦਾ ਪ੍ਰਯੋਗ ਕਰ ਕੇ ਸਰੋਤੇ ਦੇ ਸਨਮੁੱਖ ਵਿਸ਼ੇਸ਼ ਵਸਤੂਪਰਕ ਮਾਡਲ ਪ੍ਰਸਤੁਤ ਕਰਦੇ ਹਨ। ਉੱਥੇ ਨਾਲ ਹੀ ਆਪਣੀ ਕਾਵਿ-ਰਚਨਾ ਵਿੱਚ ਬੀਜ ਰੂਪੀ ਕਥਾ, ਫੇਬੁਲਾ ਜਾਂ ਮੋਟਿਫ਼ਾਂ ਨੂੰ ਪਾਠ-ਪ੍ਰਸੰਗ ਵਿੱਚ ਵਿਸ਼ੇਸ਼ ਭਾਸ਼ਾਈ ਮੌਲਿਕਤਾ ਪ੍ਰਦਾਨ ਕਰਨ ਲਈ ਸਮਕਾਲੀ ਕਵੀ ਅਨੇਕਾਂ ਭਾਸ਼ਾਈ ਮੌਲਿਕ ਇਕਾਈਆਂ ਦਾ ਨਿਰਮਾਣ ਕਰਦੇ ਹੋਏ, ਭਾਸ਼ਾਈ ਵਿਰਲ ਨੂੰ ਜਨਮ ਦਿੰਦੇ ਹਨ ਅਤੇ ਸਰੋਤੇ ਨੂੰ ਭਾਵਨਾਤਮਕ/ਮਾਨਸਿਕ ਅਤੇ ਬੌਧਿਕਤਾ ਦੋਹਾਂ ਪੱਖਾਂ ਤੋਂ ਸੁਹਜ ਆਨੰਦ ਦੀ ਅਨੁਭੂਤੀ ਪ੍ਰਦਾਨ ਕਰਦੇ ਹਨ। ਕਵਿਤਾ ਦੀ ਇਸ ਸੰਚਾਰ ਜੁਗਤ ਨੂੰ ਸ਼ੈਲੀ ਵਿਗਿਆਨ ਦੇ ਅਧੀਨ **ਵਿਰਲਤਾ** ਦੇ ਮਹੱਤਵਪੂਰਨ ਸਿਧਾਂਤ ਵੱਜੋਂ ਪਛਾਣਿਆਂ ਗਿਆ ਹੈ। ਜਿਸ ਦੇ ਨਮੂਨੇ ਸਮਕਾਲੀ ਪੰਜਾਬੀ ਕਵਿਤਾ ਪਾਠ-ਪ੍ਰਸੰਗ ਵਿੱਚ ਅਨੇਕਾਂ ਰੂਪਾਂ ਵਿੱਚ ਵੇਖੇ ਜਾ ਸਕਦੇ ਹਨ। ਸਮਕਾਲੀ ਪੰਜਾਬੀ ਵਿਚੋਂ ਵਿਰਲਤਾ ਦੀਆਂ ਕੁਝ ਉਦਾਹਰਨਾਂ ਹੇਠਾਂ ਅਨੁਸਾਰ ਹਨ:

*<u>ਪੱਤ੍ਰਿਆਂ</u> 'ਚ ਹੋ ਗਏ ਅਨਿਲ* (ਗੁਰਪ੍ਰੀਤ, *ਓਕ* 26)

ਕਿੰਨਾ ਉੱਚਾ <u>ਸੰਗਤਕਾਰ</u> ਹੈ ਆਲੂ (71)

*ਕੌਣ ਇਨ੍ਹਾਂ ਦੇ ਸਾਵੇ ਪਹਿਨ ਲੈ ਗਿਆ*

*ਕਰ ਗਿਆ ਸ਼ਾਖਾਂ ਨੂੰ ਨੰਗ <u>ਮੁਨੰਣਗੀਆਂ</u>*

(ਸੁਰਜੀਤ ਪਾਤਰ, *ਪੱਤਝੜ ਦੀ ਪਾਜ਼ੇਬ* 10)

*ਮੈਂ ਗਿਆ ਹਾਂ <u>ਸਿਤਮਗਰ</u> ਦੇ ਦਰਬਾਰ ਵੀ*

*ਸਿਰ ਤੇ ਲਟਕੀ ਹੈ ਸ਼ਾਹਾਂ ਦੀ ਤਲਵਾਰ ਵੀ* (26)

ਇਸ ਪ੍ਰਕਾਰ ਕਵੀ ਆਪਣੇ ਪਾਠਗਤ ਸੰਦਰਭ ਵਿੱਚ ਭਾਸ਼ਾਈ ਵਿਰਲਾਂ ਨੂੰ ਸਥਾਪਿਤ ਕਰਦੇ ਹੋਏ ਆਪਣੇ ਸੰਚਾਰ ਨੂੰ ਪ੍ਰਭਾਵਸ਼ਾਲੀ ਬਣਾਉਂਦਾ ਹੈ। ਕਵੀ ਉਪਰੋਕਤ ਉਦਾਹਰਨਾਂ ਅਨੁਸਾਰ ਵਿਸ਼ੇਸ਼ ਬੀਜ਼ ਰੂਪੀ ਭਾਸ਼ਾਈ ਇਕਾਈਆਂ ਨਾਲ ਆਪਣੇ ਥੀਮ ਨੂੰ ਪ੍ਰਭਾਵਸ਼ਾਲੀ ਬਣਾਉਂਦਾ ਹੋਇਆ ਕਾਵਿ-ਵਸਤੂ ਦੇ ਸੰਚਾਰ ਨੂੰ ਅਗਰਭੂਮਨ ਵਿੱਚ ਲਿਆਉਂਦਾ ਹੈ ਅਤੇ ਮੌਲਿਕ ਭਾਸ਼ਾਈ ਧੁਨੀਆਂ ਦਾ ਪ੍ਰਯੋਗ ਕੀਤਾ ਹੈ। ਉਪਰੋਕਤ ਕਾਵਿ ਸਤਰਾਂ ਦੀ ਤਰ੍ਹਾਂ ਅਜਿਹੀਆਂ ਹੋਰ ਅਨੇਕਾਂ ਉਦਾਹਰਨਾਂ ਹਨ ਜੋ ਸਮਕਾਲੀ ਪੰਜਾਬੀ ਕਵਿਤਾ ਵਿੱਚੋਂ ਆਸਾਨੀ ਨਾਲ ਦ੍ਰਿਸ਼ਟੀਮਾਨ ਹੋ ਜਾਂਦੀਆਂ ਹਨ ਜਿਵੇਂ

*ਇਸ ਤਰ੍ਹਾਂ ਸ਼ਾਮਲ ਹੈ- ਕੁੰਭਕਾਰ ਵੀ*

(ਗੁਰਪ੍ਰੀਤ, *ਓਕ* 26)

ਜਲ੍ਹਿਆਂ ਵਾਲੇ ਦੀ ਸ਼ਹੀਦੀ ਮਿੱਟੀ ਨਮਸਕਾਰਦਾ

(ਜਸਵੰਤ ਜ਼ਫ਼ਰ, *ਇਹ ਬੰਦਾ ਕੀ ਹੁੰਦਾ* 22)

*ਹੈਂ!*

*ਇਹ ਤਾਂ ਟਹਿਣੀ ਬਿਰਖ ਦੀ*

*ਕੁੱਤੇ ਦੀ ਪੂਛ*

*ਬਲਦ ਮੂਤਨੀ* (ਗੁਰਪ੍ਰੀਤ, *ਓਕ* 28)

ਸਮਕਾਲੀ ਦੌਰ ਵਿੱਚ ਉਪਰੋਕਤ ਕਾਵਿਕ-ਸੰਚਾਰ ਜੁਗਤਾਂ ਦੇ ਪ੍ਰਯੋਗ ਨਾਲ ਜਿੱਥੇ ਕਵੀ ਆਪਣੇ ਮੌਲਿਕ ਸ਼ੈਲੀਗਤ ਪਾਠ-ਪ੍ਰਤੀਮਾਨਾਂ ਨੂੰ ਸਥਾਪਿਤ ਕਰਦਾ ਹੋਇਆ ਕਾਵਿਕ-ਉਚਾਰ ਅਤੇ ਸੰਚਾਰ ਦੀ ਪ੍ਰਕਿਰਿਆ ਵਿੱਚ ਪਾਠਕ ਦਾ ਧਿਆਨ ਆਕਰਸ਼ਿਤ ਕਰਦਾ ਹੈ। ਉੱਥੇ ਕਈ ਵਾਰ ਕਵੀ ਆਪਣੇ ਉਸਾਰੇ ਹੋਏ ਪਾਠ- ਪ੍ਰਤੀਮਾਨਾਂ ਨੂੰ ਭੰਗ ਕਰਕੇ ਪਾਠਕ ਨੂੰ ਨਵੇਕਲਾ ਸੰਚਾਰ ਅਨੁਭਵ ਪ੍ਰਦਾਨ ਕਰਦਾ ਹੈ। ਜਿਵੇਂ ਸਮਕਾਲੀ ਪੰਜਾਬੀ ਕਵੀ ਗੁਰਪ੍ਰੀਤ ਆਪਣੀ ਕਵਿਤਾ 'ਆਵਾਜ਼' ਵਿੱਚ ਸ਼ਬਦ ਬਨਸਪਤੀ ਲਈ 'ਬਨਸਪਤਿ'

ਦਾ ਪ੍ਰਯੋਗ ਕਰਦੇ ਹਨ ਅਤੇ ਕਵਿਤਾ 'ਬਾਰਿਸ਼' ਵਿੱਚ ਇਸੇ ਬਨਸਪਤੀ ਸ਼ਬਦ ਨੂੰ 'ਬਨਸਪਤੀ' ਹੀ ਲਿਖਦੇ ਹੋਏ ਆਪਣੇ ਪੂਰਬ ਸਥਾਪਿਤ-ਪਾਠ ਪ੍ਰਤੀਮਾਨ ਨੂੰ ਭੰਗ ਕਰਦੇ ਹਨ। ਉਦਾਹਰਨ ਵੱਜੋਂ:

*ਇਸ ਬਿੰਦੂ 'ਚ*

*ਆਦਿ-ਕਾਲ ਤੋਂ*

*ਮੈਂ ਵੀ*

*ਇੱਕ ਆਵਾਜ਼*

*ਤੇ ਤੂੰ ਵੀ*

*ਇਸੇ ਤਰ੍ਹਾਂ*

*ਕੁੱਲ ਜੀਆ ਜੰਤ*

*ਬਨਸਪਤਿ* (ਗੁਰਪ੍ਰੀਤ, *ਸਮੇਂ ਦਾ ਦਰਿਆ* 29)

*ਬਾਰਿਸ਼ ਹੋ ਰਹੀ ਹੈ*

*ਭਿੱਜ ਰਹੀ ਹੈ*

*ਕੁੱਲ ਬਨਸਪਤੀ* (64)

ਇਸੇ ਅਧੀਨ ਜਦੋਂ ਕਵੀ ਆਪਣੇ ਸਥਾਪਿਤ ਪਾਠ-ਪ੍ਰਤੀਮਾਨਾਂ ਨੂੰ ਭੰਗ ਕਰੇ ਤਾਂ ਸ਼ੈਲੀ ਵਿਗਿਆਨੀ ਇਸ ਸੰਚਾਰ ਜੁਗਤ ਨੂੰ **ਵਿਪਥਨ** (Deflection) ਆਖਦੇ ਹਨ। ਜਿਸ ਦਾ ਅਰਥ ਹੈ ਕਵੀ ਦੁਆਰਾ ਆਪਣੇ ਪੂਰਬ ਸਥਾਪਿਤ ਪਾਠ-ਪ੍ਰਤੀਮਾਨਾਂ ਨੂੰ ਭੰਗ ਕਰਨਾ। ਵਿਪਥਨ ਵਿਆਕਰਨਿਕ ਪੱਧਰ 'ਤੇ ਹੀ ਨਹੀਂ ਸਗੋਂ ਪਾਠ ਦੀ ਪਿੱਠ-ਭੂਮੀ ਵਿੱਚ ਵੀ ਵਾਪਰਦਾ ਹੈ, ਇਸ ਲਈ ਇਹ ਕਵੀ ਦੇ ਵਸਤੂਪਰਕ ਸੰਚਾਰ ਲਈ ਇੱਕ ਮਹੱਤਵਪੂਰਨ ਜੁਗਤ ਹੈ। ਸਮਕਾਲੀ ਪੰਜਾਬੀ ਕਵਿਤਾ ਵਿੱਚ ਇੱਕ ਨਿਪੁੰਨ ਅਤੇ ਕੁਸ਼ਲ ਕਵੀ ਅਜਿਹੀ ਸੰਚਾਰ-ਜੁਗਤ ਨੂੰ ਕਾਵਿ ਸੰਚਾਰ ਦੀ ਅਹਿਮ ਜੁਗਤ ਵੱਜੋਂ ਪ੍ਰਯੋਗ ਵਿੱਚ ਲਿਆਉਂਦੇ ਹਨ। ਇਸੇ ਤਰ੍ਹਾਂ

ਹੇਠਲੀਆਂ ਕਾਵਿ ਸਤਰਾਂ ਵਿੱਚ ਕਵਿਤਰੀ ਸੁਖਵਿੰਦਰ ਅੰਮ੍ਰਿਤ ਆਪਣੇ ਪਾਠ ਪ੍ਰਸੰਗ ਵਿੱਚ ਵਿਪਥਨ ਜੁਗਤ ਦੀ ਬੇਮਿਸਾਲ ਉਦਾਹਰਨ ਪੇਸ਼ ਕਰਦੀ ਹੈ:

*ਮੇਰੀ ਅੱਖ ਵਿੱਚ*

*ਕਜਲੇ ਦੀ ਧਾਰੀ ਤਾਂ ਉਸ ਨੂੰ ਚੰਗੀ ਲੱਗਦੀ ਹੈ*

*ਪਰ ਸੁਪਨਿਆਂ ਤੋਂ ਭੈਅ ਆਉਂਦਾ ਹੈ*

*ਮੇਰੀ ਝਾਂਜਰ ਦੀ ਛਣ-ਛਣ ਤਾਂ ਉਸ ਨੂੰ ਭਾਉਂਦੀ ਹੈ*

*ਪਰ ਵਧਦੇ ਹੋਏ ਕਦਮਾਂ ਨਾਲ*

*ਉਸ ਦੀ ਧਰਤੀ ਦਹਿਲ ਜਾਂਦੀ ਹੈ*

*ਮੇਰੇ ਗੀਤ ਤਾਂ ਉਸ ਨੂੰ ਮਿੱਠੇ ਲੱਗਦੇ ਹਨ*

*ਪਰ ਖੰਭਾਂ ਦੀ ਫੜਫੜਾਹਟ ਨਾਲ*

*ਉਸ ਦਾ ਆਕਾਸ਼ ਤ੍ਰਹਿ ਜਾਂਦਾ ਹੈ*

(ਸੁਖਵਿੰਦਰ ਅੰਮ੍ਰਿਤ, *ਚਿੜੀਆਂ* 14)

ਉਪਰੋਕਤ ਸਤਰਾਂ ਵਿੱਚ ਕਵਿਤਰੀ ਨੇ ਕਵਿਤਾ ਦੀਆਂ ਪਹਿਲੀਆਂ ਦੋ ਸਤਰਾਂ ਵਿੱਚ ਵਸਤੂਪਰਕ ਪਾਠ-ਪ੍ਰਤੀਮਾਨ ਨੂੰ ਸਿਰਜਿਆ ਹੈ ਅਤੇ ਉਪਰੰਤ ਹਰੇਕ ਕਾਵਿ-ਪੈਰ੍ਹੇ ਦੀ ਤੀਜੀ ਸਤਰ ਵਿੱਚ ਆਪਣੇ ਪਾਠ-ਪ੍ਰਤੀਮਾਨ ਨੂੰ ਭੰਗ ਕਰਦੇ ਹੋਏ '**ਵਿਪਥਨ**' ਜੁਗਤ ਦੀ ਉਚ ਕਲਾਮਈ ਉਦਾਹਰਨ ਪ੍ਰਸਤੁਤ ਕੀਤੀ ਹੈ। ਸਮਕਾਲੀ ਪੰਜਾਬੀ ਕਵਿਤਾ ਦੇ ਸੰਚਾਰ ਲਈ ਕਵੀ ਆਪਣੀ ਕਵਿਤਾ ਕੁਝ ਵਿਸ਼ੇਸ਼ ਤੱਤਾਂ ਨੂੰ ਅਗਰਭੂਮੀ ਵਿੱਚ ਰੱਖਦਾ ਹੋਇਆ, ਇੱਕ ਵਿਸ਼ੇਸ਼ ਕਾਵਿ-ਰਚਨਾ ਦੀ ਸਿਰਜਣਾ ਕਰਦਾ ਹੈ। ਇਸ ਪ੍ਰਕਾਰ ਸਮਕਾਲੀ ਪੰਜਾਬੀ ਕਵੀ ਪ੍ਰਭਾਵਸ਼ਾਲੀ ਅਤੇ ਟੁੰਬਵੇਂ ਕਾਵਿ-ਸੰਚਾਰ ਲਈ ਪਰਾਹਨ ਜਾਂ ਵਿੱਚਲਨ, ਸਮਾਨੰਤਰਤਾ, ਵਿਰਲਤਾ ਅਤੇ ਵਿਪਥਨ ਆਦਿ ਜੁਗਤਾਂ ਦਾ ਪ੍ਰਯੋਗ ਕਰਦੇ ਹੋਏ ਆਪਣੇ ਵਸਤੂਪਰਕ ਮਾਡਲ ਭਾਵ ਕਾਵਿ-ਰਚਨਾ ਨੂੰ ਕਲਾਤਮਿਕ ਸੰਚਾਰ ਪ੍ਰਦਾਨ ਕਰਦਾ ਹੈ।

ਇਸ ਪ੍ਰਕਾਰ ਸਮਕਾਲੀ ਪੰਜਾਬੀ ਕਵਿਤਾ ਦੇ 'ਸੰਚਾਰ ਵਿਧਾਨ' ਦਾ ਅਧਿਐਨ ਕਰਦੇ ਹੋਏ ਸਪਸ਼ਟ ਹੋਇਆ ਹੈ ਕਿ ਵਰਤਮਾਨ ਦੌਰ ਵਿੱਚ ਆਧੁਨਿਕਤਾ, ਉੱਤਰ-ਆਧੁਨਿਕਤਾ, ਤਕਨੀਕੀ ਵਿਕਾਸ ਅਤੇ ਸੂਚਨਾ ਕ੍ਰਾਂਤੀ ਨਾਲ ਗਲੋਬਲੀ ਚੇਤਨਾ ਦਾ ਪਾਸਾਰ ਹੋਣ ਕਾਰਨ ਪੰਜਾਬੀ ਸਮਾਜ ਅਤੇ ਸਾਹਿਤ ਵਿੱਚ ਨਵੀਨ ਮਸਲਿਆਂ ਅਤੇ ਸਰੋਕਾਰਾਂ ਦੀ ਸ਼ਾਮੂਲਿਅਤ ਹੋਈ ਜਿਨ੍ਹਾਂ ਨੂੰ ਪੰਜਾਬੀ ਕਵੀਆਂ ਨੇ ਆਪਣੀ ਕਾਵਿ-ਪ੍ਰਤਿਭਾ ਅਤੇ ਕਲਾਤਮਿਕ ਸਮਝ ਦੁਆਰਾ ਵੱਖ-ਵੱਖ ਸੰਚਾਰ ਜੁਗਤਾਂ ਦੇ ਪ੍ਰਯੋਗ ਰਾਹੀਂ ਅਭਿਵਿਅਕਤ ਕੀਤਾ ਹੈ ਜਿਸ ਨਾਲ ਸਮਕਾਲੀ ਕਾਵਿਕ-ਉਚਾਰ ਵਿਸ਼ਵੀ ਪੱਧਰੀ ਪਰਿਪੇਖ ਵਿੱਚ ਸਥਾਪਿਤ ਹੋਇਆ ਹੈ। ਇਹੀ ਕਾਰਨ ਹੈ ਕਿ ਸਮਕਾਲੀ ਪੰਜਾਬੀ ਕਵਿਤਾ ਨੇ ਪਰੰਪਰਾਗਤ ਲਿਖਣ ਵਿਧੀਆਂ ਦੇ ਮਹੱਤਵ ਨੂੰ ਘੱਟ ਕਰਕੇ ਨਵੀਨ ਕਾਵਿ-ਪ੍ਰਤੀਮਾਨਾਂ ਅਤੇ ਮੌਲਿਕ ਪੈਟਰਨਾਂ ਨੂੰ ਸਿਰਜਦੇ ਹੋਏ ਵਿਸ਼ਵ ਪੱਧਰੀ 'ਸੰਚਾਰ ਵਿਧਾਨ' ਅਖ਼ਤਿਆਰ ਕੀਤਾ ਹੈ। ਵਿਸ਼ਵੀਕਰਨ ਅਤੇ ਤਕਨੀਕੀ ਕ੍ਰਾਂਤੀ ਦੇ ਦੌਰ ਵਿੱਚ ਪੰਜਾਬੀ ਕਵਿਤਾ ਨੇ ਸੰਚਾਰ, ਤਕਨੀਕੀ ਅਤੇ ਰੂਪਕ ਪੱਖੋਂ ਨਵੇਂ ਨਰੋਏ ਮਾਪਦੰਡਾਂ ਨੂੰ ਗ੍ਰਹਿਣ ਕੀਤਾ ਹੈ। ਸਮਕਾਲੀ ਪੰਜਾਬੀ ਕਵੀ ਆਪਣੇ ਕਾਵਿਕ-ਬਿਆਨ (Poetic Statement) ਪ੍ਰਤੀ ਪੂਰਨ ਸੁਚੇਤ ਹੁੰਦੇ ਕਵਿਤਾ ਵਿੱਚ ਰੂਪਕ ਪੱਖੋਂ ਕਈ ਨਵੇਂ ਪ੍ਰਯੋਗ ਕਰਦਾ ਹੈ ਜਿਵੇਂ ਤੋਲ, ਤੁਕਾਂਤ, ਮਾਪਤੋਲ ਦੀ ਗਿਣਤੀ-ਮਿਣਤੀ ਦੀ ਅਣਹੋਂਦ, ਤੁਕਾਂਤ ਦੀ ਅਨਿਸ਼ਚਿਤਤਾ, ਕਾਵਿਕ-ਵਾਕੰਸ਼ਾਂ ਦੀ ਪਾਠਗਤ ਸਜਾਵਟ ਆਦਿ ਇਸਦੇ ਨਾਲ ਹੀ ਸਮਕਾਲੀ ਕਾਵਿ-ਰੂਪਾਕਾਰਾਂ ਵਿੱਚ ਕਵੀ ਕੁੱਝ ਵਿਜ਼ੁਅਲ ਪੈਟਰਨ ਅਤੇ ਕੁਝ ਮੈਥੇਮੈਟਿਕਸ ਪੈਟਰਨ ਨੂੰ ਵੀ ਸ਼ਾਮਿਲ ਕਰਦਾ ਹੈ ਜਿਸ ਨਾਲ ਸਮਕਾਲੀ ਕਾਵਿ-ਰੂਪ ਪਰੰਪਰਾਗਤ ਕਾਵਿ-ਰੂਪਾਂ ਨਾਲੋਂ ਭਿੰਨ ਅਤੇ ਨਿਵੇਕਲੀ ਹੋਂਦ ਨੂੰ ਅਖ਼ਤਿਆਰ ਕਰਦੇ ਹਨ।

ਕਾਵਿ-ਰੂਪ ਉਪਰੰਤ 'ਭਾਸ਼ਾ' ਕਾਵਿ-ਅਭਿਵਿਅਕਤੀ ਲਈ ਲਾਜ਼ਮੀ ਹੈ। ਕਵੀ ਸਿਰਜਣਾ ਲਈ ਅਲੰਕਾਰ, ਬਿੰਬ, ਪ੍ਰਤੀਕ, ਰਸ, ਧੁਨੀ, ਸ਼ੈਲੀ ਆਦਿ ਕਈ ਤਰ੍ਹਾਂ ਦੀਆਂ ਕਲਾਤਮਿਕ ਅਤੇ ਸਾਹਿਤਕ ਜੁਗਤਾਂ ਦੀ ਵਰਤੋਂ ਕਰਦਾ ਹੋਇਆ ਇੱਕ ਉਤਕ੍ਰਿਸ਼ਟ ਸਾਹਿਤ ਰਚਨਾ ਦੀ ਸੰਰਚਨਾ ਕਰਦਾ ਹੈ। ਦਰਅਸਲ ਸਮਕਾਲੀ ਪੰਜਾਬੀ ਕਵਿਤਾ ਵਧੇਰੇ ਕਰਕੇ ਵਿਸ਼ਵੀ ਪ੍ਰਸੰਗ ਵਿੱਚ ਸਿਰਜੀ ਜਾ ਰਹੀ ਹੈ। ਅਜਿਹੇ ਗਲੋਬਲੀ ਪ੍ਰਸੰਗ ਵਿਚ ਸਮਕਾਲੀ ਪੰਜਾਬੀ ਕਵੀ ਆਪਣੀ ਕਾਵਿ-ਅਭਿਵਿਅਕਤੀ ਨੂੰ ਸਪਸ਼ਟ, ਸਰਲ ਅਤੇ ਸੁਖ਼ਾਲਾ

ਰੱਖਦੇ ਹਨ। ਅਜਿਹੇ ਵਿੱਚ ਕਵੀ ਆਪਣੇ ਕਾਵਿਕ-ਉਚਾਰ ਨੂੰ ਪਰੰਪਰਾਗਤ ਸੰਚਾਰ ਜੁਗਤਾਂ ਦੀ ਸੀਮਤ ਵਰਤੋਂ ਕਰਕੇ ਵਿਭਿੰਨ ਮੌਲਿਕ ਪੈਟਰਨਾਂ ਅਨੁਸਾਰ ਸਮਕਾਲੀ ਵਿਸ਼ਵੀ ਚੇਤਨਾ ਦੇ ਸੰਦਰਭ ਵਿੱਚ ਹੀ ਸਿਰਜਦੇ ਹਨ ਜਿਸ ਕਾਰਨ ਸਮਕਾਲੀ ਪੰਜਾਬੀ ਕਵੀ ਆਪਣੀ ਗੱਲ ਨੂੰ ਵਧੇਰੇ ਸਿੱਧੀ, ਸਪੱਸ਼ਟ ਅਤੇ ਘੱਟ-ਸ਼ਬਦਾਂ ਰਾਹੀਂ ਬਿਆਨ ਕਰਦੇ ਹਨ ਅਤੇ ਸਮਕਾਲੀ ਕਵਿਤਾ ਦੇ ਵਿਲੱਖਣ ਸੰਚਾਰ ਦੀ ਸਥਾਪਤੀ ਹੁੰਦੀ ਹੈ।

ਉਪਰੋਕਤ ਅਧਿਐਨ ਤੋਂ ਇਹ ਵੀ ਸਪਸ਼ਟ ਹੋਇਆ ਹੈ ਕਿ ਸਮਕਾਲੀ ਪੰਜਾਬੀ ਕਵੀ ਆਪਣੇ ਕਾਵਿਕ-ਉਚਾਰ ਅਤੇ ਸੰਚਾਰ ਨੂੰ ਸਮਕਾਲੀ ਚੇਤਨਾ ਦੇ ਅਨੁਸਾਰੀ, ਕਲਾਤਮਿਕ ਅਤੇ ਸੁਹਜਾਤਮਿਕ ਬਣਾਉਣ ਲਈ ਪੱਛਮੀਂ ਦਰਸ਼ਨ ਦੇ ਸੰਦਰਭ ਵਿੱਚ ਸਮਕਾਲੀ ਕਵਿਤਾ ਦੇ ਤੱਤਾਂ/ਜੁਗਤਾਂ ਦੇ ਪ੍ਰਯੋਗ ਕਰਦਾ ਹੈ ਜਿਵੇਂ ਕਿ ਕਵੀ ਆਪਣੇ ਕਾਵਿਕ 'ਥੀਮ' ਨੂੰ ਵੱਖ-ਵੱਖ ਮੋਟਿਫ਼ਾਂ/ਫੈਬੁਲਾ ਦੀ ਸਹਾਇਤਾ ਨਾਲ ਪ੍ਰਭਾਵਸ਼ਾਲੀ ਮੋਟੀਵੇਸ਼ਨ/ਸੁਚੇਤ ਵਿੱਚ ਬਦਲਦੇ ਹੋਏ ਆਪਣੀ ਕਾਵਿਕ ਅਭਿਵਿਅਕਤੀ ਨੂੰ ਪਾਠਕ ਲਈ ਇੱਕ ਅਜਨਬੀਕ੍ਰਿਤ ਦੇ ਰੂਪ ਵਿੱਚ ਪੇਸ਼ ਕਰਦਾ ਹੈ ਅਤੇ ਇਸਦੇ ਨਾਲ ਹੀ ਕਵੀ ਆਪਣੇ ਕਾਵਿਕ ਸੰਚਾਰ ਨੂੰ ਵਧੇਰੇ ਗਹਿਨ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਤ੍ਰਾਸਦੀ, ਵਿਰੋਧਾਭਾਸ, ਨਾਟਕੀ ਚੋਟਾਂ, ਵਿਅੰਗ, ਕਟਾਕਸ਼ ਆਦਿ ਜੁਗਤਾਂ ਦਾ ਪ੍ਰਯੋਗ ਕਰਦੇ ਹੋਏ ਕਵਿਤਾ ਵਿੱਚ ਤਣਾਓ ਨੂੰ ਸਿਰਜਦਾ ਹੈ। ਇਸ ਤਰ੍ਹਾਂ ਅਜੋਕੇ ਦੌਰ ਵਿੱਚ ਕਵੀ 'ਕਾਵਿਕ-ਉਚਾਰ' ਅਤੇ 'ਸੰਚਾਰ' ਲਈ ਸਮਕਾਲੀ ਪੰਜਾਬੀ ਕਵੀ ਨਵੇਂ ਪ੍ਰਯੋਗਾਂ ਦੁਆਰਾ ਨਵੀਆਂ ਸੰਚਾਰ ਜੁਗਤਾਂ ਦਾ ਪ੍ਰਯੋਗ ਕਰ ਰਹੇ ਹਨ। ਜਿਸ ਨਾਲ ਸਮਕਾਲੀ ਪੰਜਾਬੀ ਕਵਿਤਾ ਨੇ ਨਵੀਨਤਮ 'ਸੰਚਾਰ ਵਿਧਾਨ' ਅਖ਼ਤਿਆਰ ਕੀਤਾ ਹੈ।

# ਸਾਰ ਅਤੇ ਸਥਾਪਨਾਵਾਂ

## ਸਾਰ ਅਤੇ ਸਥਾਪਨਾਵਾਂ

ਪ੍ਰਸਤੁਤ ਖੋਜ ਕਾਰਜ **ਸਮਕਾਲੀ ਪੰਜਾਬੀ ਕਵਿਤਾ: ਪ੍ਰਮੁੱਖ ਸਰੋਕਾਰ ਅਤੇ ਸੰਚਾਰ ਵਿਧਾਨ** '2000 ਤੋਂ ਬਾਅਦ ਦੀ ਪੰਜਾਬੀ ਕਵਿਤਾ ਦੇ ਸੰਦਰਭ ਵਿੱਚ' ਵਿਚਾਰਿਆ ਅਤੇ ਉਸਾਰਿਆ ਗਿਆ ਹੈ। ਇਸ ਖੋਜ ਕਾਰਜ ਦਾ ਵਿਸ਼ੇਸ਼ ਅਧਿਐਨ ਵਰਤਮਾਨ ਦੌਰ ਵਿੱਚ ਸਮਕਾਲੀ ਪੰਜਾਬੀ ਕਵਿਤਾ ਦਾ ਪ੍ਰਤੀਨਿਧਤਵ ਕਰ ਰਹੇ ਸੁਰਜੀਤ ਪਾਤਰ, ਸੁਖਵਿੰਦਰ ਅੰਮ੍ਰਿਤ, ਜਸਵੰਤ ਜ਼ਫ਼ਰ, ਗੁਰਪ੍ਰੀਤ ਅਤੇ ਗੁਰਤੇਜ ਕੋਹਾਰਵਾਲਾ ਦੀਆਂ ਕਾਵਿ-ਰਚਨਾਵਾਂ ਨੂੰ ਆਧਾਰ ਬਣਾ ਕੇ ਕੀਤਾ ਗਿਆ ਹੈ, ਜਿਨ੍ਹਾਂ ਦੀ ਚੋਣ ਵੱਖ-ਵੱਖ ਵਿਦਵਾਨਾਂ ਨਾਲ ਕੀਤੀ ਮੁਲਾਕਾਤ ਅਤੇ ਸਰਵੇ 'ਤੇ ਆਧਾਰਿਤ ਹੈ। ਖੋਜ ਕਾਰਜ ਵਿੱਚ ਇਨ੍ਹਾਂ ਚੁਣੇ ਹੋਏ ਕਵੀਆਂ ਦੀਆਂ 2000 ਈ. ਤੋਂ ਬਾਅਦ ਪ੍ਰਕਾਸ਼ਿਤ ਹੋਈਆਂ ਕਾਵਿ-ਪੁਸਤਕਾਂ ਨੂੰ ਸ਼ਾਮਿਲ ਕੀਤਾ ਗਿਆ ਹੈ ਜਿਨ੍ਹਾਂ ਦੇ ਅਧਿਐਨ ਰਾਹੀਂ ਸਮਕਾਲੀ ਪੰਜਾਬੀ ਕਵਿਤਾ ਦੇ 'ਪ੍ਰਮੁੱਖ ਸਰੋਕਾਰਾਂ' ਅਤੇ 'ਸੰਚਾਰ ਵਿਧਾਨ' ਦਾ ਗਹਿਨ ਅਧਿਐਨ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਵਾਸਤਵ ਵਿਚ ਪੰਜਾਬੀ ਕਵਿਤਾ ਅਧਿਆਤਮਕ, ਰਹੱਸਵਾਦੀ, ਨਵਰਹੱਸਵਾਦੀ, ਸੁਧਾਰਵਾਦੀ, ਰੁਮਾਂਸਵਾਦੀ, ਮਾਰਕਸਵਾਦੀ/ਪ੍ਰਗਤੀਵਾਦੀ, ਪ੍ਰਯੋਗਵਾਦੀ, ਸੁਹਜਵਾਦੀ, ਜੁਝਾਰਵਾਦੀ, ਅਸਤਿਤ੍ਵਵਾਦੀ ਆਦਿ ਵੱਖੋ-ਵੱਖਰੀਆਂ ਪ੍ਰਵਿਰਤੀਆਂ ਅਤੇ ਕਾਵਿ-ਧਾਰਾਵਾਂ ਦੇ ਵਿਭਿੰਨ ਇਤਿਹਾਸਕ ਪੜਾਵਾਂ ਵਿੱਚੋਂ ਗੁਜ਼ਰਦੀ ਹੋਈ ਵਰਤਮਾਨ ਸਮੇਂ ਵਿੱਚ ਨਿਰੋਲ-ਨਿਵੇਕਲੇ ਪੈਟਰਨ ਅਤੇ ਪ੍ਰਤੀਮਾਨਾਂ ਨੂੰ ਸਥਾਪਿਤ ਕਰਦੀ ਹੋਈ ਆਪਣਾ ਵਿਕਸਿਤ ਰੂਪ ਅਖ਼ਤਿਆਰ ਕਰਦੀ ਹੈ।

'ਪੰਜਾਬੀ ਕਵਿਤਾ' ਦੀ ਗੌਰਵਮਈ ਪਰੰਪਰਾ ਨਾਥਾਂ-ਜੋਗੀਆਂ ਤੋਂ ਆਰੰਭ ਹੋਈ, ਸੂਫ਼ੀ-ਸਾਹਿਤ ਅਤੇ ਗੁਰਬਾਣੀ ਕਾਵਿ-ਧਾਰਾ ਦੁਆਰਾ ਵਿਕਸਿਤ ਹੁੰਦੀ ਹੈ, ਉਪਰੰਤ ਬੀਰ-ਕਾਵਿ ਅਤੇ ਕਿੱਸਾ-ਕਾਵਿ ਧਾਰਾ ਅਧੀਨ ਪ੍ਰਫ਼ੁੱਲਤ ਹੁੰਦੀ ਹੋਈ ਸਮੁੱਚੇ 'ਮੱਧਕਾਲੀਨ' ਕਾਲਖੰਡ ਨੂੰ ਆਪਣੇ ਕਲੇਵਰ ਵਿੱਚ ਸਮਾਉਂਦੀ ਹੈ ਅਤੇ ਮੱਧਕਾਲੀਨਤਾ ਦੀ ਬਹੁਪੱਖੀ ਪੇਸ਼ਕਾਰੀ ਕਰਦੀ ਹੈ। ਉੱਨਵੀਂ ਸਦੀ ਦੇ ਦੂਜੇ ਅੱਧ ਵਿੱਚ ਅੰਗਰੇਜ਼ੀ ਹਕੂਮਤ, ਬਸਤੀਵਾਦ, ਬੌਧਿਕਤਾ ਦੇ ਵਿਕਾਸ ਅਤੇ ਵਿਗਿਆਨਕ ਕ੍ਰਾਂਤੀ ਦੀ ਦੇਣ ਵਜੋਂ ਪੰਜਾਬ ਵਿੱਚ ਆਧੁਨਿਕਤਾ ਦਾ ਦੌਰ ਆਰੰਭ ਹੋਇਆ। ਵਾਸਤਵ ਵਿੱਚ ਆਧੁਨਿਕਤਾ ਇੱਕ ਅਜਿਹੀ ਕ੍ਰਾਂਤੀ ਹੈ, ਜਿਸ ਦਾ ਆਧਾਰ ਵਿਗਿਆਨ,

ਤਾਰਕਿਕ ਦ੍ਰਿਸ਼ਟੀਕੋਣ ਅਤੇ ਵਿਸ਼ਲੇਸ਼ਣਕਾਰੀ ਚਿੰਤਨ ਤੇ ਚੇਤਨਾ ਹੈ। ਸਮਕਾਲੀ ਪੰਜਾਬੀ ਕਵਿਤਾ ਵਰਤਮਾਨ ਯੁੱਗ ਦੇ ਸਮਾਜਿਕ, ਸੱਭਿਆਚਾਰਕ, ਆਰਥਿਕ ਅਤੇ ਰਾਜਨੀਤਿਕ ਸੰਰਚਨਾਵਾਂ ਦੇ ਬੁਨਿਆਦੀ ਪਰਿਵਰਤਨਾਂ ਦੇ ਯਥਾਰਥ ਨੂੰ ਅਭਿਵਿਅਕਤ ਅਤੇ ਸੰਚਾਰਿਤ ਕਰਦੀ ਹੋਈ ਵੱਖਰੇ ਕਾਲ ਖੰਡ ਦੀ ਕਵਿਤਾ ਵਜੋਂ ਸਥਾਪਿਤ ਹੁੰਦੀ ਹੈ। ਵੀਹਵੀਂ ਸਦੀ ਦੇ ਆਖ਼ਰੀ ਦਹਾਕਿਆਂ ਵਿੱਚ ਜੁਝਾਰ ਵਿਦਰੋਹ ਲਹਿਰ ਦੀ ਅਸਫ਼ਲਤਾ, 1984 ਦੌਰਾਨ ਹਰਿਮੰਦਰ ਸਾਹਿਬ ਵਿਖੇ ਨੀਲਾ ਤਾਰਾ ਆਪਰੇਸ਼ਨ ਦਾ ਦੁਖਾਂਤ, 1990 ਦੇ ਆਸ-ਪਾਸ ਸੋਵਿਅਤ ਮਾਰਕਸਵਾਦ ਅਤੇ ਸਮਾਜਵਾਦੀ ਮਾਡਲ ਦਾ ਖਿੰਡ-ਪੁੰਡ ਜਾਣਾ ਆਦਿ ਵਿਸ਼ਵ ਪੱਧਰ ’ਤੇ ਕਈ ਵੱਡੇ ਪਰਿਵਰਤਨ ਵਾਪਰੇ, ਜਿਸ ਦੇ ਨਤੀਜੇ ਵੱਜੋ ਪੰਜਾਬੀ ਕਵਿਤਾ ਦੀਆਂ ਪਰੰਪਰਾਗਤ ਲਿਖਣ ਵਿਧੀਆਂ ਅਤੇ ਧਾਰਨਾਵਾਂ ਬਦਲ ਗਈਆਂ ਪੰਜਾਬੀ ਕਵਿਤਾ ਨੇ ਕਿਸੇ ਇਕਹਿਰੀ ਪ੍ਰਵਿਰਤੀ ਦੀ ਵਿਚਾਰਧਾਰਕ ਚੜ੍ਹਤ, ਅਧੀਨਗੀ ਜਾਂ ਦਿਸ਼ਾ ਨਿਰਦੇਸ਼ਾਂ ਤੋਂ ਵੀ ਪੂਰਨ ਰੂਪ ਵਿੱਚ ਸੁਤੰਤਰਤਾ ਪ੍ਰਾਪਤ ਕੀਤੀ। ਇਸ ਤਰ੍ਹਾਂ ਸਮਕਾਲੀ ਪੰਜਾਬੀ ਕਵਿਤਾ ਨਿਰੋਲ-ਨਿਵੇਕਲੇ ਪੈਟਰਨ ਅਤੇ ਪ੍ਰਤੀਮਾਨਾਂ ਨੂੰ ਅਖ਼ਤਿਆਰ ਕਰਦੀ ਹੋਈ ਨਵੇਂ ਪ੍ਰਯੋਗਾਂ ਦੁਆਰਾ ਨਵੀਨ ‘ਕਾਵਿ-ਪ੍ਰਤਿਮਾਨਾਂ’ ਨੂੰ ਸਿਰਜਦੀ ਹੋਈ ਵਿਸ਼ਵੀ ਸਤਰ੍ਹ ਦੇ ਵਿਚਾਰਧਾਰਈ ਪੈਰਾਡਾਇਮਾਂ ਨੂੰ ਉਸਾਰਕੇ ਇੱਕ ਵੱਖਰੇ ਕਾਲਖੰਡ ਵਜੋਂ ਸਥਾਪਿਤ ਹੁੰਦੀ ਹੈ।

‘ਸਮਕਾਲੀ ਪੰਜਾਬੀ ਕਵਿਤਾ: ਪ੍ਰਮੁੱਖ ਸਰੋਕਾਰ ਅਤੇ ਸੰਚਾਰ ਵਿਧਾਨ (2000 ਤੋਂ ਬਾਅਦ ਦੀ ਪੰਜਾਬੀ ਕਵਿਤਾ ਦੇ ਸੰਦਰਭ ਵਿੱਚ)’ ਦੇ ਸਮੁੱਚੇ ਕਾਰਜ ਨੂੰ ਵਿਧੀਵਤ ਰੂਪ ਵਿਚ ਉਸਾਰਦੇ ਹੋਏ ਚਾਰ-ਅਧਿਆਵਾਂ ਅਤੇ ਅੱਗੋਂ ਉੱਪ-ਅਧਿਆਵਾਂ ਵਿਚ ਵੰਡਿਆ ਗਿਆ ਹੈ। ਇਸਦੇ ਪਹਿਲੇ ਅਧਿਆਇ ‘ਸਿਧਾਂਤਕ ਪਰਿਪੇਖ’ ਨੂੰ ਪੰਜ ਉੱਪ-ਸਿਰਲੇਖਾਂ ਤਹਿਤ ਉਸਾਰਦੇ ਹੋਏ ਖੋਜ ਕਾਰਜ ਦੇ ਉਦੇਸ਼, ਖੋਜ ਵਿਧੀ, ਪੂਰਵ ਖੋਜ ਕਾਰਜ ਸਰਵੇਖਣ ਦੇ ਨਾਲ-ਨਾਲ ‘ਸਮਕਾਲੀ ਪੰਜਾਬੀ ਕਵਿਤਾ’ ਅਤੇ ‘ਸੰਚਾਰ ਵਿਧਾਨ’ ਦੇ ਸਿਧਾਂਤਕ ਪਰਿਪੇਖ ਸਿਰਜਣ ਦਾ ਵੀ ਉਪਰਾਲਾ ਕੀਤਾ ਗਿਆ ਹੈ। ਸੰਬੰਧਿਤ ਖੋਜ ਕਾਰਜ ਵਿਸ਼ੇਸ਼ ਉਦੇਸ਼ਾਂ ਨੂੰ ਜ਼ਹਿਨ ਵਿੱਚ ਰੱਖ ਕੇ ਉਸਾਰਿਆ ਗਿਆ ਹੈ ਅਤੇ ਇਨ੍ਹਾਂ ਉਦੇਸ਼ਾਂ ਦੀ ਪੂਰਤੀ ਢੁਕਵੀਆਂ ਖੋਜ ਵਿਧੀਆਂ ਦੇ ਅਧਾਰ ’ਤੇ ਕੀਤੀ ਗਈ ਹੈ। ਖੋਜ ਕਾਰਜ ਦੇ ਪਹਿਲੇ ਉਦੇਸ਼ ਮੁਤਾਬਿਕ ਸਮਕਾਲੀ ਪੰਜਾਬੀ ਕਵਿਤਾ ਦੇ ਸਰੂਪ ਨੂੰ

ਉਘਾੜਨ ਦਾ ਯਤਨ ਕੀਤਾ ਗਿਆ ਹੈ ਜਿਸ ਤਹਿਤ ਵੀਹਵੀਂ ਸਦੀ ਦੇ ਆਖ਼ਰੀ ਦਹਾਕਿਆਂ ਦੀ ਕਵਿਤਾ ਦੁਆਰਾ ਰਾਜਸੀ, ਧਾਰਮਿਕ ਜਾਂ ਵਿਚਾਰਧਾਰਕ ਲਹਿਰਾਂ ਦੀ ਗੁਲਾਮੀ ਤੋਂ ਆਜ਼ਾਦ ਹੋ ਕੇ 'ਵਿਸ਼ੇ' ਅਤੇ 'ਰੂਪਕ' ਪੱਖੋਂ ਗ੍ਰਹਿਣ ਕੀਤੇ ਨਵੀਨਤਮ ਸਰੂਪ ਨੂੰ ਉਜਾਗਰ ਕੀਤਾ ਗਿਆ ਹੈ। ਖੋਜ ਕਾਰਜ ਦੇ ਦੂਜੇ ਉਦੇਸ਼ ਆਧੁਨਿਕਤਾ, ਤਕਨੀਕੀ ਵਿਕਾਸ ਅਤੇ ਸਮੇਂ ਦੀ ਤਬਦੀਲੀ ਕਾਰਨ ਸਮਕਾਲੀ ਕਵਿਤਾ ਵਿੱਚ ਪੈਦਾ ਹੋਏ ਨਵੇਂ ਸਰੋਕਾਰਾਂ ਨੂੰ ਉਜਾਗਰ ਕਰਨਾ ਰਿਹਾ ਹੈ ਜਿਸ ਦੀ ਪ੍ਰਾਪਤੀ ਲਈ ਸਮਕਾਲੀ ਪੰਜਾਬੀ ਕਵਿਤਾ ਦੇ ਸਮਾਜਿਕ, ਸੱਭਿਆਚਾਰਕ, ਆਰਥਿਕ ਅਤੇ ਰਾਜਨੀਤਿਕ ਸਰੋਕਾਰਾਂ ਦੇ ਗਹਿਨ ਅਧਿਐਨ ਦਾ ਯਤਨ ਕੀਤਾ ਗਿਆ ਹੈ। ਇਸ ਦੇ ਨਾਲ ਹੀ ਖੋਜ ਕਾਰਜ ਦਾ ਇਕ ਉਦੇਸ਼, ਗਲੋਬਲੀ ਪੱਧਰ 'ਤੇ ਅਨੁਭਵਾਂ ਦੀ ਅਭਿਵਿਅਕਤੀ ਕਰਨ ਲਈ ਵਰਤੀਆਂ ਜਾ ਰਹੀਆਂ ਨਵੀਆਂ ਸੰਚਾਰ ਜੁਗਤਾਂ ਦਾ ਉਲੇਖ ਕਰਨਾ ਵੀ ਰਿਹਾ ਹੈ। ਜਿਸ ਦੀ ਪੂਰਤੀ ਲਈ ਸਮਕਾਲੀ ਪੰਜਾਬੀ ਕਵਿਤਾ ਵਿੱਚ ਵਰਤੇ ਸੰਚਾਰ ਵਿਧਾਨ ਨੂੰ ਵਿਚਾਰਿਆ ਗਿਆ ਹੈ ਅਤੇ ਨਵੀਨ ਸਰੂਪ ਤੇ ਨਵੀਆਂ ਜੁਗਤਾਂ ਨੂੰ ਦ੍ਰਿਸ਼ਟੀਗੋਚਰ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਇਸ ਪ੍ਰਕਾਰ ਨਿਸ਼ਚਿਤ ਕੀਤੇ ਉਦੇਸ਼ਾਂ ਦੀ ਪ੍ਰਾਪਤੀ ਦੁਆਰਾ ਕਵਿਤਾ ਦੇ ਨਵੀਨ ਸਰੂਪ, ਨਵੇਂ ਸਰੋਕਾਰਾਂ ਅਤੇ ਸਮਕਾਲੀ ਪੰਜਾਬੀ ਕਵਿਤਾ ਦੁਆਰਾ ਅਖ਼ਤਿਆਰ ਕੀਤੇ ਨਵੀਨ 'ਸੰਚਾਰ ਵਿਧਾਨ' ਨੂੰ ਰੂਪਮਾਨ ਕਰਨ ਦਾ ਯਤਨ ਕੀਤਾ ਗਿਆ ਹੈ। ਇਸਦੇ ਨਾਲ ਹੀ ਪੰਜਾਬੀ ਕਵੀਆਂ ਦੀ ਚੇਤਨਾ ਨੂੰ ਸਮਾਜਿਕਤਾ ਦੇ ਨਜ਼ਰੀਏ ਤੋਂ ਸਮਝਣ ਦਾ ਉਪਰਾਲਾ ਵੀ ਕੀਤਾ ਗਿਆ ਹੈ।

ਸਮਕਾਲੀ ਪੰਜਾਬੀ ਕਵਿਤਾ ਦੇ 'ਸਰੂਪ', 'ਸਰੋਕਾਰਾਂ' ਅਤੇ 'ਸੰਚਾਰ ਵਿਧਾਨ' ਦਾ ਅਧਿਐਨ ਵੱਖ-ਵੱਖ ਢੁੱਕਵੀਆਂ ਵਿਧੀਆਂ ਤਹਿਤ ਕਰਨ ਦਾ ਪ੍ਰਯਤਨ ਕੀਤਾ ਗਿਆ ਹੈ। ਜਿਨਾਂ ਵਿੱਚੋਂ 'ਵਿਸ਼ਲੇਸ਼ਣਾਤਮਕ' ਅਧਿਐਨ ਵਿਧੀ ਦੁਆਰਾ ਸਮਕਾਲੀ ਪੰਜਾਬੀ ਕਵਿਤਾ ਦੇ ਵੱਖ-ਵੱਖ ਪਹਿਲੂਆਂ ਦੀ ਪਰਖ-ਪੜਚੋਲ, ਨਿਖੇੜ ਅਤੇ ਖੰਡ-ਕਰਨ ਕਰਦੇ ਹੋਏ ਕਵਿਤਾ ਦੇ ਸਰੂਪ ਨੂੰ ਉਜਾਗਰ ਕਰਨ ਦਾ ਉਪਰਾਲਾ ਕੀਤਾ ਗਿਆ ਹੈ। 'ਸਮਾਜ-ਸ਼ਾਸ਼ਤਰੀ' ਅਤੇ 'ਮਨੋ-ਵਿਸ਼ਲੇਸ਼ਣਾਤਮਕ' ਪਹੁੰਚ ਵਿਧੀ ਦੇ ਪ੍ਰਯੋਗ ਦੁਆਰਾ, ਸਮਕਾਲੀ ਪੰਜਾਬੀ ਕਵਿਤਾ ਵਿੱਚ ਆਧੁਨਿਕਤਾ, ਤਕਨੀਕੀ ਵਿਕਾਸ ਅਤੇ ਸਮੇਂ ਦੀ ਤਬਦੀਲੀ ਕਾਰਨ ਪੈਦਾ ਹੋਏ ਨਵੇਂ ਸਰੋਕਾਰਾਂ

ਨੂੰ ਪਛਾਨਣ ਦਾ ਯਤਨ ਕੀਤਾ ਗਿਆ ਹੈ। ਇਸਦੇ ਨਾਲ ਹੀ 'ਸੁਹਜ-ਸ਼ਾਸ਼ਤਰੀ' ਖੋਜ ਦ੍ਰਿਸ਼ਟੀ ਦੁਆਰਾ ਨਵੀਆਂ ਸੰਚਾਰ ਜੁਗਤਾਂ ਦੀ ਨਿਸ਼ਾਨਦੇਹੀ ਕਰਦੇ ਹੋਏ ਸਮਕਾਲੀ ਪੰਜਾਬੀ ਕਵਿਤਾ ਦੇ ਅਧਿਐਨ, ਵਿਸ਼ਲੇਸ਼ਣ, ਵਿਆਖਿਆ ਅਤੇ ਮੁਲਾਂਕਣ ਲਈ 'ਸੰਚਾਰ ਵਿਧਾਨ' ਨੂੰ ਇਕ ਨਿਰਪੱਖ/ਨਿਰਵਾਦ ਅਤੇ ਵਿਗਿਆਨ ਸਮੀਖਿਅਕ ਆਧਾਰ ਵਜੋਂ ਪ੍ਰਸਤੁਤ ਵੀ ਕੀਤਾ ਗਿਆ ਹੈ।

ਇਸੇ ਅਧਿਆਇ ਅੰਤਰਗਤ ਖੋਜ ਕਾਰਜ ਨਾਲ ਸੰਬੰਧੀ 'ਪੂਰਵ ਖੋਜ ਕਾਰਜ ਦੀ ਪੜਚੋਲ' ਅਧੀਨ ਖੋਜ ਪ੍ਰਬੰਧਾਂ ਅਤੇ ਖੋਜ ਨਿਬੰਧਾਂ ਦੇ ਅਧਿਐਨ ਦੇ ਨਾਲ-ਨਾਲ ਸਿਧਾਂਤਕ ਪੁਸਤਕਾਂ ਦਾ ਮੁਲਾਂਕਣ ਵੀ ਕੀਤਾ ਗਿਆ ਹੈ। ਜਿਸ ਦਾ ਮਨੋਰਥ ਪੂਰਵ ਪ੍ਰਾਪਤ ਹੋਈਆਂ ਖੋਜਾਂ ਨੂੰ ਨਕਾਰਨਾ ਨਹੀਂ ਹੈ ਅਤੇ ਨਾਂ ਹੀ ਉਸੇ ਰੂਪ ਵਿਚ ਸਵੀਕਾਰ ਕਰਨਾ ਹੈ। ਪੂਰਵ ਖੋਜ ਕਾਰਜਾਂ ਦਾ ਆਲੋਚਨਾਤਮਕ ਅਧਿਐਨ ਕਰਦਿਆਂ ਅਸੀਂ ਹਥਲੇ ਖੋਜ ਕਾਰਜ 'ਸਮਕਾਲੀ ਪੰਜਾਬੀ ਕਵਿਤਾ: ਪ੍ਰਮੁੱਖ ਸਰੋਕਾਰ ਅਤੇ ਸੰਚਾਰ ਵਿਧਾਨ' ਦੀ ਪੂਰਵ ਹੋਏ ਖੋਜ ਕਾਰਜਾਂ ਦੇ ਪ੍ਰਸੰਗ ਵਿੱਚ ਪ੍ਰਾਸੰਗਿਕਤਾ ਅਤੇ ਸਾਰਥਿਕਤਾ ਦੇ ਪ੍ਰਤੱਖਣ ਦਾ ਉਪਰਾਲਾ ਕੀਤਾ ਹੈ ਜਿਸ ਤੋਂ ਸਪਸ਼ਟ ਹੋਇਆ ਹੈ ਕਿ ਖੋਜ ਕਾਰਜ ਨਾਲ ਸੰਬੰਧੀ ਪਹਿਲਾਂ ਤੋਂ ਹੋ ਚੁੱਕੇ ਕਾਰਜ ਦੀ ਸਮੱਗਰੀ ਦਾ ਸਰਵੇਖਣ ਅਤੇ ਮੁਲਾਂਕਣ ਸਾਡੇ ਲਈ ਬੇਸ਼ੱਕ ਸਹਾਇਕ ਸਿੱਧ ਹੋਇਆ ਹੈ ਪਰ ਹਥਲੇ ਖੋਜ ਕਾਰਜ ਦਾ ਉਦੇਸ਼ ਅਤੇ ਖੇਤਰ ਪੂਰਵ ਹੋ ਚੁੱਕੇ ਕਾਰਜ ਤੋਂ ਨਿਵੇਕਲਾ ਅਤੇ ਵੱਖਰਾ ਹੈ। ਅਸੀਂ ਆਪਣੇ ਖੋਜ ਕਾਰਜ ਵਿੱਚ ਖੇਤਰੀ ਸਰਵੇ ਦੁਆਰਾ ਚੁਣੇ ਹੋਏ ਪੰਜ ਪ੍ਰਮੁੱਖ ਸਮਕਾਲੀ ਪੰਜਾਬੀ ਕਵੀਆਂ ਦੇ ਆਧਾਰ 'ਤੇ ਸਮਕਾਲੀ ਪੰਜਾਬੀ ਕਵਿਤਾ ਦੇ ਪ੍ਰਮੁੱਖ ਸਰੋਕਾਰ ਅਤੇ ਸੰਚਾਰ ਵਿਧਾਨ ਦਾ ਅਧਿਐਨ ਦਾ ਪ੍ਰਯਤਨ ਕੀਤਾ ਹੈ। ਜਿਸ ਦੇ ਸਿੱਟੇ ਵਜੋਂ ਸਮਕਾਲੀ ਪੰਜਾਬੀ ਕਵਿਤਾ ਦੇ ਸਰੂਪ ਨੂੰ ਸਪੱਸ਼ਟ ਕਰਨ ਦੀ ਭਰਪੂਰ ਕੋਸ਼ਿਸ ਕੀਤੀ ਹੈ।

ਖੋਜ ਅਧਿਆਇ ਦੇ ਅਗਲੇ ਭਾਗ ਵਿੱਚ ਸਮਕਾਲੀ ਪੰਜਾਬੀ ਕਵਿਤਾ ਨੂੰ ਪਰਿਭਾਸ਼ਿਤ ਕਰਦਿਆ ਪੰਜਾਬੀ ਕਵਿਤਾ ਦੇ ਸਰੂਪ, ਨਿਕਾਸ ਅਤੇ ਵਿਕਾਸ ਤੋਂ ਲੈ ਕੇ ਆਧੁਨਿਕ ਕਾਵਿ-ਪਰੰਪਰਾ ਤੇ ਸਮਕਾਲੀ ਪੰਜਾਬੀ ਕਵਿਤਾ ਦੇ ਸਿਧਾਂਤਕ ਪਰਿਪੇਖ ਦਾ ਪੁਨਰ ਮੁਲਾਂਕਣ ਕੀਤਾ ਗਿਆ ਹੈ। ਜਿਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਮਨੁੱਖ ਸ਼ੁਰੂ ਤੋਂ ਹੀ ਸੁਹਜ ਦੀ ਸਿਰਜਣਾ ਕਰਦਾ ਹੋਇਆ ਇਸ ਨੂੰ ਮਾਣਦਾ ਆਇਆ ਹੈ। ਭਾਸ਼ਿਕ

ਕਲਾਵਾਂ ਵਿੱਚੋਂ 'ਕਾਵਿ ਸੰਰਚਨਾ' ਸਿਰਜਣਾ ਅਤੇ ਸੰਚਾਰ ਦਾ ਸਭ ਤੋਂ ਤੀਬਰ ਤੇ ਪ੍ਰਾਚੀਨ ਸਾਧਨ ਹੈ ਜੋ ਮਨੁੱਖ ਦੀ ਚੇਤਨਾ ਦੇ ਪਾਸਾਰ ਵਿੱਚੋਂ ਉਤਪੰਨ ਹੋਇਆ। ਜਿਸ ਦੇ ਅੰਤਰਗਤ ਮਨੁੱਖ ਜੀਵਨ ਬਿਰਤਾਂਤ ਨੂੰ ਬੜੇ ਸੂਖ਼ਮ, ਅਮੀਰ ਅਤੇ ਸ਼ਕਤੀਸ਼ਾਲੀ ਰੂਪ ਵਿੱਚ ਚਿੰਤਨ-ਮੂਲਕ ਪੱਖਾਂ, ਨਿੱਜੀ ਭਾਵਨਾਵਾਂ, ਸੰਵੇਦਨਾਵਾਂ ਅਤੇ ਸ਼ਬਦਾਂ ਦੇ ਕਲਾਤਮਿਕ ਪ੍ਰਯੋਗ ਨਾਲ ਸਿਰਜਦਾ ਹੈ। ਭਾਵੇਂ 'ਕਾਵਿ' ਦਾ ਵਿਸ਼ੇਸ਼ ਸੰਬੰਧ ਮਨੁੱਖੀ ਭਾਵਨਾਵਾਂ ਨਾਲ ਹੈ ਪਰ ਇਹ ਵਿਚਾਰਾਂ ਅਤੇ ਬਿਰਤਾਂਤਾਂ ਨੂੰ ਵੀ ਪੂਰੇ ਗੌਰਵਮਈ ਰੂਪ ਵਿੱਚ ਪੇਸ਼ ਕਰਦਾ ਹੈ।

ਸਮਕਾਲੀ ਪੰਜਾਬੀ ਕਵਿਤਾ ਦੇ ਸਰੂਪ ਦੇ ਮੁਲਾਂਕਣ ਤੋਂ ਉਪਰੰਤ ਪੰਜਾਬੀ ਕਵਿਤਾ ਦੇ ਨਿਕਾਸ-ਵਿਕਾਸ ਨੂੰ ਉਲੀਕਣ ਦਾ ਉਪਰਾਲਾ ਕੀਤਾ ਗਿਆ ਹੈ ਤਾਂ ਕਿ ਸਮੁੱਚੀ ਕਵਿਤਾ ਦੇ ਸੰਦਰਭ ਵਿੱਚ ਸਮਕਾਲੀ ਕਵਿਤਾ ਦੀ ਨਿਸ਼ਾਨਦੇਹੀ ਕੀਤੀ ਜਾ ਸਕੇ। ਗਿਆਰ੍ਹਵੀਂ ਸਦੀ ਵਿੱਚ 'ਪੰਜਾਬੀ-ਕਾਵਿ' ਦੇ ਨਿਕਾਸ ਦੀ ਪਰੰਪਰਾ ਨਾਥਾਂ-ਜੋਗੀਆਂ ਦੇ ਸਾਹਿਤ 'ਸਿੱਧ-ਗੋਸ਼ਟ' ਕਾਵਿ-ਰੂਪ ਨਾਲ ਹੋਇਆ ਹੈ ਜੋ ਪੰਜਾਬੀ ਸਾਹਿਤ ਦੇ ਆਰੰਭਤਾ ਦੀ ਨਿਸ਼ਾਨਦੇਹੀ ਕਰਦਾ ਹੈ। ਜਿਸ ਉਪਰੰਤ ਪ੍ਰਮਾਣਿਕ ਤੌਰ 'ਤੇ ਸੂਫ਼ੀ-ਸਾਹਿਤ ਦੇ ਪਹਿਲੇ ਪੰਜਾਬੀ ਕਵੀ ਸ਼ੇਖ਼ ਫ਼ਰੀਦ ਦੀ ਬਾਣੀ ਮਿਲਦੀ ਹੈ। ਸ਼ੇਖ਼ ਫ਼ਰੀਦ ਤੋਂ ਬਾਅਦ ਸ਼ਾਹ ਹੁਸੈਨ, ਸ਼ਾਹ ਸ਼ਰਫ਼ਬਟਾਲਵੀ, ਸੁਲਤਾਨ ਬਾਹੂ, ਬੁੱਲ੍ਹੇ ਸ਼ਾਹ, ਹੈਦਰ ਅਲੀ, ਗੁਲਾਂਮ ਫ਼ਰੀਦ ਆਦਿ ਸੂਫ਼ੀ ਕਵੀ ਹੋਏ ਹਨ ਜਿਨ੍ਹਾਂ ਨੇ ਸੂਫ਼ੀ ਤਸਵਫ਼ ਦੇ ਵਿਭਿੰਨ ਪਾਸਾਰਾਂ ਦੀ ਪੇਸ਼ਕਸੀ ਕਰਦਿਆਂ ਸੂਫ਼ੀ-ਕਾਵਿ ਪਰੰਪਰਾ ਦੇ ਵਿਕਾਸ ਵਿੱਚ ਭਰਪੂਰ ਯੋਗਦਾਨ ਪਾਇਆ। ਇਸ ਉਪਰੰਤ ਗੁਰਬਾਣੀ ਕਾਵਿ-ਧਾਰਾ ਦੇ ਅੰਤਰਗਤ ਅਧਿਆਤਮਿਕ ਤੇ ਵੱਡ-ਮੁੱਲੇ ਵਿਚਾਰਾਂ ਰਾਹੀਂ ਸਮੁੱਚੇ ਕਾਲਖੰਡ ਦੀ ਬਹੁਪੱਖੀ ਪੇਸ਼ਕਾਰੀ ਹੋਈ ਜਿਸ ਨੇ ਮਨੁੱਖੀ ਮਨ ਨੂੰ ਭਰਮ ਭੁਲੇਖਿਆਂ ਤੋਂ ਮੁਕਤ ਕਰਕੇ, ਉਸ ਦੀ ਬੁੱਧੀ ਨੂੰ ਨਿਖ਼ਾਰਦੇ ਹੋਏ, ਸੱਚ ਦੀ ਸੋਝੀ ਪ੍ਰਦਾਨ ਕੀਤੀ। ਕਵਿਤਾ ਦੇ ਅਗਲੇ ਦੌਰ ਵਿੱਚ 'ਬੀਰ-ਰਸੀ ਸਾਹਿਤ' ਅੰਤਰਗਤ ਨੇਕੀ-ਬਦੀ, ਸਤਿ-ਅਸਤਿ, ਗੁਰਮੁੱਖ-ਮਨਮੁੱਖ, ਭੌਤਿਕ ਜਾਂ ਸਰੀਰਿਕ ਤੌਰ 'ਤੇ ਛਿੜੇ ਸੰਘਰਸ਼ ਦੀ ਪੇਸ਼ਕਾਰੀ ਹੋਈ ਜੋ ਪੰਜਾਬ ਦੇ ਸਥਾਨਕ ਚਰਿੱਤਰ ਵਿੱਚ ਵਿਦਮਾਨ ਬੀਰਤਾ ਦੇ ਭਾਵ ਦਾ ਬੁਨਿਆਦੀ ਅੰਗ ਸਾਬਿਤ ਹੋਇਆ ਜਿਸ ਉਪਰੰਤ ਕਿੱਸਾ-ਕਾਵਿ ਇਸਤਰੀ-ਪੁਰਖ ਦੇ ਆਪਸੀ ਸੰਬੰਧਾਂ ਵਿੱਚੋਂ ਉਪਜੇ ਇਸ਼ਕ, ਪਿਆਰ ਅਤੇ ਮੋਹ ਦੇ ਭਾਵਾਂ ਦੀ ਪੇਸ਼ਕਾਰੀ ਕਰਦਾ ਹੈ।

ਜਿਸ ਨੂੰ ਪ੍ਰਸਿੱਧ ਕਿੱਸਾਕਾਰ ਦਮੋਦਰ, ਪੀਲੂ, ਹਾਫ਼ਿਜ਼ ਬਰਖ਼ੁਰਦਾਰ, ਵਾਰਿਸ ਸ਼ਾਹ, ਅਹਿਮਦ ਯਾਰ ਅਤੇ ਕਾਦਰ ਯਾਰ ਵਰਗੇ ਕਿੱਸਾਕਾਰ ਪੰਜਾਬੀ ਸੱਭਿਆਚਾਰ ਦੀਆਂ ਪ੍ਰਮੁੱਖ ਰਿਵਾਇਤਾਂ ਨੂੰ ਅਭਿਵਿਅਕਤ ਕਰਦੇ ਹੋਏ ਪ੍ਰਫੁੱਲਿਤ ਕਰਦੇ ਹਨ।

ਨਿਰੰਤਰ ਮਨੁੱਖੀ ਸੱਭਿਅਤਾ ਦੇ ਵਿਕਾਸ ਨੇ ਮਨੁੱਖੀ ਗਿਆਨ ਵਿੱਚ ਵਾਧਾ ਕਰਦੇ ਹੋਏ ਵਿਗਿਆਨਕ ਦ੍ਰਿਸ਼ਟੀਕੋਣ ਅਤੇ ਵਿਸ਼ਲੇਸ਼ਣਕਾਰੀ ਚਿੰਤਨ ਤੇ ਚੇਤਨਾ ਦਾ ਪਾਸਾਰ ਕੀਤਾ ਜਿਸ ਦੁਆਰਾ ਆਧੁਨਿਕਤਾ ਦਾ ਦੌਰ ਆਰੰਭ ਹੋਇਆ। ਖੋਜ ਕਾਰਜ ਦੇ ਅੰਤਰਗਤ 'ਆਧੁਨਿਕ ਪੰਜਾਬੀ ਕਵਿਤਾ ਦਾ ਸਿਧਾਂਤ' ਸਿਰਜਦੇ ਹੋਏ ਸਪਸ਼ਟ ਹੁੰਦਾ ਹੈ ਕਿ ਆਧੁਨਿਕਤਾ ਦੇ ਆਰੰਭ ਨਾਲ 'ਧਰਮ' ਮਨੁੱਖੀ ਜੀਵਨ ਦੇ ਕੇਂਦਰ ਵਿੱਚ ਨਹੀਂ ਰਿਹਾ ਸਗੋਂ ਇਸ ਦਾ ਕੇਂਦਰੀ ਸਥਾਨ ਵਿਗਿਆਨ, ਪੂੰਜੀ ਅਤੇ ਪਦਾਰਥਕ ਪ੍ਰਾਪਤੀਆਂ ਆਦਿ ਨੇ ਲੈ ਲਿਆ ਅਤੇ ਅਤੀਤ ਦੀਆਂ ਰਚਨਾਵਾਂ ਅਤੇ ਕਲਾਕ੍ਰਿਤੀਆਂ ਨੂੰ ਇੱਕ ਨਵੀਨ ਦ੍ਰਿਸ਼ਟੀ, ਚੇਤਨਾ, ਥੀਮਕ-ਪਾਸਾਰਾਂ ਅਤੇ ਸਰੋਕਾਰਾਂ ਦਾ ਨਵਾਂ ਸੰਦਰਭ ਪ੍ਰਦਾਨ ਕੀਤਾ ਜਿਸ ਸਦਕਾ ਮਨੁੱਖੀ ਸੋਚ, ਚੇਤਨਾ ਅਤੇ ਦਾਇਰੇ ਦੇ ਬਹੁਪੱਖੀ ਤੇ ਬਹੁਦਿਸ਼ਾਵੀਂ ਵਿਕਾਸ ਨੇ ਮਨੁੱਖੀ ਜੀਵਨ ਦੀਆਂ ਜਟਿਲਤਾਵਾਂ ਵੱਧਾ ਦਿੱਤੀਆਂ ਅਤੇ ਸਾਹਿਤ ਵਰਗੀਆਂ ਸਹੁਜ-ਸਿਰਜਣਾਵਾਂ ਵੀ ਇਸ ਜਟਿਲਤਾ ਦੇ ਪ੍ਰਭਾਵ ਤੋਂ ਅਛੂਤੀਆਂ ਨਾ ਰਹਿ ਸਕੀਆਂ।

ਸਮਕਾਲੀ ਪੰਜਾਬੀ ਕਵਿਤਾ ਦਾ ਸਰੂਪ ਬਹੁਤ ਵਿਸ਼ਾਲ ਅਤੇ ਵਿਆਪਕ ਪੱਧਰ 'ਤੇ ਇੱਕ ਸੁਤੰਤਰ ਕਾਲ-ਖੰਡ ਦੀ ਕਵਿਤਾ ਵਜੋਂ ਸਥਾਪਿਤ ਹੋਇਆ ਹੈ। ਸਮਕਾਲੀ ਪੰਜਾਬੀ ਕਵਿਤਾ ਮਨੁੱਖੀ ਯਥਾਰਥ ਦੇ ਪਰਿਵਰਤਨਸ਼ੀਲ ਅਨੁਭਵ ਦੇ ਅਦਲ-ਬਦਲ ਦੇ ਸਾਰ ਨੂੰ ਪ੍ਰਗਟਾਉਂਦੀ ਹੈ। ਸਮਕਾਲੀ ਕਵੀ ਨਵੀਂ ਚੇਤਨਾ, ਯਥਾਰਥ, ਕਦਰਾਂ-ਕੀਮਤਾਂ ਗਿਆਨ ਦੇ ਖੇਤਰ ਵਿੱਚ ਪੈਦਾ ਹੋ ਰਹੇ ਹਜ਼ਾਰਾਂ ਸੱਚ, ਮਨੁੱਖੀ ਮਨ ਦੀਆਂ ਸਮੱਸਿਆਵਾਂ, ਔਰਤ ਮਰਦ ਰਿਸ਼ਤਿਆਂ ਵਿੱਚਕਾਰ ਪਰਸਪਰ ਟਕਰਾਰ, ਵਿਸ਼ਵੀ ਚੇਤਨਾ, ਨਵੀਨਤਮ ਇਲੈਕਟ੍ਰਾਨਿਕ ਉਪਕਰਨਾਂ ਅਤੇ ਤਕਨੀਕਾਂ ਵਰਗੇ ਸਰੋਕਾਰਾਂ ਦਾ ਜ਼ਿਕਰ ਪ੍ਰਧਾਨ ਸੁਰ ਵਜੋਂ ਕਰ ਰਹੇ ਹਨ, ਜੋ ਵਰਤਮਾਨ ਸਮੇਂ ਦਾ ਮੂਲ ਆਧਾਰ ਬਣ ਕੇ ਕਵਿਤਾ ਦੇ ਵਿਕਾਸ ਵਿਚ ਗਿਣਾਤਮਕ ਅਤੇ ਗੁਣਾਤਮਕ ਪੱਖੋਂ ਯੋਗਦਾਨ ਪਾ ਰਹੇ ਹਨ। ਸਮਕਾਲੀ ਪੰਜਾਬੀ ਕਵਿਤਾ ਕਿਸੇ ਵੀ ਇਕ ਪ੍ਰਵਿਰਤੀ/ਵਾਦ, ਵਿਚਾਰਧਾਰਾ,

ਦਿਸ਼ਾ-ਨਿਰਦੇਸ਼ਾਂ ਦੀ ਅਧੀਨਗੀ ਤੋਂ ਸੁਤੰਤਰ ਹੋ ਕੇ, ਨਵੀਨ ਸੰਭਾਵਨਾਵਾਂ ਅਤੇ ਪ੍ਰਤੀਮਾਨਾਂ ਨੂੰ ਸਿਰਜਦੀ ਹੋਈ ਨਵੇਂ ਦਿਸਹੱਦਿਆਂ ਨੂੰ ਛੋਹ ਰਹੀ ਹੈ। ਉੱਤਰ-ਆਧੁਨਿਕ, ਉੱਤਰ-ਬਸਤੀਵਾਦ, ਗਲੋਬਲਾਈਜ਼ੇਸ਼ਨ, ਬਾਜ਼ਾਰੀਕਰਨ ਆਦਿ 21ਵੀਂ ਸਦੀ ਦੇ ਪ੍ਰਚੱਲਿਤ ਸੰਕਲਪ ਹਨ। ਜਿਨ੍ਹਾਂ ਨੇ ਮਨੁੱਖੀ ਮਾਨਸਿਕਤਾ ਨੂੰ ਲੋਭੀ ਬਣਾ ਦਿੱਤਾ, ਜਿਸ ਰਾਹੀਂ ਉਸ ਦੇ ਸੁਭਾਅ ਵਿੱਚ ਨਿੱਜਮੂਲਕਤਾ ਅਤੇ ਅੰਤਰਮੁਕਤਾ ਦੇ ਭਾਵ ਪੈਦਾ ਹੋਏ ਜੋ ਸਮੂਹਿਕ ਸਮਾਜਿਕ ਚੇਤਨਾ ਦੀ ਵੰਨ-ਸੁਵੰਨਤਾ ਦਾ ਉਚਾਰ ਹਨ ਅਤੇ ਇਨ੍ਹਾਂ ਉਚਾਰਾਂ ਨੂੰ ਸਮਕਾਲੀ ਪੰਜਾਬੀ ਕਵੀਆਂ ਨੇ ਆਪਣੀਆਂ ਕਾਵਿ-ਰਚਨਾਵਾਂ ਵਿਚ ਅਨੇਕਾਂ ਸੰਚਾਰ ਜੁਗਤਾਂ ਦੇ ਮਾਧਿਅਮ ਰਾਹੀਂ ਸੰਚਾਰਿਤ ਕਰਦੇ ਹੋਏ, ਵਿਲੱਖਣ 'ਸੰਚਾਰ ਵਿਧਾਨ' ਸਿਰਜਿਆ ਹੈ।

ਪ੍ਰਸਤੁਤ ਖੋਜ ਪ੍ਰਬੰਧ ਵਿਚ ਵਰਤਮਾਨ ਪੰਜਾਬੀ ਕਵਿਤਾ ਦੇ ਸੰਪੂਰਨ 'ਸੰਚਾਰ ਵਿਧਾਨ' ਦੇ ਅਧਿਐਨ ਲਈ ਸਮਕਾਲੀ ਪੰਜਾਬੀ ਕਵਿਤਾ ਦੇ **ਕਾਵਿ-ਰੂਪਾਂ** ਦੀਆਂ ਸਭ ਤੋਂ ਵਧੇਰੇ ਪ੍ਰਚੱਲਿਤ ਕਾਵਿ ਵੰਨਗੀਆਂ ਜਿਵੇਂ ਖੁੱਲ੍ਹੀ-ਕਵਿਤਾ, ਗ਼ਜ਼ਲ ਅਤੇ ਗੀਤ ਆਦਿ ਦੀਆਂ ਸੂਖ਼ਮ ਵਿਸ਼ੇਸ਼ਤਾਈਆਂ ਅਤੇ ਤੱਤਾਂ ਦਾ ਅਧਿਐਨ ਕੀਤਾ ਗਿਆ ਹੈ। ਇਸ ਉਪਰੰਤ ਭਾਰਤੀ ਦਰਸ਼ਨ ਦੇ ਸੰਦਰਭ ਵਿੱਚ ਸਮਕਾਲੀ ਪੰਜਾਬੀ ਕਾਵਿ ਦੇ ਭਾਸ਼ਾਈ ਸੰਚਾਰ ਦਾ ਅਧਿਐਨ ਕਰਦਿਆਂ ਅਲੰਕਾਰ, ਬਿੰਬ, ਰਸ, ਚਿੰਨ੍ਹ, ਪ੍ਰਤੀਕ, ਸ਼ੈਲੀ ਆਦਿ ਭਾਸ਼ਾਈ 'ਕਾਵਿ ਸੰਚਾਰ ਜੁਗਤਾਂ' ਦੀ ਪ੍ਰਾਸੰਗਿਕਤਾ ਨੂੰ ਸਾਰਥਿਕ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਭਾਰਤੀ ਦਰਸ਼ਨ ਦੇ ਸੰਦਰਭ ਦੇ ਨਾਲ ਪੱਛਮੀ ਦਰਸ਼ਨ ਦੇ ਸੰਦਰਭ ਵਿੱਚ ਸਮਕਾਲੀ ਪੰਜਾਬੀ ਕਵਿਤਾ ਦੇ ਕਾਵਿ-ਤੱਤਾਂ ਦਾ ਅਧਿਐਨ ਕਰਨ ਦਾ ਉਪਰਾਲਾ ਕੀਤਾ ਗਿਆ ਹੈ ਜੋ ਸੰਚਾਰ ਵਿਧਾਨ ਅਧਿਐਨ ਦੇ ਮਨੋਰਥ ਨੂੰ ਸਫ਼ਲ ਅਤੇ ਸੰਪੂਰਤਾ ਪ੍ਰਦਾਨ ਕਰਦਾ ਹੈ।

ਖੋਜ ਪ੍ਰਬੰਧ ਦੇ ਦੂਜੇ ਅਧਿਆਇ **ਸਮਕਾਲੀ ਪੰਜਾਬੀ ਕਵਿਤਾ ਦੇ ਸਮਾਜਿਕ ਅਤੇ ਸੱਭਿਆਚਾਰਕ ਸਰੋਕਾਰ** ਦੇ ਅੰਤਰਗਤ ਸਮਕਾਲੀ ਦੌਰ ਦੀ ਕਵਿਤਾ ਵਿੱਚ ਦਰਪੇਸ਼ ਨਵੀਨ ਸਰੋਕਰਾਂ ਨੂੰ ਉਜਾਗਰ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਪਹਿਲੇ ਭਾਗ ਵਿਚ **ਸਮਾਜਿਕ ਸਰੋਕਾਰਾਂ** ਦੇ ਅੰਤਰਗਤ ਨਵ-ਤਕਨੀਕੀ, ਸੰਚਾਰ ਮਾਧਿਅਮਾਂ ਦੀ ਉੱਨਤੀ, ਸੂਚਨਾ ਕ੍ਰਾਂਤੀ ਦੇ ਵਿਭਿੰਨ ਪਾਸਾਰ, ਕੰਪਿਊਟਰ, ਇਨਫਰਮੇਸ਼ਨ

ਟੈਕਨਾਲੋਜੀ, ਇੰਟਰਨੈੱਟ ਨਾਲ ਪਰਵਰਤਿਤ ਅਜੋਕੇ ਜੀਵਨ-ਸ਼ੈਲੀ ਦੇ ਸੰਘਰਸ਼, ਤਨਾਓ, ਝੂਠੀ ਪਦਾਰਥਕ ਦੌੜ, ਲਾਲਚ-ਲੋਭ, ਬੇਗਾਨਾਪਨ, ਆਪ-ਮੂਲਕਤਾ, ਹੈਂਕੜ, ਹੰਕਾਰ ਆਦਿ ਇਸ ਤਰ੍ਹਾਂ ਦੀਆਂ ਅਨੇਕਾਂ ਤੰਗਦਿਲੀਆਂ ਆਦਿ ਦੀ ਨਿਸ਼ਾਨਦੇਹੀ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਇਨ੍ਹਾਂ ਉਪਰੋਕਤ ਸਰੋਕਾਰਾਂ ਦੀ ਦੀ ਕਲਾਤਮਿਕ ਅਭਿਵਿਅਕਤੀ ਦੁਆਰਾ ਸਮਕਾਲੀ ਪੰਜਾਬੀ ਕਵੀਆਂ ਨੇ ਸਮਾਜਿਕ ਯਥਾਰਥ ਦੀ ਇੰਨ-ਭਿੰਨ ਚਿੱਤਰਕਾਰੀ ਕਰਦੇ ਹੋਏ ਮਨੁੱਖੀ ਮਾਨਸਿਕਤਾ ’ਤੇ ਪੈ ਰਹੇ ਸਾਕਾਰਾਤਮਕ ਅਤੇ ਨਾਕਾਰਾਤਮਕ ਪ੍ਰਭਾਵਾਂ ਨੂੰ ਅਭਿਵਿਅਕਤ ਕੀਤਾ ਹੈ।

ਜਿਸ ਦੇ ਅੰਤਰਗਤ ਪਦਾਰਥਕ ਅਤੇ ਨਿੱਜੀਕਰਨ ਵਰਤਾਰਿਆਂ ਨੇ ਮਨੁੱਖ ਨੂੰ ਆਪਣੇ ਆਦਰਸ਼ਾਂ ਤੋਂ ਭਟਕਾਉਂਦੇ ਹੋਏ ਇੱਕ ਰੇਸ ਦੌੜਾਕ ਦੇ ਜੀਵਨ ਜਿਊਣ ਦੀ ਤਰਾਸਦੀ ਦੀ ਕੜਵੀ ਸੱਚਾਈ ਨੂੰ ਪੇਸ਼ ਕੀਤਾ ਹੈ ਜੋ ਸਮਕਾਲੀ ਮਨੁੱਖ ਦਾ ਲਾਲਚ, ਜਮ੍ਹਾਂਖੋਰੀ ਦਾ ਸ਼ਿਕਾਰ, ਇੱਛਾਵਾਂ ਵਿੱਚ ਵਾਧਾ, ਮਹਿਲਾਂ-ਮੁਨਾਰਿਆਂ, ਪੈਸਿਆਂ ਦੀ ਗੁਲਾਮੀਂ ਤੋਂ ਤਿਲਕਦੇ ਕਿਰਦਾਰ ਆਦਿ ਪ੍ਰਮੁੱਖ ਸਮਾਜਿਕ ਸਰੋਕਾਰ ਅਤੇ ਕਾਵਿ-ਵਸਤੂ ਦੇ ਆਧਾਰ ਸਾਬਿਤ ਹੋਏ ਹਨ। ਅਜਿਹੇ ਗੁੰਝਲਦਾਰ ਸਮਾਜਿਕ ਤਾਣੇ-ਬਾਣੇ ਦੇ ਯਥਾਰਥ ਨੂੰ ਸਮਕਾਲੀ ਕਵੀਆਂ ਨੇ ਵਰਤਮਾਨ ਪ੍ਰਸੰਗ ਦੇ ਸਨਮੁੱਖ ਰੱਖਦੇ ਹੋਏ ਆਪਣੀ ਕਲਾਤਮਿਕ ਕਾਵਿ-ਅਭਿਵਿਅਕਤੀ ਨਾਲ ਉੱਚਰਦਿਆ ਸਮਾਜ ਲਈ ਚੇਤੰਨਤਾ ਪ੍ਰਦਾਨ ਕੀਤੀ ਹੈ।

ਇਸੇ ਅਧਿਆਇ ਦੇ ਦੂਜੇ ਭਾਗ ਵਿਚ ਸਮਕਾਲੀ ਪੰਜਾਬੀ ਕਵਿਤਾ ਦੇ **ਸੱਭਿਆਚਾਰਕ ਸਰੋਕਾਰਾਂ** ਦਾ ਅਧਿਐਨ ਕੀਤਾ ਗਿਆ ਹੈ। ਜਿਸ ਦੇ ਅੰਤਰਗਤ ਸਮਾਜਿਕ ਰੀਤੀ-ਰਿਵਾਜ਼, ਵਹਿਮ-ਭਰਮ, ਲੋਕ-ਸਾਹਿਤ, ਲੋਕ-ਵਿਸ਼ਵਾਸ, ਲੋਕ-ਰੂੜੀਆਂ, ਲੋਕ-ਕਲਾਵਾਂ, ਲੋਕ-ਧੰਦੇ, ਲੋਕ-ਪਹਿਰਾਵੇ, ਲੋਕ-ਸੰਗੀਤ ਆਦਿ ਪਰੰਪਰਾਗਤ ਸੱਭਿਆਰਾਚਕ ਤੱਤਾਂ ਨੂੰ ਸਮਕਾਲੀ ਸੰਦਰਭ ਦੇ ਆਧੁਨਿਕਤਾ, ਵਿਗਿਆਨਕ ਚੇਤਨਾ, ਤਕਨੀਕੀ ਵਿਕਾਸ, ਸੰਚਾਰ ਮਾਧਿਅਮਾਂ ਦੀ ਕ੍ਰਾਂਤੀ, ਵਿਸ਼ਵੀਕਰਨ ਦੀ ਚਕਾਚੌਂਦ ਜ਼ਿੰਦਗੀ ਕਾਰਨ ਉਪਜੇ ਨਵੀਨ ਸੱਭਿਆਚਾਰਕ ਪ੍ਰਤੀਮਾਨਾਂ ਦੇ ਪ੍ਰਭਾਵ ਅਧੀਨ ਪਛਾਨਣ ਦਾ ਉਪਰਾਲਾ ਕੀਤਾ ਹੈ।

ਜਿਸ ਦੇ ਸਿੱਟੇ ਵਜੋਂ ਇਹ ਦ੍ਰਿਸ਼ਟੀਗੋਚਰ ਹੋਇਆ ਹੈ ਕਿ ਸਥਾਪਿਤ ਭਾਰਤੀ ਪ੍ਰੰਪਰਾਗਤ ਮਾਨਤਾਵਾਂ ਅਤੇ ਸੱਭਿਆਚਾਰਕ ਕਦਰਾਂ ਕੀਮਤਾਂ ਉੱਪਰ ਵਿਦੇਸ਼ੀ ਸੱਭਿਅਤਾ ਦਾ ਬਹੁਤ ਗਹਿਰਾ ਪ੍ਰਭਾਵ ਪਿਆ ਹੈ ਜਿਸ ਦੇ ਨਤੀਜੇ ਵੱਜੋਂ ਮਨੁੱਖੀ ਜੀਵਨ ਸ਼ੈਲੀ ਵਿੱਚ ਨਾਕਾਰਾਤਮਕ ਪਰਿਵਰਤਨ ਆਇਆ ਹੈ। ਮਨੁੱਖੀ ਮਾਨਸਿਕਤਾ ਵਿੱਚ ਆਈਆਂ ਤਬਦੀਲੀਆਂ, ਉਪਜੇ ਨਿੱਜੀ-ਪਨ, ਪਰਿਵਾਰਕ ਜੀਵਨ ਦੀਆਂ ਉਲਝਨਾਂ, ਨੈਤਿਕ-ਕਦਰਾਂ ਕੀਮਤਾਂ ਦੇ ਨਿਘਾਰ, ਇਕਲਾਪੇ ਦਾ ਅਹਿਸਾਸ ਆਦਿ ਮਹਾਂਨਗਰੀ ਸੱਭਿਅਤਾ ਦੇ ਸੱਭਿਆਚਾਰਕ ਤੱਥ ਸਮਕਾਲੀ ਪੰਜਾਬੀ ਕਵਿਤਾ ਦੇ ਅਹਿਮ ਸਰੋਕਰਾਂ ਵਜੋਂ ਸਿੱਟੇ ਦੇ ਰੂਪ ਵਿੱਚ ਪ੍ਰਾਪਤ ਹੋਏ ਹਨ। ਜਿਨ੍ਹਾਂ ਨੂੰ ਸਮਕਾਲੀ ਪੰਜਾਬੀ ਕਵੀਆਂ ਨੇ ਬੜੀ ਸੂਖ਼ਮਤਾ ਅਤੇ ਸੰਜੀਦਗੀ ਨਾਲ ਵਿਸ਼ਵ-ਸੱਭਿਆਚਾਰ ਦੇ ਦਬਾਅ ਹੇਠਾਂ ਦਮ ਤੋੜ ਰਹੇ ਪੰਜਾਬੀ ਸੱਭਿਆਚਾਰਕ ਵਰਜਨਾਵਾਂ, ਵਿਸ਼ਵਾਸ਼ਾਂ, ਕਦਰਾਂ-ਕੀਮਤਾਂ, ਸੁਹਜ-ਸੁਆਦ, ਕਲਾ ਅਤੇ ਉੱਸਰੀ ਦੇਹਾਂ ਸੰਬੰਧੀ ਵਿਚਾਰਧਾਰਾ ਨੂੰ 'ਮਨੁੱਖੀ ਬੋਧ' ਦੀ ਪੇਸ਼ਕਾਰੀ ਵਜੋਂ ਪ੍ਰਸਤੁਤ ਕੀਤਾ ਹੈ। ਸਮਕਾਲੀ ਦੌਰ ਵਿੱਚ ਵਿਸ਼ਵਪੱਧਰੀ ਸੰਚਾਰ ਤਕਨੀਕਾਂ ਕਾਰਨ ਜਿੱਥੇ ਮਨੁੱਖ ਦਾ ਦਾਇਰਾ ਵਿਸ਼ਾਲ ਹੋਇਆ ਹੈ, ਉਥੇ ਪੰਜਾਬੀ ਸੱਭਿਆਚਾਰਕ ਕਦਰਾਂ ਕੀਮਤਾਂ ਅਤੇ ਸਥਾਪਿਤ ਮੁੱਲਾਂ ਦਾ ਲਗਾਤਾਰ ਘਾਣ ਹੋ ਰਿਹਾ ਹੈ ਜਿਸਦਾ ਮੂਲ ਕਾਰਨ ਮਨੁੱਖ ਦੇ ਵਿਸ਼ਵੀਕਰਨ ਚਕਾਚੌਂਧ ਵਿੱਚ ਦੂਜੇ ਦੇਸ਼ਾਂ ਦੀ ਸੱਭਿਅਤਾ ਨੂੰ ਆਸਾਨੀ ਨਾਲ ਕਬੂਲਣਾ ਤੇ ਆਪਣੇ ਅਮੀਰ ਸੱਭਿਆਚਾਰ ਦੀ ਵਿਰਾਸਤ ਨੂੰ ਗੁਆਉਣਾ ਹੈ। ਅਜੋਕੀ ਪੀੜ੍ਹੀ ਪੰਜਾਬੀ ਮਾਂ ਬੋਲੀ, ਪਹਿਰਾਵਾ. ਖਾਣ-ਪੀਣ, ਰਸਮਾਂ ਆਦਿ ਨੂੰ ਤਿਆਗ ਕੇ ਵਿਦੇਸ਼ੀ ਪ੍ਰਭਾਵ ਵੱਲ ਵਧੇਰੇ ਆਕਰਸ਼ਿਤ ਹੋ ਰਹੀ ਹੈ। ਅਜਿਹੇ ਤੇਜ਼ੀ ਨਾਲ ਹੋ ਰਹੇ ਬਦਲਾਵਾਂ ਕਾਰਨ ਨਵੀਂਨ ਅਤੇ ਪ੍ਰਾਚੀਨ ਪੀੜ੍ਹੀ ਦੁਆਰਾ ਅਜਿਹੀਆਂ ਗੁੰਝਲਦਾਰ ਪ੍ਰਸਥਿਤੀਆਂ ਵਿੱਚ ਤਾਲਮੇਲ ਬਿਠਾਉਣਾ ਕਠਿਨ ਸਿੱਧ ਹੋਇਆ ਹੈ। ਜਿਸ ਨੂੰ ਸਮਕਾਲੀ ਪੰਜਾਬੀ ਕਵੀਆਂ ਨੇ ਆਪਣੀ ਚੇਤੰਨਤਾ ਦੁਆਰਾ ਅਜਿਹੇ ਸੱਭਿਆਚਾਰਕ ਸਰੋਕਾਰਾਂ ਨੂੰ ਸਰੋਕ੍ਰਿਤ ਕਰਦੇ ਹੋਏ ਪੰਜਾਬੀ ਸੱਭਿਆਚਾਰ ਵਿੱਚ ਵੱਡੇ ਪੱਧਰ 'ਤੇ ਹੋ ਰਹੇ ਫੇਰਬਦਲ ਨੂੰ ਪੇਸ਼ ਕੀਤਾ ਹੈ।

ਖੋਜ ਪ੍ਰਬੰਧ ਦੇ ਤੀਜੇ ਅਧਿਆਇ '**ਸਮਕਾਲੀ ਪੰਜਾਬੀ ਕਵਿਤਾ ਦੇ ਆਰਥਿਕ ਅਤੇ ਰਾਜਨੀਤਿਕ ਸਰੋਕਾਰ**' ਵਿੱਚ ਉਨ੍ਹਾਂ ਪ੍ਰਤੀਮਾਨਾਂ ਦਾ ਮੁਲਾਂਕਣ ਕੀਤਾ ਗਿਆ ਹੈ, ਜਿਨ੍ਹਾਂ ਦੇ ਅਧਾਰ 'ਤੇ ਸਮਕਾਲੀ ਪੰਜਾਬੀ

ਕਵੀਆਂ ਨੇ ਦੇਸ਼ ਦੀ ਆਰਥਿਕ-ਵਿਵਸਥਾ ਅਤੇ ਭ੍ਰਿਸ਼ਟ ਰਾਜਨੀਤਿਕ ਸੰਗਠਨਾਂ ਦੀ ਤਸਵੀਰ ਨੂੰ ਯਥਾਰਥਕ ਰੂਪ ਵਿਚ ਬਾਖ਼ੂਬੀ ਅਭਿਵਿਅਕਤ ਕੀਤਾ ਹੈ। ਜਿਸ ਅਧੀਨ ਬਾਜ਼ਾਰੀਕਰਨ, ਮੰਡੀਕਰਨ, ਪੂੰਜੀਵਾਦੀ ਸਮਾਜ ਵਿੱਚ ਉਸਾਰੂ ਲੋਕਤੰਤਰ, ਕਦਰਾਂ-ਕੀਮਤਾਂ ਅਤੇ ਸਮਕਾਲੀ ਪ੍ਰਸ਼ਾਸਨਿਕ ਵਿਵਸਥਾ ਦੇ ਯਥਾਰਥ ਬੋਧ ਨੂੰ ਉਜਾਗਰ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਤੀਜੇ ਅਧਿਆਇ ਦੇ ਪਹਿਲੇ ਭਾਗ ਵਿਚ ਸਮਕਾਲੀ ਪੰਜਾਬੀ ਕਵਿਤਾ ਦੇ ਆਰਥਿਕ ਸਰੋਕਾਰਾਂ ਦਾ ਅਧਿਐਨ ਕੀਤਾ ਗਿਆ ਹੈ। ਜਿਸ ਦੇ ਸਿੱਟੇ ਵਜੋਂ ਨਵੀਂਨ ਵਿਸ਼ਵ-ਵਿਆਪੀ ਪੂੰਜੀਵਾਦੀ ਪ੍ਰਸਥਿਤੀਆਂ, ਬਜ਼ਾਰੀਕਰਨ, ਵਿਸ਼ਵੀਕਰਨ ਦੀ ਪੈੜ੍ਹ ਹੇਠਾਂ ਸਥਾਪਿਤ ਨਵ-ਆਰਥਿਕ ਬਸਤੀਵਾਦ ਆਦਿ ਗੰਭੀਰ ਸਮਲੇ ਦ੍ਰਿਸ਼ਟੀਗੋਚਰ ਹੋਏ ਹਨ ਜੋ ਮਨੁੱਖੀ ਜੀਵਨ ਦੇ ਮੂਲ ਆਧਾਰ ਵਜੋਂ ਸਥਾਪਿਤ ਹੋ ਚੁੱਕੇ ਹਨ। ਇਹਨਾਂ ਗੰਭੀਰ ਮਸਲਿਆਂ ਨੂੰ ਸਮਕਾਲੀ ਕਵੀਆਂ ਨੇ ਆਪਣੀ ਚੇਤਨਾ ਰਾਹੀਂ ਪੂੰਜੀਵਾਦੀ ਭਾਰੂ ਉਪਭੋਗੀ ਸੱਭਿਅਤਾ ਦੇ ਜਾਲ ਵਿੱਚ ਗ੍ਰਸਤ ਮਨੁੱਖੀ ਜੀਵਨ ਵਿੱਚਲੀਆਂ ਉਲਝੀਆਂ ਆਰਥਿਕ ਪ੍ਰਸਥਿਤੀਆਂ ਨੂੰ ਰੂਪਮਾਨ ਕੀਤਾ ਹੈ। ਸੱਭਿਅਤਾ ਦੇ ਵਿਕਾਸ ਨਾਲ ਮਨੁੱਖੀ ਲੋੜਾਂ ਵਿੱਚ ਵੀ ਲਗਾਤਾਰ ਵਾਧਾ ਹੁੰਦਾ ਗਿਆ। ਜਿਸ ਨਾਲ ਉਪਭੋਗੀ ਜਾਂ ਖ਼ਪਤਕਾਰ ਸੱਭਿਅਤਾ ਦਾ ਨਿਕਾਸ ਹੋਇਆ। ਵਰਤਮਾਨ ਸਮੇਂ ਵਿੱਚ ਸਮਕਾਲੀ ਸੱਭਿਅਤਾ ਸ਼ਹਿਰੀਕਰਨ, ਉਦਯੋਗੀਕਰਨ, ਮੰਡੀਕਰਨ, ਆਧੁਨੀਕਰਨ, ਵਿਸ਼ਵੀਕਰਨ, ਪੱਛਮੀਕਰਨ ਅਤੇ ਵੱਖ-ਵੱਖ ਪੂੰਜੀਵਾਦੀ ਵਰਤਾਰਿਆਂ ਨੇ ਸਮਾਜ ਨੂੰ ਪੂਰਨ ਰੂਪ ਵਿਚ ਆਪਣੇ ਅਧੀਨ ਸੰਮਿਲਿਤ ਕੀਤਾ ਹੈ।

ਸਮਕਾਲੀ ਪੰਜਾਬੀ ਕਵਿਤਾ ਨੇ ਆਰਥਿਕਤਾ ਭਾਰੂ ਅਜੋਕੇ ਸਮਾਜ ਦਾ ਯਥਾਰਥ ਚਿਤਰਨ ਬੜੀ ਸੂਖ਼ਮਤਾ ਅਤੇ ਸਪਸ਼ਟਤਾ ਨਾਲ ਕੀਤਾ ਹੈ। ਜਿਸ ਦੇ ਗਹਿਨ ਅਧਿਐਨ ਤੋਂ ਦ੍ਰਿਸ਼ਟੀਗੋਚਰ ਹੋਇਆ ਹੈ ਕਿ ਜਿੱਥੇ ਉਦਯੋਗਿਕ ਕ੍ਰਾਂਤੀ ਅਤੇ ਪੱਛਮੀ ਲੁੱਟ ਨੇ ਭਾਰਤੀ ਪ੍ਰੰਪਰਾਗਤ ਵਿਰਾਸਤੀ ਪ੍ਰੇਮ, ਦਾਨ-ਪੁੰਨ ਸਹਿਯੋਗ ਜਾਂ ਜਨ-ਹਿਤੇਸ਼ੀ ਚੇਤਨਾ ਨੂੰ ਦਬਾਅ ਅਤੇ ਦਰੜ ਕੇ ਵੱਡੇ ਪੈਮਾਨੇ ’ਤੇ ਲੋਟੂ, ਲੋਭੀ ਤੇ ਲਾਲਚੀ ਸੋਚ ਦਾ ਦਬਦਬਾਅ ਕਾਇਮ ਕੀਤਾ ਹੈ ਉੱਥੇ ਬਸਤੀਵਾਦ ਦੁਆਰਾ ਪਦਾਰਥਕ ਸਹੂਲਤਾਂ ਅਤੇ ਧਰਮ, ਵਿੱਦਿਆ, ਨਿਆਇਕ ਅਦਾਰਿਆਂ ਜਿਹੇ ਸਮਾਜਿਕ ਸੰਸਥਾਵਾਂ ਉੱਪਰ ਵੀ ਆਪਣਾ ਮੱਕੜ ਜਾਲ ਵਿਛਾਇਆ ਹੈ। ਜਿਸ

ਸਦਕਾ ਮਨੁੱਖੀ ਸੁਭਾਅ ਵਿਚ ਸਵਾਰਥ, ਮੁਨਾਫਾ, ਨਿੱਜੀ ਪਨ, ਲਾਲਚ, ਮਾਇਆ ਦੀ ਹੋੜ, ਲੋਟੂ ਸੁਭਾਅ ਵਰਗੀਆਂ ਅਲਾਮਤਾਂ ਪੈਦਾ ਹੋਈਆਂ ਜਿਸ ਨੇ ਕਿਰਤ ਅਤੇ ਮਿਹਨਤ ਦੀ ਵਿਚਾਰਧਾਰਾ ਨੂੰ ਰੱਦ ਕਰ ਦਿੱਤਾ ਜਿਸ ਨਾਲ ਆਤਮਸਾਤ ਹੁੰਦੇ ਹੋਏ ਸਮਕਾਲੀ ਪੰਜਾਬੀ ਕਵੀਆਂ ਨੇ 'ਕਿਰਤ' ਅਤੇ 'ਮਿਹਨਤ' ਦੇ ਵਿਚਕਾਰ ਬੈਠੇ ਪੂੰਜੀਵਾਦੀ ਲੋਟੂ ਧਿਰ ਵੱਲੋਂ ਮਿਹਨਤਕਸ਼ ਵਰਗ ਦੀ ਰੋਜ਼ੀ ਡਕਾਰੇ ਜਾਣ ਦੀ ਵਰਤਮਾਨ ਤਰਾਸਦੀ ਨੂੰ ਸਾਹਮਣੇ ਲਿਆਉਂਦੇ ਹੋਏ ਮਨੁੱਖੀ ਚੇਤਨਤਾ ਦਾ ਵਿਕਾਸ ਕੀਤਾ ਹੈ।

ਸੂਚਨਾਵਾਂ ਅਤੇ ਸੰਚਾਰ ਦੇ ਵਿਸ਼ਵ-ਵਿਆਪੀ ਨੈੱਟਵਰਕ ਕਾਰਨ ਸਰਹਦਾਂ ਅਤੇ ਰਾਸ਼ਟਰੀ ਹੱਦਾਂ ਤੋਂ ਮੁਕਤ ਸਾਂਝੀ ਕਰੰਸੀ ਨੇ ਮੁਕਾਬਲੇ ਵਾਲੇ ਬਾਜ਼ਾਰ ਨੂੰ ਜਨਮ ਦਿੱਤਾ ਹੈ। ਜਿਸ ਨਾਲ ਉਦਯੋਗਿਕ ਕ੍ਰਾਂਤੀ ਦੇ ਨਾਲ-ਨਾਲ ਵਿਦੇਸ਼ੀ ਲੁੱਟ ਵਿੱਚ ਵੀ ਵਾਧਾ ਹੋਇਆ ਹੈ। ਸਮਕਾਲੀ ਦੌਰ ਵਿੱਚ ਪੂੰਜੀਵਾਦ ਦੇ ਅਜਿਹੇ ਪ੍ਰਚਲਣ ਨੂੰ ਕਵੀਆਂ ਨੇ ਆਪਣੀਆਂ ਕਾਵਿ-ਰਚਨਾਵਾਂ ਵਿੱਚ ਰੂਪਮਾਨ ਕਰਦੇ ਹੋਏ ਭਾਰਤੀ ਅਰਥਵਿਵਸਥਾ ਸੰਬੰਧਿਤ ਵਿਭਿੰਨ ਚੁਣੌਤੀਆਂ ਜਿਵੇਂ ਕਿ ਗਰੀਬੀ, ਬੇਰੁਜ਼ਗਾਰੀ, ਨਿੱਜੀਕਰਨ, ਵਰਗ-ਸੰਘਰਸ਼, ਅਸਮਾਨਤਾ, ਭ੍ਰਿਸ਼ਟਾਚਾਰ, ਧੋਖਾ, ਲੁੱਟ, ਰਿਸ਼ਵਤਖੋਰੀ, ਬੇਈਮਾਨੀ ਜਮ੍ਹਾਂਖੋਰੀ ਆਦਿ ਪ੍ਰਤੀ ਚੇਤੰਨਤਾ ਤੇ ਨਵ-ਦ੍ਰਿਸ਼ਟੀ ਪ੍ਰਦਾਨ ਕਰਨ ਦਾ ਉਪਰਾਲਾ ਕੀਤਾ ਹੈ।

ਤੀਜੇ ਅਧਿਆਇ ਦੇ ਦੂਜੇ ਭਾਗ ਵਿਚ ਸਮਕਾਲੀ ਪੰਜਾਬੀ ਕਵਿਤਾ ਵਿੱਚ ਪੇਸ਼ ਰਾਜਨੀਤਿਕ ਸਰੋਕਾਰਾਂ ਦਾ ਅਧਿਐਨ ਕੀਤਾ ਗਿਆ ਹੈ। ਸਮਕਾਲੀ ਪੰਜਾਬੀ ਕਵਿਤਾ ਵਰਤਮਾਨ ਜੀਵਨ ਦੇ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਸੰਗਠਨਾਂ ਦੀਆਂ ਰੀਤੀਆਂ-ਕੁਰੀਤੀਆਂ ਨੂੰ ਰੂਪਮਾਨ ਕਰਨ ਦੇ ਨਾਲ-ਨਾਲ ਰਾਜਨੀਤਿਕ ਸੰਗਠਨ ਦੇ ਯਥਾਰਥ ਨੂੰ ਵੀ ਚਿੱਤਰਦੀ ਹੈ। ਵਿਸ਼ਵੀਕਰਨ ਅਤੇ ਪੂੰਜੀਵਾਦੀ ਦੌਰ ਵਿੱਚ ਰਾਜਨੀਤਿਕ ਕਿਰਿਆਵਾਂ ਸਮਕਾਲ ਦੇ ਹਰੇਕ ਪੱਖ ਨੂੰ ਸਿੱਧੇ ਜਾਂ ਅਸਿੱਧੇ ਤੌਰ 'ਤੇ ਵਿੱਚ ਪ੍ਰਭਾਵਿਤ ਕਰਦੀਆਂ ਹਨ। ਜਿਸ ਅਧੀਨ ਸੱਤਾ ਸ਼ਕਤੀਆਂ ਦੇ ਸਨਮੁੱਖ ਵਰਗ-ਸੰਘਰਸ਼, ਰੋਸ-ਵਿਦਰੋਹ, ਨੀਤੀਆਂ ਅਤੇ ਕੁਨੀਤੀਆਂ ਵਿਚੋਂ ਉਪਜੀ ਗੁੰਝਲਦਾਰ ਖਿਲਾਫ਼ੀਅਤ ਨੂੰ ਸਮਕਾਲੀ ਕਵੀਆਂ ਨੇ ਆਪਣੀਆਂ ਕਾਵਿ-ਰਚਨਾਵਾਂ ਰਾਹੀਂ ਮੂਲ ਰਾਜਨੀਤਿਕ ਸਰੋਕਾਰਾਂ ਵਜੋਂ ਰੂਪਮਾਨ ਕੀਤਾ ਹੈ।

ਸਮਕਾਲੀ ਪੰਜਾਬੀ ਕਵੀਆਂ ਨੇ ਵਰਤਮਾਨ ਸਮਾਜ ਵਿੱਚ ਵਧ ਰਹੀਆਂ ਮੰਡੀਕਰਨ, ਉਪਭੋਗਤਾਵਾਦ, ਵਿਸ਼ਵੀਕਰਨ ਅਤੇ ਬਸਤੀਵਾਦੀ ਰੁਚੀਆਂ ਦੇ ਪ੍ਰਭਾਵਾਂ ਦੁਆਰਾ ਆਏ ਉਹਨਾਂ ਪਰਿਵਰਤਨਾਂ ਨੂੰ ਆਪਣੀ ਕਾਵਿ-ਅਭਿਵਿਅਕਤੀ ਵਿੱਚ ਪ੍ਰਸਤੁਤ ਕਰਨ ਦਾ ਉਪਰਾਲਾ ਕੀਤਾ ਹੈ ਜੋ ਦਿਨੋ-ਦਿਨ ਭਾਰਤੀ ਸੰਸਕ੍ਰਿਤੀ ਨੂੰ ਨਿਘਾਰ ਵੱਲ ਲੈ ਕੇ ਜਾ ਰਹੇ ਹਨ। ਅਜੋਕੇ ਸਿਆਸਤਦਾਨਾਂ ਦੇ ਕਿਰਦਾਰ ਅਤੇ ਵਿਵਹਾਰ ਨੇ ਮਾਰ-ਧਾੜ, ਲੁੱਟ-ਖਸੁੱਟ, ਅੱਤਿਆਚਾਰ, ਭ੍ਰਿਸ਼ਟਾਚਾਰ, ਧੋਖਾ-ਧੜੀ, ਪਦਵੀ ਦੀ ਲਾਲਸਾ, ਭਾਈ-ਭਤੀਜਾਵਾਦ, ਪੀੜ੍ਹੀ ਦੀ ਰਾਜਨੀਤੀ, ਨਿੱਜੀ ਮੁਨਾਫ਼ੇ ਲਈ ਨੀਤੀ ਨਿਰਮਾਣ, ਬਸਤੀਵਾਦ ਅਤੇ ਵਿਦਰੋਹ ਜਾਂ ਟਕਰਾਓ ਵਰਗੇ ਕੁਰਖ਼ਤ ਹਾਲਾਤਾਂ ਨੂੰ ਸਿਰਜ ਕੇ ਗੁਲਾਮੀ ਨੂੰ ਭਾਰਤੀ ਦੇ ਲੋਕਾਂ ਦੇ ਅਵਚੇਤਨ ਵਿੱਚ ਸਥਿਰ ਕੀਤਾ ਹੈ। ਜਿਸ ਦਾ ਯਥਾਰਥ ਚਿਤਰਣ ਸਮਕਾਲੀ ਪੰਜਾਬੀ ਕਵੀਆਂ ਦੁਆਰਾ ਵਿਭਿੰਨ ਸਰੋਕਾਰਾਂ ਤਹਿਤ ਕੀਤਾ ਗਿਆ ਹੈ।

ਸਮਕਾਲੀ ਪੰਜਾਬੀ ਕਵਿਤਾ ਵਿੱਚ ਪੇਸ਼ ਰਾਜਨੀਤਿਕ ਸਰੋਕਾਰਾਂ ਦੇ ਅਧਿਐਨ ਦੇ ਸਿੱਟੇ ਵਜੋਂ ਇਹ ਤੱਥ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਪੂੰਜੀਪਤੀਆਂ ਦੀ ਸੱਤਾ ਪ੍ਰਧਾਨਤਾ, ਨਵੀਆਂ ਰਾਜਨੀਤਿਕ ਪਾਰਟੀਆਂ ਦੇ ਜਨਮ, ਧੜੇ ਬੰਦੀ, ਸਥਾਨਕ ਸਮੱਸਿਆਵਾਂ ’ਤੇ ਰਾਜਨੀਤੀ, ਭਾਸ਼ਾ ਅਧਾਰਿਤ ਰਾਜਾਂ ਦੀ ਵੰਡ ਦੇ ਮਸਲੇ ’ਤੇ ਰਾਜਨੀਤੀ ਆਦਿ ਮੁੱਦਿਆਂ ਨੂੰ ਪੰਜਾਬ ਦੀਆਂ ਖੇਤਰੀ ਰਾਜਨੀਤਿਕ ਪਾਰਟੀਆਂ ਨੇ ਆਪਣੇ ਨਿੱਜੀ ਮੁਨਾਫ਼ੇ ਅਤੇ ਵੋਟ ਬੈਂਕ ਲਈ ਵਰਤਿਆ ਅਤੇ ਜਿਸ ਦੇ ਪ੍ਰਭਾਵ ਵਜੋਂ ਉਤਪੰਨ ਭ੍ਰਿਸ਼ਟਾਚਾਰ, ਘਪਲੇ, ਦੇਸ਼ ਦੇ ਕੁਦਰਤੀ ਸਾਧਨਾਂ ਅਤੇ ਸਰੋਤਾਂ ਦੀ ਲੁੱਟ ਮਾਫੀਆ, ਸਰਵਜਨਿਕ ਸੇਵਾਵਾਂ ਸੰਸਥਾਵਾਂ ਦਾ ਨਿੱਜੀਕਰਨ, ਭਰਮਾਊ ਵਾਅਦਿਆਂ ਆਦਿ ਨਾਲ ਅਬੋਧ ਲੁਕਾਈ ਨੂੰ ਪਿਛਲੱਗ ਬਣਾਉਣ ਜਿਹੇ ਮਸਲਿਆਂ ਆਦਿ ਦਾ ਚਿਤਰਣ ਸਮਕਾਲੀ ਪੰਜਾਬੀ ਕਵਿਤਾ ਨੇ ਪ੍ਰਮੁੱਖ ਰਾਜਨੀਤਿਕ ਸਰੋਕਾਰਾਂ ਵਜੋਂ ਕੀਤਾ ਹੈ। ਅਜਿਹੇ ਅਰਾਜਕਤਾ ਭਰੇ ਮਾਹੌਲ ਵਿੱਚ ਪੰਜਾਬ ਦੇ ਮੂਲ ਨਿਵਾਸੀਆਂ ਅਤੇ ਮਿਹਨਤਕਸ਼ ਲੋਕਾਂ ਦੇ ਖ਼ੂਨ-ਪਸੀਨੇ ਨਾਲ ਦੇਸ਼ ਦੀ ਸਰਵਜਨਕ ਸੰਪਤੀ ਅਤੇ ਜਾਇਦਾਦ ਸੱਤਾਧਾਰੀ ਲੋਟੂਆਂ ਦੁਆਰਾ ਕਾਰਪੋਰੇਟ ਘਰਾਣਿਆਂ/ਕੰਪਨੀਆਂ ਦੇ ਖਾਤੇ ਵਿੱਚ ਪਾ ਕੇ ਵੱਡਾ ਨਿੱਜੀ ਮੁਨਾਫ਼ਾ ਖੱਟਿਆ ਜਾਂਦਾ ਹੈ। ਪੰਜਾਬੀ ਕਵੀ

ਅਜਿਹੇ ਹੋਰ ਕਈ ਰਾਜਨੀਤਿਕ ਸਰੋਕਾਰਾਂ ਨੂੰ ਚੇਤਨਤਾ ਅਤੇ ਸੰਜੀਦਗੀ ਨਾਲ ਸਮਕਾਲੀ ਪੰਜਾਬੀ ਕਵਿਤਾ ਦੇ ਸਰੋਕਾਰ ਵਜੋਂ ਕਾਵਿ-ਰੂਪ ਵਿੱਚ ਅਭਿਵਿਅਕਤ ਕਰਦੇ ਹੋਏ ਸਮਕਾਲੀ ਮਨੁੱਖ ਵਿੱਚ ਚੇਤਨਤਾ ਅਤੇ ਜਾਗਰੂਕਤਾ ਪ੍ਰਦਾਨ ਕੀਤੀ ਹੈ।

ਖੋਜ ਪ੍ਰਬੰਧ ਦੇ ਚੌਥੇ ਅਧਿਆਇ **ਸਮਕਾਲੀ ਪੰਜਾਬੀ ਕਵਿਤਾ ਦਾ ਸੰਚਾਰ ਵਿਧਾਨ** ਅੰਤਰਗਤ ਨਵੀਨ ਪੰਜਾਬੀ ਕਵਿਤਾ ਦੇ ਸੰਚਾਰ ਵਿਧਾਨ ਦੇ ਅਧਿਐਨ ਦਾ ਉਪਰਾਲਾ ਕੀਤਾ ਗਿਆ ਹੈ। ਵਰਤਮਾਨ ਵਿਸ਼ਵੀਕਰਨ ਦੌਰ ਵਿੱਚ ਆਧੁਨਿਕਤਾ, ਉੱਤਰ-ਆਧੁਨਿਕਤਾ, ਤਕਨੀਕੀ ਵਿਕਾਸ ਅਤੇ ਸੂਚਨਾ ਕ੍ਰਾਂਤੀ ਨਾਲ ਗਲੋਬਲੀ ਚੇਤਨਾ ਦਾ ਪਾਸਾਰ ਹੋਇਆ ਜਿਸ ਕਾਰਨ ਕਵਿਤਾ ਵਿੱਚ ਨਵੀਨ ਸਰੋਕਾਰਾਂ ਦੀ ਸ਼ਾਮੂਲਿਅਤ ਹੋਈ ਅਤੇ ਜਿਨ੍ਹਾਂ ਨੂੰ ਪੰਜਾਬੀ ਕਵੀਆਂ ਨੇ ਆਪਣੀ ਕਾਵਿ-ਪ੍ਰਤਿਭਾ ਅਤੇ ਕਲਾਤਮਿਕ ਸਮਝ ਦੁਆਰਾ ਵੱਖ-ਵੱਖ ਸੰਚਾਰ ਜੁਗਤਾਂ ਦੇ ਪ੍ਰਯੋਗ ਰਾਹੀਂ ਅਭਿਵਿਅਕਤ ਕੀਤਾ ਹੈ। ਪਿਛਲੇ ਕੁਝ ਦਹਾਕਿਆਂ ਤੋਂ ਸਮਕਾਲੀ ਪੰਜਾਬੀ ਕਵੀ ਆਪਣਾ ਕਾਵਿਕ-ਉਚਾਰ ਵਿਸ਼ਵੀ ਪੱਧਰੀ ਪਰਿਪੇਖ ਵਿੱਚ ਕਰ ਰਹੇ ਹਨ, ਜਿਸ ਕਾਰਨ ਪੰਜਾਬੀ ਕਵਿਤਾ ਨੇ ਪਰੰਪਰਾਗਤ ਲਿਖਣ ਵਿਧੀਆਂ ਦੇ ਮਹੱਤਵ ਨੂੰ ਘੱਟ ਕਰਕੇ ਨਵੀਨ ਕਾਵਿ-ਪ੍ਰਤੀਮਾਨਾਂ ਅਤੇ ਮੌਲਿਕ ਪੈਟਰਨਾਂ ਨੂੰ ਸਿਰਜਦੇ ਹੋਏ ਵਿਸ਼ਵ ਪੱਧਰੀ 'ਸੰਚਾਰ ਵਿਧਾਨ' ਅਖ਼ਤਿਆਰ ਕੀਤਾ ਹੈ। ਹਥਲੇ ਖੋਜ ਕਾਰਜ ਅਧੀਨ ਵਿਸ਼ਲੇਸ਼ਣਾਤਮਕ ਅਤੇ ਸੁਹਜ-ਸ਼ਾਸਤਰੀ ਅਧਿਐਨ ਵਿਧੀਆਂ ਦੁਆਰਾ ਸਮਕਾਲੀ ਕਵਿਤਾ ਦੁਆਰਾ ਸਥਾਪਿਤ ਨਵੀਨ ਕਾਵਿਕ-ਉਚਾਰ ਦਾ ਮੁਲਾਂਕਣ ਕਰਦਿਆਂ ਸਮਕਾਲੀ ਪੰਜਾਬੀ ਕਵਿਤਾ ਦੇ 'ਸੰਚਾਰ ਵਿਧਾਨ' ਨੂੰ ਸਪਸ਼ਟ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਜਿਸ ਅਧੀਨ ਸਮਕਾਲੀ ਪੰਜਾਬੀ ਕਵਿਤਾ ਦੇ 'ਸੰਚਾਰ ਵਿਧਾਨ' ਦੇ ਅਧਿਐਨ ਨੂੰ ਤਰਕ ਅਧਾਰਿਤ ਤਿੰਨ ਉਪ-ਅਧਿਆਵਾਂ ਵਿੱਚ ਵੰਡ ਕੇ ਨੇਪਰੇ ਚੜ੍ਹਾਇਆ ਗਿਆ ਹੈ। ਜਿਸ ਦੇ ਪਹਿਲੇ ਭਾਗ ਵਿੱਚ 'ਸਮਕਾਲੀ ਪੰਜਾਬੀ ਕਵਿਤਾ ਦੀ ਸੰਚਾਰ ਪ੍ਰਕਿਰਿਆ ਵਿੱਚ ਕਾਵਿ-ਰੂਪਾਂ ਦੀ ਭੂਮਿਕਾ, ਦੂਜੇ ਭਾਗ ਵਿੱਚ 'ਭਾਰਤੀ ਦਰਸ਼ਨ ਦੇ ਸੰਦਰਭ ਵਿੱਚ ਸਮਕਾਲੀ ਪੰਜਾਬੀ ਕਾਵਿ ਦੇ ਭਾਸ਼ਾਈ ਸੰਚਾਰ ਦਾ ਅਧਿਐਨ' ਅਤੇ ਤੀਜੇ ਭਾਗ ਵਿੱਚ 'ਪੱਛਮੀ ਦਰਸ਼ਨ ਦੇ ਸੰਦਰਭ

ਵਿੱਚ ਸਮਕਾਲੀ ਪੰਜਾਬੀ ਕਵਿਤਾ ਦੇ ਕਾਵਿ-ਤੱਤਾਂ ਦਾ ਅਧਿਐਨ' ਦੇ ਪ੍ਰਸੰਗ ਵਿੱਚ ਨਿਮਨਲਿਖਿਤ ਪ੍ਰਾਪਤ ਸਿੱਟਿਆ ਵਜੋਂ ਕੀਤਾ ਗਿਆ ਹੈ।

ਚੌਥੇ ਅਧਿਆਇ ਦੇ ਪਹਿਲੇ ਭਾਗ ਵਿੱਚ ਸਮਕਾਲੀ ਪੰਜਾਬੀ ਕਵਿਤਾ ਦੀਆਂ ਪ੍ਰਮੁੱਖ ਕਾਵਿ-ਵੰਨਗੀਆਂ ਖੁੱਲ੍ਹੀ ਕਵਿਤਾ, ਗ਼ਜ਼ਲ, ਗੀਤ ਆਦਿ ਰੂਪਾਕਾਰਾਂ ਦੀ ਸੰਚਾਰ ਪ੍ਰਕਿਰਿਆ ਵਿੱਚ ਭੂਮਿਕਾ ਦਾ ਅਧਿਐਨ ਕੀਤਾ ਗਿਆ ਹੈ। ਜਿਨ੍ਹਾਂ ਵਿੱਚ ਕਵੀ ਆਪਣੀ ਚੇਤਨਾ, ਅਨੁਭਵ, ਵੇਗ, ਜਜ਼ਬਿਆਂ ਦੀ ਕਾਵਿ-ਅਭਿਵਿਅਕਤੀ ਕਰ ਰਹੇ ਹਨ। ਵਿਸ਼ਵੀਕਰਨ ਦੌਰ ਵਿੱਚ ਪੰਜਾਬੀ ਕਵਿਤਾ ਕਦਮ ਦਰ ਕਦਮ ਤਬਦੀਲੀਆਂ ਨੂੰ ਗ੍ਰਹਿਣ ਕਰਦੀ ਹੋਈ ਸੰਚਾਰ, ਤਕਨੀਕੀ ਅਤੇ ਰੂਪਕ ਪੱਖੋਂ ਨਵੇਂ ਨਰੋਏ ਮਾਪਦੰਡਾਂ ਨੂੰ ਗ੍ਰਹਿਣ ਕਰਦੀ ਹੋਈ ਨਵੀਆਂ ਪੁਲਾਂਘਾਂ ਪੁੱਟ ਕਰ ਰਹੀ ਹੈ। ਅਜੋਕੇ ਤਕਨੀਕੀ ਕ੍ਰਾਂਤੀ ਦੇ ਯੁੱਗ ਵਿੱਚ ਛਪਾਈ ਦਾ ਕੰਮ ਏਨਾ ਆਸਾਨ ਹੋ ਗਿਆ ਕਿ ਕਵੀ ਨੂੰ ਇਹ ਪਤਾ ਹੁੰਦਾ ਹੈ ਕਿ ਉਸ ਦੀ 'ਕਵਿਤਾ' ਕਿਤਾਬ ਦੇ ਰੂਪ ਵਿੱਚ ਛਪੇਗੀ, ਜਿਸ ਕਾਰਨ ਕਵੀ ਦੇ ਸਨਮੁੱਖ ਸਰੋਤੇ ਦੀ ਥਾਂ ਕਾਗਜ਼ ਨੇ ਲੈ ਲਈ ਅਤੇ ਉਹ ਆਪਣੀ ਕਵਿਤਾ ਦਾ ਸੰਚਾਰ ਕਾਗਜ਼ ਉੱਪਰ ਲਿਖਣ ਜਾਂ ਸਿਆਹੀ ਨੂੰ ਧਿਆਨ ਵਿੱਚ ਰੱਖਦਾ ਹੋਇਆ ਵਧੇਰੇ ਕਰਦਾ ਹੈ। ਜਿਸ ਸਦਕਾ ਕਵਿਤਾ ਦੇ ਰੂਪਕ ਪੱਖ ਵਿੱਚ ਵੱਡੀ ਤਬਦੀਲੀ ਆਈ ਹੈ।

ਸਮਕਾਲੀ ਕਾਵਿ-ਰੂਪਾਕਾਰਾਂ ਵਿੱਚ ਕਵੀਆਂ ਦੁਆਰਾ ਕੁੱਝ ਵਿਜ਼ੂਅਲ ਪੈਟਰਨ ਅਤੇ ਕੁਝ ਮੈਥੇਮੈਟਿਕਸ ਪੈਟਰਨ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ, ਜੋ ਪਰੰਪਰਾਗਤ ਕਾਵਿ-ਰੂਪਾਂ ਨਾਲੋਂ ਭਿੰਨ ਹੈ। ਕਵਿਤਾ ਇੱਕ ਅਜਿਹੀ ਸਿਨਫ਼ ਹੈ ਜੋ ਆਪਣੇ ਸਮਕਾਲ ਵਿੱਚ ਤਬਦੀਲੀਆਂ ਨੂੰ ਬਾਕੀ ਸਾਹਿਤ ਰੂਪਾਕਾਰਾਂ ਨਾਲੋਂ ਜਲਦੀ ਸਵੀਕਾਰਦੀ ਹੈ। ਅਜਿਹੇ ਵਿੱਚ ਸਮਕਾਲੀ ਕਵੀ ਆਪਣੇ ਕਾਵਿਕ-ਬਿਆਨ (Poetic Statement) ਪ੍ਰਤੀ ਪੂਰਨ ਸੁਚੇਤ ਹੁੰਦੇ ਕਵਿਤਾ ਵਿੱਚ ਰੂਪਕ ਪੱਖੋਂ ਕਈ ਨਵੇਂ ਪ੍ਰਯੋਗ ਕਰਦਾ ਹੈ ਜਿਵੇਂ ਤੋਲ, ਤੁਕਾਂਤ, ਮਾਪਤੋਲ ਦੀ ਗਿਣਤੀ-ਮਿਣਤੀ ਦੀ ਅਣਹੋਂਦ, ਤੁਕਾਂਤ ਦੀ ਅਨਿਸ਼ਚਿਤਤਾ, ਕਾਵਿਕ-ਵਾਕੰਸ਼ਾਂ ਦੀ ਪਾਠਗਤ ਸਜਾਵਟ ਆਦਿ। ਇਨ੍ਹਾਂ ਜੁਗਤਾਂ ਦੀ ਸਹਾਇਤਾ ਦੁਆਰਾ ਕਵੀ ਆਪਣਾ ਕਾਵਿਕ-ਉਚਾਰ ਅਤੇ

ਸੰਚਾਰ ਸਮਕਾਲ ਦੇ ਪ੍ਰਸੰਗ ਵਿੱਚ ਕਰਦਾ ਹੈ। ਇਸੇ ਕਾਰਨ ਸਮਕਾਲੀ ਪੰਜਾਬੀ ਕਵਿਤਾ ਨੇ ਇਨ੍ਹਾਂ ਤਬਦੀਲੀਆਂ ਦੇ ਅਧੀਨ ਰੂਪ ਜਾਂ ਸੰਰਚਨਾ ਪੱਖੋਂ ਇੱਕ ਨਿਵੇਕਲੀ ਹੋਂਦ ਨੂੰ ਅਖ਼ਤਿਆਰ ਕੀਤਾ ਹੈ।

ਚੌਥੇ ਅਧਿਆਇ ਦੇ ਭਾਗ ਦੂਜਾ ਵਿੱਚ ਭਾਰਤੀ ਦਰਸ਼ਨ ਦੇ ਸੰਦਰਭ ਵਿੱਚ ਪੰਜਾਬੀ ਕਾਵਿ ਦੇ ਭਾਸ਼ਾਈ ਸੰਚਾਰ ਦੇ ਅਧਿਐਨ ਦਾ ਉਪਰਾਲਾ ਕੀਤਾ ਗਿਆ ਹੈ। ਕਾਵਿ-ਅਭਿਵਿਅਕਤੀ ਲਈ ਭਾਸ਼ਾ ਦਾ ਹੋਣਾ ਲਾਜ਼ਮੀ ਹੈ। ਭਾਸ਼ਾ, ਜੋ ਸੰਚਾਰ ਦਾ ਇਕ ਅਜਿਹਾ ਮਾਧਿਅਮ ਹੈ ਜਿਸ ਦੁਆਰਾ ਮਨੁੱਖ ਆਪਣੇ ਵਿਚਾਰਾਂ ਅਤੇ ਭਾਵਾਂ ਦਾ ਸੰਚਾਰ ਕਰਦਾ ਹੈ ਪ੍ਰੰਤੂ ਸਾਹਿਤ ਦੀ ਸਿਰਜਣਾਂ ਲਈ 'ਕਾਵਿ-ਭਾਸ਼ਾ' ਆਮ ਬੋਲਚਾਲ ਦੀ ਭਾਸ਼ਾ ਨਾਲੋਂ ਭਿੰਨ ਹੁੰਦੀ ਹੈ। ਆਮ ਭਾਸ਼ਾ ਦਾ ਮਨੋਰਥ ਮਨੁੱਖੀ ਹਾਵ-ਭਾਵਾਂ ਅਤੇ ਵਿਚਾਰਾਂ ਦਾ ਸੰਚਾਰ ਕਰਨਾ ਹੈ, ਜਦਕਿ ਕਾਵਿ-ਭਾਸ਼ਾ ਦਾ ਮਨੋਰਥ ਕੇਵਲ ਮਨੁੱਖੀ ਹਾਵ-ਭਾਵਾਂ ਅਤੇ ਵਿਚਾਰਾਂ ਦਾ ਸੰਚਾਰ ਕਰਨਾ ਹੀ ਨਹੀਂ, ਸਗੋਂ ਸਰੋਤੇ ਜਾਂ ਪਾਠਕ ਦੇ ਮਨ ਵਿੱਚ ਇੱਕ ਤਰ੍ਹਾਂ ਦਾ ਕਲਾਤਮਿਕ ਸੁਹਜ ਅਤੇ ਸੌਂਦਰਿਆ ਉਜਾਗਰ ਕਰਨਾ ਵੀ ਹੈ। ਕਵੀ 'ਕਾਵਿ-ਭਾਸ਼ਾ' ਸਿਰਜਣਾ ਲਈ ਅਲੰਕਾਰ, ਬਿੰਬ, ਪ੍ਰਤੀਕ, ਰਸ, ਧੁਨੀ, ਸ਼ੈਲੀ ਆਦਿ ਕਈ ਤਰ੍ਹਾਂ ਦੀਆਂ ਕਲਾਤਮਿਕ ਅਤੇ ਸਾਹਿਤਕ ਜੁਗਤਾਂ ਦੀ ਵਰਤੋਂ ਕਰਦਾ ਹੈ, ਜਿਨ੍ਹਾਂ ਦੀ ਸ਼ਮੂਲੀਅਤ ਨਾਲ ਭਾਸ਼ਾ ਆਪਣੇ ਮਿਆਰੀ ਪੱਧਰ ਤੋਂ ਉੱਠ ਕੇ 'ਕਾਵਿ-ਭਾਸ਼ਾ' ਵਿੱਚ ਢਲਦੀ ਹੈ ਅਤੇ ਇੱਕ ਉਤਕ੍ਰਿਸ਼ਟ ਸਾਹਿਤ ਰਚਨਾ ਦੀ ਸੰਰਚਨਾ ਹੁੰਦੀ ਹੈ। ਵਰਤਮਾਨ ਸਮੇਂ ਵਿੱਚ ਸੰਚਾਰ ਮੀਡੀਆ ਅਤੇ ਇੰਟਰਨੈੱਟ ਦੇ ਆਉਣ ਨਾਲ ਪੰਜਾਬੀ ਕਵਿਤਾ ਵਿੱਚ ਸਥਾਨਕ ਸੁਭਾਅ ਅਤੇ ਸੱਭਿਆਚਾਰ ਚਿੱਤਰਣ ਵਿੱਚ ਕਮੀ ਆ ਰਹੀ ਹੈ। ਦਰਅਸਲ ਸਮਕਾਲੀ ਪੰਜਾਬੀ ਕਵਿਤਾ ਵਧੇਰੇ ਕਰਕੇ ਵਿਸ਼ਵੀ ਪ੍ਰਸੰਗ ਵਿੱਚ ਸਿਰਜੀ ਜਾ ਰਹੀ ਹੈ। ਅਜਿਹੇ ਗਲੋਬਲੀ ਪ੍ਰਸੰਗ ਵਿਚ ਸਮਕਾਲੀ ਪੰਜਾਬੀ ਕਵੀ ਆਪਣੀ ਕਾਵਿ-ਅਭਿਵਿਅਕਤੀ ਨੂੰ ਸਪਸ਼ਟ, ਸਰਲ ਅਤੇ ਸੁਖ਼ਾਲਾ ਰੱਖਦੇ ਹਨ ਤਾਂ ਜੋ ਕਵਿਤਾ ਆਸਾਨੀ ਨਾਲ ਅਰਥਾਂ ਦਾ ਸੰਚਾਰ ਕਰ ਸਕੇ। ਇਸ ਦੇ ਉਲਟ ਜਦਕਿ ਕਵਿਤਾ ਦੇ ਆਰੰਭਿਕ ਦੌਰ ਵਿੱਚ ਕਵੀ ਕਵਿਤਾ ਦੀ ਕਾਵਿ-ਭਾਸ਼ਾਈ ਬਣਤਰ ਅਤੇ ਕਾਵਿ-ਸੁਹਜ ਲਈ ਭਰਪੂਰ ਮਾਤਰਾ ਵਿੱਚ ਅਲੰਕਾਰ, ਬਿੰਬ, ਪ੍ਰਤੀਕ, ਰਸ ਆਦਿ ਵਰਗੀਆਂ ਕਾਵਿ-ਜੁਗਤਾਂ ਦਾ ਪ੍ਰਯੋਗ ਕਰਕੇ ਕਾਵਿ-ਰਚਨਾ ਨੂੰ ਬੋਝਲ ਅਤੇ ਗੁੰਝਲਦਾਰ ਰੂਪ ਵਿੱਚ ਪੇਸ਼ ਕਰਦੇ ਸਨ ਪ੍ਰੰਤੂ ਸਮਕਾਲੀ ਪੰਜਾਬੀ ਕਵੀ ਆਪਣੀ

ਕਾਵਿ-ਅਭਿਵਿਅਕਤੀ ਵਧੇਰੇ ਗਲੋਬਲੀ ਪਰਿਪੇਖ ਦੇ ਸੁਭਾਅ ਜਾਂ ਵਿਸ਼ਵੀ ਚੇਤਨਾ ਨਾਲ ਜੋੜ ਕੇ ਕਰ ਰਹੇ ਹਨ। ਅਜਿਹੇ ਵਿੱਚ ਕਵੀ ਆਪਣੇ ਕਾਵਿਕ-ਉਚਾਰ ਨੂੰ ਪਰੰਪਰਾਗਤ ਸੰਚਾਰ ਜੁਗਤਾਂ ਦੀ ਸੀਮਤ ਵਰਤੋਂ ਕਰਕੇ ਵਿਭਿੰਨ ਮੌਲਿਕ ਪੈਟਰਨਾਂ ਅਨੁਸਾਰ ਸਮਕਾਲੀ ਵਿਸ਼ਵੀ ਚੇਤਨਾ ਦੇ ਸੰਦਰਭ ਵਿੱਚ ਹੀ ਸਿਰਜਦੇ ਹਨ। ਜਿਸ ਕਾਰਨ ਸਮਕਾਲੀ ਪੰਜਾਬੀ ਕਵੀ ਆਪਣੀ ਗੱਲ ਨੂੰ ਵਧੇਰੇ ਸਿੱਧੀ, ਸਪੱਸ਼ਟ ਅਤੇ ਘੱਟ-ਸ਼ਬਦਾਂ ਰਾਹੀਂ ਬਿਆਨ ਕਰਦੇ ਹਨ।

'ਸਮਕਾਲੀ ਪੰਜਾਬੀ ਕਵਿਤਾ ਦਾ ਸੰਚਾਰ ਵਿਧਾਨ' ਦੇ ਤੀਜੇ ਭਾਗ ਵਿੱਚ 'ਪੱਛਮੀ ਦਰਸ਼ਨ ਦੇ ਸੰਦਰਭ ਵਿੱਚ ਸਮਕਾਲੀ ਪੰਜਾਬੀ ਕਵਿਤਾ ਦੇ ਕਾਵਿ-ਤੱਤਾਂ ਦਾ ਅਧਿਐਨ' ਕਰਦੇ ਹੋਏ ਸਮਕਾਲੀ ਪੰਜਾਬੀ ਕਵਿਤਾ ਦੇ ਸੰਚਾਰ ਵਿਧਾਨ ਦੇ ਅਧਿਐਨ ਨੂੰ ਸੰਪੂਰਨ ਕੀਤਾ ਗਿਆ ਹੈ। ਜਿਸ ਅਧੀਨ ਸਮਕਾਲੀ ਪੰਜਾਬੀ ਕਵੀਆਂ ਦੁਆਰਾ ਆਪਣੇ ਕਾਵਿਕ-ਉਚਾਰ ਨੂੰ ਸਮਕਾਲੀ ਸੰਦਰਭ, ਵਿਸ਼ਵੀ ਚੇਤਨਾ ਜਾਂ ਗਲੋਬਲੀ ਪੱਧਰ 'ਤੇ ਸੰਚਾਰਿਤ ਕਰਨ ਲਈ ਵਰਤੀਆਂ ਗਈਆਂ ਵਿਭਿੰਨ ਪ੍ਰਕਾਰ ਦੀਆਂ ਸਾਹਿਤਕ ਜੁਗਤਾਂ ਅਤੇ ਕਾਵਿ ਦੇ ਤੱਤਾਂ ਦਾ ਮੁਲਾਂਕਣ ਕੀਤਾ ਗਿਆ ਹੈ। ਕਾਵਿ ਤੱਤਾਂ ਦੇ ਅਧਿਐਨ ਦੇ ਸਿੱਟੇ ਵੱਜੋਂ ਸਮਕਾਲੀ ਪੰਜਾਬੀ ਕਵੀਆਂ ਦੁਆਰਾ ਆਪਣੇ ਕਾਵਿਕ-ਉਚਾਰ ਅਤੇ ਸੰਚਾਰ ਨੂੰ ਸਮਕਾਲੀ ਚੇਤਨਾ ਦੇ ਅਨੁਸਾਰੀ ਕਲਾਤਮਿਕ ਅਤੇ ਸੁਹਜਾਤਮਿਕ ਬਣਾਉਣ ਲਈ ਪੱਛਮੀਂ ਦਰਸ਼ਨ ਦੇ ਸੰਦਰਭ ਵਿੱਚ ਸਮਕਾਲੀ ਪੰਜਾਬੀ ਕਵਿਤਾ ਦੇ ਤੱਤਾਂ/ਜੁਗਤਾਂ ਦੇ ਪ੍ਰਯੋਗ ਦਾ ਅਧਿਐਨ ਕੀਤਾ ਗਿਆ ਹੈ। ਜਿਵੇਂ ਕਿ ਸਮਕਾਲੀ ਪੰਜਾਬੀ ਕਵੀਆਂ ਦੁਆਰਾ ਆਪਣੇ ਕਾਵਿਕ 'ਥੀਮ' ਨੂੰ ਵੱਖ-ਵੱਖ ਮੋਟਿਫ਼ਾਂ/ਫੈਬੁਲਾ ਦੀ ਸਹਾਇਤਾ ਨਾਲ ਪ੍ਰਭਾਵਸ਼ਾਲੀ ਮੋਟੀਵੇਸ਼ਨ/ਸੁਚੇਤ ਵਿੱਚ ਬਦਲਦੇ ਹੋਏ ਆਪਣੀ ਕਾਵਿਕ ਅਭਿਵਿਅਕਤੀ ਨੂੰ ਪਾਠਕ ਲਈ ਇੱਕ ਅਜਨਬੀਕ੍ਰਿਤ ਦੇ ਰੂਪ ਵਿੱਚ ਪੇਸ਼ ਕਰਦੇ ਹਨ। ਸਮਕਾਲੀ ਪੰਜਾਬੀ ਕਵੀ ਆਪਣੇ ਕਾਵਿਕ ਸੰਚਾਰ ਨੂੰ ਵਧੇਰੇ ਗਹਿਨ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਤ੍ਰਾਸਦੀ, ਵਿਰੋਧਾਭਾਸ, ਨਾਟਕੀ ਚੋਟਾਂ, ਵਿਅੰਗ, ਕਟਾਕਸ਼ ਆਦਿ ਜੁਗਤਾਂ ਦਾ ਪ੍ਰਯੋਗ ਕਰਦੇ ਹੋਏ ਕਵਿਤਾ ਵਿੱਚ ਤਣਾਓ ਨੂੰ ਸਿਰਜਕੇ ਆਪਣੇ ਅਨੁਭਵ ਨੂੰ ਸੰਚਾਰਿਤ ਕਰਨ ਦੇ ਨਾਲ-ਨਾਲ ਆਪਣੀ ਕਾਵਿਕ-ਸ਼ੈਲੀ ਵਿੱਚ ਪਰਾਹਨ, ਵਿਪਥਨ, ਸਮਾਨੰਤਰਤਾ ਅਤੇ ਵਿਰਲਤਾ ਆਦਿ ਢੰਗਾਂ ਦਾ ਪ੍ਰਯੋਗ ਕਰਦੇ ਹੋਏ ਕਾਵਿਕ

ਅਨੁਭਵ ਜਾਂ ਵਿਸ਼ਾ-ਵਸਤੂ ਨੂੰ ਅਗਰਭੂਮਨ ਵਿੱਚ ਰੱਖਦਾ ਹੈ। ਜਿਸ ਦੁਆਰਾ ਕਵੀ ਸਪਸ਼ਟ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਆਪਣੀ ਕਵਿਤਾ ਦਾ ਸੰਚਾਰ ਕਰਦਿਆਂ ਪਾਠਕ ਨਾਲ ਸਾਧਾਰਨੀਕਰਨ ਦੀ ਸਥਿਤੀ ਨੂੰ ਸਥਾਪਤ ਕਰਦੇ ਹੋਏ ਸਮੁੱਚੇ ਰੂਪ ਵਿੱਚ ਪਾਠਕ ਨੂੰ ਸੁਹਜ, ਸੌਂਦਰਿਆ ਅਤੇ ਕਲਾਤਮਿਕ ਅਨੁਭੂਤੀ ਪ੍ਰਦਾਨ ਕਰਦਾ ਹੈ।

ਹਥਲੇ ਖੋਜ ਪ੍ਰਬੰਧ ਦੇ ਸਿੱਟੇ ਅਤੇ ਸਥਾਪਨਾਵਾਂ ਨੂੰ ਇੱਕ ਇਕਾਈ ਵਿੱਚ ਬੰਨ੍ਹਦਿਆਂ ਕਿਹਾ ਜਾ ਸਕਦਾ ਹੈ ਕਿ ਸਮਕਾਲੀ ਪੰਜਾਬੀ ਕਵਿਤਾ ਨਵੇਂ ਦੌਰ ਅਤੇ ਨਵੇਂ ਮਸਲਿਆਂ ਦੀ ਪ੍ਰਤੀਨਿਧਤਾ ਕਰਦੀ ਹੋਈ ਪੁਰਾਤਨ ਲੀਹਾਂ ਤੋਂ ਹੱਟ ਨਵੇਂ ਸਰੋਕਾਰਾਂ ਨੂੰ ਅਪਣਾਉਂਦੀ ਵਰਤਮਾਨ ਦੀ ਕਵਿਤਾ ਹੈ। ਇਹ ਕਿਸੇ ਇਕਹਿਰੇ ਵਾਦ-ਵਿਵਾਦ ਜਾਂ ਕਿਸੇ ਇੱਕ ਸਮੱਸਿਆ ’ਤੇ ਅਧਾਰਿਤ ਕਵਿਤਾ ਨਹੀਂ ਸਗੋਂ ਇਸ ਦਾ ਮੂਲ ਵਿਗਿਆਨ ਦੀ ਪ੍ਰਗਤੀ, ਵਿਗਿਆਨ ਦੀਆਂ ਕਾਢਾਂ ਅਤੇ ਉਨ੍ਹਾਂ ਦੇ ਸਨਮੁੱਖ ਮਨੁੱਖੀ ਸੋਚ, ਕਰਮ ਜਾਂ ਵਿਵਹਾਰ ਵਿੱਚ ਆਏ ਪਰਿਵਰਤਨ, ਮਾਨਸਿਕ ਤਣਾਓ, ਆਰਥਿਕ ਮਜ਼ਬੂਰੀਆਂ, ਨੈਤਿਕ ਕਦਰਾਂ-ਕੀਮਤਾਂ ਦਾ ਘਾਣ, ਇਕੱਲਤਾ ਦੇ ਅਹਿਸਾਸ ਆਦਿ ਜਿਹੇ ਤੱਤ ਸਮਕਾਲੀ ਪੰਜਾਬੀ ਕਵਿਤਾ ਦਾ ਧੁਰਾ ਹਨ। ਸਮਕਾਲੀ ਪੰਜਾਬੀ ਕਵਿਤਾ ਉੱਤਰ ਆਧੁਨਿਕਤਾ, ਉੱਤਰ ਬਸਤੀਵਾਦ, ਗਲੋਬਲਾਈਜ਼ੇਸ਼ਨ, ਬਾਜ਼ਾਰੀਕਰਨ ਆਦਿ ਦੇ ਵਰਤਮਾਨ ਪ੍ਰਸੰਗ ਵਿੱਚ ਉਸਰੀ ‘ਵਿਸ਼ਵ ਪੱਧਰੀ ਉਚਾਰ’ ਦੀ ਨਵੀਂਨ ਕਵਿਤਾ ਹੈ ਜੋ ਵਰਤਮਾਨ ਸਮਾਜਿਕ, ਸੱਭਿਆਚਾਰਕ, ਆਰਥਿਕ ਅਤੇ ਰਾਜਨੀਤਿਕ ਸੰਰਚਨਾਵਾਂ ਨੂੰ ਬੜੀ ਸੂਖ਼ਮਤਾ ਨਾਲ ਕਾਵਿ-ਰੂਪ ਵਿੱਚ ਸਰੋਕ੍ਰਿਤ ਕਰਦੀ ਹੋਈ ਪੰਜਾਬੀ ਸੱਭਿਆਚਾਰ ਆਭਾ ਅਤੇ ਪਛਾਣ ਦੀਆਂ ਕਈ ਗੰਭੀਰ ਸਮੱਸਿਆਵਾਂ, ਬਹੁ-ਸੱਭਿਆਚਾਰ, ਨਿਰੰਤਰ ਵੱਧ ਰਹੇ ਤਣਾਅ, ਕੌਮੀ ਏਕਤਾ ਤੇ ਅਖੰਡਤਾ ’ਤੇ ਸਵਾਲ, ਸਿਆਸੀ ਸੱਤਾ ਦੀਆਂ ਸ਼ਤਰੰਜ ਅਤੇ ਕੋਝੀਆਂ ਚਾਲਾਂ, ਮਾਨਵੀ ਅਧਿਕਾਰਾਂ ਅਤੇ ਮਨੁੱਖੀ ਸ਼ਕਤੀ ਦਾ ਘਾਣ ਆਦਿ ਦੇ ਗੰਭੀਰ ਪ੍ਰਭਾਵਾਂ ਨੂੰ ਰੂਪਮਾਨ ਕਰਦੀ ਹੈ। ਵਿਸ਼ਵੀਕਰਨ, ਤਕਨੀਕੀ ਵਿਕਾਸ ਅਤੇ ਸੰਚਾਰ ਮਾਧਿਅਮਾਂ ਦੀ ਕ੍ਰਾਂਤੀ ਨਾਲ ਮਨੁੱਖ ਦੀ ਪਹੁੰਚ ਦਾ ਦਾਇਰਾ ਜਿਵੇਂ-ਜਿਵੇਂ ਵਿਸ਼ਾਲ ਹੋਇਆ ਹੈ। ਉਸ ਨਾਲ ਪੰਜਾਬੀ ਸਮਾਜ ਅਤੇ ਸੱਭਿਆਚਾਰ ਵਿੱਚ ‘ਵਿਸ਼ਵੀ ਚੇਤਨਾ’ ਦਾ ਪਸਾਰ ਹੋਇਆ ਹੈ। ਅਜੋਕੇ ਦੌਰ ਵਿੱਚ ‘ਕਾਵਿਕ-ਉਚਾਰ’ ਅਤੇ ‘ਸੰਚਾਰ’ ਲਈ ਸਮਕਾਲੀ

ਪੰਜਾਬੀ ਕਵੀ ਨਵੇਂ ਪ੍ਰਯੋਗਾਂ ਦੁਆਰਾ ਨਵੀਆਂ ਸੰਚਾਰ ਜੁਗਤਾਂ ਦਾ ਪ੍ਰਯੋਗ ਕਰ ਰਹੇ ਹਨ। ਜਿਸ ਨਾਲ ਸਮਕਾਲੀ ਪੰਜਾਬੀ ਕਵਿਤਾ ਨੇ ਨਵੀਨਤਮ 'ਸੰਚਾਰ ਵਿਧਾਨ' ਅਖ਼ਤਿਆਰ ਕੀਤਾ ਹੈ। ਨਿਰਸੰਦੇਹ ਅਜਿਹੀ ਵਿਕ੍ਰੇਂਦਰਿਤ ਅਤੇ ਗਲੋਬਲੀ ਸੰਦਰਭ ਵਿੱਚ ਉੱਸਰੀ ਵਿਸ਼ਵੀ ਚੇਤਨਾ ਦੀ ਸਮਕਾਲੀ ਕਵਿਤਾ ਨੂੰ ਨਿਰਪੱਖ ਸਮੀਖਿਆ ਪ੍ਰਣਾਲੀ ਦੇ ਪ੍ਰਸੰਗ ਵਿੱਚ ਵਿਆਖਿਆ, ਵਿਚਾਰਿਆ ਜਾ ਮੁਲਾਂਕ੍ਰਿਤ ਕੀਤਾ ਜਾਣਾ ਚਾਹੀਦਾ ਹੈ। ਜਿਸ ਲਈ ਕਵਿਤਾ ਦਾ 'ਸੰਚਾਰ ਵਿਧਾਨ' ਪੱਖੋਂ ਅਧਿਐਨ ਇੱਕ ਆਦਰਸ਼ ਸਮੀਖਿਅਕ ਸਿਧਾਂਤ ਵਜੋਂ ਕਾਰਜ ਕਰ ਸਕਦਾ ਹੈ ਜਿਸ ਦੀ ਪੇਸ਼ਕਾਰੀ ਕਰਨ ਦਾ ਉਪਰਾਲਾ ਖੋਜ ਪ੍ਰਬੰਧ ਵਿਚ ਕੀਤਾ ਗਿਆ ਹੈ।

## ਇੰਟਰਵਿਊ

**ਸਮਕਾਲੀ ਪੰਜਾਬੀ ਕਵਿਤਾ: ਪ੍ਰਮੁੱਖ ਸਰੋਕਾਰ ਅਤੇ ਸੰਚਾਰ ਵਿਧਾਨ**

**(2000 ਤੋਂ ਬਾਅਦ ਦੀ ਪੰਜਾਬੀ ਕਵਿਤਾ ਦੇ ਸੰਦਰਭ ਵਿੱਚ)**

**ਵਿਸ਼ਾ:** ਖੋਜ-ਕਾਰਜ ਨਾਲ ਸੰਬੰਧਤ ਪ੍ਰਮੁੱਖ ਸਮਕਾਲੀ ਪੰਜਾਬੀ ਕਵੀ ਜਸਵੰਤ ਜ਼ਫ਼ਰ ਨਾਲ ਮੁਲਾਕਾਤ।

**ਸ੍ਰੀ ਮਾਨ ਜੀ,**

ਬੇਨਤੀ ਹੈ ਕਿ **ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ** ਦੇ ਅਧੀਨ 'Ph.D-Punjabi' ਦੀ ਡਿਗਰੀ ਲਈ ਮੇਰੀ ਖੋਜ ਦਾ ਸਿਰਲੇਖ- **ਸਮਕਾਲੀ ਪੰਜਾਬੀ ਕਵਿਤਾ: ਪ੍ਰਮੁੱਖ ਸਰੋਕਾਰ ਅਤੇ ਸੰਚਾਰ ਵਿਧਾਨ (2000 ਤੋਂ ਬਾਅਦ ਦੀ ਪੰਜਾਬੀ ਕਵਿਤਾ ਦੇ ਸੰਦਰਭ ਵਿੱਚ)** ਹੈ। ਸੰਬੰਧਿਤ ਖੋਜ ਕਾਰਜ ਦੇ ਅੰਤਰਗਤ ਆਪ ਜੀ ਨੂੰ (ਜਸਵੰਤ ਜ਼ਫ਼ਰ) ਸਮਕਾਲੀ ਪੰਜਾਬੀ ਕਵੀ ਵਜੋਂ ਸ਼ਾਮਿਲ ਕੀਤਾ ਗਿਆ ਹੈ। ਖੋਜ ਕਾਰਜ ਦੀ ਗੁਣਵੱਧਤਾ ਲਈ ਕੁਝ ਪ੍ਰਸ਼ਨ ਨਿਮਨਲਿਖਿਤ ਹਨ:

**ਪ੍ਰਸ਼ਨ 1. ਸਮਕਾਲੀ ਪੰਜਾਬੀ ਕਵਿਤਾ ਦੇ ਰੁਝਾਨ ਬਾਰੇ ਆਪ ਜੀ ਦੇ ਕੀ ਵਿਚਾਰ ਹਨ?**

**ਉੱਤਰ:1.** ਸਮਕਾਲੀ ਪੰਜਾਬੀ ਕਵਿਤਾ ਕੋਈ ਸੀਮਿਤ ਵਿਚਾਰਧਾਰਾ ਜਾਂ ਰੁਝਾਨ ਦੀ ਧਾਰਨੀ ਨਹੀਂ ਹੈ। ਪੁਰਾਤਨ ਦੌਰ ਵਿੱਚ ਮਨੁੱਖ ਦਾ ਸਰੋਕਾਰ ਕੇਵਲ ਇੱਕ ਸੀਮਿਤ ਦਾਇਰੇ ਤੱਕ ਹੀ ਸੀ ਭਾਵ ਉਸ ਦਾ ਦਾਇਰਾ ਆਪਣੇ ਗੁਆਂਢੀ, ਪਿੰਡ ਜਾਂ ਸ਼ਹਿਰ ਤੱਕ ਹੀ ਸੀ ਪ੍ਰੰਤੂ ਅਜੋਕੇ ਦੌਰ ਵਿੱਚ ਮਨੁੱਖ ਦੀ ਪਹੁੰਚ ਵਿਦੇਸ਼ਾਂ ਤੱਕ ਦੁਨੀਆਂ ਦੇ ਹਰ ਕੋਨੇ ਤੱਕ ਹੋ ਗਈ ਹੈ। ਇਸ ਤਰ੍ਹਾਂ ਮਨੁੱਖ ਦਾ ਦਾਇਰਾ ਵਿਸ਼ਾਲ ਹੋਇਆ। ਉਸ ਦਾਇਰੇ ਦੇ ਵਿੱਚ ਆਉਂਦੀਆਂ ਸਾਰੀਆਂ ਵਸਤਾਂ, ਅਨੁਭਵ ਅਤੇ ਖਿਆਲ ਅਜੋਕੇ ਕਵੀ ਦੇ ਰੁਝਾਨ ਹਨ। ਜਿਥੋਂ ਤੱਕ ਮਨੁੱਖ ਦੀ ਪਹੁੰਚ ਹੁੰਦੀ ਗਈ ਉਸਨੇ ਸਮਾਜ ਨੂੰ ਵਿਕਸਿਤ ਕਰਨ ਦਾ ਯਤਨ ਕੀਤਾ। ਜਿਸ ਤਰ੍ਹਾਂ

ਪਹਿਲਾਂ ਪਹਿਲ ਜਦੋਂ ਮਨੁੱਖ ਬੱਸ 'ਤੇ ਚੜ੍ਹਨ ਨੂੰ ਬਹੁਤ ਵੱਡੀ ਗੱਲ ਮੰਨਦਾ ਸੀ ਤਾਂ ਉਸ ਦਾ ਸਰੋਕਾਰ ਕੇਵਲ ਬੱਸ ਤੱਕ ਹੀ ਸੀਮਤ ਸੀ ਪਰ ਅਜੋਕੇ ਸਮੇਂ ਵਿੱਚ ਬੱਸ ਦੇ ਨਾਲ-ਨਾਲ ਨਿੱਜੀ ਗੱਡੀਆਂ, ਰੇਲਾਂ ਦੀ ਬਹੁਤਾਤ, ਮੈਟਰੋ ਆਦਿ ਇਥੋਂ ਤੱਕ ਕਿ ਜਹਾਜ਼, ਵੀ ਮਨੁੱਖ ਲਈ ਆਮ ਗੱਲ ਹੋ ਗਈ। ਇਸ ਤਰ੍ਹਾਂ ਮਨੁੱਖ ਦੀ ਪਹੁੰਚ ਦਾ ਦਾਇਰਾ ਵਿਸ਼ਾਲ ਹੋਇਆ ਤੇ ਉਸ ਦਾਇਰੇ ਵਿੱਚ ਆਉਂਦਾ ਹਰ ਵਰਤਾਰਾ ਮਨੁੱਖ ਦਾ ਸਰੋਕਾਰ ਅਤੇ ਰੁਝਾਨ ਬਣਦਾ ਗਿਆ ਅਤੇ ਵਰਤਮਾਨ ਸਮਾਂ ਇੱਕ ਸੰਘਣੇ ਰੁਝਾਨਾਂ ਦਾ ਦੌਰ ਹੈ ਜਿਸ ਵਿੱਚ ਵਰਤਾਰੇ ਤੇਜ਼ੀ ਨਾਲ ਆਉਂਦੇ ਵੀ ਹਨ ਤੇ ਤੇਜ਼ੀ ਨਾਲ ਖਤਮ ਵੀ ਹੁੰਦੇ ਹਨ।

**ਪ੍ਰਸ਼ਨ:2 ਤੁਸੀਂ ਆਪਣੀ ਕਵਿਤਾ ਵਿੱਚ ਸਮਕਾਲ ਦੇ ਕਿਹੜੇ ਅਨੁਭਵਾਂ ਜਾਂ ਤਜ਼ਰਬਿਆਂ ਨੂੰ ਰੂਪਮਾਨ ਕਰਨ ਦਾ ਯਤਨ ਕਰਦੇ ਹੋ?**

**ਉੱਤਰ:2.** ਮੁੱਢ ਤੋਂ ਹੀ ਮੇਰਾ ਨਿੱਜੀ ਸੰਬੰਧ ਚਿੱਤਰਕਾਰੀ, ਗਣਿਤ ਅਤੇ ਵਿਗਿਆਨ ਨਾਲ ਰਿਹਾ ਹੈ। ਇਸੇ ਕਾਰਨ ਮੇਰੀ ਕਵਿਤਾ ਵਿੱਚ ਵਧੇਰੇ ਇਤਿਹਾਸਕ ਚਿੱਤਰਾਂ ਅਤੇ ਪ੍ਰਕਿਰਤੀ ਦੇ ਮਸਲਿਆਂ ਨੂੰ ਵਿਸ਼ੇ ਦੇ ਤੌਰ ਤੇ ਦ੍ਰਿਸ਼ਟੀਗੋਚਰ ਕਰਨ ਦੀ ਕੋਸ਼ਿਸ਼ ਕਰਦਾ ਹਾਂ ਅਤੇ ਇਸਦੇ ਨਾਲ ਹੀ ਮੈਂ ਕੁਝ ਘਟਨਾਵਾਂ ਨੂੰ ਗਣਿਤ ਦੇ ਸਮੀਕਰਨ ਵਜੋਂ ਵੀ ਦੇਖਦਾ ਹਾਂ ਜਿਸ ਦਾ ਪ੍ਰਤੱਖਣ ਵਧੇਰੇ ਗਣਿਤ ਅਤੇ ਵਿਗਿਆਨ ਨਾਲ ਜੁੜੇ ਪਾਠਕ ਨੂੰ ਪ੍ਰਾਪਤ ਹੁੰਦਾ ਹੈ। ਇਸ ਤੋਂ ਇਲਾਵਾ ਅਨੁਭਵਾਂ ਨੂੰ ਰੂਪਮਾਨ ਕਰਨ ਦੀ ਗੱਲ ਕੀਤੀ ਜਾਵੇ ਤਾਂ ਮੈਂ ਸਮਝਦਾ ਕਿ ਕਵਿਤਾ ਵਿੱਚ ਸਬਜੈਕਟ ਤਾਂ ਸਾਰੇ ਸ਼ਾਮਿਲ ਹਨ ਪਰ ਮੇਰਾ ਮੁੱਖ ਵਿਸ਼ਾ ਧਾਰਮਿਕ ਅਤੇ ਇਤਿਹਾਸਕ ਪ੍ਰਥਾਵਾਂ ਨੂੰ ਆਧਾਰ ਬਣਾ ਕੇ ਮਨੁੱਖ ਦੀ ਬਦਲਦੀ ਜਾ ਰਹੀ ਸੋਚ 'ਤੇ ਟਿੱਪਣੀ ਕਰਨਾ ਅਤੇ ਉਸਨੂੰ ਬਦਲਣ ਦਾ ਨਿੱਕਾ ਜਿਹਾ ਉਪਰਾਲਾ ਹੈ ਅਤੇ ਕੁਝ (love songs) ਪਿਆਰ ਦੇ ਵਿਸ਼ੇ ਨਾਲ ਸੰਬੰਧਿਤ ਗੀਤ ਵੀ ਮੇਰੀ ਕਵਿਤਾ ਵਿੱਚ ਸ਼ਾਮਿਲ ਹਨ।

**ਪ੍ਰਸ਼ਨ:3 ਸਮਕਾਲ ਵਿੱਚ ਕਿਹੜੇ ਮਸਲੇ ਹਨ, ਜੋ ਭਵਿੱਖ ਵਿੱਚ ਚਿੰਤਾ ਦਾ ਵਿਸ਼ਾ ਬਣ ਸਕਦੇ ਹਨ?**

**ਉੱਤਰ:3.** ਜਿਸ ਤਰ੍ਹਾਂ ਅਸੀਂ ਪਹਿਲਾਂ ਗੱਲ ਕੀਤੀ ਹੈ ਕਿ ਇਹ ਦੌਰ ਸੰਘਣੇ ਮਸਲਿਆਂ ਦਾ ਦੌਰ ਹੈ ਕਿਉਂਕਿ ਮਨੁੱਖ ਦਾ ਦਾਇਰਾ ਵਿਸ਼ਾਲ ਹੋਣ ਦੇ ਨਾਲ ਵਿਸ਼ਿਆਂ ਦੀ ਬਹੁਤਾਤ ਹੋ ਗਈ ਹੈ। ਇਸ ਤਰ੍ਹਾਂ ਸਮਕਾਲੀ ਕਵੀ ਕੋਲ ਅਨੇਕਾਂ ਮਸਲੇ ਹਨ ਜੋ ਵਰਤਮਾਨ ਜਾਂ ਭਵਿੱਖ ਲਈ ਉਸ ਨੂੰ ਚਿੰਤਤ ਕਰ ਰਹੇ ਹਨ ਜਿਨ੍ਹਾਂ ਵਿੱਚੋਂ ਆਰਥਿਕ ਮਸਲੇ, ਰਾਜਨੀਤਿਕ ਭ੍ਰਿਸ਼ਟਾਚਾਰ, ਅਰਾਜਕਤਾ, ਦੂਸ਼ਿਤ ਹੁੰਦਾ ਜਾ ਰਿਹਾ ਵਾਤਾਵਰਣ ਕੁਦਰਤੀ ਸੋਮਿਆਂ ਦਾ ਦੁਰ-ਉਪਯੋਗ ਆਦਿ ਮਸਲੇ ਹਨ ਜੋ ਵਰਤਮਾਨ ਤੇ ਭਵਿੱਖ ਦੋਹਾਂ ਲਈ ਚਿੰਤਾ ਦਾ ਵਿਸ਼ਾ ਹਨ।

**ਪ੍ਰਸ਼ਨ:4 ਆਧੁਨਿਕ ਦੌਰ ਤੋਂ ਹੁਣ ਤੱਕ ਦੇ ਸਮਕਾਲ ਵਿੱਚ ਪੰਜਾਬੀ ਕਵਿਤਾ ਵਿੱਚ ਰੂਪਕ ਪੱਖੋਂ ਕੀ ਪਰਿਵਰਤਨ ਆਏ ਹਨ?**

**ਉੱਤਰ:4.** ਰੂਪਕ ਪੱਖ ਤੋਂ ਮੈਂ ਸਮਝਦਾ ਹਾਂ ਕਿ ਪਹਿਲਾਂ ਸਾਰੀ ਕਵਿਤਾ (lyrical) ਸਰੋਦੀ ਵਧੇਰੇ ਸੀ। ਉਪਰੰਤ ਪੂਰਨ ਸਿੰਘ ਦੇ ਆਉਣ ਨਾਲ ਕਵਿਤਾ ਦਾ ਖੁੱਲ੍ਹਾ ਰੂਪ ਸਾਹਮਣੇ ਆਇਆ। ਇਸ ਤੋਂ ਪਹਿਲਾਂ ਸਾਡੇ ਮਨਾਂ ਵਿੱਚ ਕਵਿਤਾ ਹੋਣ ਦਾ ਮਤਲਬ ਹੀ ਇਹ ਸੀ ਕਿ ਕਵਿਤਾ ਇੱਕ ਛੰਦ ਵਿੱਚ ਬੱਝੀ ਹੋਈ ਕਵਿਤਾ ਹੈ ਜਿਸ ਨੂੰ ਗਾਇਆ ਜਾ ਸਕੇ। ਉਸ ਉਪਰੰਤ ਪਾਸ਼ ਦੇ ਸਮੇਂ ਵਿੱਚ ਕਵਿਤਾ ਦਾ ਵਧੇਰੇ ਖੁੱਲ੍ਹਾ ਰੂਪ ਵੇਖਣ ਨੂੰ ਮਿਲਿਆ ਪਰੰਤੂ ਨਾਲ ਹੀ ਪ੍ਰਗਤੀਵਾਦੀ ਲਹਿਰ ਨਾਲ ਜੁੜੇ ਹੋਣ ਕਾਰਨ ਉਨ੍ਹਾਂ ਸਮਿਆਂ ਵਿੱਚ ਕਵਿਤਾ ਦੀ ਸਟੇਜੀ ਪੇਸ਼ਕਾਰੀ ਹੋਈ ਜੋ ਜਲਸਿਆਂ ਵਿੱਚ ਸਰੋਤਿਆਂ ਸਾਹਮਣੇ ਪੜ੍ਹਿਆ ਜਾਂ ਗਾਇਆ ਜਾਂਦਾ ਸੀ ਜਿਸ ਕਾਰਨ ਕਵਿਤਾ ਦਾ ਰੂਪ ਲਿਰੀਕਲ ਰਿਹਾ। ਫਿਰ ਵੱਡੀ ਗੱਲ ਇਹ ਹੈ ਕਿ, ਕਵੀ ਅਜੋਕੇ ਦੌਰ ਵਿੱਚ ਅਲੱਗ ਸਟਾਈਲ ਵਾਲੀ ਜੀਵਨ ਸ਼ੈਲੀ ਨੂੰ ਅਪਣਾਉਂਦਾ ਹੈ, ਦਰਅਸਲ

ਜਿਸ ਤਰ੍ਹਾਂ ਕਵੀ ਦਾ ਪਿਛੋਕੜ ਜਾਂ ਉਸ ਦੀ ਸਟਡੀ ਹੁੰਦੀ ਹੈ ਉਹ ਉਸ ਨੂੰ ਹੀ ਆਪਣੀ ਸਹੂਲਤ ਜਾਂ ਰੁਚੀ ਵਾਲੇ ਸੰਚਾਰ ਵਿਧਾਨ ਨੂੰ ਆਪਣੀ ਕਵਿਤਾ ਦੇ ਵਿੱਚ ਲੈ ਕੇ ਆਉਂਦਾ ਹੈ। ਜਿਵੇਂ ਕੋਈ ਕਵਿਤਾ ਵਿੱਚ ਗ੍ਰਾਫਿਕ ਲੈ ਕੇ ਆ ਗਿਆ, ਕੋਈ ਕਵਿਤਾ ਵਿੱਚ ਮੈਥੇਮੈਟਿਕਸ ਲੈ ਕੇ ਆ ਗਿਆ। ਇਸ ਤਰ੍ਹਾਂ ਸਮੇਂ ਦੇ ਨਾਲ ਕਵਿਤਾ ਵਿੱਚ ਕਈ ਤਰ੍ਹਾਂ ਦੇ ਪਰਿਵਰਤਨ ਆਉਂਦੇ ਰਹਿੰਦੇ ਹਨ।

**ਪ੍ਰਸ਼ਨ:5 ਤੁਹਾਡੀ ਕਵਿਤਾ ਵਿੱਚ ਵਰਤੀਆਂ ਗਈਆਂ ਕੁਝ ਸੂਖਮ ਸੰਚਾਰ-ਜੁਗਤਾਂ ਬਾਰੇ ਚਾਨਣਾ ਪਾਓ ।**

**ਉੱਤਰ:5.** ਮੈਂ ਸਮਝਦਾ ਹਾਂ ਕਿ ਮੂਲ ਰੂਪ ਵਿੱਚ ਕਵਿਤਾਵਾਂ ਵਿੱਚਲੀ ਕਾਵਿਕਤਾ ਕਈ ਵਾਰ ਸ਼ਬਦ, ਅਰਥ ਜਾਂ ਭਾਵ ਨਾਲੋਂ ਵਧੇਰੇ ਕਾਵਿ ਯੁਕਤ ਜਾਂ ਨਵੇਂ ਕਾਵਿ ਪ੍ਰਯੋਗ ਵਿੱਚ ਹੁੰਦੀ ਹੈ ਅਤੇ ਮੈਂ ਆਪਣੀ ਕਵਿਤਾ ਵਿੱਚ ਮੈਥੇਮੈਟਿਕਸ ਪੈਟਰਨ, ਵਿਜ਼ੂਅਲ ਗ੍ਰਾਫਿਕ ਤੋਂ ਇਲਾਵਾ ਵਿਗਿਆਨ ਦੀਆਂ ਸਮੀਕਰਨਾਂ ਦਾ ਪ੍ਰਯੋਗ ਕੀਤਾ ਹੈ। ਇਸਦੇ ਨਾਲ ਹੀ ਜਦੋਂ ਮੈਂ ਕਵਿਤਾ ਵਿੱਚ ਗੁਰਬਾਣੀ ਦੀਆਂ ਸਤਰਾਂ ਨੂੰ ਪ੍ਰਯੋਗ ਕਰਦਾ ਹਾਂ ਤਾਂ ਮੈਂ ਇਸ ਨੂੰ ਹਮੇਸ਼ਾ ਇਟਾਲਿਕ (*italic*) ਵਿੱਚ ਰੱਖਦਾ ਹਾਂ। ਕਵਿਤਾ ਵਿੱਚ ਕਿਸੇ ਦੁਆਰਾ ਕਹੀ ਗੱਲ ਨੂੰ ਪੇਸ਼ ਕਰਨ ਲਈ ਮੈਂ ਉਸ ਨੂੰ ਪੂਰੀ ਕਵਿਤਾ ਨਾਲੋਂ ਇੱਕ ਟੈਬ ਪਿੱਛੇ ਰੱਖਦਾ ਹਾਂ ਤੇ ਜਿੱਥੇ ਇਸਤਰੀ ਮਰਦ ਵਿੱਚ ਵਾਰਤਾਲਾਪ ਨੂੰ ਪੇਸ਼ ਕਰਦਾ ਹਾਂ ਉੱਥੇ ਦੇ ○ ਅਤੇ ● ਸਿੰਬਲਾਂ ਦੀ ਵਰਤੋਂ ਕਰਦਾ ਹਾਂ ਜੋ ਇਸਤਰੀ ਅਤੇ ਪੁਰਸ਼ ਹੋਣ ਨੂੰ ਦਰਸਾਉਂਦੀ ਹੈ। ਕਈ ਵਾਰ ਮੈਂ ਗਣਿਤ ਦੀ ਸੀਰੀਜ਼ ਅਨੁਸਾਰ ਹਾਇਫਨ ਜਾਂ ਡੈਸ਼ (–) ਪ੍ਰਯੋਗ ਕਰਕੇ ਸਰੋਤੇ ਲਈ ਖੁੱਲ੍ਹ ਛੱਡਦਾ ਹਾਂ ਕਿ ਉਹ ਉੱਪਰ ਅਨੁਸਾਰੀ ਭਾਵ ਜਾਂ ਪੈਟਰਨ ਅਨੁਸਾਰ ਹੋਰ ਆਪਣੀ ਬੌਧਿਕਤਾ ਨਾਲ ਬਹੁਤ ਕੁਝ ਸੋਚ ਸਕਦਾ ਹੈ। ਸੁਰਜੀਤ ਪਾਤਰ ਨੇ ਵੀ ਮੇਰੀ ਕਵਿਤਾ ਵਿੱਚਲੀਆਂ ਵਰਤੀਆਂ ਗਈਆਂ

ਜੁਗਤਾਂ ਬਾਰੇ ਕਿਹਾ ਹੈ ਕਿ ‘ ਇਹ ਸ਼ਬਦਾਂ ਨੂੰ ਇੰਝ ਵਰਤਦਾ ਜਿਵੇਂ ਕੋਈ ਬੇਸ਼ਕੀਮਤੀ ਵਸਤ ਹੋਵੇ ’।

**ਪ੍ਰਸ਼ਨ:6 ‘ਸਮਕਾਲੀ ਪੰਜਾਬੀ ਕਵਿਤਾ ਵਧੇਰੇ ਕਰਕੇ ਕਵੀ ਦੀ ਮਨ-ਪਸੰਦ ਵਾਰਤਕਮਈ ਪੈਟਰਨਾਂ ਦੀ ਕਵਿਤਾ ਹੈ।’ ਸਮਕਾਲੀ ਪੰਜਾਬੀ ਕਵਿਤਾ ਬਾਰੇ ਵੱਖ-ਵੱਖ ਵਿਦਵਾਨਾਂ ਦੀ ਇਸ ਰਾਏ ਬਾਰੇ ਤੁਹਾਡੇ ਕੀ ਵਿਚਾਰ ਹਨ?**

**ਉੱਤਰ:6.** ਅਜਿਹਾ ਹੋ ਸਕਦਾ ਹੈ ਕਿ ਇਸ ਦੌਰ ਦੀ ਕਵਿਤਾ ਵਧੇਰੇ ਕਰਕੇ ਮਨਪਸੰਦ ਵਾਰਤਕਮਈ ਮਨਪਸੰਦ ਪੈਟਰਨਾਂ ਦੀ ਕਵਿਤਾ ਹੈ ਪ੍ਰੰਤੂ ਮੇਰਾ ਮੰਨਣਾ ਹੈ ਕਿ ਅਜੋਕੀ ਕਵਿਤਾ ਵਾਰਤਕ, ਪੈਟਰਨ ਦੇ ਨਾਲ-ਨਾਲ ਉਸ ਤੋਂ ਵੀ ਅੱਗੇ ਵਿਜ਼ੁਅਲ ਪੈਟਰਨ ਦੀ ਵੀ ਕਵਿਤਾ ਹੈ। ਜੇਕਰ ਮੈਂ ਆਪਣੀ ਕਵਿਤਾ ਦੀ ਗੱਲ ਕਰਾਂ ਤਾਂ ਮੇਰੀ ਕਵਿਤਾ ਵਿੱਚ ਕੁੱਝ ਵਿਜ਼ੁਅਲ ਪੈਟਰਨ ਅਤੇ ਕੁਝ ਮੈਥੇਮੈਟਿਕਸ ਪੈਟਰਨ ਵੀ ਸ਼ਾਮਿਲ ਹਨ ਕਿਉਂਕਿ ਕਈ ਵਾਰ ਕਵਿਤਾ ਵਿੱਚਲੀ ਕਾਵਿਕਤਾ ਮੁੱਖ ਤੌਰ ’ਤੇ ਸ਼ਬਦ, ਅਰਥ ਜਾਂ ਭਾਵ ਨਾਲੋਂ ਵਧੇਰੇ ਕਾਵਿ-ਜੁਗਤ ਜਾਂ ਨਵੇਂ ਕਾਵਿ-ਪ੍ਰਯੋਗ ਕਾਰਨ ਹੁੰਦੀ ਹੈ। ਜਿਵੇਂ ਕਵਿਤਾ ‘ਮੀਂਹ’ ਅਤੇ ‘ਨੁੱਕਰ ਤੋਂ ਵਿੱਚਕਾਰ’ ਨੂੰ ਦੇਖਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਮੈਥੇਮੈਟਿਕਸ ਪੈਟਰਨ ਦੀ ਗੱਲ ਕਰੀਏ ਤਾਂ ‘ਬੂਹੇ’ ਕਵਿਤਾ ਵਿੱਚ ਇਹ ਪੈਟਰਨ ਦੇਖੇ ਜਾ ਸਕਦੇ ਹਨ ਜਿਸ ਵਿੱਚ ਲਿਖਿਆ ਹੈ:

*ਬਾਪੂ-ਮੋਹ=ਬੁੜ੍ਹਾ*

*ਭਰਾ-ਪਿਆਰ=ਸ਼ਰੀਕ*

*ਪਤੀ-ਦੋਸਤੀ=ਮਰਦ*

*ਪਤਨੀ-ਮੁਹੱਬਤ=ਔਰਤ*

*ਔਰਤ-ਮਮਤਾ=ਫਫੇਕੁਟਣੀ*

ਇਸ ਤਰ੍ਹਾਂ!

**ਪ੍ਰਸ਼ਨ:7 ਤੁਸੀਂ ਆਪਣੀ ਕਵਿਤਾ ਵਿੱਚ 'ਵਸਤੂ' ਜਾਂ 'ਰੂਪ' ਵਿੱਚੋਂ ਕਿਸ ਨੂੰ ਵਧੇਰੇ ਮਹੱਤਵ ਦਿੰਦੇ ਹੋ?**

**ਉੱਤਰ:7.** ਜੇਕਰ ਰੂਪ ਜਾਂ ਵਿਸ਼ਾ ਵਸਤੂ ਦੀ ਗੱਲ ਕਰਦੇ ਹਾਂ ਤਾਂ ਮੈਂ ਸਮਝਦਾ ਹਾਂ ਕਿ ਕੋਈ ਵੀ ਵਿਸ਼ਾ ਆਪਣਾ ਰੂਪ ਖੁਦ ਚਾਹੁੰਦਾ ਹੈ। ਕਈ ਵਾਰ ਸਾਡੇ ਮਨ ਵਿੱਚ ਕਵਿਤਾ ਗੀਤ ਰੂਪ ਵਿੱਚ ਉਪਜਦੀ ਹੈ ਅਤੇ ਉਹ ਉਸੇ ਪੈਟਰਨ 'ਤੇ ਪੂਰੀ ਕਵਿਤਾ ਨੂੰ ਗੀਤ ਰੂਪ ਵਿੱਚ ਲਿਖਵਾ ਲੈਂਦੇ ਹਨ। ਇਸ ਤਰ੍ਹਾਂ ਕੋਈ ਸ਼ੇਅਰ ਦਿਮਾਗ ਵਿੱਚ ਉਪਜਦਾ ਹੈ ਤਾਂ ਉਹ ਉਸੇ ਤਰੀਕੇ ਨਾਲ ਸਾਡੇ ਕੋਲੋਂ ਅਗਲੇ ਸ਼ੇਅਰਾਂ ਦੇ ਰੂਪ ਵਿੱਚ ਗ਼ਜ਼ਲ ਲਿਖਵਾ ਲੈਂਦੀ ਹੈ। ਹਾਂ ਕਈ ਵਾਰ ਇੰਝ ਹੁੰਦਾ ਹੈ ਕਿ ਕੋਈ ਗੱਲ ਤੁਹਾਨੂੰ ਵਿਚਾਰ ਰੂਪ ਵਿੱਚ ਪ੍ਰੇਸ਼ਾਨ ਕਰ ਰਹੀ ਤਾਂ ਤੁਸੀਂ ਉਸ ਨੂੰ ਉਸੇ ਤਰੀਕੇ ਨਾਲ ਵਿਚਾਰ ਰੂਪ ਵਿੱਚ ਹੀ ਲਿਖ ਲੈਂਦੇ ਹੋ। ਇਸੇ ਤਰ੍ਹਾਂ ਮੈਂ ਸਮਝਦਾ ਹਾਂ ਕਿ ਕਵਿਤਾ ਆਪਣਾ ਰੂਪ ਆਪ ਚੁਣਦੀ ਹੈ ਕਿ ਕਵਿਤਾ ਜਿਸ ਰੂਪ ਵਿੱਚ ਆਈ ਉਸੇ ਰੂਪ ਵਿੱਚ ਮੈਂ ਉਸ ਨੂੰ ਲਿਖਣ ਦੀ ਕੋਸ਼ਿਸ਼ ਕਰਦਾ ਹਾਂ।

**ਪ੍ਰਸ਼ਨ:8 ਸੰਚਾਰ ਮੀਡੀਆ, ਇੰਟਰਨੈੱਟ ਅਤੇ ਸੋਸ਼ਲ ਸਾਈਟਾਂ (Social sites) ਦੇ ਆਉਣ ਨਾਲ ਵਰਤਮਾਨ ਕਵਿਤਾ 'ਤੇ ਕੀ ਪ੍ਰਭਾਵ ਪਿਆ?**

**ਉੱਤਰ:8.** ਬਿਲਕੁਲ ਸੰਚਾਰ ਮੀਡੀਆ ਅਤੇ ਇੰਟਰਨੈੱਟ ਦੇ ਆਉਣ ਨਾਲ ਸੰਚਾਰ ਪੱਖੋਂ ਬੇਹੱਦ ਤਬਦੀਲੀਆਂ ਆਈਆਂ ਹਨ। ਇਸ ਤੋਂ ਪਹਿਲਾਂ ਕਵਿਤਾ ਨੂੰ ਸਟੇਜ 'ਤੇ ਗਾਇਆ, ਪੜ੍ਹਿਆ ਜਾਂ ਬੋਲਿਆ ਜਾਂਦਾ ਸੀ ਅਤੇ ਕਵੀ ਦੇ ਕਾਵਿ-ਰਚਨਾ ਸਮੇਂ ਵੀ ਉਹ ਆਪਣੇ ਆਪ ਨੂੰ ਸਰੋਤਿਆਂ ਦੇ ਸਨਮੁੱਖ ਕਰਕੇ ਮਹਿਸੂਸ ਕਰਦਾ ਸੀ ਅਤੇ ਉਸ ਸਮੇਂ ਵੀ ਉਸ ਨੂੰ ਸਾਹਮਣੇ ਸਰੋਤਾ ਹੀ ਨਜ਼ਰੀਂ ਆ ਰਿਹਾ ਹੁੰਦਾ ਪ੍ਰੰਤੂ ਅਜੋਕੇ ਸਮੇਂ ਵਿੱਚ ਛਪਾਈ ਦਾ ਕੰਮ ਏਨਾ ਆਸਾਨ ਹੋ ਗਿਆ ਕਿ ਕਵੀ ਨੂੰ ਇਹ ਪਤਾ ਹੁੰਦਾ ਹੈ ਕਿ ਉਸ ਦੀ ਕਵਿਤਾ ਕਿਤਾਬ ਦੇ ਰੂਪ ਵਿੱਚ ਛਪੇਗੀ, ਜਿਸ ਕਾਰਨ ਵਰਤਮਾਨ ਸਮੇਂ ਵਿੱਚ ਕਵੀ ਦੇ ਸਨਮੁੱਖ ਸਰੋਤੇ ਦੀ ਥਾਂ 'ਤੇ

ਕਾਗਜ਼ ਨੇ ਲੈ ਲਈ ਅਤੇ ਉਹ ਆਪਣੀ ਕਵਿਤਾ ਦਾ ਸੰਚਾਰ ਕਾਗਜ਼ 'ਤੇ ਲਿਖਣ ਜਾਂ ਸਿਆਹੀ ਨੂੰ ਧਿਆਨ ਵਿੱਚ ਰੱਖਦਾ ਹੋਇਆ ਵੀ ਕਰਦਾ ਹੈ। ਇਸਦੇ ਨਾਲ ਹੀ ਮੈਂ ਜਦੋਂ ਪਹਿਲਾਂ ਪਹਿਲਾਂ ਕੰਪਿਊਟਰ 'ਤੇ ਪਾਵਰ ਪਵਾਇੰਟ ਦੀ ਵਰਤੋਂ ਕੀਤੀ ਸੀ ਤਾਂ ਮੈਂ ਕਵਿਤਾ ਨੂੰ ਪਾਵਰ ਪੁਆਇੰਟ ਵਿੱਚ ਡਿਜੀਟਲੀ ਪੇਸ਼ ਕਰਨ ਬਾਰੇ ਸੋਚਿਆ ਅਤੇ ਇੱਕ ਅਜਿਹੀ ਸੀਡੀ ਤਿਆਰ ਕੀਤੀ ਜਿਸ ਵਿੱਚ ਮੈਂ ਕਵਿਤਾ 'ਨੁੱਕਰ' ਤੋਂ ਵਿੱਚਕਾਰ ਪੇਸ਼ ਕੀਤਾ। ਇਸ ਵਿੱਚ ਕਵਿਤਾ ਦੀ ਇੱਕ ਇੱਕ ਲਾਈਨ ਪੇਸ਼ ਹੁੰਦੀ ਹੈ। ਇਸ ਤਰ੍ਹਾਂ ਜਿਸ ਤਰ੍ਹਾਂ ਮੈਂ ਦੱਸਿਆ ਸੀ ਕਿ ਇਸ ਤਰ੍ਹਾਂ ਵੀ ਕਵਿਤਾ ਦਾ ਸੰਚਾਰ ਹੁੰਦਾ। ਇਸ ਪ੍ਰਕਾਰ ਸੰਚਾਰ ਦੇ ਰਸਤੇ ਖੁੱਲ੍ਹ ਗਏ।

**ਪ੍ਰਸ਼ਨ:9 ਹੋਰਨਾਂ ਭਾਸ਼ਾਵਾਂ ਦੀ ਤੁਲਨਾ ਵਿੱਚ ਸਮਕਾਲੀ ਪੰਜਾਬੀ ਕਵਿਤਾ ਦੀ ਕੀ ਭੂਮਿਕਾ ਹੈ?**

**ਉੱਤਰ:9.** ਤੁਲਨਾ ਪੱਖੋਂ ਮੈਨੂੰ ਪੰਜਾਬੀ ਕਵਿਤਾ ਕੋਈ ਵੱਧ ਜਾਂ ਘੱਟ ਨਹੀਂ ਲੱਗਦੀ। ਅਜਿਹੇ ਵਿੱਚ ਪੰਜਾਬੀ ਕਵਿਤਾ ਹੋਰਨਾਂ ਭਾਸ਼ਾਵਾਂ ਦੇ ਬਿਲਕੁਲ ਨੇੜੇ-ਤੇੜੇ ਹੀ ਹੈ। ਉਂਜ ਮੈਂ ਹਿੰਦੀ ਜਾਂ ਰਾਜਸਥਾਨੀ ਕਵਿਤਾ ਬਾਰੇ ਜਾਣਦਾ ਹਾਂ ਅਤੇ ਆਖ ਸਕਦਾ ਹਾਂ ਕਿ ਪੰਜਾਬੀ ਕਵਿਤਾ ਤੁਲਨਾਤਮਕ ਪੱਖੋਂ ਮਿਲਦੀ ਜੁਲਦੀ ਹੋਂਦ ਰੱਖਦੀ ਹੈ।

**ਪ੍ਰਸ਼ਨ:10 ਇੱਕ ਕਵੀ ਦੀ ਸਾਹਿਤਕਾਰ ਵਜੋਂ ਸਮਾਜ ਪ੍ਰਤੀ ਕੀ ਜ਼ਿੰਮੇਵਾਰੀ ਹੈ?**

**ਉੱਤਰ:10.** ਬਿਲਕੁਲ ਜ਼ਿੰਮੇਵਾਰੀ ਹੈ। ਜ਼ਿੰਮੇਵਾਰੀ ਨਾਲ ਲਿਖਣਾ ਚਾਹੀਦਾ ਹੈ। ਕਵੀ ਨੂੰ ਸਮਝਣਾ ਚਾਹੀਦਾ ਹੈ ਕਿ ਜੇਕਰ ਉਸ ਕੋਲ ਕੋਈ ਕਲਾ ਜਾਂ ਹੁਨਰ ਹੈ ਤਾਂ ਉਸ ਨੂੰ ਸਮਾਜ ਦੀ ਭਲਾਈ ਲਈ ਵਰਤਣਾ ਚਾਹੀਦਾ ਹੈ। ਜੇਕਰ ਕਵੀ ਦਾ ਕੋਈ ਨਿੱਜੀ ਅਨੁਭਵ ਵੀ ਹੈ, ਨਿੱਜੀ ਘਟਨਾ ਹੈ ਤਾਂ ਉਸ ਨੂੰ ਉਸ ਦੀ ਅਭਿਵਿਅਕਤੀ ਕਵਿਤਾ ਰਾਹੀਂ ਇਸ ਨਜ਼ਰੀਏ ਤੋਂ ਕਰਨੀ ਚਾਹੀਦੀ ਹੈ ਕਿ ਉਹ ਸਮਾਜ ਨੂੰ ਇੱਕ ਚੰਗੀ ਸੇਧ ਦੇ ਸਕੇ। ਕਵੀ ਕਵਿਤਾ ਵਿੱਚ

ਆਪਣੇ ਅਨੁਭਵ ਨੂੰ ਸਾਂਝਾ ਕਰਦਾ ਹੈ ਅਤੇ ਅਨੁਭਵ ਸਾਂਝੇ ਕਰਨ ਦਾ ਅਰਥ ਹੀ ਇਹ ਹੈ ਕਿ ਉਹ ਸਮਾਜ ਤੇ ਇੱਕ ਚੰਗਾ ਪ੍ਰਭਾਵ ਛੱਡੇ।

❖

**ਸਮਕਾਲੀ ਪੰਜਾਬੀ ਕਵਿਤਾ: ਪ੍ਰਮੁੱਖ ਸਰੋਕਾਰ ਅਤੇ ਸੰਚਾਰ ਵਿਧਾਨ**

**(2000 ਤੋਂ ਬਾਅਦ ਦੀ ਪੰਜਾਬੀ ਕਵਿਤਾ ਦੇ ਸੰਦਰਭ ਵਿੱਚ)**

**ਵਿਸ਼ਾ:** ਖੋਜ-ਕਾਰਜ ਨਾਲ ਸੰਬੰਧਤ ਪ੍ਰਮੁੱਖ ਸਮਕਾਲੀ ਪੰਜਾਬੀ ਕਵੀ ਗੁਰਪ੍ਰੀਤ ਨਾਲ ਮੁਲਾਕਾਤ।

**ਸ੍ਰੀ ਮਾਨ ਜੀ,**

ਬੇਨਤੀ ਹੈ ਕਿ **ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ** ਦੇ ਅਧੀਨ 'Ph.D-Punjabi' ਦੀ ਡਿਗਰੀ ਲਈ ਮੇਰੀ ਖੋਜ ਦਾ ਸਿਰਲੇਖ- **ਸਮਕਾਲੀ ਪੰਜਾਬੀ ਕਵਿਤਾ: ਪ੍ਰਮੁੱਖ ਸਰੋਕਾਰ ਅਤੇ ਸੰਚਾਰ ਵਿਧਾਨ (2000 ਤੋਂ ਬਾਅਦ ਦੀ ਪੰਜਾਬੀ ਕਵਿਤਾ ਦੇ ਸੰਦਰਭ ਵਿੱਚ)** ਹੈ। ਸੰਬੰਧਿਤ ਖੋਜ ਕਾਰਜ ਦੇ ਅੰਤਰਗਤ ਆਪ ਜੀ ਨੂੰ (ਗੁਰਪ੍ਰੀਤ ਮਾਨਸਾ) ਸਮਕਾਲੀ ਪੰਜਾਬੀ ਕਵੀ ਵਜੋਂ ਸ਼ਾਮਿਲ ਕੀਤਾ ਗਿਆ ਹੈ। ਖੋਜ ਕਾਰਜ ਦੀ ਗੁਣਵੱਧਤਾ ਲਈ ਕੁਝ ਪ੍ਰਸ਼ਨ ਨਿਮਨਲਿਖਤ ਹਨ:

**ਪ੍ਰਸ਼ਨ 2. ਸਮਕਾਲੀ ਪੰਜਾਬੀ ਕਵਿਤਾ ਦੇ ਰੁਝਾਨ ਬਾਰੇ ਆਪ ਜੀ ਦੇ ਕੀ ਵਿਚਾਰ ਹਨ?**

**ਉੱਤਰ**:1. ਰੁਝਾਨ ਦੇਖਣ ਦਾ ਵੈਸੇ ਬਹੁਤਾ ਕੰਮ ਆਲੋਚਕਾਂ ਦਾ ਹੁੰਦਾ ਹੈ ਪਰ ਜਦੋਂ ਮੈਂ ਆਪਣੇ ਆਲੇ-ਦੁਆਲੇ ਸਮਕਾਲ ਦੀ ਕਵਿਤਾ ਨੂੰ ਪੜ੍ਹਦਾ ਹਾਂ ਤਾਂ ਦੋ-ਤਿੰਨ ਤਰ੍ਹਾਂ ਦੇ ਰੁਝਾਨਾਂ ਨੂੰ ਮੈਂ ਦੇਖਦਾ ਹਾਂ। ਜੋ ਪੰਜ ਕਵੀ ਤੁਸੀਂ ਆਪਣੇ ਖੋਜ ਲਈ ਚੁਣੇ ਹਨ, ਉਨ੍ਹਾਂ ਦੀ ਵੀ ਜੇ ਗੱਲ ਕਰੀਏ ਤਾਂ ਉਨ੍ਹਾਂ ਦਾ ਲਿਖਣ ਢੰਗ ਮਹਿਸੂਸੀਅਤ ਉੱਤੇ ਖੜ੍ਹਾ ਹੈ। ਜੇ ਮੈਂ ਖ਼ੁਦ ਆਪਣੀ ਗੱਲ ਵੀ ਕਰਾਂ ਤਾਂ ਮੈਂ ਸਮਝਦਾ ਹਾਂ ਕਿ ਕਵਿਤਾ ਤੁਹਾਡੇ ਐਕਸਪੀਰੀਅੰਸ/ਤਜ਼ਰਬਿਆਂ ਵਿੱਚੋਂ ਉਪਜਦੀ ਹੈ। ਬਹੁਤ ਵਾਰੀ ਮੈਂ ਕਿਸੇ 'ਆਵਾਜ਼' ਅਤੇ ਕਿਸੇ 'ਸ਼ਬਦ' ਤੋਂ ਹੀ ਕਵਿਤਾ ਲਿਖੀ। ਕਿਸੇ ਵੇਲੇ ਮੇਰੇ ਨਾਲ ਕੋਈ ਐਸੀ ਘਟਨਾ ਵਾਪਰੀ ਜਿਸ ਤੋਂ ਕਵਿਤਾ ਲਿਖੀ ਗਈ। ਕਵਿਤਾ ਅਸਲ ਵਿੱਚ ਤੁਹਾਡੇ ਅੰਦਰ ਆਲੇ-ਦੁਆਲੇ ਨੂੰ ਦੇਖਣ ਦੇ ਤਰੀਕੇ ਵਿੱਚੋਂ ਆਉਂਦੀ ਹੈ। ਇਸ ਤਰ੍ਹਾਂ ਮੈਂ ਸਮਝਦਾ ਹਾਂ ਕਿ ਅੱਜ ਦਾ ਕਵੀ ਆਪਣੇ ਆਲੇ-ਦੁਆਲੇ ਤੋਂ ਪ੍ਰਭਾਵਿਤ ਹੋ ਕੇ ਅਜਿਹੇ ਛੋਟੇ ਛੋਟੇ ਵਿਸ਼ਿਆਂ ਨੂੰ ਲੈ ਕੇ ਕਵਿਤਾ ਲਿਖਦਾ ਹੈ, ਜਿਸ ਘੇਰੇ ਵਿੱਚ ਉਹ

ਵਿੱਚਰ ਰਹੇ ਹੁੰਦੇ ਹਨ। ਇਸੇ ਤਰ੍ਹਾਂ ਦੀ ਕਵਿਤਾ ਲਿਖਣ ਦਾ ਇੱਕ ਰੁਝਾਨ ਸਮਕਾਲੀ ਕਵਿਤਾ ਵਿੱਚ ਦੇਖਿਆ ਜਾ ਸਕਦਾ ਹੈ। ਆਪਣੇ ਆਸ ਪਾਸ ਦੇ ਛੋਟੇ ਛੋਟੇ ਮੁੱਦਿਆਂ ਅਤੇ ਮਸਲਿਆਂ ਨੂੰ ਗਲੋਰੀਫਾਈ ਕਰਕੇ ਪੇਸ਼ ਕਰਦੇ ਹਨ ਪ੍ਰੰਤੂ ਅਜੋਕੇ ਦੌਰ ਵਿੱਚ ਅਜਿਹੀ ਸੂਖ਼ਮ ਭਾਵੀ ਕਵਿਤਾ ਵਧੇਰੇ ਮਕਬੂਲ ਨਹੀਂ ਕਿਉਂਕਿ ਅਜਿਹੀ ਕਵਿਤਾ ਨੂੰ ਪੜ੍ਹਨ ਲਈ ਪਾਠਕ ਨੂੰ ਮਹਿਸੂਸੀਅਤ ਦੀ ਹੱਦ ਤੱਕ ਪਹੁੰਚਣਾ ਪੈਂਦਾ ਹੈ। ਅੱਜ ਕੱਲ੍ਹ ਦੀ ਨਵੀਂ ਕਵਿਤਾ ਸਿੱਧੀ, ਸਪੱਸ਼ਟ ਜਾਂ ਸਰਲ ਸੰਚਾਰ ਦੀ ਕਵਿਤਾ ਦਾ ਵੀ ਇੱਕ ਰੁਝਾਨ ਸਮਕਾਲ ਦੀ ਕਵਿਤਾ ਵਿੱਚ ਦੇਖਿਆ ਜਾ ਸਕਦਾ ਹੈ।

**ਪ੍ਰਸ਼ਨ:2 ਤੁਸੀਂ ਆਪਣੀ ਕਵਿਤਾ ਵਿੱਚ ਸਮਕਾਲ ਦੇ ਕਿਹੜੇ ਅਨੁਭਵਾਂ ਜਾਂ ਤਜ਼ਰਬਿਆਂ ਨੂੰ ਰੂਪਮਾਨ ਕਰਨ ਦਾ ਯਤਨ ਕਰਦੇ ਹੋ?**

**ਉੱਤਰ:2.** ਜੇਕਰ ਮੇਰੀ ਕਵਿਤਾ ਵਿੱਚ ਸਮਕਾਲ ਦੇ ਅਨੁਭਵ ਜਾਂ ਤਜ਼ਰਬਿਆਂ ਨੂੰ ਰੂਪਮਾਨ ਕਰਨ ਦੀ ਗੱਲ ਹੈ ਤਾਂ ਇੱਕ ਅਲੋਚਕ ਵੱਜੋਂ ਤਾਂ ਮੈਂ ਇਹ ਕਹਿ ਸਕਦਾ ਹਾਂ ਕਿ ਮੈਂ ਛੋਟੀਆਂ-ਛੋਟੀਆਂ ਗੱਲਾਂ ’ਤੇ ਕਵਿਤਾਵਾਂ ਲਿਖਦਾ ਹਾਂ। ਛੋਟੀਆਂ-ਛੋਟੀਆਂ ਵਸਤਾਂ ਨਾਲ ਜਿਉਂਦਾ ਹਾਂ। ਜੇਕਰ ਤੁਸੀਂ ਮੇਰੀ ਕਵਿਤਾਵਾਂ ਨੂੰ ਦੇਖਿਆ ਹੈ ਤਾਂ ਮੇਰੀ ਕਵਿਤਾ **ਢੱਠੇ** ’ਤੇ ਵੀ ਹੈ, **ਡੱਡੂ** ’ਤੇ ਵੀ ਹੈ, ਅਤੇ **ਆਵਾਜ਼** ’ਤੇ ਵੀ ਕਵਿਤਾ ਹੈ। ਬਾਕੀ ਮੈਂ ਆਪਣੇ ਬਾਰੇ ਹਮੇਸ਼ਾ ਇੱਕ ਗੱਲ ਆਖਦਾ ਹਾਂ ਕਿ ਮੈਂ ਆਪਣੇ-ਆਪ ਨੂੰ ਸਮਝਣ ਲਈ ਕਵਿਤਾ ਲਿਖਦਾ ਹਾਂ। ਮੈਂ ਕਵਿਤਾ ਨਾਲ ਸਹਿਜ ਰਹਿੰਦਾ ਹਾਂ ਸ਼ਾਇਦ ਕਵਿਤਾ ਮੇਰੇ ਨਾਲ ਵੀ ਸਹਿਜ ਰਹਿੰਦੀ ਹੈ।

**ਪ੍ਰਸ਼ਨ:3 ਆਧੁਨਿਕ ਦੌਰ ਤੋਂ ਹੁਣ ਤੱਕ ਦੇ ਸਮਕਾਲ ਵਿੱਚ ਪੰਜਾਬੀ ਕਵਿਤਾ ਵਿੱਚ ਰੂਪਕ ਪੱਖੋਂ ਕੀ ਪਰਿਵਰਤਨ ਆਏ ਹਨ?**

ਉੱਤਰ:3. ਕਵਿਤਾ ਦੇ ਵਿੱਚ ਰੂਪਕ ਪੱਖ ਤੋਂ ਪਰਿਵਰਤਨ ਆਉਣਾ ਤਾਂ ਇੱਕ ਲੰਬੀ ਪ੍ਰਕਿਰਿਆ ਹੈ। ਜੇਕਰ ਰੂਪ ਦੀ ਗੱਲ ਕਰਦੇ ਹਾਂ ਤਾਂ ਅਜਮੇਰ ਰੋਡੇ ਨੇ ਬਹੁਤ ਪਹਿਲਾਂ ਕੰਕਰੀਟ ਕਵਿਤਾ

ਲਿਖਣੀਆਂ ਸ਼ੁਰੂ ਕਰ ਦਿੱਤੀਆਂ ਸਨ। ਜਿਸ ਤਰ੍ਹਾਂ ਸਮਕਾਲੀ ਪੰਜਾਬੀ ਕਵੀ ਜਸਵੰਤ ਜ਼ਫ਼ਰ ਨੇ ਕੁਝ Visual ਕਵਿਤਾਵਾਂ ਲਿਖਣੀਆਂ ਸ਼ੁਰੂ ਕੀਤੀਆਂ। ਮੇਰੇ ਵਿੱਚ ਵੀ ਕੁਝ ਇਹ Visual ਕਵਿਤਾ ਦੇ ਸੁਭਾਅ ਪੱਖੋਂ ਕਈ ਕਵਿਤਾਵਾਂ ਵਿੱਚ ਦੇਖਿਆ ਜਾ ਸਕਦਾ ਹੈ। ਜੇ ਰੂਪ ਦੀ ਗੱਲ ਕਰਦੇ ਹਾਂ ਤਾਂ ਸਮਕਾਲ ਦੇ ਅਨੁਸਾਰ ਸਮੇਂ-ਸਮੇਂ ਇਹ ਤਬਦੀਲੀ ਆਉਂਦੀ ਹੀ ਆਉਂਦੀ ਹੈ। ਸਮਕਾਲ ਵਿੱਚ ਵੀ ਕੁਝ ਕਵੀ ਅਜਿਹੇ ਹਨ ਜੋ ਪੁਰਾਣੇ ਸ਼ਬਦਾਂ ਨੂੰ ਮੁੱਖ ਰੱਖ ਕੇ ਉਨ੍ਹਾਂ ਦੇ ਅਨੁਸਾਰ ਕਵਿਤਾ ਲਿੱਖ ਰਹੇ ਹਨ। ਜੇਕਰ ਅਸੀਂ ਨਵੇਂ ਦੌਰ ਦੀ ਕਵਿਤਾ ਦੀ ਗੱਲ ਕਰਦੇ ਹਾਂ ਤਾਂ ਕਈ ਵਾਰ ਸਮਕਾਲੀ ਸੰਦਰਭ ਅਨੁਸਾਰ ਅਜੋਕੀ ਕਵਿਤਾ ਵਿੱਚ ਕੋਈ ਨਵਾਂ ਸ਼ਬਦ ਜਾਂ ਸੰਕਲਪ ਪੈਦਾ ਹੁੰਦਾ ਹੈ। ਨਵੀਂ ਕਵਿਤਾ ਵਿੱਚ ਤਬਦੀਲੀ ਦਾ ਮੈਂ ਕੋਈ ਸਪੱਸ਼ਟ ਤਰਕ ਤਾਂ ਨਹੀਂ ਦੇ ਸਕਦਾ ਪਰ ਕਹਿ ਸਕਦੇ ਹਾਂ ਕਿ ਅਸੀਂ ਗੱਲਾਂ ਨੂੰ ਸਰਲ ਵੀ ਅਤੇ ਸਿੱਧੀਆਂ ਵੀ ਕਰਨ ਲੱਗ ਗਏ। ਮੰਗਲ ਜਿਵੇਂ ਆਪਾ ਪਰਮਿੰਦਰਜੀਤ ਅਤੇ ਮੋਹਨਜੀਤ ਹੁਣਾਂ ਨੂੰ ਪੜ੍ਹਦੇ ਹਾਂ ਤਾਂ ਵੇਖਦੇ ਹਾਂ ਕਿ ਉਨ੍ਹਾਂ ਦੀ ਇੱਕ-ਇੱਕ ਸਤਰ ਵਿੱਚ ਪੰਜ-ਪੰਜ ਬਿੰਬ ਸ਼ਾਮਿਲ ਹੁੰਦੇ ਸਨ ਭਾਵ ਉਹ ਇੱਕ ਸਤਰ ਨੂੰ ਕਈ ਬਿੰਬਾਂ ਨਾਲ ਪੂਰੀ ਕਰਦੇ ਸਨ। ਇਸ ਨੂੰ ਸੰਚਾਰਿਤ (convey) ਹੋਣ ਵਿੱਚ ਬੜੀ ਦਿੱਕਤ ਆਉਂਦੀ ਸੀ ਪਰ ਹੁਣ ਦਾ ਕਵੀ , ਸਿੱਧੀ ਗੱਲ ਸਪਸ਼ਟ ਤੌਰ ’ਤੇ ਘੱਟ ਸ਼ਬਦਾਂ ਰਾਹੀਂ ਕਹਿ ਜਾਂਦਾ ਹੈ ਪਰ ਅਸਲ ਵਿੱਚ ਉਹ ਗੱਲ ਸਿੱਧੀ ਨਹੀਂ ਹੁੰਦੀ ਕਿਉਂਕਿ ਸਮਕਾਲੀ ਕਵੀ ਸਿੱਧੀ ਗੱਲ ਦੇ ਪਿੱਛੇ ਅਜੋਕੇ ਪਾਠਕ ਲਈ ਕੁਝ ਅਣਕਿਹਾ ਛੱਡ ਦਿੰਦਾ ਹੈ।

**ਪ੍ਰਸ਼ਨ:4 ‘ਸਮਕਾਲੀ ਪੰਜਾਬੀ ਕਵਿਤਾ ਵਧੇਰੇ ਕਰਕੇ ਕਵੀ ਦੀ ਮਨਪਸੰਦ ਵਾਰਤਕਮਈ ਪੈਟਰਨਾਂ ਦੀ ਕਵਿਤਾ ਹੈ।’ ਸਮਕਾਲੀ ਪੰਜਾਬੀ ਕਵਿਤਾ ਬਾਰੇ ਵੱਖ-ਵੱਖ ਵਿਦਵਾਨਾਂ ਦੀ ਇਸ ਰਾਏ ਬਾਰੇ ਤੁਹਾਡੇ ਕੀ ਵਿਚਾਰ ਹਨ?**

ਉੱਤਰ:4. ਅਸਲ ਵਿੱਚ ਜਦੋਂ ਅਸੀਂ ਪੈਟਰਨਾਂ ਦੀ ਗੱਲ ਕਰਦੇ ਹਾਂ ਤਾਂ ਕੋਈ ਵੀ ਪੈਟਰਨ ਮੈਂ ਸਮਝਦਾ ਹਾਂ ਕਿ ਰਿਦਮ ਤੋਂ ਬਾਹਰ ਨਹੀਂ ਹੁੰਦਾ। ਕਵੀ ਜੋ ਗੱਲ ਕਵਿਤਾ ਰਾਹੀਂ ਕਹਿਣਾ ਚਾਹੁੰਦਾ ਹੈ ਉਹ ਉਸੇ ਗੱਲ(ਵਿਸ਼ਾ) ਅਨੁਸਾਰ ਪੈਟਰਨ ਲੈ ਕੇ ਆਉਂਦਾ ਹੈ। ਕਵੀ ਕਹਿਣਾ ਕੀ ਚਾਹੁੰਦਾ ਹੈ, ਉਸੇ ਅਨੁਸਾਰ ਆਪਣਾ ਪੈਟਰਨ ਤਿਆਰ ਕਰਦਾ ਹੈ। ਮੈਂ ਇਸ ਚੀਜ਼ ਨੂੰ ਇਸ ਨਜ਼ਰੀਏ ਨਾਲ ਦੇਖਦਾ ਹਾਂ ਕਿ ਹੁਣ ਦੀ ਕਵਿਤਾ ਕਵੀ ਦੇ ਮਨਪਸੰਦ ਵਾਰਤਕਮਈ ਪੈਟਰਨਾਂ ਦੀ ਕਵਿਤਾ ਨਾ ਹੋ ਕੇ ਕਵੀ ਦੀ ਗੱਲ ਅਨੁਸਾਰ ਉਸ ਦੇ ਮੌਲਿਕ ਪੈਟਰਨਾਂ ਦੀ ਕਵਿਤਾ ਹੈ । ਬਾਕੀ ਗੱਲ ਇਹ ਹੈ ਕਿ ਕਵੀ ਕਦੀ ਵੀ ਆਪਣੇ ਆਪੇ ਤੋਂ ਬਾਹਰ ਨਹੀਂ ਹੁੰਦਾ। ਉਹ ਆਪਣੇ ਅਨੁਭਵ ਅਨੁਸਾਰ ਪੈਟਰਨਾਂ ਦਾ ਪ੍ਰਯੋਗ ਕਰਕੇ ਆਪਣੇ ਅਨੁਭਵ ਨੂੰ ਸੰਚਾਰਿਤ ਕਰਦਾ ਹੈ। ਅੰਤ ਵਿੱਚ ਮੈਂ ਇਸ ਗੱਲ ਨੂੰ ਇਸ ਨਜ਼ਰੀਏ ਨਾਲ ਵੇਖਦਾ ਹਾਂ ਕਿ ਸਮਕਾਲੀ ਪੰਜਾਬੀ ਕਵਿਤਾ ਕਵੀ ਦੇ ਅਨੁਭਵ, ਵਸਤੂ ਜਾਂ ਵਿਸ਼ੇ ਅਨੁਕੂਲ ਪੈਟਰਨ ਦੀ ਕਵਿਤਾ ਹੈ ਨਾ ਕਿ ਕਵੀ ਦੇ ਮਨਪਸੰਦ ਵਾਰਤਕਮਈ ਪੈਟਰਨਾਂ ਦੀ। ਸੋ ਸਮਕਾਲੀ ਪੰਜਾਬੀ ਕਵਿਤਾ ਨੂੰ ਅਸੀਂ ਕਵੀ ਦੇ ਮਨਪਸੰਦ ਵਾਰਤਕਮਈ ਪੈਟਰਨਾਂ ਦੀ ਕਵਿਤਾ ਆਖ ਕੇ ਇਸ ਗੱਲ ਨੂੰ ਛੋਟਾ ਕਰ ਰਹੇ ਹਾਂ ਜਦਕਿ ਗੱਲ ਇਸ ਤੋਂ ਕਾਫ਼ੀ ਡੂੰਘੀ ਹੈ।

**ਪ੍ਰਸ਼ਨ:5 ਤੁਸੀਂ ਆਪਣੀ ਕਵਿਤਾ ਵਿੱਚ ਵਸਤੂ ਜਾਂ ਰੂਪ ਵਿੱਚੋਂ ਕਿਸ ਨੂੰ ਵਧੇਰੇ ਮਹੱਤਵ ਦਿੰਦੇ ਹੋ?**

ਉੱਤਰ:5. ਨਾ ਮੇਰਾ ਕਵਿਤਾ ਦੇ ਵਿਸ਼ੇ ਵੱਲ ਧਿਆਨ ਹੁੰਦਾ ਨਾ ਕਵਿਤਾ ਦੇ ਰੂਪ ਵੱਲ। ਅਸਲ ਵਿੱਚ ਕਿਹਾ ਜਾ ਸਕਦਾ ਹੈ ਕਿ ਕਵਿਤਾ ਹੀ ਮੈਨੂੰ ਘੇਰਦੀ ਹੈ। ਇਹ ਗੱਲ ਬੜੀ ਸੱਚ ਹੈ ਜੋ ਇੱਕ ਕਵੀ ਹੋ ਕੇ ਹੀ ਸਮਝ ਆਉਂਦੀ ਹੈ ਕਿ ਮੈਂ ਕਵਿਤਾ ਨੂੰ ਨਹੀਂ ਲਿਖਦਾ ਕਵਿਤਾ ਮੈਨੂੰ ਲਿਖਦੀ ਹੈ। ਜਿਵੇਂ ਮੇਰੀ ਕਵਿਤਾ ਦੇਖੀ ਜਾ ਸਕਦੀ ਹੈ:

ਹੁਣੇ ਰਾਤ ਦੀ ਗੱਡੀ ਲੰਘੀ ਹੈ

ਮੈਂ ਗੱਡੀ ’ਤੇ ਨਹੀਂ

ਉਹਦੀ ਕੂਕ ’ਤੇ ਚੜ੍ਹਦਾ ਹਾਂ

ਮੇਰੇ ਅੰਦਰ ਨੇ

ਅਸੰਖ ਸਟੇਸ਼ਨ

ਮੈਂ ਕਦੇ

ਕਿਸੇ ’ਤੇ ਉੱਤਰਦਾ ਹਾਂ

ਕਦੇ ਕਿਸੇ ’ਤੇ।।

ਹੁਣ ਇਸ ਕਵਿਤਾ ਵਿੱਚ ਮੈਨੂੰ ਇੱਕ ‘ਕੂਕ’ ਸੁਣਾਈ ਦਿੱਤੀ, ਤਾਂ ਮੇਰੇ ਮਨ ਵਿੱਚ ਉਸ ਸਮੇਂ ਆਇਆ ਕਿ ਬੰਦਾ ਟਰੇਨ ’ਤੇ ਨਹੀਂ ਸਫ਼ਰ ਕਰਦਾ, ਉਹਦੀ ਕੂਕ ’ਤੇ ਸਫ਼ਰ ਕਰਦਾ ਹੈ। ਹੁਣ ਇਸ ਨੂੰ ਕੋਈ ਨੁਕਰਾ ਸਕਦੈ ਕਿ ਨਹੀਂ ਬੰਦਾ ਕੂਕ ’ਤੇ ਨਹੀਂ ਗੱਡੀ ’ਤੇ ਚੜ੍ਹਦਾ ਹੈ ਪਰ ਇੱਥੇ ਇੱਕ ਕਵੀ ਦਾ ਭਾਵ ਹੈ ਕਿ ਬੰਦਾ ਜਦੋਂ ਗੱਡੀ ’ਤੇ ਸਫਰ ਦੀ ਥਾਂ ਜਦੋਂ ਉਹਦੀ ਕੂਕ ’ਤੇ ਚੜ੍ਹ ਕੇ ਸਫਰ ਤੈਅ ਕਰਦਾ ਹੈ ਜਾਂ ਸਫ਼ਰ ਕਰਦੇ ਸਮੇਂ ‘ਕੂਕ’ ਨੂੰ ਸੁਣਦਾ ਹੈ ਤਾਂ ਉਸ ਸਮੇਂ ਉਹ ਤੁਹਾਡੇ ਮਨ ਦਾ ਸਫ਼ਰ ਹੈ। ਹੁਣ ਇਹ ਕਵਿਤਾ ਮੈਨੂੰ ‘ਕੂਕ’ ਰਾਹੀਂ ਆਈ। ਉਸ ਸਮੇਂ ਨਾ ਮੇਰੇ ਕੋਲ ਕੋਈ ਇਸ ਦਾ ਵਿਸ਼ਾ ਸੀ ਅਤੇ ਨਾ ਮੇਰੇ ਕੋਲ ਕੋਈ ਇਸ ਦਾ ਰੂਪ।

**ਪ੍ਰਸ਼ਨ:6 ਸੰਚਾਰ ਮੀਡੀਆ, ਇੰਟਰਨੈੱਟ ਅਤੇ ਸੋਸ਼ਲ ਸਾਈਟਾਂ (Social sites) ਦੇ ਆਉਣ ਨਾਲ ਵਰਤਮਾਨ ਕਵਿਤਾ ’ਤੇ ਕੀ ਪ੍ਰਭਾਵ ਪਿਆ?**

ਉੱਤਰ:6. ਸੰਚਾਰ ਮੀਡੀਆ, ਇੰਟਰਨੈੱਟ ਦੇ ਆਉਣ ਨਾਲ ਸਾਡੀ ਪੰਜਾਬੀ ਕਵਿਤਾ, ਸਾਹਿਤ ਅਤੇ ਸਾਡੇ ਸਾਰਿਆਂ ਵਿੱਚ ਗਲੋਬਲੀ ਚੇਤਨਾ ਆ ਗਈ ਹੈ। ਜਿਸਦਾ ਨੁਕਸਾਨ ਇਹ ਹੋਇਆ ਕਿ ਪੰਜਾਬੀ ਕਵਿਤਾ ਘੱਟ ਗਈ। ਅੱਜ ਦੀ ਕਵਿਤਾ ਵਿੱਚ ਪੰਜਾਬੀ ਸੁਭਾਅ ਅਤੇ

ਚਿੱਤਰਕਾਰੀ ਘੱਟ ਗਈ। ਜੋ ਤੁਸੀ ਸਵਾਲ ਕੀਤਾ ਉਹਦੇ ਸੰਬੰਧ ਵਿੱਚ ਹੀ ਕਿ ਅੱਜ ਦੇ ਜੋ ਕਵੀ ਹਨ ਉਹ ਪੰਜਾਬੀ ਹੁੰਦੇ ਹੋਏ ਵੀ ਪੂਰੇ ਗਲੋਬ ਦਾ ਸੁਭਾਅ ਜਾਂ ਵਿਸ਼ਵ ਚੇਤਨਾ ਦੇ ਨਾਲ ਜੁੜੇ ਹੋਏ ਹਨ। ਜੇਕਰ ਆਪਾ ਭਾਵ ਮੇਰੀ ਕਵਿਤਾ ਵਿੱਚ ਵੀ ਦੇਖਦੇ ਹੋ ਕਿ ਬੇਸ਼ੱਕ ਮੈਂ ਜੇ ਛੋਟੇ ਜੀਵ 'ਡੱਡੂ' ਦੀ ਵੀ ਗੱਲ ਕਰਦਾ ਹਾਂ ਤਾਂ ਨਾਲ ਹੀ ਮੈਂ ਕੈਨਵਸ ਦੀ ਗੱਲ ਕਰਦਾ ਹੈ, ਇਸ ਦਾ ਸੰਬੰਧ ਮਸ਼ੀਨ ਨਾਲ ਜੁੜਦਾ ਹੈ ਕਿ ਮਨੁੱਖ ਦਾ ਸੁਭਾਅ ਕੀ ਹੋ ਗਿਆ? ਉਸ ਦਾ ਜਾਨਵਰ ਪ੍ਰਤੀ ਸੁਭਾਅ ਕੀ ਹੋ ਗਿਆ? ਇਹ ਸਭ ਪੰਜਾਬੀ ਮਾਨਸਿਕਤਾ ਨਹੀਂ ਹੈ ਸਗੋਂ ਵਿਸ਼ਵ ਚੇਤਨਾ ਦੀਆਂ ਤੰਦਾਂ ਹਨ ਤਾਂ ਇਹ ਗੱਲ ਸਾਡੀ ਠੀਕ ਹੈ ਕਿ ਸੋਸ਼ਲ ਮੀਡੀਆ, ਇੰਟਰਨੈੱਟ ਸੰਚਾਰ ਮਾਧਿਅਮ ਆਉਣ ਨਾਲ ਸ਼ਬਦਾਂ ਅਤੇ ਭਾਸ਼ਾ ਵਿੱਚ ਵੀ ਤਬਦੀਲੀ ਹੋ ਜਾਂਦੀ ਹੈ। ਸੰਚਾਰ ਸਾਧਨਾਂ ਦੇ ਕਰਕੇ ਅੱਜ ਅਸੀਂ ਆਪਣੇ ਵਤਨ ਵਿੱਚ ਬੈਠੇ ਹੀ ਜਾਪਾਨ, ਅਮਰੀਕਾ ਦੀਆਂ ਵਸਤਾਂ ਨੂੰ ਘਰ ਬੈਠੇ ਹੀ ਪ੍ਰਾਪਤ ਕਰ ਸਕਦੇ ਹਾਂ। ਜਦੋਂ ਸਾਡੇ ਖਾਣ-ਪੀਣ ਦੀਆਂ ਵਸਤਾਂ ਜਾਂ ਨਿੱਤ ਦੀਆਂ ਵਸਤਾਂ ਵਿੱਚ ਅਜਿਹੀ ਤਬਦੀਲੀ ਆ ਜਾਂਦੀ ਹੈ ਤਾਂ ਸਪੱਸ਼ਟ ਹੈ ਕਿ ਅਜਿਹੀ ਤਬਦੀਲੀ ਕਵਿਤਾ ਵਿੱਚ ਵੀ ਦੇਖਣ ਨੂੰ ਮਿਲਦੀ ਹੈ।

❖

**ਸਮਕਾਲੀ ਪੰਜਾਬੀ ਕਵਿਤਾ: ਪ੍ਰਮੁੱਖ ਸਰੋਕਾਰ ਅਤੇ ਸੰਚਾਰ ਵਿਧਾਨ**

**(2000 ਤੋਂ ਬਾਅਦ ਦੀ ਪੰਜਾਬੀ ਕਵਿਤਾ ਦੇ ਸੰਦਰਭ ਵਿੱਚ)**

**ਵਿਸ਼ਾ:** ਖੋਜ-ਕਾਰਜ ਨਾਲ ਸੰਬੰਧਤ ਪ੍ਰਮੁੱਖ ਸਮਕਾਲੀ ਪੰਜਾਬੀ ਕਵੀ ਗੁਰਤੇਜ਼ ਕੋਹਾਰਵਾਲਾ ਨਾਲ ਮੁਲਾਕਾਤ।

**ਸ਼੍ਰੀ ਮਾਨ ਜੀ,**

ਬੇਨਤੀ ਹੈ ਕਿ **ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ** ਦੇ ਅਧੀਨ 'Ph.D-Punjabi' ਦੀ ਡਿਗਰੀ ਲਈ ਮੇਰੀ ਖੋਜ ਦਾ ਸਿਰਲੇਖ- **ਸਮਕਾਲੀ ਪੰਜਾਬੀ ਕਵਿਤਾ: ਪ੍ਰਮੁੱਖ ਸਰੋਕਾਰ ਅਤੇ ਸੰਚਾਰ ਵਿਧਾਨ (2000 ਤੋਂ ਬਾਅਦ ਦੀ ਪੰਜਾਬੀ ਕਵਿਤਾ ਦੇ ਸੰਦਰਭ ਵਿੱਚ)** ਹੈ। ਸੰਬੰਧਿਤ ਖੋਜ ਕਾਰਜ ਦੇ ਅੰਤਰਗਤ ਆਪ ਜੀ ਨੂੰ (ਗੁਰਤੇਜ਼ ਕੋਹਾਰਵਾਲਾ) ਸਮਕਾਲੀ ਪੰਜਾਬੀ ਕਵੀ ਵਜੋਂ ਸ਼ਾਮਿਲ ਕੀਤਾ ਗਿਆ ਹੈ। ਖੋਜ ਕਾਰਜ ਦੀ ਗੁਣਵੱਧਤਾ ਲਈ ਕੁਝ ਪ੍ਰਸ਼ਨ ਨਿਮਨਲਿਖਤ ਹਨ:

**ਪ੍ਰਸ਼ਨ 1. ਸਮਕਾਲੀ ਪੰਜਾਬੀ ਕਵਿਤਾ ਦੇ ਰੁਝਾਨ ਬਾਰੇ ਆਪ ਜੀ ਦੇ ਕੀ ਵਿਚਾਰ ਹਨ?**

ਉੱਤਰ:1. ਅਸੀਂ ਪੰਜਾਬੀ ਕਵਿਤਾ ਦੇ ਇਤਿਹਾਸ ਨੂੰ ਸਮੇਂ-ਸਮੇਂ ਪੈਦਾ ਹੋਈਆਂ ਸਾਹਿਤਕ ਧਾਰਾਵਾਂ ਦੇ ਹਿਸਾਬ ਨਾਲ ਬਣਾਇਆ ਤੇ ਪੜ੍ਹਿਆ ਹੈ। ਪਰੰਪਰਾਗਤ ਰੂਪ 'ਚ ਸਾਡੀ ਕਵਿਤਾ ਨਵ-ਰੱਹਸਵਾਦੀ, ਰੁਮਾਂਸਵਾਦੀ, ਪ੍ਰਗਤੀਵਾਦੀ ਬਿਰਤੀਆਂ ਵਾਲੀ ਰਹੀ ਮੰਨੀ ਜਾਂਦੀ ਹੈ। ਪ੍ਰਯੋਗਵਾਦ ਦੀ ਧਾਰਾ ਨੂੰ ਜ਼ਰਾ ਨਿਖੇਧਮੁਖੀ ਰੁਝਾਨ ਮੰਨਿਆ ਜਾਂਦਾ ਰਿਹਾ ਹੈ ਪਰ ਮੇਰੀ ਜਾਚੇ ਪ੍ਰਗਤੀਵਾਦੀ ਕਾਵਿ ਰੁਝਾਨ ਦੇ ਪਤਨ ਦੇ ਮਗਰੋਂ ਤਤਕਾਲੀ ਰੂਪ 'ਚ ਉਭਰਿਆ ਪ੍ਰਯੋਗਵਾਦੀ ਰੁਝਾਨ ਬੇਸ਼ਕ ਵਕਤੀ ਮੋੜਾ ਜਾਪਦਾ ਸੀ ਪਰ ਇਸਨੇ ਸਾਡੀ ਕਵਿਤਾ ਦੇ ਇਕ ਰੰਗੇ ਰੁਝਾਨ ਨੂੰ ਵੱਢ ਮਾਰਿਆ (Rupture) ਹੈ। ਨਵੀਨਤਮ ਕਵਿਤਾ, ਕਾਵਿ ਪ੍ਰਵਾਹ ਦੀ ਪਿੱਛੇ ਰਹਿ ਗਈਆਂ ਸਾਰੀਆਂ ਧੁਨੀਆਂ ਨੂੰ ਹੀ ਅੰਗੀਕਾਰ ਕਰਕੇ ਬਣੀ ਹੈ। ਇਸ ਵਿਚ ਰੱਹਸਵਾਦੀ ਰਮਜ਼ਾਂ ਵੀ ਹਨ, ਰੁਮਾਂਸ ਵੀ, ਪ੍ਰਯੋਗ ਵੀ ਤੇ ਕ੍ਰਾਂਤੀ ਦਾ ਨਵੀਨ ਸੰਕਲਪ ਵੀ।

ਇਹ ਕਵਿਤਾ ਬਿਆਨੀਆਂ ਕਵਿਤਾ ਤੋਂ ਇਕਬਾਲਿਆ ਕਵਿਤਾ ਵਿਚ ਵੱਟਦੀ ਦਿੱਸਦੀ ਹੈ। ਨਵੀਨ ਕਵਿਤਾ ਜੋ 1980 ਤੋਂ ਬਾਅਦ ਆਈ ਮੰਨੀ ਜਾਂਦੀ ਹੈ, ਆਪਣੇ ਸਾਰੇ ਪੂਰਬਲੇ ਰੁਝਾਨਾਂ ਨਾਲ ਸੰਵਾਦ ਵਿਚ ਵੀ ਹੈ ਤੇ ਉਨ੍ਹਾਂ ਤੋਂ ਵਿੱਥ ਵੀ ਬਣਾ ਰਹੀ ਹੈ। ਇਹ ਕਵਿਤਾ ਪੂਰਵ-ਨਿਸ਼ਚਿਤ ਧਾਰਨਾਵਾਂ ਤੇ ਕਿਸੇ ਪੱਕੀ-ਪੀਡੀ ਸਿਧਾਂਤਕਾਰੀ ਤੋਂ ਦੂਰ ਆ ਗਈ ਕਵਿਤਾ ਹੈ ਪਰ ਇਹ ਕਵਿਤਾ ਪੰਜਾਬੀ ਮਾਨਵ ਦੇ ਮਨ ਦੇ ਨੇੜੇ ਦੀ ਕਵਿਤਾ ਹੈ।

**ਪ੍ਰਸ਼ਨ 2. ਤੁਸੀਂ ਆਪਣੀ ਕਵਿਤਾ ਵਿੱਚ ਸਮਕਾਲ ਦੇ ਕਿਹੜੇ ਅਨੁਭਵਾਂ ਜਾਂ ਤਜ਼ਰਬਿਆਂ ਨੂੰ ਰੂਪਮਾਨ ਕਰਨ ਦਾ ਯਤਨ ਕਰਦੇ ਹੋ?**

ਉੱਤਰ:2. ਕਵਿਤਾ ਦਾ ਰਚਨਹਾਰਾ ਸਮਾਜ 'ਚ ਰਹਿਣ ਵਾਲਾ ਜੀਵ ਹੀ ਹੁੰਦਾ ਹੈ। ਉਹ ਤਤਕਾਲ ਤੇ ਸਮਕਾਲ ਦੇ ਮਸਲਿਆਂ ਨੂੰ ਤਾਂ ਦੇਖਦਾ ਹੀ ਹੈ, ਸਰਬਕਾਲੀ ਸਰੋਕਾਰਾਂ ਬਾਰੇ ਵੀ ਚਿੰਤਨ ਕਰਦਾ ਰਹਿੰਦਾ ਹੈ। ਵੱਡੀ ਤੇ ਚਿਰ-ਰਹਿਣੀ ਕਵਿਤਾ ਉਹੀ ਹੁੰਦੀ ਹੈ ਜਿਹੜੀ ਸਮਕਾਲ ਤੇ ਸਰਬਕਾਲ ਦੇ ਮਸਲਿਆਂ ਦੀ ਥਾਹ ਪਾਉਂਦੀ ਹੈ। ਇਹ ਕਵਿਤਾ ਕਿਸੇ ਯੁੱਗ ਦੀ ਹੁੰਦੀ ਹੋਈ ਵੀ ਯੁੱਗਾਂ ਤੋਂ ਪਾਰ ਦੀ ਹੁੰਦੀ ਹੈ। ਮੇਰੀ ਕਵਿਤਾ 'ਚ ਮੇਰੀ ਆਪਣੀ ਜ਼ਿੰਦਗੀ ਦੇ ਅਨੁਭਵ ਤਾਂ ਆਉਂਦੇ ਹੀ ਹਨ, ਸਮੁੱਚੀ ਮਨੁੱਖੀ ਨਸਲ ਦੇ ਅਨੁਭਵ ਵੀ ਆ ਸਕਦੇ ਹਨ। ਕਵਿਤਾ 'ਚ ਜਿਹੜੀ 'ਕਾਵਿ-ਮੈਂ' ਨਜ਼ਰ ਆਉਂਦੀ ਹੁੰਦੀ ਹੈ ਉਹ ਕਵੀ ਦੀ ਸਿਰਫ ਆਪਣੀ 'ਮੈਂ' ਨਹੀਂ ਹੁੰਦੀ। ਇਸ ਵਿਚ ਬਹੁਤ ਸਾਰੇ ਰੰਗ ਆ ਜੁੜਦੇ ਹਨ। ਆਪਣੇ ਵੀ ਬਿਗਾਨੇ ਵੀ, ਜਾਣੇ ਵੀ, ਅਣਜਾਣੇ ਵੀ। ਇਉਂ ਕਾਵਿ-ਅਨੁਭਵ ਵਿਅਕਤੀ ਦਾ ਜਾਪਦਾ ਹੋਇਆ ਵੀ ਸਮੂਹਿਕ ਤੇ ਸਮਾਜਿਕ ਹੁੰਦਾ ਹੈ। ਮੇਰੀ ਕਵਿਤਾ ਵਿਚ ਜਿਹੜੇ ਅਨੁਭਵ ਰੂਪਮਾਨ ਹੋਏ ਦਿਸਦੇ ਹਨ, ਉਹ ਸਮਕਾਲੀ ਵੀ, ਸਰਬਕਾਲੀ ਵੀ, ਨਿੱਜੀ ਵੀ ਤੇ ਉਪਰੇ ਵੀ। ਇਨ੍ਹਾਂ ਵਿਚ ਰੋਟੀ, ਸਿਆਸਤ, ਭੈਅ, ਪਿਆਰ, ਦੁੱਖ, ਹਿਜ਼ਰ, ਚਿੰਤਨ ਵਰਗੇ ਅਨੇਕ ਰੰਗ ਆ ਜੁੜਦੇ ਹਨ।

**ਪ੍ਰਸ਼ਨ 3. ਸਾਹਿਤ ਅਤੇ ਸਮਾਜ ਦੇ ਸੰਬੰਧ ਬਾਰੇ ਤੁਸੀਂ ਕੀ ਸਮਝਦੇ ਹੋ?**

ਉੱਤਰ:3. ਸਾਹਿਤ ਨੂੰ ਸਮਾਜ ਚ ਰਹਿਣ ਵਾਲੇ ਲੋਕ (ਲੇਖਕ) ਲਿਖਦੇ ਹਨ ਇਉਂ ਸਾਹਿਤ ਇੱਕ ਸਮਾਜਿਕ ਵਸਤ ਬਣ ਜਾਂਦਾ ਹੈ। ਸਾਹਿਤ ਨੂੰ ਸਮਾਜ ਦਾ ਦਰਪਣ ਵੀ ਕਿਹਾ ਗਿਆ ਹੈ, ਜਿਸ ਰਾਹੀਂ ਸਮਾਜ ਆਪਣਾ ਮੂੰਹ ਮੱਥਾ ਵੇਖਦਾ ਹੈ ਤੇ ਇਸ ਨੂੰ ਸੰਵਾਰਨ-ਨਿਖਾਰਨ ਦੀ ਕੋਸ਼ਿਸ਼ ਕਰਦਾ ਹੈ। ਕੋਈ ਵੀ ਸਾਹਿਤਕ ਲਿਖਤ ਐਸੀ ਨਹੀਂ ਹੋ ਸਕਦੀ ਜਿਸ ਨੇ ਕੇਂਦਰ 'ਚ ਮਨੁੱਖ ਆਪ ਨਾ ਹੋਵੇ ਇਉਂ ਹਰ ਸਾਹਿਤਿਕ ਰਚਨਾ ਸਮਾਜ ਚੋਂ ਹੀ ਲੰਘਦੀ ਗਲੀ ਬਣ ਜਾਂਦੀ ਹੈ ਜਿਹੜੀ ਸਾਨੂੰ ਸਮਾਜਿਕ ਚਿੰਤਨ ਮੰਥਨ ਤੱਕ ਜਾਂਦੀ ਹੈ। ਮੇਰੀ ਨਜ਼ਰ ਚ ਸਮਾਜ ਨਾਲੋਂ ਵਿਛੁੰਨਿਆ ਸਾਹਿਤ ਚਿਰ ਲਿਖੀ ਨਹੀਂ ਹੁੰਦਾ ਜਿਹੜੀਆਂ ਵੀ ਸਾਹਿਤਕ ਰਚਨਾਵਾਂ ਵੱਡੀਆਂ ਸਾਬਿਤ ਹੋਈਆਂ ਹਨ ਉਹ ਸਮਾਜ ਦੀਆਂ ਅਹੁਰਾਂ ਨਾਲ ਗਹਿਰੀ ਤਰ੍ਹਾਂ ਪਸਰ ਕੇ ਲੰਘਦੀਆਂ ਹਨ

**ਪ੍ਰਸ਼ਨ 4. ਤੁਹਾਡੇ ਅਨੁਸਾਰ ਸਾਹਿਤ ਦੀ ਜ਼ਿੰਦਗੀ ਵਿਚ ਕੀ ਭੂਮਿਕਾ ਹੈ?**

ਉੱਤਰ:4. ਇਹ ਗੱਲ ਅਸਲ 'ਚ ਬਹੁਤ ਸਬਜੈਕਟਿਵ ਹੈ। ਕਿਸੇ ਬੰਦੇ ਦੀ ਜ਼ਿੰਦਗੀ 'ਚ ਸੂਰਜ, ਅਨੁਭਵ, ਗਿਆਨ, ਵਿਵੇਕ, ਤਰਕ ਕਿੰਨਾ ਕੁ ਦਰਜਾ ਰੱਖਦਾ ਹੈ, ਸਾਹਿਤ ਉਸ ਲਈ ਓਨਾ ਕੁ ਹੀ ਮਹੱਤਵ ਰੱਖਦਾ ਹੈ। ਸਾਡੀ ਅਜੋਕੀ ਜ਼ਿੰਦਗੀ 'ਚ ਸੰਵੇਦਨਸ਼ੀਲਤਾ, ਸੂਹਜ ਤੇ ਸਿਆਣਪ ਦੀ ਐਵੇਂ ਰੀਣ ਭਰ ਥਾਂ ਰਹਿ ਗਈ ਹੈ। ਰੂਮੀ ਨੇ ਕਿਹਾ ਸੀ 'ਜ਼ਖਮ ਉਹ ਥਾਂ ਹੁੰਦੀ ਹੈ ਜਿਥੋਂ ਚਾਨਣ ਆਤਮਾ 'ਚ ਵੜਦਾ ਹੈ' ਪਰ ਜੇ ਬੰਦਿਆਂ ਦੇ 'ਚੰਮ' ਐਨੇ ਮੋਟੇ ਹੋ ਜਾਣ ਕਿ ਜ਼ਖਮ ਤਾਂ ਕਿ, ਝਰੀਟ ਤੱਕ ਨਾ ਪਵੇ, ਫਿਰ ਚਾਨਣ ਕਿਥੋਂ ਅੰਦਰ ਦਾਖਲ ਹੋਵੇਗਾ? ਸਾਹਿਤ ਦੀ ਤਲਬ ਇਸ 'ਅੰਦਰ ਆਏ ਚਾਨਣ' ਦੀ ਲੋਅ 'ਚੋਂ ਹੀ ਪੈਦਾ ਹੁੰਦੀ ਹੈ। ਉਂਜ ਜੇ ਸਾਹਿਤ ਦੀ ਭੂਮਿਕਾ ਦੇਖਣੀ ਹੋਵੇ ਤਾਂ ਇਹ ਮਨੁੱਖ ਨੂੰ ਅੰਦਰੋਂ ਸੋਹਣਾ ਕਰਦਾ ਹੈ, ਬਿਹਤਰ, ਸਜੱਗ ਬੰਦਾ ਬਣਾਉਂਦਾ ਹੈ। ਉਸ ਨੂੰ ਸਹੀ ਅਰਥਾਂ 'ਚ ਜ਼ਿੰਦਗੀ ਦੇ ਅਸਲੇ

ਨਾਲ ਜੋੜਦਾ ਹੈ। ਸੁਹਜਵੰਨੇ ਬੰਦੇ ਸਿਰਜਣ ਲਈ ਸੋਹਣਾ-ਸੰਵੇਦਨਸ਼ੀਲ ਸਮਾਜ ਬਣਾਉਣ ਲਈ, ਹਮੇਸ਼ਾ ਹੀ ਨਰੋਏ ਸਾਹਿਤ ਦੀ ਭਰਵੀ ਭੂਮਿਕਾ ਰਹੀ ਹੈ ਪਰ ਮੈਨੂੰ ਲਗਦਾ ਹੈ ਕਿ ਇਹ ਭੂਮਿਕਾ ਆਖਰਿਤ ਰੂਪ 'ਚ ਥਿਰ ਨਹੀਂ ਰਹਿੰਦੀ, ਬਦਲਦੀ ਰਹਿੰਦੀ ਹੈ।

**ਪ੍ਰਸ਼ਨ 5. ਤੁਸੀਂ ਆਪਣੀ ਕਵਿਤਾ ਵਿੱਚ ਵਸਤੂ ਜਾਂ ਰੂਪ ਵਿੱਚੋਂ ਕਿਸ ਨੂੰ ਵਧੇਰੇ ਮਹੱਤਵ ਦਿੰਦੇ ਹੋ**

ਉੱਤਰ:5. ਕਵਿਤਾ ਜਾਂ ਸਾਹਿਤ ਵਿਚ ਵਸਤੂ ਤੇ ਰੂਪ ਦੇ ਸੰਬੰਧ ਬਾਰੇ ਬਹੁਤ ਰੇੜਕਾ ਪਿਆ ਰਿਹਾ ਹੈ। ਜਦੋਂ ਪ੍ਰਗਤੀਵਾਦੀ ਸਾਹਿਤ ਰਚਨਾ ਦਾ ਦੌਰ ਸੀ 'ਵਸਤੂ' ਦਾ 'ਰੂਪ' ਉੱਤੋਂ ਵਸੀਕਾਰ ਮੰਨਿਆ ਜਾਂਦਾ ਰਿਹਾ ਹੈ, ਹਾਲਾਂਕਿ ਇਸੇ ਲਹਿਰ ਦੇ ਬਾਅਦ ਦੇ ਆਏ ਚਿੰਤਕਾਂ ਨੂੰ ਸਾਹਿਤ ਵਿਚ ਰੂਪ ਦੇ ਮਹੱਤਵ ਨੂੰ ਵੀ ਚੰਗੀ ਮਾਨਤਾ ਦਿੱਤੀ, ਮੇਰੇ ਨਜ਼ਦੀਕ ਕਵਿਤਾ ਦਾ ਰੂਪ ਤੇ ਕਵਿਤਾ ਦੀ ਵਸਤੂ ਦੋਵੇਂ ਅਭੇਦ ਚੀਜ਼ਾਂ ਹਨ। ਇਨ੍ਹਾਂ ਨੂੰ ਵਿਛੁੰਨ ਕੇ ਨਹੀਂ ਵੇਖਿਆ ਜਾ ਸਕਦਾ। ਮੇਰੇ ਗਜ਼ਲ ਲਿਖਦੇ ਹੋਣ ਕਾਰਨ ਬੇਸ਼ਕ ਇਕ ਨਿਸ਼ਚਿਤ ਰੂਪ ਪਹਿਲਾਂ ਹੀ ਮੇਰੇ ਸਾਹਮਣੇ ਹੁੰਦਾ ਹੈ। ਇਸ ਵਿਚ ਮੇਰੀ ਵਸਤੂ ਨੇ ਉਭਰਨਾ ਹੈ ਪਰ ਇਥੇ ਰੂਪ ਮੇਰੀ ਵਸਤੂ ਨੂੰ ਸੁਹਜ ਦਿੰਦਾ ਹੈ ਬੰਦਿਸ਼ ਨਹੀਂ। ਮੇਰੀ ਗਜ਼ਲ 'ਚ ਇਹ ਦੋਵੇਂ ਇਕੋ ਵੇਲੇ ਪ੍ਰਗਟ ਹੁੰਦੇ ਹਨ। ਮੇਰੀ ਧਾਰਨਾ ਇਹ ਵੀ ਹੈ ਕਿ ਰੂਪ ਮੁੱਢਲੇ ਰੂਪ ਵਿਚ ਵਸਤੂ ਨੂੰ ਰੂਪ ਦੇ ਕੇ ਇਕ ਖਾਸ ਰੂਪਕਾਰ (Genre) ਬਣਾਉਂਦਾ ਹੈ, ਪਰ ਰੂਪਕਾਰ ਦੇ ਅੰਦਰ ਰੂਪ ਦੇ ਬਹੁਤ ਨਵੇਂ ਰੰਗ ਰੂਪਮਾਨ ਹੋ ਸਕਦੇ ਹਨ। ਇਸੇ ਨੇ ਕਾਵਿ ਦੀ ਨਵੀਂ ਉਡਾਰੀ ਜਾਂ ਸੁਹਜ ਦੇ ਨਵੇਂ ਪ੍ਰਤਿਮਾਨ ਕਿਹਾ ਜਾ ਸਕਦਾ ਹੈ। ਜਾਤੀ ਤੌਰ 'ਤੇ ਮੈਨੂੰ ਗਜ਼ਲ ਵਿਚ ਉਸਦੇ ਨਿਸ਼ਚਿਤ ਰੂਪ ਦਾ ਧਿਆਨ ਹੁੰਦੇ ਹੋਏ ਵੀ ਉਸ ਵਿਚ ਕਹੀ ਗੱਲ ਜ਼ਿਆਦਾ ਪਿਆਰੀ ਹੁੰਦੀ ਹੈ।

**ਪ੍ਰਸ਼ਨ:6 ਲਿਖਣ ਬਾਰੇ ਤੁਹਾਡੇ ਪਰਿਵਾਰ ਦਾ ਕੀ ਨਜ਼ਰਿਆ ਹੈ?**

ਉੱਤਰ:6. ਇਹ ਬੜੀ ਖੁਸ਼ਕਿਸਮਤੀ ਵਾਲੀ ਗੱਲ ਹੈ ਇਹ ਸਾਡੇ ਪਰਿਵਾਰ ਦਾ ਸਾਹਿਤ ਪੜ੍ਹਨ ਲਿਖਣ ਨਾਲ ਗਹਿਰਾ ਵਾਸਤਾ ਹੈ। ਮੇਰੇ ਪਿਤਾ ਸ੍ਰੀ ਹਰਮਿੰਦਰ ਸਿੰਘ ਕੋਹਾਰਵਾਲਾ ਜਾਣੇ ਪਛਾਣੇ ਕਵੀ ਹਨ। ਮੇਰਾ ਭਰਾ ਪ੍ਰਤੀਕ ਆਰਟਿਸਟ ਕਦੇ ਕਦੇ ਲਿਖਦਾ ਹੈ ਪਰ ਚੰਗੀ ਨਜ਼ਮ ਕਹਿੰਦਾ

ਹੈ। ਮੇਰੀ ਪਤਨੀ ਨੇ ਤਿੰਨ ਚਾਰ ਵਾਰਤਕ ਪੁਸਤਕਾਂ ਨੂੰ ਪੰਜਾਬੀ ਚ ਅਨੁਵਾਦ ਕੀਤਾ ਹੈ। ਸਾਡੇ ਬੱਚੇ ਵੀ ਸਾਹਿਤ ਦੇ ਕਦਰਦਾਨ ਹਨ। ਇਸ ਤਰ੍ਹਾਂ ਸਾਡੇ ਘਰ ਵਿੱਚ ਪੜ੍ਹਨ ਲਿਖਣ ਵਿੱਚ ਅਜਿਹੀ ਕੋਈ ਦਿੱਕਤ ਪੇਸ਼ ਨਹੀਂ ਆਉਂਦੀ ਜਿਸ ਤਰ੍ਹਾਂ ਦੀ ਸ਼ਾਇਦ ਕੁਝ ਹੋਰ ਲੇਖਕਾਂ ਨੂੰ ਆਉਂਦੀ ਹੋਵੇ। ਸਾਹਿਤਕ ਜ਼ਿੰਦਗੀ ਦੇ ਪਰਿਵਾਰਕ ਜ਼ਿੰਦਗੀ ਚ ਕੋਈ ਨੂੰ ਛੇੜ ਨਜ਼ਰ ਨਹੀਂ ਆਇਆ ਕਦੇ ਜਿਹੜੇ ਜੀ ਦਾ ਸੋ ਦਿਲ ਕਰਦਾ ਹੈ ਆਪਣੀ ਇੱਛਾ ਤੇ ਰੁਚੀ ਮੁਤਾਬਕ ਲਿਖੀ ਪੜ੍ਹੀ ਜਾਂਦਾ ਹੈ ਸਾਡੇ ਘਰ ਸਾਰੇ ਆਪੋ ਆਪਣੇ ਸੋਚਣ ਲਿਖਣ-ਪੜ੍ਹਨ ਤੇ ਮਨਮਰਜ਼ੀ ਦਾ ਜਿਊਣ ਦੇ ਖੁੱਲ੍ਹੇ ਮੌਕੇ ਹਨ ਪਰਿਵਾਰ ਨੇ ਮੈਨੂੰ ਖੁਸ਼ਗਵਾਰ ਮਾਹੌਲ ਹੀ ਦਿੱਤਾ ਹੈ

**ਪ੍ਰਸ਼ਨ 6. ਕਾਵਿ ਸਿਰਜਣਾ ਪਿੱਛੇ ਕੀ ਕਾਰਨ ਹੈ ਜਾਂ ਤੁਸੀਂ ਕਿਉ ਲਿਖਦੇ ਹੋ?**

ਉੱਤਰ:7. ਇਸ ਸਵਾਲ ਦੇ ਕਈ ਜਵਾਬ ਹੋ ਸਕਦੇ ਹਨ ਦਰਅਸਲ ਕਿਸੇ ਵੀ ਕਲਾਕਾਰ ਨੇ ਬੰਦੇ ਦੇ ਮਨ ਦੇ ਮਾਧਿਅਮ ਰਾਹੀਂ ਪ੍ਰਾਪਤ ਪ੍ਰਤੀਕਰਮ ਦੇਣਾ ਹੁੰਦਾ ਹੈ। ਕਲਾਕਾਰ ਸ਼ਬਦ ਰਾਹੀਂ ਇਹ ਕੰਮ ਕਰਦਾ ਹੈ। ਅਸਲ ਵਿੱਚ ਮੈਨੂੰ ਲੱਗਦਾ ਹੁੰਦਾ ਹੈ ਕਿ ਰਚਨਾਤਮਕਤਾ ਬਣੇ-ਬਣਾਏ ਪੈਟਰਨਾਂ ਨੂੰ ਭੰਗ ਕਰਨ ਤੇ ਹੀ ਟਿਕੀ ਹੁੰਦੀ ਹੈ। ਮੈਂ ਆਪਣੇ ਸਾਹਮਣੇ ਫੈਲੀ ਦੁਨੀਆ ਦੇ ਆਪਣੇ ਨਿੱਤ ਦੇ ਜਹਾਨ ਬਾਰੇ ਕਵਿਤਾ ਰਾਹੀਂ ਟਿੱਪਣੀ ਕਰਦਾ ਹਾਂ। ਕਵਿਤਾ ਰਾਹੀਂ ਮੈਂ ਆਪਣੀ ਖੁਸ਼ੀ ਸੰਤੁਸ਼ਟੀ, ਨਾਰਾਜ਼ਗੀ, ਉਦਾਸੀ, ਹੇਰਵੇ ਤੇ ਸੁਪਨੇ ਲਿਖਦਾ ਹਾਂ। ਮੈਂ ਸਥੂਲ ਯਥਾਰਥਕ ਨੂੰ ਸੂਖਮ ਰੂਪ 'ਚ ਭੰਨਦਾ ਤੋੜਦਾ ਹਾਂ। ਇਹ ਮੇਰਾ ਵਿਅਕਤੀਗਤ ਕੰਮ ਵੀ ਹੋ ਸਕਦਾ ਹੈ ਤੇ ਸਮਾਜਿਕ ਕਾਰਜ ਵੀ। ਮੈਨੂੰ ਲੱਗਦਾ ਹੈ ਇਹ ਕਿਸੇ ਇਕ ਲਿਖਤ ਵਿੱਚ ਸਿਰਫ਼ ਉਸ ਦੇ ਲੇਖਕ ਦਾ ਹੀ ਅਨੁਭਵ ਨਹੀਂ ਹੁੰਦਾ ਸਗੋਂ ਹੋਰ ਅਨੇਕਾਂ ਲੋਕਾਂ ਦਾ ਅਨੁਭਵ ਵੀ ਹੁੰਦਾ ਹੈ। ਮੈਂ ਪਹਿਲੇ ਰੂਪ 'ਚ ਆਪਣੇ ਆਪ ਨੂੰ ਪ੍ਰਗਟ ਕਰਨ ਲਈ ਲਿਖਦਾ ਹਾਂ। ਮੈਂ ਕਦੇ ਲਿਖਿਆ ਸੀ:

*ਕਿਸੇ ਗਹਿਰੀ ਉਦਾਸੀ ਨਾਲ, ਮਨ ਭਰਦਾ ਹੈ ਤੱਲ ਤੀਕਰ*

*ਅਣਦਿਸਦਾ ਵੇਗ, ਲੈ ਆਉਂਦਾ ਹੈ ਫਿਰ ਮੈਨੂੰ ਗ਼ਜ਼ਲ ਤੀਕਰ*

ਨਾਲ ਹੀ ਇੱਕ ਹੋਰ ਸ਼ਿਅਰ ਵੀ ਲਿਖਿਆ

*ਮੇਰੀ ਆਵਾਜ਼ ਤੋਂ ਅੱਗੇ ਵੀ ਇੱਕ ਵਿਸਥਾਰ ਹੈ ਮੇਰਾ*

*ਮੈਂ ਚਾਹਾਂ ਵੀ ਤਾਂ ਸਾਰਾ ਆ ਨਹੀਂ ਸਕਦਾ ਗ਼ਜ਼ਲ ਤੀਕਰਾਂ*

❖

## ਸਹਾਇਕ ਪੁਸਤਕ ਸੂਚੀ

### ਪੰਜਾਬੀ ਪੁਸਤਕਾਂ

ਅਮਰਜੀਤ ਕੌਰ (ਡਾ.), (ਸੰਪਾ). ***ਲੋਕਧਾਰਾ, ਸੱਭਿਆਚਾਰ ਅਤੇ ਵਿਸ਼ਵੀਕਰਨ, ਗਲੋਬਲੀ ਪਰਿਪੇਖ ਵਿੱਚ ਲੋਕਧਾਰਾ ਅਤੇ ਸੱਭਿਆਚਾਰਕ ਅਧਿਐਨ.*** ਪੰਜਾਬੀ ਯੂਨੀਵਰਸਿਟੀ, 2012.

ਅਰਸ਼ੀ, ਗੁਰਚਰਨ ਸਿੰਘ. ***ਸਮੀਖਿਆ ਦ੍ਰਿਸ਼ਟੀਆਂ.*** ਆਰਸੀ ਪਬਲਿਸ਼ਰਜ਼, 1998.

ਅਹੂਜਾ, ਰੋਸ਼ਨ ਲਾਲ (ਡਾ.). ***ਸਾਹਿਤ ਸ਼ਾਸਤਰ.*** ਲਾਹੌਰ ਬੁੱਕ ਸ਼ਾਪ, 1996.

ਅਮੋਲ, ਸ.ਸ. ***ਪੁਰਾਤਨ ਪੰਜਾਬੀ ਕਾਵਿ ਦਾ ਵਿਕਾਸ.*** ਲਾਹੌਰ ਬੁੱਕ ਸ਼ਾਪ, (ਸਾਲ ਨਹੀਂ ਦਿੱਤਾ).

ਅਰੋੜਾ, ਨੀਤੂ. ***ਸਮਕਾਲੀ ਪੰਜਾਬੀ ਕਵਿਤਾ: ਪ੍ਰਤੀਰੋਧੀ ਪ੍ਰਵਚਨ.*** ਚੇਤਨਾ ਪ੍ਰਕਾਸ਼ਨ, 2015.

ਆਹਲੂਵਾਲੀਆ, ਜ.ਸ, ਅਤੇ ਸੁਰਜੀਤ ਹਾਂਸ (ਸੰਪਾ). ***ਪੰਜਾਬੀ ਅਲੋਚਨਾ ਇੱਕ ਪਰਿਚਯ.*** ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 2001.

ਐਮ. ਏ., ਪਿਆਰ ਸਿੰਘ. ***ਪੰਜਾਬੀ ਕਵਿਤਾ ਪਰੰਪਰਾ ਅਤੇ ਵਿਕਾਸ.*** ਲਾਹੌਰ ਬੁੱਕ ਸ਼ਾਪ, (ਸਾਲ ਨਹੀਂ ਦਿੱਤਾ).

ਅੰਮ੍ਰਿਤ, ਸੁਖਵਿੰਦਰ. ***ਹਜ਼ਾਰ ਰੰਗਾਂ ਦੀ ਲਾਟ.*** ਲੋਕਗੀਤ ਪ੍ਰਕਾਸ਼ਨ, 2008.

---. ***ਪੁੰਨਿਆ.*** ਲੋਕਗੀਤ ਪ੍ਰਕਾਸ਼ਨ, 2014.

---. ***ਚਿੜੀਆਂ.*** ਲੋਕਗੀਤ ਪ੍ਰਕਾਸ਼ਨ, 2014.

---. ***ਨੀਲਿਆ ਮੋਰਾ ਵੇ.*** ਚੇਤਨਾ ਪ੍ਰਕਾਸ਼ਨ, 2017.

---. ***ਕਣੀਆਂ.*** ਚੇਤਨਾ ਪ੍ਰਕਾਸ਼ਨ, 2000.

---. ***ਧੁੱਪ ਦੀ ਚੁੰਨੀ.*** ਲੋਕਗੀਤ ਪ੍ਰਕਾਸ਼ਨ, 2011.

---. ***ਪੱਤਝੜ ਵਿੱਚ ਪੁੰਗਰਦੇ ਪੱਤੇ.*** ਚੇਤਨਾ ਪ੍ਰਕਾਸ਼ਨ, 2017.

ਅੰਮ੍ਰਿਤਪਾਲ ਕੌਰ (ਸੰਪਾ.). ***ਵੀਹਵੀਂ ਸਦੀ ਦੀ ਪੰਜਾਬੀ ਕਵਿਤਾ***. ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 2005.

ਸਤਿੰਦਰ ਸਿੰਘ (ਡਾ.). ***ਵਿਹਾਰਕ ਸਮੀਖੀਆ ਕਵਿਤਾ ਅਤੇ ਵਾਰਤਕ***. ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 2011.

---. ***ਆਧੁਨਿਕ ਪੰਜਾਬੀ ਕਾਵਿ-ਰੂਪ ਅਧਿਐਨ***. ਗੁਰੂ ਨਾਨਕ ਦੇਵ ਯੂਨੀਵਰਸਿਟੀ, 1980.

ਸੁਖਦੇਵ ਸਿੰਘ (ਡਾ.). ***ਆਧੁਨਿਕ ਪੰਜਾਬੀ ਕਵਿਤਾ ਦਾ ਕਾਵਿ ਸ਼ਾਸਤਰ.*** ਆਰਸੀ ਪਬਲਿਸ਼ਰਜ਼, 1997.

ਸੋਢੀ, ਐੱਨ. ਐੱਸ. ***ਸਮਾਜ ਕਾਰਜ***. ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 2003.

ਸਿੱਧੂ, ਗੁਰੂਮੇਲ. ***ਖੁੱਲ੍ਹੀ ਕਵਿਤਾ ਦੇ ਮਾਪਦੰਡ***. ਚੇਤਨਾ ਪ੍ਰਕਾਸ਼ਨ, 2008.

ਸਿੰਗਲ, ਧਰਮਪਾਲ. ***ਆਧੁਨਿਕ ਪੰਜਾਬੀ ਕਵਿਤਾ: ਵਿਚਾਰ ਤੇ ਵਿਸ਼ਲੇਸ਼ਣ.*** ਦੀਪਕ ਪਬਲਿਸ਼ਰਜ਼, 2005.

ਹਰਭਜਨ ਸਿੰਘ. ***ਅਧਿਐਨ ਤੇ ਅਧਿਆਪਨ.*** ਨਵਚੇਤੰਨ ਪਬਲਿਸ਼ਰਜ਼, 1970.

ਹਰਿਭਜਨ ਸਿੰਘ. ***ਰਚਨਾ ਸਰੰਚਨਾ***. ਨਵਚੇਤੰਨ ਪਬਲੀਸ਼ਰਜ਼, 1977.

ਕਰਮਜੀਤ ਸਿੰਘ (ਡਾ.). ***ਆਧੁਨਿਕ ਪੰਜਾਬੀ ਕਾਵਿ-ਧਾਰਾਵਾਂ ਦੇ ਵਿਚਾਰਧਾਰਾਈ ਆਧਾਰ.*** ਗੁਰੂ ਨਾਨਕ ਦੇਵ ਯੂਨੀਵਰਸਿਟੀ, 1982.

ਕੰਗ, ਹਰਿੰਦਰਪਾਲ ਕੌਰ (ਡਾ.). ***ਪੰਜਾਬੀ ਸੁਹਜਵਾਦੀ ਕਾਵਿ ਧਾਰਾ: ਇੱਕ ਅਧਿਐਨ***. ਲੋਕਗੀਤ ਪ੍ਰਕਾਸ਼ਨ, 2010.

ਕੋਹਾਰਵਾਲਾ, ਗੁਰਤੇਜ (ਪ੍ਰੋ.). ***ਪਾਣੀ ਦਾ ਹਾਸ਼ੀਆ***. ਚੇਤਨਾ ਪ੍ਰਕਾਸ਼ਨ, 2015.

ਖੱਟੜਾ, ਸੁਰਜੀਤ ਸਿੰਘ. ***ਸਾਹਿਤ ਅਤੇ ਸਮਾਜਿਕ ਚੇਤਨਾ.*** ਲੋਕਗੀਤ ਪ੍ਰਕਾਸ਼ਨ, 2007.

ਗੁਰਜੀਤ ਸਿੰਘ (ਡਾ.). ***ਸੱਭਿਆਚਾਰ ਦਾ ਫਲਸਫਾ***. ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 2009.

ਗੁਰਪ੍ਰੀਤ. ***ਸਿਆਹੀ ਘੁਲ਼ੀ ਹੈ.*** ਉਡਾਨ ਪਬਲੀਕੇਸ਼ਨਜ਼, 2011.

---. ***ਸਮੇਂ ਦਾ ਦਰਿਆ***. ਉਡਾਨ ਪਬਲੀਕੇਸ਼ਨਜ਼, 2014.

---. ***ਓਕ.*** ਚੇਤਨਾ ਪ੍ਰਕਾਸ਼ਨ, 2016.

ਗਾਸੋ, ਸੁਦਰਸ਼ਨ (ਡਾ.). ***ਪੰਜਾਬੀ ਕਵਿਤਾ ਵਿਸ਼ਲੇਸ਼ਣ ਅਤੇ ਮੁੱਲਾਂਕਣ***. ਚੇਤਨਾ ਪ੍ਰਕਾਸ਼ਨ, 2007.

ਗੋਜਰਾ, ਕੁਲਵੀਰ. ***ਸਮਕਾਲੀ ਪੰਜਾਬੀ ਕਵਿਤਾ ਦਾ ਉੱਤਰ ਆਧੁਨਿਕ ਪਰਿਪੇਖ***. ਪੰਜਾਬੀ ਯੂਨੀਵਰਸਿਟੀ, 2004. (ਨਿਗਰਾਨ-ਜਸਵਿੰਦਰ ਸਿੰਘ) ਅਪ੍ਰਕਾਸ਼ਿਤ ਖੋਜ-ਪ੍ਰਬੰਧ.

ਜਸਵਿੰਦਰ ਸਿੰਘ.***ਪੰਜਾਬੀ ਸੱਭਿਆਚਾਰ ਪਛਾਣ-ਚਿੰਨ***. ਪੁਨੀਤ ਪ੍ਰਕਾਸ਼ਨ, 1989.

---. ***ਨਵੀਂ ਪੰਜਾਬੀ ਕਵਿਤਾ ਪਛਾਣ ਚਿੰਨ੍ਹ***. ਚੇਤਨਾ ਪ੍ਰਕਾਸ਼ਨ, 2009.

ਜਸਵਿੰਦਰ ਸਿੰਘ, ਅਤੇ ਜਗਬੀਰ ਸਿੰਘ (ਡਾ.). ***ਪੰਜਾਬੀ ਸਾਹਿਤ ਦਾ ਇਤਿਹਾਸ ਆਦਿ ਕਾਲ-ਭਗਤ ਕਾਲ***. ਗੁਰੂ ਨਾਨਕ ਦੇਵ ਯੂਨੀਵਰਸਿਟੀ, 1995.

ਜਗਬੀਰ ਸਿੰਘ. ***ਗੁਰਮਤਿ ਕਾਵਿ ਦਾ ਇਤਿਹਾਸ***. ਪੰਜਾਬੀ ਅਕਾਦਮੀ, 2004.

ਜੀਤ, ਗੁਰਮੁਖ ਸਿੰਘ (ਐਮ. ਏ). ***ਅੰਮ੍ਰਿਤਾ ਪ੍ਰੀਤਮ ਦੀ ਕਾਵਿ ਕਲਾ.*** ਸਿੱਖ ਪਬਲਿਸ਼ਿੰਗ ਹਾਊਸ ਲਿਮਿਟਡ, 1945.

ਜੋਗਿੰਦਰ ਸਿੰਘ. ***ਪੰਜਾਬੀ ਕਾਵਿ ਪਰੰਪਰਾ***. ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 1981.

ਜੱਸ, ਜਸਵੀਰ ਸਿੰਘ. ***ਪੰਜਾਬੀ ਸੱਭਿਆਚਾਰ ਉੱਤੇ ਵਿਦੇਸ਼ੀ ਪ੍ਰਭਾਵ***. ਦੀ ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ, (ਸਾਲ ਨਹੀਂ ਦਿੱਤਾ).

ਜੰਮੂ, ਪ੍ਰਕਾਸ਼ ਸਿੰਘ, ਅਤੇ ਪਰਮਿੰਦਰ ਕੌਰ, (ਸੰਪਾ.). ***ਸਮਾਜ ਵਿਗਿਆਨ ਦਾ ਵਿਸ਼ਾ ਕੋਸ਼.*** ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 2013.

ਦਿਲਸ਼ਾਦ, ਮੇਜਰ ਸਿੰਘ. ***ਜਸਵੰਤ ਦੀਦ ਦਾ ਕਾਵਿ ਸੰਸਾਰ***. ਏਂਜਲ ਪਬਲੀਕੇਸ਼ਨ, 2009.

ਦਿਓਲ, ਹਰਮਿੰਦਰ ਸਿੰਘ (ਡਾ.), ਅਤੇ ਡਾ. ਕੁਲਬੀਰ ਸਿੰਘ ਕਾਂਗ, (), (ਸੰਪਾ). ***ਪੰਜਾਬੀ ਸੱਭਿਆਚਾਰ***. ਬਾਬਾ ਫ਼ਰੀਦ ਸਾਹਿਤ ਸੰਮੇਲਨ ਪ੍ਰਕਾਸ਼ਨ, 1986.

ਧਨਵੰਤ ਕੌਰ (ਡਾ.), (ਸੰਪਾ.). ***ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਗਲੋਬਲ ਪਰਿਪੇਖ***. ਪੰਜਾਬੀ ਯੂਨੀਵਰਸਿਟੀ, 2003.

ਧਨਵੰਤ ਕੌਰ (ਡਾ.), ਅਤੇ ਜਸਵਿੰਦਰ ਕੌਰ ਮਾਂਗਟ, (ਸੰਪਾ.). ***ਸਮਕਾਲੀ ਪੰਜਾਬੀ ਸਮਾਜ***. ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 2006.

ਧਾਰੀਵਾਲ, ਬਲਦੇਵ ਸਿੰਘ (ਡਾ.). ***ਆਧੁਨਿਕ ਪੰਜਾਬੀ ਕਾਵਿ (ਸੰਦਰਭਗਤ ਅਧਿਐਨ)***. ਲੋਕਗੀਤ ਪ੍ਰਕਾਸ਼ਨ, 2012.

ਧਾਲੀਵਾਲ, ਪ੍ਰੇਮ ਪ੍ਰਕਾਸ਼ ਸਿੰਘ (ਡਾ.). ***ਭਾਰਤੀ ਕਾਵਿ ਸ਼ਾਸਤਰ.*** ਮਦਾਨ ਪਬਲੀਕੇਸ਼ਨਜ਼, 2012.

ਨਗੇਂਦ੍ਰ (ਡਾ.). ***ਰਸ ਸਿੱਧਾਂਤ.*** ਪਬਲੀਕੇਸ਼ਨ ਬਿਊਰੋਪੰਜਾਬੀ ਯੂਨੀਵਰਸਿਟੀ, 1988.

ਨਰੇਸ਼ (ਡਾ.). ***ਗ਼ਜ਼ਲ ਦੀ ਪਰਖ.*** ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, 1983.

ਨਿਰਮਲ, ਚਾਨਣ ਸਿੰਘ.***ਪੰਜਾਬੀ ਕਾਵਿ ਸ਼ਾਸ਼ਤਰ***. ਵਾਰਿਸ਼ ਸ਼ਾਹ ਫਾਊਂਡੇਸ਼ਨ, 2003.

ਨੂਰ, ਸੁਤਿੰਦਰ ਸਿੰਘ. ***ਸਮਕਾਲੀ ਸਾਹਿਤ ਦੇ ਸਰੋਕਾਰ***. ਚੇਤਨਾ ਪ੍ਰਕਾਸ਼ਨ, 2012.

ਪਰਮਾਰ, ਨਦੀਮ. ***ਗ਼ਜ਼ਲ ਦੀ ਵਿਆਕਰਣ***. ਚੇਤਨਾ ਪ੍ਰਕਾਸ਼ਨ, 2007.

ਪ੍ਰਮਿੰਦਰ ਸਿੰਘ (ਡਾ.), ਕਿਰਪਾਲ ਸਿੰਘ ਕਸੇਲ, ਅਤੇ ਡਾ. ਗੋਬਿੰਦ ਸਿੰਘ ਲਾਂਬਾ, ***ਪੰਜਾਬੀ ਸਾਹਿਤ ਦੀ ਉਤਪੱਤੀ ਤੇ ਵਿਕਾਸ***. ਲਾਹੌਰ ਬੁੱਕ ਸ਼ਾਪ, 2012.

ਪੰਜਾਬੀ ਵਿਭਾਗ ਰਾਹੁਲ ਫਾਊਂਡੇਸ਼ਨ, ***ਆਈਨਸਟੀਨ ਦੇ ਸਮਾਜਿਕ ਸਰੋਕਾਰ.*** ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, 2010.

ਪਾਤਰ, ਸੁਰਜੀਤ. ***ਸੁਰਜ਼ਮੀਨ.*** ਲੋਕਗੀਤ ਪ੍ਰਕਾਸ਼ਨ, 2008.

---. ***ਚੰਨ ਸੂਰਜ ਦੀ ਵਹਿੰਗੀ.*** ਯੂਨੀਸਟਾਰ ਬੁਕਸ, 2018.

---. ***ਪੱਤਝੜ ਦੀ ਪਾਜ਼ੇਬ.*** ਲੋਕਗੀਤ ਪ੍ਰਕਾਸ਼ਨ, 2017.

---. ***ਲਫ਼ਜ਼ਾਂ ਦੀ ਦਰਗਾਹ***. ਲੋਕਗੀਤ ਪ੍ਰਕਾਸ਼ਨ, 1999.

ਪਾਲ, ਰਾਜਿੰਦਰ ਸਿੰਘ. ***ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ***. ਪੰਜਾਬੀ ਅਕਾਦਮੀ, 2006.

ਪੂਨੀ, ਬਲਬੀਰ ਸਿੰਘ (ਪ੍ਰੋ.). ***ਪੰਜਾਬੀ ਲੋਕਧਾਰਾ ਅਤੇ ਸੱਭਿਆਚਾਰ***. ਵਾਰਿਸ਼ ਸ਼ਾਹ ਫ਼ਾਊਡੇਸ਼ਨ, 2013.

ਪੂਰਨ ਸਿੰਘ. ***ਸਾਇੰਸ ਦਾ ਸੰਸਾਰ.*** ਸਾਤਵਿਕ ਮੀਡੀਆ ਪ੍ਰਾ. ਲਮਿਟਿਡ, 2005.

---. ***ਸੱਭਿਆ ਅਤੇ ਸੱਭਿਆਚਾਰ.*** ਸਾਤਵਿਕ ਮੀਡੀਆ ਪ੍ਰਾ. ਲਮਿਟਿਡ, 2007.

ਬ੍ਰਹਮਜਗਦੀਸ਼ ਸਿੰਘ (ਪ੍ਰੋ.). ***ਆਧੁਨਿਕ ਪੰਜਾਬੀ ਕਵਿਤਾ ਅਤੇ ਭਾਈ ਵੀਰ ਸਿੰਘ***. ਪੰਜਾਬੀ ਰਾਇਟਰਜ਼ ਕੋਆਪਰੇਟਿਵ ਸੋਸਾਇਟੀ ਲਿਮਲਿਡ, 1989.

---. ***ਸਮਾਲੋਚਨਾ ਅਤੇ ਪੰਜਾਬੀ ਸਮਾਲੋਚਨਾ (ਸਮਾਲੋਚਨਾ ਸ਼ਾਸਤਰ).*** ਵਾਰਿਸ ਸ਼ਾਹ ਫ਼ਾਊਂਡੇਸ਼ਨ, 2018.

ਬ੍ਰਹਮਜਗਦੀਸ਼ ਸਿੰਘ (ਪੋ.), ਅਤੇ ਪ੍ਰੋ. ਰਾਜਬੀਰ ਕੋਰ. ***ਪੰਜਾਬੀ ਸਾਹਿਤ ਦਾ ਇਤਿਹਾਸ***. ਵਾਰਿਸ਼ ਸ਼ਾਹ ਫ਼ਾਉਂਡੇਸ਼ਨ, 2011.

ਬੀਰ, ਸਹਿੰਦਰ. ***ਸ਼ਿਵ ਕੁਮਾਰ ਜੀਵਨ ਅਤੇ ਕਵਿਤਾ***. ਵਾਰਿਸ਼ ਸ਼ਾਹ ਫਾਉਂਡੇਸ਼ਨ, 2000.

ਬੇਰੋਵਾਲ, ਜਸਵੰਤ (ਡਾ.). ***ਪੰਜਾਬੀ ਪਿੰਗਲ.*** ਸੁੰਦਰ ਬੁੱਕ ਡਿਪੋ, 2014.

ਭੱਟੀ, ਸੁਰਜੀਤ ਸਿੰਘ. ***ਵਿਸ਼ਵੀਕਰਨ ਅਤੇ ਸਾਹਿਤ ਚਿੰਤਨ***. ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, 2011.

ਭੰਡਾਲ, ਹਰਵਿੰਦਰ. ***ਸਮਕਾਲੀ ਪੰਜਾਬੀ ਕਵਿਤਾ ਪ੍ਰਵਚਨ ਅਤੇ ਪ੍ਰਸ਼ਨ***. ਚੇਤਨਾ ਪ੍ਰਕਾਸ਼ਨ, 2009.

ਮਨਜੀਤ ਸਿੰਘ (ਡਾ.). ***ਵੀਹਵੀਂ ਸਦੀ ਦੀ ਪੰਜਾਬੀ ਕਵਿਤਾ: ਵਿਚਾਰ ਤੇ ਵਿਸ਼ਲੇਸ਼ਣ***. ਆਰਸੀ ਪਬਲਿਸ਼ਰਜ਼, 2000.

ਮਾਨਵ, ਮਹਿੰਦਰ. ***ਗ਼ਜ਼ਲ ਸ਼ਾਸਤਰ ਦੇ ਦ੍ਰਿਗ-ਦਰਸ਼ਨ.*** ਸੁੰਦਰ ਬੁੱਕ ਡਿਪੋ, 1998.

ਯੋਗਰਾਜ (ਡਾ.). ***ਨਵੀਂ ਪੰਜਾਬੀ ਸ਼ਾਇਰੀ ਸਮਕਾਲੀ ਸੰਦਰਭ***. ਚੇਤਨਾ ਪ੍ਰਕਾਸ਼ਨ, 2006.

---. ***ਪੰਜਾਬੀ ਕਵਿਤਾ ਉੱਤਰ ਪੰਜਾਬ ਸੰਕਟ***. ਚੇਤਨਾ ਪ੍ਰਕਾਸ਼ਨ, 2012.

ਰਾਜਬੀਰ ਕੋਰ (ਪ੍ਰੋ). ***ਪੰਜਾਬੀ ਸਾਹਿਤ ਦਾ ਇਤਿਹਾਸ***. ਪੰਜਾਬੀ ਯੂਨੀਵਰਸਿਟੀ, 2017.

ਰੰਧਾਵਾ, ਮਹਿੰਦਰ ਸਿੰਘ (ਸੰਪਾ.). ***ਪੂਰਨ ਸਿੰਘ ਜੀਵਨੀ ਅਤੇ ਕਵਿਤਾ***. ਸਾਹਿਤ ਅਕਾਦਮੀ, 1986.

ਲਾਲ ਸਿੰਘ (ਪ੍ਰਕਾਸ਼ਕ). ***ਭਗਤੀ ਕਾਵਿ***. ਭਾਸ਼ਾ ਵਿਭਾਗ, 1970.

ਵਿ.ਗ੍ਰਿ, ਅਫਾਨਾਸੀਏਟ. ***ਦਾਰਸ਼ਨਿਕ ਗਿਆਨ ਦੇ ਮੁਢੱਲੇ ਨਿਯਮ***. ਪ੍ਰਗਤੀ ਪ੍ਰਕਾਸ਼ਨ, 1978.

ਸ਼ਰਮਾ, ਜੀ. ਐਲ. ***ਕਵਿਤਾ ਤੱਤ ਅਤੇ ਰੂਪ***. ਏਕਤਾ ਪ੍ਰਕਾਸ਼ਨ, (ਸਾਲ ਨਹੀਂ ਦਿੱਤਾ).

ਜ਼ਫ਼ਰ, ਜਸਵੰਤ. ***ਅਸੀਂ ਨਾਨਕ ਦੇ ਕੀ ਲੱਗਦੇ ਹਾਂ***. ਚੇਤਨਾ ਪ੍ਰਕਾਸ਼ਨ, 2001.

---. ***ਇਹ ਬੰਦਾ ਕੀ ਹੁੰਦਾ***. ਚੇਤਨਾ ਪ੍ਰਕਾਸ਼ਨ, 2010.

---. ***ਦੋ ਸਾਹਾਂ ਵਿੱਚਕਾਰ***. ਚੇਤਨਾ ਪ੍ਰਕਾਸ਼ਨ, 1993.

**ਹਿੰਦੀ ਪੁਸਤਕਾਂ**

ਕਿਸ਼ੋਰ, ਨਵਲ. ***ਮਾਨਵਵਾਦ ਔਰ ਸਾਹਿਤਯ***. ਰਾਧਾ ਕ੍ਰਿਸ਼ਨ ਪ੍ਰਕਾਸ਼ਨ, 1972.

ਚਤੁਰਬੇਦੀ, ਰਾਮ ਸਰੂਪ. ***ਹਿੰਦੀ ਸਾਹਿਤਯ ਔਰ ਸੰਬੇਦਨਾ ਕਾ ਵਿਕਾਸ***. ਲੋਕ ਭਾਰਤੀ ਪ੍ਰਕਾਸ਼ਨ, 1996.

ਨਗੇਂਦਰ (ਡਾ.). ***ਸ਼ੈਲੀ ਵਿਗਿਆਨ***. ਨੈਸ਼ਨਲ ਪਬਲਿਸ਼ਰਜ਼, 1976.

**ENGLISH BOOKS**

I.A., Richards. ***Principles of Literary Criticism***. Routledge Classics, 2001.

Owen Barfield. ***Poetic Diction, A study in Meaning***. Barfield Press, 1928.

Robin Skelton. ***The Poetic Pattern***. Greenwood Pub Group, 1956.

**ENCYCLOPAEDIA / DICTIONARY**

***Encyclopedia America.*** volume-25. 1984.

***The Encyclopedia Of Philosophy.*** Vol. 2. The Macmillan Company and The Free Press. 1967.

Kanwar, J.S.(Editor). ***Mahamaya Standard Concise Perfect Dictionary*. Mahamaya Publication, (year-not given).**

### ਸੰਦਰਭ ਕੋਸ਼

ਨਾਭਾ, ਭਾਈ ਕਾਨ੍ਹ ਸਿੰਘ. ***ਗੁਰਸ਼ਬਦ ਰਤਨਕਾਰ ਮਹਾਨ ਕੋਸ਼***. ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 2011.

ਪ੍ਰੇਮ, ਪ੍ਰਕਾਸ਼ ਸਿੰਘ (ਡਾ.), (ਸੰਪਾ.). ***ਸੰਸਕ੍ਰਿਤ ਪੰਜਾਬੀ ਕੋਸ਼.*** ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 2002.

ਬਾਹਰੀ, ਹਰਦੇਵ ਸਿੰਘ (ਡਾ.). ***ਰਾਜਪਾਲ ਹਿੰਦੀ ਸ਼ਬਦ ਕੋਸ਼***. ਸੰਨਜ਼, 2004.

ਬਲਦੇਵ ਸਿੰਘ (ਡਾ.), (ਸੰਪਾ.). ***ਨੈਸ਼ਨਲ ਪੰਜਾਬੀ ਕੋਸ਼.*** ਨੈਸ਼ਨਲ ਬੁੱਕ ਸ਼ਾਪ, 2009.

### ਮੈਗਜ਼ੀਨ/ ਰਸਾਲੇ

***ਹਾਸ਼ੀਆ ਲੋਕ: ਕਲਾ ਅਤੇ ਸਾਹਿਤ*** (ਤ੍ਰੈਮਾਸਿਕ ਮੈਗਜ਼ੀਨ). ਸ਼ਹੀਦ-ਏ-ਆਜ਼ਮ ਪ੍ਰਿੰਟਿੰਗ ਪ੍ਰੈਸ, ਜਨਵਰੀ-ਜੂਨ 2012.

***ਤ੍ਰਿਸ਼ੰਕੂ*** (ਤ੍ਰੈਮਾਸਿਕ-77-78-79). ਚੇਤਨਾ ਪ੍ਰਕਾਸ਼ਨ, 2017.

***ਦਰਪਣ*** *(ਦੋ ਮਾਸਿਕ, ਲੜੀ ਨੰ. 49).* ਦਰਪਣ ਪਬਲੀਕੇਸ਼ਨ, ਜਨਵਰੀ-ਫ਼ਰਵਰੀ 2013.

***ਦਰਪਣ*** *(ਤ੍ਰੈ ਮਾਸਿਕ, ਲੜੀ ਨੰ. 55).* ਦਰਪਣ ਪਬਲੀਕੇਸ਼ਨ, ਜਨਵਰੀ-ਮਾਰਚ 2014.

### ਖੋਜ ਪ੍ਰੱਤਿਕਾਵਾਂ

ਗਿੱਲ, ਚਰਨ ਸਿੰਘ (ਡਾ.). ***ਆਧੁਨਿਕ ਪੰਜਾਬੀ ਕਵਿਤਾ (ਇੱਕ ਸਰਵੇਖਣ) ਖੋਜ ਪੱਤ੍ਰਿਕਾ*** *(ਅੰਕ-22).* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਸਤੰਬਰ 1983.

ਜੱਗੀ, ਰਤਨ ਸਿੰਘ (ਡਾ.), (ਸੰਪਾ.). ***ਸਾਹਿੱਤਿਕ ਵਾਦ ਅੰਕ (ਭਾਗ ਪਹਿਲਾ) ਖੋਜ ਪੱਤ੍ਰਿਕਾ*** *(ਅੰਕ 32).* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਸਤੰਬਰ 1988.

ਪਦਮ, ਪਿਆਰਾ ਸਿੰਘ (ਪ੍ਰੋ.), ***ਸੱਭਿਆਚਾਰ ਪਤ੍ਰਿਕਾ.*** ਪੰਜਾਬੀ ਯੂਨੀਵਰਸਿਟੀ, ਜਨਵਰੀ 2004.

**ਜਰਨਲ**

ਮਹਿਲ ਸਿੰਘ, (ਡਾ.), (ਸੰਪਾ.). ***ਸੰਵਾਦ ਰਿਸਰਚ ਜਨਰਲ.*** ਪੋਸਟ ਗ੍ਰੈਜੂਏਸ਼ਨ ਪੰਜਾਬੀ ਅਧਿਐਨ ਵਿਭਾਗ ਖਾਲਸਾ ਕਾਲਜ, ਜਨਵਰੀ-ਜੂਨ 2016.

ਕਾਂਗ, ਜਸਪਾਲ ਕੌਰ (ਪ੍ਰੋ.), (ਸੰਪਾ.). ***ਪੰਜਾਬ ਜਰਨਲ ਆਫ਼ ਸਿੱਖ ਸਟਡੀ ਵਾਲਿਅਮ-1.*** ਪੰਜਾਬ ਯੂਨੀਵਰਸਿਟੀ, 2011.

ਵਿਜੈ ਸ਼ੰਕਰਾਓ (ਸੰਪਾ.). ***ਅਜੰਤਾ*** *(ਵਾਲਿਅਮ-9).* ਅਜੰਤਾ ਪ੍ਰਕਾਸ਼ਨ, ਜੂਨ-2019.

**ਵੈੱਬ ਸਾਇਟਸ**

**en.wikipedia.org**

**punjabipedia.org**

**sg.inflibnet.ac.in**

**Webstarpatiala.com**

**investopedia.com**

***ਅਖ਼ਬਾਰਾਂ***

ਅਜੀਤ ਰੋਜ਼ਾਨਾ

ਪੰਜਾਬੀ ਟ੍ਰਿਬਿਊਨ

ਰੋਜ਼ਾਨਾ ਸਪੋਕਸਮੈਨ

THE HINDU